

ਸਮਾਧੀ
ਦੇ ਸੱਤ
ਦੁਆਰ
ਓਸ਼ੋ


ਬਲਾਵਟਸਕੀ ਦੀ ਇਹ ਕਿਤਾਬ ਸਧਾਰਨ ਕਿਤਾਬ ਨਹੀਂ ਹੈ। ਉਸਨੇ ਉਸਨੂੰ ਲਿਖਿਆ ਨਹੀਂ, ਉਸਨੇ ਉਸਨੂੰ ਸੁਣਿਆ ਅਤੇ ਦੇਖਿਆ ਹੈ। ਇਹ ਉਸਦੀ ਕਿਰਤ ਨਹੀਂ ਹੈ, ਬਲਕਿ ਅਕਾਸ਼ ਵਿਚ ਅਨੰਤ-ਅਨੰਤ ਬੁੱਧਾਂ ਦੀ ਛਾਪ ਪਈ ਰਹਿ ਗਈ ਹੈ, ਉਸਦਾ ਅਕਸ ਹੈ। ਬਲਾਵਟਸਕੀ ਨੇ ਕਿਹਾ ਹੈ ਕਿ ਇਹ ਜੋ ਮੈਂ ਕਹਿ ਰਹੀ ਹਾਂ, ਇਹ ਅਕਾਸ਼ ਸੰਘਤਾ ਤੋਂ ਮੈਨੂੰ ਹਾਸਲ ਹੋਇਆ ਹੈ। ਅਜੇਹਾ ਮੈਂ ਅਕਾਸ਼ ਤੋਂ ਪਾਇਆ ਅਤੇ ਜਾਣਿਆ ਹੈ।

ਬਲਾਵਟਸਕੀ ਦੀ ਇਹ ਪੁਸਤਕ 'ਸਮਾਧੀ ਦੇ ਸੱਤ ਦੁਆਰ' ਵੇਦ, ਬਾਈਬਲ, ਕੁਰਾਨ; ਮਹਾਂਵੀਰ, ਬੁੱਧ ਦੇ ਵਚਨ ਦੀ ਹੈਸੀਅਤ ਦੀ ਪੁਸਤਕ ਹੈ। ਇਸਦਾ ਵੀ ਉਸਨੂੰ ਅਕਾਸ਼ ਤੋਂ ਅਨੁਭਵ ਹੋਇਆ ਹੈ।

ਇਹ ਪੁਸਤਕ, ਅੱਖ ਵਾਲੇ ਵਿਅਕਤੀ ਦੀ ਗੱਲ ਹੈ। ਕਿਸੇ ਸੋਚ-ਵਿਚਾਰ ਨਾਲ, ਕਿਸੇ ਕਲਪਨਾ ਨਾਲ, ਮਨ ਦੀ ਕਿਸੇ ਖੋਜ ਤੋਂ ਇਸਦਾ ਜਨਮ ਨਹੀਂ ਹੋਇਆ; ਬਲਕਿ ਜਨਮ ਹੀ ਇਸ ਤਰ੍ਹਾਂ ਦੀ ਵਾਣੀ ਦਾ ਤਦ ਹੁੰਦਾ ਹੈ, ਜਦ ਮਨ ਪੂਰੀ ਤਰ੍ਹਾਂ ਸ਼ਾਂਤ ਹੋ ਗਿਆ ਹੋਵੇ। ਅਤੇ ਮਨ ਦੇ ਸ਼ਾਂਤ ਹੋਣ ਦਾ ਇਕ ਹੀ ਅਰਥ ਹੁੰਦਾ ਹੈ ਕਿ ਜਦ ਮਨ ਹੁੰਦਾ ਹੀ ਨਹੀਂ। ਕਿਉਂਕਿ ਮਨ ਜਦ ਵੀ ਹੁੰਦਾ ਹੈ, ਅਸ਼ਾਂਤ ਹੀ ਹੁੰਦਾ ਹੈ।

ਮਨ ਅਸ਼ਾਂਤੀ ਦਾ ਨਾਂ ਹੈ।

ਅਤੇ ਜਦ ਵੀ ਅਸੀਂ ਕਹਿੰਦੇ ਹਾਂ ਮਨ ਸ਼ਾਂਤ ਹੋ ਗਿਆ, ਤਾਂ ਉਸਦਾ ਮਤਲਬ ਹੈ ਕਿ ਮਨ ਹੁਣ ਰਿਹਾ ਨਹੀਂ। ਨਾ ਰਹਿ ਜਾਵੇ ਮਨ, ਤਦੇ ਸ਼ਾਂਤ ਹੁੰਦਾ ਹੈ।



ਕਰੋੜਾਂ-ਕਰੋੜ ਸਾਲਾਂ ਵਿਚ ਕੋਈ ਵਿਅਕਤੀ ਬੁੱਧਤਵ ਨੂੰ ਅੱਪੜਦਾ ਹੈ। ਉਹ ਜੋ ਜਾਣਦਾ ਹੈ, ਉਹ ਇਸ ਜਗਤ ਦਾ ਜੋ ਗਹਿਰੇ ਤੋਂ ਗਹਿਰਾ ਅਨੁਭਵ ਹੈ, ਜੋ ਰਹੱਸ ਹੈ, ਇਸ ਜਗਤ ਦਾ ਜੋ ਧੁਰ ਅੰਦਰਲਾ ਅਹਿਸਾਸ ਹੈ, ਇਹ ਪੂਰਾ ਜਗਤ ਉਸਨੂੰ ਸੰਭਾਲ ਕੇ ਰੱਖ ਲੈਂਦਾ ਹੈ। ਇਸ ਜਗਤ ਦੇ ਕਣ-ਕਣ ਦੀ ਗਹਿਰਾਈ ਵਿਚ ਉਹ ਅਹਿਸਾਸ ਛਾ ਜਾਂਦਾ ਹੈ, ਸਮੋਇਆ ਜਾਂਦਾ ਹੈ। ਇਹੀ ਭਾਵ ਹੈ ਕਿ ਵੇਦ ਸ਼ਾਸਤਰਾਂ ਵਿਚ ਨਹੀਂ, ਬਲਕਿ ਅਕਾਸ਼ ਵਿਚ ਲਿਖਿਆ ਜਾਂਦਾ ਹੈ। ਸ਼ਬਦਾਂ ਨਾਲ ਨਹੀਂ, ਬਲਕਿ ਬੁੱਧ ਵਰਗੇ ਵਿਅਕਤੀ ਦੇ ਪ੍ਰਾਣਾਂ ਵਿਚ ਜਦ ਸੱਚ ਦੀ ਘਟਨਾ ਵਾਪਰਦੀ ਹੈ ਅਤੇ ਨਾਲ ਹੀ ਨਾਲ ਉਸ ਘਟਨਾ ਦੀ ਗੂੰਜ ਅਕਾਸ਼ ਦੇ ਕੋਨੇ-ਕੋਨੇ ਵਿਚ ਛਾ ਜਾਂਦੀ ਹੈ। ਅਤੇ ਜਦ ਵੀ ਕੋਈ ਵਿਅਕਤੀ ਬੁੱਧਤਵ ਦੇ ਕਰੀਬ ਪਹੁੰਚਣ ਲਗੇਗਾ, ਤਦ ਪਰਾਚੀਨ ਬੁੱਧਾਂ ਨੇ ਜੋ ਜਾਣਿਆ ਸੀ, ਉਹਨਾਂ ਦੇ ਪ੍ਰਾਣਾਂ ਦੇ ਅਕਾਸ਼ ਦੁਆਰਾ, ਉਸ ਗੂੰਜ ਦੀ ਫਿਰ ਤੋਂ ਪਰਤਵੀਂ-ਗੂੰਜ ਹੋ ਸਕਦੀ ਹੈ।

ਮੈਨੂੰ ਇਹ ਕਹਿੰਦਿਆਂ ਅਪਾਰ ਖ਼ੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਭਾਰਤੀ ਦਰਸ਼ਨ ਦੇ ਇਕ ਮਹਾਨ ਦ੍ਰਿਸ਼ਟਾ ਓਸ਼ੋ, ਜਿਨ੍ਹਾਂ ਨੇ ਆਪਣੀ ਨਿਰੋਲ, ਸ਼ਕਤੀਸ਼ਾਲੀ ਤੇ ਨਿਜੀ ਵਿਚਾਰਧਾਰਾ ਦੁਆਰਾ ਜੀਵਨ ਦੇ ਸੱਚ ਨੂੰ ਜਾਣਿਆ ਹੈ। ਅਤੇ ਉਸਦਾ ਸੁਨੇਹਾ ਆਪਣੇ ਪ੍ਰਭਾਵਸ਼ਾਲੀ ਪ੍ਰਵਚਨਾਂ ਦੁਆਰਾ ਪੂਰੀ ਮਨੁੱਖਤਾ ਤਕ ਪੁਚਾਇਆ ਹੈ। ਜਿਸਨੂੰ ਕਿ ਸਭ ਨੇ, ਏਥੋਂ ਤਕ ਕਿ ਸਿੱਖ ਭਾਈਚਾਰੇ ਨੇ ਵੀ ਸਰਬ ਸ੍ਰੇਸ਼ਠ ਮੰਨਿਆ ਹੈ।

-ਸਵ: ਗਿਆਨੀ ਜ਼ੈਲ ਸਿੰਘ

(ਸਾਬਕਾ ਰਾਸ਼ਟਰਪਤੀ ਭਾਰਤ)

ਕੀ ਕਿੱਥੇ ਹੈ ਪ੍ਰੇਮੀਓ

ਭਗਵਾਨ ਸ੍ਰੀ ਰਜਨੀਸ਼ ਹੁਣ ਸਿਰਫ ਓਸ਼ੋ ਦੇ ਨਾਉਂ ਨਾਲ ਜਾਣੇ ਜਾਂਦੇ ਹਨ। ਓਸ਼ੋ ਦੇ ਮੁਤਾਬਕ ਉਹਨਾਂ ਦਾ ਨਾਉਂ ਵਿਲੀਅਮ ਜੇਮਜ਼ ਦੇ ਸ਼ਬਦ 'ਓਸ਼ਨਿਕ' ਦੀ ਉਪਜ ਹੈ ਜਿਸ ਦਾ ਅਰਥ ਹੈ ਸਮੁੰਦਰ ਵਿਚ ਸਮਾ ਜਾਣਾ।

ਓਸ਼ਨਿਕ ਤੋਂ ਅਨੁਭਵ ਦੇ ਅਰਥ ਤਾਂ ਨਿਕਲਦੇ ਹੀ ਹਨ ਪ੍ਰੰਤੂ ਉਹ ਕਹਿੰਦੇ ਹਨ ਕਿ ਅਨੁਭਵੀ ਦੇ ਬਾਰੇ ਕੀ ਕਿਹਾ ਜਾ ਸਕਦਾ ਹੈ। ਉਹਦੇ ਵਾਸਤੇ ਅਸੀਂ ਓਸ਼ੋ ਸ਼ਬਦ ਦਾ ਇਸਤੇਮਾਲ ਕਰਦੇ ਹਾਂ। ਬਾਅਦ ਵਿਚ ਉਹਨਾਂ ਨੂੰ ਪਤਾ ਚੱਲਿਆ ਕਿ ਇਤਿਹਾਸਕ ਤੌਰ 'ਤੇ ਪੂਰਬ ਵਿਚ ਵੀ ਓਸ਼ੋ ਸ਼ਬਦ ਵਰਤਿਆ ਜਾਂਦਾ ਰਿਹਾ ਹੈ ਜਿਸ ਤੋਂ ਭਾਵ ਹੈ ਬੁੱਧਤਵ ਨੂੰ ਪਹੁੰਚਿਆ ਹੋਇਆ ਵਿਅਕਤੀ ਜਿਸ ਉੱਤੇ ਅੰਬਰ ਫੁੱਲਾਂ ਦਾ ਮੀਂਹ ਵਰ੍ਹਾਉਂਦਾ ਹੈ।



ਜ਼ੋਰਬਾ ਪਬਲੀਕੇਸ਼ਨਜ਼

ਓਸ਼ੋ

ਸਮਾਧੀ ਦੇ ਸੱਤ ਦੁਆਰ

ਆਨੰਦ-ਸ਼ਿਲਾ ਧਿਆਨ-ਸ਼ਿਵਿਰ ਵਿਚ
ਮਿਤੀ 9 ਤੋਂ 17 ਫਰਵਰੀ 1973 ਤੱਕ
ਬਲਾਵੱਟਸਕੀ ਦੀ ਪੁਸਤਕ
'ਸੈਵਨ ਪੋਰਟਲਸ ਆਫ ਸਮਾਧੀ'
ਉੱਤੇ ਦਿਤੇ ਗਏ ਸਤਾਰਾਂ
ਅੰਮ੍ਰਿਤ-ਪ੍ਰਵਚਨਾਂ ਦਾ ਸੰਗ੍ਰਹਿ

ਜ਼ੋਰਬਾ ਪਬਲੀਕੇਸ਼ਨਜ਼

ਪੰਜਾਬੀ ਰੂਪ : ਸੁਆਮੀ ਜੀਵਨ ਰਸਵੰਤ

ਸਹਿਯੋਗ ਕਰਤਾ : ਸੁਆਮੀ ਅਮਾਨੋ ਮਨੀਸ਼

ਪ੍ਰਕਾਸ਼ਕ : **ਜ਼ੋਰਬਾ ਪਬਲੀਕੇਸ਼ਨਜ਼**
1620, ਕਰੀਮਪੁਰਾ, ਲੁਧਿਆਣਾ-141 008

ਬੁੱਕ ਵਿਕਰੇਤਾ : **ਨਈਅਰ ਬੁੱਕ ਸ਼ਾਪ**
ਲੋਕਲ ਬੱਸ ਸਟੈਂਡ, ਨੇੜੇ ਲਕਸ਼ਮੀ ਸਿਨੇਮਾ, ਲੁਧਿਆਣਾ।

ਪਹਿਲਾ ਐਡੀਸ਼ਨ : 1998

ਮੁੱਲ : 230/- **ਰੁਪਏ**

ਕੰਪਿਊਟਰ ਟਾਈਪਸੈਟਿੰਗ : **ਜ਼ੋਰਬਾ ਗ੍ਰਾਫਿਕਸ ਐਂਡ ਲੇਜ਼ਰ ਟਾਈਪਸੈਟਿੰਗ, ਲੁਧਿਆਣਾ।**

ਛਾਪਕ : ਸਰਤਾਜ ਪ੍ਰੈੱਸ, ਜਲੰਧਰ

SAMADHI DE SAT DUAR in **PUNJABI**
Originally published in Hindi as **"Samadhi Ke Sapt Duar"** under the author name 'Bhagwan Shree Rajneesh'.

PRINTED IN INDIA

ਭੂਮਿਕਾ

ਅੱਜ ਤੋਂ ਸੌ ਸਾਲ ਬਾਅਦ, ਜਦ ਰੂੜ੍ਹੀਵਾਦੀ ਗੰਢਾਂ ਪਿਘਲ ਚੁੱਕੀਆਂ ਹੋਣਗੀਆਂ, ਤਦ ਓਸ਼ੋ ਵਰਗੇ ਸਤਪੁਰਸ਼ ਸਾਡੇ ਦਰਮਿਆਨ ਸਨ, ਇਸ ਗੱਲ ਦਾ ਅਚੰਭਾ ਜੇਕਰ ਕਿਸੇ ਨੂੰ ਹੋਵੇ ਤਾਂ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ। ਇਹ ਲਿਖਦਿਆਂ ਹੋਇਆਂ ਜੈਨ-ਧਰਮ, ਬੁੱਧ-ਧਰਮ, ਸੂਫੀਵਾਦ ਉਤੇ ਓਸ਼ੋ ਦੀਆਂ ਅਨੇਕਾਂ ਪੁਸਤਕਾਂ ਮੇਰੇ ਸਾਹਮਣੇ ਪਈਆਂ ਹਨ। ਕਬੀਰ, ਮੀਰਾ, ਨਾਨਕ, ਫਰੀਦ ਆਦਿ ਸੰਤ-ਕਵੀਆਂ ਦਾ ਮਧੂ ਪਿਆਉਣ ਵਾਲੇ ਉਹਨਾਂ ਦੇ ਅੰਮ੍ਰਿਤ ਕਲਸ਼ ਵੀ ਮੇਰੇ ਸਾਹਮਣੇ ਹਨ ਜਿਨ੍ਹਾਂ 'ਚੋਂ ਮੈਂ ਛਕ ਕੇ ਪੀਤੀ ਹੈ। ਖਲੀਲ ਜ਼ਿਬਰਾਨ ਅਤੇ ਨੀਤਸ਼ੇ ਦੇ ਗ੍ਰੰਥਾਂ ਦੀਆਂ ਉਹਨਾਂ ਦੀਆਂ ਸਮਾਲੋਚਨਾਵਾਂ ਸਾਹਮਣੇ ਵਾਲੀ ਅਲਮਾਰੀ ਵਿਚੋਂ ਦੀ ਝਾਕ ਰਹੀਆਂ ਹਨ।

ਓਸ਼ੋ ਕਿਸੇ ਵੀ ਵਿਸ਼ੇ ਨੂੰ ਉਸਦੇ ਸਿਰਫ ਉਪਰਲੇ ਤਲ ਤੋਂ ਹੀ ਨਹੀਂ ਛੋਂਹਦੇ; ਉਹ ਉਸਦੇ ਅੰਦਰਲੇ-ਅੰਦਰ ਵਿਚ ਉਸਦੀ ਆਪਣੀ ਹੀ ਗਹਿਰਾਈ ਤਕ ਉਤਰ ਜਾਂਦੇ ਹਨ। ਜਦ ਉਹ ਕਬੀਰ ਦੀ ਗੱਲ ਕਰਦੇ ਹਨ ਤਦ ਉਹਨਾਂ ਦੇ ਸਾਹਮਣੇ ਸਿਰਫ ਕਬੀਰ ਹੀ ਹੁੰਦੇ ਹਨ; ਉਹ ਕਬੀਰ ਵਿਚ ਹੀ ਖੋ ਜਾਂਦੇ ਹਨ। ਉਹ ਸੰਤ ਦਰਿਯਾ ਸਾਹਬ ਦੀ ਗੱਲ ਕਰਦੇ ਹਨ ਤਦ ਦਰਿਯਾਵਾਣੀ ਹੀ ਉਹਨਾਂ ਦੇ ਨਿਰਵਿਚਾਰ ਦੇ ਕੇਂਦਰ ਵਿਚ ਆ ਕੇ ਵਸ ਜਾਂਦੀ ਹੈ। ਉਹ ਮੈਡਮ ਬਲਾਵਟਸਕੀ ਦੇ 'ਸੈਵਨ ਪੋਰਟਲਸ ਆਫ ਸਮਾਧੀ' (ਸਮਾਧੀ ਦੇ ਸੱਤ ਦੁਆਰ) ਦੀ ਚਰਚਾ ਕਰਦੇ ਹਨ ਤਦ ਮੈਡਮ ਬਲਾਵਟਸਕੀ ਉਹਨਾਂ ਦੀ ਚੇਤਨਾ ਦੇ ਕੇਂਦਰ 'ਤੇ ਹੁੰਦੀ ਹੈ। ਜੋ ਕੁਝ ਵੀ ਉਹਨਾਂ ਨੂੰ ਛੋਹ ਜਾਂਦਾ ਹੈ, ਉਹਨਾਂ ਦੇ ਹਿਰਦੇ ਦੀ ਗਹਿਰਾਈ ਵਿਚ ਅੰਦਰ ਚਲਿਆ ਜਾਂਦਾ ਹੈ ਅਤੇ ਉਹਨਾਂ ਦੇ ਅੰਮ੍ਰਿਤ ਦੀ ਛੋਹ ਲੈ ਕੇ ਆਪਣੇ-ਆਪ ਫੁੱਟ ਕੇ ਪਰਗਟ ਹੁੰਦਾ ਹੈ।

ਹੱਥਲੀ ਪੁਸਤਕ ਦੇ ਸਬੰਧ ਵਿਚ ਓਸ਼ੋ ਫਰਮਾਂਦੇ ਹਨ : "ਮੈਂ ਇਹ ਕਿਤਾਬ ਜਾਣ-ਬੁਝ ਕੇ ਚੁਣੀ ਹੈ। ਜਿਸਦੀ ਹੈਸੀਅਤ ਕੁਰਾਨ ਅਤੇ ਬਾਈਵਲ ਦੀ ਹੋਵੇ ਉਸ ਸ਼੍ਰੇਣੀ ਦੀਆਂ ਕਿਤਾਬਾਂ ਇਹਨਾਂ ਸੌ ਦੋ ਸੌ ਸਾਲਾਂ ਵਿਚ ਨਹੀਂ ਲਿਖੀਆਂ ਗਈਆਂ ਹਨ। ਜੋ ਵੀ ਅਜੇਹੀਆਂ ਦੋ-ਚਾਰ ਕਿਤਾਬਾਂ ਹਨ, ਉਹਨਾਂ 'ਚੋਂ ਇਹ ਇਕ 'ਸਮਾਧੀ ਦੇ ਸੱਤ ਦੁਆਰ' ਹੈ। ਮੈਂ ਇਸਲਈ ਇਸਨੂੰ ਚੁਣਿਆ ਹੈ ਕਿ ਬਲਾਵਟਸਕੀ ਨੇ ਅਕਾਸ਼ ਦੀ ਸੰਘਤਾ ਨੂੰ ਪੜ੍ਹਨ ਵਿਚ ਜ਼ਰਾ-ਜਿੰਨੀ ਵੀ ਭੁੱਲ ਨਹੀਂ ਕੀਤੀ ਹੈ।"

ਓਸ਼ੋ ਬਲਾਵਟਸਕੀ ਦੀ ਕਿਤਾਬ ਦੇ ਨਾਲ ਸਮਰੂਪ ਹੋ ਕੇ ਗੱਲ ਕਰ ਰਹੇ ਹਨ। ਉਹ 'ਮਹਾਂਵੀਰ : ਮੇਰੀ ਦ੍ਰਿਸ਼ਟੀ ਮੇਂ' 'ਤੇ ਬੋਲਣ ਸਮੇਂ ਜਿੰਨੇ ਮਹਾਂਵੀਰ ਦੇ ਨਾਲ ਜਾਂ ਜਰਥੁਸੱਤ੍ਰਾ ਉਤੇ ਬੋਲਦੇ ਸਮੇਂ ਜਿੰਨੇ ਨੀਤਸ਼ੇ ਦੇ ਜਰਥੁਸੱਤ੍ਰਾ ਦੇ ਨਾਲ ਇਕਰੂਪ ਹੁੰਦੇ ਹਨ, ਉਨੇ ਹੀ ਉਹ ਬਲਾਵਟਸਕੀ ਦੇ ਇਸ ਗ੍ਰੰਥ ਦੇ ਨਾਲ ਇਕਰੂਪ ਹਨ।

ਇਸਦਾ ਕਾਰਨ ਸਪੱਸ਼ਟ ਹੈ। ਓਸ਼ੋ ਪਲ-ਪਲ ਜੀਂਦੇ ਹਨ। ਬੀਤਿਆ ਹੋਇਆ ਕਲ੍ਹ ਜਾਂ ਆਉਣ ਵਾਲਾ ਕਲ੍ਹ ਉਹਨਾਂ ਲਈ ਅਸੰਗਤ ਹੈ। ਉਹ ਵਰਤਮਾਨ ਦੇ ਜੀਂਦੇ-ਜਾਗਦੇ ਛਿਨ ਦੀ ਹੀ ਮਹਿਮਾ ਗਾਉਂਦੇ ਹਨ। ਜਿਸਦਾ ਅਧਿਐਨ ਚੱਲ ਰਿਹਾ ਹੋਵੇ ਉਹੀ ਗ੍ਰੰਥ ਅਰਜਣ ਦੇ ਨਿਸ਼ਾਨੇ ਵਾਂਗ ਉਹਨਾਂ ਦੇ ਸਾਹਮਣੇ ਹੁੰਦਾ ਹੈ, ਬਾਕੀ ਸਭ ਅਲੋਪ ਹੋ ਜਾਂਦਾ ਹੈ। ਉਹ ਕਬੀਰ ਦੇ ਕਿਸੇ ਸ਼ਬਦ ਬਾਰੇ ਗੱਲ ਕਰਨ ਉਸ ਤੋਂ ਪਹਿਲਾਂ ਹੀ ਉਹ ਪੂਰਾ ਸ਼ਬਦ ਸਾਡੇ ਸਾਹਮਣੇ ਹੁੰਦਾ ਹੈ। ਉਸ ਵਿਚ ਦੁਹਰਾਣ ਵੀ ਆਉਂਦੇ ਹਨ; ਸਰੋਤੇ ਦੇ ਮਨ ਵਿਚ ਉਹੀ ਸ਼ਬਦ ਗੂੰਜਦਾ ਰਹਿੰਦਾ ਹੈ। ਇਸੇ ਸ਼ੈਲੀ 'ਚ ਇਥੇ ਬਲਾਵਟਸਕੀ ਦਾ ਅਨੁਵਾਦਿਤ ਗ੍ਰੰਥ ਸਾਡੇ ਸਾਹਮਣੇ ਮੌਜੂਦ ਹੈ। ਗ੍ਰੰਥ ਨੂੰ ਵਖਰੇ ਤੌਰ 'ਤੇ ਪੜ੍ਹ ਕੇ ਉਸਦੀ ਅਲੋਚਨਾ ਕਰਨ ਵਾਲੀ ਇਹ ਗੱਲ ਨਹੀਂ ਹੈ। ਓਸ਼ੋ ਜਦ ਵੀ ਕਿਸੇ ਸੂਤਰ, ਸ਼ਬਦ, ਗ੍ਰੰਥ ਦੀ ਗੱਲ ਕਰਦੇ ਹਨ ਤਦ ਉਸ ਸੂਤਰ ਦੀ ਵਖਰੀ ਹੋਂਦ ਨਹੀਂ ਰਹਿੰਦੀ। ਉਹ ਸੂਤਰ, ਉਸਦਾ ਮਰਮ ਅਤੇ ਓਸ਼ੋ ਦੀ ਵਾਣੀ ਤਿੰਨੇ ਅੱਡੋ-ਅੱਡ ਨਾ ਹੋ ਸਕਣ, ਇਸ ਤਰ੍ਹਾਂ ਨਾਲ ਉਹਨਾਂ ਦੀ ਆਪਸੀ ਗਲਵੱਕੜੀ ਪੈ ਜਾਂਦੀ ਹੈ।

ਆਰੀਆ ਪਥ 'ਤੇ ਸ੍ਰੋਤਾਪੰਨ-ਨਦੀ ਵਿਚ ਦਾਖਲ ਹੋ ਗਏ ਹਨ-ਇਸ ਢੰਗ ਨਾਲ ਮੁਢਲੀ ਯਾਤਰਾ ਨਦੀ ਦੇ ਉਸ ਪਾਰ ਦੀ ਝਲਕ ਦੇਖ ਲੈਣ ਨਾਲ ਬੋਧਿਸੱਤਵ ਤਕ ਵਿਸਥਾਰਤ ਹੁੰਦੀ ਹੈ। ਇਹ ਸਾਰੇ ਪੜਾਅ ਸੁਆਦ ਚਖਣ ਯੋਗ ਹਨ। ਬੋਧਿਸਤੱਵ ਨੂੰ ਸਰੀਰ ਵਿਚ ਬੰਨ੍ਹ ਰਖਣ ਦੇ ਲਈ ਸਰੀਰ ਦੀ ਕਿਸੇ ਵਾਸਨਾ ਨੂੰ ਫੜਨਾ ਜ਼ਰੂਰੀ ਹੈ। ਜਿਸ ਛਿਨ ਸਰੀਰ ਦੀ ਇਹ ਆਖਰੀ ਵਾਸਨਾ ਅਲੋਪ ਹੋ ਜਾਂਦੀ ਹੈ, ਉਸੇ ਛਿਨ ਬੋਧਿਸੱਤਵ ਸਰੀਰ ਦੇ ਪਾਰ ਹੋ ਜਾਂਦੇ ਹਨ।

ਕਿੰਨੇ ਲੋਕ ਨਦੀ ਵਿਚ ਉਤਰਨ ਨੂੰ ਤਿਆਰ ਹਨ?

ਉਤਰੰਤ ਉਪਰੰਤ ਦੂਜੇ ਕੰਢੇ 'ਤੇ ਪੁੱਜਣ ਵਾਲੇ ਕਿੰਨੇ ਹਨ?

ਓਸ਼ੋ ਨੇ ਆਪਣੀ ਗੱਲ ਦੇ ਨਚੋੜ ਵਜੋਂ ਇਕ ਲਾਜਵਾਬ ਗੱਲ ਆਖੀ ਹੈ : "ਇਕ ਹੀ ਥਾਂ 'ਤੇ ਲਗਾਤਾਰ ਪੁਟਾਈ

ਕਰਦੇ ਰਹੀਏ ਤਾਂ ਪਾਣੀ ਮਿਲਦਾ ਹੈ।"

"ਧਿਆਨ ਅੰਦਰੂਨੀ ਪੁਟਾਈ ਹੈ, ਜੋ ਲਗਾਤਾਰ ਚੱਲਣੀ ਚਾਹੀਦੀ ਹੈ।"

ਇਹ ਧਿਆਨ ਦਾ ਰਾਹ, ਸ੍ਰੋਤਾਪੰਨ ਨੂੰ ਨਦੀ ਦੇ ਉਸ ਪਾਰ ਲੈ ਜਾਣ ਵਾਲਾ ਰਾਹ, ਬੋਧਿਸਤੱਵ ਨੂੰ ਸਰੀਰ ਦੇ ਨਾਲ ਬੰਨ੍ਹ ਰਖਣ ਵਾਲੀ ਅੰਤਮ-ਵਾਸਨਾ ਤੋਂ ਮੁਕਤੀ ਦੇਣ ਵਾਲਾ ਰਾਹ, ਇਸ ਪੁਸਤਕ ਦੇ ਜ਼ਰੀਏ ਓਸ਼ੋ ਬੋਧ ਨੂੰ ਜਗਾ ਰਹੇ ਹਨ—ਇਹਨਾਂ ਅੰਮ੍ਰਿਤ ਵਚਨਾਂ ਵਿਚ, ਉਹਨਾਂ ਦੇ ਛਿਨ-ਛਿਨ ਜੀਏ ਜਾਣ ਵਾਲੇ ਜੀਵਨ ਦੇ ਇਸ ਛਿਨ ਵਿਚ ਵੀ।

ਸ੍ਰੀ ਹਰੀਂਦਰ ਦਵੇ

ਮੁਖ ਸੰਪਾਦਕ, ਜਨਮਭੂਮੀ-ਪ੍ਰਵਾਸੀ, ਬੰਬਈ

ਜਨਮਭੂਮੀ-ਪ੍ਰਵਾਸੀ ਦੇ ਮੁਖ ਸੰਪਾਦਕ ਸ੍ਰੀ ਹਰੀਂਦਰ ਦਵੇ ਭਾਰਤੀ ਸਾਹਿਤ ਦੇ ਉੱਘੇ ਸਿਰਜਕ ਹਨ, ਜਿਨ੍ਹਾਂ ਨੂੰ 1978 ਵਿਚ ਰਾਸ਼ਟਰੀ ਸਾਹਿੱਤ ਅਕਾਦਮੀ ਪੁਰਸਕਾਰ ਨਾਲ ਸੁਸ਼ੋਭਤ ਕੀਤਾ ਗਿਆ—ਗੁਜਰਾਤੀ ਸਾਹਿੱਤ ਨੂੰ ਇਹਨਾਂ ਦੇ ਬੇਮਿਸਾਲ ਯੋਗਦਾਨ ਦੇ ਲਈ 1982 ਵਿਚ ਇਹਨਾਂ ਨੂੰ ਰਣਜੀਤਰਾਮ ਗੋਲਡ ਮੈਡਲ ਅਤੇ ਇਹਨਾਂ ਦੀ ਰਚਨਾ 'ਕ੍ਰਿਸ਼ਣ ਅਨੇ ਮਾਨਵ ਸੰਬੰਧੋ' ਦੇ ਲਈ 1982-83 ਦਾ ਸ੍ਰੀ ਅਰਵਿੰਦੋ ਮੈਡਲ ਪ੍ਰਾਪਤ ਹੋਇਆ। 1981 ਵਿਚ ਬ੍ਰਿਟਿਸ਼ ਸਰਕਾਰ ਨੇ ਅਧਿਐਨ ਦੌਰੇ ਦੇ ਲਈ ਅਤੇ 1984 ਵਿਚ ਉੱਤਰੀ ਅਮਰੀਕਾ ਦੀ ਸਾਹਿੱਤ ਅਕਾਦਮੀ ਨੇ ਸੰਯੁਕਤ ਰਾਜ ਅਮਰੀਕਾ ਵਿਚ ਭਾਸ਼ਨ ਦੌਰੇ ਲਈ ਇਹਨਾਂ ਨੂੰ ਸੱਦਾ ਭੇਜਿਆ। ਅਮਰੀਕਾ ਦੇ ਵਖ-ਵਖ ਰਾਜਾਂ ਦੀਆਂ ਯੂਨੀਵਰਸਿਟੀਆਂ ਵਿਚ ਇਹਨਾਂ ਦੇ ਭਾਸ਼ਨ ਹੋਏ। 1987-88 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਦੀ ਮਾਸਕੋ, ਤੁਰਕੀ, ਸੀਰੀਆ, ਪੱਛਮੀ ਜਰਮਨੀ ਅਤੇ ਸੰਯੁਕਤ ਰਾਸ਼ਟਰ ਦੀਆਂ ਵਿਸ਼ੇਸ਼ ਯਾਤਰਾਵਾਂ ਵਿਚ ਵਫ਼ਦ ਦੇ ਨਾਲ ਇਹਨਾਂ ਨੂੰ ਸੱਦਾ ਦਿਤਾ ਗਿਆ।

ਅਤੇ ਸਭ ਤੋਂ ਵਧ ਵਰਣਨਯੋਗ ਗੱਲ ਇਹ ਹੈ ਕਿ ਜਨਮਭੂਮੀ-ਪ੍ਰਵਾਸੀ ਵਿਚ ਸ੍ਰੀ ਹਰੀਂਦਰ ਦਵੇ ਦੇ ਸਪਤਾਹਕ ਧਰਮ ਲੇਖਾਂ ਵਿਚ ਓਸ਼ੋ ਦਾ ਜੀਵਨ-ਦਰਸ਼ਨ ਲਗਾਤਾਰ ਝਲਕਦਾ ਹੈ।

ਪਹਿਲਾ ਪ੍ਰਵਚਨ

ਸ੍ਰੋਤਾਪੰਨ ਬਣ

ਹੇ ਉਪਾਧਿਆਇ', ਨਿਰਨਾ ਹੋ ਚੁੱਕਾ ਹੈ, ਮੈਂ ਗਿਆਨ ਪਾਣ ਦੇ ਲਈ ਪਿਆਸਾ ਹਾਂ। ਹੁਣ ਤੁਸਾਂ ਨੇ ਗੁੱਝੇ ਰਾਹ 'ਤੇ ਪਏ ਪਰਦੇ ਨੂੰ ਹਟਾ ਦਿਤਾ ਹੈ ਅਤੇ ਮਹਾਯਾਨ' ਦੀ ਸਿੱਖਿਆ ਵੀ ਦੇ ਦਿਤੀ ਹੈ। ਤੁਹਾਡਾ ਸੇਵਕ ਤੁਹਾਥੋਂ ਰਹਿਨੁਮਾਈ ਲੈਣ ਲਈ ਤਿਆਰ-ਬਰ-ਤਿਆਰ ਹੈ।

ਇਹ ਸ਼ੁਭ ਹੈ, ਸ਼੍ਰਾਵਕ' ਤਿਆਰੀ ਕਰ, ਕਿਉਂਕਿ ਤੈਨੂੰ ਇਕੱਲਿਆਂ ਯਾਤਰਾ 'ਤੇ ਜਾਣਾ ਹੋਵੇਗਾ। ਗੁਰੂ ਸਿਰਫ ਰਹਿਨੁਮਾਈ ਦੇ ਸਕਦਾ ਹੈ। ਰਾਹ ਤਾਂ ਸਭ ਦੇ ਲਈ ਇਕ ਹੈ ਪਰ ਯਾਤਰੀਆਂ ਦੇ ਮੰਜ਼ਲ 'ਤੇ ਪਹੁੰਚਣ ਦੇ ਸਾਧਨ ਵਖੋ-ਵਖਰੇ ਹੋਣਗੇ।

ਓ ਅਜਿੱਤ ਹਿਰਦੇ, ਤੂੰ ਕਿਸਨੂੰ ਚੁਣਦਾ ਹੈਂ? ਚੰਲਛੂ-ਸਿਧਾਂਤ ਦੇ ਸਮਤਾਨ' ਅਰਥਾਤ ਚਤੁਰਮੁਖੀ ਧਿਆਨ ਨੂੰ ਜਾਂ ਛੇ ਪਾਰਮਿਤਾਵਾਂ' ਦੇ ਵਿਚੋਂ ਦੀ ਤੂੰ ਆਪਣਾ ਰਾਹ ਬਣਾਏਂਗਾ, ਜੋ ਸਦਗੁਣ ਦੇ ਪਵਿੱਤਰ ਦੁਆਰ ਹਨ ਅਤੇ ਜੋ ਗਿਆਨ ਦੇ ਸੱਤਵੇਂ ਪੜਾਅ ਬੋਧਿ ਤੇ ਸੁਭ ਨੂੰ ਅਪੜਾਂਦੇ ਹਨ?

ਚਤੁਰਮੁਖੀ ਧਿਆਨ ਦਾ ਦੁਰਗਮ ਰਾਹ ਪਹਾੜੀ ਹੈ...ਤਿੰਨ ਵਾਰ ਉਹ ਮਹਾਨ ਹੈ, ਜੋ ਉਸਦੇ ਉੱਚੇ ਸਿਖਰ ਨੂੰ ਪਾਰ ਕਰਦਾ ਹੈ।

ਪਾਰਮਿਤਾਂ' ਦੇ ਸਿਖਰ ਤਾਂ ਹੋਰ ਵੀ ਦੁਰਗਮ ਰਾਹ ਤੋਂ ਪ੍ਰਾਪਤ ਹੁੰਦੇ ਹਨ। ਤੈਨੂੰ ਸੱਤ ਦੁਆਰਾਂ ਤੋਂ ਹੋ ਕੇ ਯਾਤਰਾ ਕਰਨੀ ਹੋਵੇਗੀ। ਇਹ ਸੱਤ ਦੁਆਰ ਨਿਰਦਯੀ ਤੇ ਚਾਲਬਾਜ਼ ਸ਼ਕਤੀਆਂ ਦੇ, ਜ਼ਬਰਦਸਤ ਵਾਸਨਾਵਾਂ ਦੇ ਕਿਲੇ ਵਰਗੇ ਹਨ।

ਹੇ ਸ਼ਿੱਸ਼, ਪ੍ਰਸੰਨ ਰਹਿ ਅਤੇ ਇਸ ਸਵਰਨ-ਨਿਯਮ ਨੂੰ ਚੇਤੇ ਰੱਖ। ਇਕ ਵਾਰ ਜਦ ਤੂੰ ਸ੍ਰੋਤਾਪੰਨ' -ਦੁਆਰ ਨੂੰ ਪਾਰ ਕਰ ਲਿਆ-ਸ੍ਰੋਤਾਪੰਨ, ਉਹ ਜੋ ਨਿਰਵਾਣ ਵਲ ਨੂੰ ਵਗਦੀ ਨਦੀ ਵਿਚ ਦਾਖਲ ਹੋ ਗਿਆ-ਅਤੇ ਇਕ ਵਾਰ ਜਦ ਇਸ ਜਨਮ ਵਿਚ ਜਾਂ ਕਿਸੇ ਅਗਲੇ ਜਨਮ ਵਿਚ ਤੇਰੇ ਪੈਰ ਨੇ ਨਿਰਵਾਣ ਦੀ ਇਸ ਨਦੀ ਦੀ ਗਹਿਰਾਈ ਛੋਹ ਲਈ, ਤਦ, ਹੇ ਸੰਕਲਪਵਾਨ, ਤੇਰੇ ਲਈ ਸਿਰਫ ਸੱਤ ਜਨਮ ਬਾਕੀ ਰਹਿੰਦੇ ਹਨ।

ਇਸ ਜਗਤ ਵਿਚ ਜੋ ਵੀ ਜਾਣ ਲਿਆ ਜਾਂਦਾ ਹੈ, ਉਹ ਕਦੇ ਖੋਂਦਾ ਨਹੀਂ ਹੈ। ਗਿਆਨ ਦੇ ਖੋਣ ਦਾ ਕੋਈ ਉਪਾਅ ਨਹੀਂ ਹੈ। ਨਾ ਸਿਰਫ ਸ਼ਾਸਤਰਾਂ ਵਿਚ ਸੰਭਾਲਿਆ ਜਾਂਦਾ ਹੈ ਗਿਆਨ, ਬਲਕਿ ਹੋਰ ਵੀ ਗਹਿਰੇ ਤਲਾਂ 'ਤੇ ਗਿਆਨ ਦੀ ਸੁਰੱਖਿਆ ਅਤੇ ਸੰਘਤਾ ਉੱਸਰਦੀ ਹੈ। ਸ਼ਾਸਤਰ ਤਾਂ ਖੋ ਸਕਦੇ ਹਨ; ਅਤੇ ਜੇਕਰ ਸੱਚ ਸ਼ਾਸਤਰਾਂ ਵਿਚ ਹੀ ਹੋਵੇ, ਤਾਂ ਸਦੀਵੀਂ ਨਹੀਂ ਹੋ ਸਕਦਾ। ਸ਼ਾਸਤਰ ਤਾਂ ਖ਼ੁਦ ਹੀ ਛਿਨਭੰਗਰ ਹਨ। ਇਸਲਈ ਸ਼ਾਸਤਰ ਸੰਘਤਾ ਨਹੀਂ ਹਨ। ਇਸ ਗੱਲ ਨੂੰ ਠੀਕ ਤਰ੍ਹਾਂ ਨਾਲ ਸਮਝ ਲੈਣਾ ਜ਼ਰੂਰੀ ਹੈ, ਤਦ ਹੀ ਬਲਾਵੱਟਸਕੀ ਦਾ ਇਹ ਸੂਤਰ-ਕਿਤਾਬਚਾ ਸਮਝ ਵਿਚ ਆ ਸਕੇਗਾ।

ਅਜੇਹਾ ਬਹੁਤ ਪੁਰਾਣੇ ਸਮਿਆਂ ਵਿਚ ਭਾਰਤ ਨੇ ਵੀ ਮੰਨਿਆ ਸੀ। ਅਸੀਂ ਵੀ ਮੰਨਿਆ ਸੀ ਕਿ ਵੇਦ ਸੰਘਤਾਵਾਂ ਦਾ ਨਾਂ ਨਹੀਂ ਹੈ, ਸ਼ਾਸਤਰਾਂ ਦਾ ਨਾਂ ਨਹੀਂ ਹੈ; ਬਲਕਿ ਵੇਦ ਉਸ ਗਿਆਨ ਦਾ ਨਾਂ ਹੈ, ਜੋ ਖ਼ਲਾਅ ਵਿਚ, ਅਕਾਸ਼ ਵਿਚ ਸੁਰੱਖਿਅਤ ਹੋ ਜਾਂਦਾ ਹੈ, ਜੋ ਇਸ ਵਜੂਦ ਦੇ ਗਹਿਰੇ ਅੰਦਰਲੇ-ਅੰਦਰ ਵਿਚ ਹੀ ਛਪ ਜਾਂਦਾ ਹੈ। ਅਤੇ ਹੋਣਾ ਵੀ ਅਜੇਹਾ ਹੀ ਚਾਹੀਦਾ ਹੈ। ਬੁੱਧ ਜੇਕਰ ਬੋਲਣ ਅਤੇ ਉਹ ਸਿਰਫ ਕਿਤਾਬਾਂ ਵਿਚ ਲਿਖਿਆ ਜਾਵੇ, ਤਾਂ ਕਿੰਨੇ ਦਿਨ ਟਿਕੇਗਾ ? ਅਤੇ ਬੁੱਧ ਦਾ ਬੋਲਿਆ ਜੇਕਰ ਵਜੂਦ ਦੇ ਪ੍ਰਾਣਾਂ ਵਿਚ ਹੀ ਨਾ ਸਮਾ ਜਾਵੇ, ਤਾਂ ਵਜੂਦ ਨੇ ਉਸਦਾ ਕੋਈ ਸਵੀਕਾਰ ਨਹੀਂ ਕੀਤਾ।

ਕਰੋੜਾਂ-ਕਰੋੜ ਸਾਲਾਂ ਵਿਚ ਕੋਈ ਵਿਅਕਤੀ ਬੁੱਧਤਵ ਨੂੰ ਅੱਪੜਦਾ ਹੈ। ਉਹ ਜੋ ਜਾਣਦਾ ਹੈ, ਉਹ ਇਸ ਜਗਤ ਦਾ ਜੋ ਗਹਿਰੇ ਤੋਂ ਗਹਿਰਾ ਅਨੁਭਵ ਹੈ, ਜੋ ਰਹੱਸ ਹੈ, ਇਸ ਜਗਤ ਦਾ ਜੋ ਧੁਰ-ਅੰਦਰਲਾ ਅਹਿਸਾਸ ਹੈ, ਇਹ ਪੂਰਾ ਜਗਤ ਉਸਨੂੰ ਸੰਭਾਲ ਕੇ ਰੱਖ ਲੈਂਦਾ ਹੈ ਇਸ ਜਗਤ ਦੇ ਕਣ-ਕਣ ਦੀ ਗਹਿਰਾਈ ਵਿਚ ਉਹ ਅਹਿਸਾਸ ਛਾ ਜਾਂਦਾ ਹੈ, ਸਮੋਇਆ ਜਾਂਦਾ ਹੈ। ਇਹੀ ਭਾਵ ਹੈ ਕਿ ਵੇਦ ਸ਼ਾਸਤਰਾਂ ਵਿਚ ਨਹੀਂ, ਬਲਕਿ ਅਕਾਸ਼ ਵਿਚ ਲਿਖਿਆ ਜਾਂਦਾ ਹੈ। ਸ਼ਬਦਾਂ ਨਾਲ ਨਹੀਂ, ਬਲਕਿ ਬੁੱਧ ਵਰਗੇ ਵਿਅਕਤੀ ਦੇ ਪ੍ਰਾਣਾਂ ਵਿਚ ਜਦ ਸੱਚ ਦੀ ਘਟਨਾ ਵਾਪਰਦੀ ਹੈ ਅਤੇ ਨਾਲ ਹੀ ਨਾਲ

ਉਸ ਘਟਨਾ ਦੀ ਗੂੰਜ ਅਕਾਸ਼ ਦੇ ਕੋਨੇ–ਕੋਨੇ ਵਿਚ ਛਾ ਜਾਂਦੀ ਹੈ। ਅਤੇ ਜਦ ਵੀ ਕੋਈ ਵਿਅਕਤੀ ਬੁੱਧਤਵ ਦੇ ਕਰੀਬ ਪਹੁੰਚਣ ਲਗੇਗਾ, ਤਦ ਪਰਾਚੀਨ ਬੁੱਧਾਂ ਨੇ ਜੋ ਜਾਣਿਆ ਸੀ, ਉਹਨਾਂ ਦੇ ਪ੍ਰਾਣਾਂ ਦੇ ਅਕਾਸ਼ ਦੁਆਰਾ, ਉਸ ਗੂੰਜ ਦੀ ਫਿਰ ਤੋਂ ਪਰਤਵੀਂ–ਗੂੰਜ ਹੋ ਸਕਦੀ ਹੈ।

ਬਲਾਵੱਟਸਕੀ ਦੀ ਇਹ ਕਿਤਾਬ ਸਧਾਰਨ ਕਿਤਾਬ ਨਹੀਂ ਹੈ। ਉਸਨੇ ਉਸਨੂੰ ਲਿਖਿਆ ਨਹੀਂ, ਉਸਨੇ ਉਸਨੂੰ ਸੁਣਿਆ ਅਤੇ ਦੇਖਿਆ ਹੈ। ਇਹ ਉਸਦੀ ਕਿਰਤ ਨਹੀਂ ਹੈ, ਬਲਕਿ ਅਕਾਸ਼ ਵਿਚ ਅਨੰਤ–ਅਨੰਤ ਬੁੱਧਾਂ ਦੀ ਛਾਪ ਪਈ ਰਹਿ ਗਈ ਹੈ, ਉਸਦਾ ਅਕਸ ਹੈ। ਬਲਾਵੱਟਸਕੀ ਨੇ ਕਿਹਾ ਹੈ ਕਿ ਇਹ ਜੋ ਮੈਂ ਕਹਿ ਰਹੀ ਹਾਂ, ਇਹ ਅਕਾਸ਼ ਸੰਘਤਾ ਤੋਂ ਮੈਨੂੰ ਹਾਸਲ ਹੋਇਆ ਹੈ। ਅਜੇਹਾ ਮੈਂ ਅਕਾਸ਼ ਤੋਂ ਪਾਇਆ ਅਤੇ ਜਾਣਿਆ ਹੈ।

ਅਕਾਸ਼ ਤੋਂ ਭਾਵ ਹੈ, ਇਹ ਜਿਸਨੇ ਚਾਰ–ਚੁਫੇਰੇ ਘੇਰਿਆ ਹੋਇਆ ਹੈ ਸਾਨੂੰ, ਜੋ ਸਾਡੇ ਅੰਦਰ ਵੀ ਹੈ ਅਤੇ ਬਾਹਰ ਵੀ। ਜੋ ਸਾਡੇ ਸੁਆਸ ਵਿਚ ਹੈ, ਜਿਸਦੇ ਬਿਨਾਂ ਅਸੀਂ ਨਹੀਂ ਹੋ ਸਕਦੇ; ਅਤੇ ਅਸੀਂ ਨਹੀਂ ਸਾਂ, ਤਦ ਵੀ ਜੋ ਸੀ; ਅਤੇ ਅਸੀਂ ਨਹੀਂ ਹੋਵਾਂਗੇ, ਤਦ ਵੀ ਜੋ ਰਹੇਗਾ। ਅਕਾਸ਼ ਤੋਂ ਅਰਥ ਹੈ ਇਸ ਪਰਮ ਵਜੂਦ ਦਾ। ਬਲਾਵੱਟਸਕੀ ਨੇ ਕਿਹਾ ਹੈ : ਇਸ ਪਰਮ ਵਜੂਦ ਨੇ ਹੀ ਮੈਨੂੰ ਦੱਸਿਆ ਹੈ, ਉਹੀ ਇਸ ਪੁਸਤਕ ਵਿਚ ਮੈਂ ਸੰਗ੍ਰਹਿ ਕੀਤਾ ਹੈ। ਲੇਖਕਾ ਉਹ ਨਹੀਂ ਹੈ, ਉਸਨੇ ਸਿਰਫ ਸੰਗ੍ਰਹਿ ਕੀਤਾ ਹੈ।

ਇਹੀ ਵੇਦ ਦੇ ਰਿਸ਼ੀਆਂ ਨੇ ਕਿਹਾ ਹੈ ਕਿ ਅਸੀਂ ਸੁਣੀ ਹੈ ਇਹ ਵਾਣੀ। ਅਤੇ ਅਸੀਂ ਆਪਣੇ ਹੱਥੀਂ ਲਿਖੀ ਹੈ, ਅੱਪਰ ਸਾਡੇ ਹੱਥਾਂ ਨਾਲ ਕਿਸੇ ਹੋਰ ਨੇ ਹੀ ਉਸਨੂੰ ਲਿਖਵਾਇਆ ਹੈ। ਜੀਸਸ ਨੇ ਵੀ ਇਹੀ ਕਿਹਾ ਹੈ ਕਿ ਮੈਂ ਜੋ ਕਹਿ ਰਿਹਾ ਹਾਂ : ਵਾਣੀ ਮੇਰੀ ਹੋਵੇ, ਲੇਕਿਨ ਉਸ ਵਾਣੀ ਨਾਲ ਜੋ ਕਿਹਾ ਜਾ ਰਿਹਾ ਹੈ, ਉਹ ਪਰਮਾਤਮਾ ਦਾ ਹੈ। ਮੁਹੰਮਦ ਨੇ ਵੀ ਇਹੀ ਕਿਹਾ ਹੈ ਕਿ ਕੁਰਾਨ ਮੈਂ ਸੁਣੀ ਹੈ, ਉਸਦਾ ਇਲਹਾਮ ਹੋਇਆ, ਉਸਦੀ ਮੈਨੂੰ ਪ੍ਰੇਰਨਾ ਹੋਈ; ਅਤੇ ਕਿਸੇ ਰਹੱਸਮਈ ਸ਼ਕਤੀ ਨੇ ਮੈਨੂੰ ਪੁਕਾਰਿਆ ਤੇ ਕਿਹਾ ਕਿ ਪੜ੍ਹ।

ਅਤੇ ਮੁਹੰਮਦ ਦੇ ਨਾਲ ਤਾਂ ਬੜੀ ਮਿੱਠੀ ਘਟਨਾ ਹੈ, ਕਿਉਂਕਿ ਮੁਹੰਮਦ ਪੜ੍ਹ ਨਹੀਂ ਸਨ ਸਕਦੇ, ਗੈਰ ਪੜ੍ਹੇ–ਲਿਖੇ ਸਨ। ਜਦ ਪਹਿਲੀ ਵਾਰ ਉਹਨਾਂ ਦੇ ਅੰਦਰ ਅਜੇਹੀ ਕੋਈ ਅਵਾਜ਼ ਗੂੰਜ ਗਈ ਕਿ ਪੜ੍ਹ, ਤਾਂ ਮੁਹੰਮਦ ਨੇ ਕਿਹਾ, ਮੈਂ ਹਾਂ ਅਨਪੜ੍ਹ, ਮੈਂ ਪੜ੍ਹਾਂਗਾ ਕਿਵੇਂ? ਅਤੇ ਕੋਈ ਕਿਤਾਬ ਤਾਂ ਹੈ ਨਹੀਂ ਸੀ ਸਾਹਮਣੇ, ਜਿਸਨੂੰ ਪੜ੍ਹਨਾ ਸੀ! ਕੁਝ ਹੋਰ ਸੀ ਅੱਖਾਂ ਅੱਗੇ, ਜਿਸਨੂੰ ਗੈਰ–ਪੜ੍ਹਿਆ–ਲਿਖਿਆ ਵੀ ਪੜ੍ਹ ਸਕਦਾ ਹੈ; ਜਿਸਨੂੰ ਕਬੀਰ ਵੀ ਪੜ੍ਹ ਲੈਂਦੇ ਹਨ। ਕੁਝ ਹੋਰ ਸੀ, ਜੋ ਪੜ੍ਹਨਾ ਨਹੀਂ ਪੈਂਦਾ ਹੈ, ਦਿਸਦਾ ਹੈ। ਕੁਝ ਹੋਰ ਸੀ, ਜਿਸਦਾ ਇਹਨਾਂ ਅੱਖਾਂ ਨਾਲ ਕੋਈ ਸਬੰਧ ਨਹੀਂ ਹੈ, ਕਿਸੇ ਹੋਰ ਅੰਦਰ ਦੀ ਅੱਖ ਨਾਲ ਸਬੰਧ ਹੈ। ਮੁਹੰਮਦ ਨੇ ਸਮਝਿਆ ਕਿ ਇਹਨਾਂ ਅੱਖਾਂ ਨਾਲ ਮੈਂ ਕਿਵੇਂ ਪੜ੍ਹਾਂਗਾ, ਮੈਂ ਪੜ੍ਹਿਆ–ਲਿਖਿਆ ਨਹੀਂ ਹਾਂ। ਲੇਕਿਨ ਕੋਈ ਹੋਰ ਅੰਦਰ ਦੀ ਅੱਖ ਪੜ੍ਹ ਸਕੀ ਅਤੇ ਕੁਰਾਨ ਦਾ ਜਨਮ ਹੋਇਆ।

ਬਲਾਵੱਟਸਕੀ ਦੀ ਇਹ ਪੁਸਤਕ 'ਸਮਾਧੀ ਦੇ ਸੱਤ ਦੁਆਰ' ਵੇਦ, ਬਾਈਬਲ, ਕੁਰਾਨ; ਮਹਾਂਵੀਰ, ਬੁੱਧ ਦੇ ਵਚਨ ਦੀ ਹੈਸੀਅਤ ਦੀ ਪੁਸਤਕ ਹੈ। ਇਸਦਾ ਵੀ ਉਸਨੂੰ ਅਕਾਸ਼ ਤੋਂ ਅਨੁਭਵ ਹੋਇਆ ਹੈ। ਇਸ ਸਬੰਧ ਵਿਚ ਦੋ-ਚਾਰ ਗੱਲਾਂ ਖ਼ਿਆਲ ਵਿਚ ਲੈ ਲਈਏ, ਫਿਰ ਅਸੀਂ ਪੁਸਤਕ ਵਿਚ ਪ੍ਰਵੇਸ਼ ਕਰ ਸਕੀਏ।

ਇਕ ਤਾਂ ਆਮ ਬੰਦਾ ਵੀ ਲਿਖ ਸਕਦਾ ਹੈ, ਅਤੇ ਕਦੇ-ਕਦੇ ਬਹੁਤ ਸ੍ਰੇਸ਼ਠ ਗੱਲਾਂ ਵੀ ਲਿਖ ਸਕਦਾ ਹੈ। ਪਰ ਉਹ ਕਲਪਨਾ ਤੋਂ ਉਪਜੀਆਂ ਹੋਈਆਂ ਹੁੰਦੀਆਂ ਹਨ, ਸੋਚ-ਵਿਚਾਰ ਤੋਂ ਬਣੀਆਂ ਹੋਈਆਂ ਹੁੰਦੀਆਂ ਹਨ। ਅਹਿਸਾਸ ਨਾਲ ਉਹਨਾਂ ਦਾ ਕੋਈ ਸਬੰਧ ਨਹੀਂ ਹੁੰਦਾ। ਉਹ ਅਜੇਹੀਆਂ ਹੀ ਹੁੰਦੀਆਂ ਹਨ, ਜਿਵੇਂ ਅੰਨ੍ਹਾ ਵੀ ਪ੍ਰਕਾਸ਼ ਦੇ ਸਬੰਧ ਵਿਚ ਕੋਈ ਗੀਤ ਗਾ ਸਕਦਾ ਹੈ। ਸੁਣਿਆ ਹੈ, ਸਮਝਿਆ ਹੈ ਪ੍ਰਕਾਸ਼ ਦੇ ਸਬੰਧ ਵਿਚ, ਲੇਕਿਨ ਦੇਖਿਆ ਨਹੀਂ ਹੈ। ਤਾਂ ਅੰਨ੍ਹੇ ਦੀਆਂ ਗੱਲਾਂ ਪ੍ਰਕਾਸ਼ ਦੇ ਸਬੰਧ ਵਿਚ ਕਿੰਨੀਆਂ ਹੀ ਸਹੀ ਜਾਪਣ, ਸਹੀ ਨਹੀਂ ਹੋ ਸਕਦੀਆਂ ਹਨ। ਉਹ ਜੋ ਮੌਲਿਕ ਅਧਾਰ ਹੈ ਸੱਚ ਹੋਣ ਦਾ; ਉਹੀ ਨਾਮੌਜੂਦ ਹੈ।

ਇਹ ਪੁਸਤਕ, ਅੱਖ ਵਾਲੇ ਵਿਅਕਤੀ ਦੀ ਗੱਲ ਹੈ। ਕਿਸੇ ਸੋਚ-ਵਿਚਾਰ ਨਾਲ, ਕਿਸੇ ਕਲਪਨਾ ਨਾਲ, ਮਨ ਦੀ ਕਿਸੇ ਖੇਡ ਤੋਂ ਇਸਦਾ ਜਨਮ ਨਹੀਂ ਹੋਇਆ; ਬਲਕਿ ਜਨਮ ਹੀ ਇਸ ਤਰ੍ਹਾਂ ਦੀ ਵਾਣੀ ਦਾ ਤਦ ਹੁੰਦਾ ਹੈ, ਜਦ ਮਨ ਪੂਰੀ ਤਰ੍ਹਾਂ ਸ਼ਾਂਤ ਹੋ ਗਿਆ ਹੋਵੇ। ਅਤੇ ਮਨ ਦੇ ਸ਼ਾਂਤ ਹੋਣ ਦਾ ਇਕ ਹੀ ਅਰਥ ਹੁੰਦਾ ਹੈ ਕਿ ਜਦ ਮਨ ਹੁੰਦਾ ਹੀ ਨਹੀਂ। ਕਿਉਂਕਿ ਮਨ ਜਦ ਵੀ ਹੁੰਦਾ ਹੈ, ਅਸ਼ਾਂਤ ਹੀ ਹੁੰਦਾ ਹੈ।

ਮਨ ਅਸ਼ਾਂਤੀ ਦਾ ਨਾਂ ਹੈ।

ਅਤੇ ਜਦ ਵੀ ਅਸੀਂ ਕਹਿੰਦੇ ਹਾਂ ਮਨ ਸ਼ਾਂਤ ਹੋ ਗਿਆ, ਤਾਂ ਉਸਦਾ ਮਤਲਬ ਹੈ ਕਿ ਮਨ ਹੁਣ ਰਿਹਾ ਨਹੀਂ। ਨਾ ਰਹਿ ਜਾਵੇ ਮਨ, ਤਦੇ ਸ਼ਾਂਤ ਹੁੰਦਾ ਹੈ।

ਜਿਥੇ ਮਨ ਖੋ ਜਾਂਦਾ ਹੈ, ਉਥੇ ਅਕਾਸ਼ ਦੇ ਰਹੱਸ ਪਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ।

ਜਿਥੋਂ ਤਕ ਮਨ ਹੈ, ਉਥੋਂ ਤਕ ਅਸੀਂ ਆਪਣੀ ਸੂਝ-ਬੂਝ ਨਾਲ ਚਲਦੇ ਹਾਂ। ਅਤੇ ਜਦ ਮਨ ਨਹੀਂ ਹੈ, ਤਦ ਪਰਮਾਤਮਾ ਦੀ ਸੂਝ-ਬੂਝ ਸਾਥੋਂ ਪਰਗਟ ਹੋਣੀ ਸ਼ੁਰੂ ਹੋ ਜਾਂਦੀ ਹੈ, ਤਦ ਅਸੀਂ ਨਹੀਂ ਹੁੰਦੇ ਹਾਂ; ਜਾਂ ਹੁੰਦੇ ਹਾਂ ਤਾਂ ਬਸ ਇਕ ਪੁਰਜੇ ਦੇ ਵਾਂਗ ਹੁੰਦੇ ਹਾਂ, ਇਕ ਮਾਧਿਅਮ, ਇਕ ਵਾਹਨ ਹੁੰਦੇ ਹਾਂ। ਜਿਵੇਂ ਹਵਾ ਦਾ ਬੁੱਲਾ ਤੁਹਾਡੇ ਕੋਲ ਆਵੇ ਅਤੇ ਫੁੱਲਾਂ ਦੀ ਸੁਗੰਧੀ ਤੁਹਾਡੇ ਕੋਲ ਬਰਸਾ ਜਾਵੇ। ਹਵਾ ਦਾ ਬੁੱਲਾ ਸਿਰਫ਼ ਲਿਆਉਂਦਾ ਹੈ ਸੁਗੰਧ ਨੂੰ। ਇਵੇਂ ਹੀ ਜਦ ਮਨ ਨਹੀਂ ਰਹਿ ਜਾਂਦਾ, ਤਾਂ ਤੁਸੀਂ ਵੀ ਇਕ ਹਵਾ ਦਾ ਬੁੱਲਾ ਹੋ ਜਾਂਦੇ ਹੋ। ਅਤੇ ਅਨੰਤ ਸੁਗੰਧ ਤੁਹਾਥੋਂ ਭਰ ਕੇ ਫੈਲਣ ਲਗਦੀ ਹੈ; ਉਹ ਦੂਰ-ਦੂਰ ਲੋਕਾਂ ਤਕ ਤੁਹਾਡੇ 'ਤੇ ਸਵਾਰ ਹੋ ਕੇ ਯਾਤਰਾ ਕਰ ਸਕਦੀ ਹੈ।

ਬਲਾਵੱਟਸਕੀ ਦੀ ਇਹ ਪੁਸਤਕ ਅਜੇਹੀ ਹੀ ਹੈ। ਹਵਾ ਦਾ ਇਕ ਬੁੱਲਾ ਹੈ ਬਲਾਵੱਟਸਕੀ। ਅਤੇ ਕੋਈ ਉਸ ਤੋਂ

ਬਹੁਤ ਮਹਾਨਤਰ ਸ਼ਕਤੀ ਉਸੇ ਉੱਤੇ ਛਾ ਗਈ ਹੈ, ਅਤੇ ਉਹ ਹਵਾ ਦਾ ਬੁੱਲਾ ਇਸ ਸੁਗੰਧੀ ਨੂੰ ਲੈ ਆਇਆ ਹੈ।

ਮੈਂ ਇਸ ਪੁਸਤਕ ਨੂੰ ਜਾਣ ਕੇ ਚੁਣਿਆ। ਕਿਉਂਕਿ ਇਧਰ ਦੋ ਸੌ ਸਾਲਾਂ ਵਿਚ ਅਜੇਹੀਆਂ ਨਾ ਦੇ ਬਰਾਬਰ ਪੁਸਤਕਾਂ ਹਨ, ਜਿਨ੍ਹਾਂ ਦੀ ਹੈਸੀਅਤ ਵੇਦ, ਕੁਰਾਨ ਤੇ ਬਾਈਬਲ ਦੀ ਹੋਵੇ। ਇਹਨਾਂ ਥੋੜ੍ਹੀਆਂ-ਕੁ ਦੋ-ਚਾਰ ਪੁਸਤਕਾਂ ਵਿਚ ਇਹ ਪੁਸਤਕ ਹੈ 'ਸਮਾਧੀ ਦੇ ਸੱਤ ਦੁਆਰ'। ਅਤੇ ਇਸਲਈ ਵੀ ਚੁਣਿਆ ਕਿ ਬਲਾਵੱਟਸਕੀ ਨੇ ਜ਼ਰਾ-ਜਿੰਨੀ ਵੀ ਭੁੱਲ-ਚੁੱਕ ਨਹੀਂ ਕੀਤੀ ਹੈ ਅਕਾਸ਼ ਦੀ ਸੰਘਤਾ ਨੂੰ ਪੜ੍ਹਨ ਵਿਚ। ਠੀਕ ਮਨੁੱਖ ਦੇ ਜਗਤ ਵਿਚ ਉਸ ਦੂਰ ਦੇ ਸੱਚ ਨੂੰ ਜਿੰਨੀ ਸਹੀ-ਸਹੀ ਹਾਲਤ ਵਿਚ ਪਕੜਿਆ ਜਾ ਸਕਦਾ ਹੈ, ਉਨੀ ਸਹੀ-ਸਹੀ ਹਾਲਤ ਵਿਚ ਪਕੜਿਆ ਹੈ। ਅਕਸ ਜਿੰਨਾ ਸਾਫ ਬਣ ਸਕਦਾ ਹੈ, ਉਨਾ ਅਕਸ ਸਾਫ ਬਣਿਆ ਹੈ। ਅਤੇ ਇਹ ਪੁਸਤਕ ਤੁਹਾਡੀ ਜਿੰਦਗੀ ਦੀ ਸੰਪੂਰਨ-ਕ੍ਰਾਂਤੀ ਸਿੱਧ ਹੋ ਸਕਦੀ ਹੈ। ਫਿਰ ਇਸ ਪੁਸਤਕ ਦਾ ਕਿਸੇ ਧਰਮ ਨਾਲ ਕੋਈ ਸਬੰਧ ਨਹੀਂ ਹੈ। ਇਸਲਈ ਮੈਂ ਚੁਣਿਆ ਹੈ। ਨਾ ਇਹ ਹਿੰਦੂ ਹੈ, ਨਾ ਇਹ ਮੁਸਲਮਾਨ ਹੈ, ਨਾ ਇਹ ਈਸਾਈ ਹੈ। ਇਹ ਪੁਸਤਕ ਸ਼ੁੱਧ ਧਰਮ ਦੀ ਪੁਸਤਕ ਹੈ। ਅਤੇ ਧਰਮ ਨੂੰ ਜਿੰਨਾ ਨਿਰ-ਵਿਅਕਤੀਗਤ ਗੈਰ-ਸੰਪ੍ਰਦਾਇਕ ਢੰਗ ਨਾਲ ਪਰਗਟ ਕੀਤਾ ਜਾ ਸਕਦਾ ਹੈ, ਉਸ ਢੰਗ ਨਾਲ ਇਸ ਵਿਚ ਪਰਗਟ ਹੋਇਆ ਹੈ।

ਮਨੁੱਖ ਖੋਜ ਕਰਦਾ ਹੈ ਇਕ ਹੀ ਗੱਲ ਦੀ ਕਿ ਕਿਵੇਂ ਉਹ ਥਾਂ ਆ ਜਾਵੇ ਜੀਵਨ ਵਿਚ, ਜਿਥੇ ਹੋਰ ਕੋਈ ਦੌੜ ਨਾ ਰਹੇ; ਕਿਵੇਂ ਉਹ ਬਿੰਦੂ ਆ ਜਾਵੇ, ਜਿਥੇ ਸਾਰੀਆਂ ਵਾਸਨਾਵਾਂ ਮੁੱਕ ਜਾਣ ਅਤੇ ਪਾਣ ਨੂੰ ਕੁਝ ਵੀ ਬਾਕੀ ਨਾ ਰਹੇ। ਕਿਉਂਕਿ ਜਦ ਤਕ ਪਾਣ ਨੂੰ ਬਾਕੀ ਹੈ, ਤਦ ਤਕ ਰਹੇਗਾ ਸੰਤਾਪ, ਚਿੰਤਾ, ਪੀੜ, ਦੁਖ। ਜਦ ਤਕ ਪਾਣ ਨੂੰ ਕੁਝ ਬਾਕੀ ਹੈ, ਤਦ ਤਕ ਅਨੰਦ ਅਸੰਭਵ ਹੈ।

ਅਨੰਦ ਹੈ ਉਸ ਛਿਨ ਦਾ ਨਾਂ, ਜਦ ਕੋਈ ਵਿਅਕਤੀ ਉਥੇ ਪਹੁੰਚ ਗਿਆ, ਜਿਥੋਂ ਅੱਗੇ ਜਾਣ ਨੂੰ, ਕੁਝ ਵੀ ਬਾਕੀ ਨਹੀਂ ਰਹਿ ਜਾਂਦਾ ਹੈ। ਜਿਥੇ ਫਿਰ ਕੋਈ ਅੱਗੇ ਦਾ ਤਣਾਉ ਨਹੀਂ ਹੈ, ਜਿਥੇ ਕੋਈ ਭਵਿੱਖ ਨਹੀਂ ਰਿਹਾ, ਜਿਥੇ ਸਮਾਂ ਖੋ ਜਾਂਦਾ ਹੈ, ਅਤੇ ਇਹੀ ਛਿਨ 'ਹੁਣੇ ਅਤੇ ਇਹੀ' ਦਾ ਛਿਨ ਸਾਰਾ ਵਜੂਦ ਹੋ ਜਾਂਦਾ ਹੈ, ਸਭ-ਕੁਝ ਇਸੇ ਛਿਨ ਵਿਚ ਸਮੋਇਆ ਜਾਂਦਾ ਹੈ। ਉਸ ਭਾਸ ਦਾ ਨਾਂ ਹੀ ਅਨੰਦ ਹੈ, ਅਤੇ ਉਸ ਭਾਸ ਦਾ ਨਾਂ ਹੀ ਪਰਮਾਤਮਾ ਦਾ ਅਹਿਸਾਸ ਹੈ ਜਾਂ ਕਹੋ ਮੋਕਸ਼, ਜਾਂ ਕਹੋ ਨਿਰਵਾਣ। ਇਹ ਸਾਰੇ ਭੇਦ ਪਰਮਾਤਮਾ ਦੇ ਭੇਦ ਹਨ।

ਇਸ ਪੁਸਤਕ ਦੇ ਇਕ-ਇਕ ਸੂਤਰ ਨੂੰ ਸਮਝਪੂਰਵਕ ਜੇਕਰ ਪ੍ਰਯੋਗ ਕੀਤਾ, ਤਾਂ ਜਿੰਦਗੀ ਚੋਂ ਵਾਸਨਾ ਇਉਂ ਝੜ ਜਾਂਦੀ ਹੈ, ਜਿਵੇਂ ਕੋਈ ਧੂੜ ਨਾਲ ਭਰਿਆ ਹੋਇਆ ਆਵੇ ਅਤੇ ਇਸ਼ਨਾਨ ਕਰ ਲਵੇ ਤਾਂ ਸਾਰੀ ਧੂੜ ਝੜ ਜਾਵੇ। ਜਾਂ ਕੋਈ ਥੱਕਿਆ-ਟੁੱਟਿਆ, ਕਿਸੇ ਬਿਰਛ ਦੀ ਛਾਂ ਹੇਠਾਂ ਅਰਾਮ ਕਰ ਲਵੇ, ਅਤੇ ਸਾਰੀ ਥਕਾਵਟ ਜਾਂਦੀ ਰਹੇ। ਅਜੇਹਾ ਹੀ ਕੁਝ ਇਸ ਪੁਸਤਕ ਦੀ ਛਾਂ ਵਿਚ, ਇਸ ਪੁਸਤਕ ਦੇ ਇਸ਼ਨਾਨ ਵਿਚ, ਤੁਹਾਡੇ ਨਾਲ ਹੋ ਸਕਦਾ ਹੈ। ਲੇਕਿਨ ਇਸਨੂੰ ਬੁੱਧੀ

ਨਾਲ ਸਮਝਣ ਦੀ ਕੋਸ਼ਿਸ਼ ਨਾ ਕਰਨਾ। ਇਸਨੂੰ ਹਿਰਦੇ ਨਾਲ ਸਮਝਣ ਦੀ ਕੋਸ਼ਿਸ਼ ਕਰਨਾ। ਕੀ ਫਰਕ ਹੈ ਦੋਹਾਂ ਵਿਚ?

ਬੁੱਧੀ ਨਾਲ ਸਮਝਣ ਦੀ ਕੋਸ਼ਿਸ਼ ਦਾ ਅਰਥ ਹੁੰਦਾ ਹੈ, ਅਸੀਂ ਸੋਚਾਂਗੇ, ਵਿਚਾਰਾਂਗੇ, ਠੀਕ ਹੈ ਜਾਂ ਗਲਤ। ਪਰ ਜੇ ਸਾਨੂੰ ਪਤਾ ਹੀ ਹੁੰਦਾ ਕਿ ਕੀ ਠੀਕ ਹੈ, ਅਤੇ ਕੀ ਗਲਤ, ਤਾਂ ਇਸ ਪੁਸਤਕ ਦੀ ਕੋਈ ਲੋੜ ਹੀ ਨਹੀਂ ਸੀ। ਸਾਨੂੰ ਪਤਾ ਨਹੀਂ ਕਿ ਕੀ ਠੀਕ ਹੈ। ਇਸੇ ਦੀ ਤਾਂ ਅਸੀਂ ਖੋਜ ਕਰ ਰਹੇ ਹਾਂ। ਤਾਂ ਬੁੱਧੀ ਕਿਵੇਂ ਨਿਰਨਾ ਕਰੇਗੀ ਕਿ ਕੀ ਠੀਕ ਹੈ ਤੇ ਕੀ ਗਲਤ? ਨਿਰਨੇ ਦੇ ਲਈ ਤਾਂ ਸਾਨੂੰ ਪਹਿਲਾਂ ਤੋਂ ਪਤਾ ਹੋਣਾ ਚਾਹੀਦਾ ਹੈ। ਜੇ ਪਤਾ ਹੀ ਹੈ, ਤਾਂ ਖੋਜ ਦੀ ਕੋਈ ਜ਼ਰੂਰਤ ਨਹੀਂ, ਅਤੇ ਜਦ ਖੋਜ ਹੈ, ਤਾਂ ਸਾਨੂੰ ਪਤਾ ਨਹੀਂ, ਇਸਲਈ ਬੁੱਧੀ ਵਿਅਰਥ ਹੈ। ਇਸ ਤਰ੍ਹਾਂ ਦੀ ਖੋਜ ਵਿਚ ਤਾਂ ਹਿਰਦੇ ਨਾਲ ਉਤਰਨਾ।

ਹਿਰਦੇ ਨਾਲ ਉਤਰਨ ਦਾ ਅਰਥ ਹੈ, ਅਸੀਂ ਸੋਚਾਂਗੇ ਨਹੀਂ ਕਿ ਕੀ ਠੀਕ ਹੈ ਤੇ ਕੀ ਗਲਤ ਹੈ। ਅਸੀਂ ਕਰਕੇ ਹੀ ਦੇਖਾਂਗੇ, ਅਸੀਂ ਪ੍ਰਯੋਗ ਹੀ ਕਰਾਂਗੇ। ਅਤੇ ਪ੍ਰਯੋਗ ਦਾ ਅਰਥ ਹੈ ਕਿ ਅਸੀਂ ਹਿਰਦੇਪੂਰਵਕ ਆਪਣੀ ਸਮੁੱਚੀ ਸ਼ਰਧਾ ਨਾਲ ਉਤਰ ਜਾਵਾਂਗੇ ਤੇ ਜਾਣਾਂਗੇ ਕਿ ਕਿਥੇ ਲੈ ਜਾਂਦੀ ਹੈ ਇਹ ਕਿਤਾਬ। ਇਸ ਕਿਤਾਬ ਦੇ ਨਾਲ ਚੱਲਾਂਗੇ ਅਤੇ ਯਾਤਰਾ ਕਰਾਂਗੇ, ਵਹਾਂਗੇ ਇਸ ਨਦੀ ਵਿਚ। ਅਤੇ ਚੱਲਾਂਗੇ ਉਸ ਸਾਗਰ ਵਲ ਜਿਸਦਾ ਇਹ ਭਰੋਸਾ ਦਿੰਦੀ ਹੈ। ਅਤੇ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਇਹ ਨਦੀ ਸਾਗਰ-ਤਟ 'ਤੇ ਲੈ ਜਾਂਦੀ ਹੈ। ਇਸ ਨਦੀ ਦਾ ਭਰੋਸਾ ਕੀਤਾ ਜਾ ਸਕਦਾ ਹੈ। ਲੇਕਿਨ ਭਰੋਸਾ ਕੀਤਾ ਹੀ ਜਾ ਸਕਦਾ ਹੈ ਤੁਹਾਡੀ ਤਰਫੋਂ। ਇਸ ਭਰੋਸੇ ਦਾ ਨਾਂ ਹੀ ਸ਼ਰਧਾ ਹੈ।

ਬੁੱਧੀ ਤਾਂ ਕਰਦੀ ਹੈ ਸ਼ੱਕ, ਹਿਰਦਾ ਕਰਦਾ ਹੈ ਭਰੋਸਾ।

ਇਸ ਕਿਤਾਬ ਦੇ ਨਾਲ ਚੱਲਣਾ ਹੋਵੇ, ਤਾਂ ਹਿਰਦੇਪੂਰਵਕ ਚੱਲਣਾ ਹੋਵੇਗਾ। ਅਤੇ ਬੁੱਧੀ ਦਾ ਉਪਯੋਗ ਜੇ ਕਰਨਾ ਵੀ ਹੋਵੇ ਤਾਂ ਇੰਨਾ ਹੀ ਕਰਨਾ, ਸਿਰਫ ਚੱਲਣ ਵਿਚ ਸਹਿਯੋਗੀ ਹੋਵੇ, ਭਰੋਸੇ ਨੂੰ ਮਜ਼ਬੂਤ ਕਰੇ, ਸ਼ਰਧਾ ਨੂੰ ਗਹਿਰਾਵੇ। ਜੇ ਅਜੇਹਾ ਲੱਗੇ ਕਿ ਬੁੱਧੀ ਸ਼ਰਧਾ ਨੂੰ ਤੋੜਦੀ ਹੈ, ਤਾਂ ਬੁੱਧੀ ਛੱਡ ਕੇ ਹੀ ਚੱਲਣਾ। ਇਕ ਵਾਰ ਅਨੁਭਵ ਹੋ ਜਾਵੇ, ਫਿਰ ਪੂਰੀ ਬੁੱਧੀ ਨਾਲ ਪ੍ਰੀਖਿਆ ਕਰ ਲੈਣਾ, ਫਿਰ ਕੋਈ ਡਰ ਨਹੀਂ ਹੈ।

ਸਾਡੀ ਤਕਲੀਫ ਅਜੇਹੀ ਹੈ ਕਿ ਸਾਡੇ ਕੋਲ ਸੋਨਾ ਤਾਂ ਹੈ ਨਹੀਂ, ਪਰ ਸੋਨੇ ਨੂੰ ਕਸਣ ਦੀ ਕਸੌਟੀ ਹੈ। ਅਤੇ ਅਸੀਂ ਮਿੱਟੀ ਨੂੰ ਹੀ ਉਸ ਉਤੇ ਕਸ ਕੇ ਦੇਖਣ ਲਗਦੇ ਹਾਂ। ਮਿੱਟੀ ਤਾਂ ਮਿੱਟੀ ਹੈ ਹੀ, ਇਹ ਕਸੌਟੀ ਵੀ ਮਿੱਟੀ ਨੂੰ ਕਸਦਿਆਂ-ਕਸਦਿਆਂ ਮਿੱਟੀ ਵਰਗੀ ਹੋ ਜਾਂਦੀ ਹੈ। ਸੋਨਾ ਹੋਵੇ, ਤਦੇ ਕਸੌਟੀ 'ਤੇ ਕਸਿਆ ਜਾ ਸਕਦਾ ਹੈ।

ਬੁੱਧੀ ਕਸੌਟੀ ਹੈ, ਲੇਕਿਨ ਸੋਨਾ ਤੁਹਾਡੇ ਕੋਲ ਨਹੀਂ ਹੈ ਅਤੇ ਕਸੌਟੀ ਨਾਲ ਸੋਨਾ ਪੈਦਾ ਨਹੀਂ ਹੁੰਦਾ, ਧਿਆਨ ਰਖਣਾ। ਕਸੌਟੀ ਨਾਲ ਸੋਨਾ ਪਰਖਿਆ ਜਾ ਸਕਦਾ ਹੈ। ਪਰ ਪਰਖਣ ਤੋਂ ਪਹਿਲਾਂ ਸੋਨਾ ਹੋਣਾ ਤਾਂ ਚਾਹੀਦਾ ਹੈ।

ਹਿਰਦੇ ਤੋਂ ਸੋਨੇ ਦਾ ਜਨਮ ਹੁੰਦਾ ਹੈ, ਉਹ ਖਦਾਨ ਹੈ। ਅਤੇ ਇਕ ਵਾਰ ਸੋਨਾ ਤੁਹਾਡੇ ਹੱਥ ਵਿਚ ਆ ਜਾਵੇ, ਫਿਰ ਖੂਬ

ਕਸਣਾ ਤੇ ਪਰਖਣਾ। ਸਾਡੀ ਮੁਸੀਬਤ, ਸਾਡੀ ਤਕਲੀਫ ਇਹੀ ਹੈ ਕਿ ਕਸੌਟੀ ਸਾਡੇ ਕੋਲ ਹੈ, ਸੋਨਾ ਸਾਡੇ ਕੋਲ ਨਹੀਂ ਹੈ। ਅਸੀਂ ਕੁਝ ਵੀ ਕਸਦੇ ਰਹਿੰਦੇ ਹਾਂ, ਅਤੇ ਉਸ ਉੱਤੇ ਸਭ ਗਲਤ ਹੋ ਜਾਂਦਾ ਹੈ। ਅਤੇ ਸਭ ਗਲਤ ਹੋ ਜਾਂਦਾ ਹੈ, ਤਾਂ ਹੌਲੀ-ਹੌਲੀ ਅਸੀਂ ਇਹੀ ਮੰਨ ਲੈਂਦੇ ਹਾਂ ਕਿ ਸਭ ਗਲਤ ਹੈ, ਸਹੀ ਕੁਝ ਹੈ ਹੀ ਨਹੀਂ। ਅਨੁਭਵ ਦਾ ਸੋਨਾ ਚਾਹੀਦਾ ਹੈ, ਫਿਰ ਬੁੱਧੀ ਦੀ ਕਸੌਟੀ ਦਾ ਪੂਰਾ ਉਪਯੋਗ ਕਰ ਲੈਣਾ। ਸੋ ਇਹ ਮੁੱਢਲੀ ਗੱਲ ਖਿਆਲ ਵਿਚ ਰੱਖ ਲੈਣੀ।

ਇਸ ਸ਼ਿਵਿਰ ਵਿਚ ਅਸੀਂ ਹਿਰਦੇਪੂਰਵਕ ਪ੍ਰਯੋਗ ਕਰਨ ਇਕੱਠੇ ਹੋਏ ਹਾਂ। ਅਸੀਂ ਸੋਨੇ ਦੀ ਭਾਲ ਵਿਚ ਹਾਂ ਅਤੇ ਸੋਨਾ ਮਿਲ ਜਾਵੇ, ਤਾਂ ਕਸੌਟੀ ਸਾਡੇ ਕੋਲ ਹੈ, ਅਸੀਂ ਉਸਨੂੰ ਕਸ ਲਵਾਂਗੇ। ਪਰ ਸੋਨਾ ਕੋਲ ਨਾ ਹੋਵੇ, ਤਾਂ ਵਿਅਰਥ ਹੀ ਕਸੌਟੀ ਨੂੰ ਹਰ ਕਿਸੇ ਚੀਜ਼ 'ਤੇ ਕਸ ਕੇ ਖ਼ਰਾਬ ਕਰਨ ਦੀ ਕੋਸ਼ਿਸ਼ ਅਸੀਂ ਨਹੀਂ ਕਰਾਂਗੇ। ਅਜੇਹੇ ਭਾਵ ਨਾਲ ਚੱਲੋਗੇ, ਤਾਂ ਕੁਝ ਹੋ ਸਕੇਗਾ। ਯਕੀਨਨ ਹੀ ਸੋਨਾ ਤੁਹਾਡੇ ਹੱਥ ਵਿਚ ਆ ਸਕਦਾ ਹੈ; ਕਿਉਂਕਿ ਬਹੁਤ ਦੂਰ ਵੀ ਨਹੀਂ ਹੈ। ਅਤੇ ਜਿਸ ਖਦਾਨ ਦੀ ਅਸੀਂ ਭਾਲ ਵਿਚ ਹਾਂ, ਉਹ ਕਿਤੇ ਬਾਹਰ ਹੁੰਦੀ, ਤਾਂ ਸ਼ੱਕ ਵੀ ਹੋ ਸਕਦਾ ਸੀ; ਉਹ ਤੁਹਾਡੇ ਅੰਦਰ ਹੈ। ਇਸਲਈ ਮੈਂ ਕਹਿੰਦਾ ਹਾਂ, ਭਰੋਸਾ ਦਿੰਦਾ ਹਾਂ ਕਿ ਉਹ ਭਾਲੀ ਜਾ ਸਕਦੀ ਹੈ, ਉਸਨੂੰ ਤੁਸੀਂ ਕਦੇ ਖੋਇਆ ਵੀ ਨਹੀਂ ਹੈ। ਲੇਕਿਨ ਉਸਦੀ ਪਹਿਲੀ ਸ਼ਰਤ ਇਹ ਹੈ ਕਿ ਹਿਰਦੇ ਨਾਲ ਉਸਨੂੰ ਭਾਲਣਾ; ਫਿਰ ਬਾਅਦ ਵਿਚ, ਦਿਮਾਗ ਨਾਲ, ਬੁੱਧੀ ਨਾਲ ਉਸਨੂੰ ਕਸ ਲੈਣਾ, ਪਰਖ ਲੈਣਾ, ਕਸੌਟੀ ਦੀ ਵਰਤੋਂ ਕਰਨਾ; ਪਰ ਜਦ ਅਨੁਭਵ ਹੱਥ ਵਿਚ ਆ ਜਾਵੇ, ਤਦੋਂ। ਹੁਣ ਮੈਂ ਇਹਨਾਂ ਸੂਤਰਾਂ ਉੱਤੇ ਤੁਹਾਡੇ ਨਾਲ ਗੱਲ ਸ਼ੁਰੂ ਕਰਾਂ।

ਹੇ ਉਪਾਧਿਆਇ, ਨਿਰਨਾ ਹੋ ਚੁੱਕਾ ਹੈ, ਮੈਂ ਗਿਆਨ ਪਾਣ ਦੇ ਲਈ ਪਿਆਸਾ ਹਾਂ। ਹੁਣ ਤੁਸਾਂ ਨੇ ਗੁੱਝੇ ਰਾਹ 'ਤੇ ਪਏ ਪਰਦੇ ਨੂੰ ਹਟਾ ਦਿਤਾ ਹੈ ਅਤੇ ਮਹਾਂਯਾਨ ਦੀ ਸਿੱਖਿਆ ਵੀ ਦੇ ਦਿਤੀ ਹੈ। ਤੁਹਾਡਾ ਸੇਵਕ ਤੁਹਾਥੋਂ ਰਹਿਨੁਮਾਈ ਲੈਣ ਲਈ ਤਿਆਰ ਬਰ ਤਿਆਰ ਹੈ।

ਖੋਜੀ, ਪਿਆਸਾ ਆਪਣੇ ਗੁਰੂ ਨੂੰ ਕਹਿ ਰਿਹਾ ਹੈ : ਹੇ ਉਪਾਧਿਆਇ, ਨਿਰਨਾ ਹੋ ਚੁੱਕਾ ਹੈ।... ਮੈਂ ਫੈਸਲਾ ਕਰ ਲਿਆ ਕਿ ਮੈਂ ਤਿਆਰ ਹਾਂ, ਹੁਣ ਜਿਥੇ ਤੁਸੀਂ ਮੈਨੂੰ ਲੈ ਚਲੋ। ਇਹ ਫੈਸਲਾ ਜਿਗਿਆਸੂ ਨੂੰ ਸਾਧਕ ਬਣਾ ਦਿੰਦਾ ਹੈ। ਇੰਨਾ ਹੀ ਫਰਕ ਹੈ ਜਿਗਿਆਸੂ ਤੇ ਸਾਧਕ ਵਿਚ। ਅੰਪਰ ਇਹ ਫਰਕ ਵੱਡਾ ਹੈ, ਇਹ ਫਰਕ ਇੰਨਾ ਵੱਡਾ ਹੈ ਕਿ ਜਿਸਦਾ ਕੋਈ ਹਿਸਾਬ ਨਹੀਂ। ਕਿਉਂਕਿ ਜਿਗਿਆਸੂ ਪੁਛਦਾ ਰਹਿੰਦਾ ਹੈ, ਪੁਛਦਾ ਰਹਿੰਦਾ ਹੈ, ਸਵਾਲ ਕਰਦਾ ਰਹਿੰਦਾ ਹੈ, ਅਤੇ ਕਿਤੇ ਨਹੀਂ ਪਹੁੰਚਦਾ। ਉਸਦੀ ਤਲਾਸ਼, ਜਵਾਬ ਦੀ ਤਲਾਸ਼ ਹੈ, ਹੱਲ ਦੀ ਨਹੀਂ ਉਹ ਪੁਛਦਾ ਹੈ ਇਕ ਸਵਾਲ, ਤਾਂ ਜੋ ਜਵਾਬ ਮਿਲ ਜਾਵੇ। ਇਕ ਸਵਾਲ ਦਾ ਜਵਾਬ ਮਿਲ ਜਾਂਦਾ ਹੈ, ਤਾਂ ਉਸ ਜਵਾਬ 'ਚੋਂ ਦਸ ਨਵੇਂ ਸਵਾਲ ਖੜ੍ਹੇ ਹੋ ਜਾਂਦੇ ਹਨ। ਉਹਨਾਂ ਦਸ ਦੇ ਜਵਾਬ ਭਾਲਣ ਨਿਕਲ ਪੈਂਦਾ ਹੈ। ਕਦੇ ਹੋ ਸਕਦਾ ਹੈ ਦਸ ਦੇ ਜਵਾਬ ਵੀ ਮਿਲ ਜਾਣ, ਤਾਂ ਦਸ ਹਜ਼ਾਰ ਸਵਾਲ ਉਹਨਾਂ ਜਵਾਬਾਂ ਤੋਂ ਖੜ੍ਹੇ ਹੋ ਜਾਣਗੇ। ਕਿਉਂਕਿ ਪੁਛਣ ਵਾਲਾ ਸਵਾਲਾਂ ਦੇ ਜਵਾਬ ਨਾਲ ਮਿਟਦਾ ਨਹੀਂ। ਪੁਛਣ

ਵਾਲਾ ਤਾਂ ਅੰਦਰ ਹੈ, ਜਿਸ ਤੋਂ ਸਵਾਲ ਪੈਦਾ ਹੁੰਦੇ ਹਨ। ਅਸੀਂ ਸਵਾਲ ਨੂੰ ਮਿਟਾ ਲੈਂਦੇ ਹਾਂ ਪਰ ਪੁਛਣ ਵਾਲਾ ਤਾਂ ਅੰਦਰ ਖੜ੍ਹਾ ਹੈ।

ਜਿਵੇਂ ਕੋਈ ਬਿਰਛ ਦੀ ਇਕ ਟਹਿਣੀ ਨੂੰ ਕੱਟ ਦੇਵੇ, ਤਾਂ ਦਸ ਨਵੀਆਂ ਟਹਿਣੀਆਂ ਪੈਦਾ ਹੋ ਜਾਣਗੀਆਂ, ਕਿਉਂਕਿ ਟਹਿਣੀਆਂ ਨੂੰ ਜਿਸ ਜੜ੍ਹਾਂ ਤੋਂ ਰਸ ਮਿਲ ਰਿਹਾ ਹੈ, ਉਹ ਜ਼ਮੀਨ ਦੇ ਹੇਠਾਂ ਦਬੀ ਹੈ। ਜਿਗਿਆਸੂ ਪੱਤਿਆਂ ਨੂੰ ਤੋੜਦਾ ਰਹਿੰਦਾ ਹੈ, ਟਹਿਣੀਆਂ ਨੂੰ ਕੱਟਦਾ ਰਹਿੰਦਾ ਹੈ; ਸਵਾਲ ਤੋੜਦਾ ਰਹਿੰਦਾ ਹੈ, ਜਵਾਬ ਮਿਲਦੇ ਜਾਂਦੇ ਹਨ, ਹੋਰ ਨਵੇਂ ਸਵਾਲ ਬਣਦੇ ਜਾਂਦੇ ਹਨ, ਕਿਉਂਕਿ ਸਵਾਲ ਤਿਆਰ ਕਰਨ ਵਾਲਾ ਅੰਦਰ ਹੈ।

ਜਿਗਿਆਸੂ ਕਦੇ ਹੱਲ 'ਤੇ ਨਹੀਂ ਅੱਪੜਦਾ।

ਜਿਗਿਆਸੂਆਂ ਤੋਂ ਦਰਸ਼ਨ ਦਾ ਜਨਮ ਹੋਇਆ, ਫਿਲਾਸਫੀ ਦਾ। ਇਸਲਈ ਦਰਸ਼ਨ ਕਿਸੇ ਨਿਰਨੇ 'ਤੇ ਨਹੀਂ ਪਹੁੰਚਦਾ।

ਜੇਕਰ ਨਿਰਨਾ ਪ੍ਰਿਥਮੀ ਹੀ ਨਹੀਂ ਹੈ, ਤਾਂ ਅੰਤਮ ਵੀ ਨਹੀਂ ਹੋਵੇਗਾ; ਅਤੇ ਨਿਰਨਾ ਜੇ ਪ੍ਰਿਥਮ ਹੈ, ਤਾਂ ਹੀ ਅੰਤ ਵਿਚ ਵੀ ਨਿਰਨਾ ਹੋ ਸਕੇਗਾ। ਅੰਤ ਵਿਚ ਉਹਨਾਂ 'ਚ ਉਹੀ ਪਰਗਟ ਹੁੰਦਾ ਹੈ, ਜੋ ਪਹਿਲਾਂ ਛੁਪਿਆ ਸੀ, ਮੌਜੂਦ ਸੀ। ਜੋ ਆਦਿ ਵਿਚ ਸੀ, ਉਹੀ ਅੰਤ ਵਿਚ ਪਰਗਟ ਹੋ ਸਕੇਗਾ। ਜੋ ਬੀਜ ਵਿਚ ਹੈ, ਉਹੀ ਬਿਰਛ ਵਿਚ ਪਰਗਟ ਹੋਵੇਗਾ। ਬੀਜ ਵਿਚ ਹੀ ਜੋ ਨਹੀਂ ਉਹ ਬਿਰਛ ਵਿਚ ਪਰਗਟ ਨਹੀਂ ਹੋਵੇਗਾ। ਜਿਗਿਆਸੂ ਸਵਾਲ ਪੁਛਦਾ ਹੈ, ਜਵਾਬ ਪਾ ਜਾਂਦਾ ਹੈ, ਪਰ ਹੱਲ ਨਹੀਂ। ਹੱਲ ਦੇ ਲਈ ਤਾਂ ਆਪਣੇ–ਆਪ ਨੂੰ ਬਦਲਣਾ ਪੈਂਦਾ ਹੈ।

ਇਹ ਜਿਗਿਆਸੂ ਜਦ ਕਹਿ ਰਿਹਾ ਹੈ ਕਿ ਹੇ ਉਪਾਧਿਆਇ, ਨਿਰਨਾ ਹੋ ਚੁੱਕਾ ਹੈ, ਤਾਂ ਇਹ ਕਹਿ ਰਿਹਾ ਹੈ ਕਿ ਹੁਣ ਮੈਂ ਸਾਧਕ ਬਣਨ ਨੂੰ ਤਿਆਰ ਹਾਂ; ਹੁਣ ਮੈਂ ਪੁਛਣਾ ਹੀ ਨਹੀਂ ਚਾਹੁੰਦਾ ਹਾਂ, ਹੁਣ ਮੈਂ ਜਵਾਬ ਹੀ ਨਹੀਂ ਚਾਹੁੰਦਾ ਹਾਂ, ਹੁਣ ਮੈਂ ਬਦਲਣਾ ਚਾਹੁੰਦਾ ਹਾਂ ਆਪਣੇ–ਆਪ ਨੂੰ, ਹੁਣ ਮੈਂ ਹੱਲ ਚਾਹੁੰਦਾ ਹਾਂ।

ਅਤੇ ਹੱਲ ਤਾਂ ਉਸਨੂੰ ਮਿਲਦਾ ਹੈ, ਜਿਹੜਾ ਸਮਾਧੀ ਨੂੰ ਪਹੁੰਚਦਾ ਹੈ।

ਹੱਲ ਉਸਦਾ ਹੁੰਦਾ ਹੈ, ਜੋ ਆਪ ਅੰਦਰ ਦੇ ਸਾਰੇ ਦ੍ਵੰਧ ਨੂੰ ਹੱਲ ਕਰ ਲਵੇ। ਅਤੇ ਅਜੇਹੀ ਘੜੀ ਲੈ ਆਵੇ ਆਪਣੇ ਅੰਦਰ ਕਿ ਜਿਥੇ ਕੋਈ ਸਵਾਲ ਨਹੀਂ ਉਠਦੇ ਹਨ। ਤਦ ਹੀ ਅਸਲੀ ਜਵਾਬ ਹਾਸਲ ਹੁੰਦਾ ਹੈ।

'ਨਿਰਨਾ ਹੋ ਚੁੱਕਾ ਹੈ, ਅਤੇ ਮੈਂ ਗਿਆਨ ਪਾਣ ਦੇ ਲਈ ਪਿਆਸਾ ਹਾਂ'

ਕਹਿੰਦੇ ਤਾਂ ਅਸੀਂ ਵੀ ਹਾਂ ਕਿ ਸੱਚ ਦੀ ਸਾਨੂੰ ਪਿਆਸ ਹੈ, ਪਰ ਕੋਈ ਇਹ ਕਹੇ ਕਿ ਇਹ ਰਿਹਾ ਸਰੋਵਰ, ਦਸ ਕਦਮ ਚੱਲ ਲਵੋ, ਤਾਂ ਦਸ ਕਦਮ ਚੱਲਣ ਨੂੰ ਵੀ ਅਸੀਂ ਤਿਆਰ ਨਹੀਂ ਹਾਂ। ਉਸ ਤੋਂ ਪਤਾ ਲਗਦਾ ਹੈ ਕਿ ਪਿਆਸ ਝੂਠੀ ਹੈ। ਕਿਉਂਕਿ ਪਿਆਸਾ ਤਾਂ ਦਸ ਹਜ਼ਾਰ ਕਦਮ ਚੱਲਣ ਨੂੰ ਵੀ ਰਾਜ਼ੀ ਹੋ ਜਾਂਦਾ ਹੈ। ਪਿਆਸ ਦਾ ਤਾਂ ਮਤਲਬ ਹੀ ਇਹ ਹੈ ਕਿ

ਹੁਣ ਜੇ ਪਾਣੀ ਨਾ ਮਿਲਿਆ ਤਾਂ ਮਰਾਂਗਾ। ਪਿਆਸ ਦਾ ਕੀ ਮਤਲਬ? ਪਿਆਸ ਦਾ ਮਤਲਬ ਕਿ ਜ਼ਿੰਦਗੀ ਦਾਅ 'ਤੇ ਹੈ—ਜਾਂ ਤਾਂ ਪਾਣੀ ਜਾਂ ਮੌਤ; ਜਾਂ ਤਾਂ ਮੈਨੂੰ ਪਾਣੀ ਦਾ ਸਰੋਵਰ ਮਿਲੇ, ਜਲ-ਸੋਮਾ ਮਿਲੇ ਜਾਂ ਮੈਂ ਮਰ ਰਿਹਾ ਹਾਂ, ਮੇਰਾ ਸਾਹ ਘੁੱਟ ਰਿਹਾ ਹੈ, ਅਤੇ ਇਕ-ਇਕ ਪਲ ਮੁਸ਼ਕਲ ਹੈ ਜਿਊਣਾ।

ਅਸੀਂ ਵੀ ਕਹਿੰਦੇ ਹਾਂ ਕਿ ਸੱਚ ਦੀ ਸਾਨੂੰ ਪਿਆਸ ਹੈ, ਪਰ ਦਸ ਕਦਮ ਤੁਰਨ ਦੀ ਸਾਡੀ ਤਿਆਰੀ ਨਾ ਹੋਵੇ, ਤਾਂ ਪਤਾ ਲਗਦਾ ਹੈ ਕਿ ਪਿਆਸ ਕਿੰਨੀ ਹੈ। ਪਿਆਸ ਨਹੀਂ ਹੈ, ਅਸੀਂ ਸ਼ਬਦ ਦਾ ਅਰਥ ਹੀ ਨਹੀਂ ਸਮਝੇ। ਕਹਿਣਾ ਚਾਹੀਦਾ ਹੈ ਸਾਨੂੰ ਵੀ ਦਰਸ਼ਨ ਦੀ, ਸਾਨੂੰ ਵੀ ਸੱਚ ਦੀ, ਧਰਮ ਦੀ, ਪਰਮਾਤਮਾ ਦੀ ਵਾਸਨਾ ਹੈ, ਪਿਆਸ ਨਹੀਂ।

ਵਾਸਨਾ ਤੋਂ ਮੇਰਾ ਮਤਲਬ ਹੈ ਬੇਲੋੜੀਆਂ ਚੀਜ਼ਾਂ ਦੀ ਇੱਛਿਆ। ਮਿਲ ਜਾਵੇ ਤਾਂ ਸਾਨੂੰ ਖ਼ੁਸ਼ੀ ਹੋਵੇਗੀ, ਨਾ ਮਿਲੇ ਤਾਂ ਸਾਨੂੰ ਕੋਈ ਤਕਲੀਫ਼ ਨਹੀਂ ਹੈ; ਨਹੀਂ ਮਿਲੇ ਤਾਂ ਸਾਡੀ ਕੋਈ ਜ਼ਿੰਦਗੀ ਖ਼ਤਰੇ ਵਿਚ ਨਹੀਂ ਹੈ। ਮਿਲ ਜਾਵੇ ਤਾਂ ਅਸੀਂ ਖ਼ੁਸ਼ ਹੋਵਾਂਗੇ। ਕਿਉਂਕਿ ਸਾਡੇ ਹੰਕਾਰ ਨੂੰ ਹੋਰ ਇਕ ਸਹਾਰਾ ਮਿਲ ਜਾਏਗਾ, ਸੱਚ ਵੀ ਮੈਂ ਪਾ ਲਿਆ। ਕੀ ਪਰਮਾਤਮਾ ਵੀ ਮੇਰੀ ਮੁੱਠੀ ਵਿਚ ਹੈ? ਕੀ ਮੋਕਸ਼ ਵੀ ਮੇਰੀ ਪ੍ਰਾਪਤੀ ਹੋਵੇਗਾ? ਉਹ ਵੀ ਸਾਡੀਆਂ ਵਾਸਨਾਵਾਂ ਹਨ ਵਿਲਾਸ ਦੀਆਂ। ਪਿਆਸ ਦਾ ਅਰਥ ਹੈ ਕਿ ਜ਼ਿੰਦਗੀ ਦਾਅ 'ਤੇ ਹੈ। ਮੈਂ ਗਿਆਨ ਪਾਣ ਦੇ ਲਈ ਪਿਆਸਾ ਹਾਂ।

'—ਅਤੇ ਤੁਸਾਂ ਨੇ ਉਸ ਗੁਪਤ ਰਾਹ ਤੋਂ ਪਰਦਾ ਹਟਾ ਦਿਤਾ ਹੈ, ਅਤੇ ਮੈਨੂੰ ਉਸ ਪਰਮ ਯਾਨ ਦੀ, ਉਸ ਮਹਾਂਯਾਨ ਦੀ ਸਿੱਖਿਆ ਵੀ ਦੇ ਦਿਤੀ ਹੈ;' ਮੈਨੂੰ ਸਮਝਾ ਵੀ ਦਿਤਾ ਹੈ ਕਿ ਉਹ ਸੱਚ ਕੀ ਹੈ, ਉਹ ਰਾਹ ਕੀ ਹੈ ਹੁਣ ਮੈਂ ਪੂਰੀ ਤਰ੍ਹਾਂ ਤਿਆਰ ਹਾਂ ਤੁਰਨ ਨੂੰ, ਹੁਣ ਮੈਨੂੰ ਤੋਰੋ ਵੀ, ਹੁਣ ਮੈਨੂੰ ਲੈ ਚਲੋ ਉਸ ਪਾਸੇ।

'ਇਹ ਸ਼ੁਭ ਹੈ, ਸ਼੍ਰਾਵਕ ਤਿਆਰੀ ਕਰ, ਕਿਉਂਕਿ ਤੈਨੂੰ ਇਕੱਲਿਆਂ ਹੀ ਯਾਤਰਾ 'ਤੇ ਜਾਣਾ ਹੋਵੇਗਾ।'

ਗੁਰੂ ਨੇ ਕਿਹਾ : ਇਹ ਸ਼ੁਭ ਹੈ ਸ਼੍ਰਾਵਕ, ਤਿਆਰੀ ਕਰ, ਕਿਉਂਕਿ ਤੈਨੂੰ ਇਕੱਲਿਆਂ ਹੀ ਯਾਤਰਾ 'ਤੇ ਜਾਣਾ ਹੋਵੇਗਾ। ਗੁਰੂ ਸਿਰਫ਼ ਮਾਰਗ-ਨਿਰਦੇਸ਼ ਦੇ ਸਕਦਾ ਹੈ। ਮਾਰਗ ਤਾਂ ਸਭ ਦੇ ਲਈ ਇਕ ਹੈ। ਲੇਕਿਨ ਯਾਤਰੀਆਂ ਦੇ ਮੰਜ਼ਲ 'ਤੇ ਪਹੁੰਚਣ ਦੇ ਸਾਧਨ ਵਖੋ-ਵਖਰੇ ਹੋਣਗੇ। ਗੁਰੂ ਨੇ ਕਿਹਾ : ਸ਼ੁਭ ਹੈ ਤੇਰੀ ਨਿਸ਼ਠਾ ਤੇ ਤੇਰਾ ਨਿਰਨਾ। ਸੰਕਲਪ ਤੇਰਾ ਪਿਆਰਾ ਹੈ, ਸਵਾਗਤ-ਯੋਗ ਹੈ; ਪਰ ਤਿਆਰੀ ਕਰ, ਕਿਉਂਕਿ ਇਹ ਯਾਤਰਾ ਇਕੱਲੇ ਦੀ ਯਾਤਰਾ ਹੈ। ਇਸ 'ਤੇ ਕੋਈ ਦੂਜਾ ਨਾਲ ਨਹੀਂ ਜਾ ਸਕਦਾ। ਇਸ ਯਾਤਰਾ 'ਤੇ ਕਿਸੇ ਦੂਜੇ ਨੂੰ ਨਾਲ ਲੈ ਜਾਣ ਦਾ ਕੋਈ ਉਪਾਅ ਨਹੀਂ ਹੈ। ਇਹ ਰਾਹ ਅਜੇਹਾ ਨਹੀਂ ਕਿ ਇਸ ਉਤੇ ਭੀੜ ਜਾ ਸਕੇ, ਮਿੱਤਰ-ਸਬੰਧੀ, ਸੰਗੀ-ਸਾਥੀ ਜਾ ਸਕਣ। ਇਥੇ ਇਕੱਲੇ ਹੀ ਜਾਣਾ ਹੋਵੇਗਾ।

ਧਿਆਨ ਮੌਤ ਜਿਹਾ ਹੈ।

ਮਰਨ ਲੱਗਿਆਂ ਇਕੱਲੇ ਜਾਣਾ ਹੋਵੇਗਾ, ਫਿਰ ਤੁਸੀਂ ਨਹੀਂ ਕਹਿ ਸਕੋਗੇ ਕਿ ਕੋਈ ਨਾਲ ਚਲੋ। ਸਭ ਸੰਗੀ-ਸਾਥੀ

ਜ਼ਿੰਦਗੀ ਦੇ ਹਨ, ਮੌਤ ਵਿਚ ਕੋਈ ਸੰਗੀ-ਸਾਥੀ ਨਹੀਂ ਹੋਵੇਗਾ। ਅਤੇ ਧਿਆਨ ਇਕ ਤਰ੍ਹਾਂ ਦੀ ਮੌਤ ਹੈ, ਇਸ ਵਿਚ ਵੀ ਇਕੱਲੇ ਹੀ ਜਾਣਾ ਹੋਵੇਗਾ। ਅਤੇ ਅਜੇਹਾ ਵੀ ਹੋ ਸਕਦਾ ਹੈ ਕਿ ਕੋਈ ਤੁਹਾਡੇ ਨਾਲ ਮਰਨ ਨੂੰ ਵੀ ਰਾਜ਼ੀ ਹੋ ਜਾਵੇ, ਤੁਹਾਡੇ ਨਾਲ ਹੀ ਆਤਮਹੱਤਿਆ ਕਰ ਲਵੇ; ਹਾਲਾਂਕਿ ਇਹ ਆਤਮਹੱਤਿਆ ਵੀ ਜ਼ਿੰਦਗੀ ਵਿਚ ਹੀ ਨਾਲ ਨਜ਼ਰ ਆਏਗੀ, ਮੌਤ ਵਿਚ ਤਾਂ ਦੋਵੇਂ ਵਖੋ-ਵਖਰੇ ਹੋ ਜਾਣਗੇ। ਕਿਉਂਕਿ ਸਭ ਸੰਗੀ-ਸਾਥੀ ਸਰੀਰ ਦੇ ਹਨ, ਸਰੀਰ ਦੇ ਛੁਟਦਿਆਂ ਹੀ ਕੋਈ ਸੰਗ-ਸਾਥ ਨਹੀਂ ਹੈ।

ਲੇਕਿਨ ਫਿਰ ਇਹ ਵੀ ਹੋ ਸਕਦਾ ਹੈ ਕਿ ਦੋ ਵਿਅਕਤੀ ਨਾਲੋ-ਨਾਲ ਮਰਨ ਨੂੰ ਰਾਜ਼ੀ ਹੋ ਜਾਣ। ਦੋ ਪ੍ਰੇਮੀ ਨਾਲ-ਨਾਲ ਹੀ ਨਿਆਗ੍ਰਾ ਵਿਚ ਕੁੱਦ ਪੈਣ, ਇਹ ਹੋ ਸਕਦਾ ਹੈ। ਇਹ ਹੋਇਆ ਹੈ। ਅੰਪਰ ਗਿਆਨ ਵਿਚ ਤਾਂ ਇੰਨਾ ਵੀ ਨਹੀਂ ਹੋ ਸਕਦਾ ਹੈ ਕਿ ਦੋ ਵਿਅਕਤੀ ਨਾਲ-ਨਾਲ ਕੁੱਦ ਪੈਣ। ਕਿਉਂਕਿ ਧਿਆਨ ਦਾ ਤਾਂ ਸਰੀਰ ਨਾਲ ਇੰਨਾ ਵੀ ਸਬੰਧ ਨਹੀਂ ਹੈ। ਮੌਤ ਦਾ ਤਾਂ ਸਰੀਰ ਨਾਲ ਕੁਝ-ਕੁ ਸਬੰਧ ਹੈ, ਧਿਆਨ ਤਾਂ ਨਿਰੋਲ ਹੀ ਅੰਦਰੂਨੀ ਯਾਤਰਾ ਹੈ। ਧਿਆਨ ਤਾਂ ਸ਼ੁਰੂ ਹੀ ਉਥੇ ਹੁੰਦਾ ਹੈ, ਜਿਥੇ ਸਰੀਰ ਖ਼ਤਮ ਹੋ ਰਿਹਾ ਹੈ। ਜਿਥੇ ਸਰੀਰ ਦੀ ਹੱਦ ਆਉਂਦੀ ਹੈ, ਉਥੋਂ ਹੀ ਤਾਂ ਧਿਆਨ ਦੀ ਯਾਤਰਾ ਸ਼ੁਰੂ ਹੁੰਦੀ ਹੈ। ਉਥੇ ਕੋਈ ਸੰਗੀ-ਸਾਥੀ ਨਹੀਂ ਹੈ।

ਤਾਂ ਗੁਰੂ ਨੇ ਕਿਹਾ : ਤਿਆਰੀ ਕਰ, ਕਿਉਂਕਿ ਤੈਨੂੰ ਇਕੱਲਿਆਂ ਹੀ ਯਾਤਰਾ 'ਤੇ ਜਾਣਾ ਹੋਵੇਗਾ। ਅਤੇ ਤਿਆਰੀ ਕੀ ਹੈ? ਇਕੱਲੇ ਹੋਣ ਦੀ ਤਿਆਰੀ ਹੀ ਤਿਆਰੀ ਹੈ। ਅਸੀਂ ਇਕੱਲੇ ਹੋਣ 'ਚ ਬਹੁਤ ਡਰਦੇ ਹਾਂ। ਇਸ ਡਰ ਕਰਕੇ ਹੀ ਅਸੀਂ ਇੰਨਾ ਪਰਿਵਾਰ, ਇੰਨਾ ਸੰਸਾਰ, ਇੰਨੀ ਵਿਵਸਥਾ ਮੌਜੂਦ ਕੀਤੀ ਹੈ। ਇਕੱਲੇ ਹੋਣ ਦਾ ਬੜਾ ਡਰ ਹੈ। ਮੌਤ ਤੋਂ ਵੀ ਅਸੀਂ ਇਸਲਈ ਡਰਦੇ ਹਾਂ ਕਿ ਇਕੱਲਾ ਕਰ ਦੇਵੇਗੀ ਉਹ ਸਾਨੂੰ। ਅਤੇ ਸ਼ਾਇਦ ਇਸਲਈ ਅਸੀਂ ਧਿਆਨ ਚਾਹੁੰਦੇ ਵੀ ਹਾਂ ਅਤੇ ਧਿਆਨ ਤੋਂ ਡਰਦੇ ਵੀ ਹਾਂ। ਭੈ ਅੰਦਰ ਹੈ ਕਿਤੇ, ਜੋ ਰੁਕਾਵਟ ਬਣ ਜਾਂਦਾ ਹੈ, ਕਿਉਂਕਿ ਧਿਆਨ ਵੀ ਇਕੱਲਾ ਕਰ ਦੇਵੇਗਾ।

ਇਕੱਲੇ ਹੋਣ ਦਾ ਡਰ ਹੀ ਸਾਡੀ ਰੁਕਾਵਟ ਹੈ ਪਰਮਾਤਮਾ ਵਲ ਜਾਣ ਵਿਚ। ਅਤੇ ਉਸਦੇ ਵਲ ਤਾਂ ਉਹੀ ਜਾ ਸਕੇਗਾ, ਜਿਹੜਾ ਪੂਰੀ ਤਰ੍ਹਾਂ ਇਕੱਲਾ ਹੋਣ ਨੂੰ ਰਾਜ਼ੀ ਹੋਵੇ। ਅਸੀਂ ਤਾਂ ਪਰਮਾਤਮਾ ਦੀ ਗੱਲ ਵੀ ਇਸਲਈ ਕਰਦੇ ਹਾਂ ਕਿ ਜਦ ਕੋਈ ਵੀ ਨਾਲ ਨਹੀਂ ਹੋਵੇਗਾ ਤਾਂ ਘਟੋ-ਘਟ ਪਰਮਾਤਮਾ ਤਾਂ ਨਾਲ ਹੋਵੇਗਾ। ਅਸੀਂ ਤਾਂ ਉਸਨੂੰ ਵੀ ਸੰਗੀ-ਸਾਥੀ ਦੀ ਤਰ੍ਹਾਂ ਭਾਲਦੇ ਹਾਂ। ਇਸਲਈ ਜਦ ਅਸੀਂ ਇਕੱਲੇ ਹੁੰਦੇ ਹਾਂ, ਹਨੇਰੇ ਵਿਚ ਹੁੰਦੇ ਹਾਂ, ਜੰਗਲ ਵਿਚ ਭਟਕ ਗਏ ਹੁੰਦੇ ਹਾਂ, ਤਾਂ ਅਸੀਂ ਪਰਮਾਤਮਾ ਦੀ ਯਾਦ ਕਰਦੇ ਹਾਂ। ਉਹ ਯਾਦ ਵੀ ਇਕੱਲੇ ਹੋਣ ਤੋਂ ਬਚਣ ਦੀ ਕੋਸ਼ਿਸ਼ ਹੈ। ਉਥੇ ਵੀ ਅਸੀਂ ਕਿਸੇ ਦੂਜੇ ਦੀ ਕਲਪਨਾ ਕਰਦੇ ਹਾਂ ਕਿ ਕੋਈ ਨਾਲ ਹੈ। ਕੋਈ ਨਾ ਹੋਵੇ ਨਾਲ ਤਾਂ ਘਟ ਤੋਂ ਘਟ ਪਰਮਾਤਮਾ ਨਾਲ ਹੈ; ਪਰ ਸਾਥ ਸਾਨੂੰ ਚਾਹੀਦਾ ਹੀ ਚਾਹੀਦਾ ਹੈ। ਅਤੇ ਜਦ ਤਕ ਸਾਨੂੰ ਸਾਥ ਚਾਹੀਦਾ ਹੈ, ਤਦ ਤਕ ਪਰਮਾਤਮਾ ਨਾਲ ਕੋਈ ਅਰਥ ਨਹੀਂ

ਹੋ ਸਕਦਾ। ਉਸਦੇ ਵਲ ਤਾਂ ਜਾਂਦਾ ਹੀ ਉਹ ਹੈ, ਜੋ ਇਕੱਲਾ ਹੋਣ ਨੂੰ ਰਾਜ਼ੀ ਹੈ।

ਗੁਰੂ ਨੇ ਕਿਹਾ : ਤਿਆਰੀ ਕਰ! ਕਿਉਂਕਿ ਤੈਨੂੰ ਇਕੱਲਿਆਂ ਹੀ ਯਾਤਰਾ 'ਤੇ ਜਾਣਾ ਹੋਵੇਗਾ। ਅਤੇ ਗੁਰੂ ਸਿਰਫ ਮਾਰਗ-ਨਿਰਦੇਸ਼ ਕਰ ਸਕਦਾ ਹੈ।

ਗੁਰੂ ਨੇ ਕਿਹਾ : ਦੱਸ ਸਕਦਾ ਹਾਂ ਮੈਂ ਕਿ ਇਹ ਰਿਹਾ ਰਾਹ, ਪਰ ਤੇਰੇ ਨਾਲ ਚੱਲ ਨਹੀਂ ਸਕਾਂਗਾ। ਦੱਸ ਸਕਦਾ ਹਾਂ, ਇਹ ਰਿਹਾ ਰਾਹ, ਪਰ ਤੈਨੂੰ ਇਸ ਰਾਹ 'ਤੇ ਘਸੀਟ ਨਹੀਂ ਸਕਾਂਗਾ। ਕੋਈ ਜਬਰਦਸਤੀ ਸੱਚ ਦੀ ਦੁਨੀਆਂ ਵਿਚ ਨਹੀਂ ਆ ਸਕਦੇ। ਕੋਈ ਧੱਕਾ ਵੀ ਨਹੀਂ ਦਿਤਾ ਜਾ ਸਕਦਾ। ਕਿਸੇ ਨੂੰ ਖਿੱਚ ਕੇ ਉਸ ਯਾਤਰਾ 'ਤੇ ਲਿਜਾਇਆ ਵੀ ਨਹੀਂ ਜਾ ਸਕਦਾ। ਰਾਹ ਸਭ ਦੇ ਲਈ ਇਕ ਹੈ, ਲੇਕਿਨ ਯਾਤਰੀਆਂ ਦੇ ਮੰਜ਼ਿਲ 'ਤੇ ਪੁਜਣ ਦੇ ਸਾਧਨ ਵਖੋ-ਵਖਰੇ ਹੋਣਗੇ। ਅਤੇ ਸਾਰੇ ਹੀ ਉਸ ਇਕ ਹੀ ਰਾਹ ਤੋਂ ਵੀ ਗੁਜ਼ਰਦੇ ਹਨ। ਫਿਰ ਵੀ, ਕਿਉਂਕਿ ਹਰ ਵਿਅਕਤੀ ਅਲੱਗ ਹੈ, ਇਸਲਈ ਉਸ ਇਕ ਰਾਹ 'ਤੇ ਵੀ ਹਰ ਵਿਅਕਤੀ ਦੇ ਸਾਧਨ ਅਲੱਗ-ਅਲੱਗ ਹੁੰਦੇ ਹਨ। ਕੋਈ ਪੈਦਲ ਤੁਰਦਾ ਹੈ ਉਸੇ ਰਾਹ 'ਤੇ, ਕੋਈ ਦੌੜਦਾ ਹੈ ਉਸੇ ਰਾਹ 'ਤੇ, ਕੋਈ ਬੈਲਗੱਡੀ ਵੀ ਲੈ ਲੈਂਦਾ ਹੈ, ਕੋਈ ਹੋਰ ਸਾਧਨ ਜੁਟਾ ਲੈਂਦਾ ਹੈ। ਰਾਹ ਇਕ ਹੈ, ਪਰ ਹਰ ਵਿਅਕਤੀ ਦੇ ਸਾਧਨ ਅਲੱਗ ਹੋਣਗੇ।

—'ਓ ਅਜਿੱਤ ਹਿਰਦੇ, ਤੂੰ ਕਿਸਨੂੰ ਚੁਣਦਾ ਹੈਂ'...

ਤੂੰ ਕਿਹੜਾ ਸਾਧਨ ਚੁਣਨਾ ਚਾਹੇਂਗਾ? ਕੀ ਹੋਵੇਗਾ ਉਸ ਰਾਹ ਉਤੇ ਤੇਰਾ ਰਾਹ ਦਾ ਆਸਰਾ? ਕੀ ਬਣੇਂਗਾ ਤੂੰ? ਕਿਵੇਂ ਚਲੇਂਗਾ ਉਸ ਰਾਹ ਉਤੇ।

'ਚੱਕ੍ਰ-ਸਿਧਾਂਤ ਦਾ ਸਮਤਾਨ, ਅਰਥਾਤ ਚਤੁਰਮੁਖੀ ਧਿਆਨ ਨੂੰ ਜਾਂ ਛੇ ਪਾਰਮਿਤਾਵਾਂ ਦੇ ਵਿਚੋਂ ਦੀ ਤੂੰ ਆਪਣਾ ਰਾਹ ਬਣਾਏਂਗਾ...?'

ਦੋ ਰਾਹ ਬਹੁਤ ਸਾਫ਼-ਸਾਫ਼ ਵੰਡੇ ਹੋਏ ਹਨ। ਇਕ ਤਾਂ ਹੈ ਧਿਆਨ ਦਾ ਰਾਹ, ਖ਼ਾਲਸ ਧਿਆਨ ਦਾ ਰਾਹ। ਅਤੇ ਦੂਜਾ ਹੈ ਪਾਰਮਿਤਾਵਾਂ ਦਾ—ਸ਼ੁਭ ਦਾ, ਨੀਤੀ ਦਾ, ਧਰਮ ਦਾ।

ਧਿਆਨ ਦੇ ਰਾਹ ਤੋਂ ਅਰਥ ਹੈ : ਨਿਰੋਲ ਆਪਣੇ-ਆਪ ਦੇ ਮਨ ਨੂੰ ਵਿਸਰਜਿਤ ਕਰਨ ਦੀ ਚੇਸ਼ਟਾ-ਸਿੱਧੀ।

ਪਾਰਮਿਤਾਵਾਂ ਦੇ ਰਾਹ ਤੋਂ ਭਾਵ ਹੈ : ਆਪਣੇ-ਆਪ ਦੇ ਮਨ ਨੂੰ ਸਹਿਜੇ-ਸਹਿਜੇ ਸ਼ੁੱਧ ਕਰਨ ਦੀ ਕੋਸ਼ਿਸ਼। ਵਿਸਰਜਿਤ ਤਾਂ ਹੋਵੇਗਾ, ਲੇਕਿਨ ਪੂਰੀ ਤਰ੍ਹਾਂ ਸ਼ੁੱਧ ਹੁੰਦਾ-ਹੁੰਦਾ ਵਿਸਰਜਿਤ ਹੋਵੇਗਾ।

ਧਿਆਨ ਹੈ ਇਕ ਛਲਾਂਗ। ਮਨ ਹੈ ਅਸ਼ੁੱਧ, ਇਸ ਅਸ਼ੁੱਧ ਮਨ ਨਾਲ ਵੀ ਸਿੱਧਾ ਧਿਆਨ ਵਿਚ ਕੁੱਦਿਆ ਜਾ ਸਕਦਾ ਹੈ। ਪਾਰਮਿਤਾਵਾਂ ਦਾ ਮਤਲਬ ਹੈ : ਪਹਿਲਾਂ ਇਸ ਮਨ ਨੂੰ ਸ਼ੁੱਧ, ਬਲਵਾਨ, ਸ਼ਕਤੀਸ਼ਾਲੀ ਕਰਨਾ, ਅਤੇ ਜਦ ਇਹ ਸੰਪੂਰਨ ਸ਼ੁੱਧ ਹੋ ਜਾਵੇ, ਤਦ ਛਾਲ ਮਾਰਨੀ, ਤਦ ਕੁੱਦ ਜਾਣਾ।

ਤਾਂ ਗੁਰੂ ਪੁਛਦਾ ਹੈ, 'ਤੂੰ ਕੀ ਚੁਣੇਂਗਾ? ਕੀ ਤੂੰ ਧਿਆਨ ਨੂੰ ਚੁਣੇਂਗਾ? ਜਾਂ ਤੂੰ ਚੁਣੇਂਗਾ ਸ਼ੀਲ ਨੂੰ, ਜੋ ਸਦਗੁਣ ਦੇ ਪਵਿੱਤਰ ਦੁਆਰ ਹਨ ਅਤੇ ਜੋ ਗਿਆਨ ਦੇ ਸੱਤਵੇਂ ਪੜਾਅ ਬੋਧਿ ਤੇ ਸੂਝ ਨੂੰ ਅਪੜਾਂਦੇ ਹਨ?' ਇਹ ਦੋ ਹਨ ਰਾਹ।

—'ਚਤੁਰਮੁਖੀ ਧਿਆਨ ਦਾ ਦੁਰਗਮ ਰਾਹ ਪਹਾੜੀ ਹੈ...'

ਔਖੀ ਹੈ ਚੜ੍ਹਾਈ ਧਿਆਨ ਦੀ, ਦੁਰਗਮ ਹੈ, ਪਹਾੜੀ ਰਾਹ ਹੈ।

—'ਤਿੰਨ ਵਾਰ ਉਹ ਮਹਾਨ ਹੈ, ਜੋ ਉਸਦੇ ਉੱਚੇ ਸਿਖਰ ਨੂੰ ਪ੍ਰਾਪਤ ਕਰਦਾ ਹੈ।'

ਇਕ ਵਾਰ ਮਹਾਨ ਕਹਿਣਾ ਕਾਫੀ ਨਹੀਂ। ਗੁਰੂ ਕਹਿੰਦਾ ਹੈ : 'ਤਿੰਨ ਵਾਰ ਉਹ ਮਹਾਨ ਹੈ, ਜਿਹੜਾ ਉਸਦੇ ਉੱਚੇ ਸਿਖਰ ਨੂੰ ਪ੍ਰਾਪਤ ਕਰਦਾ ਹੈ।'

ਧਿਆਨ ਦਾ ਅਰਥ ਹੈ ਜਿਹੋ-ਜਿਹੇ ਅਸੀਂ ਹਾਂ, ਐਨ ਇਹੋ-ਜਿਹੇ ਤੋਂ ਹੀ ਛਲਾਂਗ। ਜਿਹੋ-ਜਿਹੇ ਅਸੀਂ ਹਾਂ ਬਾਹਰ ਦੀ ਦੁਨੀਆਂ ਵਿਚ, ਬਿਨਾਂ ਕੋਈ ਫਿਕਰ ਕੀਤਿਆਂ, ਚਰਿੱਤਰ ਹੋਵੇ ਬੁਰਾ, ਸ਼ੀਲ ਨਾ ਹੋਵੇ ਕੋਲ, ਸਦਗੁਣ ਨਾ ਹੋਵੇ, ਇਸਦੀ ਪਰਵਾਹ ਕੀਤੇ ਬਿਨਾਂ। ਬਾਹਰ ਕੁਝ ਵੀ ਨਾ ਹੋਵੇ, ਪਾਪ ਵੀ ਹੋਵੇ, ਕਰਮਾਂ ਦਾ ਬੋਝ ਵੀ ਹੋਵੇ-ਜਿਹੋ-ਜਿਹੇ ਅਸੀਂ ਹਾਂ, ਐਨ ਇਹੋ-ਜਿਹੇ 'ਚੋਂ ਹੀ ਉਸ ਪਹਾੜ ਉੱਤੇ ਸਿੱਧੀ ਚੜ੍ਹਾਈ ਦਾ ਵੀ ਰਾਹ ਹੈ। ਅਸੀਂ ਸਿੱਧੇ ਵੀ ਕੁੱਦ ਸਕਦੇ ਹਾਂ।

ਕਿਉਂ?

ਕਿਉਂਕਿ ਧਿਆਨ ਮੰਨਦਾ ਹੀ ਇਹ ਹੈ ਕਿ ਜਿਸਨੂੰ ਅਸੀਂ ਬਾਹਰ ਦਾ ਜਗਤ ਕਹਿੰਦੇ ਹਾਂ, ਉਹ ਸੁਫਨੇ ਤੋਂ ਜ਼ਿਆਦਾ ਨਹੀਂ ਹੈ। ਇਹ ਧਿਆਨ ਦੀ ਮਾਨਤਾ ਹੈ। ਇਹ ਧਿਆਨ ਦੇ ਰਾਹ ਦਾ ਮੁੱਢਲਾ ਸਿਧਾਂਤ ਹੈ ਕਿ ਜਿਸਨੂੰ ਅਸੀਂ ਬਾਹਰ ਦਾ ਜਗਤ ਕਹਿੰਦੇ ਹਾਂ, ਉਹ ਸੁਫਨੇ ਤੋਂ ਵਧ ਨਹੀਂ ਹੈ।

ਇਕ ਆਦਮੀ ਸੁਫਨਾ ਦੇਖ ਰਿਹਾ ਹੈ ਕਿ ਉਹ ਚੋਰ ਹੈ, ਪਾਪੀ ਹੈ, ਹੱਤਿਆਰਾ ਹੈ, ਅਤੇ ਇਕ ਆਦਮੀ ਸੁਫਨਾ ਦੇਖ ਰਿਹਾ ਹੈ, ਮਹਾਤਮਾ ਹੈ, ਸਾਧੂ ਹੈ, ਸਦਗੁਣੀ ਹੈ। ਧਿਆਨ ਦਾ ਰਾਹ ਕਹਿੰਦਾ ਹੈ ਕਿ ਕੀ ਫਰਕ ਪੈਂਦਾ ਹੈ ਕਿ ਤੁਸੀਂ ਕੀ ਸੁਫਨਾ ਦੇਖ ਰਹੇ ਹੋ-ਚੋਰ ਹੋਣ ਦਾ ਜਾਂ ਸਾਧੂ ਹੋਣ ਦਾ-ਦੋਵੇਂ ਸੁਫਨੇ ਹਨ।

ਅਤੇ ਚੋਰ ਹੋਣ ਦੇ ਸੁਫਨੇ ਤੋਂ ਜਾਗਣ 'ਚ ਜੋ ਕਰਨਾ ਪਏਗਾ, ਉਹੀ ਸਾਧੂ ਹੋਣ ਦੇ ਸੁਫਨੇ ਤੋਂ ਜਾਗਣ 'ਚ ਵੀ ਕਰਨਾ ਪਏਗਾ। ਸੋ ਤੁਸੀਂ ਜਾਗ ਸਕਦੇ ਹੁਣੇ, ਇਸਦੀ ਫਿਕਰ ਛਡੋ ਕਿ ਪਹਿਲਾਂ ਮੈਂ ਇਹ ਚੋਰ ਵਾਲਾ ਸੁਫਨਾ ਬਦਲਾਂ ਅਤੇ ਸਾਧ ਵਾਲਾ ਸੁਫਨਾ ਸਵੀਕਾਰ ਕਰਾਂ, ਅਤੇ ਫਿਰ ਜਾਗਾਂਗਾ।

ਧਿਆਨ ਦਾ ਰਾਹ ਕਹਿੰਦਾ ਹੈ ਕਿ ਇਸ ਉਲਝਣ ਵਿਚ ਪੈਣ ਦੀ ਕੋਈ ਵੀ ਜ਼ਰੂਰਤ ਨਹੀਂ ਹੈ ਕਿ ਪਹਿਲਾਂ ਤੁਸੀਂ ਸਾਧੂ ਬਣੋ ਅਸਾਧੂ ਤੋਂ, ਪੁੰਨਆਤਮਾ ਬਣੋ ਪਾਪੀ ਤੋਂ। ਜੇਕਰ ਸੁਫਨੇ ਹੀ ਹਨ ਦੋਨੋਂ, ਤਾਂ ਫਿਰ ਕਿਸੇ ਵੀ ਸੁਫਨੇ ਤੋਂ ਜਾਗਿਆ ਜਾ ਸਕਦਾ ਹੈ। ਅਤੇ ਸਾਰੇ ਹੀ ਸੁਫਨੇ ਜਾਗਣ ਦੀ ਤਰਫ ਲਿਜਾ ਸਕਦੇ ਹਨ। ਸੁਫਨੇ ਫਿਰ ਭਲੇ ਤੇ ਬੁਰੇ ਨਹੀਂ ਹੁੰਦੇ ਹਨ।

ਇਸੇਲਈ ਧਿਆਨੀਆਂ ਨੇ ਜਗਤ ਨੂੰ ਮਾਯਾ ਕਿਹਾ ਹੈ। ਇਸੇਲਈ ਕਿਹਾ ਹੈ। ਧਿਆਨੀਆਂ ਨੇ ਸੰਸਾਰ ਨੂੰ ਸੁਫਨੇ–ਜਿਹਾ ਕਿਹਾ ਹੈ। ਇਸੇਲਈ ਕਿਹਾ ਹੈ ਕਿ ਇਹ ਗੱਲ ਠੀਕ ਤਰ੍ਹਾਂ ਨਾਲ ਸਮਝ ਵਿਚ ਆ ਜਾਵੇ ਕਿ ਸਭ–ਕੁਝ ਸੁਫਨਾ ਹੈ, ਤਾਂ ਫਿਰ ਸੁਫਨੇ ਨੂੰ, ਸੁਫਨੇ ਵਿਚ ਬਦਲਣ ਦੀ ਚੇਸ਼ਟਾ ਵਿਅਰਥ ਹੈ। ਫਿਰ ਤਾਂ ਜਾਗਣ ਦੀ ਚੇਸ਼ਟਾ ਠੀਕ ਹੈ। ਇਸੇਲਈ ਗੁਰੂ ਨੇ ਕਿਹਾ ਕਿ ਤਿੰਨ ਵਾਰ ਮਹਾਨ ਹੈ, ਉਹ, ਜਿਹੜਾ ਉਸਦੇ ਉੱਚੇ ਸਿਖਰ ਨੂੰ ਪ੍ਰਾਪਤ ਕਰਦਾ ਹੈ।

ਲੇਕਿਨ ਇਸ ਤੋਂ ਤੁਸੀਂ ਇਹ ਨਾ ਸਮਝ ਲੈਣਾ ਕਿ ਸ਼ੀਲ ਦਾ ਰਾਹ ਸੌਖਾ ਹੋਵੇਗਾ, ਪਾਰਮਿਤਾਵਾਂ ਦਾ ਮਾਰਗ ਸਰਲ ਹੋਵੇਗਾ। ਧਿਆਨ ਦਾ ਰਾਹ ਤਾਂ ਕਠਨ ਹੈ, ਇਸਦਾ ਇਹ ਮਤਲਬ ਨਹੀਂ ਕਿ ਦੂਜਾ ਰਾਹ ਅਸਾਨ ਹੋਵੇਗਾ। ਦੂਜਾ ਰਾਹ ਵੀ ਮੁਸ਼ਕਲ ਹੈ। ਜੇ ਸੁਫਨੇ ਤੋਂ ਜਾਗਣਾ ਕਠਨ ਹੈ, ਤਾਂ ਇਕ ਸੁਫਨੇ ਨੂੰ ਦੂਜੇ ਸੁਫਨੇ 'ਚ ਬਦਲਣਾ ਵੀ ਅਸਾਨ ਨਹੀਂ ਹੈ। ਸੱਚ ਤਾਂ ਇਹ ਹੈ ਕਿ ਕਈ ਵਾਰ ਅਜੇਹਾ ਲਗੇਗਾ ਕਿ ਸੁਫਨੇ ਤੋਂ ਜਾਗਣਾ ਹੀ ਸਰਲ ਹੈ, ਬਜਾਇ ਇਕ ਸੁਫਨੇ ਨੂੰ ਦੂਜੇ ਸੁਫਨੇ ਵਿਚ ਬਦਲਣ ਨਾਲੋਂ। ਸੁਫਨੇ ਤੋਂ ਤੁਸੀਂ ਕਈ ਵਾਰ ਜਾਗੇ ਹੋ, ਲੇਕਿਨ ਸੁਫਨੇ ਨੂੰ ਬਦਲ ਸਕਦੇ ਹੋ? ਕਦੇ ਕੋਸ਼ਿਸ਼ ਕੀਤੀ ਹੈ ਕਿ ਤੁਹਾਡਾ ਸੁਫਨਾ ਅੰਦਰ ਚੱਲ ਰਿਹਾ ਹੈ ਕਿ ਮੈਂ ਚੋਰ ਹਾਂ, ਅਤੇ ਇਹ ਸੁਫਨਾ ਤੁਸੀਂ ਬਦਲ ਲਵੋ ਤੇ ਸਾਧੂ ਬਣ ਜਾਵੋ? ਤਾਂ ਤੁਹਾਨੂੰ ਪਤਾ ਲਗੇਗਾ ਕਿ ਇਹ ਤਾਂ ਸਗੋਂ ਹੋਰ ਵੀ ਮੁਸ਼ਕਲ ਜਾਪਦਾ ਹੈ।

ਇਸ ਤੋਂ ਬਿਹਤਰ ਤਾਂ ਇਹ ਹੈ ਕਿ ਅਲਾਰਮ ਲਾ ਕੇ ਜਾਗ ਜਾਵੋ। ਇਸ ਨਾਲੋਂ ਬਿਹਤਰ ਹੈ ਕਿ ਕੋਈ ਉਪਾਅ ਕਰ ਲਵੋ ਅਤੇ ਨੀਂਦ ਨੂੰ ਹੀ ਤੋੜ ਛੱਡੋ, ਬਜਾਇ ਸੁਫਨੇ ਨੂੰ ਬਦਲਣ ਦੇ।

ਅਤੇ ਜਿਹੜਾ ਸੁਫਨੇ ਨੂੰ ਬਦਲ ਸਕਦਾ ਹੈ, ਉਸਨੂੰ ਜਾਗਣ ਵਿਚ ਕੀ ਰੁਕਾਵਟ ਹੋਵੇਗੀ? ਕਿਉਂਕਿ ਸੁਫਨੇ ਨੂੰ ਬਦਲਣ ਦਾ ਮਤਲਬ ਹੀ ਇਹ ਹੈ ਕਿ ਤੁਸੀਂ ਅੰਦਰ ਜਾਗੇ ਹੋਏ ਹੋ ਤੇ ਜਾਣ ਰਹੇ ਹੋ ਕਿ ਇਹ ਸੁਫਨਾ ਹੈ, ਅਤੇ ਬੁਰਾ ਸੁਫਨਾ ਹੈ, ਅਤੇ ਹੁਣ ਮੈਂ ਇਸਨੂੰ ਚੰਗੇ ਸੁਫਨੇ ਵਿਚ ਬਦਲ ਰਿਹਾ ਹਾਂ। ਤਾਂ ਜਿਹੜਾ ਇੰਨਾ ਸਮਰੱਥ ਹੈ ਜਾਣਨ ਵਿਚ ਕਿ ਸੁਫਨੇ ਨੂੰ ਪਛਾਣ ਲੈਂਦਾ ਹੈ ਸੁਫਨੇ ਦੀ ਤਰ੍ਹਾਂ, ਉਹ ਜਾਗ ਹੀ ਜਾਏਗਾ। ਉਹ ਸੁਫਨੇ ਨੂੰ ਕਿਉਂ ਫੜੇਗਾ, ਇਸਲਈ ਦੂਜੀ ਗੱਲ ਵੀ ਸਰਲ ਹੈ, ਅਜੇਹਾ ਨਾ ਸੋਚਣਾ।

'ਪਾਰਮਿਤਾ ਦੇ ਸਿਖਰ ਤਾਂ ਹੋਰ ਵੀ ਦੁਰਗਮ ਰਾਹ ਤੋਂ ਪ੍ਰਾਪਤ ਹੁੰਦੇ ਹਨ। ਤੈਨੂੰ ਸੱਤ ਦੁਆਰਾਂ ਤੋਂ ਹੋ ਕੇ ਯਾਤਰਾ ਕਰਨੀ ਹੋਵੇਗੀ। ਇਹ ਸੱਤ ਦੁਆਰ ਸੱਤ ਨਿਰਦਯੀ ਤੇ ਚਾਲਬਾਜ਼ ਸ਼ਕਤੀਆਂ ਦੇ, ਜ਼ਬਰਦਸਤ ਵਾਸਨਾਵਾਂ ਦੇ ਕਿਲੇ ਵਰਗੇ ਹਨ।'

ਅਧਿਆਤਮ ਦੀ ਲਾਜ਼ਮੀ ਰੂਪ ਨਾਲ ਇਕ ਸ਼ਰਤ ਹੈ ਕਿ ਉਥੇ ਜੋ ਵੀ ਹੈ, ਸਭ ਕਠਨ ਹੈ। ਉਥੇ ਸਰਲ ਕੁਝ ਵੀ ਨਹੀਂ ਹੈ। ਅਤੇ ਜਿਹੜੇ ਲੋਕ ਵੀ ਸਰਲ ਕਹਿੰਦੇ ਹਨ, ਉਹ ਤੁਹਾਨੂੰ ਸਿਰਫ ਲਾਲਚ ਦਿੰਦੇ ਹਨ। ਸ਼ਾਇਦ ਤੁਹਾਡੇ ਹਿਤ 'ਚ ਹੀ ਦਿੰਦੇ ਹੋਣ। ਲੇਕਿਨ ਸਰਲ ਉਥੇ ਕੁਝ ਵੀ ਨਹੀਂ ਹੈ।

ਇਸਦਾ ਇਹ ਅਰਥ ਵੀ ਨਹੀਂ ਕਿ ਅਧਿਆਤਮ ਆਪਣੇ–ਆਪ ਵਿਚ ਜਟਲ ਹੈ, ਇਸਦਾ ਅਰਥ ਸਿਰਫ ਇੰਨਾ ਹੀ ਹੈ ਕਿ ਤੁਸੀਂ ਇੰਨੇ ਜਟਲ ਤੇ ਉਲਝੇ ਹੋਏ ਹੋ ਕਿ ਅਧਿਆਤਮ ਵਲ ਨੂੰ ਜਾਣਾ ਤੁਹਾਨੂੰ ਜਟਲ ਜਾਪਦਾ ਹੈ।

ਜਿਹੜੇ ਪਹੁੰਚ ਜਾਂਦੇ ਹਨ ਉਹਨਾਂ ਨੂੰ ਲਗਦਾ ਹੈ ਕਿ ਸੰਸਾਰ ਬਹੁਤ ਜਟਲ ਸੀ ਤੇ ਅਧਿਆਤਮ ਬਹੁਤ ਸਰਲ ਹੈ। ਪਰ ਜਿਹੜੇ ਸੰਸਾਰ ਵਿਚ ਹਨ, ਉਹਨਾਂ ਲਈ ਅਧਿਆਤਮ ਬਹੁਤ ਜਟਲ ਹੈ।

ਤੁਸੀਂ ਉਲਝਾਅ ਕਰਨ 'ਚ ਬੜੇ ਮਾਹਰ ਹੋ। ਆਪਣੇ ਆਲੇ–ਦੁਆਲੇ ਇੰਨਾ ਜਾਲ ਬੁਣ ਲੈਂਦੇ ਹੋ ਤੁਸੀਂ–ਸ਼ਾਇਦ ਦੂਜੇ ਨੂੰ ਫਸਾਉਣ ਖਾਤਰ ਬੁਣਦੇ ਹੋ ਪਰ ਫਸ ਆਪ ਜਾਂਦੇ ਹੋ; ਉਹ ਗੱਲ ਜੁਦਾ ਹੈ। ਲੇਕਿਨ ਬੜਾ ਜਾਲ ਬੁਣ ਲੈਂਦੇ ਹੋ। ਅਤੇ ਜਾਲ ਬੁਣਨ ਦੀ ਇੰਨੀ ਆਦਤ ਹੈ ਕਿ ਜੇ ਕਦੇ ਸੋਚਦੇ ਵੀ ਹੋ ਕਿ ਇਸ ਜਾਲ ਤੋਂ ਕਿਵੇਂ ਬਚੇ, ਤਾਂ ਇਕ ਨਵਾਂ ਜਾਲ ਬੁਣਦੇ ਹੋ–ਇਹ ਬੁਣਨਾ ਤੁਹਾਡੀ ਆਦਤ ਹੈ–ਤਾਂ ਅਧਿਆਤਮ ਵੀ ਤੁਹਾਡੇ ਲਈ ਜਾਲ ਬਣ ਜਾਂਦਾ ਹੈ। ਲੋਕ ਸੰਸਾਰ ਛੜ ਦਿੰਦੇ ਹਨ ਤੇ ਸੰਨਿਆਸੀ ਬਣ ਜਾਂਦੇ ਹਨ, ਅਤੇ ਫਿਰ ਸੰਨਿਆਸ ਦਾ ਇਕ ਨਵਾਂ ਜਾਲ ਬੁਣ ਲੈਂਦੇ ਹਨ।

ਸੰਨਿਆਸ ਦਾ ਮਤਲਬ ਹੀ ਹੈ ਕਿ ਹੁਣ ਸਾਨੂੰ ਇਸ ਜਾਲ ਤੋਂ ਅਕੇਵਾਂ ਹੋ ਗਿਆ ਹੈ, ਹੁਣ ਅਸੀਂ ਜਾਲ ਨਹੀਂ ਬੁਣਾਂਗੇ। ਜ਼ਿਆਦਾ ਬਿਹਤਰ ਹੈ ਕਿ ਪੁਰਾਣੇ ਜਾਲ ਵਿਚ ਹੀ ਖੜ੍ਹੇ ਰਹੋ ਅਤੇ ਨਵਾਂ ਨਾ ਬੁਣੋ। ਬੁਣਨਾ ਬੰਦ ਕਰ ਦਿਉ। ਜਾਲ ਨਹੀਂ ਰੋਕਦਾ ਤੁਹਾਨੂੰ, ਬੁਣਨ ਦੀ ਆਦਤ। ਤੁਸੀਂ ਬੁਣਦੇ ਹੀ ਤੁਰੇ ਜਾਂਦੇ ਹੋ ਆਪਣੇ ਚਾਰ–ਚੁਫੇਰੇ। ਬਹਾਨਾ ਕੋਈ ਵੀ ਹੋਵੇ, ਉਸ ਤੋਂ ਕਠਨਾਈ ਹੈ।

ਹੇ ਸ਼ਿਸ਼, ਪ੍ਰਸੰਨ ਰਹਿ ਅਤੇ ਇਸ ਸਵਰਨ ਨਿਯਮ ਨੂੰ ਹੀ ਚੇਤੇ ਰਖ। ਇਕ ਵਾਰ ਤੂੰ ਸ੍ਰੋਤਾਪੰਨ ਦੁਆਰ ਨੂੰ ਪਾਰ ਕਰ ਲਿਆ–ਸ੍ਰੋਤਾਪੰਨ ਉਹ ਹੈ, ਜੋ ਨਿਰਵਾਣ ਵਲ ਨੂੰ ਵਗਦੀ ਨਦੀ ਵਿਚ ਦਾਖ਼ਲ ਹੋ ਗਿਆ–ਅਤੇ ਇਕ ਜਦ ਇਸ ਜਨਮ ਵਿਚ ਜਾਂ ਕਿਸੇ ਅਗਲੇ ਜਨਮ ਵਿਚ ਤੇਰੇ ਪੈਰ ਨੇ ਨਿਰਵਾਣ ਦੀ ਇਸ ਨਦੀ ਦੀ ਗਹਿਰਾਈ ਛੋਹ ਲਈ, ਹੇ ਸੰਕਲਪਵਾਨ, ਤੇਰੇ ਲਈ ਸਿਰਫ ਸੱਤ ਜਨਮ ਬਾਕੀ ਰਹਿੰਦੇ ਹਨ।

ਸ੍ਰੋਤਾਪੰਨ ਬਹੁਤਾ ਵਿਚਾਰ ਨਹੀਂ ਕਰ ਸਕਦੇ ਅਤੇ ਗੁਰੂ ਕਹਿੰਦਾ ਹੈ : ਹੇ ਸ਼ਿਸ਼, ਪ੍ਰਸੰਨ ਰਹਿ ਅਤੇ ਇਸ ਸਵਰਨ–ਨਿਯਮ ਨੂੰ ਚੇਤੇ ਰਖ ਕਿ ਇਕ ਵਾਰ ਤੂੰ ਸ੍ਰੋਤਾਪੰਨ ਦੁਆਰ ਨੂੰ ਪਾਰ ਕਰ ਲਿਆ, ਤਾਂ ਤੇਰੇ ਲਈ ਸਿਰਫ ਸੱਤ ਜਨਮ ਹੀ ਬਾਕੀ ਰਹਿੰਦੇ ਹਨ।

ਸ੍ਰੋਤਾਪੰਨ ਦਾ ਅਰਥ ਹੈ, ਜਿਹੜਾ ਨਦੀ ਵਿਚ ਦਾਖ਼ਲ ਹੋ ਗਿਆ।

ਨਿਰਨੇ ਨਾਲ ਵਿਅਕਤੀ ਨਦੀ ਵਿਚ ਦਾਖ਼ਲ ਹੁੰਦਾ ਹੈ। ਜਦ ਕੋਈ ਨਿਰਨਾ ਕਰ ਲੈਂਦਾ ਹੈ ਕਿ ਹੁਣ ਭਾਵੇਂ ਕੁਝ ਵੀ ਹੋਵੇ, ਮੈਂ ਜੀਵਨ ਦੇ ਰਹੱਸ ਵਿਚ ਪ੍ਰਵੇਸ਼ ਕਰਕੇ ਰਹਾਂਗਾ। ਹੁਣ ਭਾਵੇਂ ਕੋਈ ਵੀ ਮੁੱਲ ਤਾਰਨਾ ਪਵੇ, ਪਰ ਹੁਣੇ, ਹੁਣ ਹੋਰ ਰੁਕਣ ਦੀ ਮੇਰੀ ਤਿਆਰੀ ਨਹੀਂ ਹੈ। ਹੁਣ ਭਾਵੇਂ ਸਭ–ਕੁਝ ਖੋਣਾ ਪਵੇ, ਖ਼ੁਦ ਨੂੰ ਵੀ, ਤਾਂ ਵੀ ਮੈਂ ਇਹ ਛਾਲ ਲਾਉਣ ਲਈ

ਤਿਆਰ-ਬਰ-ਤਿਆਰ ਹੋ ਗਿਆ ਹਾਂ। ਇਸ ਨਿਰਨੇ ਦੇ ਨਾਲ ਹੀ ਵਿਅਕਤੀ ਧਾਰਾ ਵਿਚ ਦਾਖਲ ਹੋ ਜਾਂਦਾ ਹੈ, ਸ੍ਰੋਤਾਪੰਨ ਬਣ ਜਾਂਦਾ ਹੈ।

ਅਤੇ ਇਸ ਨਿਰਨੇ ਦੇ ਬਾਅਦ ਗੁਰੂ ਕਹਿੰਦਾ ਹੈ ਕਿ ਸੱਤ ਜਨਮਾਂ ਤੋਂ ਜ਼ਿਆਦਾ ਬਾਕੀ ਨਹੀਂ ਹਨ।

ਬੜੀ ਕਠਨਾਈ ਮਲੂਮ ਹੁੰਦੀ ਹੈ। ਤੁਹਾਡੇ ਕਿੰਨੇ ਜਨਮ ਬਾਕੀ ਰਹਿੰਦੇ ਹੋਣਗੇ? ਕਿਉਂਕਿ ਨਿਰਨੇ ਦੇ ਬਾਅਦ ਵੀ ਗੁਰੂ ਕਹਿੰਦਾ ਹੈ ਕਿ ਸੱਤ ਜਨਮਾਂ ਤੋਂ ਵਧ ਬਾਕੀ ਨਹੀਂ ਰਹਿੰਦੇ।

'ਪ੍ਰਸੰਨ ਹੋ...।'

ਪ੍ਰਸੰਨ ਹੋ, ਕਿਉਂਕਿ ਤੂੰ ਸ੍ਰੋਤਾਪੰਨ ਬਣ ਗਿਐਂ, ਅਤੇ ਵਧ ਤੋਂ ਵਧ ਤੂੰ ਸੱਤ ਵਾਰ ਹੋਰ ਉਪੱਦਰ ਵਿਚ ਪੈ ਸਕਦਾ ਹੈਂ। ਨਿਰਨੇ ਦੇ ਬਾਅਦ ਵੀ ਜ਼ਿਆਦਾ ਤੋਂ ਜ਼ਿਆਦਾ ਸੱਤ ਵਾਰ। ਤਾਂ ਬਿਨਾਂ ਨਿਰਨੇ ਦੇ? ਬਿਨਾਂ ਨਿਰਨੇ ਦੇ ਕੋਈ ਸੰਖਿਆ ਨਹੀਂ ਦੱਸੀ ਜਾ ਸਕਦੀ ਹੈ ਕਿ ਅਸੀਂ ਕਿੰਨੇ-ਕੁ ਉਪੱਦਰ ਵਿਚ ਪੈ ਸਕਦੇ ਹਾਂ। ਅਸੀਂ ਉਪੱਦਰ ਵਿਚ ਪੈਂਦੇ ਹੀ ਰਹਾਂਗੇ ਅਨੰਤ ਵਾਰ। ਕਿਉਂਕਿ ਅਸੀਂ ਕੰਢੇ 'ਤੇ ਹੀ ਖੜ੍ਹੇ ਹਾਂ ਤੇ ਸਾਗਰ ਦੀ ਅਸੀਂ ਗੱਲ ਕਰਦੇ ਹਾਂ। ਅਤੇ ਕੰਢੇ ਤੋਂ ਅਸੀਂ ਇੰਚ-ਭਰ ਹਟਦੇ ਨਹੀਂ, ਅਤੇ ਸਾਗਰ 'ਤੇ ਜਾਣ ਦੀ ਸਾਡੀ ਕਾਮਨਾ ਹੈ। ਨਦੀ ਸਾਗਰ ਵਿਚ ਜਾ ਰਹੀ ਹੈ, ਅਤੇ ਸਾਗਰ ਵਿਚ ਜਾਣ ਦੇ ਲਈ ਕੋਈ ਯਾਤਰਾ ਕਰਨੀ ਜ਼ਰੂਰੀ ਨਹੀਂ, ਨਦੀ ਵਿਚ ਖ਼ੁਦ ਨੂੰ ਛਡ ਦੇਣਾ ਚਾਹੀਦਾ ਹੈ, ਨਦੀ ਲੈ ਜਾਏਗੀ।

ਇਹ ਨਦੀ ਵਿਚ ਖ਼ੁਦ ਨੂੰ ਛਡ ਦੇਣ ਦੀ ਜੋ ਮਨੋਦਸ਼ਾ ਹੈ ਕਿ ਹੁਣ ਮੈਂ ਛਡਦਾ ਹਾਂ ਆਪਣੇ-ਆਪ ਨੂੰ, ਇਹੀ ਹੈ ਨਿਰਨਾ। ਇਹ ਬਹੁਤ ਉਲਟਾ ਲਗੇਗਾ, ਕਿਉਂਕਿ ਆਮ ਤੌਰ 'ਤੇ ਅਸੀਂ ਜੋ ਨਿਰਨੇ ਕਰਦੇ ਹਾਂ, ਉਹ ਸਾਡੇ ਹੰਕਾਰ ਦੇ ਨਿਰਨੇ ਹੁੰਦੇ ਹਨ। ਇਕ ਆਦਮੀ ਕਹਿੰਦਾ ਹੈ, ਇਕ ਮਕਾਨ ਬਣਾਵਾਂਗਾ—ਬਣਾ ਕੇ ਹੀ ਰਹਾਂਗਾ, ਇਕ ਕਹਿੰਦਾ ਹੈ, ਇਸ ਵਿਅਕਤੀ ਨਾਲ ਵਿਆਹ ਕਰਾਂਗਾ—ਕਰਕੇ ਹੀ ਰਹਾਂਗਾ। ਇਕ ਆਦਮੀ ਕਹਿੰਦਾ ਹੈ, ਇਸ ਅਹੁਦੇ 'ਤੇ ਪਹੁੰਚਾਂਗਾ—ਪਹੁੰਚਣਾ ਹੀ ਹੈ, ਭਾਵੇਂ ਕੁਝ ਵੀ ਹੋਵੇ। ਇਹ ਸਭ ਨਿਰਨੇ ਹਨ। ਇਹਨਾਂ ਨਿਰਨਿਆਂ ਨਾਲ ਅਸੀਂ ਤਟ ਨਾਲ ਬੱਝਦੇ ਹਾਂ, ਨਦੀ ਵਿਚ ਨਹੀਂ ਉਤਰਦੇ, ਇਹ ਨਿਰਨੇ ਸਾਨੂੰ ਜ਼ਮੀਨ ਨਾਲ ਬੰਨ੍ਹ ਦਿੰਦੇ ਹਨ, ਕੰਢੇ ਨਾਲ।

ਇਕ ਹੋਰ ਨਿਰਨਾ ਹੈ, ਜੋ ਮੈਂ ਦਾ ਨਿਰਨਾ ਨਹੀਂ, ਬਲਕਿ ਸਮਰਪਣ ਹੈ। ਇਸ ਗੱਲ ਦਾ ਨਿਰਨਾ ਹੈ ਕਿ ਹੁਣ ਮੈਂ ਬਹੁਤ ਨਿਰਨੇ ਕਰਕੇ ਦੇਖ ਲਏ, ਅਤੇ ਮੈਂ ਬਹੁਤ ਅਹੁਦੇ ਪਾ ਕੇ ਵੀ ਦੇਖ ਲਏ, ਕੁਝ ਵੀ ਨਹੀਂ ਪਾਇਆ। ਅਤੇ ਮੈਂ ਬਹੁਤ ਧਨ ਭਾਲਿਆ ਤੇ ਹੱਥ ਮਿੱਟੀ ਲਗੀ। ਅਤੇ ਮੈਂ ਬਹੁਤ ਵਿਅਕਤੀਆਂ ਨਾਲ ਸਬੰਧ ਬਣਾਏ ਤੇ ਬਣਿਆ ਸਿਰਫ਼ ਜਾਲ ਅਤੇ ਨਰਕ। ਅਤੇ ਮੈਂ ਸਭ ਭਾਲ ਕਰ ਲਈ, ਲੇਕਿਨ ਪਿਆਸ ਬੁਝਦੀ ਨਹੀਂ ਹੈ ਅਤੇ ਸਭ ਥਾਂ ਦੌੜ ਕੇ ਦੇਖ ਲਿਆ, ਉਹ ਮੰਜ਼ਲ ਕਿਤੇ ਦਿਸਦੀ ਨਹੀਂ ਹੈ। ਮੈਂ ਆਪਣਾ ਜੋ ਵੀ ਕਰ ਸਕਦਾ ਸੀ, ਸਭ ਕਰ ਚੁੱਕਾ ਹਾਂ। ਹੁਣ, ਹੁਣ ਮੈਂ ਆਪਣੇ-ਆਪ ਨੂੰ ਛਡਦਾ ਹਾਂ ਅਤੇ ਇਸ ਵਜੂਦ ਦੀ ਧਾਰਾ ਵਿਚ ਆਪਣੇ ਨਿਰਨੇ ਨੂੰ ਡੋਬਦਾ ਹਾਂ। ਅਤੇ ਹੁਣ ਮੈਂ ਇਕ ਹੀ ਸੰਕਲਪ ਕਰਦਾ

ਹਾਂ ਕਿ ਹੁਣ ਇਸ ਵਜੂਦ ਦੇ ਨਾਲ ਵਹਾਂਗਾ, ਇਸ ਨਦੀ ਵਿਚ ਵਹਾਂਗਾ। ਇਸ ਜੀਵਨ ਦੀ ਧਾਰਾ ਵਿਚ ਮੈਂ ਖ਼ੁਦ ਨੂੰ ਛਡਦਾ ਹਾਂ। ਇਹ ਧਾਰਾ ਜਿਥੇ ਵੀ ਲੈ ਜਾਵੇ, ਇਸ 'ਤੇ ਭਰੋਸਾ ਰਖਾਂਗਾ।

ਇਸ ਭਰੋਸੇ ਦਾ ਨਾਂ ਹੀ ਸ਼ਰਧਾ ਹੈ ਕਿ ਧਾਰਾ ਜਿਥੇ ਚਾਹੇ ਲੈ ਜਾਵੇ। ਜੇ ਇਹ ਪੂਰਬ ਜਾਣ ਲਗੇ, ਤਾਂ ਪੂਰਬ ਜਾਵਾਂਗਾ। ਜੇ ਇਹ ਪੱਛਮ ਜਾਣ ਲਗੇ, ਤਾਂ ਪੱਛਮ ਜਾਵਾਂਗਾ। ਅਤੇ ਜੇ ਵਿਚ–ਵਿਚਾਲੇ ਮੈਨੂੰ ਦੁਬਧਾ ਵੀ ਹੋਣ ਲਗੇ ਕਿ ਹੁਣੇ ਇਹ ਪੂਰਬ ਵਲ ਨੂੰ ਵਗਦੀ ਸੀ ਤੇ ਹੁਣ ਇਹ ਧਾਰਾ ਉਲਟੀ ਵਗਣ ਲਗੀ, ਪੱਛਮ ਵਲ ਨੂੰ ਜਾਣ ਲਗੀ, ਤਾਂ ਵੀ ਭਰੋਸਾ ਰਖਾਂਗਾ ਕਿ ਭਾਵੇਂ ਪੂਰਬ ਵਗੇ, ਭਾਵੇਂ ਪੱਛਮ, ਇਹ ਧਾਰਾ ਸਾਗਰ ਵਿਚ ਜਾਏਗੀ। ਅਤੇ ਭਾਵੇਂ ਇਸਦਾ ਰਾਹ ਕਿੰਨਾ ਹੀ ਵਿੰਗਾ–ਟੇਢਾ ਹੋ ਜਾਂਦਾ ਹੋਵੇ, ਤੇ ਕਈ ਵਾਰ ਚੱਕਰਦਾਰ ਹੋ ਜਾਂਦਾ ਹੋਵੇ, ਲੇਕਿਨ ਇਹ ਨਦੀ ਉਸ ਸਾਗਰ ਦੇ ਵਲ ਜਾ ਰਹੀ ਹੈ। ਇਸ ਨਦੀ ਦੇ ਨਾਲ ਮੈਂ ਖ਼ੁਦ ਨੂੰ ਛਡਦਾ ਹਾਂ।

ਬੁੱਧ ਨੇ ਸ੍ਰੋਤਾਪੰਨ ਸ਼ਬਦ ਦਾ ਉਪਯੋਗ ਕੀਤਾ ਹੈ। ਨਿਰਨਾ ਜਿਸਨੇ ਲਿਆ, ਛਡਣ ਦਾ ਖ਼ੁਦ ਨੂੰ...। ਬੁੱਧ ਦੇ ਕੋਲ ਜਿਹੜੇ ਲੋਕ ਆਉਂਦੇ, ਤਾਂ ਉਹ ਤਿੰਨ ਨਿਰਨਿਆਂ ਦਾ ਐਲਾਨ ਕਰਦੇ ਸੀ ਕਿ ਮੈਂ ਬੁੱਧ ਦੀ ਸ਼ਰਨ ਵਿਚ ਜਾਂਦਾ ਹਾਂ, ਕਿ ਮੈਂ ਧਰਮ ਦੀ ਸ਼ਰਨ ਵਿਚ ਜਾਂਦਾ ਹਾਂ, ਕਿ ਮੈਂ ਸੰਘ ਦੀ ਸ਼ਰਨ ਵਿਚ ਜਾਂਦਾ ਹਾਂ। ਇਹ ਉਹਨਾਂ ਦਾ ਐਲਾਨ ਸੀ ਨਦੀ ਵਿਚ ਪ੍ਰਵੇਸ਼ ਦਾ। ਬੁੱਧ ਉਸੇ ਨਦੀ ਦਾ ਨਾਂ ਹੈ, ਸੰਘ ਵੀ ਉਸੇ ਨਦੀ ਦਾ ਨਾਂ ਹੈ, ਧਰਮ ਵੀ ਉਸੇ ਨਦੀ ਦਾ ਨਾਂ ਹੈ। ਉਹ ਨਿਰਨਾ ਕਰਦਾ ਹੈ ਕਿ ਮੈਂ ਖ਼ੁਦ ਨੂੰ ਛਡਦਾ ਹਾਂ। ਬਸ ਮੈਂ ਵਹਾਂਗਾ ਵਜੂਦ ਵਿਚ, ਹੁਣ ਮੈਂ ਆਪਣੇ ਹੰਕਾਰ ਨਾਲ ਅੜਿੱਕੇ ਖੜ੍ਹੇ ਨਹੀਂ ਕਰਾਂਗਾ। ਅਤੇ ਕਦੇ ਜੇ ਮੈਨੂੰ ਲੱਗਣ ਲਗੇ ਕਿ ਨਦੀ ਗਲਤ ਜਾਪਦੀ ਹੈ, ਤਾਂ ਮੈਂ ਸਮਝਾਂਗਾ ਕਿ ਮੈਂ ਗਲਤ ਜਾ ਰਿਹਾ ਹਾਂ। ਅਜੇਹੇ ਨਿਰਨੇ ਦੇ ਬਾਅਦ ਸੱਤ ਜਨਮ ਹੀ ਬਾਕੀ ਰਹਿ ਜਾਂਦੇ ਹਨ। ਬਹੁਤ ਘਟ, ਕਿਉਂਕਿ ਅਨੰਤ ਜਨਮਾਂ ਦੀ ਸੰਭਾਵਨਾ ਹੈ।

ਇਹ ਜੋ ਸ੍ਰੋਤਾਪੰਨ ਹੋਣ ਦਾ ਭਾਵ ਹੈ, ਇਸਨੂੰ ਬਹੁਤ ਗਹਿਰਾ ਆਪਣੇ ਮਨ ਵਿਚ ਲੈ ਲੈਣਾ। ਕਿਉਂਕਿ ਕਲ੍ਹ ਸਵੇਰੇ ਅਸੀਂ ਉਸ ਨਦੀ ਵਿਚ ਕੁੱਦਣਾ ਚਾਹਾਂਗੇ। ਅਤੇ ਜੇ ਤੁਸੀਂ ਆਪਣੇ–ਆਪ ਨੂੰ ਬਚਾਇਆ, ਤਾਂ ਕੰਢੇ 'ਤੇ ਖੜ੍ਹੇ ਰਹਿ ਜਾਂਦੇ ਹੋ। ਅਤੇ ਬਚਾਉਣ ਦੀਆਂ ਹਜ਼ਾਰ ਤਰਕੀਬਾਂ ਹਨ। ਅਤੇ ਅਸੀਂ ਆਪਣੇ–ਆਪ ਨੂੰ ਬਚਾਉਣ ਵਿਚ ਇੰਨੇ ਹੁਸ਼ਿਆਰ ਹਾਂ, ਅਤੇ ਅਸੀਂ ਅਜੇਹੇ ਬਹਾਨੇ ਲਭਦੇ ਹਾਂ ਕਿ...ਲੇਕਿਨ ਨਦੀ ਵਿਚ ਕੁੱਦਣ 'ਚ ਡਰ ਲਗਦਾ ਹੈ—ਅਗਿਆਤ, ਅਨਜਾਣ ਨਦੀ ਵਿਚ। ਫਿਰ ਜਿਹੜਾ ਕੁੱਦਦਾ ਹੈ, ਉਹ ਸਾਨੂੰ ਲਗਦਾ ਹੈ ਕਿ ਕੁਝ ਸਮਝਪੂਰਵਕ ਨਹੀਂ ਕਰ ਰਿਹਾ ਹੈ। ਅਸੀਂ ਸਭ ਸਮਝਦੇ ਹਾਂ। ਅਤੇ ਨਦੀ ਵਿਚ ਕੁੱਦਣ ਦੇ ਲਈ, ਇਹ ਕਿਹੜੀ ਕੰਢੇ ਦੀ ਸਮਝ ਹੈ, ਉਸਨੂੰ ਕੰਢੇ 'ਤੇ ਹੀ ਰਖਣਾ ਜ਼ਰੂਰੀ ਹੈ। ਅਤੇ ਨਦੀ ਵਿਚ ਕੁੱਦਣ ਦੇ ਲਈ ਇਕ ਐਡਵੈਂਚਰ, ਇਕ ਦਲੇਰੀ ਦੀ ਸਮਰਥਾ ਚਾਹੀਦੀ ਹੈ, ਕਿ ਹੋਵੇ ਜੋ ਹੋਣਾ ਹੈ—ਕੰਢੇ ਦੇਖ ਲਿਆ, ਪਰਖ ਲਿਆ ਕਾਫ਼ੀ—ਹੁਣ ਨਦੀ ਨੂੰ ਵੀ ਪਰਖਾਂਗੇ ਤੇ ਦੇਖਾਂਗੇ।

ਇੰਨੇ ਹੌਸਲੇ ਨਾਲ ਜੇਕਰ ਕੁੱਦਣ ਦੀ ਗੱਲ ਮਨ ਵਿਚ ਜਾਗੀ, ਤਾਂ ਇਹਨਾਂ ਅੱਠ ਦਿਨਾਂ ਵਿਚ ਇਹ ਨਦੀ ਕਾਫੀ ਦੂਰ ਲੈ ਜਾ ਸਕਦੀ ਹੈ। ਇਹ ਮੇਰਾ ਭਰੋਸਾ ਹੈ ਕਿ ਨਦੀ ਕਾਫੀ ਦੂਰ ਲਿਜਾ ਸਕਦੀ ਹੈ।

ਪਰ ਜਿਹੜਾ ਕੰਢੇ ਹੀ ਖਲੋਤਾ ਹੈ, ਉਹਦੇ ਲਈ ਨਦੀ ਵੀ ਅਸਮਰੱਥ ਹੈ, ਉਹ ਕੁਝ ਵੀ ਨਹੀਂ ਕਰ ਸਕਦੀ। ਜਾਂ ਕੁਝ ਲੋਕ ਕਦੇ–ਕਦੇ ਨਦੀ ਵਿਚ ਕੁੱਦ ਵੀ ਜਾਂਦੇ ਹਨ ਅਤੇ ਉਲਟੇ ਤੈਰਨ ਲਗਦੇ ਹਨ, ਨਦੀ ਦੀ ਉਲਟੀ ਧਾਰਾ ਵਿਚ ਉਪਰ ਵਲ ਨੂੰ, ਨਦੀ ਤੋਂ ਵਿਰੋਧ 'ਚ। ਤਦ ਵੀ ਨਦੀ ਉਹਨਾਂ ਨੂੰ ਸਾਗਰ ਨਹੀਂ ਲਿਜਾ ਸਕਦੀ ਹੈ। ਅਤੇ ਇਹ ਵੀ ਹੋ ਸਕਦਾ ਹੈ ਕਿ ਅਜੇਹੇ ਉਲਟੇ ਤੈਰਨ ਵਾਲੇ, ਨਦੀ ਨਾਲ ਲੜਨ ਵਾਲੇ ਨਹੱਕੇ ਹੀ ਟੁੱਟਣ, ਥੱਕਣ ਤੇ ਪਰੇਸ਼ਾਨ ਹੋ ਜਾਣ। ਮੇਰੀ ਧਿਆਨ ਦੀ ਜੋ ਵਿਵਸਥਾ ਹੈ ਉਹ ਅਜੇਹੀ ਹੈ ਕਿ ਤੁਹਾਨੂੰ ਉਸ ਵਿਚ ਤੈਰਨਾ ਨਹੀਂ, ਵਹਿਣਾ ਹੈ। ਉਹ ਨਦੀ ਦੀ ਧਾਰਾ ਹੈ। ਉਸ ਵਿਚ ਉਲਟੇ ਜ਼ਰਾ ਵੀ ਨਹੀਂ ਜਾਣਾ ਹੈ, ਉਸਦੇ ਨਾਲ ਸਹਿਯੋਗ ਕਰਨਾ ਹੈ। ਉਹ ਜੇਕਰ ਮੌਤ ਵਿਚ ਵੀ ਲੈ ਜਾਵੇ, ਤਾਂ ਰਾਜ਼ੀ ਰਹਿਣਾ ਹੈ। ਅਤੇ ਜੇ ਤੁਸੀਂ ਮੌਤ ਵਿਚ ਵੀ ਜਾਣ ਨੂੰ ਰਾਜ਼ੀ ਰਹੋ ਤਾਂ ਤੁਸੀਂ ਅੰਮ੍ਰਿਤ ਨੂੰ ਨਿਸਚਿਤ ਹੀ ਅੱਪੜ ਸਕਦੇ ਹੋ।

●

ਦੂਸਰਾ ਪ੍ਰਵਚਨ

ਪਹਿਲਾ ਦਰਸ਼ਨ

●

ਅਹੁ ਦੇਖ, ਰੱਬੀ ਸੂਝ ਦੇ ਪਿਆਸੇ, ਤੂੰ ਆਪਣੀਆਂ ਅੱਖਾਂ ਦੇ ਸਾਹਮਣੇ ਕੀ ਦੇਖ ਰਿਹਾ ਹੈਂ?

ਪਦਾਰਥ ਦੇ ਸਮੁੰਦਰ ਉਤੇ ਹਨੇਰੇ ਦਾ ਪਰਦਾ ਪਿਆ ਹੈ ਅਤੇ ਉਸਦੇ ਅੰਦਰ ਹੀ ਮੈਂ ਸੰਘਰਸ਼ 'ਚ ਲਗਾ ਹੋਇਆ ਹਾਂ। ਮੇਰੀ ਦ੍ਰਿਸ਼ਟੀ ਦੇ ਪਰਛਾਵੇਂ ਵਿਚ ਉਹ ਗਹਿਰਾਂਦਾ ਹੈ, ਅਤੇ ਤੁਹਾਡੇ ਹਿਲਦੇ ਹੱਥ ਦੇ ਪਰਛਾਵੇਂ 'ਚ ਉਹ ਟੁੱਟ-ਮਿਟ ਜਾਂਦਾ ਹੈ। ਸੱਪ ਦੀ ਫੈਲਦੀ ਕੁੰਜ ਵਾਂਗ ਇਕ ਪਰਛਾਵਾਂ ਗਤੀਮਾਨ ਹੁੰਦਾ ਹੈ...ਇਹ ਵਧਦਾ ਹੈ, ਫੁਲਦਾ-ਫੈਲਦਾ ਹੈ, ਅਤੇ ਹਨੇਰੇ ਵਿਚ ਅਲੋਪ ਹੋ ਜਾਂਦਾ ਹੈ।

ਇਹ ਰਾਹ ਦੇ ਬਾਹਰ ਤੇਰਾ ਹੀ ਪਰਛਾਵਾਂ ਹੈ—ਤੇਰੇ ਹੀ ਪਾਪਾਂ ਦੇ ਹਨੇਰੇ ਤੋਂ ਬਣਿਆ ਹੈ।

ਹਾਂ, ਪ੍ਰਭੂ ਮੈਂ ਤੇਰੇ ਰਾਹ ਨੂੰ ਦੇਖਦਾ ਹਾਂ। ਇਸਦਾ ਅਧਾਰ ਦਲਦਲ ਵਿਚ ਹੈ ਅਤੇ ਇਸਦਾ ਸਿਖਰ ਨਿਰਵਾਣ ਦੇ ਦਿੱਬ ਤੇ ਗੌਰਵਮਈ ਪ੍ਰਕਾਸ਼ ਨਾਲ ਓਤ-ਪ੍ਰੋਤ ਹੈ। ਅਤੇ ਹੁਣ ਮੈਂ ਗਿਆਨ ਦੇ ਕਠਨ ਤੇ ਕੰਡਿਆਂ-ਭਰੇ ਰਾਹ 'ਤੇ ਲਗਾਤਾਰ ਸੰਕੀਰਨ ਹੁੰਦੇ ਜਾਂਦੇ ਦੁਆਰਾਂ ਨੂੰ ਵੀ ਦੇਖਦਾ ਹਾਂ।

ਓ ਲਾਨੂ (ਸ਼ਿਸ਼) ਤੂੰ ਠੀਕ ਦੇਖਦਾ ਹੈਂ। ਇਹ ਦੁਆਰ ਮੁਮੁਕਸ਼ੂ ਨੂੰ ਨਦੀ ਦੇ ਪਾਰ ਦੂਜੇ ਕੰਢੇ 'ਤੋਂ ਨਿਰਵਾਣ ਵਿਚ ਪੁਜਾ ਦਿੰਦੇ ਹਨ। ਹਰੇਕ ਦੁਆਰ ਦੀ ਇਕ ਸਵਰਨ-ਕੁੰਜੀ ਹੈ, ਜੋ ਉਸਨੂੰ ਖੋਲ੍ਹਦੀ ਹੈ। ਇਹ ਕੁੰਜੀਆਂ ਹਨ :

1. ਦਾਨ : ਉਦਾਰਤਾ ਤੇ ਅਮਰ ਪ੍ਰੇਮ ਦੀ ਕੁੰਜੀ

2. ਸ਼ੀਲ : ਵਚਨ ਅਤੇ ਕਰਮ ਦੀ ਲੈਅਬੱਧਤਾ ਦੀ ਕੁੰਜੀ, ਜੋ ਕਾਰਨ ਤੇ ਕਾਰਜ ਦੇ ਨਿਯਮ ਨੂੰ ਸੰਤੁਲਿਤ ਅਤੇ ਕਰਮ-ਬੰਧਨ ਦਾ ਅੰਤ ਕਰਦੀ ਹੈ।

3. ਛਾਂਤੀ : ਮਿੱਠਾ ਧੀਰਜ, ਜਿਸਨੂੰ ਕੁਝ ਵੀ ਡੁਲਾ ਨਹੀਂ ਸਕਦਾ।

4. ਵਿਰਾਗ : ਸੁਖ ਤੇ ਦੁਖ ਦੇ ਪ੍ਰਤੀ ਉਪਰਾਮਤਾ, ਭੁਲੇਖੇ ਉਤੇ ਜਿੱਤ, ਮਹਿਜ਼ ਸੱਚ ਦਾ ਦਰਸ਼ਨ।

5. ਵੀਰਜ : ਉਹ ਦਬਾਈ ਨਾ ਜਾ ਸਕਣ ਵਾਲ ਊਰਜਾ ਜੋ ਸੰਸਾਰਕ ਝੂਠਾਂ ਦੇ ਦਲਦਲ ਤੋਂ ਸੱਚ ਦੇ ਸਿਖਰ ਵਲ ਨੂੰ ਸੰਘਰਸ਼ ਕਰਦੀ ਹੈ।

6. ਧਿਆਨ : ਜਿਸਦਾ ਸਵਰਨ-ਦੁਆਰ ਇਕ ਵਾਰ ਖੁਲ੍ਹ ਜਾਣ 'ਤੇ ਜੋ ਨਾਰਜੋਲ (ਸੰਤ ਜਾਂ ਸਿੱਧ) ਨੂੰ ਨਿੱਤ ਸੱਚ ਦੇ ਲੋਕ ਅਤੇ ਉਸਦੇ ਲਗਾਤਾਰ ਚੇਤੇ ਵਲ ਲੈ ਜਾਂਦਾ ਹੈ।

7. ਸੂਝ : ਜਿਸਦੀ ਕੁੰਜੀ ਮਨੁੱਖ ਨੂੰ ਦਿੱਬ ਬਣਾ ਦਿੰਦੀ ਹੈ, ਅਤੇ ਬੋਧਿਸੱਤਵ ਵੀ। ਬੋਧਿਸੱਤਵਤਾ ਧਿਆਨ ਦੀ ਪੁੱਤਰੀ ਹੈ।

ਉਹਨਾਂ ਦੁਆਰਾਂ ਦੀਆਂ ਅਜੇਹੀਆਂ ਹੀ ਸੋਨ-ਕੁੰਜੀਆਂ ਹਨ।

ਓ ਆਪਣੇ ਮੋਕਛ ਦੇ ਤਾਣੇ ਬੁਣਨ ਵਾਲੇ, ਅੰਤਮ ਦੁਆਰ ਨੂੰ ਪੁੱਜਣ ਤੋਂ ਪਹਿਲਾਂ ਤੈਨੂੰ ਦੁਰਗਮ ਰਾਹ 'ਤੇ ਦੀ ਚੱਲ ਕੇ ਪੂਰਨਤਾ ਦੀਆਂ ਇਹਨਾਂ ਪਾਰਮਿਤਾਵਾਂ ਉੱਤੇ—ਜੋ ਲੋਕ ਪਾਰਲੇ ਗੁਣ ਛੇ ਅਤੇ ਦਸ ਦੀ ਸੰਖਿਆ ਵਿਚ ਹਨ—ਅਧਿਕਾਰ ਕਰਨਾ ਹੋਵੇਗਾ।

●

ਜੋ ਆਪਣੇ ਅੰਦਰ ਹੈ—ਇਸ ਬਾਰੇ ਵਿਚ ਬਹੁਤ–ਸਾਰੀਆਂ ਗੱਲਾਂ ਹਨ। ਇਹਨਾਂ ਸੂਤਰਾਂ ਵਿਚ ਉਹ ਆਖੀਆਂ ਨਹੀਂ ਗਈਆਂ ਹਨ। ਮਹਿਜ਼ ਇਸ਼ਾਰਾ ਹੈ ਉਹਨਾਂ ਦਾ। ਅਤੇ ਬਹੁਤ–ਸਾਰੀਆਂ ਗੱਲਾਂ ਦਾ ਇਸ਼ਾਰਾ ਵੀ ਨਹੀਂ ਹੈ। ਆਸ ਹੈ ਬਿਨਾਂ ਇਸ਼ਾਰੇ ਦੇ ਹੀ ਉਹਨਾਂ ਨੂੰ ਸਮਝਿਆ ਜਾ ਸਕੇਗਾ।

ਜਿਵੇਂ, ਕਲ੍ਹ ਰਾਤ ਮੈਂ ਤੁਹਾਨੂੰ ਕਿਹਾ, ਇਸ ਗੱਲ ਦਾ ਨਿਰਨਾ ਹੀ ਕਿ ਮੈਂ ਪੂਰੀ ਤਰ੍ਹਾਂ ਤਿਆਰ ਹਾਂ ਉਸ ਨਦੀ ਵਿਚ ਪ੍ਰਵੇਸ਼ ਦੇ ਲਈ, ਜਿਹੜੀ ਸਾਗਰ ਦੇ ਵਲ ਲੈ ਜਾਏਗੀ; ਛਡਦਾ ਹਾਂ ਖ਼ੁਦ ਨੂੰ, ਵਹਿਣ ਦਾ ਸੰਕਲਪ ਕਰਦਾ ਹਾਂ, ਸਮਰਪਤ ਹੁੰਦਾ ਹਾਂ—ਇਹ ਨਿਰਨਾ ਹੀ ਵਿਅਕਤੀ ਨੂੰ ਸ੍ਰੋਤਾਪੰਨ ਬਣਾ ਦਿੰਦਾ ਹੈ। ਅਤੇ ਇਸ ਨਿਰਨੇ ਦੇ ਨਾਲ ਹੀ ਵਿਅਕਤੀ ਵਿਚ ਬਦਲਾਅ ਸ਼ੁਰੂ ਹੋ ਜਾਂਦੇ ਹਨ। ਨਿਰਨੇ ਤੋਂ ਬਾਅਦ ਨਹੀਂ, ਇਸ ਨਿਰਨੇ ਦੇ ਨਾਲ ਹੀ। ਅਜੇਹਾ ਨਹੀਂ ਕਿ ਨਿਰਨਾ ਕੀਤਾ ਅਤੇ ਫਿਰ ਬਦਲਾਅ ਹੋਣਗੇ। ਇਹ ਨਿਰਨਾ ਹੀ ਬਦਲਾਅਕਾਰੀ ਹੋ ਜਾਂਦਾ ਹੈ। ਇਸ ਨਿਰਨੇ ਦੇ ਨਾਲ ਹੀ ਤੁਸੀਂ ਉਹੀ ਆਦਮੀ ਨਹੀਂ ਹੋ, ਜਿਸਨੇ ਨਿਰਨਾ ਕੀਤਾ ਸੀ; ਤੁਸੀਂ ਦੂਜੇ ਆਦਮੀ ਹੋ, ਜੋ ਨਿਰਨੇ 'ਚੋਂ ਗੁਜ਼ਰ ਚੁੱਕਾ ਹੈ। ਇਹ ਨਿਰਨਾ ਤੁਹਾਡੇ ਅੰਦਰ, ਉਸ ਦ੍ਰਿਸ਼ਟੀ ਦੀ ਪਹਿਲੀ ਝਲਕ ਲੈ ਆਉਂਦਾ ਹੈ, ਜਿਸਦੇ ਬਿਨਾਂ ਰਾਹ ਉਤੇ ਜਾਣ ਦਾ ਕੋਈ ਉਪਾਅ ਨਹੀਂ ਹੈ।

ਅਸੀਂ ਜੀਂਦੇ ਹਾਂ ਅਣਨਿਰਨੇ ਵਿਚ। ਸਾਡਾ ਮਨ ਸਦਾ ਹੁੰਦਾ ਹੈ ਡਾਂਵਾਡੋਲ। ਇਹ ਵੀ ਕਰਨਾ ਚਾਹੁੰਦੇ ਹਾਂ, ਉਹ ਵੀ ਕਰਨਾ ਚਾਹੁੰਦੇ ਹਾਂ, ਉਲਟੇ ਨੂੰ ਵੀ ਨਾਲ ਹੀ ਕਰਨਾ ਚਾਹੁੰਦੇ ਹਾਂ। ਅਤੇ ਅਸੀਂ ਪਤਾ ਨਹੀਂ ਕਿੰਨੇ ਹਿੱਸਿਆਂ 'ਚ ਵੰਡੇ ਹੁੰਦੇ ਹਾਂ। ਇਹਨਾਂ ਹਿੱਸਿਆਂ ਦੇ ਵਿਚਾਲੇ ਕੋਈ ਤਾਲਮੇਲ ਵੀ ਨਹੀਂ ਹੁੰਦਾ ਹੈ। ਨਿਰਨੇ ਦੇ ਨਾਲ ਹੀ ਤੁਹਾਡੇ ਹਿੱਸੇ ਇਕੱਠੇ ਹੋ ਜਾਂਦੇ ਹਨ। ਨਿਰਨੇ ਦਾ ਇਕ ਸੂਤਰ ਤੁਹਾਨੂੰ ਜੋੜ ਦਿੰਦਾ ਹੈ। ਤੁਸੀਂ ਟੁਕੜਿਆਂ ਵਿਚ ਵੰਡੇ ਹੋਏ ਇਕ ਭੀੜ ਨਾ ਹੋ ਕੇ, ਵਿਅਕਤੀ ਬਣ ਜਾਂਦੇ ਹੋ।

ਜੇ ਤੁਸੀਂ ਕਦੇ ਕੋਈ ਛੋਟਾ–ਮੋਟਾ ਨਿਰਨਾ ਵੀ ਕੀਤਾ ਹੈ, ਤਾਂ ਉਸ ਨਿਰਨੇ ਦੇ ਨਾਲ ਹੀ ਅੰਦਰ ਜੋ ਇਕਾਗਰਤਾ ਪਰਗਟ ਹੁੰਦੀ ਹੈ, ਉਸ ਨਿਰਨੇ ਦੇ ਨਾਲ ਅੰਦਰ ਜੋ ਹੌਲਾਪਣ ਤੇ ਤਾਜ਼ਗੀ ਆ ਜਾਂਦੀ ਹੈ, ਉਸਦਾ ਵੀ ਅਨੁਭਵ ਕੀਤਾ ਹੋਵੇਗਾ। ਸਧਾਰਨ ਨਿਰਨੇ ਵਿਚ ਵੀ ਧੂੰਆਂ ਛੰਡਿਆ ਜਾਂਦਾ ਹੈ, ਬੱਦਲ ਹਟ ਜਾਂਦੇ ਹਨ, ਸੂਰਜ ਦਾ ਪ੍ਰਕਾਸ਼ ਹੋ ਜਾਂਦਾ ਹੈ। ਨਿਰਨੇ ਦੇ ਨਾਲ ਹੀ ਧੁੰਦ ਦੇ ਬਾਹਰ ਹੋ ਜਾਂਦੇ ਹੋ। ਲੇਕਿਨ ਵਡੇ ਨਿਰਨੇ ਤਾਂ ਬੜੇ ਕ੍ਰਾਂਤੀਕਾਰੀ ਹਨ। ਉਹਨਾਂ ਦੇ ਬਾਅਦ ਤੁਸੀਂ ਉਹੀ ਆਦਮੀ ਨਹੀਂ ਰਹਿੰਦੇ, ਅਤੇ ਫਿਰ ਦੁਬਾਰਾ ਪਰਤਣਾ ਅਸੰਭਵ ਹੋ ਜਾਂਦਾ ਹੈ। ਅਜੇਹਾ ਹੀ ਨਿਰਨਾ ਹੈ ਸਾਧਕ ਬਣਨ ਦਾ ਨਿਰਨਾ। ਇਸ ਨਿਰਨੇ ਦੇ ਨਾਲ ਹੀ ਵਿਅਕਤੀ ਦੀ ਅੰਦਰਲੀ ਅੱਖ ਪਹਿਲੀ ਦਫਾ ਖੁਲ੍ਹਦੀ ਹੈ, ਪਲਕ ਪਹਿਲੀ ਦਫਾ ਉਠਦੀ ਹੈ। ਤਾਂ ਇਹ ਪਲਕ ਉਠ ਗਈ ਹੈ, ਅਤੇ ਇਹ ਅੱਖ ਖੁਲ੍ਹੀ ਹੈ, ਅਤੇ ਗੁਰੂ ਨੇ ਸ਼ਿਸ਼ ਨੂੰ ਕਿਹਾ ਹੈ :

'ਅਹੁ ਦੇਖ, ਰੱਬੀ ਸੂਝ ਦੇ ਪਿਆਸੇ, ਤੂੰ ਆਪਣੀਆਂ ਅੱਖਾਂ ਦੇ ਸਾਹਮਣੇ ਕੀ ਦੇਖ ਰਿਹਾ ਹੈਂ?' —ਇਸ ਨਿਰਨੇ ਦੇ ਨਾਲ ਹੀ ਅੰਦਰ ਜਿਹੜੀ ਇਕਾਗਰਤਾ ਪਰਗਟ ਹੋ ਰਹੀ ਹੈ, ਉਸ ਇਕਾਗਰਤਾ ਵਿਚ ਤੈਨੂੰ ਕੀ ਦਿਖਾਈ ਪੈ ਰਿਹਾ ਹੈ? ਇਹ ਅੱਖ ਦੇ ਬਾਹਰ ਦਿਸਦੀਆਂ ਦੋ ਅੱਖਾਂ ਦੀ ਗੱਲ ਨਹੀਂ ਹੈ। ਇਹ ਤਾਂ ਨਿਰਨੇ ਦੇ ਨਾਲ ਅੰਦਰ ਜਿਹੜੀ ਤੀਸਰੀ ਅੱਖ ਖੁਲ੍ਹਦੀ ਹੈ, ਉਸਦੀ ਗੱਲ ਹੈ। ਦੇਖ, ਤੇਰੀਆਂ ਅੱਖਾਂ ਦੇ ਸਾਹਮਣੇ ਕੀ ਵਾਪਰ ਰਿਹਾ ਹੈ? ਅਤੇ ਜੋ ਦਿਖਾਈ ਪਿਆ ਹੈ ਸਾਧਕ ਨੂੰ, ਉਹ ਮਨੁੱਖ ਦੇ ਮਨ ਦੀ ਬੜੀ ਗਹਿਰੀ ਤੋਂ ਗਹਿਰੀ ਖੋਜ ਹੈ।

ਅਤੇ ਜਦ ਤੁਸੀਂ ਵੀ ਆਪਣੇ ਅੰਦਰ ਪ੍ਰਵੇਸ਼ ਕਰੋਗੇ, ਤਾਂ ਜਿਸ ਨਾਲ ਤੁਹਾਡੀ ਪਹਿਲੀ ਮੁਲਾਕਾਤ ਹੋਵੇਗੀ, ਉਹ ਤੁਹਾਡੀ ਆਤਮਾ ਨਹੀਂ ਹੈ। ਜਿਸ ਨਾਲ ਤੁਹਾਡੀ ਪਹਿਲੀ ਮੁਲਾਕਾਤ ਹੋਵੇਗੀ, ਉਹ ਤੁਹਾਡਾ ਪਰਛਾਵਾਂ ਹੈ, ਤੁਹਾਡੀ ਆਤਮਾ ਨਹੀਂ। ਅਤੇ ਹੁਣ ਤਕ ਅਸੀਂ ਪਰਛਾਵੇਂ ਨੂੰ ਹੀ ਆਤਮਾ ਮੰਨ ਕੇ ਜੀਵੇ ਹਾਂ। ਇਸਲਈ ਸੁਭਾਵਕ ਹੈ ਕਿ ਉਸ ਨਾਲ ਹੀ ਸਾਡਾ ਪਹਿਲਾ ਮਿਲਣਾ ਹੋਵੇ। ਇਹ ਸਾਡੇ ਅੰਦਰ ਜੋ ਇਕ ਪਰਛਾਵਾਂ ਹੈ—ਜਿਸਨੂੰ ਪਿਛੇ ਮਨੋਵਿਗਿਆਨ ਨੇ, ਖ਼ਾਸ ਕਰ ਗੁਸਤਾਵ ਜੁੰਗ ਨੇ ਬੜਾ ਮੁੱਲ ਦਿਤਾ ਅਤੇ ਕਿਹਾ ਕਿ ਹਰ ਵਿਅਕਤੀ ਦੀ ਇਕ ਸ਼ੈਡੋ ਹੈ। ਉਹ ਪਰਛਾਵਾਂ, ਜੋ ਤੁਹਾਨੂੰ ਦਿਸਦਾ ਹੈ ਸੂਰਜ ਦੀ ਧੁੱਪ ਵਿਚ, ਉਹ ਨਹੀਂ ਹੈ। ਜੋ ਤੁਸੀਂ ਆਪਣੀ ਹੀ ਭੁੱਲ ਅਤੇ ਆਪਣੇ ਅਗਿਆਨ ਨਾਲ ਆਪਣੇ ਅੰਦਰ ਬਣਾ ਲਿਆ ਹੈ—ਤੁਹਾਡੀ ਹਮੀਂ, ਤੁਹਾਡਾ ਹੰਕਾਰ, ਉਹੀ ਪਰਛਾਵਾਂ ਤੁਹਾਡਾ ਪਿਛਾ ਕਰ ਰਿਹਾ ਹੈ। ਸੂਰਜ ਦੀ ਧੁੱਪ ਵੀ ਜਦ ਨਹੀਂ ਹੁੰਦੀ, ਤਦ ਵੀ ਉਹ ਪਰਛਾਵਾਂ ਤੁਹਾਡਾ ਪਿਛਾ ਕਰਦਾ ਹੈ। ਅਤੇ ਇਸ ਪਰਛਾਵੇਂ ਵਿਚ ਹੀ ਤੁਸੀਂ ਜੀਂਦੇ ਹੋ। ਅਤੇ ਉਸ ਪਰਛਾਵੇਂ ਨੂੰ ਹੀ ਮੰਨ ਲੈਂਦੇ ਹੋ ਕਿ ਇਹ ਮੈਂ ਹਾਂ। ਅਤੇ ਉਸ ਪਰਛਾਵੇਂ ਦੇ ਆਲੇ–ਦੁਆਲੇ ਹੀ ਇਕ ਸੰਸਾਰ ਉਸਾਰਦੇ ਹੋ। ਜਿਵੇਂ ਹੀ ਨਿਰਨੇ ਦੀ ਅੱਖ ਖੁਲ੍ਹਦੀ ਹੈ, ਪਹਿਲੀ ਮੁਲਾਕਾਤ ਇਸੇ ਪਰਛਾਵੇਂ ਨਾਲ, ਇਸੇ ਮਨਸ–ਕਾਯਾ ਨਾਲ ਹੁੰਦੀ ਹੈ।

ਸ਼ਿਸ਼ ਨੇ ਕਿਹਾ : 'ਪਦਾਰਥ ਦੇ ਸਮੁੰਦਰ ਉਤੇ ਹਨੇਰੇ ਦਾ ਪਰਦਾ ਦੇਖਦਾ ਹਾਂ ਅਤੇ ਉਸਦੇ ਅੰਦਰ ਹੀ ਮੈਂ ਸੰਘਰਸ਼ 'ਚ

ਲਗਾ ਹੋਇਆ ਹਾਂ। ਇਹ ਵੀ ਦੇਖਦਾ ਹਾਂ, ਤੇ ਮੇਰੀ ਦ੍ਰਿਸ਼ਟੀ ਦੇ ਪਰਛਾਵੇਂ ਵਿਚ ਉਹ ਗਹਿਰਾਂਦਾ ਹੈ, ਅਤੇ ਜਿਵੇਂ ਮੈਂ ਦੇਖਦਾ ਹਾਂ, ਉਹ ਜੋ ਹਨੇਰਾ ਹੈ, ਹੋਰ ਗਹਿਰਾ ਹੋ ਜਾਂਦਾ ਹੈ, ਮੇਰੀ ਦ੍ਰਿਸ਼ਟੀ ਨਾਲ ਹੋਰ ਸੰਘਣਾ ਜਾਪਦਾ ਹੈ, ਅਤੇ ਤੁਹਾਡੇ ਹਿਲਦੇ ਹੱਥ ਦੇ ਪਰਛਾਵੇਂ 'ਚ ਉਸਨੂੰ ਟੁੱਟਦਾ–ਮਿਟਦਾ ਵੀ ਦੇਖਦਾ ਹਾਂ। ਸੱਪ ਦੀ ਫੈਲਦੀ ਕੁੰਜ ਵਾਂਗ ਇਹ ਪਰਛਾਵਾਂ ਗਤੀਮਾਨ ਹੁੰਦਾ ਹੈ...ਇਹ ਵਧਦਾ ਹੈ, ਫੁੱਲਦਾ ਹੈ, ਫੈਲਦਾ ਹੈ, ਅਤੇ ਹਨੇਰੇ ਵਿਚ ਅਲੋਪ ਹੋ ਜਾਂਦਾ ਹੈ।'

ਬਹੁਤ–ਸਾਰੀਆਂ ਗੱਲਾਂ ਇਹਨਾਂ ਥੋੜ੍ਹੇ–ਜਿਹੇ ਸ਼ਬਦਾਂ ਵਿਚ ਹਨ, ਜੋ ਸਾਧਕ ਦੀ ਜ਼ਿੰਦਗੀ ਵਿਚ ਬੜੇ ਕੰਮ ਦੀਆਂ ਹਨ।

'ਪਦਾਰਥ ਦੇ ਸਮੁੰਦਰ ਉੱਤੇ ਹਨੇਰੇ ਦਾ ਪਰਦਾ ਦੇਖਦਾ ਹਾਂ...'

ਜਦ ਕੋਈ ਆਪਣੇ ਅੰਦਰ ਦਾਖ਼ਲ ਹੁੰਦਾ ਹੈ, ਤਾਂ ਪ੍ਰਕਾਸ਼ ਨਾਲ ਉਸਦੀ ਸਿੱਧੀ ਮੁਲਾਕਾਤ ਨਹੀਂ ਹੁੰਦੀ, ਹੋਵੇਗੀ ਵੀ ਨਹੀਂ, ਕਿਉਂਕਿ ਪ੍ਰਕਾਸ਼ ਤਾਂ ਬਹੁਤ ਗਹਿਰੇ 'ਚ ਛੁਪਿਆ ਹੈ। ਸਾਡੇ ਅਤੇ ਸਾਡੇ ਪ੍ਰਕਾਸ਼ ਦੇ ਵਿਚਾਲੇ ਹਨੇਰੇ ਦੀ ਬੜੀ ਗਹਿਰੀ ਪਰਤ ਹੈ। ਸੋ ਪਹਿਲਾਂ ਤਾਂ ਅੰਦਰ ਅੱਖ ਬੰਦ ਕਰਦਿਆਂ ਹੀ ਹਨੇਰਾ ਹੋ ਜਾਂਦਾ ਹੈ। ਇਸ ਹਨੇਰੇ ਤੋਂ ਭੈਮਾਨ ਨਾ ਹੋ ਜਾਣਾ, ਅਤੇ ਇਸ ਹਨੇਰੇ ਵਿਚ ਕੋਈ ਕਲਪਤ ਪ੍ਰਕਾਸ਼ ਵੀ ਨਾ ਬਨਾਉਣਾ। ਇਸ ਹਨੇਰੇ ਵਿਚ ਪ੍ਰਵੇਸ਼ ਕਰਦੇ ਹੀ ਜਾਣਾ; ਜਦ ਤਕ ਅੰਦਰ ਦਾ ਪ੍ਰਕਾਸ਼ ਹੀ ਨਾ ਮਿਲ ਜਾਵੇ। ਕਲਪਤ ਪ੍ਰਕਾਸ਼ ਵੀ ਅਸੀਂ ਬਣ ਸਕਦੇ ਹਾਂ; ਲੇਕਿਨ ਇਸ ਕਲਪਤ ਪ੍ਰਕਾਸ਼ ਦੇ ਕਾਰਨ ਫਿਰ ਅਸਲੀ ਪ੍ਰਕਾਸ਼ ਦਾ ਕੋਈ ਪਤਾ ਨਹੀਂ ਲਗ ਸਕੇਗਾ।

ਬਹੁਤ–ਸਾਰੀਆਂ ਸਾਧਨਾਵਾਂ ਹਨ, ਜੋ ਪ੍ਰਕਾਸ਼ ਦੀ ਕਲਪਨਾ ਤੋਂ ਸ਼ੁਰੂ ਹੁੰਦੀਆਂ ਹਨ; ਉਹ ਸਾਧਨਾਵਾਂ ਇਸ ਹਨੇਰੇ ਦੇ ਪਾਰ ਨਹੀਂ ਲਿਜਾਂਦੀਆਂ। ਇਕ ਤਾਂ ਪ੍ਰਕਾਸ਼ ਹੈ, ਜੋ ਅਸੀਂ ਸੋਚਦੇ ਹਾਂ ਸਾਡੇ ਅੰਦਰ ਹੈ। ਅੱਖਾਂ ਬੰਦ ਕਰਕੇ ਵੀ ਅਸੀਂ ਉਸ ਪ੍ਰਕਾਸ਼ ਨੂੰ ਦੇਖਣ ਦੀ ਕੋਸ਼ਿਸ਼ ਕਰ ਸਕਦੇ ਹਾਂ। ਅਤੇ ਕੋਸ਼ਿਸ਼ ਜੇਕਰ ਕੀਤੀ ਤਾਂ ਸਫਲ ਹੋ ਜਾਏਗੀ ਅਤੇ ਪ੍ਰਕਾਸ਼ ਤੁਹਾਨੂੰ ਦਿਸਣ ਵੀ ਲਗੇਗਾ। ਪਰ ਉਹ ਪ੍ਰਕਾਸ਼ ਹਨੇਰੇ ਨਾਲੋਂ ਵੀ ਝੂਠਾ ਹੋਵੇਗਾ। ਕਿਉਂਕਿ ਉਹ ਪ੍ਰਕਾਸ਼ ਤੁਸੀਂ ਹੀ ਤਿਆਰ ਕੀਤਾ ਹੈ। ਉਹ ਤੁਹਾਡੇ ਹੀ ਮਨ ਦੀ ਉਪਜ ਹੈ, ਉਹ ਤੁਹਾਡੀ ਹੀ ਸੰਤਾਨ ਹੈ। ਅਤੇ ਉਸ ਨਾਲ ਹਨੇਰਾ ਨਹੀਂ ਟੁੱਟੇਗਾ। ਹਾਂ, ਹਨੇਰੇ ਵਿਚ ਤਸੱਲੀ ਮਿਲ ਸਕਦੀ ਹੈ।

ਇਕ ਹੋਰ ਵੀ ਪ੍ਰਕਾਸ਼ ਹੈ, ਜੋ ਅਸੀਂ ਤਿਆਰ ਨਹੀਂ ਕਰਦੇ। ਜਦ ਅਸੀਂ ਹਨੇਰੇ ਵਿਚ ਪ੍ਰਵੇਸ਼ ਕਰਦੇ ਚਲੇ ਜਾਂਦੇ ਹਾਂ, ਤਦ ਉਹ ਇਕ ਦਿਨ ਹਾਸਲ ਹੁੰਦਾ ਹੈ—ਜਿਸਨੂੰ ਅਸੀਂ ਸੋਚਦੇ ਵੀ ਨਹੀਂ ਹਾਂ, ਜਿਸਨੂੰ ਅਸੀਂ ਚਾਹੁੰਦੇ ਵੀ ਨਹੀਂ ਹਾਂ, ਜਿਸਦਾ ਸਾਨੂੰ ਕੋਈ ਪਤਾ ਵੀ ਨਹੀਂ ਹੈ। ਲੇਕਿਨ ਹਨੇਰੇ ਵਿਚ ਭਾਲਦੇ–ਭਾਲਦੇ ਇਕ ਦਿਨ ਹਨੇਰੇ ਦੀ ਤਹਿ ਟੁੱਟ ਜਾਂਦੀ ਹੈ ਅਤੇ ਅਸੀਂ ਪ੍ਰਕਾਸ਼ ਦੇ ਲੋਕ ਵਿਚ ਪ੍ਰਵੇਸ਼ ਕਰਦੇ ਹਾਂ।

ਪਹਿਲੀ ਮੁਲਾਕਾਤ ਅਸਲੀ ਸਾਧਕ ਨੂੰ ਹਨੇਰੇ ਨਾਲ ਹੁੰਦੀ ਹੈ, ਝੂਠੇ ਸਾਧਕ ਨੂੰ ਪ੍ਰਕਾਸ਼ ਨਾਲ ਵੀ ਹੋ ਸਕਦੀ ਹੈ।

ਇਹ ਸਾਧਕ ਕਹਿ ਰਿਹਾ ਹੈ ਕਿ ਦੇਖਦਾ ਹਾਂ ਪਦਾਰਥ ਦੇ ਸਮੁੰਦਰ ਉੱਤੇ ਹਨੇਰੇ ਦਾ ਪਰਦਾ। ਅਤੇ ਦੇਖਦਾ ਹਾਂ ਕਿ ਉਸਦੇ ਅੰਦਰ ਮੈਂ ਸੰਘਰਸ਼ ਵਿਚ ਲਗਾ ਹੋਇਆ ਹਾਂ। ਉਸ ਹਨੇਰੇ ਵਿਚ ਹੀ ਮੈਂ ਟੋਹ ਰਿਹਾ ਹਾਂ, ਖੋਜ ਰਿਹਾ ਹਾਂ। ਉਸ ਹਨੇਰੇ ਨਾਲ ਹੀ ਮੈਂ ਲੜ ਰਿਹਾ ਹਾਂ। ਉਸ ਹਨੇਰੇ ਵਿਚ ਹੀ ਮੇਰੀਆਂ ਵਾਸਨਾਵਾਂ ਤੇ ਮੇਰੀਆਂ ਕਾਮਨਾਵਾਂ ਅਤੇ ਮੇਰੀਆਂ ਸਿੱਕਾਂ ਹਨ। ਉਸ ਹਨੇਰੇ ਵਿਚ ਹੀ ਮੇਰਾ ਸੰਸਾਰ ਹੈ, ਇਹ ਵੀ ਦੇਖਦਾ ਹਾਂ। ਅਤੇ ਨਾਲ ਹੀ ਇਕ ਹੋਰ ਬੜੀ ਅਨੋਖੀ ਗੱਲ ਦੇਖਦਾ ਹਾਂ ਕਿ ਤੁਹਾਡੇ ਹਿਲਦੇ ਹੱਥ ਦੇ ਪਰਛਾਵੇਂ 'ਚ ਉਹ ਟੁੱਟ-ਮਿਟ ਜਾਂਦਾ ਹੈ, ਤੇ ਮੇਰੇ ਦੇਖਣ ਨਾਲ ਹੋਰ ਸੰਘਣਾ ਹੁੰਦਾ ਹੈ।

ਗੁਰੂ ਤੁਹਾਨੂੰ ਪ੍ਰਕਾਸ਼ ਤਾਂ ਨਹੀਂ ਦੇ ਸਕਦਾ, ਪਰ ਤੁਹਾਡੇ ਹਨੇਰੇ ਨੂੰ ਖੋਹ ਸਕਦਾ ਹੈ।

ਇਸਨੂੰ ਜ਼ਰਾ ਠੀਕ ਤਰ੍ਹਾਂ ਨਾਲ ਸਮਝ ਲਵੋ, ਕਿਉਂਕਿ ਅਸੀਂ ਸੋਚਦੇ ਹਾਂ ਕਿ ਦੋਨੋਂ ਇਕ ਹੀ ਗੱਲ ਹੈ। ਦੋਨੋਂ ਇਕ ਹੀ ਗੱਲ ਨਹੀਂ ਹੈ। ਕੋਈ ਇਲਾਜ ਕਰਨ ਵਾਲਾ ਤੁਹਾਨੂੰ ਸਿਹਤ ਨਹੀਂ ਦੇ ਸਕਦਾ, ਲੇਕਿਨ ਤੁਹਾਡੀ ਬੀਮਾਰੀ ਖੋਹ ਸਕਦਾ ਹੈ। ਅਤੇ ਬੀਮਾਰੀ ਨਾ ਹੋਵੇ, ਤਾਂ ਸਿਹਤ ਦੇ ਹਾਸਲ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਫਿਰ ਵੀ ਜ਼ਰੂਰੀ ਨਹੀਂ ਕਿ ਤੁਸੀਂ ਤੰਦਰੁਸਤ ਹੋ ਜਾਵੋ; ਪਰ ਸੰਭਾਵਨਾ ਵਧ ਜਾਂਦੀ ਹੈ। ਇੰਨਾ ਪੱਕਾ ਹੈ ਕਿ ਬੀਮਾਰੀ ਦੇ ਨਾਲ ਸਿਹਤਯਾਬ ਹੋਣਾ ਮੁਸ਼ਕਲ ਹੈ। ਬੀਮਾਰੀ ਹਟ ਜਾਵੇ, ਤਾਂ ਤੰਦਰੁਸਤੀ ਪਰਗਟ ਹੋ ਸਕਦੀ ਹੈ। ਸਮੁੱਚਾ ਇਲਾਜ-ਸ਼ਾਸਤਰ ਬੀਮਾਰੀ ਨੂੰ ਅਲੱਗ ਕਰਨ ਦਾ ਦਾਅਵਾ ਕਰਦਾ ਹੈ, ਸਿਹਤ ਨੂੰ ਦੇਣ ਦਾ ਨਹੀਂ। ਸਿਹਤ ਦਿਤੀ ਵੀ ਨਹੀਂ ਜਾ ਸਕਦੀ ਹੈ। ਸਿਹਤ ਤਾਂ ਤੁਹਾਡੀ ਅੰਦਰੂਨੀ ਸਮਰੱਥਾ ਹੈ। ਬੀਮਾਰੀ ਨਾ ਹੋਵੇ, ਤਾਂ ਸਿਹਤ ਪਰਗਟ ਹੋ ਜਾਂਦੀ ਹੈ। ਜਿਵੇਂ ਕੋਈ ਝਰਨਾ ਦਬਿਆ ਹੋਵੇ ਪੱਥਰਾਂ 'ਚ,ਅਤੇ ਅਸੀਂ ਪੱਥਰ ਹਟਾ ਲਈਏ, ਝਰਨਾ ਪਰਗਟ ਹੋ ਜਾਵੇ। ਔਪਰ ਝਰਨਾ ਪੱਥਰਾਂ ਦੇ ਹਟ ਜਾਣ ਨਾਲ ਪਰਗਟ ਨਹੀਂ ਹੁੰਦਾ; ਝਰਨਾ ਤਾਂ ਸੀ ਹੀ, ਸਿਰਫ ਛੁਪਿਆ ਹੋਇਆ ਸੀ, ਢਕਿਆ ਸੀ।

ਸੋ ਕੋਈ ਗੁਰੂ ਗਿਆਨ ਨਹੀਂ ਦੇ ਸਕਦਾ ਹੈ। ਕਿਉਂਕਿ ਗਿਆਨ ਤਾਂ ਛੁਪਿਆ ਹੋਇਆ ਹੈ ਹੀ, ਉਹ ਹੈ ਸੁਭਾਅ। ਲੇਕਿਨ ਗੁਰੂ ਤੁਹਾਡੇ ਹਨੇਰੇ ਨੂੰ ਛਿਟ-ਪੁਟ ਕਰ ਸਕਦਾ ਹੈ। ਅਤੇ ਹਨੇਰਾ ਛਿਟ-ਪੁਟ ਹੋ ਜਾਵੇ, ਤਾਂ ਤੁਹਾਡੇ ਅੰਦਰ ਬੜੀਆਂ ਘਟਨਾਵਾਂ ਵਾਪਰਦੀਆਂ ਹਨ। ਹਨੇਰਾ ਛਿਟ-ਪੁਟ ਹੁੰਦਿਆਂ ਹੀ ਤੁਹਾਡਾ ਸੰਸਾਰ ਛਿਟ-ਪੁਟ ਹੋ ਜਾਂਦਾ ਹੈ। ਅਤੇ ਕਲ੍ਹ ਤਕ ਜਿਹੋ-ਜਿਹਾ ਤੁਸੀਂ ਦੇਖਦੇ ਸੀ, ਹੁਣ ਨਹੀਂ ਦੇਖ ਪਾਂਦੇ। ਅਤੇ ਕਲ੍ਹ ਤਕ ਜਿਹੋ-ਜਿਹਾ ਤੁਸੀਂ ਸੋਚਦੇ ਸੀ, ਹੁਣ ਨਹੀਂ ਸੋਚ ਪਾਂਦੇ। ਤੁਸੀਂ ਛਿਟ-ਪੁਟ ਹੋ ਜਾਂਦੇ ਹੋ। ਤੁਹਾਡੇ ਹਨੇਰੇ ਦੇ ਛਿਟ-ਪੁਟ ਹੁੰਦਿਆਂ ਹੀ ਤੁਹਾਡੀਆਂ ਜੜ੍ਹਾਂ ਟੁੱਟ-ਮਿਟ ਜਾਂਦੀਆਂ ਹਨ। ਉਹ ਜੋ ਤੁਹਾਡਾ ਝੂਠਾ ਲੋਭ ਹੈ, ਉਹ ਸਭ ਪਾਸੇ ਤੋਂ ਟੁੱਟ ਜਾਂਦਾ ਹੈ, ਉਸ ਦੀਆਂ ਕੰਧਾਂ ਢਹਿ ਜਾਂਦੀਆਂ ਹਨ। ਤੁਸੀਂ ਇਕ ਖੰਡ੍ਹਰ ਬਣ ਜਾਂਦੇ ਹੋ।

ਉਹ ਸ਼ਿੱਸ਼ ਦੇਖਦਾ ਹੈ ਕਿ 'ਤੁਹਾਡੇ ਹਿਲਦੇ ਹੱਥ ਦੇ ਪਰਛਾਵੇਂ 'ਚ ਉਹ ਟੁੱਟ-ਮਿਟ ਜਾਂਦਾ ਹੈ, ਟੋਟੇ-ਟੋਟੇ ਹੋ ਜਾਂਦਾ ਹੈ, ਦੂਰ ਹਟ ਜਾਂਦਾ ਹੈ। ਲੇਕਿਨ ਜਦ ਮੈਂ ਗੌਰ ਕਰਦਾ ਹਾਂ, ਤਾਂ ਘਣਾ ਹੋ ਜਾਂਦਾ ਹੈ। ਜਦ ਮੈਂ ਦੇਖਦਾ ਹਾਂ, ਆਪਣੀ ਦ੍ਰਿਸ਼ਟੀ

ਉਸ ਉੱਤੇ ਇਕਾਗਰ ਕਰਦਾ ਹਾਂ, ਤਾਂ ਬਹੁਤ ਸੰਘਣਾ ਹੋ ਜਾਂਦਾ ਹੈ।'

ਧਿਆਨ ਰਹੇ, ਜਿਵੇਂ ਕਿ ਸਵੇਰ ਤੋਂ ਪਹਿਲਾਂ ਰਾਤ ਘਣੀ ਹੋ ਜਾਂਦੀ ਹੈ, ਹਨੇਰਾ ਗੂਹੜਾ ਹੋ ਜਾਂਦਾ ਹੈ, ਉਵੇਂ ਹੀ ਜਦ ਕੋਈ ਅੰਦਰ ਇਕਾਗਰ ਹੋ ਕੇ ਦੇਖਦਾ ਹੈ, ਤਾਂ ਉਹ ਜੋ ਵਿਰਾਟ ਹਨੇਰਾ ਅਸੀਂ ਜਨਮਾਂ-ਜਨਮਾਂ 'ਚ ਇੱਕਠਾ ਕੀਤਾ ਹੈ, ਉਹ ਸੰਘਣਾ ਹੋ ਜਾਂਦਾ ਹੈ, ਇਕੱਠਾ ਹੋਣ ਲਗਦਾ ਹੈ, ਕੰਡੈਂਸ ਹੋ ਜਾਂਦਾ ਹੈ। ਅਤੇ ਜੇਕਰ ਕੋਈ ਠੀਕ ਤਰ੍ਹਾਂ ਨਾਲ ਖੋਜ ਕਰਦਾ ਰਹੇ, ਤਾਂ ਐਨ ਤੁਹਾਡਾ ਅਕਸ ਹਨੇਰੇ ਵਿਚ ਬਣ ਜਾਂਦਾ ਹੈ। ਤੁਹਾਡਾ ਹੀ ਪਰਛਾਵਾਂ, ਤੁਹਾਡਾ ਹੀ ਨਿਗੇਟਿਵ, ਤੁਸੀਂ ਖ਼ੁਦ ਨੂੰ ਹੀ ਖੜ੍ਹਾ ਦੇਖ ਪਾਂਦੇ ਹੋ। ਅਤੇ ਜੇ ਕੋਈ ਇਸਨੂੰ ਗੌਰ ਨਾਲ ਦੇਖਦਾ ਹੀ ਚਲਿਆ ਜਾਵੇ, ਤਾਂ ਉਹ ਪਰਛਾਵਾਂ ਸੰਘਣਾ ਹੁੰਦਾ-ਹੁੰਦਾ ਛੋਟਾ ਹੁੰਦਾ ਚਲਿਆ ਜਾਂਦਾ ਹੈ। ਅੰਤ ਵਿਚ ਇਕ ਬਿੰਦੂ-ਮਾਤਰ ਰਹਿ ਜਾਂਦਾ ਹੈ। ਅਤੇ ਜਿਸ ਦਿਨ ਉਹ ਬਿੰਦੂ ਵੀ ਵਿਸਰਜਿਤ ਹੋ ਜਾਂਦਾ ਹੈ, ਉਸੇ ਦਿਨ ਪ੍ਰਕਾਸ਼ ਦਾ ਦੁਆਰ ਖੁਲ੍ਹ ਜਾਂਦਾ ਹੈ।

ਜਿੰਨੀ ਵਧ ਇਕਾਗਰਤਾ ਹੋਵੇ ਇਸ ਹਨੇਰੇ ਦੀ ਮੂਰਤੀ ਉੱਤੇ, ਉਹ ਉੱਨੀ ਹੀ ਛੋਟੀ ਹੁੰਦੀ ਚਲੀ ਜਾਂਦੀ ਹੈ, ਅਤੇ ਜਿੰਨੀ ਘਟ ਹੋਵੇ ਇਕਾਗਰਤਾ, ਉੱਨਾ ਹੀ ਹਨੇਰਾ ਵਡਾ ਹੁੰਦਾ ਚਲਿਆ ਜਾਂਦਾ ਹੈ। ਇਸਦਾ ਅਰਥ ਹੋਇਆ ਕਿ ਜਦ ਧਿਆਨ ਦੀ ਸਮਰੱਥਾ ਵਧਦੀ ਹੈ, ਤਾਂ ਹਨੇਰਾ ਸੀਮਿਤ ਹੋਣ ਲਗਦਾ ਹੈ। ਅਤੇ ਜਦ ਧਿਆਨ ਦੀ ਸਮਰੱਥਾ ਨਹੀਂ ਹੁੰਦੀ, ਤਾਂ ਹਨੇਰਾ ਵਿਰਾਟ ਹੋਣ ਲਗਦਾ ਹੈ। ਧਿਆਨ ਦੀ ਅਣਹੋਂਦ ਵਿਚ ਹਨੇਰੇ ਦਾ ਬੜਾ ਵਿਸਥਾਰ ਹੈ। ਅਤੇ ਧਿਆਨ ਦੇ ਨਾਲ ਹੀ ਹਨੇਰਾ ਛੋਟਾ ਹੋਣ ਲਗਦਾ ਹੈ। ਇਕ ਘੜੀ ਆਉਂਦੀ ਹੈ ਕਿ ਹਨੇਰਾ ਸੁੰਨਯ ਜਿਹਾ ਹੋ ਜਾਂਦਾ ਹੈ, ਨਹੀਂ ਹੋ ਜਾਂਦਾ ਹੈ। ਉਹ ਛਿਨ ਹੀ ਅਵਸਰ ਹੈ, ਪ੍ਰਕਾਸ਼ ਦੇ ਪਰਗਟ ਹੋਣ ਦਾ।

ਤਾਂ ਧਿਆਨ ਦੋ ਕੰਮ ਕਰਦਾ ਹੈ—ਹਨੇਰੇ ਨੂੰ ਛੋਟਾ ਕਰਦਾ ਹੈ, ਅਤੇ ਪ੍ਰਕਾਸ਼ ਦੇ ਦੁਆਰ ਨੂੰ ਖੋਲ੍ਹਣ ਦਾ ਉਪਾਅ ਕਰਦਾ ਹੈ।

'ਸੱਪ ਦੀ ਫੈਲਦੀ ਕੁੰਜ ਵਾਂਗ ਉਹ ਪਰਛਾਵਾਂ ਗਤੀਮਾਨ ਹੈ, ਵਧਦਾ ਹੈ, ਫੁਲਦਾ-ਫੈਲਦਾ ਹੈ ਅਤੇ ਹਨੇਰੇ ਵਿਚ ਅਲੋਪ ਹੋ ਜਾਂਦਾ ਹੈ...'

ਇਕਨਾਂ ਛਿਨਾਂ ਵਿਚ ਉਹ ਸਾਧਕ ਕਹਿ ਰਿਹਾ ਹੈ ਕਿ ਮੈਂ ਉਸਨੂੰ ਸੰਘਣਾ ਹੁੰਦਾ ਹੋਇਆ ਵੀ ਦੇਖਦਾ ਹਾਂ। ਲੇਕਿਨ ਬੜਾ ਬਦਲਣਸ਼ੀਲ ਹੈ। ਜਿਵੇਂ ਹੱਥ ਵਿਚ ਕਿਸੇ ਨੇ ਪਾਰੇ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੋਵੇ, ਅਤੇ ਖਿੱਲਰ-ਖਿੱਲਰ ਜਾਵੇ। ਕੁਝ ਪਕੜ ਵਿਚ ਨਹੀਂ ਆਉਂਦਾ। ਕਦੇ ਲਗਦਾ ਹੈ ਕਿ ਹੈ ਅਤੇ ਕਦੇ ਹਨੇਰੇ ਵਿਚ ਖੋ ਜਾਂਦਾ ਹੈ।

ਅਜੇਹਾ ਹੀ ਹੈ ਸਾਡੇ ਅਗਿਆਨ ਦਾ ਲੋਕ। ਉਥੇ ਪਕੜ ਵਿਚ ਕੁਝ ਨਹੀਂ ਆਉਂਦਾ। ਮੁੱਠੀ ਬੰਨ੍ਹਦੇ-ਬੰਨ੍ਹਦੇ ਪਤਾ ਲਗ ਜਾਂਦਾ ਹੈ ਕਿ ਜਿਸਨੂੰ ਪਕੜਦੇ ਸੀ, ਉਹ ਛੁੱਟ ਗਿਆ।

ਕਿਹੜੀ ਵਾਸਨਾ ਪਕੜਾਈ 'ਚ ਆਉਂਦੀ ਹੈ, ਕਿਹੜੀ ਇਛਿਆ ਪਕੜਾਈ 'ਚ ਆਉਂਦੀ ਹੈ, ਕਿਹੜੀ ਕਾਮਨਾ

ਪਕੜਾਈ 'ਚ ਆਉਂਦੀ ਹੈ?

ਸਦਾ ਦੂਰੀ ਬਣੀ ਰਹਿੰਦੀ ਹੈ, ਕੋਲ ਪਹੁੰਚਦੇ–ਪਹੁੰਚਦੇ ਖੋ ਜਾਂਦੀ ਹੈ। ਕਦੇ ਲਗਦਾ ਹੈ ਕਿਸੇ ਛਿਨ ਵਿਚ ਕਿ ਬਸ ਹੁਣ ਪਾ ਲਿਆ, ਅਤੇ ਮੁੱਠੀ ਖੋਲ੍ਹ ਕੇ ਦੇਖਦੇ ਹਾਂ ਤਾਂ ਉਥੇ ਸਿਵਾਇ ਧੂੰਏਂ ਦੇ ਹੋਰ ਕੁਝ ਵੀ ਨਹੀਂ ਹੁੰਦਾ। ਜਿਸਨੂੰ ਭਾਲਣ ਚਲੇ ਸੀ, ਉਹ ਫਿਰ ਦੂਰ ਕਿਤੇ ਅੱਗੇ ਦਿਖਾਈ ਪੈਣ ਲਗਦਾ ਹੈ। ਇਹਨਾਂ ਹੀ ਸਾਰੀਆਂ ਵਾਸਨਾਵਾਂ ਦੇ ਸੰਘਟ ਦਾ ਨਾਂ ਹੈ ਅੰਦਰ ਦਾ ਪਰਛਾਵਾਂ। ਅਤੇ ਇਸ ਪਰਛਾਵੇਂ ਤੋਂ ਮੁਕਤ ਹੋਣਾ ਜ਼ਰੂਰੀ ਹੈ। ਇਸ ਪਰਛਾਵੇਂ ਤੋਂ ਜਿਹੜਾ ਮੁਕਤ ਨਹੀਂ ਹੈ, ਉਹ ਆਪਣੀ ਆਤਮਾ ਨੂੰ ਕਦੇ ਨਹੀਂ ਜਾਣ ਪਾਏਗਾ।

ਸ਼ੰਕਰ ਨੇ ਵਜੂਦ ਨੂੰ ਸਮਝਣ ਦਾ, ਵਜੂਦ ਨੂੰ ਦੇਖਣ ਦਾ ਜੋ ਢੰਗ ਦਿਤਾ ਹੈ, ਉਹ ਵਿਚਾਰਨ–ਯੋਗ ਹੈ। ਅਤੇ ਉਸ ਨਾਲ ਇਸ ਪਰਛਾਵੇਂ ਨੂੰ ਸਮਝਣਾ ਅਸਾਨ ਹੋਵੇਗਾ। ਸ਼ੰਕਰ ਨੇ ਕਿਹਾ ਹੈ ਕਿ ਬ੍ਰਹਮ ਹੈ ਇਸ ਜਗਤ ਦਾ ਕੇਂਦਰ ਅਤੇ ਇਹ ਜੋ ਸਾਰਾ ਪਸਾਰਾ ਹੈ ਜਗਤ ਦਾ, ਇਹ ਹੈ ਮਾਯਾ, ਇਹ ਹੈ ਸੁਫਨਾ ਉਸ ਬ੍ਰਹਮ ਦਾ।

ਠੀਕ ਇਵੇਂ ਹੀ ਜੇ ਅਸੀਂ ਖੁਦ ਨੂੰ ਆਤਮਾ ਮੰਨੀਏ, ਤਾਂ ਤੁਹਾਡੇ ਆਸਪਾਸ ਜੋ ਇਕ ਛੋਟਾ–ਜਿਹਾ ਸੰਸਾਰ ਵਾਸਨਾਵਾਂ ਦਾ ਉੱਸਰ ਜਾਂਦਾ ਹੈ, ਉਹ ਤੁਹਾਡੀ ਮਾਯਾ ਹੈ, ਤੁਹਾਡਾ ਪਰਛਾਵਾਂ ਹੈ। ਅਤੇ ਜੇ ਹਰੇਕ ਵਿਅਕਤੀ ਬ੍ਰਹਮ ਹੈ, ਅਤੇ ਹੈ, ਤਾਂ ਉਸਦੇ ਕੋਲ ਵੀ ਇਕ ਉਸਦੀ ਮਾਯਾ ਦਾ ਵਿਸਥਾਰ ਹੈ। ਉਸ ਮਾਯਾ ਨੂੰ ਹੀ ਇਹ ਸਾਧਕ ਪਰਛਾਵਾਂ ਕਹਿ ਰਿਹਾ ਹੈ।

ਪਰਛਾਵੇਂ ਦੀਆਂ ਕੁਝ ਖ਼ੂਬੀਆਂ ਹਨ, ਉਹ ਅਸੀਂ ਸਮਝ ਲਈਏ, ਤਾਂ ਸਮਝਣ ਵਿਚ ਬਹੁਤ ਅਸਾਨੀ ਹੋ ਜਾਵੇਗੀ। ਪਰਛਾਵੇਂ ਦੀ ਇਕ ਖ਼ੂਬੀ ਹੈ ਕਿ ਉਹ ਹੁੰਦਾ ਨਹੀਂ ਹੈ ਅਤੇ ਦਿਖਾਈ ਪੈਂਦਾ ਹੈ। ਜਦ ਤੁਸੀਂ ਰਾਹ 'ਤੇ ਚਲ ਰਹੇ ਹੁੰਦੇ ਹੋ, ਅਤੇ ਧੁੱਪ ਵਿਚ ਤੁਹਾਡਾ ਪਰਛਾਵਾਂ ਪੈਂਦਾ ਹੈ, ਤਾਂ ਉਥੇ ਹੁੰਦਾ ਕੀ ਹੈ? ਪਰਛਾਵੇਂ ਵਿਚ ਕੋਈ ਸੱਤਵ, ਕੋਈ ਸਬਸਟੈਂਸ ਤਾਂ ਨਹੀਂ ਹੁੰਦਾ, ਕੋਈ ਪਦਾਰਥ ਤਾਂ ਨਹੀਂ ਹੁੰਦਾ। ਪਰਛਾਵਾਂ ਸਿਰਫ ਅਣਹੋਂਦ ਹੈ। ਪ੍ਰਕਾਸ਼ ਦੀਆਂ ਕਿਰਨਾਂ ਤੁਹਾਡੇ ਉਤੇ ਪੈਂਦੀਆਂ ਹਨ ਅਤੇ ਤੁਸੀਂ ਓਟ ਬਣ ਜਾਂਦੇ ਹੋ। ਜਿੰਨੇ ਹਿੱਸੇ ਵਿਚ ਤੁਸੀਂ ਓਟ ਬਣ ਜਾਂਦੇ ਹੋ, ਉੱਨੇ ਹਿੱਸੇ ਵਿਚ ਪਿਛੇ ਪ੍ਰਕਾਸ਼ ਦੀਆਂ ਕਿਰਨਾਂ ਨਹੀਂ ਪੈ ਪਾਂਦੀਆਂ ਹਨ, ਪਰਛਾਵਾਂ ਬਣ ਜਾਂਦਾ ਹੈ। ਉਹ ਪਰਛਾਵਾਂ ਸਿਰਫ ਪ੍ਰਕਾਸ਼ ਦੀ ਅਣਹੋਂਦ ਹੈ, ਪਰਛਾਵਾਂ ਕੁਝ ਹੈ ਨਹੀਂ। ਇਸਲਈ ਛੁਰੀ ਨਾਲ ਉਸਨੂੰ ਅਸੀਂ ਕੱਟ ਨਹੀਂ ਸਕਦੇ, ਅੱਗ ਨਾਲ ਅਸੀਂ ਉਸਨੂੰ ਸਾੜ ਨਹੀਂ ਸਕਦੇ ਅਤੇ ਅਸੀਂ ਉਸਨੂੰ ਮਿਟਾਉਣਾ ਚਾਹੀਏ, ਤਾਂ ਮਿਟਾਉਣ ਦਾ ਵੀ ਕੋਈ ਉਪਾਅ ਨਹੀਂ ਹੈ। ਕਿਉਂਕਿ ਜੋ ਨਹੀਂ ਹੈ, ਉਸਨੂੰ ਮਿਟਾਇਆ ਵੀ ਨਹੀਂ ਜਾ ਸਕਦਾ। ਅਤੇ ਪਰਛਾਵੇਂ ਨਾਲ ਕੋਈ ਲੜੇਗਾ ਤਾਂ ਹਾਰੇਗਾ, ਜਿੱਤ ਵੀ ਨਹੀਂ ਸਕਦਾ ਹੈ। ਕਿਉਂਕਿ ਜੋ ਨਹੀਂ ਹੈ, ਉਸ ਤੋਂ ਜਿੱਤਣ ਦਾ ਵੀ ਕੀ ਉਪਾਅ ਹੈ?

ਬਹੁਤ ਲੋਕ ਪਰਛਾਵੇਂ ਨਾਲ ਲੜਨ 'ਚ ਲਗ ਜਾਂਦੇ ਹਨ ਅਤੇ ਤਦ ਹਾਰ ਦੇ ਸਿਵਾਇ ਉਹਨਾਂ ਦੇ ਹੱਥ ਕੁਝ ਹੋਰ ਨਹੀਂ ਲਗਦਾ। ਜਿਹੜਾ ਆਪਣੀਆਂ ਵਾਸਨਾਵਾਂ ਨਾਲ ਲੜਨ 'ਚ ਲਗ ਜਾਏਗਾ, ਉਹ ਹਾਰੇਗਾ। ਜੋ ਸੰਸਾਰ ਨਾਲ

ਲੜਨ 'ਚ ਲਗ ਜਾਏਗਾ, ਉਹ ਹਾਰੇਗਾ। ਜਿੱਤਣ ਦਾ ਰਾਹ ਇਥੇ ਲੜਨਾ ਨਹੀਂ, ਜਿੱਤਣ ਦਾ ਰਾਹ ਇਥੇ ਸਮਝਣਾ ਹੈ। ਜਿਸਨੇ ਪਰਛਾਵੇਂ ਨੂੰ ਸਮਝ ਲਿਆ, ਕਿ ਉਹ ਨਹੀਂ ਹੈ—ਉਹ ਜਿੱਤਦਾ ਨਹੀਂ, ਉਸ ਤੋਂ ਮੁਕਤ ਹੋ ਜਾਂਦਾ ਹੈ। ਇਕ ਵਾਰ ਜਾਣ ਲੈਣ 'ਤੇ ਕਿ ਪਰਛਾਵਾਂ ਨਹੀਂ ਹੈ, ਅਣਹੋਂਦ ਹੈ, ਐਬਸੈਂਸ ਹੈ, ਗੈਰ ਮੌਜੂਦਗੀ ਹੈ ਕਿਸੇ ਦੀ, ਗੱਲ ਮੁੱਕ ਜਾਂਦੀ ਹੈ।

ਤੁਹਾਡੇ ਅੰਦਰ ਦੀਆਂ ਵਾਸਨਾਵਾਂ, ਤੁਹਾਡੇ ਅੰਦਰ ਜੋ ਛੁਪੀ ਹੋਈ ਆਤਮਾ ਹੈ, ਉਸਦੇ ਅਨੁਭਵ ਦਾ ਨਾ ਹੋਣਾ ਹੈ। ਅਤੇ ਜਦ ਤਕ ਉਸਦਾ ਅਨੁਭਵ ਨਾ ਹੋ ਜਾਵੇ, ਪਰਛਾਵਾਂ ਬਣੇਗਾ। ਇਸਦਾ ਇਹ ਅਰਥ ਹੋਇਆ ਕਿ ਜਿਵੇਂ ਸੂਰਜ ਦੀਆਂ ਕਿਰਨਾਂ ਦੀ ਅਣਹੋਂਦ ਹੋਵੇ ਤਾਂ ਪਰਛਾਵਾਂ ਬਣਦਾ ਹੈ। ਜਦ ਤਕ ਤੁਹਾਡੀ ਆਤਮਾ ਦੀਆਂ ਕਿਰਨਾਂ ਤੁਸੀਂ ਕਿਤੇ ਰੋਕ ਰਹੇ ਹੋ, ਤਦ ਤਕ ਤੁਹਾਡਾ ਪਰਛਾਵਾਂ ਬਣ ਰਿਹਾ ਹੈ। ਜਦ ਤਕ ਅੰਦਰ ਦਾ ਪ੍ਰਕਾਸ਼ ਕਿਤੇ ਰੁਕ ਰਿਹਾ ਹੈ ਕਿਸੇ ਕੰਧ ਨਾਲ, ਤਦ ਤਕ ਪਰਛਾਵਾਂ ਬਣ ਰਿਹਾ ਹੈ। ਪਰਛਾਵੇਂ ਨਾਲ ਲੜਨਾ ਫਜ਼ੂਲ ਹੈ, ਇਸ ਅੰਦਰ ਦੇ ਪ੍ਰਕਾਸ਼ ਨੂੰ ਫੈਲਾ ਲੈਣਾ ਸਾਰਥਕ ਹੈ। ਪਰਛਾਵਾਂ ਖੋ ਜਾਏਗਾ। ਇਸਲਈ ਅਸੀਂ ਇਕ ਬੜੀ ਮਿੱਠੀ ਕਥਾ ਬਣਾਈ ਹੈ।

ਜੈਨੀ ਕਹਿੰਦੇ ਹਨ ਕਿ ਉਹਨਾਂ ਦੇ ਤੀਰਥੰਕਰਾਂ ਦਾ ਪਰਛਾਵਾਂ ਨਹੀਂ ਬਣਦਾ। ਮਹਾਂਵੀਰ ਤੁਰਦੇ ਹਨ, ਤਾਂ ਉਹਨਾਂ ਦਾ ਪਰਛਾਵਾਂ ਨਹੀਂ ਬਣਦਾ। ਇਹ ਗੱਲ ਤਾਂ ਝੂਠੀ ਹੈ। ਮਹਾਂਵੀਰ ਤੁਰਨ ਜਾਂ ਕੋਈ ਵੀ ਤੁਰੇ, ਪਰਛਾਵਾਂ ਤਾਂ ਬਣੇਗਾ ਹੀ। ਲੇਕਿਨ ਮਤਲਬ ਬਹੁਤ ਗਹਿਰਾ ਤੇ ਸਾਫ ਹੈ। ਇਸ ਤਰ੍ਹਾਂ ਦੇ ਸੱਚਾਂ ਨੂੰ ਮੈਂ ਕਹਿੰਦਾ ਹਾਂ 'ਕਾਵਿ ਸੱਚ'। ਅਸਲੀਅਤ ਵਿਚ ਮਹਾਂਵੀਰ ਦੇ ਕੋਲ ਜਾ ਕੇ ਦੇਖੋਗੇ, ਤਾਂ ਤੁਸੀਂ ਮੁਸ਼ਕਲ ਵਿਚ ਪਵੋਗੇ। ਪਰਛਾਵਾਂ ਤਾਂ ਉਹਨਾਂ ਦਾ ਹੀ ਬਣੇਗਾ; ਕਿਉਂਕਿ ਜਿਥੇ ਪਰਛਾਵਾਂ ਹੈ, ਉਥੇ ਓਟ ਬਣੇਗੀ। ਅੰਪਰ ਇਹ ਗੱਲ ਅੰਦਰ ਦੇ ਪਰਛਾਵੇਂ ਬਾਬਤ ਹੈ। ਅੰਦਰ ਮਹਾਂਵੀਰ ਦਾ ਕੋਈ ਪਰਛਾਵਾਂ ਨਹੀਂ ਬਣਦਾ। ਉਹ ਜਿਹੜੀ ਸ਼ੈਡੋ ਪਰਸਨਾਲਿਟੀ ਹੈ, ਖੋ ਗਈ। ਹੁਣ ਉਹ ਇਕੱਲੇ ਹਨ, ਹੁਣ ਉਹਨਾਂ ਦੀ ਆਤਮਾ ਹੀ ਹੈ। ਉਸਦੇ ਆਸਪਾਸ ਕੋਈ ਪਰਛਾਵੇਂ ਦਾ ਪਰਦਾ ਨਹੀਂ ਹੈ। ਇਸ ਗੱਲ ਨੂੰ ਕਹਿਣ ਦੇ ਲਈ ਹੀ ਇਹ ਕਥਾ ਹੈ।

ਲੇਕਿਨ ਬੜਾ ਝਗੜਾ ਲੋਕਾਂ ਦੇ ਮਨਾਂ ਵਿਚ ਚੱਲ ਜਾਂਦਾ ਹੈ। ਫਿਰ ਇਸ 'ਤੇ ਹੀ ਲੋਕ ਵਾਦ-ਵਿਵਾਦ ਕਰਦੇ ਰਹਿੰਦੇ ਹਨ ਕਿ ਮਹਾਂਵੀਰ ਦਾ ਪਰਛਾਵਾਂ ਬਣਦਾ ਹੈ ਜਾਂ ਨਹੀਂ ਬਣਦਾ। ਜੇ ਨਹੀਂ ਬਣਦਾ, ਤਾਂ ਉਹ ਤੀਰਥੰਕਰ ਹਨ; ਅਤੇ ਜੇ ਬਣਦਾ ਹੈ, ਤਾਂ ਸਧਾਰਨ ਆਦਮੀ ਹਨ। ਨਹੀਂ ਬਣਦਾ ਹੈ, ਤਾਂ ਤੀਰਥੰਕਰ ਹਨ। ਅਤੇ ਪਰਛਾਵਾਂ ਤਾਂ ਬਣੇਗਾ ਹੀ। ਇਸ ਪਰਛਾਵੇਂ ਤੋਂ ਬਚਣ ਦਾ ਕੋਈ ਉਪਾਅ ਨਹੀਂ। ਬਾਹਰ ਦਾ ਪਰਛਾਵਾਂ ਤਾਂ ਬਣੇਗਾ ਹੀ। ਅੰਦਰ ਦੇ ਪਰਛਾਵੇਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਉਹੀ ਅੰਦਰਲਾ ਪਰਛਾਵਾਂ ਦਿਸਿਆ ਹੈ ਸਾਧਕ ਨੂੰ, ਜਿਸ ਤੋਂ ਮਹਾਂਵੀਰ ਮੁਕਤ ਹੋ ਗਏ ਹਨ।

ਗੁਰੂ ਨੇ ਕਿਹਾ : *'ਇਹ ਰਾਹ ਦੇ ਬਾਹਰ ਤੇਰਾ ਹੀ ਪਰਛਾਵਾਂ ਹੈ, ਤੇਰੇ ਹੀ ਪਾਪਾਂ ਦੇ ਹਨੇਰੇ ਤੋਂ ਬਣਿਆ ਹੋਇਆ।'*

'ਹਾਂ ਪ੍ਰਭੂ, ਮੈਂ ਰਾਹ ਨੂੰ ਦੇਖਦਾ ਹਾਂ। ਇਸਦਾ ਅਧਾਰ ਦਲਦਲ ਵਿਚ ਹੈ ਅਤੇ ਇਸਦਾ ਸਿਖਰ ਨਿਰਵਾਣ ਦੇ ਦਿੱਬ

ਗੌਰਵਪੂਰਤ ਪ੍ਰਕਾਸ਼ ਨਾਲ ਭਰਿਆ ਹੈ। ਅਤੇ ਹੁਣ ਮੈਂ ਗਿਆਨ ਦੇ ਕਠਨ ਤੇ ਕੰਡਿਆਂ-ਭਰੇ ਰਾਹ 'ਤੇ ਲਗਾਤਾਰ ਸੰਕੀਰਨ ਹੁੰਦੇ ਜਾਂਦੇ ਦੁਆਰਾਂ ਨੂੰ ਦੇਖਦਾ ਹਾਂ।'

ਇਸ ਸੂਤਰ ਵਿਚ ਬੜੀ ਪਤੇ ਦੀ ਗੱਲ ਹੈ ਕਿ ਹਾਂ ਪ੍ਰਭੂ, ਮੈਂ ਰਾਹ ਨੂੰ ਦੇਖਦਾ ਹਾਂ। ਇਸਦਾ ਅਧਾਰ ਦਲਦਲ ਵਿਚ ਹੈ ਅਤੇ ਇਸਦਾ ਸਿਖਰ ਨਿਰਵਾਣ ਦੇ ਦਿੱਬ ਤੇ ਗੌਰਵਮਈ ਪ੍ਰਕਾਸ਼ ਨਾਲ ਭਰਿਆ ਹੈ। ਜਿਵੇਂ ਕਿ ਕਦੇ ਤੁਸੀਂ ਕਮਲ ਨੂੰ ਪੈਦਾ ਹੁੰਦੇ ਦੇਖਿਆ ਹੋਵੇ, ਤਾਂ ਉਸ ਦੀਆਂ ਜੜ੍ਹਾਂ ਤਾਂ ਹੁੰਦੀਆਂ ਹਨ ਦਲਦਲ ਵਿਚ, ਮਿੱਟੀ ਵਿਚ, ਅਤੇ ਉਸ ਦੀਆਂ ਪੰਖੜੀਆਂ ਖੁਲ੍ਹਦੀਆਂ ਹਨ ਸੂਰਜ-ਪੂਰਤ ਰੌਸ਼ਨੀ ਦੇ ਜਗਤ ਵਿਚ। ਇਕ ਪਾਸੇ ਜੁੜਿਆ ਹੁੰਦਾ ਹੈ ਪ੍ਰਿਥਵੀ ਦੇ ਦਲਦਲ ਨਾਲ, ਦੂਜੇ ਪਾਸੇ ਜੁੜਿਆ ਹੁੰਦਾ ਹੈ ਪ੍ਰਕਾਸ਼ ਦੇ ਲੋਕ ਨਾਲ।

ਮਨੁੱਖ ਦੀ ਯਾਤਰਾ ਕਮਲ ਦੀ ਯਾਤਰਾ ਹੈ। ਅਤੇ ਕਮਲ ਨੇ ਜੇਕਰ ਪੈਦਾ ਹੋਣਾ ਹੋਵੇ, ਤਾਂ ਦਲਦਲ ਵਿਚ ਹੀ ਪੈਦਾ ਹੋਣਾ ਪਏਗਾ, ਗੰਦੀ ਮਿੱਟੀ ਵਿਚ ਹੀ ਪੈਦਾ ਹੋਣਾ ਪਏਗਾ। ਬੜਾ ਰੂਪ-ਪਰਤਣ ਹੈ, ਬੜੀ ਅਲਕੇਮੀ ਵਾਪਰ ਗਈ। ਕਿਥੇ ਮਿੱਟੀ ਸੀ ਸੜੀ, ਅਤੇ ਕਿਥੇ ਹੁਣ ਕਮਲ ਦੀਆਂ ਕੋਮਲ ਪੰਖੜੀਆਂ ਹਨ। ਸੋਚ ਵੀ ਨਹੀਂ ਸਕਦੇ ਸੀ ਕਿ ਮਿੱਟੀ ਤੋਂ ਅਜੇਹੀਆਂ ਪੰਖੜੀਆਂ ਪੈਦਾ ਹੋਣਗੀਆਂ। ਕਿਥੇ ਸੀ ਮਿੱਟੀ ਪਾਣੀ ਨਾਲ ਭਰੀ ਅਤੇ ਕਿਥੇ ਹੁਣ ਕਮਲ ਦੀਆਂ ਪੰਖੜੀਆਂ ਹਨ ਕਿ ਪਾਣੀ ਉਪਰ ਪਵੇ ਤਾਂ ਵੀ ਛੋਹਦਾ ਨਹੀਂ। ਕਿਥੇ ਦਬਿਆ ਸੀ ਇਹ ਮਿੱਟੀ, ਕਚਰੇ ਵਿਚ, ਅਤੇ ਹੁਣ ਉਠ ਗਿਆ ਹੈ ਅਕਾਸ਼ ਦੇ ਵਲ। ਇਸਦੀ ਮਿੱਟੀ ਨੂੰ ਕੋਈ ਦੇਖਦਾ, ਤਾਂ ਸੁੰਦਰਤਾ ਦਾ ਭਾਵ ਵੀ ਨਾ ਉਠਦਾ। ਅਤੇ ਹੁਣ ਇਸਨੂੰ ਕੋਈ ਦੇਖਦਾ ਹੈ, ਤਾਂ ਸੁਹੱਪਣ ਦਾ ਇਹ ਪ੍ਰਤੀਕ ਬਣ ਗਿਆ ਹੈ। ਇਸਲਈ ਅਸੀਂ ਮਹਾਂਵੀਰ ਦੇ, ਬੁੱਧ ਦੇ, ਵਿਸ਼ਨੂੰ ਦੇ ਚਰਨਾਂ ਵਿਚ ਕਮਲ ਦਾ ਫੁੱਲ ਰਖਿਆ ਹੈ।

ਕਮਲ ਦਾ ਫੁੱਲ ਪ੍ਰਤੀਕ ਹੈ। ਸੰਸਾਰ ਦਲਦਲ ਹੈ, ਲੇਕਿਨ ਉਸ ਨਾਲ ਦੁਸ਼ਮਣੀ ਕਰਨ ਦਾ ਕੋਈ ਪ੍ਰਯੋਜਨ ਨਹੀਂ ਹੈ। ਕਿਉਂਕਿ ਕਮਲ ਦਾ ਫੁੱਲ ਵੀ ਜੇਕਰ ਆਪਣੀ ਮਿੱਟੀ ਨਾਲ ਦੁਸ਼ਮਣੀ ਕਰੇ, ਤਾਂ ਉਠ ਨਹੀਂ ਸਕੇਗਾ। ਉਠਦਾ ਤਾਂ ਉਸੇ ਮਿੱਟੀ ਦੇ ਸਹਾਰੇ ਹੈ। ਉਸੇ ਮਿੱਟੀ ਤੋਂ ਪਾਂਦਾ ਹੈ ਬਲ। ਉਹੀ ਮਿੱਟੀ ਹੈ ਉਸਦਾ ਪ੍ਰਾਣ। ਉਸੇ ਤੋਂ ਖਿੱਚ ਲੈਂਦਾ ਹੈ, ਜੋ ਸਾਰ ਹੈ। ਉਸ ਮਿੱਟੀ ਵਿਚ ਜੋ ਬੇਕਾਰ ਹੈ, ਉਹ ਛਡ ਦਿੰਦਾ ਹੈ ਅਤੇ ਉਸ ਮਿੱਟੀ ਵਿਚ ਜੋ ਸਾਰ ਹੈ, ਉਸਨੂੰ ਖਿੱਚ ਲੈਂਦਾ ਹੈ। ਅਤੇ ਤਦ ਉਸੇ ਮਿੱਟੀ 'ਚੋਂ ਉਹ ਪਰਗਟ ਹੋ ਜਾਂਦਾ ਹੈ, ਜਿਸਨੂੰ ਅਸੀਂ ਸੁਹੱਪਣ ਦਾ ਮੁਜੱਸਮਾ ਆਖੀਏ। ਸਭ ਕਚਰਾ ਹਟ ਜਾਂਦਾ ਹੈ, ਕਾਵਿ ਛਣ-ਛਣ ਕੇ ਬਾਹਰ ਆ ਜਾਂਦਾ ਹੈ, ਸਭ ਵਿਅਰਥ ਛੁੱਟ ਜਾਂਦਾ ਹੈ ਅਤੇ ਸੁਹੱਪਣ ਦਾ ਪੂਰਾ ਰਸ, ਜੀਂਦਾ-ਜਾਗਦਾ ਨਾਚ ਪਰਗਟ ਹੋ ਜਾਂਦਾ ਹੈ।

ਆਦਮੀ ਦੇ ਆਸਪਾਸ ਵੀ ਮਿੱਟੀ ਹੈ ਅਤੇ ਦਲਦਲ ਹੈ। ਸੂਤਰ ਇਹ ਕਹਿ ਰਿਹਾ ਹੈ ਕਿ ਸਾਧਕ ਨੇ ਕਿਹਾ ਕਿ ਮੈਂ ਦੇਖਦਾ ਹਾਂ ਕਿ ਇਹ ਜੋ ਰਾਹ ਹੈ ਇਸਦਾ ਅਰੰਭ ਤਾਂ ਦਲਦਲ ਵਿਚ ਹੈ, ਅੰਨ ਮਿੱਟੀ ਵਿਚ ਹੈ, ਪ੍ਰਿਥਵੀ ਵਿਚ ਹੈ ਅਤੇ

ਇਸਦਾ ਸਿਖਰ ਨਿਰਵਾਣ ਹੈ, ਪ੍ਰਕਾਸ਼-ਪੂਰਤ ਹੈ। ਇਹ ਇਕ ਸਿਰੇ 'ਤੇ ਜੋ ਸੰਸਾਰ ਹੈ, ਉਹੀ ਦੂਜੇ ਸਿਰੇ 'ਤੇ ਮੋਕਸ਼ ਹੈ। ਅਤੇ ਇਕ ਸਿਰੇ 'ਤੇ ਜੋ ਸਰੀਰ ਹੈ, ਉਹੀ ਦੂਜੇ ਸਿਰੇ 'ਤੇ ਆਤਮਾ ਹੈ। ਇਕ ਸਿਰੇ 'ਤੇ ਜਿਸਨੂੰ ਅਸੀਂ ਮਾਯਾ ਦੀ ਤਰ੍ਹਾਂ ਜਾਣਦੇ ਹਾਂ, ਉਹੀ ਦੂਜੇ ਸਿਰੇ 'ਤੇ ਬ੍ਰਹਮ ਦਾ ਪਰਮ ਅਹਿਸਾਸ ਬਣ ਜਾਂਦੀ ਹੈ। ਵਿਰੋਧ ਨਹੀਂ ਹੈ। ਜਗਤ ਵਿਚ ਦਰਅਸਲ ਵਿਰੋਧ ਹੈ ਨਹੀਂ। ਅਤੇ ਜੋ ਵਿਰੋਧ ਦਿਸਦਾ ਹੈ, ਤਾਂ ਇਹਨਾਂ ਦੋ ਵਿਰਾਟ ਸਿਰਿਆਂ ਨੂੰ ਅਸੀਂ ਨਹੀਂ ਜੋੜ ਪਾਂਦੇ ਹਾਂ, ਇਸਲਈ ਇਸਦਾ ਹੈ। ਉਹ ਸਾਡੀ ਅਸਮਰੱਥਤਾ ਹੈ।

ਸਾਡੀ ਸੀਮਾ ਹੈ ਕਿ ਸਾਡੀ ਦ੍ਰਿਸ਼ਟੀ ਛੋਟੀ ਹੈ। ਜਦ ਅਸੀਂ ਸੰਸਾਰ ਨੂੰ ਦੇਖ ਪਾਂਦੇ ਹਾਂ, ਤਾਂ ਅਸੀਂ ਮੋਕਸ਼ ਨੂੰ ਨਹੀਂ ਦੇਖ ਪਾਂਦੇ। ਅਤੇ ਜਦ ਸਾਡੀਆਂ ਅੱਖਾਂ ਮੋਕਸ਼ ਦੇ ਵਲ ਉਠਦੀਆਂ ਹਨ, ਤਦ ਅਸੀਂ ਸੰਸਾਰ ਨੂੰ ਨਹੀਂ ਦੇਖ ਪਾਂਦੇ ਹਾਂ। ਅਤੇ ਜਿਹੜਾ ਪੂਰੇ ਰਾਹ ਨੂੰ ਦੇਖ ਪਾਏਗਾ, ਉਹ ਕਹੇਗਾ ਕਿ ਇਕ ਸਿਰੇ 'ਤੇ ਜੋ ਹਨੇਰਾ ਸੀ, ਉਹੀ ਦੂਜੇ ਸਿਰੇ 'ਤੇ ਪ੍ਰਕਾਸ਼ ਹੋ ਗਿਆ ਅਤੇ ਇਕ ਸਿਰੇ 'ਤੇ ਜੋ ਜ਼ੰਜੀਰਾਂ ਸਨ,ਉਹੀ ਦੂਜੇ ਸਿਰੇ 'ਤੇ ਮੁਕਤੀ ਤੇ ਸੁਤੰਤਰਤਾ ਬਣ ਗਈਆਂ। ਅਤੇ ਅਜੇਹਾ ਜਦ ਕੋਈ ਦੇਖ ਪਾਂਦਾ ਹੈ, ਤਾਂ ਹੀ ਪੂਰੇ ਰਾਹ ਨੂੰ ਦੇਖ ਸਕਦਾ ਹੈ।

'ਹੁਣ ਮੈਂ ਗਿਆਨ ਦੇ ਕਠਨ ਤੇ ਕੰਡਿਆਂ-ਭਰੇ ਰਾਹ 'ਤੇ ਲਗਾਤਾਰ ਸੰਕੀਰਨ ਹੁੰਦੇ ਜਾਂਦੇ ਦੁਆਰਾਂ ਨੂੰ ਵੀ ਦੇਖਦਾ ਹਾਂ।'

...ਅਤੇ ਇਹ ਵੀ ਦੇਖਦਾ ਹਾਂ ਕਿ ਪਹਿਲਾ ਦੁਆਰ ਤਾਂ ਬਹੁਤ ਵਡਾ ਹੈ, ਦੂਜਾ ਦੁਆਰ ਹੋਰ ਛੋਟਾ ਹੈ, ਤੀਜਾ ਦੁਆਰ ਹੋਰ ਛੋਟਾ ਹੈ। ਅਤੇ ਦੁਆਰ ਛੋਟੇ ਹੁੰਦੇ ਚਲੇ ਜਾਂਦੇ ਹਨ। ਲਗਾਤਾਰ ਸੰਕੀਰਨ ਹੁੰਦੇ ਜਾਂਦੇ ਦੁਆਰਾਂ ਨੂੰ ਦੇਖਦਾ ਹਾਂ। ਅਤੇ ਅੰਤਮ ਦੁਆਰ ਤਾਂ ਬਿਲਕੁਲ ਸੰਕੀਰਨ ਹੋ ਜਾਂਦਾ ਹੈ। ਅਤੇ ਜਦ ਮੈਂ ਕਹਿੰਦਾ ਹਾਂ ਬਿਲਕੁਲ ਸੰਕੀਰਨ, ਤਾਂ ਉਸਦਾ ਮਤਲਬ ਕਿ ਤੁਸੀਂ ਜੇਕਰ ਥੋੜ੍ਹੇ-ਜਿਹੇ ਵੀ ਬਚੇ, ਤਾਂ ਉਸ ਵਿਚੋਂ ਦੀ ਪ੍ਰਵੇਸ਼ ਨਹੀਂ ਹੋ ਸਕੇਗਾ।

ਜੀਸਸ ਨੇ ਕਿਹਾ ਹੈ: ਊਠ ਵੀ ਲੰਘ ਸਕਦਾ ਹੈ ਸੂਈ ਦੇ ਨੱਕੇ ਵਿਚੋਂ, ਲੇਕਿਨ ਜੋ ਧਨਵਾਨ ਹਨ,ਉਹ ਮੇਰੇ ਮੋਕਸ਼ ਦੇ ਦੁਆਰ ਵਿਚੋਂ ਨਹੀਂ ਲੰਘ ਸਕਣਗੇ। ਊਠ ਵੀ ਲੰਘ ਸਕਦਾ ਹੈ ਸੂਈ ਦੇ ਛੇਕ ਵਿਚੋਂ, ਪਰ ਉਹ ਜਿਹੜੇ ਧਨਵਾਨ ਹਨ, ਉਹ ਮੇਰੇ ਮੋਕਸ਼ ਦੇ ਦੁਆਰ ਵਿਚੋਂ ਲੰਘ ਨਹੀਂ ਸਕਣਗੇ। ਅਤੇ ਧਨਵਾਨ ਕੌਣ ਨਹੀਂ ਹੈ? ਤੁਸੀਂ ਨਿਰਧਨ ਆਦਮੀ ਦੇਖਿਐ? ਜਿਸਦੇ ਕੋਲ ਕੁਝ ਵੀ ਨਹੀਂ, ਉਹ ਵੀ ਮੰਨ ਕੇ ਚਲਦਾ ਹੈ ਕਿ ਕੁਝ ਉਸਦੇ ਕੋਲ ਹੈ। ਅਤੇ ਅਜੇਹੇ ਵੀ ਲੋਕ ਹਨ, ਜਿਹੜੇ ਆਪਣੀ ਨਿਰਧਨਤਾ ਨੂੰ ਵੀ ਧਨ ਬਣਾ ਲੈਂਦੇ ਹਨ। ਜੇ ਕੋਈ ਆਦਮੀ ਆਪਣੇ ਤਿਆਗ ਦਾ ਮਾਣ ਕਰਦਾ ਹੈ, ਤਾਂ ਇਸਦਾ ਮਤਲਬ ਹੋਇਆ ਉਸਨੇ ਨਿਰਧਨਤਾ ਨੂੰ ਵੀ ਧਨ ਬਣਾ ਲਿਆ। ਉਹ ਵੀ ਮੋਕਸ਼ ਦੇ ਦੁਆਰ 'ਤੇ ਆਕੜ ਕੇ ਖਲੋ ਜਾਏਗਾ ਕਿ ਮੈਂ ਕੋਈ ਛੋਟਾ-ਮੋਟਾ ਆਦਮੀ ਨਹੀਂ ਹਾਂ, ਮੈਂ ਇੰਨਾ ਤਿਆਗ ਕੀਤਾ ਹੈ! ਇਹ ਉਂਨਾ ਤਿਆਗ ਵੀ ਉਸਨੇ ਬੈਂਕ-ਬੈਲੇਂਸ ਬਣਾ ਲਿਆ! ਉਹ ਉਸਨੂੰ ਨਾਲ ਲੈ ਆਇਆ।

ਸੁਣਿਆ ਹੈ ਮੈਂ ਕਿ ਇਕ ਸਮਰਾਟ ਇਕ ਚਰਚ ਵਿਚ ਪ੍ਰਾਰਥਨਾ ਕਰ ਰਿਹਾ ਸੀ। ਕੋਈ ਧਰਮ ਦਾ ਵਡਾ ਦਿਨ ਸੀ ਅਤੇ ਸਾਰੇ ਹੀ ਪ੍ਰਾਰਥਨਾ ਨੂੰ ਆਏ ਸਨ। ਸਮਰਾਟ ਵੀ ਆਇਆ ਸੀ। ਅਤੇ ਫਿਰ ਪ੍ਰਾਰਥਨਾ ਕਰਦਾ-ਕਰਦਾ ਜੋਸ਼ 'ਚ ਚੜ੍ਹ ਗਿਆ, ਜਿਵੇਂ ਕਿ ਅਸੀਂ ਸਾਰੇ ਹੀ ਚੜ੍ਹ ਜਾਂਦੇ ਹਾਂ। ਅਤੇ ਫਿਰ ਉਹ ਜ਼ਰਾ ਜ਼ਿਆਦਾ ਗੱਲਾਂ ਕਹਿਣ ਲਗਿਆ। ਉਹ ਇਹ ਤਕ ਬੋਲ ਗਿਆ ਕਿ ਹੇ ਪ੍ਰਭੂ, ਮੈਂ ਤੇਰੇ ਚਰਨਾਂ ਵਿਚ ਨਿਗੁਣੀ ਤੋਂ ਨਿਗੁਣੀ ਧੂੜ ਹਾਂ, ਮੈਂ ਨਾ-ਕੁਝ ਹਾਂ, ਮੈਂ ਕੁਝ ਵੀ ਨਹੀਂ ਹਾਂ। ਜਦ ਉਹ ਇਹ ਕਹਿ ਰਿਹਾ ਸੀ, ਤਦ ਉਸਨੇ ਦੇਖਿਆ ਕਿ ਕੋਲ ਹੀ ਇਕ ਸਧਾਰਨ ਆਦਮੀ ਵੀ ਪ੍ਰਾਰਥਨਾ ਕਰ ਰਿਹਾ ਹੈ ਅਤੇ ਉਹ ਵੀ ਪ੍ਰਭੂ ਨੂੰ ਕਹਿ ਰਿਹਾ ਹੈ ਕਿ ਮੈਂ ਕੁਝ ਵੀ ਨਹੀਂ ਹਾਂ, ਨਾ-ਕੁਝ ਹਾਂ। ਉਸ ਸਮਰਾਟ ਨੇ ਕਿਹਾ ਕਿ ਸੁਣ, ਇਹ ਕੌਣ ਮੇਰੇ ਨਾਲ ਟਾਕਰਾ ਕਰ ਰਿਹਾ ਹੈ? ਧਿਆਨ ਰਹੇ, ਮੇਰੇ ਰਾਜ ਵਿਚ ਮੇਰੇ ਜਿਹਾ ਨਾ-ਕੁਝ, ਮੈਥੋਂ ਜ਼ਿਆਦਾ ਨਾ-ਕੁਝ ਹੋਰ ਕੋਈ ਵੀ ਨਹੀਂ ਹੈ।

ਅਸੀਂ ਆਪਣੇ ਨਾ-ਹੋਣ ਨੂੰ ਜਾਇਦਾਦ ਤੇ ਧਨ ਬਣਾ ਸਕਦੇ ਹਾਂ! ਇਹ ਸਮਰਾਟ ਇਹ ਵੀ ਬਰਦਾਸ਼ਤ ਨਹੀਂ ਕਰ ਸਕਦਾ ਕਿ ਕੋਈ ਹੋਰ ਵੀ ਹੋਵੇ ਉਸਦੇ ਰਾਜ ਵਿਚ, ਜਿਹੜਾ ਕਹਿ ਸਕੇ ਕਿ ਮੈਂ ਕੁਝ ਵੀ ਨਹੀਂ ਹਾਂ। ਉਸ ਵਿਚ ਵੀ ਸਮਰਾਟ ਹੀ ਅੱਗੇ ਹੋਵੇਗਾ।

ਜੀਸਸ ਦਾ ਮਤਲਬ ਧਨਵਾਨ ਤੋਂ ਇਹ ਨਹੀਂ ਹੈ, ਕਿ ਜਿਨ੍ਹਾਂ ਦੇ ਕੋਲ ਧਨ ਹੈ। ਧਨਵਾਨ ਤੋਂ ਮਤਲਬ ਹੈ ਕਿ ਜਿਸਦੇ ਮਨ ਵਿਚ ਮੈਂ ਕੁਝ ਹਾਂ, ਅਜੇਹਾ ਭਾਵ ਹੈ। ਅਜੇਹਾ ਵਿਅਕਤੀ ਉਸ ਦੁਆਰ ਵਿਚੋਂ ਦੀ ਨਹੀਂ ਲੰਘ ਸਕੇਗਾ।

ਸਾਧਕ ਕਹਿ ਰਿਹਾ ਹੈ ਕਿ ਦੇਖਦਾ ਹਾਂ ਕਿ ਹਰ ਦੁਆਰ ਹੋਰ ਸੰਕੀਰਨ ਹੁੰਦਾ ਚਲਿਆ ਜਾਂਦਾ ਹੈ। ਇਸੇਲਈ ਤਾਂ ਹੰਕਾਰ ਨੂੰ ਛਡਣਾ ਪੈਂਦਾ ਹੈ, ਉਹ ਜੋ ਹਰ ਚੀਜ਼ ਨਾਲ ਜੱਫਾ ਮਾਰਨ ਵਾਂਗ ਮੋਹ ਦਾ ਭਾਵ ਹੈ, ਉਸਨੂੰ ਛਡਣਾ ਪੈਂਦਾ ਹੈ। ਉਹ ਜੋ ਬੋਝ ਅਸੀਂ ਇਕੱਠਾ ਕਰ ਲਿਆ ਹੈ, ਉਸਨੂੰ ਛਡਣਾ ਪੈਂਦਾ ਹੈ। ਕਿਉਂਕਿ ਦੁਆਰ ਸੰਕੀਰਨ ਹੁੰਦੇ ਚਲੇ ਜਾਂਦੇ ਹਨ, ਸੋ ਸਾਨੂੰ ਵੀ ਛੋਟਾ ਹੋਣਾ ਪੈਂਦਾ ਹੈ। ਅਤੇ ਅੰਤਮ ਦੁਆਰ ਤਾਂ ਸ਼ੂੰਨਯ ਹੈ, ਉਸ 'ਚੋਂ ਤਾਂ ਸਿਰਫ ਉਹੀ ਲੰਘ ਪਾਂਦਾ ਹੈ, ਜਿਹੜਾ ਸ਼ੂੰਨਯ ਹੋ ਜਾਂਦਾ ਹੈ। ਅੰਤਮ ਦੁਆਰ ਹੈ ਹੀ ਨਹੀਂ; ਜੇ ਅਸੀਂ ਇਉਂ ਆਖੀਏ, ਕਿਉਂਕਿ ਦੁਆਰ ਕਿਵੇਂ ਕੰਧ ਹੈ; ਇਸ ਵਿਚੋਂ ਦੀ ਉਹੀ ਲੰਘ ਪਾਂਦਾ ਹੈ, ਜੋ ਬਿਲਕੁਲ ਸ਼ੂੰਨਯ ਹੋਵੇ; ਫਿਰ ਉਸਨੂੰ ਕੰਧ ਵੀ ਨਹੀਂ ਰੋਕ ਸਕਦੀ।

ਓ ਲਾਨੂ, ਲਾਨੂ ਤਿੱਬਤੀ ਭਾਸ਼ਾ ਦਾ ਸ਼ਬਦ ਹੈ ਅਤੇ ਉਸਦਾ ਅਰਥ ਹੈ ਸ਼ਿੱਸ਼; ਲੇਕਿਨ ਸਿਰਫ ਸ਼ਿੱਸ਼ ਨਹੀਂ। ਇਸਲਈ ਬਲਾਵੱਟਸਕੀ ਨੇ ਲਾਨੂ ਦਾ ਉਪਯੋਗ ਕੀਤਾ ਹੈ। ਜਿਵੇਂ ਦੁਨੀਆਂ ਦੀ ਕਿਸੇ ਭਾਸ਼ਾ ਵਿਚ ਗੁਰੂ ਵਰਗਾ ਸ਼ਬਦ ਨਹੀਂ, ਉਹੋ-ਜਿਹਾ ਸ਼ਬਦ ਹੀ ਲਾਨੂ ਹੈ। ਟੀਚਰ, ਮਾਸਟਰ ਵਗੈਰਾ ਗੁਰੂ ਦੀ ਮਹਿਮਾ ਨੂੰ ਨਹੀਂ ਅੱਪੜਦੇ। ਉਹਨਾਂ ਤੋਂ ਪਤਾ ਲਗਦਾ ਹੈ, ਜਿਸ ਕੋਲੋਂ ਅਸੀਂ ਕੁਝ ਸਿਖਿਆ। ਗੁਰੂ ਤੋਂ ਪਤਾ ਲਗਦਾ ਹੈ, ਜਿਸਦੇ ਜ਼ਰੀਏ ਅਸੀਂ ਕੁਝ ਹੋਏ, ਸਿਖਿਆ ਨਹੀਂ। ਗੁਰੂ ਦਾ ਅਰਥ ਹੈ : ਜਿਸਦੇ ਦੁਆਰਾ ਅਸੀਂ ਕੁਝ ਹੋਏ, ਜਿਸਦੇ ਦੁਆਰਾ ਅਸੀਂ ਬਦਲੇ; ਜਿਸ ਤੋਂ ਸਾਡਾ ਗਿਆਨ ਨਹੀਂ ਵਧਿਆ,

ਅਸੀਂ ਵਧੇ। ਜਿਸ ਤੋਂ ਅਸੀਂ ਕੁਝ ਹੋਰ ਜ਼ਿਆਦਾ ਜਾਣ ਲਿਆ, ਕੁਝ ਸੂਚਨਾਵਾਂ ਇਕੱਠੀਆਂ ਕਰ ਲਈਆਂ, ਅਜੇਹਾ ਨਹੀਂ—ਬਲਕਿ ਜਿਸਦੇ ਜ਼ਰੀਏ ਸਾਡਾ ਵਜੂਦ ਹੀ ਰੂਪ ਵਟਾ ਗਿਆ। ਉਹ ਗੁਰੂ ਹੈ, ਜਿਸ ਤੋਂ ਸਾਨੂੰ ਨਵਾਂ ਜਨਮ ਮਿਲਿਆ। ਗੁਰੂ ਜਿਹਾ ਸ਼ਬਦ ਦੁਨੀਆਂ ਦੀ ਕਿਸੇ ਭਾਸ਼ਾ ਵਿਚ ਨਹੀਂ, ਲਾਨੂ ਜਿਹਾ ਸ਼ਬਦ ਵੀ ਦੁਨੀਆਂ ਦੀ ਕਿਸੇ ਭਾਸ਼ਾ ਵਿਚ ਨਹੀਂ।

ਲਾਨੂ ਦਾ ਮਤਲਬ ਹੁੰਦਾ ਤਾਂ ਹੈ ਸ਼ਿਸ਼, ਉਵੇਂ ਹੀ ਜਿਵੇਂ ਗੁਰੂ ਦਾ ਮਤਲਬ ਅਧਿਆਪਕ ਹੁੰਦਾ ਹੈ। ਲੇਕਿਨ ਜਿਵੇਂ ਗੁਰੂ ਵਿਚ ਇਕ ਮਹਿਮਾ ਹੈ, ਇਕ ਉਚੇਚਤਾ ਹੈ ਵਜੂਦ ਦਾ ਰੂਪ ਪਰਤਾਉਣ ਦੀ, ਉਵੇਂ ਹੀ ਲਾਨੂ ਵਿਚ ਹੈ। ਲਾਨੂ ਦਾ ਮਤਲਬ ਹੈ ਜੋ ਹੁਣ ਮਿਟਣ ਨੂੰ ਰਾਜ਼ੀ ਹੈ, ਅਜੇਹਾ ਸ਼ਿਸ਼; ਜਿਹੜਾ ਸਿੱਖਣ ਨਹੀਂ ਆਇਆ, ਜਿਹੜਾ ਮਿਟਣ ਆਇਆ ਹੈ। ਜਿਹੜਾ ਮਹਿਜ਼ ਗਿਆਨ ਇਕੱਠਾ ਕਰਨ ਨਹੀਂ ਆਇਆ, ਜਿਹੜਾ ਆਪਣੇ-ਆਪ ਨੂੰ ਬਦਲਣ ਆਇਆ ਹੈ। ਜਿਹੜਾ ਹਰ ਗੱਲ ਦੇ ਲਈ ਰਾਜ਼ੀ ਹੈ। ਉਸਨੂੰ ਗੁਰੂ ਕਹੇ ਕਿ ਤੂੰ ਉਸ ਪਹਾੜ ਤੋਂ ਕੁੱਦ ਜਾ, ਤਾਂ ਉਹ ਕੁੱਦ ਜਾਏਗਾ। ਉਹ ਇਹ ਨਹੀਂ ਪੁਛੇਗਾ: ਕਿਉਂ? ਸ਼ਿਸ਼ ਪੁਛ ਸਕਦਾ ਹੈ, ਕਿਉਂ, ਕਿਉਂਕਿ ਉਹ ਸਿੱਖਣ ਆਇਆ ਹੈ।

ਲਾਨੂ ਦਾ ਅਰਥ ਹੈ : ਜਿਸ ਨੇ ਆਪੇ ਨੂੰ ਪੂਰੀ ਤਰ੍ਹਾਂ ਸਮਰਪਤ ਕਰ ਦਿਤਾ। ਅਤੇ ਕੀ, ਕਿਉਂ, ਹੋਰ ਸਵਾਲ, ਜਿਸਦੇ ਮਨ ਵਿਚ ਨਾ ਰਹੇ। ਜੋ ਨਿਰਪ੍ਰਸ਼ਨ ਹੋ ਕੇ ਚਰਨਾਂ 'ਚ ਗੁਰੂ ਦੇ ਆ ਗਿਆ ਹੈ। ਅਤੇ ਗੁਰੂ ਜੋ ਕਹੇਗਾ, ਉਵੇਂ ਹੀ ਕਰ ਲਏਗਾ। ਉਸਨੇ ਜੇ ਉਹ ਨਰਕ ਵਿਚ ਵੀ ਪਹੁੰਚ ਜਾਵੇ, ਤਾਂ ਇਹ ਨਹੀਂ ਪੁਛੇਗਾ, ਕਿਉਂ। ਉਹ ਪੁਛੇਗਾ ਹੀ ਨਹੀਂ। ਪੁਛਣ ਦੀ ਗੱਲ ਹੀ ਜਿਸਨੇ ਛਡ ਦਿਤੀ। ਇਸਲਈ ਬਲਾਵੱਟਸਕੀ ਨੇ ਤਿੱਬਤੀ ਸ਼ਬਦ ਲਾਨੂ ਦੀ ਵਰਤੋਂ ਕੀਤੀ ਹੈ।

'ਓ ਲਾਨੂ, ਤੂੰ ਠੀਕ ਦੇਖਦਾ ਹੈਂ, ਇਹ ਦੁਆਰ ਮੁਮੁੱਕਛੂ ਨੂੰ ਨਦੀ ਦੇ ਪਾਰ ਦੂਜੇ ਕੰਢੇ ਨਿਰਵਾਣ ਵਿਚ ਪੁਜਾ ਦਿੰਦੇ ਹਨ। ਹਰੇਕ ਦੁਆਰ ਦੀ ਇਕ ਸਵਰਨ-ਕੁੰਜੀ ਹੈ, ਜੋ ਉਸਨੂੰ ਖੋਲ੍ਹਦੀ ਹੈ।'

ਦੂਜੇ ਪਾਰ...।

ਇਸ ਪਾਰ ਅਸੀਂ ਹਾਂ, ਉਸ ਪਾਰ ਸਾਡੀਆਂ ਆਸਾਂ ਦਾ ਲੋਕ ਹੈ। ਅਤੇ ਉਸ ਪਾਰ ਜਾਣ ਦੇ ਲਈ ਨਦੀ ਵਿਚ ਉਤਰਨਾ ਜ਼ਰੂਰੀ ਹੈ। ਲੇਕਿਨ ਬਹੁਤ ਲੋਕ ਅਜੇਹੇ ਹਨ, ਕਬੀਰ ਨੇ ਕਿਹਾ ਹੈ :

ਜਿਨ ਖੋਜਾ ਤਿਨ ਪਾਇਯਾਂ, ਗਹਿਰੇ ਪਾਨੀ ਪੈਠ।
ਮੈਂ ਬੌਰੀ ਖੋਜਨ ਗਈ, ਰਹੀ ਕਿਨਾਰੇ ਬੈਠ।

ਜਿਨ੍ਹਾਂ ਨੇ ਵੀ ਪਾਇਆ ਹੈ ਉਹ ਉਹੀ ਲੋਕ ਹਨ, ਜੋ ਗਹਿਰੇ ਪਾਣੀ ਵਿਚ ਉਤਰੇ ਹਨ। ਮੈਂ ਵੀ ਖੋਜਣ ਗਿਆ, ਲੇਕਿਨ ਮੈਂ ਪਾਗਲ ਹਾਂ ਕਿ ਮੈਂ ਕੰਢੇ ਬੈਠ ਗਿਆ।

ਕੰਢੇ 'ਤੇ ਸੁਰੱਖਿਆ ਹੈ, ਨਦੀ ਵਿਚ ਖ਼ਤਰਾ ਹੈ, ਡੁੱਬ ਜਾਣ ਦਾ ਖ਼ਤਰਾ ਹੈ, ਮਿਟ ਜਾਣ ਦਾ ਖ਼ਤਰਾ ਹੈ। ਕੰਢੇ 'ਤੇ ਸਾਡੀ ਸੰਪਤੀ ਹੈ, ਸੰਪਦਾ ਹੈ। ਨਦੀ ਵਿਚ ਅਸੀਂ ਅਨਜਾਣੇ ਜਗਤ 'ਚ ਉਤਰ ਰਹੇ ਹਾਂ, ਜਿਥੇ ਸਾਡੀ ਕੋਈ ਸੰਪਦਾ ਨਹੀਂ। ਅਤੇ

ਇਹ ਕੰਢਾ ਤਾਂ ਪੱਕਾ ਹੈ ਕਿ ਹੈ, ਉਹ ਦੂਜੇ ਕੰਢੇ ਦਾ ਕੋਈ ਭਰੋਸਾ ਨਹੀਂ ਕਿ ਹੋਵੇ, ਨਾ ਹੋਵੇ—ਉਹ ਦਿਸਦਾ ਵੀ ਨਹੀਂ ਹੈ। ਦੂਰ ਹੈ ਬਹੁਤ। ਅਤੇ ਜਦ ਇਹ ਕੰਢਾ ਬਿਲਕੁਲ ਨਹੀਂ ਦਿਖਾਈ ਪਏਗਾ, ਤਦੇ ਉਹ ਦਿਸਣਾ ਸ਼ੁਰੂ ਹੋਵੇਗਾ। ਅਤੇ ਉੰਨਾ ਦੂਰ ਜਾਣ ਦੀ ਹਿੰਮਤ—ਜਿਥੇ ਕਿ ਆਪਣਾ ਜਾਣਿਆ—ਪਛਾਣਿਆ ਕੰਢਾ ਵੀ ਦਿਸਣਾ ਬੰਦ ਹੋ ਜਾਵੇ, ਜਿਹੜਾ ਜੁਟਾ ਲੈਂਦਾ ਹੈ, ਉਸੇ ਦਾ ਨਾਂ ਹੈ ਲਾਨੂ, ਉਸੇ ਦਾ ਨਾਂ ਹੈ ਸ਼ਿਸ਼।

'ਓ ਲਾਨੂ, ਤੂੰ ਠੀਕ ਦੇਖਦਾ ਹੈਂ...' ਅਤੇ ਲਾਨੂ ਹਮੇਸ਼ਾ ਹੀ ਠੀਕ ਦੇਖਦਾ ਹੈ, ਕਿਉਂਕਿ ਦੇਖਣ ਵਿਚ ਜੋ ਰੁਕਾਵਟ ਸੀ, ਹੌਸਲੇ ਦੀ ਜਿਹੜੀ ਕਮੀ ਸੀ, ਸੁਰੱਖਿਆ ਦਾ ਜੋ ਮੋਹ ਸੀ, ਬਚਾਅ ਦੀ ਜੋ ਇੱਛਿਆ ਸੀ, ਉਸਨੂੰ ਜਿਸਨੇ ਛਡ ਦਿਤਾ, ਉਸਦੇ ਦੇਖਣ 'ਚ ਕੋਈ ਰੁਕਾਵਟ ਨਹੀਂ ਰਹਿ ਗਈ। ਉਸਦੀ ਦ੍ਰਿਸ਼ਟੀ ਸਾਫ਼ ਅਤੇ ਸਿੱਧੀ ਹੋ ਜਾਂਦੀ ਹੈ, ਉਹ ਦੂਰ ਤਕ ਦੇਖਣ ਲਗਦਾ ਹੈ। ਉਥੇ ਦਿਸਣ ਲਗ ਪਿਆ ਹੈ ਉਸਨੂੰ ਉਹ ਸਭ, ਜੋ ਕਲ੍ਹ ਹੋਵੇਗਾ। ਭਵਿੱਖ ਉਸਦੇ ਨਜ਼ਦੀਕ ਆ ਜਾਂਦਾ ਹੈ। ਉਸਦੇ ਵਰਤਮਾਨ ਵਿਚ ਸਮਾ ਜਾਂਦਾ ਹੈ। ਅਤੇ ਵਰਤਮਾਨ ਭਵਿੱਖ ਨੂੰ ਆਪਣੇ ਵਿਚ ਲੈ ਲੈਂਦਾ ਹੈ।

'ਓ ਲਾਨੂ, ਤੂੰ ਠੀਕ ਦੇਖਦਾ ਹੈਂ, ਇਹ ਦੂਜੇ ਕੰਢੇ 'ਤੇ ਜੋ ਨਿਰਵਾਣ ਦਾ ਲੋਕ ਹੈ, ਉਸਦੇ ਹਰੇਕ ਦੁਆਰ ਦੀ ਇਕ ਸਵਰਨ—ਕੁੰਜੀ ਹੈ।'

ਇਹ ਸਵਰਨ—ਕੁੰਜੀਆਂ ਸੱਤ ਹਨ।

ਦਾਨ : ਪਹਿਲੀ ਸਵਰਨ—ਕੁੰਜੀ ਹੈ, ਉਦਾਰਤਾ ਤੇ ਅਮਰ ਪ੍ਰੇਮ ਦੀ ਕੁੰਜੀ।

ਥੋੜ੍ਹਾ—ਥੋੜ੍ਹਾ ਇਕ—ਇਕ ਕੁੰਜੀ ਦੇ ਸਬੰਧ ਵਿਚ ਸਮਝ ਲਵੋ।

ਉਹਨਾਂ ਦਾ ਖ਼ਿਆਲ ਤੁਹਾਡੇ ਮਨਸ ਵਿਚ ਬੈਠ ਜਾਵੇ ਅਤੇ ਉਸਦੇ ਅਨੁਸਾਰ ਤੁਹਾਡੇ ਜੀਵਨ ਵਿਚ ਜ਼ਰਾ ਝਲਕ ਉਠਣ ਲਗੇ, ਤਾਂ ਤੁਹਾਡਾ ਕਮਲ ਵੀ ਚਿੱਕੜ ਦੇ ਬਾਹਰ ਨਿਕਲਣਾ ਸ਼ੁਰੂ ਹੋ ਜਾਏਗਾ।

ਦਾਨ ਦਾ ਅਰਥ ਹੈ : ਦੇਣ ਦਾ ਭਾਵ।

ਫਿਰ ਦੇਣ ਦੀ ਗੱਲ ਤਾਂ ਆਪਣੇ—ਆਪ ਉਸ 'ਚੋਂ ਨਿਕਲ ਆਉਂਦੀ ਹੈ, ਪਰ ਦੇਣ ਦਾ ਭਾਵ ਮੂਲ ਵਿਚ ਹੈ। ਅਤੇ ਧਿਆਨ ਰਹੇ, ਦੇਣਾ ਉੰਨਾ ਜ਼ਰੂਰੀ ਨਹੀਂ, ਜਿੰਨਾ ਦੇਣ ਦਾ ਭਾਵ ਜ਼ਰੂਰੀ ਹੈ। ਫਿਰ ਦੇਣਾ ਤਾਂ ਉਸਦੇ ਪਿਛੇ ਚਲਿਆ ਆਉਂਦਾ ਹੈ। ਅਤੇ ਕਈ ਵਾਰ ਅਸੀਂ ਦੇ ਵੀ ਦਿੰਦੇ ਹਾਂ, ਲੇਕਿਨ ਦੇਣ ਦਾ ਭਾਵ ਬਿਲਕੁਲ ਨਹੀਂ ਹੁੰਦਾ ਹੈ। ਅਤੇ ਤਦ ਦਾਨ ਝੂਠਾ ਹੁੰਦਾ ਹੈ। ਅਸੀਂ ਦਿੰਦੇ ਹਾਂ, ਪਰ ਅਸੀਂ ਦਿੰਦੇ ਹੀ ਤਦੇ ਹਾਂ, ਜਦ ਅਸੀਂ ਦੇਣ ਦੇ ਪਿਛੇ ਕੁਝ ਚਾਹੁੰਦੇ ਹਾਂ। ਉਸ ਵਿਚ ਵੀ ਸੌਦਾ ਹੁੰਦਾ ਹੈ। ਇਕ ਆਦਮੀ ਕੁਝ ਦਾਨ ਕਰ ਦਿੰਦਾ ਹੈ, ਤਾਂ ਸੋਚਦਾ ਹੈ ਕਿ ਧਰਮ ਜਾਂ ਪੁੰਨ ਹੋਵੇਗਾ; ਤਾਂ ਸੋਚਦਾ ਹੈ ਕਿ ਸਵਰਗ ਮਿਲੇਗਾ, ਤਾਂ ਸੋਚਦਾ ਹੈ ਕਿ ਪਰਮਾਤਮਾ ਇਸਦੇ ਵੱਟੇ 'ਚ ਕੁਝ ਦੇਵੇਗਾ। ਲੈਣ 'ਤੇ ਹੀ ਉਸਦੀ ਨਜ਼ਰ ਹੈ। ਦੇਣਾ ਜੇਕਰ ਹੈ ਵੀ ਤਾਂ ਸੌਦਾ ਹੈ। ਤਾਂ ਫਿਰ ਦਾਨ ਨਹੀਂ ਰਿਹਾ।

ਦਾਨ ਦਾ ਅਰਥ ਹੈ : ਦੇਣ ਵਿਚ ਅਨੰਦ।

ਦੇਣਾ ਹੀ ਅਨੰਦ ਹੈ, ਉਸਦੇ ਕੋਲ ਲੈਣ ਦਾ ਕੋਈ ਭਾਵ ਨਹੀਂ ਹੈ। ਅਜੇਹਾ ਨਹੀਂ ਕਿ ਨਹੀਂ ਮਿਲੇਗਾ, ਬਹੁਤ ਮਿਲੇਗਾ। ਸੱਚ ਤਾਂ ਇਹ ਹੈ ਕਿ ਦੇਣ ਦੇ ਭਾਵ ਨਾਲ ਹੀ ਜਿਹੜਾ ਦੇਵੇਗਾ, ਬਿਨਾਂ ਸੌਦੇ ਤੋਂ ਦੇਵੇਗਾ, ਉਸਨੂੰ ਅਨੰਤ ਗੁਣਾ ਮਿਲੇਗਾ। ਲੇਕਿਨ ਇਹ ਅਨੰਤ ਗੁਣਾ ਮਿਲਣਾ ਨਿਸ਼ਾਨਾ ਨਹੀਂ ਹੋਣਾ ਚਾਹੀਦਾ। ਇਹ ਦ੍ਰਿਸ਼ਟੀ ਨਹੀਂ ਹੋਣੀ ਚਾਹੀਦੀ, ਇਹ ਸਾਡੀ ਵਾਸਨਾ ਨਹੀਂ ਹੋਣੀ ਚਾਹੀਦੀ। ਇਹ ਸਹਿਜ ਸਿੱਟਾ ਹੈ, ਜੋ ਪਰਗਟ ਹੁੰਦਾ ਹੈ।

ਸੂਰਜ ਨਿਕਲਦਾ ਹੈ, ਫੁੱਲ ਖਿੜ ਜਾਂਦੇ ਹਨ। ਸੂਰਜ ਕੋਈ ਫੁੱਲਾਂ ਨੂੰ ਖਿੜਾਉਣ ਖ਼ਾਤਰ ਨਹੀਂ ਨਿਕਲਦਾ। ਅਤੇ ਫੁੱਲਾਂ ਨੂੰ ਖਿੜਾਉਣ ਖ਼ਾਤਰ ਕਿਸੇ ਦਿਨ ਨਿਕਲੇ, ਤਾਂ ਬਹੁਤ ਸ਼ੱਕ ਹੈ ਕਿ ਫੁੱਲ ਖਿੜਨ। ਅਤੇ ਸੂਰਜ ਜੇਕਰ ਇਕ–ਇਕ ਫੁੱਲ ਨੂੰ ਫੜ ਕੇ ਖਿੜਾਉਣ ਦੀ ਕੋਸ਼ਿਸ਼ ਕਰੇ, ਤਾਂ ਬਹੁਤ ਮੁਸ਼ਕਲ 'ਚ ਪੈ ਜਾਵੇ, ਸ਼ਾਮ ਹੁੰਦੇ–ਹੁੰਦੇ ਸਦਾ ਲਈ ਥੱਕ ਜਾਵੇ। ਫੁੱਲ ਖਿੜਦੇ ਹਨ, ਇਹ ਸੂਰਜ ਦੇ ਨਿਕਲਣ ਵਿਚ ਹੀ ਖਿੜ ਜਾਂਦੇ ਹਨ। ਦਾਨ 'ਚ ਹੀ ਮਿਲ ਜਾਂਦਾ ਹੈ ਸਭ–ਕੁਝ। ਜੋ ਦਿੱਤਾ ਹੈ ਉਹ ਨਾ–ਕੁਝ ਹੈ; ਜੋ ਮਿਲਦਾ ਹੈ, ਉਹ ਬਹੁਤ ਹੈ। ਲੇਕਿਨ ਮਿਲਣ ਦੀ ਧਾਰਨਾ ਜੇਕਰ ਮਨ ਵਿਚ ਹੋਵੇ, ਤਾਂ ਦਾਨ ਨਹੀਂ ਹੋ ਪਾਂਦਾ। ਦੇਣਾ ਹੋਵੇ ਸ਼ੁੱਧ। ਅਤੇ ਦੇਣਾ ਕਦੋਂ ਹੁੰਦਾ ਹੈ ਸ਼ੁੱਧ? ਜਦ ਸਾਨੂੰ ਦੇਣ 'ਚ ਹੀ ਅਨੰਦ ਮਿਲਦਾ ਹੈ।

ਦਾਨ ਦਾ ਅਰਥ ਹੈ : ਉਦਾਰਤਾ ਅਤੇ ਪ੍ਰੇਮ–ਦੇਣ ਦਾ ਭਾਵ।

ਦੂਜੀ ਕੁੰਜੀ ਹੈ ਸ਼ੀਲ : ਵਚਨ ਅਤੇ ਕਰਮ ਦੀ ਲੈਅਬੱਧਤਾ।

ਉਹ ਜੋ ਅਸੀਂ ਆਖੀਏ, ਉਹ ਜੋ ਅਸੀਂ ਸੋਚੀ, ਉਹੀ ਸਾਡੀ ਸ਼ਖ਼ਸੀਅਤ ਵਿਚ ਵੀ ਝਲਕੇ। ਸਾਡੀ ਸ਼ਖ਼ਸੀਅਤ ਸਾਡੇ ਉਲਟ ਨਾ ਹੋਵੇ, ਕਿ ਇਕ ਲੈਅ ਹੋਵੇ, ਇਕ ਸੰਗੀਤ ਹੋਵੇ। ਕੋਈ ਫ਼ਿਕਰ ਨਹੀਂ ਕਿ ਤੁਸੀਂ ਕੀ ਸੋਚਦੇ ਹੋ। ਵਡਾ ਸਵਾਲ ਇਹ ਨਹੀਂ ਕਿ ਤੁਸੀਂ ਕੀ ਸੋਚਦੇ ਹੋ, ਵਡਾ ਸਵਾਲ ਇਹ ਹੈ ਕਿ ਜੋ ਤੁਸੀਂ ਸੋਚੋ ਤੇ ਕਹੋ, ਉਸਦਾ ਅਕਸ ਤੁਹਾਡੀ ਸ਼ਖ਼ਸੀਅਤ ਵਿਚ ਵੀ ਹੋਵੇ। ਜਾਂ ਫਿਰ ਜੋ ਤੁਹਾਡੀ ਸ਼ਖ਼ਸੀਅਤ ਵਿਚ ਹੋਵੇ, ਉਹੀ ਤੁਸੀਂ ਕਹੋ, ਉਹੀ ਤੁਸੀਂ ਸੋਚੋ।

ਇਕ ਚੋਰ ਵੀ ਸ਼ੀਲ ਨੂੰ ਅੱਪੜ ਸਕਦਾ ਹੈ, ਲੇਕਿਨ ਤਦ ਚੋਰੀ ਨੂੰ ਛੁਪਾਏਗਾ ਨਹੀਂ। ਅਤੇ ਤਦ ਚੋਰੀ ਹੀ ਉਸਦਾ ਵਿਚਾਰ ਵੀ ਹੋਵੇ, ਚੋਰੀ ਹੀ ਉਸਦਾ ਵਚਨ ਵੀ ਹੋਵੇ ਅਤੇ ਚੋਰੀ ਹੀ ਉਸਦਾ ਕਰਮ ਵੀ ਹੋਵੇ। ਅਤੇ ਬੜੀ ਹੈਰਾਨੀ ਦੀ ਇਹ ਗੱਲ ਹੈ ਕਿ ਚੋਰ ਇੰਨਾ ਲੈਅਬੱਧ ਹੋਵੇ, ਤਾਂ ਚੋਰੀ ਆਪਣੇ–ਆਪ ਅਸੰਭਵ ਹੋ ਜਾਂਦੀ ਹੈ। ਕਿਉਂਕਿ ਇੰਨੇ ਸੰਗੀਤ ਨਾਲ ਦੂਜੇ ਨੂੰ ਨੁਕਸਾਨ ਪੁਜਾਉਣ ਦੀ ਗੱਲ ਹੀ ਨਹੀਂ ਉਠਦੀ। ਇੰਨੀ ਗਹਿਰੀ ਲੈਅਬੱਧਤਾ ਨਾਲ ਕਿਸੇ ਨੂੰ ਹਾਨੀ ਪੁਜਾਉਣ ਦਾ ਖ਼ਿਆਲ ਵੀ ਨਹੀਂ ਉਠਦਾ। ਤਾਂ ਚੋਰ ਨੂੰ ਇਹ ਨਹੀਂ ਕਿਹਾ ਜਾਣਾ ਚਾਹੀਦਾ ਕਿ ਤੂੰ ਚੋਰੀ ਨਾ ਕਰ। ਉਸਨੂੰ ਇਹੀ ਕਿਹਾ ਜਾਣਾ ਚਾਹੀਦਾ ਹੈ ਕਿ ਤੂੰ ਜੇ ਚੋਰੀ ਕਰਨੀ ਹੈ ਤਾਂ ਚੋਰੀ ਕਰ, ਪਰ ਫਿਰ ਚੋਰੀ ਨੂੰ ਹੀ ਠੀਕ ਮੰਨ, ਚੋਰੀ ਦਾ ਹੀ ਵਿਚਾਰ ਕਰ, ਚੋਰੀ ਨੂੰ ਛੁਪਾ ਨਾ ਅਤੇ ਚੋਰੀ ਦੇ ਨਾਲ ਇਕ ਲੈਅਬੱਧ ਹੋ ਜਾ। ਅਸੰਭਵ ਹੋ ਜਾਏਗੀ ਚੋਰੀ।

ਸ਼ੀਲ ਦਾ ਅਰਥ ਹੈ ਕਿ ਸਾਡੇ ਅੰਦਰ ਅਤੇ ਬਾਹਰ ਵਿਚ ਇਕ ਸੰਗੀਤ ਹੋਵੇ।

ਜੇਕਰ ਤੁਹਾਨੂੰ ਅੰਦਰ ਜੋ ਹੈ, ਉਵੇਂ ਤੁਸੀਂ ਬਾਹਰ ਨਾ ਬਣਾ ਸਕੋ, ਤਾਂ ਜਿਵੇਂ ਤੁਹਾਡਾ ਬਾਹਰ ਹੈ, ਉਵੇਂ ਦਾ ਤੁਸੀਂ ਅੰਦਰ ਬਣਾ ਲਵੋ। ਅਤੇ ਜਿਥੇ-ਜਿਥੇ ਤੁਹਾਨੂੰ ਲਗਦਾ ਹੋਵੇ ਕਿ ਅੰਦਰ ਵਿਰੋਧ ਹੈ, ਉਥੇ-ਉਥੇ ਵਿਰੋਧ ਨੂੰ ਬਦਲ ਦਿਉ ਤੇ ਇਕ ਲੈਅਬੱਧਤਾ ਲੈ ਆਉ।

ਲੈਅਬੱਧ ਸ਼ਖਸੀਅਤ ਹੀ, ਸਾਧਨਾ ਦੇ ਜਗਤ ਵਿਚ ਪ੍ਰਵੇਸ਼ ਕਰ ਪਾਂਦੀ ਹੈ।

ਲੇਕਿਨ ਸਾਡੀ ਜੋ ਸ਼ਖਸੀਅਤ ਹੈ, ਉਸ ਵਿਚ ਕਿੰਨੇ ਉਪੱਦਰ ਹਨ! ਅਜੇਹਾ ਵੀ ਨਹੀਂ ਕਿ ਅਸੀਂ ਜੋ ਸੋਚਦੇ ਹਾਂ, ਉਵੇਂ ਕਰਦੇ ਨਹੀਂ ਹਾਂ। ਜੋ ਅਸੀਂ ਸੋਚਦੇ ਹਾਂ, ਉਹ ਵੀ ਪੱਕਾ ਨਹੀਂ ਕਿ ਅਸੀਂ ਉਵੇਂ ਹੀ ਸੋਚਦੇ ਹਾਂ। ਉਸਦੇ ਅੰਦਰ ਵੀ ਪਰਤਾਂ ਹਨ, ਅਚੇਤਨ ਪਰਤਾਂ ਹਨ। ਅਸੀਂ ਉਵੇਂ ਸੋਚਦੇ ਵੀ ਨਹੀਂ ਹਾਂ। ਜੋ ਅਸੀਂ ਸੋਚਦੇ ਹਾਂ, ਉਵੇਂ-ਜਿਵੇਂ ਅਸੀਂ ਕਹਿੰਦੇ ਨਹੀਂ ਹਾਂ। ਅਜੇਹਾ ਵੀ ਨਹੀਂ ਹੈ, ਕਿ ਜੋ ਅਸੀਂ ਕਹਿਣਾ ਚਾਹੁੰਦੇ ਹਾਂ, ਉਹ ਵੀ ਨਹੀਂ ਕਹਿੰਦੇ ਹਾਂ। ਅਤੇ ਬਹੁਤ ਵਾਰ ਅਸੀਂ ਅਜੇਹੀਆਂ ਗੱਲਾਂ ਕਹਿ ਦਿੰਦੇ ਹਾਂ, ਜੋ ਅਸੀਂ ਕਹਿਣੀਆਂ ਹੀ ਨਹੀਂ ਚਾਹੁੰਦੇ। ਅਤੇ ਜੋ ਅਸੀਂ ਕਰਦੇ ਹਾਂ, ਉਹ ਤਾਂ ਬਹੁਤ ਦੂਰ ਹੈ।

ਇਕ-ਇਕ ਆਦਮੀ ਬਹੁਤ ਆਦਮੀਆਂ ਦੀ ਭੀੜ ਹੈ। ਸਵੇਰੇ ਉਸਨੂੰ ਮਿਲੋ, ਉਹ ਕੋਈ ਹੋਰ ਹੈ, ਦੁਪਹਿਰੇ ਉਸਨੂੰ ਮਿਲੋ ਉਹ ਕੋਈ ਹੋਰ ਹੈ; ਸ਼ਾਮੀਂ ਉਸਨੂੰ ਮਿਲੋ, ਉਹ ਕੋਈ ਹੋਰ ਹੈ। ਤੁਸੀਂ ਇਕ ਹੀ ਆਦਮੀ ਨਾਲ ਨਹੀਂ ਮਿਲਦੇ ਹੋ; ਚੇਹਰੇ ਦਿਨ-ਭਰ ਬਦਲਦੇ ਚਲੇ ਜਾਂਦੇ ਹਨ। ਇਹਨਾਂ ਚੇਹਰਿਆਂ ਦੀ ਭੀੜ ਵਿਚ ਕਿਵੇਂ ਹੋਵੇ ਸ਼ਾਂਤੀ ਪਰਗਟ?

ਅਤੇ ਇਸਲਈ ਨਹੀਂ ਕਿ ਦੂਜੇ ਦਾ ਹਿਤ ਹੋਵੇਗਾ, ਇਸਲਈ ਤੁਸੀਂ ਆਪਣੇ ਵਚਨ ਤੇ ਕਰਮ ਨੂੰ ਇਕ-ਬੱਧ ਕਰ ਲਵੋ। ਦੂਜੇ ਤਕ ਸਰੋਕਾਰ ਨਹੀਂ, ਤੁਹਾਡਾ ਹੀ ਹਿਤ ਹੈ। ਅਸੀਂ ਸਾਰੇ ਅਨੰਦ ਭਾਲਦੇ ਹਾਂ। ਅਤੇ ਬਿਨਾਂ ਇਕ ਮੌਲਿਕ ਲੈਅਬੱਧਤਾ ਦੇ ਅਨੰਦ ਅਸੰਭਵ ਹੈ।

ਰੂਸੋ ਕੁਸਿਯਨ ਇਕ ਗੁਪਤ ਸਮੂਹ ਹੈ ਸਾਧਕਾਂ ਦਾ। ਉਹਨਾਂ ਨੇ ਤਾਂ ਸਾਧਕ ਦਾ ਨਾਂ ਹੀ ਰਖਿਆ ਹੈ, ਹਾਰਮੋਨਿਯਮ। ਅਤੇ ਜਦ ਤਕ ਕੋਈ ਸਾਧਕ ਹਾਰਮੋਨਿਯਮ ਨਾ ਹੋ ਜਾਵੇ, ਤਦ ਤਕ, ਉਹ ਕਹਿੰਦੇ ਹਨ, ਅੱਗੇ ਵੱਧਣ ਦਾ ਕੋਈ ਉਪਾਅ ਨਹੀਂ ਹੈ।

ਤੀਜੀ ਕੁੰਜੀ ਹੈ : ਛਾਂਤੀ।

ਛਾਂਤੀ ਬੋਧੀ ਸ਼ਬਦ ਹੈ, ਉਸਦਾ ਅਰਥ ਹੈ : ਧੀਰਜ। ਪਰ ਧੀਰਜ ਵਿਚ ਥੋੜ੍ਹਾ-ਜਿਹਾ ਫਰਕ ਹੈ। ਜੇ ਕੋਈ ਤੁਹਾਡੀ ਹੱਤਿਆ ਕਰ ਰਿਹਾ ਹੋਵੇ, ਬੁੱਧ ਨੇ ਕਿਹਾ ਹੈ, ਤਾਂ ਧੀਰਜ ਰਖਣਾ ਬਹੁਤ ਅਸਾਨ ਹੈ। ਜਿੰਨਾ ਵਡਾ ਉਪੱਦਰ ਹੋਵੇ, ਉਨਾ ਧੀਰਜ ਅਸਾਨ ਹੈ। ਕੋਈ ਤੁਹਾਡੀ ਗਰਦਨ ਨੂੰ ਫਾਂਸੀ 'ਤੇ ਲਮਕਾ ਰਿਹਾ ਹੋਵੇ, ਤਾਂ ਧੀਰਜ ਰਖਣਾ ਸੌਖਾ ਹੈ। ਅਤੇ ਇਕ ਕੀੜੀ ਤੁਹਾਡੇ ਪੈਰ 'ਤੇ ਲੜ ਰਹੀ ਹੋਵੇ, ਤਾਂ ਧੀਰਜ ਰਖਣਾ ਮੁਸ਼ਕਲ ਹੈ। ਬੁੱਧ ਨੇ ਕਿਹਾ ਹੈ ਕਿ ਛੋਟੀਆਂ ਚੀਜ਼ਾਂ ਵਿਚ

ਧੀਰਜ ਰਖਣਾ ਮੁਸ਼ਕਲ ਹੈ; ਵਡੀਆਂ ਚੀਜ਼ਾਂ ਵਿਚ ਧੀਰਜ ਰਖਣਾ ਅਸਾਨ ਹੈ। ਕਿਉਂਕਿ ਵਡੀਆਂ ਚੀਜ਼ਾਂ ਵਿਚ ਧੀਰਜ ਰਖਣ 'ਚ ਹੰਕਾਰ ਦੀ ਤ੍ਰਿਪਤੀ ਹੋ ਸਕਦੀ ਹੈ, ਛੋਟੀਆਂ ਚੀਜ਼ਾਂ ਵਿਚ ਧੀਰਜ ਰਖਣ ਨਾਲ ਹੰਕਾਰ ਦੀ ਕੋਈ ਤ੍ਰਿਪਤੀ ਨਹੀਂ ਹੁੰਦੀ।

ਛਾਂਤੀ ਦਾ ਅਰਥ ਹੈ : ਛੋਟੀਆਂ ਗੱਲਾਂ ਵਿਚ ਧੀਰਜ, ਬਹੁਤ ਨਿਗੂਣੀਆਂ ਗੱਲਾਂ ਵਿਚ ਧੀਰਜ।

ਤੁਹਾਡੇ ਉਪਰ ਪਹਾੜ ਡਿਗ ਪਵੇ, ਤੁਸੀਂ ਬਰਦਾਸ਼ਤ ਕਰ ਸਕਦੇ ਹੋ; ਕਿਉਂਕਿ ਇਹ ਵੀ ਕੀ ਕੋਈ ਘਟ ਮਜ਼ਾ ਹੈ ਕਿ ਇੰਨੇ ਵਡੇ ਪਹਾੜ ਨੇ ਤੁਹਾਨੂੰ ਚੁਣਿਆ ਡਿਗਣ ਦੇ ਲਈ। ਲੇਕਿਨ ਕੋਈ ਇਕ ਮਟਕੀ ਤੁਹਾਡੇ ਉਪਰ ਲਮਕਾ ਦੇਵੇ ਅਤੇ ਇਕ-ਇਕ ਬੂੰਦ ਪਾਣੀ ਟਪਕਦਾ ਰਹੇ—ਜਿਵੇਂ ਕਿ ਸ਼ੰਕਰ ਜੀ ਨੂੰ ਲੋਕ ਸਤਾਉਂਦੇ ਹਨ—ਟਪ, ਟਪ, ਟਪ—ਤੁਸੀਂ ਪਾਗਲ ਹੋ ਜਾਉਗੇ।

ਚੀਨ ਵਿਚ ਉਹ ਵਰਤਦੇ ਸਨ ਇਹ ਢੰਗ ਕੈਦੀਆਂ ਨੂੰ ਸਤਾਉਣ ਖ਼ਾਤਰ। ਕੈਦੀਆਂ ਦੇ ਸਿਰ ਉਪਰ ਮਟਕੀ ਬੰਨ੍ਹ ਦੇਣਗੇ, ਉਸ ਵਿਚੋਂ ਇਕ-ਇਕ ਬੂੰਦ ਚੌਵੀ ਘੰਟੇ ਟਪਕਦੀ ਰਹੇਗੀ। ਗਰਦਨ ਕੱਟ ਦੇਣ ਨਾਲੋਂ ਜ਼ਿਆਦਾ ਮੁਸ਼ਕਲ ਹੈ। ਕਿਉਂਕਿ ਗਰਦਨ ਇਕ ਛਿਨ ਵਿਚ ਕੱਟੀ ਜਾਂਦੀ ਹੈ ਅਤੇ ਇਹ ਬੂੰਦ ਟਪਕ ਸਕਦੀ ਹੈ ਜ਼ਿੰਦਗੀ-ਭਰ। ਅਤੇ ਰਾਤ-ਦਿਨ ਟਪ-ਟਪ ਸਿਰ 'ਤੇ ਬੂੰਦ ਟਪਕਦੀ ਰਹੇ, ਉਸ ਸਮੇਂ ਵੀ ਧੀਰਜ ਰਖ ਸਕੋ ਤੁਸੀਂ, ਉਸਦਾ ਨਾਂ ਹੈ ਛਾਂਤੀ। ਛੋਟੀਆਂ ਗੱਲਾਂ ਵਿਚ ਧੀਰਜ। ਕਿਉਂਕਿ ਬੁੱਧ ਨੇ ਕਿਹਾ ਹੈ : ਵਡੀਆਂ ਗੱਲਾਂ ਵਿਚ ਧੀਰਜ ਤਾਂ ਰਖਿਆ ਜਾ ਸਕਦਾ ਹੈ, ਹੰਕਾਰ ਦੇ ਲਈ ਸੁਖਾਲਾ ਹੈ , ਛੋਟੀਆਂ ਗੱਲਾਂ ਵਿਚ ਧੀਰਜ ਨਹੀਂ ਰਖਿਆ ਜਾ ਸਕਦਾ। ਕਿਉਂਕਿ ਛੋਟੀਆਂ ਗੱਲਾਂ ਨਾਲ ਹੰਕਾਰ ਦੀ ਕੋਈ ਤ੍ਰਿਪਤੀ ਹੀ ਨਹੀਂ ਹੁੰਦੀ ਹੈ।

ਛਾਂਤੀ : ਮਿੱਠੀ ਧੀਰਜ, ਜਿਸਨੂੰ ਕੁਝ ਵੀ ਡੁਲਾ ਨਹੀਂ ਸਕਦਾ ਹੈ।

ਨਾਲ ਹੀ ਇਕ ਸ਼ਰਤ ਹੋਰ ਹੈ ਛਾਂਤੀ ਵਿਚ—ਮਿੱਠਤ ਦੀ। ਤੁਸੀਂ ਕਠੋਰ ਹੋ ਕੇ ਧੀਰਜ ਰਖ ਸਕਦੇ ਹੋ। ਐਪਰ ਤਦ ਜਿਹੜੀ ਖ਼ੂਬੀ ਸੀ, ਉਹ ਚਲੀ ਗਈ। ਕਠੋਰ ਹੋ ਕੇ ਧੀਰਜ ਰਖਣਾ ਅਸਾਨ ਹੈ, ਕਿਉਂਕਿ ਤੁਸੀਂ ਕਠੋਰਤਾ ਦੀ ਇਕ ਕੰਧ ਖੜ੍ਹੀ ਕਰ ਲਈ ਆਪਣੇ ਚਾਰੇ ਪਾਸੇ, ਜੋ ਤੁਹਾਡੀ ਸੁਰੱਖਿਆ ਕਰੇਗੀ। ਲੇਕਿਨ ਮਿੱਠੀ ਕਠੋਰ ਵੀ ਨਾ ਹੋ ਜਾਵੇ, ਸੁਰੱਖਿਆ ਵੀ ਨਾ ਕਰੇ ਅਤੇ ਧੀਰਜ ਰਹੇ; ਅਤੇ ਜੋ ਹੋ ਰਿਹਾ ਹੈ, ਉਸਦੇ ਪ੍ਰਤੀ ਇਕ ਪ੍ਰੀਤੀਪੂਰਨ ਭਾਵ ਵੀ ਰਹੇ।

ਜਿਵੇਂ ਤੁਹਾਡੇ ਸਿਰ 'ਤੇ ਬੂੰਦ ਟਪਕ ਰਹੀ ਹੈ, ਤਾਂ ਤੁਸੀਂ ਆਕੜ ਕੇ ਬੈਠ ਜਾਉ ਅਤੇ ਅੰਦਰ ਸਖ਼ਤ ਹੋ ਜਾਉ, ਚੱਟਾਨ ਦੀ ਤਰ੍ਹਾਂ ਹੋ ਜਾਉ, ਤਾਂ ਵੀ ਇਸ ਬੂੰਦ ਨੂੰ ਸਹਿ ਲਵੋਗੇ। ਐਪਰ ਤਦ ਛਾਂਤੀ ਦਾ ਮੌਲਿਕ ਬਿੰਦੂ ਖੋ ਗਿਆ। ਬੁੱਧ ਕਹਿੰਦੇ ਹਨ, ਬੂੰਦ ਦੇ ਪ੍ਰਤੀ ਪ੍ਰੇਮ ਦਾ ਭਾਵ ਵੀ ਹੋਵੇ, ਇਕ ਮਿੱਠਤ ਵੀ ਹੋਵੇ, ਇਕ ਮਿੱਤਰਤਾ ਵੀ ਹੋਵੇ। ਇਹ ਬੂੰਦ ਸੁਖਾਵੀਂ ਹੈ, ਅਜੇਹਾ ਵੀ ਲਗੇ। ਤਾਂ ਬੁੱਧ ਉਸਨੂੰ ਧੀਰਜ ਆਖਦੇ ਹਨ।

ਚੌਥੀ ਹੈ ਵਿਰਾਗ : ਸੁਖ ਤੇ ਦੁਖ ਦੇ ਪ੍ਰਤੀ ਉਪਰਾਮਤਾ, ਭੁਲੇਖੇ ਉਤੇ ਜਿੱਤ ਅਤੇ ਮਹਿਜ਼ ਸੱਚ ਦਾ ਦਰਸ਼ਨ।

ਆਮ ਤੌਰ 'ਤੇ ਵਿਰਾਗ ਦੇ ਨਾਲ ਗਲਤੀ ਲਗ ਜਾਂਦੀ ਹੈ। ਵਿਰਾਗ ਤੋਂ ਅਸੀਂ ਸਮਝਦੇ ਹਾਂ, ਸੁਖ ਦੇ ਪ੍ਰਤੀ ਉਪਰਾਮਤਾ। ਲੇਕਿਨ ਇਹ ਸੂਤਰ ਕਹਿੰਦਾ ਹੈ, ਸੁਖ ਤੇ ਦੁਖ ਦੋਹਾਂ ਦੇ ਪ੍ਰਤੀ ਉਪਰਾਮਤਾ। ਦੋ ਵਿਚੋਂ ਇਕ ਨੂੰ ਚੁਣਨਾ ਹਮੇਸ਼ਾ ਅਸਾਨ ਹੈ, ਕਿਉਂਕਿ ਮਨ ਚੋਣ ਪਸੰਦ ਕਰਦਾ ਹੈ ਅਤੇ ਇਕ ਅਤੀ ਤੋਂ ਦੂਜੀ ਅਤੀ 'ਤੇ ਚਲਿਆ ਜਾਂਦਾ ਹੈ। ਤੁਹਾਨੂੰ ਸੁਖ ਚੰਗਾ ਲਗਦਾ ਹੈ, ਤਾਂ ਦੁਖ ਬੁਰਾ ਲਗਦਾ ਹੈ। ਪਰ ਉਸ ਨਾਲ ਕੋਈ ਫਰਕ ਨਹੀਂ ਪੈਂਦਾ। ਇਕ ਬਿੰਦੂ ਤੋਂ ਤੁਸੀਂ ਦੂਜੇ ਬਿੰਦੂ 'ਤੇ ਚਲੇ ਜਾਂਦੇ ਹੋ। ਲੇਕਿਨ ਤੁਹਾਡੀ ਦ੍ਰਿਸ਼ਟੀ, ਤੁਹਾਡਾ ਢੰਗ, ਤੁਹਾਡਾ ਹੋਣਾ, ਪੁਰਾਣਾ ਹੀ ਬਣਿਆ ਰਹਿੰਦਾ ਹੈ। ਇਕ ਆਦਮੀ ਨੂੰ ਇਕ ਵਧੀਆ ਗੱਦਾ ਪਸੰਦ ਹੈ ਤੇ ਇਕ ਨੂੰ ਕੰਡੇ ਵਿਛਾ ਕੇ ਸੌਣਾ ਪਸੰਦ ਹੈ। ਉਹ ਜਿਹੜਾ ਕੰਡੇ ਵਿਛਾ ਕੇ ਸੌਂਦਾ ਹੈ, ਉਸਨੂੰ ਤੁਸੀਂ ਗੱਦੇ 'ਤੇ ਸੰਵਾ ਦਿਉ, ਤਕਲੀਫ ਉਨੀ ਹੀ ਹੋਵੇਗੀ।...ਨਾ ਇਸ ਪਾਸੇ ਰਾਗ ਨਾ ਉਸ ਪਾਸੇ ਰਾਗ।

ਵਿਰਾਗ ਦਾ ਅਰਥ ਹੈ : ਸੁਖ ਅਤੇ ਦੁਖ ਦੇ ਪ੍ਰਤੀ ਉਪਰਾਮਤਾ।

ਜੋ ਹੋ ਜਾਵੇ ਉਸਦਾ ਸਵੀਕਾਰ।

ਜਿਹੋ-ਜਿਹਾ ਹੋ ਜਾਵੇ ਉਸਦਾ ਸਵੀਕਾਰ।

ਅਤੇ ਇਹ ਸਵੀਕਾਰ ਬੜੇ ਗਹਿਰੇ ਵਿਚ ਲੈ ਜਾਂਦਾ ਹੈ। ਕਿਉਂਕਿ ਅਜੇਹਾ ਵਿਅਕਤੀ ਫਿਰ ਡੋਲਦਾ ਨਹੀਂ। ਅਜੇਹੇ ਵਿਅਕਤੀ ਨੂੰ ਫਿਰ ਬਾਹਰ ਤੋਂ ਡੁਲਾਇਆ ਨਹੀਂ ਜਾ ਸਕਦਾ ਅਤੇ ਅਜੇਹਾ ਵਿਅਕਤੀ ਆਪਣੇ ਅੰਦਰ ਦੇ ਕੇਂਦਰ 'ਤੇ ਥਿਰ ਹੋ ਜਾਂਦਾ ਹੈ।

ਪੰਜਵਾਂ ਹੈ ਵੀਰਜ : ਉਹ ਦਬਾਈ ਨਾ ਜਾ ਸਕਣ ਵਾਲੀ ਊਰਜਾ, ਜੋ ਸੰਸਾਰਕ ਝੂਠਾਂ ਦੇ ਦਲਦਲ ਤੋਂ ਸੱਚ ਦੇ ਸਿਖਰ ਨੂੰ ਸੰਘਰਸ਼ ਕਰਦੀ ਹੈ।

ਵੀਰਜ, ਮਨੁੱਖ ਦੀ ਊਰਜਾ ਦਾ ਨਾਂ ਹੈ, ਜਿਸ ਤੋਂ ਤੁਹਾਡਾ ਜਨਮ ਹੋਇਆ। ਤੁਸੀਂ ਵੀਰਜ ਦੀ ਇਕ ਛਲਾਂਗ ਹੋ। ਵੀਰਜ ਹੈ ਜੀਵਨ ਦਾ ਬਦਲਵਾਂ ਨਾਂ। ਤੁਹਾਡਾ ਜਨਮ ਹੋਇਆ ਹੈ ਜਿਸ ਊਰਜਾ ਨਾਲ, ਅਤੇ ਜਿਸ ਊਰਜਾ ਨਾਲ ਤੁਹਾਡੇ ਸਰੀਰ ਦਾ ਕਣ-ਕਣ ਬਣਿਆ ਹੈ, ਜੋ ਊਰਜਾ ਹੀ ਤੁਹਾਡੀ ਦੇਹ ਹੈ, ਅਤੇ ਜੋ ਊਰਜਾ ਤੁਹਾਡੇ ਅੰਦਰ ਜਮ੍ਹਾਂ ਹੈ ਤੇ ਨਵੀਂ ਛਲਾਂਗ ਲੈਣ ਨੂੰ ਉਤਸੁਕ ਹੈ। ਇਸਲਈ ਕਾਮਵਾਸਨਾ ਦੀ ਇੰਨੀ ਪਕੜ ਹੈ। ਬੇਬਸ ਹੈ ਆਦਮੀ। ਅਤੇ ਜਦ ਕਾਮ ਚੁੰਬੜਦਾ ਹੈ, ਤਾਂ ਸਾਰਾ ਬੋਧ ਖੋ ਜਾਂਦਾ ਹੈ।

ਕਿਉਂ ਹੈ ਇੰਨੀ ਬੇਬਸੀ ?

ਕਿਉਂਕਿ ਕਾਮ ਤੁਹਾਡੇ ਜਨਮ ਦਾ ਸੋਮਾ ਹੈ। ਤੁਸੀਂ ਪੈਦਾ ਹੀ ਹੋਏ ਹੋ ਕਾਮ ਤੋਂ। ਤੁਸੀਂ ਵੀਰਜ ਦੀ ਹੀ ਇਕ ਤਰੰਗ ਹੋ। ਅਤੇ ਇਸ ਤਰੰਗ ਨੂੰ ਆਪਣੇ ਕਾਬੂ ਵਿਚ ਨਹੀਂ ਲਿਆ ਪਾਂਦੇ ਹੋ। ਇਹ ਤਰੰਗ ਛਾਲ ਲਾਉਣਾ ਚਾਹੁੰਦੀ ਹੈ। ਤੁਸੀਂ ਮਿਟ

ਜਾਉਗੇ, ਲੇਕਿਨ ਇਹ ਤਰੰਗ ਰਹਿਣਾ ਚਾਹੁੰਦੀ ਹੈ।

ਤਾਂ ਦੋ ਉਪਾਅ ਹਨ।

ਇਕ ਤਾਂ ਉਪਾਅ ਹੈ ਇਸ ਤਰੰਗ ਨੂੰ ਜ਼ੋਰ–ਜ਼ਬਰਦਸਤੀ ਨਾਲ ਰੋਕੋ। ਜਿਵੇਂ ਕਿ ਬ੍ਰਹਮਚਰਜ ਦੀ ਭੁੱਲ ਭਰੀ ਧਾਰਨਾ ਹੈ। ਜ਼ਬਰਦਸਤੀ ਨਾਲ ਰੋਕਣ ਦੀ ਕੋਸ਼ਿਸ਼ ਕਰਦੀ ਹੈ। ਅਤੇ ਜ਼ਬਰਦਸਤੀ ਦੀ ਕੋਸ਼ਿਸ਼ 'ਚ ਛਾਲ ਰੁਕਦੀ ਨਹੀਂ ਹੈ, ਵਿਗੜ ਜਾਂਦੀ ਹੈ। ਜਿਵੇਂ ਕੋਈ ਝਰਨਾ ਪੰਝੀ ਹਿੱਸਿਆਂ ਵਿਚ ਟੁੱਟ ਜਾਵੇ ਤੇ ਰਾਹ ਤੋਂ ਭਟਕ ਜਾਵੇ, ਅਜੇਹੀ ਹਾਲਤ ਹੁੰਦੀ ਹੈ ਵੀਰਜ ਦੀ।

ਦੂਜਾ ਉਪਾਅ ਹੈ, ਛਾਲ ਨੂੰ ਰੋਕੋ ਨਾ, ਛਾਲ ਦੀ ਦਿਸ਼ਾ ਬਦਲ ਦਿਉ। ਛਾਲ ਤਾਂ ਲਗਣ ਦਿਉ। ਕਿਉਂਕਿ ਵੀਰਜ ਤਾਂ ਛਾਲ ਲਾਉਣੀ ਚਾਹੁੰਦਾ ਹੈ। ਉਹ ਇਕ ਨਵੇਂ ਜੀਵਨ ਵਿਚ ਛਾਲ ਲਾਉਣੀ ਚਾਹੁੰਦਾ ਹੈ। ਜਾਂ ਤਾਂ ਤੁਹਾਡਾ ਇਕ ਪੁੱਤਰ ਪੈਦਾ ਹੋਵੇ ਜਾਂ ਤੁਸੀਂ ਆਪ ਇਕ ਨਵਾਂ ਜਨਮ ਲੈ ਲਵੋ।

ਇਹ ਦੋ ਛਲਾਂਗਾਂ ਸੰਭਵ ਹਨ—ਜਾਂ ਤਾਂ ਬਾਹਰ ਵਲ ਵੀਰਜ ਜਾਏਗਾ, ਤਾਂ ਨਵਾਂ ਜੀਵਨ ਪੈਦਾ ਹੋਵੇਗਾ। ਅਤੇ ਜਾਂ ਅੰਦਰ ਵਲ ਜਾਏਗਾ, ਤਾਂ ਤੁਸੀਂ ਨਵੇਂ ਹੋਵੋਗੇ। ਇਸ ਤਰ੍ਹਾਂ ਦੇ ਵਿਅਕਤੀ ਨੂੰ ਅਸੀਂ ਦ੍ਵਿਜ ਕਿਹਾ ਹੈ—ਟੁਆਇਸ ਬਾੱਰਨ, ਜਿਸਦੇ ਵੀਰਜ ਨੇ ਅੰਦਰ ਦੀ ਛਲਾਂਗ ਲਾਉਣੀ ਸ਼ੁਰੂ ਕਰ ਦਿਤੀ।

ਵੀਰਜ ਹੈ ਦਬਾਈ ਨਾ ਜਾ ਸਕਣ ਵਾਲੀ ਊਰਜਾ...

ਅਤੇ ਇਸੇ ਊਰਜਾ ਦੇ ਮਾਧਿਅਮ ਨਾਲ ਅੰਦਰ ਜਾਇਆ ਜਾ ਸਕਦਾ ਹੈ। ਬਾਹਰ ਵੀ ਕਿਤੇ ਜਾਣਾ ਹੋਵੇ, ਤਾਂ ਇਹੀ ਵੀਰਜ–ਊਰਜਾ ਕੰਮ ਆਉਂਦੀ ਹੈ।

ਸੰਸਾਰਕ ਝੂਠਾਂ ਦੇ ਦਲਦਲ ਤੋਂ ਸੱਚ ਦੇ ਸਿਖਰ ਵਲ ਇਹੀ ਵੀਰਜ ਦੀ ਊਰਜਾ ਸੰਘਰਸ਼ ਕਰਦੀ ਹੈ।

ਦਲਦਲ ਤੋਂ ਕਮਲ ਤਕ ਦੀ ਜੋ ਯਾਤਰਾ ਹੈ, ਉਹ ਇਸੇ ਵੀਰਜ–ਊਰਜਾ ਦੇ ਨਾਲ ਹੋਵੇਗੀ।

ਤਾਂ ਬਹੁਤ–ਸਾਰੀਆਂ ਗੱਲਾਂ ਖ਼ਿਆਲ ਵਿਚ ਲੈਣੀਆਂ ਜ਼ਰੂਰੀ ਹਨ।

ਇਕ ਤਾਂ ਇਸ ਵੀਰਜ–ਊਰਜਾ ਦੇ ਨਾਲ ਸੰਘਰਸ਼ ਨਾ ਕਰਨਾ। ਇਸ ਨਾਲ ਨਾ ਲੜਨ ਲਗ ਜਾਣਾ, ਕਿਉਂਕਿ ਇਹ ਤੁਹਾਡੀ ਦੁਸ਼ਮਣ ਨਹੀਂ ਹੈ। ਇਹ ਤੁਹਾਡੀ ਸ਼ਕਤੀ ਹੈ। ਇਸਨੂੰ ਨਾਲ ਲੈ ਕੇ ਸੰਘਰਸ਼ ਕਰਨਾ, ਇਸ ਨਾਲ ਸੰਘਰਸ਼ ਨਾ ਕਰਨਾ। ਇਸਦੇ ਹੀ ਉਪਰ ਸਵਾਰ ਹੋ ਕੇ ਸੰਘਰਸ਼ ਕਰਨਾ, ਇਸਦੇ ਨਾਲ ਹੀ ਸੰਘਰਸ਼ ਨਾ ਕਰਨਾ। ਕਿਉਂਕਿ ਆਪਣੀ ਸ਼ਕਤੀ ਨਾਲ ਜੋ ਲੜੇਗਾ, ਉਹ ਨਸ਼ਟ ਹੋ ਜਾਏਗਾ। ਇਸ ਸ਼ਕਤੀ ਨੂੰ ਵਾਹਨ ਬਨਾਉਣਾ ਹੈ। ਅਤੇ ਇਹ ਵੀਰਜ ਛਲਾਂਗ ਲੈਣੀ ਚਾਹੁੰਦਾ ਹੈ। ਇਹ ਛਲਾਂਗ ਦੋ ਤਰ੍ਹਾਂ ਨਾਲ ਹੋ ਸਕਦੀ ਹੈ, ਪਰ ਛਲਾਂਗ ਜ਼ਰੂਰੀ ਹੈ। ਸ਼ਕਤੀ ਉਛਲਣਾ ਚਾਹੁੰਦੀ ਹੈ। ਝਰਨਾ ਫੁੱਟਣਾ ਚਾਹੁੰਦਾ ਹੈ, ਬੀਜ ਟੁੱਟਣਾ ਚਾਹੁੰਦਾ ਹੈ। ਸ਼ਕਤੀ ਹਮੇਸ਼ਾ ਫੁੱਟਣਾ ਚਾਹੁੰਦੀ ਹੈ, ਟੁੱਟਣਾ ਚਾਹੁੰਦੀ ਹੈ। ਵਿਸਫੋਟ

ਚਾਹੁੰਦੀ ਹੈ।

ਅਤੇ ਦੋ ਤਰ੍ਹਾਂ ਦੇ ਵਿਸਫੋਟ ਹਨ। ਅੰਗਰੇਜ਼ੀ ਵਿਚ ਦੋ ਸ਼ਬਦ ਹਨ—ਐਕਸਪਲੋਜ਼ਨ ਤੇ ਇੰਪਲੋਜ਼ਨ।

ਬਾਹਰ ਦੀ ਤਰਫ਼ ਜੋ ਵਿਸਫੋਟ ਹੈ, ਉਹ ਹੈ ਐਕਸਪਲੋਜ਼ਨ। ਅੰਦਰ ਵਲ ਜੋ ਵਿਸਫੋਟ ਹੈ, ਉਹ ਹੈ ਇੰਪਲੋਜ਼ਨ।

ਅੰਤਰਵਿਸਫੋਟ ਜਾਂ ਬਾਹਰੀ ਵਿਸਫੋਟ। ਇਹ ਜੋ ਸਾਰੇ ਜਗਤ ਵਿਚ ਜੀਵਨ ਦਾ ਫੈਲਾਅ ਹੈ ਇਹ ਐਕਸਪਲੋਜ਼ਨ ਹੈ, ਬਾਹਰੀ–ਵਿਸਫੋਟ ਹੈ। ਅਤੇ ਤੁਹਾਨੂੰ ਪਤਾ ਹੈ ਕਿ ਬਾਹਰੀ–ਵਿਸਫੋਟ ਕਿੰਨਾ ਹੋ ਸਕਦਾ ਹੈ? ਇਕ ਆਦਮੀ ਦੇ ਕੋਲ ਇੰਨੀ ਵੀਰਜ–ਊਰਜਾ ਹੈ ਕਿ ਪੂਰੀ ਪ੍ਰਿਥਵੀ 'ਤੇ ਜਿੰਨੇ ਲੋਕ ਹਨ, ਉਂਨੇ ਉਸ ਤੋਂ ਪੈਦਾ ਹੋ ਸਕਣ। ਤਿੰਨ ਅਰਬ ਆਦਮੀ ਹਨ ਧਰਤੀ ਉਪਰ। ਇਕ ਆਦਮੀ ਤਿੰਨ ਅਰਬ ਆਦਮੀਆਂ ਨੂੰ ਪੈਦਾ ਕਰ ਸਕਦਾ ਹੈ। ਇੰਨੀ ਵੀਰਜ ਊਰਜਾ ਲੈ ਕੇ ਇਕ ਆਦਮੀ ਪੈਦਾ ਹੁੰਦਾ ਹੈ।

ਇਸਲਈ ਬਾਈਬਲ ਦੀ ਕਥਾ ਬੜੀ ਪਿਆਰੀ ਹੈ ਕਿ ਭਗਵਾਨ ਨੇ ਇਕ ਆਦਮੀ ਬਣਾਇਆ ਆਦਮ। ਪੁਛਦੇ ਹਨ ਲੋਕ ਕਿ ਪੰਜ–ਦਸ ਕਿਉਂ ਨਾ ਬਣਾਏ। ਕੋਈ ਜ਼ਰੂਰਤ ਨਹੀਂ ਸੀ; ਇਕ ਕਾਫੀ ਹੈ। ਇੰਨੇ ਵਡੇ ਪਸਾਰੇ ਦੇ ਲਈ ਇਕ ਹੀ ਕਾਫੀ ਹੈ। ਇਹੀ ਸੂਚਕ ਹੈ ਉਸ ਕਥਾ ਵਿਚ। ਇਹ ਸਾਰਾ ਵਿਸਫੋਟ ਜੋ ਹੈ ਜਗਤ ਦਾ, ਇਹਦੇ ਲਈ ਇਕ ਆਦਮੀ ਕਾਫੀ ਹੈ। ਇਕ ਸੰਭੋਗ ਵਿਚ ਤੁਹਾਡੇ ਇੰਨੇ ਵੀਰਜਕਣ ਛਲਾਂਗ ਲੈਂਦੇ ਹਨ, ਜਿਨ੍ਹਾਂ ਤੋਂ ਕੋਈ ਦਸ ਕਰੋੜ ਆਦਮੀ ਪੈਦਾ ਹੋ ਸਕਦੇ ਹਨ। ਅਤੇ ਇਕ ਆਦਮੀ ਜ਼ਿੰਦਗੀ ਵਿਚ ਘਟੋ–ਘਟ ਚਾਰ ਹਜ਼ਾਰ ਵਾਰ ਸੰਭੋਗ ਕਰ ਸਕਦਾ ਹੈ। ਘਟੋ–ਘਟ। ਚਾਰ ਅਰਬ ਆਦਮੀ ਇਕ ਆਦਮੀ ਪੈਦਾ ਕਰ ਸਕਦਾ ਹੈ, ਜੇ ਉਸਦੇ ਸਾਰੇ ਵੀਰਜਕਣਾਂ ਦਾ ਉਪਯੋਗ ਹੋ ਜਾਵੇ। ਲੇਕਿਨ ਸਾਰੇ ਵੀਰਜ–ਕਣਾਂ ਦਾ ਉਪਯੋਗ ਨਹੀਂ ਹੁੰਦਾ।

ਇਹ ਜੋ ਵਿਸਫੋਟ ਹੈ, ਬਾਹਰੀ–ਵਿਸਫੋਟ, ਇਹੀ ਸ਼ਕਤੀ ਅੰਤਰਵਿਸਫੋਟ, ਇੰਪਲੋਜ਼ਨ ਵੀ ਬਣ ਸਕਦੀ ਹੈ। ਇਹ ਜੋ ਵੀ ਬਾਹਰ ਕੁੱਦ ਰਹੀ ਹੈ ਆਪਣੇ ਕੇਂਦਰ ਤੋਂ, ਇਹ ਸ਼ਕਤੀ ਆਪਣੇ ਕੇਂਦਰ ਦੇ ਵਲ ਵੀ ਕੁੱਦ ਸਕਦੀ ਹੈ। ਅਤੇ ਜਿਸ ਦਿਨ ਇਹ ਤੁਹਾਡੇ ਅੰਦਰ ਵਲ ਕੁੱਦਦੀ ਹੈ, ਉਸੇ ਦਿਨ ਵੀਰਜ ਅਧਿਆਤਮ ਬਣ ਜਾਂਦਾ ਹੈ। ਅਤੇ ਉਸੇ ਦਿਨ ਤੁਸੀਂ ਬਾਹਰ ਜਨਮ ਨਹੀਂ ਦਿੰਦੇ ਹੋ; ਆਪਣੇ–ਆਪ ਨੂੰ ਹੀ ਜਨਮ ਦੇ ਦਿੰਦੇ ਹੋ।

ਛੇਵਾਂ ਹੈ ਧਿਆਨ : ਚਿੱਤ ਦੀ ਅਜੇਹੀ ਦਸ਼ਾ, ਜਿਥੇ ਕੋਈ ਵਿਚਾਰ ਨਾ ਹੋਵੇ। ਕਿਉਂਕਿ ਜਦ ਤਕ ਕੋਈ ਵਿਚਾਰ ਹੁੰਦਾ ਹੈ, ਤਦ ਤਕ ਤੁਸੀਂ ਬਾਹਰ ਵਲ ਜਾਂਦੇ ਹੋ। ਵਿਚਾਰ ਹੈ ਬਾਹਰ ਦਾ ਰਾਹ। ਸਭ ਵਿਚਾਰ ਬਾਹਰੀ ਹਨ। ਅੰਦਰ ਦਾ ਕੋਈ ਵਿਚਾਰ ਨਹੀਂ ਹੁੰਦਾ। ਜਦ ਵੀ ਤੁਸੀਂ ਸੋਚਦੇ ਹੋ, ਤੁਸੀਂ ਬਾਹਰ ਚਲੇ ਗਏ; ਅਤੇ ਜਦ ਤੁਸੀਂ ਨਹੀਂ ਸੋਚਦੇ; ਤਦ ਹੀ ਤੁਸੀਂ ਅੰਦਰ ਹੋ।

ਧਿਆਨ ਹੈ ਨਾ–ਸੋਚਣ ਦੀ ਅਵਸਥਾ।

ਅਤੇ ਜਿਸਨੂੰ ਨਾ–ਸੋਚਣਾ ਆ ਗਿਆ, ਉਸਨੂੰ ਸਭ–ਕੁਝ ਆ ਗਿਆ।

ਅਸੀਂ ਸਭ ਸਿਖਾਉਂਦੇ ਹਾਂ ਸੋਚਣਾ। ਜ਼ਰੂਰੀ ਹੈ, ਕਿਉਂਕਿ ਨਾ–ਸੋਚਣਾ ਆਉਣ ਤੋਂ ਪਹਿਲਾਂ ਸੋਚਣਾ ਆਉਣਾ ਜ਼ਰੂਰੀ ਹੈ। ਜੋ ਹੈ ਹੀ ਨਹੀਂ, ਉਸਨੂੰ ਅਸੀਂ ਛਡਾਂਗੇ ਵੀ ਕਿਵੇਂ? ਅਤੇ ਜੋ ਸਾਡੇ ਕੋਲ ਹੀ ਨਹੀਂ ਹੈ, ਉਸਦਾ ਤਿਆਗ ਕਿਵੇਂ ਹੋਵੇਗਾ? ਇਸਲਈ ਜ਼ਰੂਰੀ ਹੈ ਕਿ ਅਸੀਂ ਸੋਚੀਏ। ਲੇਕਿਨ ਕਾਫ਼ੀ ਨਹੀਂ।

ਇਕ ਹੋਰ ਕਲਾ ਹੈ, ਸੋਚਣ ਤੋਂ ਅਗਾਂਹ ਜਾਂਦੀ ਹੈ—ਨਾ ਸੋਚਣ ਦੀ ਕਲਾ। ਨਾ ਸੋਚੋ, ਸਿਰਫ਼ ਹੋਵੋ। ਉਸ ਛਿਨ ਵਿਚ ਲਗਾਤਾਰ ਯਾਦ ਹੈ। ਇਹ ਯਾਦ, ਚੇਤਾ ਫਿਰ ਵਿਚਾਰਦਾ ਨਹੀਂ, ਇਹ ਚੇਤਾ ਫਿਰ ਵਜੂਦ ਦਾ ਹੈ। ਲਗਾਤਾਰ ਚੇਤਾ ਬਣਿਆ ਰਹਿੰਦਾ ਹੈ ਦਿੱਬ ਦਾ ਅਤੇ ਨਿੱਤ ਸੱਚ ਦੇ ਦੁਆਰ ਫਿਰ ਖੁਲ੍ਹੇ ਦਿਖਾਈ ਪੈਣ ਲਗਦੇ ਹਨ। ਉਸ ਸ਼ੂਨਯ ਵਿਚ ਹੀ ਦੁਆਰ ਹੈ ਨਿੱਤ ਸੱਚ ਦਾ। ਉਹੀ ਹੈ ਦੁਆਰ।

ਅਤੇ ਸੱਤਵੀਂ ਹੈ—ਸੂਝ : ਜਿਸਦੀ ਕੁੰਜੀ ਮਨੁੱਖ ਨੂੰ ਦਿੱਬ ਬਣਾ ਦਿੰਦੀ ਹੈ।

ਧਿਆਨ ਹੈ ਉਸਦਾ ਦਰਸ਼ਨ ਤੇ ਸੂਝ ਹੈ ਉਸਦੇ ਨਾਲ ਇਕਾਤਮ।

ਉਹ ਦਿੱਬ ਬਣਾ ਦਿੰਦੀ ਹੈ ਅਤੇ ਬੋਧਿਸਤੱਵ ਵੀ।

ਬੋਧਿਸੱਤਵਤਾ ਧਿਆਨ ਦੀ ਪੁੱਤਰੀ ਹੈ। ਅਤੇ ਧਿਆਨ ਨਾਲ ਹੀ ਕੋਈ ਸੂਝ ਨੂੰ ਪਹੁੰਚਦਾ ਹੈ।

ਸੂਝ ਵੀ ਨਿਆਰਾ ਸ਼ਬਦ ਹੈ। ਉਸਦਾ ਵੀ ਬਦਲ ਲਭਣਾ ਦੁਨੀਆਂ ਦੀ ਦੂਜੀ ਭਾਸ਼ਾ ਵਿਚ ਮੁਸ਼ਕਲ ਹੈ। ਦੁਨੀਆਂ ਦੀਆਂ ਦੂਜੀਆਂ ਭਾਸ਼ਾਵਾਂ ਵਿਚ ਹੋਰ ਜਿੰਨੇ ਵੀ ਸ਼ਬਦ ਹਨ, ਉਹਨਾਂ ਦਾ ਅਰਥ ਹੈ, ਗਿਆਨ।

ਸੂਝ ਦਾ ਅਰਥ ਹੈ, ਜਾਣਨਾ ਨਹੀਂ ਹੈ ਸੱਚ ਨੂੰ; ਸੱਚ ਹੋ ਜਾਣਾ, ਕਿਉਂਕਿ ਜਾਣਨ 'ਚ ਵੀ ਫ਼ਾਸਲਾ ਰਹਿ ਜਾਂਦਾ ਹੈ। ਜਾਣਨ ਦਾ ਮਤਲਬ ਹੈ ਕਿ ਜਿਸਨੂੰ ਮੈਂ ਜਾਣ ਰਿਹਾ ਹਾਂ, ਉਹ ਮੈਥੋਂ ਦੂਰ ਹੈ, ਜੁਦਾ ਹੈ; ਉਸਨੂੰ ਮੈਂ ਦੇਖ ਰਿਹਾ ਹਾਂ, ਪਛਾਣ ਰਿਹਾ ਹਾਂ, ਜਾਣ ਰਿਹਾ ਹਾਂ। ਸੱਚ ਦੇ ਨਾਲ ਇਕ ਹੋ ਜਾਣਾ ਹੈ। ਇੰਨਾ ਵੀ ਫ਼ਾਸਲਾ ਨਾ ਰਹਿ ਜਾਵੇ ਸਬਜੈਕਟ ਜਾਂ ਆਬਜੈਕਟ ਦਾ। ਜਾਣਨ ਵਾਲੇ ਦਾ, ਅਤੇ ਜਾਣੇ–ਜਾਣ ਵਾਲੇ ਦਾ ਵੀ, ਫ਼ਾਸਲਾ ਨਾ ਰਹਿ ਜਾਵੇ। ਅਜੇਹੀ ਜਿਥੇ ਏਕਤਾ ਸਧ ਜਾਂਦੀ ਹੈ, ਉਹ ਅਵਸਥਾ ਹੈ ਸੂਝ ਦੀ, ਜਿਸਦੀ ਕੁੰਜੀ ਮਨੁੱਖ ਨੂੰ ਦਿੱਬ ਬਣਾ ਦਿੰਦੀ ਹੈ।

ਮਨੁੱਖ ਦਿੱਬ ਹੈ, ਸਿਰਫ਼ ਕੁੰਜੀ ਦੀ ਤਲਾਸ਼ ਹੈ। ਦਿੱਬਤਾ ਜਿਵੇਂ ਬੰਦ ਹੈ ਤੇ ਇਸਨੂੰ ਖੋਲ੍ਹਣ–ਭਰ ਦੀ ਗੱਲ ਹੈ।

ਅਤੇ ਬੋਧਿਸੱਤਵ ਵੀ।

ਬੋਧਿਸੱਤਵ ਵੀ ਸਮਝਣ–ਯੋਗ ਸ਼ਬਦ ਹੈ। ਬੋਧਿਸੱਤਵ ਦਾ ਅਰਥ ਹੁੰਦਾ ਹੈ, ਅਜੇਹਾ ਬੁੱਧ ਜੋ, ਸੂਝ ਦੇ ਦੁਆਰ 'ਤੇ ਖੜ੍ਹਾ ਹੋ ਕੇ ਜਗਤ ਦੇ ਵਲ ਮੂੰਹ ਕਰ ਲੈਂਦਾ ਹੈ। ਇਸਨੂੰ ਅਸੀਂ ਇਉਂ ਸਮਝੀਏ :

ਬੁੱਧ ਦੇ ਜੀਵਨ ਵਿਚ ਕਥਾ ਹੈ ਬੁੱਧ ਪਰਮ–ਅਵਸਥਾ ਨੂੰ ਅੱਪੜੇ, ਬੁੱਧਤਵ ਨੂੰ ਪਹੁੰਚੇ। ਅਤੇ ਮਿੱਠੀ ਕਥਾ ਹੈ ਕਿ

ਉਹ ਫਿਰ ਨਿਰਵਾਣ ਦੇ ਦੁਆਰ 'ਤੇ ਪੁੱਜੇ। ਲੇਕਿਨ ਉਹ ਪਿੱਠ ਕਰਕੇ ਖਲੋ ਗਏ ਅਤੇ ਦੁਆਰਪਾਲ ਨੇ ਉਹਨਾਂ ਨੂੰ ਕਿਹਾ—ਇਹ ਸਾਰੇ ਪ੍ਰਤੀਕ ਹਨ—ਦੁਆਰਪਾਲ ਨੇ ਉਹਨਾਂ ਨੂੰ ਕਿਹਾ, ਤੁਸੀਂ ਪ੍ਰਵੇਸ਼ ਕਰੋ। ਪਤਾ ਨਹੀਂ ਕਿੰਨੇ ਜੁਗਾਂ ਤੋਂ ਇਹ ਦੁਆਰ ਤੁਹਾਡੀ ਉਡੀਕ ਪਿਆ ਕਰਦਾ ਹੈ। ਐਪਰ ਬੁੱਧ ਨੇ ਕਿਹਾ ਕਿ ਮੇਰੇ ਪਿਛੇ ਹੋਰ ਬਹੁਤ ਲੋਕ ਹਨ। ਅਤੇ ਜੇਕਰ ਮੈਂ ਦਾਖਲ ਹੋ ਜਾਂਦਾ ਹਾਂ ਇਸ ਮਹਾਂਸ਼ੂੰਨਯ ਵਿਚ, ਤਾਂ ਫਿਰ ਉਹਨਾਂ ਦੀ ਮੈਂ ਕੋਈ ਸਹਾਇਤਾ ਨਹੀਂ ਕਰ ਸਕਾਂਗਾ। ਤਾਂ ਮੈਂ ਰੁਕਾਂਗਾ, ਇਸ ਦੁਆਰ 'ਤੇ ਤਦ ਤਕ, ਜਦ ਤਕ ਕਿ ਉਹ ਸਾਰੇ ਲੋਕ ਦਾਖਲ ਨਹੀਂ ਹੋ ਜਾਂਦੇ। ਮੈਂ ਸਭ ਤੋਂ ਅਖ਼ੀਰ 'ਚ ਦਾਖਲ ਹੋਣਾ ਚਾਹੁੰਦਾ ਹਾਂ। ਇਸ ਮਹਾਂਕਰੁਣਾ ਦਾ ਨਾਂ ਹੈ ਬੋਧਿਸੱਤਵ।

ਬੋਧਿਸੱਤਵ ਦਾ ਅਰਥ ਹੈ : ਜੋ ਬੁੱਧ ਹੋ ਗਿਆ; ਲੇਕਿਨ ਫਿਰ ਵੀ ਅਜੇ ਲੀਨ ਨਹੀਂ ਹੋ ਰਿਹਾ ਕਰੁਣਾ ਦੇ ਕਾਰਨ।

ਜਗਤ ਦੇ ਪ੍ਰਤੀ ਸਾਡੇ ਦੋ ਸਬੰਧ ਹੋ ਸਕਦੇ ਹਨ—ਵਾਸਨਾ ਦਾ ਤੇ ਕਰੁਣਾ ਦਾ। ਵਾਸਨਾ ਦਾ ਸਾਡਾ ਸਭ ਦਾ ਸਬੰਧ ਹੈ। ਅਸੀਂ ਜਗਤ ਵਿਚ ਇਸਲਈ ਹਾਂ ਕਿ ਅਸੀਂ ਜਗਤ ਤੋਂ ਕੁਝ ਚਾਹੁੰਦੇ ਹਾਂ। ਕੋਈ ਬੁੱਧ ਇਸਲਈ ਵੀ ਜਗਤ ਵਿਚ ਹੋ ਸਕਦਾ ਹੈ ਕਿ ਜਗਤ ਨੂੰ ਕੁਝ ਦੇਣਾ ਚਾਹੁੰਦਾ ਹੈ। ਉਸ ਦੇਣਾ ਚਾਹੁਣ ਦੀ ਜੋ ਕਰੁਣਾ ਹੈ, ਉਹ ਵਿਅਕਤੀ ਨੂੰ ਬੋਧਿਸੱਤਵ ਬਣਾਉਂਦੀ ਹੈ।

ਤਾਂ ਬੁੱਧ ਪਰੰਪਰਾ 'ਚ ਦੋ ਹਿੱਸੇ ਹਨ : ਹੀਨਯਾਨ ਤੇ ਮਹਾਂਯਾਨ। ਹੀਨਯਾਨ ਮੰਨਦਾ ਹੈ ਕਿ ਬੁੱਧ ਲੀਨ ਹੋ ਗਏ ਮਹਾਂਨਿਰਵਾਣ ਵਿਚ। ਮਹਾਯਾਨ ਮੰਨਦਾ ਹੈ ਕਿ ਬੁੱਧ ਰੁਕ ਗਏ ਅਤੇ ਯਾਨ ਬਣ ਗਏ, ਕਿਸ਼ਤੀ ਬਣ ਗਏ। ਮੱਲਾਹ ਬਣ ਗਏ ਕਿ ਜਦ ਤਕ ਪੂਰੇ ਸੰਸਾਰ ਨੂੰ ਖਿੱਚ ਕੇ ਉਸ ਪਾਰ ਨਾ ਕਰ ਦੇਣ, ਤਦ ਤਕ ਆਪ ਉਸ ਪਾਰ ਨਹੀਂ ਉਤਰਨਗੇ। ਆਉਂਦੇ ਰਹਿਣਗੇ ਇਸ ਕੰਢੇ, ਆਪਣੀ ਕਿਸ਼ਤੀ ਨੂੰ ਲੈ ਕੇ, ਭਰਦੇ ਰਹਿਣਗੇ ਲੋਕਾਂ ਨੂੰ, ਭੇਜਦੇ ਰਹਿਣਗੇ ਉਸ ਪਾਰ, ਲੇਕਿਨ ਖ਼ੁਦ ਨਹੀਂ ਉਤਰਨਗੇ। ਕਿਉਂਕਿ ਇਕ ਵਾਰ ਉਸ ਪਾਸੇ ਉਤਰ ਜਾਣ 'ਤੇ, ਇਸ ਪਾਸੇ ਆਉਣ ਦਾ ਕੋਈ ਉਪਾਅ ਨਹੀਂ ਹੈ। ਇਕ ਵਾਰ ਉਸ ਪਾਸੇ ਉਤਰ ਜਾਣ 'ਤੇ ਖੋ ਜਾਣਾ ਹੋ ਜਾਂਦਾ ਹੈ। ਇਸ ਮਹਾਕਰੁਣਾ ਕਰਕੇ।

ਤਾਂ ਮਹਾਂਯਾਨ ਕਹਿੰਦਾ ਹੈ ਕਿ ਬੁੱਧਤਵ ਤੋਂ ਵੀ ਵਡੀ ਗੱਲ ਹੈ ਬੋਧਿਸੱਤਵਤਾ। ਕਿਉਂਕਿ ਉਸ ਕੰਢੇ ਜਾ ਕੇ ਖੋ ਜਾਣਾ ਤਾਂ ਸੁਭਾਵਕ ਹੈ। ਇਸ ਜਗਤ ਵਿਚ ਵਾਸਨਾ ਦੇ ਕਾਰਨ ਹੋਣਾ ਸੁਭਾਵਕ ਹੈ। ਉਸ ਜਗਤ ਵਿਚ ਉਤਰ ਕੇ ਖੋ ਜਾਣਾ ਅਨੰਦ 'ਚ ਸੁਭਾਵਕ ਹੈ। ਐਪਰ ਉਸ ਜਗਤ ਦੇ ਅਨੰਦ ਨੂੰ ਛਡ ਕੇ, ਖੋ ਜਾਣ ਦੇ ਅਨੰਦ ਨੂੰ ਛਡ ਕੇ, ਜੋ ਇਸ ਜਗਤ ਦੇ ਕੰਢੇ ਆਪਣੀ ਕਿਸ਼ਤੀ ਲੈ ਕੇ ਆਉਂਦਾ ਹੈ, ਇਹ ਅਤਿ ਮੁਸ਼ਕਲ ਹੈ, ਅਤਿ ਕਠਨ ਹੈ। ਇਸਲਈ ਬੁੱਧਤਵ ਤੋਂ ਵੀ ਵਡਾ ਬੋਧਿਸੱਤਵ ਹੈ।

ਇਹ ਬਿਲਕੁਲ ਸੁਭਾਵਕ ਹੈ, ਕਿ ਉਸ ਮਹਾਂਲੋਕ ਵਿਚ ਜਾ ਕੇ ਲੀਨ ਹੋਣਾ ਚਾਹੇ ਕੋਈ; ਕਿਉਂਕਿ ਉਸ ਤੋਂ ਵਡਾ ਕੋਈ ਸੁਖ ਨਹੀਂ ਹੈ। ਬੁੱਧ ਨੇ ਕਿਹਾ, ਇਹ ਮਹਾਂਸੁਖ ਹੈ। ਉਸ ਮਹਾਂਸੁਖ ਤੋਂ ਖ਼ੁਦ ਨੂੰ ਕੋਈ ਰੋਕੇ ਹੁਣ ਅਤੇ ਇਸ ਜਗਤ ਵਲ

ਆਵੇ। ਇਸ ਤਰ੍ਹਾਂ ਜਿਵੇਂ ਕਿ ਤੁਸੀਂ ਕੈਦਖਾਨੇ ਤੋਂ ਛੁੱਟ ਗਏ ਹੋਵੋ, ਮੁਕਤ ਹੋ ਗਏ ਖੁਲ੍ਹੇ ਅਕਾਸ਼ ਵਿਚ—ਟੁੱਟ ਗਈਆਂ ਜ਼ੰਜੀਰਾਂ, ਬੰਧਨ ਛੁੱਟ ਗਏ ਅਤੇ ਫਿਰ ਵੀ ਉਸੇ ਕੈਦਖਾਨੇ ਵਿਚ ਜਿਨ੍ਹਾਂ ਨੂੰ ਤੁਸੀਂ ਛਡ ਆਏ ਹੋ, ਉਹਨਾਂ ਦੇ ਕਾਰਨ, ਤੁਸੀਂ ਫਿਰ ਚੋਰੀ ਕਰਕੇ ਉਸ ਕੈਦਖਾਨੇ ਵਿਚ ਪਹੁੰਚ ਜਾਵੋ, ਉਹਨਾਂ ਨੂੰ ਵੀ ਛੁੱਟਣ ਦਾ ਰਾਹ ਦੱਸ ਸਕੋ। ਜਿਹੋ—ਜਿਹਾ ਇਹ ਕਠਨ ਹੈ, ਇਹ ਸੋਚਣਾ, ਇਸ ਤੋਂ ਵੀ ਵਧ ਕਠਨ ਹੈ ਬੋਧਿਸੱਤਵਤਾ।

ਲੇਕਿਨ ਬੋਧਿਸੱਤਵ ਦੀ ਘਟਨਾ ਵੀ ਵਾਪਰਦੀ ਹੈ। ਇਸ ਜਗਤ ਵਿਚ ਜੇਕਰ ਕੋਈ ਚਮਤਕਾਰ ਹੈ ਮੇਰੀ ਦ੍ਰਿਸ਼ਟੀ ਵਿਚ, ਤਾਂ ਇਕ ਹੀ ਹੈ: ਕਿਸੇ ਅਜੇਹੇ ਵਿਅਕਤੀ ਦਾ ਇਸ ਜਗਤ ਵਿਚ ਹੋਣਾ, ਜੋ ਵਾਸਨਾ ਦੇ ਕਾਰਨ ਨਹੀਂ ਹੈ। ਇਕ ਹੀ ਮਿਰਾਕਿਲ ਹੈ। ਅਜੇਹਾ ਮਿਰਾਕਿਲ ਵਾਪਰਦਾ ਹੈ। ਅਤੇ ਜੋ ਆਪਣੇ ਕਾਰਨ ਇਸ ਜਗਤ ਵਿਚ ਨਹੀਂ ਹੈ, ਉਸਨੂੰ ਸਮਝਣਾ ਬਹੁਤ ਦੂਭਰ ਹੋ ਜਾਂਦਾ ਹੈ। ਕਿਉਂਕਿ ਅਸੀਂ ਇਕ ਹੀ ਭਾਸ਼ਾ ਸਮਝਦੇ ਹਾਂ ਕਿ ਇਸ ਜਗਤ ਵਿਚ ਕੋਈ ਇਸੇ ਕਾਰਨ ਹੁੰਦਾ ਹੈ ਕਿ ਇਸ ਜਗਤ 'ਚ ਉਸਨੇ ਕੁਝ ਲੈਣਾ ਹੈ। ਅਤੇ ਕੋਈ ਇਸ ਕਾਰਨ ਵੀ ਹੋਵੇਗਾ ਕਿ ਉਸਨੇ ਸਿਰਫ ਦੇਣਾ ਹੈ, ਸਾਡੀ ਸਮਝ ਦੇ ਬਾਹਰ ਹੈ। ਲੇਕਿਨ ਸੂਝ ਬੋਧਿਸੱਤਵਤਾ ਨੂੰ ਵੀ ਜਨਮ ਦਿੰਦੀ ਹੈ।

ਕਰੋੜਾਂ ਲੋਕਾਂ ਵਿਚ ਕਦੇ ਕੋਈ ਇਕ ਬੁੱਧ ਹੁੰਦਾ ਹੈ। ਅਤੇ ਕਰੋੜਾਂ ਬੁੱਧਾਂ ਵਿਚ ਕਦੇ ਕੋਈ ਇਕ ਬੋਧਿਸੱਤਵ ਹੁੰਦਾ ਹੈ। ਕਿਉਂਕਿ ਉਸ ਪਾਸਿਉਂ ਪਰਤਣਾ ਅਤਿ ਕਠਨ ਹੈ। ਇਸ ਪਾਸਿਉਂ ਜਾਣਾ ਬਹੁਤ ਕਠਨ ਹੈ; ਉਸ ਤਰਫੋਂ ਮੁੜਨਾ ਬਹੁਤ ਮੁਸ਼ਕਲ ਹੈ। ਦੁਖ ਤੋਂ ਛੁੱਟਣਾ ਇੰਨਾ ਮੁਸ਼ਕਲ ਪੈਂਦਾ ਹੋਵੇ, ਤਾਂ ਅਨੰਦ ਤੋਂ ਛੁੱਟਣਾ ਕਿੰਨਾ ਮੁਸ਼ਕਲ ਨਾ ਪੈਂਦਾ ਹੋਵੇਗਾ ? ਜੇ ਮੈਂ ਤੁਹਾਨੂੰ ਕਹਾਂ ਕਿ ਦੁਖ ਹੀ ਛਡ ਦਿਉ, ਤਾਂ ਵੀ ਛਡਣ ਦੀ ਹਿੰਮਤ ਨਹੀਂ ਹੁੰਦੀ। ਤਾਂ ਅਨੰਦ ਨੂੰ ਛਡ ਕੇ ਇਸ ਪਾਸੇ ਪਰਤਣਾ, ਅਸੰਭਵ ਘਟਨਾ ਹੈ। ਪਰ ਵਾਪਰਦੀ ਹੈ।

ਉਹਨਾਂ ਦੁਆਰਾਂ ਦੀਆਂ ਅਜੇਹੀਆਂ ਹੀ ਸਵਰਨ—ਕੁੰਜੀਆਂ ਹਨ।

'ਓ ਆਪਣੇ ਮੋਕਸ਼ ਦੇ ਤਾਣੇ ਬੁਣਨ ਵਾਲੇ, ਅੰਤਮ ਦੁਆਰ 'ਤੇ ਪੁੱਜਣ ਤੋਂ ਪਹਿਲਾਂ ਤੈਨੂੰ ਦੁਰਗਮ ਰਾਹ 'ਤੇ ਦੀ ਚੱਲ ਕੇ ਪੂਰਨਤਾਵਾਂ ਦੀਆਂ ਇਹਨਾਂ ਪਾਰਮਿਤਾਵਾਂ ਉਤੇ—ਜੋ ਲੋਕ—ਪਾਰਲੇ ਗੁਣ ਛੇ ਅਤੇ ਦਸ ਦੀ ਸੰਖਿਆ ਵਿਚ ਹਨ—ਅਧਿਕਾਰ ਕਰਨਾ ਹੋਵੇਗਾ।'

ਇਹਨਾਂ ਸੱਤ ਉਤੇ ਅਧਿਕਾਰ ਕਰਨਾ ਹੋਵੇਗਾ। ਜਿਸਨੂੰ ਮੋਕਸ਼, ਜਿਸਨੂੰ ਪਰਮ—ਮੁਕਤੀ ਦੀ ਸਿੱਕ ਪੈਦਾ ਹੋ ਗਈ ਹੈ, ਇਹ ਸੱਤ ਉਹਨਾਂ ਦੀਆਂ ਕੁੰਜੀਆਂ ਹਨ।

ਤੀਸਰਾ ਪ੍ਰਵਚਨ

ਸਹੀ ਦਰਸ਼ਨ

●

ਹੇ ਸ਼ਿੱਸ਼, ਇਸ ਤੋਂ ਪਹਿਲਾਂ ਕਿ ਤੂੰ ਗੁਰੂ ਦੇ ਨਾਲ ਅਤੇ ਪ੍ਰਭੂ ਦੇ ਨਾਲ ਸਾਖਿਆਤਕਾਰ ਦੇ ਯੋਗ ਹੋ ਸਕੇਂ, ਤੈਨੂੰ ਕੀ ਕਿਹਾ ਗਿਆ ਸੀ ?

ਅੰਤਮ ਦੁਆਰ 'ਤੇ ਪਹੁੰਚਣ ਤੋਂ ਪਹਿਲਾਂ ਤੂੰ ਆਪਣੇ ਮਨ ਤੋਂ ਸਰੀਰ ਨੂੰ ਅਲੱਗ ਕਰਨਾ ਸਿੱਖਣਾ ਹੈ, ਪਰਛਾਵੇਂ ਨੂੰ ਮਿਟਾ ਸੁੱਟਣਾ ਹੈ ਤੇ ਸਦੀਵਤਾ ਵਿਚ ਜੀਣਾ ਸਿੱਖਣਾ ਹੈ। ਇਹਦੇ ਲਈ ਤੂੰ ਸਰਵ ਵਿਚ ਜੀਣਾ ਤੇ ਸਾਹ ਲੈਣਾ ਹੈ, ਉਵੇਂ ਹੀ ਜਿਵੇਂ ਉਹ ਜਿਸਨੂੰ ਤੂੰ ਦੇਖਦਾ ਹੈਂ, ਤੇਰੇ ਵਿਚ ਸਾਹ ਲੈਂਦਾ ਹੈ। ਅਤੇ ਤੂੰ ਸਰਵ ਭੂਤਾਂ ਵਿਚ ਸ੍ਵੈ ਨੂੰ ਤੇ ਸ੍ਵੈ ਵਿਚ ਸਰਵ ਭੂਤਾਂ ਨੂੰ ਦੇਖਣਾ ਹੈ।

ਤੂੰ ਆਪਣੇ ਮਨ ਨੂੰ ਆਪਣੀਆਂ ਇੰਦਰੀਆਂ ਦੇ ਖੇਡਣ ਦੀ ਥਾਂ ਨਹੀਂ ਬਣਨ ਦੇਵੇਂਗਾ।

ਤੂੰ ਆਪਣੀ ਸੱਤਾ ਨੂੰ ਪਰਮ ਸੱਤਾ ਤੋਂ ਭਿੰਨ ਨਹੀਂ ਰਖੇਂਗਾ, ਬਲਕਿ ਸਮੁੰਦਰ ਨੂੰ ਬੂੰਦ ਅਤੇ ਬੂੰਦ ਨੂੰ ਸਮੁੰਦਰ ਵਿਚ ਡੋਬ ਦੇਵੇਂਗਾ।

ਇਸ ਤਰ੍ਹਾਂ ਤੂੰ ਪ੍ਰਾਣੀਮਾਤਰ ਦੇ ਨਾਲ ਪੂਰੀ ਸਮਰਸਤਾ ਵਿਚ ਜੀਵੇਂਗਾ, ਸਾਰੇ ਹੀ ਮਨੁੱਖਾਂ ਪ੍ਰਤੀ ਅਜੇਹਾ ਪ੍ਰੇਮ-ਭਾਵ ਰਖੇਂਗਾ, ਜਿਵੇਂ ਕਿ ਉਹ ਤੇਰੇ ਗੁਰ-ਭਾਈ ਹਨ—ਇਕ ਹੀ ਅਧਿਆਪਕ ਦੇ ਸ਼ਿੱਸ਼ ਅਤੇ ਇਕ ਹੀ ਪਿਆਰੀ ਮਾਂ ਦੇ ਪੁੱਤਰ।

●

●

ਸੂਫੀ ਫ਼ਕੀਰ ਬਾਯਜੀਦ ਤੋਂ ਕਿਸੇ ਨੇ ਪੁਛਿਆ ਕਿ ਕੀ ਮੈਂ ਕੁਝ ਸਵਾਲ ਪੁਛ ਸਕਦਾ ਹਾਂ? ਤਾਂ ਬਾਯਜੀਦ ਨੇ ਕਿਹਾ,

ਤੂੰ ਪੁਛ ਸਕਦਾ ਹੈਂ; ਪਰ ਤੂੰ ਸਵਾਲ ਪੁਛ ਸਕਦਾ ਹੈਂ, ਇਸੇਲਈ ਜਵਾਬ ਪਾਣ ਦੇ ਯੋਗ ਵੀ ਹੈਂ, ਅਜੇਹਾ ਨਾ ਸੋਚੀ। ਤੂੰ ਸਵਾਲ ਪੁਛੇਂਗਾ, ਜ਼ਰੂਰੀ ਨਹੀਂ ਹੈ ਕਿ ਮੈਂ ਜਵਾਬ ਵੀ ਦੇਵਾਂ। ਕਿਉਂਕਿ ਜਵਾਬ ਮੈਂ ਤਦੋਂ ਦੇ ਸਕਦਾ ਹਾਂ, ਜਦ ਤੂੰ ਪਾਤਰ ਹੈਂ ਜਵਾਬ ਨੂੰ ਝੱਲਣ ਦਾ।

ਗਲਤ ਆਦਮੀ ਨੂੰ ਦਿਤਾ ਗਿਆ ਗਿਆਨ ਖ਼ਤਰਨਾਕ ਹੋ ਸਕਦਾ ਹੈ। ਅਪਾਤਰ ਦੇ ਹੱਥ 'ਚ ਸ਼ਕਤੀ, ਖ਼ੁਦ ਉਹਦੇ ਲਈ ਤੇ ਦੂਜਿਆਂ ਦੇ ਲਈ ਵੀ ਹਾਨੀਕਾਰਕ ਹੋ ਸਕਦੀ ਹੈ। ਅੰਮ੍ਰਿਤ ਵੀ ਅਪਾਤਰ ਵਿਚ ਜ਼ਹਿਰ ਬਣ ਜਾਂਦਾ ਹੈ।

ਇਹ ਸੂਤਰ ਸ਼ੁਰੂ ਹੁੰਦਾ ਹੈ :

'ਹੇ ਸ਼ਿੱਸ਼, ਇਸ ਤੋਂ ਪਹਿਲਾਂ ਕਿ ਤੂੰ ਗੁਰੂ ਦੇ ਨਾਲ ਅਤੇ ਪ੍ਰਭੂ ਦੇ ਨਾਲ ਸਾਖਿਆਤਕਾਰ ਦੇ ਯੋਗ ਹੋ ਸਕੇਂ, ਕੀ ਕਿਹਾ ਗਿਆ ਸੀ ਤੈਨੂੰ ਕਰਨ ਨੂੰ, ਕਿਹੋ-ਜਿਹੀ ਪਾਤਰਤਾ ਤੇਰੀ ਬਣਨੀ ਚਾਹੀਦੀ ਹੈ?'

ਲੋਕ ਗੁਰੂ ਨੂੰ ਲਭਦੇ ਹਨ ਬਿਨਾਂ ਇਸਦੀ ਫਿਕਰ ਕੀਤਿਆਂ ਕਿ ਉਹ ਅਜੇ ਸ਼ਿੱਸ਼ ਹੋਣ ਦੇ ਯੋਗ ਹੈਨ ਵੀ ਜਾਂ ਨਹੀਂ। ਲੋਕ ਪਰਮਾਤਮਾ ਨੂੰ ਵੀ ਭਾਲਦੇ ਹਨ, ਬਿਨਾਂ ਇਹਦੇ ਲਈ ਜ਼ਰਾ ਵੀ ਯਤਨ ਕੀਤਿਆਂ ਕਿ ਉਹਨਾਂ ਕੋਲ ਉਹ ਅੱਖਾਂ ਹੈਨ ਵੀ ਕਿ ਜੇ ਪਰਮਾਤਮਾ ਸਾਹਮਣੇ ਹੋਵੇ, ਤਾਂ ਉਸਨੂੰ ਦੇਖ ਸਕਣ। ਅਤੇ ਪਰਮਾਤਮਾ ਸਦਾ ਹੀ ਸਾਹਮਣੇ ਹੈ ਤੇ ਗੁਰੂ ਵੀ ਇੰਨਾ ਹੀ ਨੇੜੇ ਹੈ।

ਇਸ ਵਜੂਦ ਵਿਚ ਜਿਸਦੀ ਵੀ ਸੱਚ ਦੇ ਲਈ ਪਿਆਸ ਹੈ, ਉਸਨੂੰ ਰਹਿਨੁਮਾਈ ਦੇਣ ਵਾਲਾ ਬਹੁਤ ਨੇੜੇ ਹੀ ਹਾਸਲ ਹੈ। ਇਥੇ ਕਦੇ ਵੀ ਉਹਨਾਂ ਦੀ ਕਮੀ ਨਹੀਂ ਹੈ, ਕਿ ਜੋ ਤੁਹਾਡਾ ਹੱਥ ਫੜਨ ਅਤੇ ਰਾਹ 'ਤੇ ਲੈ ਜਾਣ। ਅਤੇ ਜੇ ਤੁਹਾਨੂੰ

ਲਗਦਾ ਹੋਵੇ ਕਿ ਉਹਨਾਂ ਦੀ ਕਮੀ ਹੈ, ਤਾਂ ਤੁਸੀਂ ਇਕ ਹੀ ਗੱਲ ਸਮਝਣਾ ਕਿ ਤੁਹਾਡੀ ਯੋਗਤਾ ਨਹੀਂ ਕਿ ਕੋਈ ਤੁਹਾਡਾ ਹੱਥ ਫੜੇ। ਜਾਂ ਸ਼ਾਇਦ ਜੇ ਕੋਈ ਤੁਹਾਡਾ ਹੱਥ ਫੜੇ ਵੀ ਤਾਂ ਤੁਸੀਂ ਆਪਣਾ ਹੱਥ ਝਟਕ ਕੇ ਛੁਡਾ ਲਵੋਗੇ। ਜਾਂ ਤੁਹਾਡਾ ਹੱਥ ਪਹਿਲਾਂ ਹੀ ਕਿਸੇ ਹੋਰਨਾਂ ਨੇ ਫੜ ਰਖਿਆ ਹੈ। ਜਾਂ ਤੁਹਾਡੇ ਹੱਥ ਇੰਨੇ ਭਰੇ ਹਨ—ਤੁਸੀਂ ਕਿਸੇ ਹੋਰ ਦੇ ਹੱਥ ਫੜ ਰਖੇ ਹਨ ਕਿ ਹੁਣ ਉਹਨਾਂ ਹੱਥਾਂ ਨੂੰ ਹੱਥ ਵਿਚ ਲੈ ਕੇ ਕਿਸੇ ਯਾਤਰਾ 'ਤੇ ਲੈ ਜਾਣਾ ਸੰਭਵ ਨਹੀਂ ਹੈ।

ਗੁਰੂ ਨਾ ਮਿਲੇ ਤਾਂ ਇਕ ਹੀ ਗੱਲ ਸਮਝਣਾ ਕਿ ਸ਼ਿੱਸ਼ ਹੋਣਾ ਅਜੇ ਸੰਭਵ ਨਹੀਂ ਹੋਇਆ। ਜਿਸਦੇ ਤੁਸੀਂ ਯੋਗ ਹੋ ਜਾਂਦੇ ਹੋ, ਉਹ ਉਸੇ ਵੇਲੇ ਮਿਲ ਜਾਂਦਾ ਹੈ; ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਹੈ। ਜੇ ਨਾ ਮਿਲੇ, ਤਾਂ ਇਕ ਹੀ ਅਰਥ ਹੁੰਦਾ ਹੈ ਕਿ ਅਸੀਂ ਹਾਂ ਅਯੋਗ।

ਕੀ ਹੋਵੇਗੀ ਪਾਤਰਤਾ ਸ਼ਿੱਸ਼ ਦੀ ਕਿ ਗੁਰੂ ਦੇ ਨਾਲ ਅਤੇ ਪ੍ਰਭੂ ਦੇ ਨਾਲ ਸਾਖਿਆਤਕਾਰ ਹੋ ਸਕੇ?

ਅਤੇ ਜਿਸਦਾ ਗੁਰੂ ਦੇ ਨਾਲ ਵੀ ਸਾਖਿਆਤਕਾਰ ਨਾ ਹੋ ਸਕੇ, ਉਸਦਾ ਪ੍ਰਭੂ ਨਾਲ ਸਾਖਿਆਤਕਾਰ ਹੋਣਾ ਬਹੁਤ ਮੁਸ਼ਕਲ ਹੋਵੇਗਾ। ਕਿਉਂਕਿ ਗੁਰੂ ਇਸ ਪਦਾਰਥਕ ਜਗਤ ਵਿਚ, ਉਸਦਾ ਸੰਦੇਸਵਾਹਕ ਹੈ, ਉਸਦਾ ਪ੍ਰਤੀਕ ਹੈ, ਉਸਦੀ ਹੀ ਕਿਰਨ ਹੈ। ਜੇ ਉਹ ਸੂਰਜ ਹੈ, ਤਾਂ ਗੁਰੂ ਉਸਦੀ ਹੀ ਕਿਰਨ ਹੈ। ਅਤੇ ਜਿਹੜਾ ਅਜੇ ਕਿਰਨਾਂ ਨੂੰ ਵੀ ਨਹੀਂ ਦੇਖ ਪਾਂਦਾ ਹੈ, ਉਹ ਸੂਰਜ ਦਾ ਸਾਖਿਆਤਕਾਰ ਕਰ ਸਕੇਗਾ, ਇਹ ਮੁਸ਼ਕਲ ਹੈ।

ਗੁਰੂ ਦਾ ਮਤਲਬ ਹੈ ਅਜੇਹਾ ਵਿਅਕਤੀ, ਜਿਸ ਵਿਚ ਤੁਹਾਨੂੰ ਪਰਮਾਤਮਾ ਦਿਸਿਆ।

ਅਤੇ ਜੇ ਤੁਹਾਨੂੰ ਕਿਤੇ ਵੀ ਪਰਮਾਤਮਾ ਨਹੀਂ ਦਿਸਦਾ ਤਾਂ ਫਿਰ ਇਸ ਅਦ੍ਰਿਸ਼ਟ ਨੂੰ ਦੇਖ ਪਾਣਾ ਤੁਹਾਡੇ ਲਈ ਸੰਭਵ ਨਹੀਂ ਹੋਵੇਗਾ। ਤੁਹਾਡੀ ਪਹਿਲੀ ਪਛਾਣ ਤਾਂ ਦ੍ਰਿਸ਼ਟ ਵਿਚ ਹੀ ਹੋਵੇਗੀ, ਕਿਤੇ ਸੀਮਾ ਵਿਚ, ਕਿਤੇ ਇਸ ਸਾਕਾਰ ਵਿਚ, ਕਿਤੇ ਰੂਪਰੇਖਾ ਵਿਚ ਬੱਝੇ ਹੋਏ ਨਾਲ ਹੀ ਹੋਵੇਗੀ। ਇਸਲਈ ਨਹੀਂ ਕਿ ਉਹ ਰੂਪਰੇਖਾ ਵਿਚ ਹੈ ਤੇ ਸੀਮਾ ਵਿਚ ਹੈ; ਬਲਕਿ ਇਸਲਈ ਕਿ ਤੁਹਾਡੀਆਂ ਅੱਖਾਂ, ਤੁਹਾਡਾ ਢੰਗ, ਤੁਹਾਡੀ ਸੋਚਣੀ, ਤੁਹਾਡੀ ਸਾਰੀ ਵਿਵਸਥਾ ਅਜੇ ਸਿਰਫ ਸੀਮਾ ਨੂੰ ਹੀ ਪਕੜ ਸਕਦੀ ਹੈ।

ਅਤੇ ਜਿਹੜਾ ਗੁਰੂ ਨੂੰ ਵੀ ਨਹੀਂ ਪਕੜ ਪਾਂਦਾ ਅਤੇ ਜਿਹੜਾ ਗੁਰੂ ਨੂੰ ਨਹੀਂ ਸਮਝ ਪਾਂਦਾ ਅਤੇ ਜਿਹੜਾ ਗੁਰੂ ਨੂੰ ਵੀ ਨਹੀਂ ਦੇਖ ਪਾਂਦਾ, ਉਹਦੇ ਲਈ ਪਰਮਾਤਮਾ ਨੂੰ ਦੇਖਣਾ ਬੇਹਦ ਕਠਨ ਹੈ। ਅਸੰਭਵ ਹੈ, ਅਜੇਹਾ ਨਹੀਂ ਕਹਿੰਦਾ ਹਾਂ। ਸੰਭਵ ਹੈ। ਅਤੇ ਕੁਝ ਲੋਕਾਂ ਨੇ ਬਿਨਾਂ ਗੁਰੂ ਦੇ ਵੀ ਉਸਨੂੰ ਦੇਖ ਲਿਆ ਹੈ। ਲੇਕਿਨ ਤਦ ਬੇਹਦ ਦਲੇਰੀ ਦੀ ਜ਼ਰੂਰਤ ਹੈ। ਅਤੇ ਜਿਨ੍ਹਾਂ ਨੂੰ ਗੁਰੂ ਨਾਲ ਵੀ ਸਾਖਿਆਤਕਾਰ ਕਰਨ ਦਾ ਹੌਸਲਾ ਨਹੀਂ ਹੈ, ਕਿਵੇਂ ਉਸ ਤਰ੍ਹਾਂ ਦੀ ਦਲੇਰੀ ਜੁਟਾ ਸਕਣਗੇ?

ਕੀ ਹੈ ਪਾਤਰਤਾ ਸ਼ਿੱਸ਼ ਹੋਣ ਦੀ?

'ਅੰਤਮ ਦੁਆਰ 'ਤੇ ਪਹੁੰਚਣ ਤੋਂ ਪਹਿਲਾਂ ਤੈਨੂੰ ਆਪਣੇ ਮਨ ਤੋਂ ਸਰੀਰ ਨੂੰ ਅਲੱਗ ਕਰਨਾ ਸਿੱਖਣਾ ਹੋਵੇਗਾ।

ਪਰਛਾਵੇਂ ਨੂੰ ਮਿਟਾ ਸੁੱਟਣਾ ਹੈ ਤੇ ਸਦੀਵਤਾ ਵਿਚ ਜੀਣਾ ਹੈ।'

ਅਸੀਂ ਅਜੇ ਜਿਉਂ ਰਹੇ ਹਾਂ ਪਰਛਾਵੇਂ ਵਿਚ। ਉਹ ਜੋ ਬਦਲਣਸ਼ੀਲ ਹੈ, ਉਸ ਵਿਚ ਅਸੀਂ ਜਿਉਂ ਰਹੇ ਹਾਂ। ਜ਼ਿੰਦਗੀ ਸਾਡੇ ਕੋਲ ਹੁਣ ਵੀ ਹੈ, ਪਰ ਛਿਨਭੰਗਰ ਹੈ; ਜੋ ਹੁਣੇ ਹੈ ਅਤੇ ਨਹੀਂ ਹੋ ਜਾਏਗੀ। ਜਿੰਨੀ ਦੇਰ ਕਹਿਣ ਵਿਚ ਲਗਦੀ ਹੈ, ਉਨੀ ਦੇਰ ਵਿਚ ਲਗਦਾ ਹੈ, ਨਹੀਂ ਹੋ ਗਈ। ਜਿਵੇਂ ਕੋਈ ਰੇਤ ਦੇ ਮਕਾਨ ਬਣਾਉਂਦਾ ਹੋਵੇ ਜਾਂ ਕੋਈ ਤਾਸ਼ ਦੇ ਘਰ ਬਣਾਉਂਦਾ ਹੋਵੇ, ਅਜੇਹੀ ਸਾਡੀ ਜ਼ਿੰਦਗੀ ਹੈ—ਛਿਨਭੰਗਰ ਨਾਲ ਬੱਝੀ।

ਸੋਚੋ, ਜਿਥੇ–ਜਿਥੇ ਤੁਸੀਂ ਪਾਂਦੇ ਹੋ ਕਿ ਤੁਹਾਡਾ ਰਸ ਹੈ, ਉਥੇ–ਉਥੇ ਕੀ ਹੈ? ਉਥੇ ਕੁਝ ਹੈ ਜੋ ਛਿਨਭੰਗਰ ਹੈ। ਧਨ ਨੂੰ ਕੋਈ ਪਕੜ ਰਿਹਾ ਹੈ, ਬਹੁਤ ਰਸ ਹੈ ਧਨ ਵਿਚ। ਕਿੰਨਾ ਧਨ ਪਕੜ ਸਕਦੇ ਹੋ? ਧਨ ਦਾ ਕੀ ਸਦੀਵੀਂ ਮੁੱਲ ਹੈ? ਧਨ ਦਾ ਕੀ ਸਨਾਤਨ ਮੁੱਲ ਹੈ? ਅਤੇ ਜੇਕਰ ਰੇਗਿਸਤਾਨ ਵਿਚ ਪਏ ਹੋਵੋ ਅਤੇ ਧਨ ਦਾ ਢੇਰ ਵੀ ਤੁਹਾਡੇ ਕੋਲ ਹੋਵੇ, ਤਾਂ ਇਕ ਚੂਲੀ ਪਾਣੀ ਵੀ ਉਸ ਨਾਲ ਨਹੀਂ ਮਿਲ ਸਕੇਗਾ। ਉਸਦਾ ਕੋਈ ਹਕੀਕੀ ਮੁੱਲ ਵੀ ਨਹੀਂ ਹੈ। ਉਸਦਾ ਮੁੱਲ ਕਾਲਪਨਿਕ ਹੈ, ਅਤੇ ਸਮਝੌਤੇ 'ਤੇ ਨਿਰਭਰ ਹੈ।

ਸੁਣਿਆ ਹੈ ਮੈਂ ਇਕ ਫ਼ਕੀਰ ਇਕ ਸਮਰਾਟ ਨੂੰ ਕਹਿ ਰਿਹਾ ਸੀ, ਤੂੰ ਬਹੁਤ ਧਨ ਇਕੱਠਾ ਕਰ ਲਿਆ, ਪਰ ਜੇ ਮਾਰੂਥਲ ਵਿਚ ਤੂੰ ਪਿਆਸਾ ਮਰਦਾ ਹੋਵੇਂ, ਤਾਂ ਇਕ ਗਲਾਸ ਪਾਣੀ ਦੀ ਖ਼ਾਤਰ ਇਸ ਵਿਚੋਂ ਕਿੰਨਾ ਮੁੱਲ ਦੇ ਸਕੇਂਗਾ? ਉਸ ਸਮਰਾਟ ਨੇ ਕਿਹਾ, ਜੇ ਮਰ ਹੀ ਰਿਹਾ ਹਾਂ, ਤਾਂ ਸਾਰਾ ਸਾਮਰਾਜ ਵੀ ਦੇ ਦਿਆਂਗਾ ਇਕ ਗਲਾਸ ਪਾਣੀ ਦੇ ਲਈ। ਤਾਂ ਜਿਸ ਸਾਮਰਾਜ ਦਾ ਮੁੱਲ ਇਕ ਗਲਾਸ ਪਾਣੀ ਬਦਲੇ ਤਾਰਨਾ ਪੈ ਸਕਦਾ ਹੋਵੇ, ਉਸ ਵਿਚ ਮੁੱਲ ਵੀ ਕਿੰਨਾ–ਕੁ ਹੋਵੇਗਾ!

ਕੋਈ ਰੂਪ ਖ਼ਾਤਰ ਜਿਉਂ ਰਿਹਾ ਹੈ, ਸੁਹੱਪਣ ਦੇ ਲਈ ਜਿਉਂ ਰਿਹਾ ਹੈ। ਪਾਣੀ 'ਤੇ ਪਈ ਲੀਕ ਜਿਹਾ ਹੈ ਹੁਣੇ ਹੈ ਤੇ ਹੁਣੇ ਨਹੀਂ ਹੋ ਜਾਏਗਾ। ਅਤੇ ਜਿਸਨੂੰ ਅਸੀਂ ਸੋਹਣਾ ਪਾਂਦੇ ਹਾਂ ਅੱਜ, ਕਲ੍ਹ ਉਹ ਕੋਝਾ ਹੋ ਜਾਏਗਾ। ਜਿਸਨੂੰ ਅਸੀਂ ਜਵਾਨ ਪਾਂਦੇ ਹਾਂ, ਉਹ ਹੁਣੇ ਬੁੱਢਾ ਹੁੰਦਾ ਚਲਿਆ ਜਾ ਰਿਹਾ ਹੈ। ਸਰੀਰ ਤਾਂ ਬਿਲਕੁਲ ਪਾਣੀ ਦੀ ਲਕੀਰ ਹੈ। ਉਸ ਉਤੇ ਜੋ ਅਕਸ ਬਣਦੇ ਹਨ, ਉਹ ਬਸ ਪਾਣੀ ਉਤੇ ਬਣੇ ਅਕਸ ਹਨ। ਜ਼ਰਾ–ਜਿੰਨੀ ਹਲਚਲ ਅਤੇ ਸਭ ਖੋ ਜਾਂਦਾ ਹੈ। ਜਿਸ ਸਰੀਰ ਵਿਚ ਸਾਨੂੰ ਸੁਹੱਪਣ ਨਜ਼ਰ ਆਉਂਦਾ ਹੈ, ਉਸ ਵਿਚ ਕਿੰਨੀ ਸਦੀਵਤਾ ਹੈ? ਉਹ ਕਿੰਨੀ ਦੇਰ ਟਿਕੇਗਾ? ਅਤੇ ਜੋ ਟਿਕਦਾ ਹੀ ਨਹੀਂ, ਉਹ ਸੀ ਵੀ—ਇਸਦਾ ਨਿਸ਼ਚਾ ਕਰਨਾ ਮੁਸ਼ਕਲ ਹੈ। ਜਿਨ੍ਹਾਂ ਨੇ ਜਾਣਿਆ ਹੈ, ਉਹ ਕਹਿੰਦੇ ਹਨ, ਕਿ ਜੋ ਹੈ, ਉਹ ਸਦਾ ਹੈ ਤੇ ਸਦਾ ਰਹੇਗਾ। ਅਤੇ ਜੋ ਹੁਣੇ ਹੈ ਤੇ ਕਲ੍ਹ ਨਹੀਂ ਹੋ ਜਾਂਦਾ ਹੈ, ਸਮਝਣਾ ਕਿ ਉਹ ਸੀ ਹੀ ਨਹੀਂ। ਤੁਹਾਨੂੰ ਭੁਲੇਖਾ ਹੋ ਗਿਆ ਸੀ ਕਿ ਉਹ ਹੈ; ਕਿਉਂਕਿ ਸੱਚ ਤਾਂ ਨਸ਼ਟ ਨਹੀਂ ਹੁੰਦਾ, ਭੁਲੇਖੇ ਹੀ ਨਸ਼ਟ ਹੁੰਦੇ ਹਨ।

ਰਾਤੀਂ ਇਕ ਸੁਫਨਾ ਦੇਖਿਆ, ਸਵੇਰੇ ਨਹੀਂ ਹੋ ਜਾਂਦਾ ਹੈ। ਤੁਸੀਂ ਸੁਫਨਾ ਕਿਉਂ ਕਹਿੰਦੇ ਹੋ, ਰਾਤੀਂ ਜਿਸਨੂੰ ਦੇਖਿਆ ਸੀ ਉਸਨੂੰ! ਕਿਉਂਕਿ ਜਦ ਦੇਖ ਰਹੇ ਸੀ, ਤਦ ਤਾਂ ਉਹ ਬੜਾ ਸੱਚ ਸੀ, ਤਦ ਤਾਂ ਜ਼ਰਾ ਵੀ ਸ਼ੱਕ ਨਹੀਂ ਸੀ ਉਠਦਾ, ਰੰਚਕਮਾਤਰ

ਵੀ ਮਨ ਵਿਚ ਅਜੇਹਾ ਖ਼ਿਆਲ ਨਹੀਂ ਆਉਂਦਾ ਸੀ ਕਿ ਜੋ ਮੈਂ ਦੇਖ ਰਿਹਾ ਹਾਂ, ਉਹ ਝੂਠ ਹੋਵੇਗਾ, ਕਿ ਸੁਫਨਾ ਹੋਵੇਗਾ: ਤਦ ਤਾਂ ਪੂਰਾ ਯਥਾਰਥ ਸੀ। ਅਤੇ ਜੇ ਸੁਫਨੇ ਵਿਚ ਤੁਹਾਡੀ ਪ੍ਰੇਮਿਕਾ ਮਰ ਗਈ ਸੀ ਜਾਂ ਸਬੰਧੀ ਮਰ ਗਿਆ ਸੀ, ਤਾਂ ਤੁਸੀਂ ਰੋਏ ਸੀ ਅਤੇ ਉਹ ਹੰਝੂ ਸੱਚੇ ਸੀ। ਲੇਕਿਨ ਇੰਨੇ ਸੱਚੇ ਵੀ ਹੋ ਸਕਦੇ ਹਨ ਕਿ ਜਾਗ ਕੇ ਵੀ ਅੱਖਾਂ ਤੁਸੀਂ ਗਿੱਲੀਆਂ ਪਾਵੋ। ਕਿ ਸੁਫਨੇ ਵਿਚ ਤੁਸੀਂ ਸਮਰਾਟ ਬਣ ਗਏ ਸੀ, ਤਦ ਜੋ ਅਨੰਦ ਮਿਲਿਆ ਸੀ, ਅਸਲ ਵਿਚ ਸਮਰਾਟ ਬਣ ਕੇ ਜੋ ਅਨੰਦ ਮਿਲੇਗਾ, ਉਸ ਵਿਚ ਰੱਤੀ–ਭਰ ਵੀ ਤਾਂ ਫਰਕ ਨਹੀਂ ਹੈ। ਸੁਫਨਾ ਜਦ ਹੈ, ਤਦ ਤਾਂ ਬਿਲਕੁਲ ਸੱਚ ਜਾਪਦਾ ਹੈ, ਸਵੇਰੇ ਫਿਰ ਤੁਸੀਂ ਉਸਨੂੰ ਸੁਫਨਾ ਕਿਉਂ ਕਹਿ ਦਿੰਦੇ ਹੋ? ਕਿਉਂਕਿ ਉਹ ਟੁੱਟ ਗਿਆ, ਕਿਉਂਕਿ ਉਹ ਹੁਣ ਨਹੀਂ ਹੈ। ਅਤੇ ਜੇ ਇੰਨੀ ਛੇਤੀ ਨਹੀਂ ਹੋ ਗਿਆ, ਉਹ ਰਿਹਾ ਵੀ ਨਹੀਂ ਹੋਵੇਗਾ।

ਲੇਕਿਨ ਜਿਸਨੂੰ ਅਸੀਂ ਜੀਵਨ ਕਹਿੰਦੇ ਹਾਂ, ਉਸ ਜੀਵਨ ਦੇ ਸੁਫਨੇ ਤੋਂ ਵੀ ਕੁਝ ਲੋਕ ਜਾਗ ਜਾਂਦੇ ਹਨ। ਇਹ ਵਾਣੀ ਉਹਨਾਂ ਜਾਗੇ ਹੋਏ ਲੋਕਾਂ ਦੀ ਹੈ। ਅਤੇ ਤਦ ਜਿਸਨੂੰ ਅਸੀਂ ਜੀਵਨ ਕਹਿੰਦੇ ਹਾਂ, ਉਸ ਤੋਂ ਜਾਗ ਕੇ ਉਹ ਹੈਰਾਨ ਹੁੰਦੇ ਹਨ ਤੇ ਪਾਂਦੇ ਹਨ ਕਿ ਉਹ ਵੀ ਸੁਫਨਾ ਸੀ। ਤਾਂ ਇਸ ਪੂਰਬ ਨੇ, ਇਸ ਭੂਮੀ ਉਤੇ, ਇਕ ਸੂਤਰ ਖੋਜਿਆ ਸੀ, ਅਤੇ ਉਹ ਸੂਤਰ ਇਹ ਸੀ, ਜੋ ਕਿਸੇ ਵੀ ਅਵਸਥਾ ਵਿਚ ਚਿੱਤ ਦੀ, ਚੇਤੰਨ ਦੀ—ਕਿਸੇ ਵੀ ਅਵਸਥਾ ਵਿਚ ਖ਼ਤਮ ਨਹੀਂ ਹੁੰਦਾ, ਨਸ਼ਟ ਨਹੀਂ ਹੁੰਦਾ, ਉਹੀ ਸੱਚ ਹੈ। ਚੇਤਨਾ ਦੀ ਹਰ ਸਥਿਤੀ ਵਿਚ ਜੋ ਬਣਿਆ ਰਹਿੰਦਾ ਹੈ, ਭਾਵੇਂ ਤੁਸੀਂ ਸੋਵੋ, ਭਾਵੇਂ ਸੁਫਨਾ ਦੇਖੋ, ਭਾਵੇਂ ਜਾਗੋ, ਭਾਵੇਂ ਸਮਾਧੀ ਵਿਚ ਪ੍ਰਵੇਸ਼ ਕਰ ਜਾਵੋ, ਭਾਵੇਂ ਨਿਰਵਾਣ ਨੂੰ ਪਹੁੰਚ ਜਾਵੋ, ਜੋ ਹਰ ਸਥਿਤੀ ਵਿਚ ਸੱਚ ਹੁੰਦਾ ਹੈ, ਚੇਤੰਨ ਦੀਆਂ ਸਥਿਤੀਆਂ ਨਾਲ ਜਿਸ ਵਿਚ ਫਰਕ ਨਹੀਂ ਪੈਂਦਾ, ਉਸਨੂੰ ਅਸੀਂ ਸਦੀਵੀਂ ਕਿਹਾ ਹੈ।

ਅਤੇ ਜਦ ਤਕ ਅਸੀਂ ਉਸਨੂੰ ਨਹੀਂ ਪਾ ਲੈਂਦੇ, ਤਦ ਤਕ ਅਸੀਂ ਧਨ ਦੇ ਨਾਂ 'ਤੇ ਕੰਕਰ–ਪੱਥਰ ਇਕੱਠੇ ਕਰ ਰਹੇ ਹਾਂ। ਅਤੇ ਜਦ ਅਸੀਂ ਉਸਨੂੰ ਨਹੀਂ ਪਾ ਲੈਂਦੇ, ਤਦ ਤਕ ਸੁੰਦਰਤਾ ਦੇ ਨਾਂ 'ਤੇ ਬੱਚਿਆਂ ਦੀ ਖੇਡ ਕਰ ਰਹੇ ਹਾਂ। ਅਤੇ ਜਦ ਤਕ ਅਸੀਂ ਉਸਨੂੰ ਨਹੀਂ ਪਾ ਲੈਂਦੇ, ਤਦ ਤਕ ਸਾਨੂੰ ਪ੍ਰੇਮ ਦਾ ਕੋਈ ਵੀ ਪਤਾ ਨਹੀਂ ਹੋ ਸਕਦਾ। ਤਦ ਤਕ ਸਭ ਝੂਠ ਹੈ: ਅਸੀਂ ਝੂਠੇ ਆਦਮੀ ਹਾਂ। ਅਤੇ ਇਹ ਜੋ ਝੂਠਾ ਆਦਮੀ ਹੈ—ਬਦਲਾਅ ਦੇ ਆਸਪਾਸ ਬਣਦਾ ਹੋਇਆ—ਇਸਦਾ ਨਾਂ ਹੀ ਪਰਛਾਵਾਂ ਹੈ।

ਇਸਨੂੰ ਜ਼ਰਾ ਸਮਝ ਲਵੋ।

ਤੁਹਾਡਾ ਵੀ ਆਪਣੇ ਪਰਛਾਵੇਂ ਨਾਲ ਕਈ ਵਾਰੀ ਮਿਲਣਾ ਹੋ ਜਾਂਦਾ ਹੈ, ਕਈ ਦਫਾ ਤੁਸੀਂ ਲੋਕਾਂ ਨੂੰ ਕਹਿੰਦੇ ਹੋ : ਮੈਂ ਆਪਣੇ ਬਾਵਜੂਦ ਅਜੇਹਾ ਕੀਤਾ। ਮੈਂ ਕਰਨਾ ਨਹੀਂ ਸੀ ਚਾਹੁੰਦਾ, ਫਿਰ ਵੀ ਮੈਂ ਅਜੇਹਾ ਕੀਤਾ! ਇਹ ਨਹੀਂ ਕਹਿਣਾ ਚਾਹੁੰਦਾ ਸੀ, ਪਰ ਮੈਂ ਕਹਿ ਗਿਆ।

ਫ੍ਰਾਇਡ ਨੇ ਬੜੀ ਖੋਜ ਕੀਤੀ ਹੈ। ਲੋਕ ਕਹਿੰਦੇ ਹਨ ਕਿ ਜ਼ਬਾਨ ਚੁੱਕ ਗਈ! ਲੇਕਿਨ ਫ੍ਰਾਇਡ ਨੇ ਇਸ ਉਤੇ ਬੜਾ

ਕੰਮ ਕੀਤਾ ਅਤੇ ਉਸਨੇ ਕਿਹਾ, ਜ਼ਬਾਨ ਵੀ ਐਵੇਂ ਨਹੀਂ ਚੁੱਕਦੀ ਹੈ। ਜਦ ਤੁਸੀਂ ਭੁੱਲ ਨਾਲ ਵੀ ਕੁਝ ਕਹਿੰਦੇ ਹੋ, ਤਦ ਵੀ ਉਹ ਬਹੁਤ ਗਹਿਰਾ ਤੇ ਸੋਚਣ-ਯੋਗ ਹੈ ਕਿ ਉਸ ਤਰ੍ਹਾਂ ਵੀ ਕਿਉਂ ਹੋਇਆ? ਉਸਦੇ ਹੋਣ ਦੇ ਪਿਛੇ ਤੁਹਾਡਾ ਪਰਛਾਵਾਂ ਹੈ।

ਤੁਸੀਂ ਇਕ ਝੂਠੀ ਸ਼ਖ਼ਸੀਅਤ ਆਪਣੇ ਅੰਦਰ ਬਣਾ ਰਖੀ ਹੈ। ਬੱਚਾ ਪੈਦਾ ਹੁੰਦਾ ਹੈ ਅਤੇ ਝੂਠ ਤਿਆਰ ਹੋਣਾ ਸ਼ੁਰੂ ਹੋ ਜਾਂਦਾ ਹੈ। ਛੋਟੇ-ਛੋਟੇ ਬੱਚੇ ਰਾਜਨੀਤਕ ਬਣ ਜਾਂਦੇ ਹਨ। ਬੱਚਾ ਸਮਝ ਲੈਂਦਾ ਹੈ ਕਿ ਮਾਂ ਮੁਸਕਰਾਉਣ ਨਾਲ ਪ੍ਰਸੰਨ ਹੁੰਦੀ ਹੈ; ਮੁਸਕਰਾਉਂਦਾ ਹਾਂ ਤਾਂ ਦੁੱਧ ਦਿੰਦੀ ਹੈ, ਮੁਸਕਰਾਉਂਦਾ ਹਾਂ ਤਾਂ ਖਿਡੌਣੇ ਲੈ ਆਉਂਦੀ ਹੈ-ਤਾਂ ਬੱਚੇ ਦੇ ਅੰਦਰ ਕੋਈ ਮੁਸਕਰਾਹਟ ਨਾ ਵੀ ਹੋਵੇ, ਤਾਂ ਵੀ ਉਹ ਮੁਸਕਰਾਉਂਦਾ ਹੈ। ਇਹ ਝੂਠ ਸ਼ੁਰੂ ਹੋ ਗਿਆ। ਜੋ ਉਸਦੇ ਅੰਦਰ ਨਹੀਂ ਹੈ, ਉਹ ਬਾਹਰ ਦਿਖਾ ਰਿਹਾ ਹੈ। ਇਸਨੂੰ ਮੈਂ ਰਾਜਨੀਤੀ ਕਹਿੰਦਾ ਹਾਂ। ਇਹ ਬੱਚਾ ਪਾਲਿਟੀਸ਼ਿਅਨ ਹੋ ਗਿਆ, ਸਿਆਸਤਦਾਨ ਬਣ ਗਿਆ। ਜੋ ਇਸਦੇ ਅੰਦਰ ਨਹੀਂ ਹੈ, ਹੁਣ ਇਹ ਖੇਡ ਕਰ ਰਿਹਾ ਹੈ। ਇਹ ਜਾਣਦਾ ਹੈ ਕਿ ਜੇ ਮੈਂ ਰੋਂਦਾ ਹਾਂ, ਪਰੇਸ਼ਾਨ ਹੁੰਦਾ ਹਾਂ, ਚਿੜਦਾ ਹਾਂ, ਚਿੱਲਾਂਦਾ ਹਾਂ, ਚੀਕਦਾ ਹਾਂ; ਮਾਂ ਨਾਰਾਜ਼ ਹੁੰਦੀ ਹੈ।

ਹੁਣ ਇਹ ਮਨਸਵਿਦ ਕਹਿੰਦੇ ਹਨ ਕਿ ਬੱਚੇ ਦਾ ਚੀਕਣਾ, ਚਿੱਲਾਉਣਾ, ਉਹਦੇ ਲਈ ਬਹੁਤ ਸਿਹਤਕਾਰੀ ਹੈ। ਅਤੇ ਜਿਹੜੇ ਬੱਚੇ ਬਚਪਨ ਵਿਚ ਚੀਕ-ਚਿੱਲਾ ਨਹੀਂ ਪਾਂਦੇ ਹਨ; ਤੂਫਾਨ ਨਹੀਂ ਮਚਾ ਪਾਂਦੇ ਹਨ, ਨਾਰਾਜ਼ਗੀ ਨਹੀਂ ਪਰਗਟ ਕਰ ਪਾਂਦੇ ਹਨ, ਉਹ ਸਦਾ ਲਈ ਮਨ ਤੋਂ ਰੋਗੀ ਹੋ ਜਾਂਦੇ ਹਨ। ਕਿਉਂਕਿ ਇਹ ਚੀਕਣਾ, ਚਿੱਲਾਉਣਾ, ਬੱਚੇ ਦਾ ਰੋਣਾ ਇਕ ਗਹਿਰੀ ਪਰਕਿਰਿਆ ਹੈ। ਇਹ ਦੁਖ-ਵਿਸਰਜਣ ਦਾ ਉਪਾਅ ਹੈ। ਬੱਚਾ ਜਦ ਦੁਖੀ ਹੁੰਦਾ ਹੈ, ਉਹ ਉਸਨੂੰ ਵਿਸਰਜਿਤ ਕਰ ਲੈਂਦਾ ਹੈ, ਉਹ ਰੋ ਲੈਂਦਾ ਹੈ, ਚਿੱਲਾ ਲੈਂਦਾ ਹੈ।

ਕਦੇ ਬੱਚੇ ਦੇ ਨਾਲ ਇਕ ਪ੍ਰਯੋਗ ਕਰੋ ਅਤੇ ਤੁਸੀਂ ਹੈਰਾਨ ਹੋ ਜਾਉਗੇ। ਬੱਚਾ ਰੋ ਰਿਹਾ ਹੈ, ਤਾਂ ਨਾ ਤਾਂ ਤੁਸੀਂ ਉਸਨੂੰ ਝਿੜਕੋ, ਨਾ ਉਸਨੂੰ ਥਾਪੜੋ, ਨਾ ਸਮਝਾਉ; ਸ਼ਾਂਤੀ ਨਾਲ ਉਸਦੇ ਕੋਲ ਬੈਠੇ ਰਹੋ, ਧਿਆਨਪੂਰਵਕ ਉਸਨੂੰ ਦੇਖਦੇ ਰਹੋ-ਪ੍ਰੇਮਪੂਰਵਕ, ਧਿਆਨਪੂਰਵਕ; ਲੇਕਿਨ ਨਾ ਤਾਂ ਉਸਨੂੰ ਰੋਕੋ ਕਿ ਉਹ ਨਾ ਰੋਵੇ, ਨਾ ਉਸਦੇ ਸਿਰ ਨੂੰ ਥਾਪੜ ਕੇ ਸੰਵਾਣ ਦੀ ਕੋਸ਼ਿਸ਼ ਕਰੋ; ਕਿਉਂਕਿ ਉਹ ਵੀ ਤਰਕੀਬ ਹੈ ਕਿ ਉਹ ਨਾ ਰੋਵੇ; ਉਸਨੂੰ ਖਿਡੌਣੇ ਵੀ ਨਾ ਦਿਉ, ਕਿਉਂਕਿ ਉਹ ਵੀ ਤਰਕੀਬ ਹੈ ਕਿ ਤੁਸੀਂ ਰਿਸ਼ਵਤ ਦੇ ਰਹੇ ਹੋ। ਉਸ ਦਾ ਮਨ ਵੀ ਨਾ ਹਟਾਵੋ, ਕਿ ਦੇਖ, ਉਸ ਦਰੱਖ਼ਤ 'ਤੇ ਕਿੰਨੀ ਸੋਹਣੀ ਚਿੜੀ ਬੈਠੀ ਹੈ। ਉਹ ਕਰਕੇ ਵੀ ਤੁਸੀਂ ਉਸਨੂੰ ਉਸਦੇ ਕੁਦਰਤੀ ਰਾਹ ਤੋਂ ਹਟਾ ਰਹੇ ਹੋ। ਤੁਸੀਂ ਸਿਰਫ਼ ਸ਼ਾਂਤ, ਬਿਨਾਂ ਗੁੱਸੇ ਹੋਏ ਕਿਉਂਕਿ ਤੁਹਾਡਾ ਗੁੱਸਾ ਵੀ ਬੱਚੇ ਦੇ ਲਈ ਦਮਨ ਬਣ ਜਾਏਗਾ। ਤੁਹਾਡਾ ਫੁਸਲਾਉਣਾ, ਸਮਝਾਉਣਾ ਵੀ ਉਸਨੂੰ ਉਸਦੀ ਪ੍ਰਕਿਰਤੀ ਤੋਂ ਹਟਾਉਣਾ ਹੋ ਜਾਏਗਾ।

ਤੁਸੀਂ ਸ਼ਾਂਤ, ਪ੍ਰੇਮਪੂਰਨ ਹੋ ਕੇ ਬੱਚੇ 'ਤੇ ਬਸ ਧਿਆਨ ਹੀ ਦਿੰਦੇ ਰਹੋ, ਤਾਂ ਤੁਸੀਂ ਹੈਰਾਨ ਹੋਵੋਗੇ, ਇਕ ਨਿਰਾਲਾ

ਅਨੁਭਵ ਤੁਹਾਨੂੰ ਹੋਵੇਗਾ ਅਤੇ ਅਨੁਭਵ ਇਹ ਹੋਵੇਗਾ ਕਿ ਜਦ ਤੁਸੀਂ ਬੱਚੇ ਉਤੇ ਪ੍ਰੇਮਪੂਰਵਕ ਧਿਆਨ ਦਿਉਗੇ, ਉਹ ਦਿਲ ਖੋਲ੍ਹ ਕੇ ਰੋਏਗਾ, ਚੀਕੇਗਾ। ਜਿਵੇਂ ਹੀ ਤੁਸੀਂ ਧਿਆਨ ਹਟਾਉਗੇ; ਉਵੇਂ ਹੀ ਬੱਚਾ ਖ਼ਿਆਲ ਰਖੇਗਾ ਕਿ ਤੁਸੀਂ ਧਿਆਨ ਦੇ ਰਹੇ ਹੋ ਜਾਂ ਨਹੀਂ ਦੇ ਰਹੇ ਹੋ। ਤੁਸੀਂ ਧਿਆਨ ਦਿੰਦੇ ਜਾਉ ਪ੍ਰੇਮਪੂਰਨ—ਬੱਚਾ ਥੋੜ੍ਹੀ ਦੇਰ ਰੋਂਦਾ ਰਹੇਗਾ। ਜ਼ੋਰ ਨਾਲ ਰੋਏਗਾ, ਚਿੱਲਾਏਗਾ, ਫਿਰ ਹੌਲਾ ਹੋ ਜਾਏਗਾ; ਮੁਸਕਰਾਉਣ ਲੱਗੇਗਾ, ਖ਼ੁਸ਼ ਹੋ ਜਾਏਗਾ ਅਤੇ ਅਜੇਹੀ ਖ਼ੁਸ਼ੀ ਬੱਚੇ ਦੇ ਚੇਹਰੇ 'ਤੇ ਆਏਗੀ ਜੋ ਰਾਜਨੀਤਕ ਨਹੀਂ ਹੈ। ਉਹ ਤੁਹਾਨੂੰ ਖ਼ੁਸ਼ ਕਰਨ ਦੀ ਖ਼ਾਤਰ ਨਹੀਂ ਹੱਸ ਰਿਹਾ ਹੈ। ਹੁਣ ਇਹ ਹਾਸਾ ਉਸਦੇ ਦੁਖ ਦੇ ਵਿਸਰਜਣ ਤੋਂ ਆ ਰਿਹਾ ਹੈ। ਹੁਣ ਉਹ ਹੌਲਾ ਹੋ ਗਿਆ ਹੈ।

ਕਿੰਨਾ ਚਿਰ ਰੋਏਗਾ ਬੱਚਾ। ਜ਼ਰਾ ਉਡੀਕ ਕਰੋ। ਕਿੰਨੀ ਦੇਰ ਰੋਏਗਾ? ਰੋਣ ਦਿਉ। ਪਰ ਇਹ ਪ੍ਰੇਮਪੂਰਨ ਉਡੀਕ ਅਤੇ ਧਿਆਨ ਜ਼ਰੂਰੀ ਹੈ। ਕਿਉਂਕਿ ਬੱਚਾ ਬਹੁਤ ਸਚੇਤਨ ਹੁੰਦਾ ਹੈ। ਤੁਹਾਡਾ ਜ਼ਰਾ ਵੀ ਧਿਆਨ ਹਟਿਆ, ਤਾਂ ਉਹ ਜਾਣਦਾ ਹੈ ਕਿ ਤੁਸੀਂ ਉਸਦੀ ਅਣਗਹਿਲੀ ਕਰ ਰਹੇ ਹੋ। ਅਤੇ ਤੁਹਾਡੀ ਅਣਗਹਿਲੀ ਉਸਦੇ ਲਈ ਦਮਨ ਬਣ ਜਾਂਦੀ ਹੈ।

ਮਨਸਵਿਦ ਕਹਿੰਦੇ ਹਨ, ਨਵੀਆਂ ਤੋਂ ਨਵੀਆਂ ਖੋਜਾਂ ਇਹ ਹਨ, ਕਿ ਅਸੀਂ ਸਾਰੇ ਬੱਚਿਆਂ ਨੂੰ ਇਸ ਤਰ੍ਹਾਂ ਵਡੇ ਕਰ ਸਕੀਏ ਕਿ ਜਦ ਉਹ ਰੋਂਦੇ ਹੋਣ, ਚਿੱਲਾਉਂਦੇ ਹੋਣ, ਚੀਕਦੇ ਹੋਣ, ਤਦ ਅਸੀਂ ਉਹਨਾਂ ਨੂੰ ਸਹਿਯੋਗ ਦੇ ਸਕੀਏ ਸ਼ਾਂਤ, ਤਾਂ ਦੁਨੀਆਂ ਵਿਚ, ਹੋਰ ਅੱਗੇ ਦੀ ਦੁਨੀਆਂ ਵਿਚ ਸ਼ੁਦਾਅ ਬਹੁਤ ਘਟ ਹੋ ਜਾਏਗਾ।

ਤੁਹਾਡੇ ਸਭ ਦੇ ਅੰਦਰ ਰੋਣਾ ਦਬਿਆ ਹੈ, ਚੀਕਣਾ ਦਬਿਆ ਹੈ। ਉਹ ਸਭ ਰੁਕ ਗਿਆ ਹੈ, ਅਟਕ ਗਿਆ ਹੈ, ਇਸਲਈ ਧਿਆਨ ਉਤੇ ਮੇਰਾ ਇੰਨਾ ਜ਼ੋਰ ਹੈ ਕਿ ਤੁਸੀਂ ਸਭ ਕਢ ਛਡੋ, ਤਾਂ ਤੁਸੀਂ ਮੁੜਕੇ ਬੱਚੇ ਦੀ ਤਰ੍ਹਾਂ ਹੌਲੇ ਅਤੇ ਸਰਲ ਹੋ ਜਾਉਗੇ। ਲੇਕਿਨ ਡਰ ਲਗਦਾ ਹੈ, ਕਿਉਂਕਿ ਬਚਪਨ ਤੋਂ ਉਸਨੂੰ ਦਬਾਇਆ ਹੈ। ਹੁਣ ਤਾਂ ਤੁਸੀਂ ਬਹੁਤ ਹੁਸ਼ਿਆਰ ਹੋ ਗਏ ਹੋ। ਜਦ ਬਹੁਤੇ ਹੁਸ਼ਿਆਰ ਨਹੀਂ ਸੀ, ਤਦ ਕਾਫੀ ਹੁਸ਼ਿਆਰੀ ਕੀਤੀ ਅਤੇ ਤਦ ਰਾਜਨੀਤੀ ਦੇ ਦਾਅ ਤੁਸੀਂ ਖੇਡੇ। ਤਾਂ ਹੁਣ ਤੁਸੀਂ ਬਹੁਤ ਹੁਸ਼ਿਆਰ ਹੋ ਗਏ ਹੋ। ਹੁਣ ਤਾਂ ਤੁਸੀਂ ਜਾਣਦੇ ਹੋ ਕਿ ਜੇ ਮੈਂ ਚਿਲਾਇਆ ਤਾਂ ਕਿਤੇ ਮੇਰੇ ਪਿੰਡ 'ਚ ਖ਼ਬਰ ਨਾ ਹੋ ਜਾਵੇ ਕਿ ਇਹ ਆਦਮੀ ਉਥੇ ਰੋ ਰਿਹਾ ਸੀ। ਕਿਤੇ ਮੇਰੀ ਪਤਨੀ ਨਾ ਦੇਖ ਲਵੇ ਕਿ ਉਇ ਤੂੰ, ਜੋ ਇਨੇ ਦਬਦਬੇ ਵਾਲਾ, ਅਤੇ ਇਸ ਤਰ੍ਹਾਂ ਰੋ ਰਿਹਾ ਹੈਂ! ਉਹ ਜੋ ਅਸੀਂ ਜਾਲ ਬੁਣ ਰਖਿਆ ਹੈ ਆਪਣੇ ਆਲੇ-ਦੁਆਲੇ, ਉਸ ਨਾਲ ਇਕ ਝੂਠਾ ਪਰਛਾਵਾਂ ਬਣ ਗਿਆ ਹੈ, ਇਕ ਸ਼ੈਡੋ ਪਰਸਨਾਲਿਟੀ ਬਣ ਗਈ ਹੈ। ਉਹ ਜੋ ਸਾਡੀ ਝੂਠੀ ਸ਼ਖ਼ਸੀਅਤ ਦੀ ਇਕ ਧਾਰਾ ਸਾਡੇ ਚਾਰੇ ਪਾਸੇ ਖੜ੍ਹੀ ਹੈ, ਉਹ ਜੋ ਸਾਡਾ ਪਰਛਾਵਾਂ ਹੈ—ਉਹ ਜਦ ਅਸੀਂ ਨਹੀਂ ਹੱਸਣਾ ਚਾਹੁੰਦੇ, ਤਦ ਹਸਾਉਂਦੀ ਹੈ: ਜਦ ਨਹੀਂ ਰੋਣਾ ਚਾਹੁੰਦੇ, ਤਦ ਰੁਆਉਂਦੀ ਹੈ; ਜਦ ਰੋਣਾ ਚਾਹੁੰਦੇ ਹਾਂ, ਤਦ ਮੁਸਕਰਾਉਂਦੀ ਹੈ—ਉਹ ਸਭ ਸ਼ੁਦਾਅ ਹੈ। ਉਹ ਚੌਵੀ ਘੰਟੇ ਸਾਡੇ ਨਾਲ ਹੈ, ਅਤੇ ਉਹ ਸਾਡੀ ਛਾਤੀ ਉਤੇ ਬੈਠ ਗਈ ਹੈ। ਇਸਨੂੰ ਅਸੀਂ ਹੰਕਾਰ ਆਖੀਏ ਤਾਂ ਹਰਜ ਨਹੀਂ ਹੋਵੇਗਾ।

ਮਨਸਵਿਦ ਕਹਿੰਦੇ ਹਨ ਕਿ ਇਸ ਪਰਛਾਵੇਂ ਦੇ ਕਾਰਨ ਹੀ ਪੂਰੀ ਪ੍ਰਿਥਵੀ ਪਾਗਲ ਹੁੰਦੀ ਜਾ ਰਹੀ ਹੈ। ਜਿੰਨਾ ਸੱਭਯ ਸਮਾਜ ਹੋਵੇ, ਉਨਾ ਪਾਗਲਪਣ ਵਧ ਜਾਂਦਾ ਹੈ। ਅਤੇ ਜਿੰਨਾ ਅਸੱਭਯ ਸਮਾਜ ਹੋਵੇ, ਉਨਾ ਘਟ ਹੁੰਦਾ ਹੈ ਪਾਗਲਪਣ। ਠੀਕ ਅਸੱਭਯ ਸਮਾਜ ਵਿਚ ਪਾਗਲ ਹੁੰਦੇ ਹੀ ਨਹੀਂ। ਸੱਭਯਤਾ ਦੇ ਨਾਲ ਸ਼ੁਦਾਅ ਆਉਂਦਾ ਹੈ। ਸ਼ਾਇਦ ਸੱਭਯਤਾ ਹੀ ਬਹੁਤ ਗਹਿਰੇ ਵਿਚ ਸ਼ੁਦਾਅ ਦਾ ਮੂਲ ਹੈ, ਨੀਂਹ ਹੈ, ਅਧਾਰ ਹੈ, ਜੜ੍ਹ ਹੈ।

ਕਿਉਂ, ਸੱਭਯ ਹੋਣ ਦੇ ਨਾਲ ਸ਼ੁਦਾਅ ਕਿਉਂ ਆਉਂਦਾ ਹੈ ?

ਤੁਸੀਂ ਵੰਡੇ ਜਾਂਦੇ ਹੋ। ਤੁਸੀਂ ਦੋ ਹੋ ਜਾਂਦੇ ਹੋ। ਉਹ ਜੋ ਕੁਦਰਤੀ ਹੈ ਤੁਹਾਡੇ ਅੰਦਰ, ਸੁਭਾਵਕ ਹੈ, ਉਸਦੇ ਉਪਰ ਇਕ ਥੋਪੀ ਹੋਈ, ਸੰਸਕਾਰਤ, ਸੰਸਕਾਰਤ ਸ਼ਖ਼ਸੀਅਤ ਬੈਠ ਜਾਂਦੀ ਹੈ। ਫਿਰ ਉਹੀ ਤੁਹਾਨੂੰ ਤੋੜਦੀ ਹੈ। ਤੁਸੀਂ ਖ਼ੁਦ ਨੂੰ ਜ਼ਰਾ ਦੇਖਣਾ ਚੌਵੀ ਘੰਟੇ ਨਿਰੀਖਣ ਕਰਕੇ, ਤਾਂ ਤੁਹਾਨੂੰ ਪਤਾ ਲਗੇਗਾ ਕਿ ਤੁਸੀਂ ਬਿਲਕੁਲ ਅਣਸੁਭਾਵਕ ਹੋ, ਝੂਠ ਹੋ, ਇਕ ਨਾਟਕ ਹੋ। ਅਤੇ ਇਹ ਵੀ ਪਤਾ ਲਗ ਜਾਵੇ ਕਿ ਤੁਸੀਂ ਇਕ ਨਾਟਕ ਹੋ, ਤਾਂ ਵੀ ਬੜੀ ਸਮਝ ਆ ਜਾਵੇ। ਤੁਸੀਂ ਸਮਝਦੇ ਹੋ ਕਿ ਨਹੀਂ, ਇਹ ਨਾਟਕ ਨਹੀਂ ਹੈ; ਜ਼ਿੰਦਗੀ ਹੈ। ਇਹ ਭੁੱਲ ਹੋ ਰਹੀ ਹੈ। ਇਹ ਖ਼ਿਆਲ ਵਿਚ ਆ ਜਾਵੇ ਕਿ ਠੀਕ ਹੈ,ਇਕ ਝੂਠ ਹੈ, ਜੋ ਮੈਂ ਚਲਾ ਰਿਹਾ ਹਾਂ—ਪਰ ਹੋਸ਼ਪੂਰਵਕ। ਤਾਂ ਵੀ ਤੁਸੀਂ ਸੱਚ ਦੇ ਨਜ਼ਦੀਕ ਪਹੁੰਚਣ ਲਗੋ।

ਜੁੰਗ ਨੇ ਇਸਨੂੰ ਸ਼ੈਡੋ ਕਿਹਾ ਹੈ, ਪਰਛਾਵਾਂ ਕਿਹਾ ਹੈ। ਹਰ ਆਦਮੀ ਦੇ ਪਿਛੇ ਲਗਿਆ ਰਹਿੰਦਾ ਹੈ। ਜਿਵੇਂ-ਜਿਵੇਂ ਤੁਹਾਡੀ ਉਮਰ ਵਧਦੀ ਜਾਂਦੀ ਹੈ, ਇਹ ਪਰਛਾਵਾਂ ਵਡਾ ਹੁੰਦਾ ਜਾਂਦਾ ਹੈ, ਸਖ਼ਤ ਤੇ ਮਜ਼ਬੂਤ। ਹੋਰ ਗ੍ਰਾਸ ਲੈਂਦੀ ਹੈ ਸਭ ਪਾਸਿਆਂ ਤੋਂ, ਹੋਰ ਆਤਮਾ ਸੁੰਗੜ ਜਾਂਦੀ ਹੈ। ਬੱਚੇ ਦੇ ਕੋਲ ਜੋ ਥੋੜ੍ਹੀ-ਬਹੁਤ ਆਤਮਾ ਹੁੰਦੀ ਹੈ, ਉਹ ਬੁੱਢੇ ਦੇ ਕੋਲ ਕਿਥੇ ਹੁੰਦੀ ਹੈ ? ਲੇਕਿਨ ਅਸੀਂ ਮੰਨਦੇ ਹਾਂ ਕਿ ਬੁੱਢੇ ਦੇ ਕੋਲ ਅਨੁਭਵ ਹੁੰਦਾ ਹੈ, ਸਮਝ ਹੁੰਦੀ ਹੈ। ਇਹ ਪਰਛਾਵਾਂ ਹੀ ਉਸਦੀ ਸਮਝ ਅਤੇ ਅਨੁਭਵ ਹੈ।

ਇਸਲਈ ਜੀਸਸ ਨੇ ਜੋ ਕਿਹਾ ਹੈ, ਕਿ ਉਹ ਹੀ ਲੋਕ ਮੇਰੇ ਪ੍ਰਭੂ ਦੇ ਰਾਜ ਵਿਚ ਪ੍ਰਵੇਸ਼ ਪਾ ਸਕਣਗੇ ਜੋ ਬੱਚਿਆਂ ਦੇ ਵਾਂਗ ਸਰਲ ਹਨ, ਤਾਂ ਠੀਕ ਕਿਹਾ ਹੈ। ਜੇਕਰ ਤੁਸੀਂ ਬੁੱਢੇ ਹੋ ਗਏ ਹੋ... ਸਾਰੇ ਹੀ ਬੁੱਢੇ ਹੋ ਗਏ ਹਨ। ਬੱਚਾ ਪੈਦਾ ਹੋਣ ਸਾਰ ਬੁੱਢਾ ਹੋਣਾ ਸ਼ੁਰੂ ਹੋ ਜਾਂਦਾ ਹੈ। ਕਈ ਉਮਰ ਦੇ ਬੁੱਢੇ ਹਨ। ਕੁਝ ਘਟ ਉਮਰ ਦੇ ਬੁੱਢੇ ਹਨ; ਕੁਝ ਜ਼ਿਆਦਾ ਉਮਰ ਦੇ ਬੁੱਢੇ ਹਨ। ਕੁਝ ਅਜੇ ਛੋਟੇ ਬੁੱਢੇ ਹਨ, ਕੁਝ ਵਡੇ ਬੁੱਢੇ ਹਨ। ਸਭ ਬੁੱਢੇ ਹਨ। ਕਿਉਂਕਿ ਪੈਦਾ ਹੋਣ ਸਾਰ ਹੀ ਚਾਰ-ਚੁਫੇਰੇ ਜੋ ਝੂਠ ਦਾ ਸੰਸਾਰ—ਉਹ ਜੋ ਹੋਰ ਪਰਛਾਵੇਂ ਵਾਲੇ ਲੋਕ ਹਨ—ਉਹ ਚਾਰ-ਚੁਫੇਰੇ ਖੜ੍ਹੇ ਹਨ। ਇਕ ਬੱਚਾ ਉਹਨਾਂ ਦੇ ਹੀ ਦਰਮਿਆਨ ਤਾਂ ਪੈਦਾ ਹੁੰਦਾ ਹੈ, ਉਸ ਬੱਚੇ ਨੂੰ ਕਦੇ ਪਤਾ ਵੀ ਨਹੀਂ ਲਗਦਾ।

ਇਉਂ ਹੋਇਆ ਕਿ ਅਮੇਜ਼ਾਨ ਨਦੀ ਦੇ ਕੰਢੇ ਪਹਿਲੀ ਦਫ਼ਾ, ਅੱਜ ਤੋਂ ਕੋਈ ਸੌ ਸਾਲ ਪਹਿਲਾਂ ਇਕ ਕਬੀਲੇ ਦਾ ਪਤਾ ਲਗਾ। ਉਸ ਕਬੀਲੇ ਵਿਚ ਜਾ ਕੇ ਖ਼ਿਆਲ 'ਚ ਆਇਆ ਕਿ ਪੂਰਾ ਕਬੀਲਾ ਮਲੇਰੀਏ ਨਾਲ ਬੀਮਾਰ ਹੈ, ਪੂਰਾ

ਕਬੀਲਾ। ਸਭ ਬੱਚੇ ਬਿਨਾਂ ਮਲੇਰੀਏ ਦੇ ਪੈਦਾ ਹੁੰਦੇ ਹਨ। ਉਸ ਕਬੀਲੇ ਵਿਚ ਵੀ; ਲੇਕਿਨ ਪੈਦਾ ਹੋਣ ਸਾਰ ਹੀ ਮਲੇਰੀਆ ਪਕੜ ਜਾਂਦਾ ਹੈ, ਕਿਉਂਕਿ ਪੂਰਾ ਕਬੀਲਾ ਬੀਮਾਰ ਹੈ, ਅਤੇ ਚਾਰੇ ਪਾਸੇ ਮੱਛਰ ਹਨ, ਮਲੇਰੀਏ ਦੇ ਕੀਟਾਣੂੰ ਹਨ।

ਉਸ ਕਬੀਲੇ ਨੂੰ ਪਤਾ ਹੀ ਨਹੀਂ ਕਿ ਮਲੇਰੀਆ ਕੋਈ ਬੀਮਾਰੀ ਹੈ, ਕਿਉਂਕਿ ਜਦ ਸਾਰੇ ਹੀ ਬੀਮਾਰ ਹੋਣ, ਤਾਂ ਬੀਮਾਰੀ ਨਾਰਮਲ ਹੋ ਗਈ। ਸੋ ਉਹ ਕਬੀਲਾ ਤਾਂ ਮੰਨ ਕੇ ਹੀ ਚਲਦਾ ਹੈ ਕਿ ਅਜੇਹਾ ਤਾਂ ਹੁੰਦਾ ਹੀ ਜ਼ਿੰਦਗੀ ਵਿਚ, ਇਹ ਬੀਮਾਰੀ ਤਾਂ ਜੀਵਨ ਦੇ ਨਾਲ ਹੀ ਜੁੜੀ ਹੈ ਅਤੇ ਜਦ ਸਾਰੇ ਹੀ ਬੱਚੇ ਪੈਦਾ ਹੋਣ ਸਾਰ ਹੀ ਬੀਮਾਰ ਹੋ ਜਾਂਦੇ ਹਨ, ਤਾਂ ਉਹਨਾਂ ਨੂੰ ਕਦੇ ਪਤਾ ਹੀ ਨਹੀਂ ਲਗਦਾ ਕਿ ਉਹ ਬੀਮਾਰੀ ਨੂੰ ਹੀ ਸਿਹਤ ਸਮਝ ਲੈਂਦੇ ਹਨ। ਅੱਧਾ-ਅੱਧਾ ਜੀਂਦੇ ਹਨ, ਅਧੂਰੇ, ਮਰੇ-ਮਰੇ ਜੀਂਦੇ ਹਨ। ਲੇਕਿਨ ਇਹੀ ਤੰਦਰੁਸਤੀ ਹੈ। ਕਿਉਂਕਿ ਹੋਰ ਤਾਂ ਕੋਈ ਪੈਮਾਨਾ ਵੀ ਨਹੀਂ ਹੈ ਤੰਦਰੁਸਤੀ ਦਾ, ਜਿਸ ਨਾਲ ਤੁਲਣਾ ਕੀਤੀ ਜਾ ਸਕੇ।

ਮਨਸਵਿਦ ਕਹਿੰਦੇ ਹਨ ਕਿ ਇਹ ਸਾਰੀ ਦੀ ਸਾਰੀ ਪ੍ਰਿਥਵੀ ਸ਼ੁਦਾਈ ਹੈ। ਅਤੇ ਜੇਕਰ ਮੰਗਲ ਗ੍ਰਹਿ ਤੋਂ ਕਦੇ ਜਾਂ ਕਿਸੇ ਹੋਰ ਗ੍ਰਹਿ ਤੋਂ ਕਦੇ ਕੋਈ ਦੂਸਰਾ ਚੇਤੰਨ ਪ੍ਰਾਣੀ ਇਸ ਪ੍ਰਿਥਵੀ 'ਤੇ ਆਵੇ, ਤਾਂ ਸ਼ਾਇਦ ਸਾਨੂੰ ਪਤਾ ਲਗੇ ਕਿ ਅਸੀਂ ਸਭ ਸ਼ੁਦਾਈ ਹਾਂ। ਅਤੇ ਅਸੀਂ ਪੈਦਾ ਹੋਣ ਸਾਰ ਹੀ ਹੋ ਜਾਂਦੇ ਹਾਂ। ਸਾਰੇ ਬੱਚੇ ਤੰਦਰੁਸਤ ਪੈਦਾ ਹੁੰਦੇ ਹਨ ਅਤੇ ਹੋਣ ਦੇ ਬਾਅਦ ਰੋਗ ਪਕੜਨਾ ਸ਼ੁਰੂ ਹੋ ਜਾਂਦਾ ਹੈ। ਕਿਉਂਕਿ ਬਾਪ ਵੀ ਬੀਮਾਰ ਹੈ, ਮਾਂ ਵੀ ਬੀਮਾਰ ਹੈ, ਪਰਿਵਾਰ ਬੀਮਾਰ ਹੈ, ਸਮਾਜ ਬੀਮਾਰ ਹੈ, ਦੇਸ ਬੀਮਾਰ ਹੈ। ਪੂਰੀ ਮਨੁੱਖਤਾ ਬੀਮਾਰ ਹੈ ਅਤੇ ਹਰ ਪਾਸੇ ਸ਼ੁਦਾਅ ਦੇ ਕੀਟਾਣੂੰ ਹਨ। ਇਹ ਜੋ ਬੀਮਾਰ ਆਦਮੀ ਤੁਹਾਡੇ ਅੰਦਰ ਪੈਦਾ ਹੋ ਜਾਂਦਾ ਹੈ, ਉਹ ਹੈ ਤੁਹਾਡਾ ਪਰਛਾਵਾਂ। ਅਤੇ ਉਸਨੂੰ ਤੁਸੀਂ ਇੰਨੇ ਜ਼ੋਰ ਨਾਲ ਪਕੜ ਲੈਂਦੇ ਹੋ, ਤੁਸੀਂ ਸਮਝਦੇ ਹੋ ਕਿ ਇਹੀ ਤੁਹਾਡੀ ਆਤਮਾ, ਤਾਂ ਫਿਰ ਛੁੱਟਣਾ ਮੁਸ਼ਕਲ ਹੋ ਜਾਂਦਾ ਹੈ।

ਇਹ ਸੂਤਰ ਕਹਿੰਦਾ ਹੈ : ਅੰਤਮ ਦੁਆਰ 'ਤੇ ਪਹੁੰਚਣ ਤੋਂ ਪਹਿਲਾਂ ਤੂੰ ਆਪਣੇ ਮਨ ਤੋਂ ਆਪਣੇ ਸਰੀਰ ਨੂੰ ਅਲੱਗ ਕਰਨਾ ਸਿੱਖਣਾ ਹੈ। ਪਰਛਾਵੇਂ ਨੂੰ ਮਿਟਾ ਸੁੱਟਣਾ ਹੈ। ਤੇ ਸਦੀਵਤਾ ਵਿਚ ਜੀਣਾ ਹੈ।

ਪਰਛਾਵਾਂ ਮਿਟੇ, ਤਾਂ ਹੀ ਸਰੀਰ ਤੇ ਤੁਸੀਂ ਅਲੱਗ ਹੋ, ਉਸਦਾ ਪਤਾ ਲਗੇਗਾ। ਨਹੀਂ ਤਾਂ ਉਸਦਾ ਪਤਾ ਵੀ ਨਹੀਂ ਲਗੇਗਾ। ਪਰਛਾਵੇਂ ਦੇ ਕਾਰਨ ਪਤਾ ਵੀ ਨਹੀਂ ਲਗਦਾ ਕਿ ਤੁਸੀਂ ਕੌਣ ਹੋ। ਇਕ ਭੁਲੇਖੇ 'ਚ ਪਈ ਇਕਾਈ ਲਗਦੀ ਹੈ ਕਿ ਇਹ ਮੈਂ ਹਾਂ, ਤਾਂ ਤੁਹਾਡੀ ਅਸਲ ਇਕਾਈ ਦਾ ਕੋਈ ਪਤਾ ਹੀ ਨਹੀਂ ਲਗਦਾ ਕਿ ਤੁਸੀਂ ਕੌਣ ਹੋ। ਤੁਹਾਡਾ ਸਰੀਰ ਤੇ ਤੁਹਾਡਾ ਵਜੂਦ ਅਲੱਗ ਹੈ, ਇਹ ਤਦੇ ਪਤਾ ਲਗੇਗਾ, ਜਦ ਤੁਹਾਨੂੰ ਆਪਣੇ ਵਜੂਦ ਦਾ ਪਤਾ ਲਗੇ। ਤਾਂ ਤੁਹਾਨੂੰ ਉਸੇ ਵੇਲੇ ਦਿਖਾਈ ਪਵੇਗਾ ਕਿ ਸਰੀਰ ਤੁਹਾਡਾ ਅਲੱਗ ਹੈ।

ਔਪਰ ਲੋਕ ਉਲਟਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਲੋਕ ਅਜੇਹਾ ਸੋਚਦੇ ਹਨ ਕਿ ਸਰੀਰ ਅਲੱਗ ਹੈ, ਮੈਂ ਅਲੱਗ ਹਾਂ। ਸੋਚਣ ਦੀ ਜ਼ਰੂਰਤ ਹੀ ਨਹੀਂ, ਇਹ ਗੱਲ ਸੋਚਣ ਦੀ ਨਹੀਂ, ਅਤੇ ਇਹ ਨਚੋੜ ਕੱਢਣ ਨਾਲ ਨਹੀਂ ਆਉਂਦੀ। ਇਹ

ਕੋਈ ਤਰਕ ਦਾ ਨਚੋੜ ਨਹੀਂ ਹੈ ਕਿ ਤੁਸੀਂ ਆਤਮਾ ਹੋ, ਸਰੀਰ ਨਹੀਂ। ਇਹ ਇਕ ਅਨੁਭਵ ਹੈ। ਅਤੇ ਇਹ ਅਨੁਭਵ ਕਿੰਨਾ ਹੀ ਵਿਚਾਰੋ, ਕਿੰਨਾ ਹੀ ਵਿਚਾਰਾਂ ਨੂੰ ਜੋੜੋ, ਉਸ ਤੋਂ ਪੈਦਾ ਨਹੀਂ ਹੁੰਦਾ। ਅਨੁਭਵ ਪੈਦਾ ਹੋਵੇ, ਤਾਂ ਵਿਚਾਰ ਪੈਦਾ ਹੁੰਦਾ ਹੈ। ਧਿਆਨ ਰਖਣਾ: ਵਿਚਾਰ ਨਾਲ ਕੋਈ ਅਨੁਭਵ ਨਹੀਂ ਆਉਂਦਾ, ਅਨੁਭਵ ਹੋਵੇ ਤਾਂ ਵਿਚਾਰ।

ਤੁਹਾਨੂੰ ਪਤਾ ਨਹੀਂ ਕਿ ਤੁਸੀਂ ਆਤਮਾ ਹੋ। ਸ਼ਾਸਤਰਾਂ ਤੋਂ ਸੁਣਿਆ ਹੈ, ਸਤਿਗੁਰੂ ਨੇ ਕਿਹਾ ਹੈ। ਅਸੀਂ ਵੀ ਸਿੱਖ ਲਿਆ ਹੈ। ਉਹ ਸਿਖਾਂਦਾ ਹੈ। ਉਹ ਵੀ ਸਾਡੀ ਝੂਠੀ ਹੈ, ਉਹ ਵੀ ਸਾਡੇ ਪਰਛਾਵੇਂ ਦਾ ਹਿੱਸਾ ਬਣ ਗਈ ਹੈ। ਕਿਸੇ ਤੋਂ ਵੀ ਪੁਛੋ, ਤਾਂ ਉਹ ਕਹਿੰਦਾ ਹੈ, ਹਾਂ ਮੈਂ ਆਤਮਾ ਹਾਂ, ਸਰੀਰ ਨਹੀਂ ਹਾਂ। ਅਤੇ ਇਹ ਉਸਦਾ ਪਰਛਾਵਾਂ ਬੋਲ ਰਿਹਾ ਹੈ, ਉਹ ਆਪ ਨਹੀਂ ਬੋਲ ਰਿਹਾ ਹੈ।

ਅਸੀਂ ਸੱਚ ਵੀ ਝੂਠ ਦੇ ਮੂੰਹ ਨਾਲ ਬੋਲਦੇ ਹਾਂ। ਸਾਡੇ ਸੱਚ ਵੀ ਝੂਠ ਹਨ। ਕਿਉਂਕਿ ਅਸੀਂ ਝੂਠ ਹਾਂ, ਸਾਥੋਂ ਜੋ ਵੀ ਹੋਵੇਗਾ, ਉਹ ਝੂਠ ਹੋ ਜਾਏਗਾ ਸਾਡੇ ਛੋਂਹਦਿਆਂ ਹੀ। ਜਿਵੇਂ ਮਿਡਾਸ ਦੀ ਕਥਾ ਹੈ ਕਿ ਉਹ ਜੋ ਵੀ ਛੋਂਹਦਾ, ਉਹ ਸੋਨਾ ਬਣ ਜਾਂਦਾ। ਅਸੀਂ ਉਸ ਤੋਂ ਵੀ ਵਡੇ ਕਾਰੀਗਰ ਹਾਂ। ਅਸੀਂ ਸੱਚ ਨੂੰ ਵੀ ਛੋਹੀਏ ਤਾਂ ਝੂਠ ਹੋ ਜਾਂਦਾ ਹੈ। ਅਸੀਂ ਜੋ ਵੀ ਚੀਜ਼ ਹੱਥ ਨਾਲ ਛੋਹ ਲਈਏ, ਝੂਠ ਹੋ ਜਾਂਦੀ ਹੈ। ਸਾਡੇ ਹੱਥਾਂ ਦੇ ਕਾਰਨ ਕੁਰਾਨ ਝੂਠ ਹੋ ਗਈ, ਬਾਈਬਲ ਝੂਠ ਹੋ ਗਈ, ਗੀਤਾ ਝੂਠ ਹੋ ਗਈ, ਵੇਦ ਝੂਠ ਹੋ ਗਏ। ਸਾਡੇ ਹੱਥਾਂ ਦੇ ਕਾਰਨ ਅਸੀਂ ਬੁੱਧ ਨੂੰ ਝੂਠ ਕਰ ਦਿੰਦੇ ਹਾਂ, ਮਹਾਂਵੀਰ ਨੂੰ ਝੂਠ ਕਰ ਦਿੰਦੇ ਹਾਂ, ਕ੍ਰਾਈਸਟ ਨੂੰ ਝੂਠ ਕਰ ਦਿੰਦੇ ਹਾਂ, ਕ੍ਰਿਸ਼ਨ ਨੂੰ ਝੂਠ ਕਰ ਦਿੰਦੇ ਹਾਂ। ਅਸੀਂ ਜਿਸਨੂੰ ਛੋਂਹਦੇ ਹਾਂ, ਉਹ ਝੂਠ ਹੋ ਜਾਂਦਾ ਹੈ। ਅਸੀਂ ਝੂਠ ਹਾਂ।

ਅਤੇ ਇਹ ਜੋ ਸਾਡਾ ਪਰਛਾਵਾਂ ਹੈ, ਇਹ ਜੋ ਸਾਡਾ ਝੂਠਾ ਖ਼ਿਆਲ ਹੈ ਆਪਣੇ ਹੋਣ ਦਾ ਕਿ ਮੈਂ ਇਹ ਹਾਂ, ਇਸਨੂੰ ਤੋੜਨ ਦੇ ਲਈ ਕੁਝ ਕਰਨਾ ਪਏਗਾ। ਸੋਚਣ ਨਾਲ ਨਹੀਂ ਹੋਣਾ। ਸੋਚਣ ਨਾਲ ਇਸਲਈ ਨਹੀਂ ਹੋਣਾ ਕਿ ਸੋਚਣ ਉੱਤੇ ਤਾਂ ਕਬਜ਼ਾ ਕਰ ਰਖਿਆ ਹੈ ਤੁਹਾਡੇ ਪਰਛਾਵੇਂ ਨੇ ਹੀ। ਇਹ ਤਾਂ ਤੁਹਾਨੂੰ ਸੋਚਣ ਦਾ ਮੌਕਾ ਦਿੰਦਾ ਹੈ, ਜਿਸ ਨਾਲ ਉਸਨੂੰ ਪੋਸ਼ਣ ਮਿਲਦਾ ਹੈ। ਉਸਨੂੰ ਹੀ ਤੋੜਨਾ ਹੈ, ਤਾਂ ਫਿਰ ਸੋਚਣ ਨਾਲ ਨਹੀਂ ਹੋ ਸਕੇਗਾ। ਤੁਹਾਨੂੰ ਕੁਝ ਕਰਨਾ ਪਵੇ ਵਜੂਦਗਤ, ਐਗਜਿਸਟੇਂਸ਼ਿਅਲ। ਇਸਲਈ ਧਿਆਨ ਉੱਤੇ ਮੇਰਾ ਇੰਨਾ ਜ਼ੋਰ ਹੈ। ਅਤੇ ਮੇਰਾ ਹੀ ਨਹੀਂ, ਜੋ ਵੀ ਤੁਹਾਨੂੰ ਵਜੂਦ ਵਿਚ ਲੈ ਜਾਣਾ ਚਾਹੁੰਦਾ ਹੈ, ਉਸਦਾ ਜ਼ੋਰ ਧਿਆਨ ਉੱਤੇ ਹੋਵੇਗਾ। ਅਤੇ ਜਿਹੜਾ ਤੁਹਾਨੂੰ ਸੰਪ੍ਰਦਾਇ ਵਿਚ ਲਿਜਾਣਾ ਚਾਹੁੰਦਾ ਹੈ, ਉਸਦਾ ਜ਼ੋਰ ਵਿਚਾਰ ਉੱਤੇ ਹੋਵੇਗਾ।

ਮੈਂ ਤੁਹਾਨੂੰ ਚੰਗਾ ਆਦਮੀ ਨਹੀਂ ਬਨਾਉਣਾ ਚਾਹੁੰਦਾ ਹਾਂ ਕਿਉਂਕਿ ਚੰਗਾ ਆਦਮੀ ਤਾਂ ਉਸੇ ਪਰਛਾਵੇਂ ਦਾ ਹਿੱਸਾ ਹੈ। ਮੈਂ ਤਾਂ ਤੁਹਾਨੂੰ ਪ੍ਰਮਾਣਿਕ ਆਦਮੀ, ਅਥੇਂਟਿਕ ਬਨਾਉਣਾ ਚਾਹੁੰਦਾ ਹਾਂ। ਚੰਗਾ ਨਹੀਂ, ਚੰਗੇ–ਬੁਰੇ ਦੀ ਗੱਲ ਹੀ ਫਜ਼ੂਲ ਹੈ। ਸੱਚਾ, ਚੋਖਾ, ਖ਼ਾਲਸ, ਸ਼ੁੱਧ; ਸ਼ੁਭ ਨਹੀਂ। ਸ਼ੁੱਧ, ਨਿਰਦੋਸ਼, ਸਿੱਧਾ, ਸਾਫ਼, ਕੁਦਰਤੀ; ਜਿਵੇਂ ਲਾਓਤਸੇ ਕਹਿੰਦਾ ਹੈ, ਸਰਲ

ਬੱਚੇ ਦੇ ਵਾਂਗ, ਉਹੋ-ਜਿਹਾ ਆਦਮੀ।

ਉਹੋ-ਜਿਹਾ ਆਦਮੀ ਵਿਚਾਰ ਨਾਲ ਨਹੀਂ ਜਨਮਦਾ। ਵਿਚਾਰ ਤਾਂ ਸਾਡੇ ਅੰਦਰ ਸਾਰੀਆਂ ਹੀ ਚੀਜ਼ਾਂ ਨੂੰ ਵਿੰਗਾ-ਟੇਢਾ ਕਰ ਦਿੰਦਾ ਹੈ। ਜਿਵੇਂ ਪਾਣੀ ਵਿਚ ਇਕ ਡੰਡੇ ਨੂੰ ਪਾਉ, ਪਾਉਂਦਿਆਂ ਹੀ ਪਾਣੀ ਵਿਚ ਡੰਡਾ ਤਿਰਛਾ ਦਿਖਾਈ ਪੈਣ ਲਗਦਾ ਹੈ। ਹੁੰਦਾ ਨਹੀਂ ਹੈ ਤਿਰਛਾ; ਬਾਹਰ ਕਢੋ, ਸਿੱਧਾ ਹੈ। ਅਜੇਹਾ ਨਹੀਂ ਕਿ ਬਾਹਰ ਨਿਕਲ ਕੇ ਫਿਰ ਸਿੱਧਾ ਹੋ ਜਾਂਦਾ ਹੈ ਅਤੇ ਅੰਦਰ ਜਾ ਕੇ ਤਿਰਛਾ ਜੋ ਜਾਂਦਾ ਹੈ। ਪਾਣੀ ਤਿਰਛਾ ਨਹੀਂ ਕਰ ਸਕਦਾ; ਲੇਕਿਨ ਪਾਣੀ ਵਿਚ, ਪਾਣੀ ਦੇ ਮਾਧਿਅਮ ਵਿਚ, ਹਰ ਚੀਜ਼ ਤਿਰਛੀ ਹੋ ਕੇ ਦਿਸਣੀ ਸ਼ੁਰੂ ਹੋ ਜਾਂਦੀ ਹੈ।

ਵਿਚਾਰ ਦਾ ਜੋ ਮਾਧਿਅਮ ਹੈ, ਉਥੇ ਹਰ ਚੀਜ਼ ਤਿਰਛੀ ਹੋ ਜਾਂਦੀ ਹੈ। ਧਿਆਨ ਦੇ ਮਾਧਿਅਮ ਵਿਚ ਚੀਜ਼ਾਂ ਉਹੋ-ਜਿਹੀਆਂ ਦਿਖਾਈ ਪੈਂਦੀਆਂ ਹਨ, ਜਿਹੋ-ਜਿਹੀਆਂ ਹਨ। ਅਤੇ ਵਿਚਾਰ ਦੇ ਮਾਧਿਅਮ ਵਿਚ ਉਸ ਤਰ੍ਹਾਂ ਦੀਆਂ ਦਿਸਦੀਆਂ ਹਨ, ਜਿਸ ਤਰ੍ਹਾਂ ਦੀਆਂ ਤੁਸੀਂ ਦੇਖਣਾ ਚਾਹੁੰਦੇ ਹੋ। ਤੁਸੀਂ ਉਹਨਾਂ ਨੂੰ ਵਿੰਗੀਆਂ-ਟੇਢੀਆਂ ਕਰ ਦਿੰਦੇ ਹੋ, ਆਪਣੇ ਅਨੁਸਾਰ ਕਰ ਦਿੰਦੇ ਹੋ।

ਖ਼ਿਆਲ ਰਹੇ, ਵਿਚਾਰ ਵਿਚ ਤੁਸੀਂ ਜੋ ਵੀ ਦੇਖਦੇ ਹੋ, ਉਸਨੂੰ ਆਪਣੇ ਅਨੁਸਾਰ ਕਰ ਲੈਂਦੇ ਹੋ। ਅਤੇ ਤੁਸੀਂ ਜੇਕਰ ਗਲਤ ਹੋ, ਤਾਂ ਸਭ ਗਲਤ ਹੋ ਜਾਂਦਾ ਹੈ।

ਧਿਆਨ ਵਿਚ ਤੁਸੀਂ ਉਹੀ ਦੇਖਦੇ ਹੋ, ਜਿਵੇਂ ਹੈ। ਅਤੇ ਤੁਹਾਨੂੰ ਉਸਦੇ ਅਨੁਸਾਰ ਹੋਣਾ ਪੈਂਦਾ ਹੈ। ਵਿਚਾਰ ਵਿਚ ਸਭ-ਕੁਝ ਤੁਹਾਡੇ ਅਨੁਸਾਰ ਹੋ ਜਾਂਦਾ ਹੈ।

ਧਿਆਨ ਵਿਚ ਤੁਹਾਨੂੰ ਵਜੂਦ ਦੇ ਅਨੁਸਾਰ ਹੋਣਾ ਪੈਂਦਾ ਹੈ। ਇਸਲਈ ਧਿਆਨ ਵਿਚ ਰੂਪ-ਪਰਤਣ ਹੋ ਜਾਂਦਾ ਹੈ।

ਪਰਛਾਵੇਂ ਨੂੰ ਮਿਟਾ ਸੁੱਟਣਾ ਹੈ ਅਤੇ ਸਦੀਵਤਾ ਵਿਚ ਜੀਣਾ ਹੈ।

ਕਿਵੇਂ ਮਿਟੇਗਾ ਇਹ ਪਰਛਾਵਾਂ?

ਤਿੰਨ ਗੱਲਾਂ ਧਿਆਨ ਰਖਣੀਆਂ ਜ਼ਰੂਰੀ ਹਨ।

ਇਕ ਤਾਂ ਇਸਦਾ ਖ਼ਿਆਲ ਰਹੇ ਕਿ ਇਹ ਮੈਂ ਨਹੀਂ ਬੋਲ ਰਿਹਾ ਹਾਂ, ਇਹ ਮੇਰਾ ਪਰਛਾਵਾਂ ਬੋਲ ਰਿਹਾ ਹੈ। ਇਹ ਮੈਂ ਨਹੀਂ ਕਰ ਰਿਹਾ ਹਾਂ, ਇਹ ਮੇਰਾ ਪਰਛਾਵਾਂ ਕਰ ਰਿਹਾ ਹੈ। ਇਹ ਮੈਂ ਨਹੀਂ ਮੁਸਕਰਾਇਆ, ਮੇਰਾ ਪਰਛਾਵਾਂ ਮੁਸਕਰਾਇਆ ਹੈ। ਇਸਦਾ ਲਗਾਤਾਰ ਚੇਤਾ ਬਣਿਆ ਰਹੇ, ਤਾਂ ਤੁਹਾਡੇ ਅਤੇ ਤੁਹਾਡੇ ਪਰਛਾਵੇਂ ਦੇ ਵਿਚਾਲੇ ਦੂਰੀ ਵਧਦੀ ਜਾਏਗੀ। ਇਹ ਚੇਤਾ ਹੀ ਫ਼ਾਸਲਾ ਬਣ ਜਾਏਗਾ।

ਦੂਜੀ ਗੱਲ, ਇਹ ਜੋ ਪਰਛਾਵਾਂ ਹੈ ਤੁਹਾਡਾ, ਜੋ ਥਾਂ-ਥਾਂ ਪਰਗਟ ਹੋ ਜਾਂਦਾ ਹੈ, ਚੰਗਾ ਹੋਵੇ ਇਸਨੂੰ ਸਬੰਧਾਂ ਵਿਚ ਪਰਗਟ ਕਰਨ ਦੀ ਬਜਾਇ, ਇਕਾਂਤ ਵਿਚ ਪਰਗਟ ਹੋਣ ਦਿਉ, ਕਿਉਂਕਿ ਤਦ ਸਬੰਧ ਜਟਲ ਹੋ ਜਾਂਦੇ ਹਨ।

ਮੇਰਾ ਅਨੁਭਵ ਹੈ ਕਿ ਤੁਸੀਂ ਰੋਜ਼ ਚੌਵੀ ਘੰਟੇ ਦੇ ਜੀਣ ਵਿਚ ਕੁਝ ਕ੍ਰੋਧ ਇਕੱਠਾ ਕਰ ਲੈਂਦੇ ਹੋ; ਜਿਵੇਂ ਆਦਮੀ ਧੂੜ ਇਕੱਠੀ ਕਰ ਲੈਂਦਾ ਹੈ। ਧੂੜ ਦੇ ਲਈ ਤਾਂ ਤੁਸੀਂ ਰੋਜ਼ ਇਸ਼ਨਾਨ ਕਰ ਲੈਂਦੇ ਹੋ; ਲੇਕਿਨ ਕ੍ਰੋਧ ਦੇ ਲਈ ਰੋਜ਼ ਤੁਸੀਂ ਕੀ ਕਰਦੇ ਹੋ? ਧੂੜ ਇਕੱਠੀ ਹੁੰਦੀ ਹੈ, ਸਰੀਰ ਨੂੰ ਧੋ ਛਡਦੇ ਹੋ, ਕੱਪੜੇ ਬਦਲ ਲੈਂਦੇ ਹੋ। ਐਪਰ ਮਨ ਉੱਤੇ ਵੀ ਧੂੜ ਇਕੱਠੀ ਹੁੰਦੀ ਹੈ। ਚੌਵੀ ਘੰਟੇ ਦੇ ਜੀਣ ਵਿਚ ਧੂੜ ਇਕੱਠੀ ਹੋਵੇਗੀ, ਸੁਭਾਵਕ ਹੈ।

ਇਸ ਮਨ ਦੀ ਧੂੜ ਦੇ ਲਈ ਤੁਸੀਂ ਕੀ ਕਰਦੇ ਹੋ?

ਇਹ ਇਕੱਠੀ ਹੁੰਦੀ ਚਲੀ ਜਾਂਦੀ ਹੈ। ਅਤੇ ਤਦ ਉਸ ਦੀਆਂ ਪਰਤਾਂ ਜੰਮ ਜਾਂਦੀਆਂ ਹਨ। ਅਤੇ ਫਿਰ ਇਹ ਪਰਤਾਂ ਟੁੱਟ-ਟੁੱਟ ਕੇ ਡਿਗਣ ਲਗਦੀਆਂ ਹਨ; ਅਤੇ ਉਹ ਅਕਾਰਣ, ਬੇਮੌਕੇ, ਕਿਤੇ ਵੀ ਡਿਗ ਜਾਂਦੀਆਂ ਹਨ। ਉਹਨਾਂ ਦਾ ਧਿਆਨ ਰਖੋ। ਉਹ ਤੁਹਾਡੇ ਪਰਛਾਵੇਂ ਦੀਆਂ ਪਰਤਾਂ ਹਨ, ਜੋ ਬਹੁਤ ਭਾਰੀਆਂ ਹੋ ਗਈਆਂ ਹਨ; ਅਤੇ ਜਿਨ੍ਹਾਂ ਨੂੰ ਢੋਣਾ ਮੁਸ਼ਕਲ ਹੈ।

ਕਦੇ ਖਿਆਲ ਕੀਤੈ, ਤੁਸੀਂ ਅੱਚਣਚੇਤ, ਅਚਾਨਕ ਆਪਣੇ-ਆਪ ਨੂੰ ਗੁੱਸੇ 'ਚ ਮਹਿਸੂਸ ਕਰਦੇ ਹੋ। ਜਾਂ ਬਹਾਨਾ ਬਹੁਤ ਛੋਟਾ ਹੈ, ਕ੍ਰੋਧ ਬਹੁਤ ਜ਼ਿਆਦਾ ਕਰ ਲੈਂਦੇ ਹੋ। ਜਿਥੇ ਸੂਈ ਨਾਲ ਕੰਮ ਸਰ ਜਾਂਦਾ ਹੈ। ਉਥੇ ਤਲਵਾਰ ਕਢ ਲਈ। ਕਦੇ ਤੁਸੀਂ ਦੇਖਿਐ ਇਹ ਵੀ? ਇਹ ਕਿਵੇਂ ਹੋ ਜਾਂਦਾ ਹੈ। ਜਿਥੇ ਸੂਈ ਨਾਲ ਕੰਮ ਸਰ ਜਾਂਦਾ ਉਥੇ ਤੁਸੀਂ ਤਲਵਾਰ ਕਿਵੇਂ ਕਢ ਲਈ? ਅਤੇ ਸਭ ਨੂੰ ਦਿਖਾਈ ਪੈਂਦਾ ਹੈ, ਇਹ ਜ਼ਰਾ ਜ਼ਿਆਦਤੀ ਹੈ, ਬਸ ਇਕ ਤੁਹਾਨੂੰ ਹੀ ਦਿਖਾਈ ਨਹੀਂ ਪੈਂਦਾ। ਕਾਰਨ ਇਹ ਹੈ ਕਿ ਤੁਹਾਨੂੰ ਸੂਈ ਨਾਲ ਮਤਲਬ ਨਹੀਂ, ਤੁਸੀਂ ਭਾਲ ਵਿਚ ਸੀ ਕਿ ਕਿਤੇ ਕੋਈ ਮੌਕਾ, ਕੋਈ ਅਵਸਰ, ਕੋਈ ਸਹੂਲਤ ਮਿਲ ਜਾਵੇ—ਅਤੇ ਅੰਦਰ ਬੜੀ ਪਰਤ ਇਕੱਠੀ ਹੋ ਗਈ ਹੈ ਕ੍ਰੋਧ ਦੀ, ਉਸ ਤੋਂ ਤੁਸੀਂ ਛੁਟਕਾਰਾ ਪਾ ਲਵੋ।

ਜਿਨ੍ਹਾਂ ਘਰਾਂ ਵਿਚ ਬੱਚੇ ਨਹੀਂ ਹੁੰਦੇ, ਉਹਨਾਂ ਘਰਾਂ ਵਿਚ ਪਤੀ-ਪਤਨੀ ਜ਼ਿਆਦਾ ਲੜਦੇ ਹਨ। ਬੱਚੇ ਹੁੰਦੇ ਹਨ ਤਾਂ ਘਟ ਲੜਦੇ ਹਨ। ਕਿਉਂਕਿ ਬੱਚੇ ਕਾਫੀ ਪਰਤ ਝਾੜਨ ਦੇ ਲਈ ਅਵਸਰ ਬਣ ਜਾਂਦੇ ਹਨ। ਕੋਈ ਕਮਜ਼ੋਰ ਚਾਹੀਦਾ ਹੈ, ਜਿਸ 'ਤੇ ਝੜ ਜਾਵੇ। ਵਡੇ ਪਰਿਵਾਰ ਸੀ, ਸਾਂਝੇ ਪਰਿਵਾਰ ਸੀ, ਤਾਂ ਪਤੀ-ਪਤਨੀ ਅਕਸਰ ਸਾਂਝੇ ਪਰਿਵਾਰ ਵਿਚ ਮਿੱਤਰ ਹੁੰਦੇ ਹਨ; ਕਿਉਂਕਿ ਉਹਨਾਂ ਦੇ ਕਾਮਨ ਦੁਸ਼ਮਣ ਹੁੰਦੇ ਹਨ, ਜਿਨ੍ਹਾਂ ਨਾਲ ਉਹ ਮਿਲ ਕੇ ਲੜਦੇ ਹਨ। ਸੱਸ ਹੈ, ਸਹੁਰਾ ਹੈ, ਜਾਂ ਕੋਈ ਹੋਰ ਹੈ। ਲੇਕਿਨ ਜੇ ਪਤੀ-ਪਤਨੀ ਇਕੱਲੇ ਰਹਿ ਜਾਣ, ਤਾਂ ਝੰਜਟ ਹੋ ਜਾਂਦੀ ਹੈ।

ਜੇ ਅੱਜ ਅਮਰੀਕਾ ਵਿਚ ਇੰਨੇ ਜ਼ਿਆਦਾ ਤਲਾਕ ਹਨ, ਤਾਂ ਇਸਦਾ ਕਾਰਨ ਅਮਰੀਕਾ ਨਹੀਂ, ਸਾਂਝੇ ਪਰਿਵਾਰ ਦਾ ਵਿਸਰਜਨ ਹੋ ਜਾਣਾ ਹੈ।

ਪਰਤਾਂ ਤਾਂ ਜਿਹੜਾ ਨੇੜੇ ਹੈ ਉਸੇ 'ਤੇ ਡਿਗਣਗੀਆਂ। ਜੋ ਨੇੜੇ ਤੋਂ ਨੇੜੇ ਹੈ, ਉਸੇ ਉਤੇ ਡਿਗਣਗੀਆਂ। ਸਿਰਫ ਬਹਾਨੇ ਦੀ ਤਲਾਸ਼ ਰਹਿੰਦੀ ਹੈ; ਕੋਈ ਬਹਾਨਾ ਮਿਲ ਜਾਵੇ, ਅਤੇ ਅਸੀਂ ਕਢ ਦੇਈਏ। ਇਸ ਨਾਲ ਸਾਰੇ ਸਬੰਧ ਵਿਕਾਰੀ ਅਤੇ

ਜ਼ਹਿਰੀਲੇ ਹੋ ਜਾਂਦੇ ਹਨ। ਨਹੀਂ, ਇਹ ਮੁਨਾਸਬ ਨਹੀਂ ਹੈ। ਜੇ ਤੁਹਾਡਾ ਸਰੀਰ ਗੰਦਾ ਹੈ ਤਾਂ ਤੁਸੀਂ ਇਕਾਂਤ ਵਿਚ ਇਸ਼ਨਾਨ ਕਰ ਲੈਂਦੇ ਹੋ; ਇਹਦੇ ਲਈ ਤੁਸੀਂ ਬਜ਼ਾਰ ਵਿਚ ਖੜ੍ਹੇ ਹੋ ਕੇ ਸ਼ੋਰਗੁਲ ਨਹੀਂ ਮਚਾਉਂਦੇ।

ਧਿਆਨ ਇਸ਼ਨਾਨ ਹੈ ਅੰਤਸ ਦਾ।

ਉਹ ਜੋ ਰੋਜ਼-ਰੋਜ਼ ਇਕੱਠਾ ਹੋ ਜਾਂਦਾ ਹੈ, ਉਸਨੂੰ ਤੁਸੀਂ ਇਕਾਂਤ ਵਿਚ, ਧਿਆਨ ਵਿਚ ਵਿਸਰਜਤ ਕਰਦੇ ਹੋ। ਲੋਕ ਮੈਥੋਂ ਆ ਕੇ ਪੁਛਦੇ ਹਨ, ਅੱਜ ਹੀ ਇਕ ਮਿੱਤਰ ਨੇ ਪੁਛਿਆ, ਕੀ ਕੇਥਾਰਸਿਸ ਬਿਲਕੁਲ ਜ਼ਰੂਰੀ ਹੈ? ਕੀ ਇਹ ਰੇਚਨ ਇੰਨਾ ਜ਼ਰੂਰੀ ਹੈ ਕਿ ਅਸੀਂ ਰੋਈਏ, ਚਿੱਲਾਈਏ, ਕ੍ਰੋਧਤ ਹੋਈਏ?

ਕੀ ਇਸਦੇ ਬਿਨਾਂ ਧਿਆਨ ਨਹੀਂ ਹੋ ਸਕੇਗਾ?

ਨਹੀਂ ਹੋ ਸਕੇਗਾ। ਹੋ ਸਕਦਾ ਹੁੰਦਾ, ਤਾਂ ਹੋ ਹੀ ਗਿਆ ਹੁੰਦਾ। ਉਹ ਨਹੀਂ ਹੋ ਸਕਿਆ ਹੈ ਹੁਣ ਤਕ, ਉਸਦਾ ਕਾਰਨ ਇਹੀ ਪਰਤਾਂ ਹਨ। ਅਤੇ ਇਕਾਂਤ ਵਿਚ ਝਾੜਨ 'ਚ ਸਾਨੂੰ ਕਠਨਾਈ ਜਾਪਦੀ ਹੈ; ਕਿਉਂਕਿ ਇਰੈਸ਼ਨਲ, ਬੇਦਲੀਲ ਜਾਪਦੀ ਹੈ ਗੱਲ। ਜੇ ਕਿਸੇ ਨੇ ਗਾਲ੍ਹ ਕੱਢੀ, ਤਾਂ ਕ੍ਰੋਧ ਕਰਨ 'ਚ ਯੋਗ ਮਲੂਮ ਪੈਂਦਾ ਹੈ ਕਿ ਗਾਲ੍ਹ ਕੱਢੀ, ਇਸਲਈ ਕ੍ਰੋਧ ਕਰ ਰਹੇ ਹਾਂ। ਅਤੇ ਇਥੇ ਮੈਂ ਧਿਆਨ ਵਿਚ ਤੁਹਾਨੂੰ ਕਹਿੰਦਾ ਹਾਂ ਕਿ ਕ੍ਰੋਧ ਨੂੰ ਨਿਕਲ ਜਾਣ ਦਿਉ, ਤਾਂ ਤੁਹਾਨੂੰ ਬੜੀ ਮੁਸ਼ਕਲ ਜਾਪਦੀ ਹੈ। ਕਿਸ ਉਤੇ ਨਿਕਲ ਜਾਣ ਦਿਉ? ਕੋਈ ਉਪੱਦਰ ਵੀ ਨਹੀਂ ਕਰ ਰਿਹਾ ਹੈ—ਕਿਥੇ ਨਿਕਲ ਜਾਣ ਦਿਉ?

ਤੁਹਾਨੂੰ ਇਹ ਕਲਾ ਸਿੱਖਣੀ ਪਏਗੀ। ਕਿਸੇ ਉਤੇ ਕ੍ਰੋਧ ਸੁੱਟਣ ਦੀ ਜ਼ਰੂਰਤ ਨਹੀਂ ਹੈ। ਇਹ ਖ਼ਾਲੀ ਅਸਮਾਨ ਬੜੇ ਪ੍ਰੇਮ ਨਾਲ ਤੁਹਾਡੇ ਕ੍ਰੋਧ ਨੂੰ ਸਵੀਕਾਰ ਕਰ ਲੈਂਦਾ ਹੈ। ਅਤੇ ਮਜ਼ਾ ਇਹ ਹੈ ਕਿ ਕਿਸੇ ਆਦਮੀ ਉਤੇ ਜੇ ਤੁਸੀਂ ਕ੍ਰੋਧ ਕਢਿਆ, ਤਾਂ ਉਥੋਂ ਤੋਂ ਵੀ ਕ੍ਰੋਧ ਨਿਕਲੇਗਾ, ਉਥੇ ਵੀ ਜੁਆਲਾਮੁਖੀ ਹੈ, ਉਹ ਵੀ ਤੁਹਾਡੇ ਵਰਗਾ ਆਦਮੀ ਹੈ। ਉਹ ਵੀ ਤਲਾਸ਼ ਵਿਚ ਹੈ, ਤੁਸੀਂ ਹੀ ਥੋੜ੍ਹਾ-ਈ ਤਲਾਸ਼ ਵਿਚ ਹੋ। ਇਹ ਮੁਲਾਕਾਤ ਦੋਹਾਂ ਦੇ ਲਈ ਸੰਗਤ ਹੈ।

ਇਸਲਈ ਬੁੱਧ ਨੇ ਕਿਹਾ ਹੈ ਕਿ ਕ੍ਰੋਧ ਨਾਲ ਕੀ ਹੋਵੇਗਾ? ਹੋਰ ਕ੍ਰੋਧ ਆਏਗਾ, ਫਿਰ ਹੋਰ ਕ੍ਰੋਧ ਕਰਨਾ ਪਏਗਾ। ਉਸਦੇ ਸਿਲਸਿਲੇ ਦਾ ਤਾਂ ਕੋਈ ਅੰਤ ਨਹੀਂ ਹੈ। ਸਾਨੂੰ ਤਾਂ ਦਿਖਾਈ ਨਹੀਂ ਪੈਂਦਾ, ਸਾਨੂੰ ਉਹ ਲੜੀ ਨਹੀਂ ਦਿਸਦੀ; ਨਹੀਂ ਤਾਂ ਅਸੀਂ ਜਨਮਾਂ-ਜਨਮਾਂ ਤਕ ਇਕ-ਦੂਜੇ ਨਾਲ ਬੱਝੇ ਹੋਏ ਕ੍ਰੋਧ ਕਿਉਂ ਕਰਦੇ ਰਹਿੰਦੇ? ਜਿਸ ਨਾਲ ਤੁਸੀਂ ਪਿਛਲੇ ਜਨਮ ਵਿਚ ਲੜੇ ਹੋ, ਉਸ ਨਾਲ ਤੁਸੀਂ ਅੱਜ ਵੀ ਲੜ ਰਹੇ ਹੋ। ਚਲਦਾ ਰਹਿੰਦਾ ਹੈ ਸੰਘਰਸ਼; ਲੰਮੀ ਯਾਤਰਾ ਬਣ ਜਾਂਦੀ ਹੈ, ਲੜੀ ਬਣ ਜਾਂਦੀ ਹੈ, ਕੜੀਆਂ ਬਣ ਜਾਂਦੀਆਂ ਹਨ।

ਤਾਂ ਦੂਜੇ ਉਤੇ ਕ੍ਰੋਧ ਕਰਨ ਨਾਲ ਕੁਝ ਹੱਲ ਨਹੀਂ ਹੋਵੇਗਾ। ਲੇਕਿਨ ਖੁਲ੍ਹੇ ਅਸਮਾਨ ਵਿਚ ਕ੍ਰੋਧ ਨੂੰ ਵਿਸਰਜਤ ਕਰ ਦਿਉ, ਦੂਜਿਆਂ ਦਾ ਧਿਆਨ ਹੀ ਨਾ ਰਖੋ। ਆਪਣਾ ਹੀ ਧਿਆਨ ਰਖੋ ਕਿ ਮੇਰੇ ਅੰਦਰ ਕ੍ਰੋਧ ਹੈ, ਮੈਂ ਇਸਨੂੰ ਬਾਹਰ ਕਰ

ਦੇਵਾਂ। ਉਹ ਸ਼ੂੰਨਯ ਹੈ ਅਤੇ ਸ਼ੂੰਨਯ ਦੀ ਛਾਤੀ ਵਡੀ ਹੈ। ਸ਼ੂੰਨਯ ਤੁਹਾਡੇ ਕ੍ਰੋਧ ਨੂੰ ਵਾਪਸ ਨਹੀਂ ਕਰਦਾ; ਤੁਹਾਡੇ ਕ੍ਰੋਧ ਨੂੰ ਆਤਮਸਾਤ ਕਰ ਜਾਂਦਾ ਹੈ, ਪੀ ਜਾਂਦਾ ਹੈ। ਇਸਲਈ ਅਸੀਂ ਸ਼ੰਕਰ ਦੇ ਗਲੇ ਵਿਚ ਨੀਲਾ ਰੰਗ ਪਾਇਆ ਹੈ, ਉਹ ਜ਼ਹਿਰ ਪੀਣ ਦਾ ਪ੍ਰਤੀਕ ਹੈ। ਉਹ ਪਰਮਾਤਮਾ ਸਾਡਾ ਜ਼ਹਿਰ ਪੀ ਲੈਂਦਾ ਹੈ। ਉਹ ਨੀਲਕੰਠ ਹੈ। ਉਹ ਚਾਰੇ ਪਾਸੇ ਮੌਜੂਦ ਹੈ। ਅਸੀਂ ਉਸਨੂੰ ਸਾਰਾ ਜ਼ਹਿਰ ਦੇ ਦੇਈਏ, ਬੇਫਿਕਰ। ਉਹ ਜ਼ਹਿਰ ਉਸਨੂੰ ਨੁਕਸਾਨ ਨਹੀਂ ਕਰੇਗਾ। ਸਿਰਫ ਉਸਦਾ ਕੰਠ ਨੀਲਾ ਹੋ ਜਾਏਗਾ, ਹੋਰ ਸੋਹਣਾ ਲਗੇਗਾ।

ਧਿਆਨ ਵਿਚ ਰੇਚਨ ਲਾਜ਼ਮੀ ਹੈ; ਕਿਉਂਕਿ ਉਹ ਇਸ਼ਨਾਨ ਹੈ ਅੰਦਰ ਦਾ। ਕ੍ਰੋਧ ਵੀ ਸ਼ੂੰਨਯ ਵਿਚ ਸੁੱਟ ਛਡੋ; ਦੁਖ ਵੀ, ਪੀੜ ਵੀ, ਸੰਤਾਪ ਵੀ, ਚਿੰਤਾ ਵੀ। ਅਤੇ ਇਸਨੂੰ ਸਿਰਫ ਮਨ ਨਾਲ ਹੀ ਨਾ ਕਰੋ, ਇਸਨੂੰ ਪੂਰੇ ਸਰੀਰ ਤੋਂ ਪਰਗਟ ਹੋ ਜਾਣ ਦਿਉ। ਕਿਉਂਕਿ ਸਾਡਾ ਸਰੀਰ ਵੀ ਗ੍ਰਸਿਆ ਗਿਆ ਹੈ। ਤੁਹਾਨੂੰ ਪਤਾ ਨਹੀਂ ਕਿਉਂਕਿ ਅਸੀਂ ਆਪਣੇ ਸਰੀਰ ਦੇ ਇਨੇ ਨਾਵਾਕਫ ਹੋ ਗਏ ਹਾਂ; ਆਤਮਾ ਤਾਂ ਬਹੁਤ ਦੂਰ ਹੈ, ਸਾਨੂੰ ਸਰੀਰ ਦੀ ਵੀ ਕੋਈ ਜਾਣਕਾਰੀ ਨਹੀਂ ਹੈ। ਸਾਨੂੰ ਇਹ ਵੀ ਪਤਾ ਨਹੀਂ ਕਿ ਸਾਡੇ ਸਰੀਰ ਵਿਚ ਕੀ ਹੋ ਰਿਹਾ ਹੈ, ਅਸੀਂ ਕੀ ਕਰ ਰਹੇ ਹਾਂ।

ਤੁਹਾਨੂੰ ਪਤੈ, ਮਨਸਵਿਦ ਕਹਿੰਦੇ ਹਨ ਕਿ ਜਿਹੜੇ ਲੋਕ ਕ੍ਰੋਧ ਨੂੰ ਪੀ ਜਾਂਦੇ ਹਨ ਉਹਨਾਂ ਦੇ ਦੰਦ ਛੇਤੀ ਖ਼ਰਾਬ ਹੋ ਜਾਂਦੇ ਹਨ। ਹੁਣ ਦੰਦ ਦਾ ਕ੍ਰੋਧ ਨਾਲ ਕੀ ਲੈਣਾ–ਦੇਣਾ? ਪਰ ਲੈਣਾ–ਦੇਣਾ ਹੈ। ਕਿਉਂਕਿ ਜਦ ਤੁਸੀਂ ਕ੍ਰੋਧ ਕਰਦੇ ਹੋ, ਤੁਸੀਂ ਖ਼ਿਆਲ ਕੀਤੈ, ਤੁਹਾਡੇ ਦੰਦ ਪੀਸਣਾ ਚਾਹੁੰਦੇ ਹਨ! ਤੁਹਾਡੇ ਤੰਦ ਕਿਸੇ ਚੀਜ਼ ਨੂੰ ਪਕੜਨਾ ਅਤੇ ਕੱਟਣਾ ਚਾਹੁੰਦੇ ਹਨ। ਜੇ ਤੁਸੀਂ ਠੀਕ ਕ੍ਰੋਧ ਵਿਚ ਵਹਿ ਜਾਵੋ, ਤਾਂ ਤੁਸੀਂ ਕੱਟ ਹੀ ਖਾਵੋਗੇ। ਛੋਟੇ ਬੱਚੇ ਕੱਟ ਖਾਣਗੇ, ਇਸਤ੍ਰੀਆਂ ਕੱਟ ਖਾਣਗੀਆਂ। ਪੁਰਸ਼ ਨਹੀਂ ਕੱਟਦਾ ਤਾਂ ਹੰਕਾਰ ਦੇ ਕਾਰਨ; ਚਿੱਤ ਤਾਂ ਉਸਦਾ ਵੀ ਕਰਦਾ ਹੈ ਕਿ ਉਹ ਵੀ ਕੱਟ ਲਵੇ। ਕਿਉਂਕਿ ਸਾਡੇ ਪਿਛੇ ਕਰੋੜਾਂ ਵਰ੍ਹਿਆਂ ਦਾ ਜਾਨਵਰਾਂ ਦਾ ਇਤਿਹਾਸ ਹੈ। ਪਸ਼ੂ ਤਾਂ ਜਦ ਕ੍ਰੋਧਤ ਹੁੰਦਾ ਹੈ, ਤਾਂ ਦੰਦਾਂ ਨਾਲ ਹੀ ਚੀਰੇਗਾ, ਪਾੜੇਗਾ—ਨਹੁੰ ਤੇ ਦੰਦ ਦੋਵੇਂ ਚੀਜ਼ਾਂ ਹਨ, ਦੋ ਹੀ ਉਸ ਕੋਲ ਹਥਿਆਰ ਹਨ। ਆਦਮੀ ਨੇ ਹੋਰ ਹਥਿਆਰ ਬਣਾ ਲਏ ਹਨ, ਇਸਲਈ ਦੋਨੋਂ ਹਥਿਆਰ ਬੇਕਾਰ ਹੋ ਗਏ। ਔਪਰ ਸਰੀਰ ਦੀ ਪਰਕਿਰਿਆ ਹੁਣ ਵੀ ਪੁਰਾਣੀ ਹੈ।

ਜਿਵੇਂ ਹੀ ਕ੍ਰੋਧ ਆਉਂਦਾ ਹੈ, ਤੁਹਾਡੇ ਨਹੁੰਆਂ ਦੇ ਵਲ ਅਤੇ ਦੰਦਾਂ ਵਲ ਨੂੰ ਜ਼ਹਿਰ ਫੈਲਣਾ ਸ਼ੁਰੂ ਹੋ ਜਾਂਦਾ ਹੈ। ਤੁਹਾਡੇ ਖ਼ੂਨ ਵਿਚ ਜ਼ਹਿਰ ਦੀਆਂ ਗੰਢਾਂ ਕੰਮ ਸ਼ੁਰੂ ਕਰ ਦਿਦੀਆਂ ਹਨ, ਅਤੇ ਉਹ ਤੁਹਾਡੇ ਨਹੁੰਆਂ ਤੇ ਦੰਦਾਂ ਵਲ ਨੂੰ ਦੌੜਨ ਲਗਦਾ ਹੈ। ਤੁਹਾਡੇ ਸਰੀਰ ਨੂੰ ਕੁਝ ਵੀ ਪਤਾ ਨਹੀਂ ਹੈ।

ਤੁਹਾਡੇ ਕੋਲ ਸਰੀਰ ਤਾਂ ਪਸ਼ੂ ਦਾ ਹੀ ਹੈ। ਉਸਦੀ ਸਾਰੀ ਵਿਵਸਥਾ ਪਸ਼ੂ ਦੀ ਹੀ ਹੈ। ਉਹ ਉਵੇਂ ਹੀ ਕੰਮ ਕਰਦਾ ਹੈ, ਜਿਵੇਂ ਤਦ ਕਰਦਾ ਸੀ, ਜਦ ਤੁਸੀਂ ਦੁਸ਼ਮਣ ਦੇ ਗਲੇ ਦਾ ਬੁਰਕ ਭਰ ਲੈਂਦੇ ਸੀ, ਨਹੁੰਆਂ ਨਾਲ ਉਸਦਾ ਢਿਡ ਪਾੜ ਧਰਦੇ ਸੀ। ਹੁਣ ਵੀ ਤੁਹਾਡਾ ਸਰੀਰ ਉਵੇਂ ਹੀ ਕੰਮ ਕਰਦਾ ਹੈ। ਪਰ ਹੁਣ ਤੁਸੀਂ ਨਾ ਤਾਂ ਦੰਦਾਂ ਦਾ ਇਸਤਮਾਲ ਕਰਦੇ ਹੋ, ਨਾ

ਨਹੁੰਆਂ ਦਾ। ਤੁਸੀਂ ਹੋਰ ਕੁਸ਼ਲ ਦੰਦ ਤੇ ਹੋਰ ਕੁਸ਼ਲ ਨਹੁੰ ਕਢ ਲਏ ਹਨ। ਅਸੀਂ ਹਾਈਡ੍ਰੋਜਨ ਬੰਬ ਤਕ ਪਹੁੰਚ ਗਏ ਹਾਂ। ਅਸੀਂ ਕਾਫੀ ਲੰਮੀ ਯਾਤਰਾ ਕਰ ਲਈ ਹੈ। ਲੇਕਿਨ ਸਾਡਾ ਜ਼ਹਿਰ, ਜੋ ਸਾਡੇ ਅੰਦਰ ਪੈਦਾ ਹੋ ਰਿਹਾ ਹੈ, ਉਸਨੂੰ ਹਾਈਡ੍ਰੋਜਨ ਬੰਬ ਤਾਂ ਪੀ ਨਹੀਂ ਸਕਦਾ ਹੈ। ਉਹ ਤੁਹਾਡੇ ਸਰੀਰ ਵਿਚ ਭਰ ਜਾਂਦਾ ਹੈ।

ਵਿਲਹੇਮ ਰੇਕ, ਜਿਨ੍ਹਾਂ ਲੋਕਾਂ ਨੂੰ ਕ੍ਰੋਧ ਦੀ ਆਦਤ ਹੈ, ਉਹਨਾਂ ਦੇ ਦੰਦਾਂ ਦੇ ਮਸੂੜਿਆਂ ਨੂੰ ਦਬਾਉਂਦਾ ਸੀ ਅਤੇ ਦਬਾਉਣ ਨਾਲ ਹੀ ਉਹ ਆਦਮੀ ਚੀਕਣ ਲਗਦਾ ਸੀ, ਹੋਰ ਕ੍ਰੋਧਤ ਹੋ ਜਾਂਦਾ ਸੀ। ਵਿਲਹੇਮ ਰੇਕ ਨੂੰ ਆਪਣੇ ਆਸਪਾਸ ਦੋ ਆਦਮੀ ਰਖਣੇ ਪੈਂਦੇ, ਜਦ ਉਹ ਮਰੀਜ਼ ਦਾ ਇਲਾਜ ਕਰਦਾ। ਆਦਮੀ ਚੀਕਣ ਲਗਦਾ ਸੀ। ਕਿਉਂਕਿ ਉਹ ਆਦਮੀ ਜਦ ਠੀਕ ਕ੍ਰੋਧ ਨਾਲ ਭਰ ਜਾਂਦਾ ਤਦ ਜਿਹੜਾ ਵੀ ਬੰਦਾ ਨੇੜੇ ਹੁੰਦਾ, ਵਿਲਹੇਮ ਰੇਕ, ਉਸੇ ਉਤੇ ਹਮਲਾ ਕਰ ਦਿੰਦਾ ਸੀ। ਤਾਂ ਉਸਨੂੰ ਸੁਰੱਖਿਆ ਦੀ ਖ਼ਾਤਰ ਦੋ ਆਦਮੀ ਰਖਣੇ ਪੈਂਦੇ ਸੀ।

ਇਹ ਸਭ ਤੁਹਾਡੇ ਅੰਦਰ ਭਰਿਆ ਹੈ। ਇਹ ਮੈਂ ਕਿਸੇ ਹੋਰ ਦੇ ਸਬੰਧ ਵਿਚ ਨਹੀਂ ਕਹਿ ਰਿਹਾ ਹਾਂ। ਇਹ ਗੱਲ ਤੁਹਾਡੇ ਨਾਲ ਹੋ ਹੋ ਰਹੀ ਹੈ, ਨਿਰੋਲ ਤੁਹਾਡੇ ਨਾਲ, ਸਿੱਧੀ। ਮਨ ਕਹਿੰਦਾ ਹੈ ਕਿ ਕਿਸੇ ਹੋਰ ਦੇ ਬਾਬਤ ਕਹਿ ਰਹੇ ਹਨ ਅਤੇ ਬਿਲਕੁਲ ਠੀਕ ਕਹਿ ਰਹੇ ਹਨ। ਇਥੇ ਦੂਜੇ ਦੀ ਚਰਚਾ ਹੀ ਨਹੀਂ ਹੈ, ਤੁਹਾਡੇ ਨਾਲ ਸਿੱਧੀ–ਸਿੱਧੀ ਗੱਲ ਹੋ ਰਹੀ ਹੈ। ਇਹ ਸਭ ਵੀ ਨਿਕਲ ਜਾਣਾ ਜ਼ਰੂਰੀ ਹੈ ਤਦ ਹੀ ਤੁਸੀਂ ਹੌਲੇ ਹੋ ਪਾਉਗੇ। ਤਾਂ ਜਦ ਧਿਆਨ ਦੇ ਲਈ ਮੈਂ ਕਹਿੰਦਾ ਹਾਂ ਕਿ ਤੁਸੀਂ ਆਪਣੇ ਸਰੀਰ ਨੂੰ ਸ਼ੁਦਾਈ ਹੋ ਜਾਣ ਦਿਉ, ਤਾਂ ਮੇਰਾ ਮਕਸਦ ਹੈ। ਤੁਹਾਡੇ ਸਰੀਰ ਵਿਚ ਜਿਥੇ–ਜਿਥੇ ਦਬਿਆ ਹੈ ਕ੍ਰੋਧ, ਦਬੀ ਹੈ ਹਿੰਸਾ, ਦਬਿਆ ਹੈ ਵੈਰ–ਵਿਰੋਧ, ਦਬੇ ਹਨ ਪਤਾ ਨਹੀਂ ਕਿੰਨੇ ਜ਼ਹਿਰ ਨਫਰਤ ਦੇ, ਉਹ ਸਭ ਨਿਕਲ ਜਾਣ ਦਿਉ। ਤੁਸੀਂ ਹੌਲੇ ਹੋ ਜਾਉਗੇ ਅਤੇ ਉਸ ਹੌਲੇਪਣ ਵਿਚ ਤੁਹਾਨੂੰ ਪਹਿਲੀ ਦਫਾ ਅੰਦਰ ਦੇ ਇਸ਼ਨਾਨ ਦਾ ਪਤਾ ਲਗੇਗਾ।

ਧਿਆਨ ਅੰਦਰ ਦਾ ਇਸ਼ਨਾਨ ਹੈ। ਅਤੇ ਰੇਚਨ ਲਾਜ਼ਮੀ ਹੈ, ਤਦੇ ਅੱਗੇ ਯਾਤਰਾ ਹੋ ਸਕਦੀ ਹੈ।

ਅਸੀਂ ਮੰਦਰ ਜਾਂਦੇ ਹਾਂ, ਤਾਂ ਇਸ਼ਨਾਨ ਕਰਕੇ ਜਾਂਦੇ ਹਾਂ। ਕੋਈ ਨਹੀਂ ਪੁਛਦਾ ਕਿ ਇਸ਼ਨਾਨ ਕਰਕੇ ਜਾਣ ਦੀ ਕੀ ਲੋੜ ਹੈ? ਜਾ ਸਕਦੇ ਹੋ ਮੰਦਰ ਤੁਸੀਂ ਬਿਨਾਂ ਇਸ਼ਨਾਨ ਦੇ ਵੀ, ਲੇਕਿਨ ਤਦ ਮੰਦਰ ਵਿਚ ਤੁਸੀਂ ਹੋਵੋਗੇ ਵੀ, ਪਰ ਮੰਦਰ ਵਿਚ ਪ੍ਰਵੇਸ਼ ਨਹੀਂ ਹੋਵੇਗਾ। ਕਿਉਂਕਿ ਮੰਦਰ ਵਿਚ ਪ੍ਰਵੇਸ਼ ਦੇ ਲਈ ਜਿਹੜਾ ਆਪਣੇ–ਆਪ ਨੂੰ ਥੋੜ੍ਹਾ ਵੀ ਸਾਫ–ਸੁਥਰਾ ਕਰਕੇ ਨਹੀਂ ਗਿਆ ਹੈ, ਅਤੇ ਆਸ ਵਿਚ ਗਿਆ ਹੋਵੇਗਾ ਕਿ ਮੰਦਰ ਉਸਨੂੰ ਸਾਫ–ਸੁਥਰਾ ਕਰ ਦੇਵੇ, ਉਹ ਨਾਸਮਝ ਹੈ।

ਜੋ ਅਸੀਂ ਮੰਗਦੇ ਹਾਂ ਵਜੂਦ ਤੋਂ, ਉਸਦੀ ਤਿਆਰੀ ਵੀ ਹੋਣੀ ਚਾਹੀਦੀ ਹੈ ਸਾਡੀ।

ਅਤੇ ਸਾਨੂੰ ਉਹੀ ਮਿਲ ਸਕਦਾ ਹੈ, ਜਿਸਦੇ ਲਈ ਅਸੀਂ ਤਿਆਰ ਹੋ ਗਏ ਹਾਂ।

ਲੇਕਿਨ ਉਹ ਬਾਹਰ ਦਾ ਇਸ਼ਨਾਨ ਤਾਂ ਠੀਕ ਹੈ; ਅੰਦਰ ਦਾ ਇਸ਼ਨਾਨ ਬੇਹਦ ਜ਼ਰੂਰੀ ਹੈ ਮੰਦਰ ਵਿਚ ਜਾਣ ਤੋਂ ਪਹਿਲਾਂ। ਅਤੇ ਅੰਦਰ ਤੁਸੀਂ ਇੰਨੇ ਰੋਗ ਇਕੱਠੇ ਕਰ ਰਖੇ ਹਨ! ਅਤੇ ਜਦ ਮੈਂ ਕਹਿੰਦਾ ਹਾਂ ਰੋਗ, ਤਾਂ ਮੈਂ ਕੋਈ ਉਪਮਾ ਦਾ

ਉਪਯੋਗ ਨਹੀਂ ਕਰ ਰਿਹਾ ਹਾਂ, ਕੋਈ ਪ੍ਰਤੀਕ ਨਹੀਂ ਕਹਿ ਰਿਹਾ ਹਾਂ; ਠੀਕ ਇਹੀ ਲਫਜ਼ੀ ਅਰਥ ਹੈ ਮੇਰਾ—ਰੋਗ ਇਕੱਠ ਕਰ ਰਖੇ ਹਨ।

ਹੁਣ ਤਾਂ ਜਾਣਿਆ ਗਿਆ ਹੈ ਕਿ ਆਦਮੀ ਦੇ ਪੰਜਾਹ ਤੋਂ ਨੱਬੇ ਫੀ ਸਦੀ ਰੋਗ ਮਨ ਤੋਂ ਪੈਦਾ ਹੋ ਰਹੇ ਹਨ। ਅੰਪਰ ਨਤੀਜੇ ਹੁੰਦੇ ਹਨ ਸਰੀਰ ਵਿਚ : ਕਿਉਂਕਿ ਮਨ ਤੋਂ ਜ਼ਹਿਰ ਹੌਲੀ–ਹੌਲੀ ਸਰੀਰ ਵਿਚ ਰਿਸ ਜਾਂਦਾ ਹੈ, ਭਰ ਜਾਂਦਾ ਹੈ, ਅਤੇ ਸਰੀਰ ਵਿਚ ਦੂਰਰਸੀ ਨਤੀਜੇ ਹੁੰਦੇ ਹਨ। ਇਥੇ ਜੋ ਧਿਆਨ ਵਿਚ ਰੇਚਨ ਦਾ ਅਸੀਂ ਪ੍ਰਯੋਗ ਕਰ ਰਹੇ ਹਾਂ, ਜੇਕਰ ਤੁਸੀਂ ਹਿਰਦੇਪੂਰਵਕ ਕਰ ਸਕੋ,ਤਾਂ ਤੁਹਾਡਾ ਮਨ ਤਾਂ ਸ਼ੁੱਧ ਹੋਵੇਗਾ ਹੀ, ਤੁਸੀਂ ਪਾਵੋਗੇ ਕਿ ਤੁਹਾਡਾ ਸਰੀਰ ਵੀ—ਸਿਹਤ ਦੇ ਨਵੇਂ ਆਯਾਮ ਤੁਸੀਂ ਪਾ ਸਕਦੇ ਹੋ, ਕਿ ਬਹੁਤ–ਸਾਰੀਆਂ ਬੀਮਾਰੀਆਂ ਅਚਾਨਕ ਮਿਟ ਗਈਆਂ ਤੁਹਾਡੇ ਰੇਚਨ ਦੇ ਨਾਲ। ਉਹ ਜਿਹੜੇ ਬਹੁਤ–ਸਾਰੇ ਰੋਗਾਂ ਨੇ ਤੁਹਾਨੂੰ ਜਕੜਿਆ ਹੋਇਆ ਸੀ, ਸਭ ਅਚਾਨਕ ਵਿਦਾ ਹੋ ਗਏ।

ਅਤੇ, ਜਿਵੇਂ ਮੈਂ ਮਿਸਾਲ ਦੇ ਤੌਰ 'ਤੇ ਕਹਿੰਦਾ ਹਾਂ ਕਿ ਜੇ ਤੁਹਾਨੂੰ ਅਸਥਮਾ ਹੈ, ਤਾਂ ਉਸਦਾ ਮਤਲਬ ਹੈ ਕਿ ਸਾਹ ਤੇ ਮਨ ਵਿਚ ਕਿਤੇ ਨਾ ਕਿਤੇ ਕੋਈ ਸਬੰਧ ਵਿਕਾਰੀ ਹੋ ਗਿਆ ਹੈ, ਕਿਤੇ ਨਾ ਕਿਤੇ ਕੋਈ ਸਬੰਧ ਟੁੱਟ ਗਿਆ ਹੈ; ਕੋਈ ਅੜਿੱਚਣ ਆ ਗਈ ਹੈ। ਜੇ ਇਹ ਗਹਿਰੇ ਸਾਹ ਦਾ ਤੁਸੀਂ ਠੀਕ ਤਰ੍ਹਾਂ ਪ੍ਰਯੋਗ ਕਰ ਸਕੋ, ਤਾਂ ਉਹ ਅੜਿੱਚਣ ਟੁੱਟ ਜਾਏਗੀ, ਉਹ ਹਟ ਜਾਏਗੀ। ਜੇ ਤੁਹਾਨੂੰ ਸਿਰ 'ਚ ਦਰਦ ਬਣਿਆ ਰਹਿੰਦਾ ਹੈ, ਤਾਂ ਉਸਦਾ ਅਰਥ ਹੈ ਕਿ ਸੌ 'ਚੋਂ ਨੱਬੇ ਮੌਕੇ ਤਾਂ ਇਹ ਹਨ ਕਿ ਕੁਝ ਅਜੇਹੀਆਂ ਚਿੰਤਾਵਾਂ ਘਰ ਕਰ ਗਈਆਂ ਹਨ, ਜੋ ਕੀੜੇ ਵਾਂਗ ਸਿਰ ਨੂੰ ਅੰਦਰੋਂ ਖਾਈ ਤੁਰੀਆਂ ਜਾਂਦੀਆਂ ਹਨ।

ਅਤੇ ਤੁਸੀਂ ਬੋਝਲ ਹੋ, ਭਾਰੇ ਹੋ ਗਏ ਹੋ, ਉਸਦੇ ਸੂਤਰ ਕਿਤੇ ਨਾ ਕਿਤੇ ਤੁਹਾਡੇ ਮਨ ਵਿਚ ਹਨ। ਅਤੇ ਤੁਹਾਡੇ ਮਨ ਵਿਚ ਜੋ ਵਾਪਰ ਰਿਹਾ ਹੈ, ਉਹ ਸਰੀਰ ਨਾਲ ਜੁੜਿਆ ਹੈ। ਇਹ ਰੇਚਨ ਜੇਕਰ ਹੋ ਸਕੇ, ਤਾਂ ਹੀ ਤੁਹਾਨੂੰ ਪਤਾ ਲਗ ਸਕੇਗਾ ਕਿ ਤੁਸੀਂ ਕੁਝ ਹੋਰ ਹੋ ਤੇ ਸਰੀਰ ਕੁਝ ਹੋਰ ਹੈ। ਕਿਉਂ?

ਕਿਉਂਕਿ ਇਸ ਰੇਚਨ ਦੇ ਹੁੰਦਿਆਂ ਹੀ ਤੁਹਾਡੇ ਅਤੇ ਸਰੀਰ ਦੇ ਦਰਮਿਆਨ ਜੋ ਹਜ਼ਾਰ ਤਰ੍ਹਾਂ ਦੇ ਗਠਜੋੜ ਹੋ ਗਏ ਹਨ ਰੋਗਾਂ ਦੇ, ਉਹ ਟੁੱਟ ਜਾਣਗੇ। ਤੁਸੀਂ ਰੋਗਾਂ ਦੇ ਕਾਰਨ ਸਰੀਰ ਨਾਲ ਜੁੜੇ ਹੋ। ਤੁਹਾਨੂੰ ਸਰੀਰ ਦੇ ਨਾਲ ਜੋੜਨ ਦੀ ਜੋ ਮੌਲਿਕ ਸੰਨ੍ਹ ਹੈ, ਜੋੜ ਹੈ, ਉਹ ਰੋਗ ਹੈ।

ਅਸੀਂ ਆਪਣੇ ਮੁਲਕ ਵਿਚ ਉਸਨੂੰ ਕਰਮਾਂ ਦਾ ਸਿਲਸਿਲਾ ਕਿਹਾ ਹੈ। ਪਾਪਾਂ ਦੀ ਲੜੀ ਕਿਹਾ ਹੈ। ਜਿਸ ਤੋਂ ਅਸੀਂ ਸਰੀਰ ਦੇ ਨਾਲ ਜੁੜੇ ਹਾਂ, ਉਸਨੂੰ ਨਵੀਂ ਭਾਸ਼ਾ ਵਿਚ ਅਸੀਂ ਰੋਗ ਕਹਿ ਸਕਦੇ ਹਾਂ, ਬੀਮਾਰੀ ਕਹਿ ਸਕਦੇ ਹਾਂ। ਅਸੀਂ ਅਜੇਹਾ ਜਾਣਿਆ ਹੈ ਇਸ ਦੇਸ ਵਿਚ ਕਿ ਅਸੀਂ ਬੀਮਾਰ ਹਾਂ, ਇਸਲਈ ਸਰੀਰ ਵਿਚ ਹਾਂ; ਜਿਸ ਦਿਨ ਅਸੀਂ ਬੀਮਾਰ ਨਹੀਂ ਹੋਵਾਂਗੇ, ਉਸ ਦਿਨ ਅਸੀਂ ਸਰੀਰ ਵਿਚ ਨਹੀਂ ਹੋਵਾਂਗੇ।

ਇਸਲਈ ਇਸ ਮੁਲਕ ਦੀ ਹਜ਼ਾਰਾਂ-ਹਜ਼ਾਰਾਂ ਸਾਲ ਦੀ ਪ੍ਰਾਰਥਨਾ ਰਹੀ ਹੈ ਕਿ ਹੇ ਪ੍ਰਭੂ, ਕਦ ਆਵਾਗੌਣ ਤੋਂ ਮੁਕਤੀ ਹੋਵੇਗੀ? ਆਵਾਗੌਣ ਤੋਂ ਮੁਕਤੀ ਦਾ ਅਰਥ ਹੈ ਕਿ ਕਦ ਉਹ ਛਿਨ ਆਏਗਾ, ਜਦ ਕਿ ਸਰੀਰ ਨਾਲ ਬੰਨ੍ਹਣ ਵਾਲਾ ਇਕ ਵੀ ਰੋਗ ਨਾ ਰਹਿ ਜਾਏਗਾ ਅਤੇ ਮੇਰੀ ਕਿਸ਼ਤੀ ਪੂਰੀ ਤਰ੍ਹਾਂ ਛੁੱਟ ਜਾਏਗੀ। ਕਿਤੇ ਵੀ ਕੰਢੇ ਨਾਲ ਕੋਈ ਰੱਸੀ ਬੰਨ੍ਹੀ ਨਹੀਂ ਹੋਵੇਗੀ। ਅਤੇ ਤਦ ਮੇਰੀ ਕਿਸ਼ਤੀ ਅਨੰਦ ਦੀ ਯਾਤਰਾ 'ਤੇ ਨਿਕਲ ਪਏਗੀ।

ਇਹ ਧਿਆਨ ਦੇ ਇਲਾਵਾ ਨਾ ਕਦੇ ਹੋਇਆ ਹੈ, ਨਾ ਹੋ ਸਕਦਾ ਹੈ। ਅਤੇ ਜਿੰਨੇ ਜ਼ਿਆਦਾ ਤੁਸੀਂ ਸੱਭਯ ਹੋ ਗਏ ਹੋ, ਉਨੇ ਹੀ ਜ਼ਿਆਦਾ ਰੇਚਨ ਦੀ ਜ਼ਰੂਰਤ ਹੈ। ਉਹ ਸੱਭਯਤਾ ਕਢ ਕੇ ਸੁੱਟਣੀ ਪਏਗੀ। ਸੱਭਯਤਾ ਮਹਾਂਰੋਗ ਹੈ।

'ਇਹਦੇ ਲਈ ਤੂੰ ਸਰਵ ਵਿਚ ਜੀਣਾ ਤੇ ਸਾਹ ਲੈਣਾ ਹੈ, ਉਵੇਂ ਹੀ ਜਿਵੇਂ ਉਹ ਸਭ ਜਿਸਨੂੰ ਤੂੰ ਦੇਖਦਾ ਹੈਂ, ਤੇਰੇ ਵਿਚ ਸਾਹ ਲੈਂਦਾ ਹੈ। ਅਤੇ ਤੂੰ ਸਰਵ ਭੂਤਾਂ ਵਿਚ ਸ੍ਵੈ ਨੂੰ ਤੇ ਸ੍ਵੈ ਵਿਚ ਸਰਵ ਭੂਤਾਂ ਨੂੰ ਦੇਖਣਾ ਹੈ।'

ਇਹ ਸੂਤਰ ਬੜਾ ਕੀਮਤੀ ਹੈ। ਇਸਨੂੰ ਸਮਝੀਏ ਅਤੇ ਪ੍ਰਯੋਗ ਵਿਚ ਲਿਆਈਏ।

'ਇਹਦੇ ਲਈ ਤੂੰ ਸਰਵ ਵਿਚ ਜੀਣਾ ਤੇ ਸਾਹ ਲੈਣਾ ਹੈ...।'

ਅਸੀਂ ਜੀਂਦੇ ਹਾਂ ਆਪਣੇ-ਆਪ ਵਿਚ ਟੁੱਟੇ-ਟੁੱਟੇ। ਸਰਵ ਵਿਚ ਜੀਣ ਦਾ ਕੀ ਅਰਥ ਹੋਵੇਗਾ?

ਇਕ ਫੁੱਲ ਖਿੜਿਆ ਹੈ ਅਤੇ ਤੁਸੀਂ ਉਸਦੇ ਕੋਲ ਬੈਠੇ ਹੋ, ਮਨ ਹੁੰਦਾ ਹੈ ਕਿ ਤੋੜੋ ਇਸ ਫੁੱਲ ਨੂੰ। ਇਹ ਤੁਸੀਂ ਆਪਣੇ-ਆਪ 'ਚ ਜਿਉਂ ਰਹੇ ਹੋ। ਇਹ ਇੰਨਾ ਸੋਹਣਾ ਫੁੱਲ ਖਿੜਿਆ ਹੈ, ਇਸਨੂੰ ਤੋੜਨ ਦਾ ਹੀ ਖ਼ਿਆਲ ਪੈਦਾ ਹੁੰਦਾ ਹੈ। ਇਸ ਫੁੱਲ ਵਿਚ ਜੀਣ ਦਾ ਭਾਵ ਪੈਦਾ ਨਹੀਂ ਹੁੰਦਾ? ਕਿੰਨਾ ਸੋਹਣਾ ਫੁੱਲ ਖਿੜਿਆ ਹੈ। ਜ਼ਰਾ ਅਸੀਂ ਵੀ ਇਸ ਵਿਚ ਝਾਕੀਏ ਅਤੇ ਪ੍ਰਵੇਸ਼ ਕਰੀਏ, ਜ਼ਰਾ ਅਸੀਂ ਵੀ ਇਸ ਵਿਚ ਜੀਵੀਏ। ਸ਼ਾਇਦ ਤਦ ਇਸਦੇ ਸੁਹੱਪਣ ਦੀ ਮਹਿਕ ਸਾਨੂੰ ਵੀ ਛੋਹ ਜਾਵੇ।

ਅਤੇ ਤਦ ਇਸ ਦੀਆਂ ਪੰਖੜੀਆਂ 'ਤੇ ਜੋ ਤ੍ਰੇਲ ਜੰਮੀ ਹੈ, ਉਹੋ-ਜਿਹੀ ਤਾਜ਼ਗੀ ਸਾਡੇ ਵਿਚ ਵੀ ਉਤਰ ਆਵੇ। ਤਾਂ ਫੁੱਲ ਦੇ ਕੋਲ ਬੈਠ ਕੇ ਤੋੜਨ ਦੇ ਭਾਵ ਦਾ ਮਤਲਬ ਹੈ ਕਿ ਫੁੱਲ ਨਾਲ ਸਾਨੂੰ ਕੋਈ ਮਤਲਬ ਨਹੀਂ। ਅਸੀਂ ਫੁੱਲ ਵਿਚ ਨਹੀਂ ਜਿਉਂ ਸਕਦੇ, ਅਸੀਂ ਸਿਰਫ਼ ਫੁੱਲ ਦਾ ਲੋਭ ਕਰ ਸਕਦੇ ਹਾਂ। ਫੁੱਲ ਨੂੰ ਅਸੀਂ ਆਪਣੇ ਆਸਪਾਸ ਜਿਵਾ ਸਕਦੇ ਹਾਂ, ਪਰ ਅਸੀਂ ਫੁੱਲ ਵਿਚ ਪ੍ਰਵੇਸ਼ ਨਹੀਂ ਕਰ ਸਕਦੇ।

ਚੰਦ ਨਿਕਲਿਆ ਹੈ, ਤਾਂ ਕਦੇ ਸੋਚਿਐ ਕਿ ਅਸੀਂ ਵੀ ਜ਼ਰਾ ਉਡੀਏ? ਚੰਦ ਉਤੇ ਤਾਂ ਆਦਮੀ ਹੁਣ ਪਹੁੰਚਣ ਲਗਾ, ਲੇਕਿਨ ਉਹ ਲੋਕ ਜਿਹੜੇ ਚੰਦ ਤਕ ਪਹੁੰਚ ਰਹੇ ਹਨ, ਉਹ ਵੀ ਚੰਦ ਤਕ ਉਡਾਣ ਨਹੀਂ ਭਰ ਸਕਦੇ। ਚੰਦ 'ਤੇ ਪਹੁੰਚ ਸਕਦੇ ਹਨ, ਉਸ ਵਿਚ ਕੋਈ ਅੜਿੱਚਣ ਨਹੀਂ। ਔਪਰ ਚੰਦ 'ਤੇ ਉਡਾਣ ਦਾ ਮਤਲਬ ਹੈ ਕਿ ਚੰਦ ਨਿਕਲਿਆ ਹੈ ਅਸਮਾਨ ਵਿਚ, ਥੋੜ੍ਹੀ ਦੇਰ ਨੂੰ ਅਸੀਂ ਵੀ ਚੰਦ ਦੇ ਨਾਲ ਇਕ ਹੋ ਜਾਈਏ। ਚੰਦ ਹੋ ਜਾਈਏ ਅਤੇ ਚੰਦ ਦੇ ਨਾਲ ਯਾਤਰਾ

ਕਰੀਏ ਅਕਾਸ਼ ਦੀ।

ਭੁੱਲ ਜਾਈਏ ਆਪਣੀ ਇਸ ਨਿਗੂਣੀ ਹਸਤੀ ਨੂੰ ਇਥੇ, ਉਡ ਜਾਈਏ ਦੂਰ। ਇਕ ਕਾਵਿ ਦੀ ਉਡਾਰੀ ਲਾਈਏ— ਕਦੇ ਸਾਗਰ 'ਚ, ਕਦੇ ਅੰਬਰ ਵਿਚ, ਕਦੇ ਫੁੱਲਾਂ 'ਚ, ਕਦੇ ਪਹਾੜਾਂ 'ਚ, ਕਦੇ ਕਿਸੇ ਮਨੁੱਖ ਦੀਆਂ ਅੱਖਾਂ ਵਿਚ! ਉਤਰੀਏ ਦੂਜੇ 'ਚ ਅਤੇ ਦੂਜੇ ਵਿਚ ਥੋੜ੍ਹੀ ਦੇਰ ਨੂੰ ਜੀਵੀਏ।

ਅਜੀਬ ਲਗਦਾ ਹੈ; ਕਿਉਂਕਿ ਦੂਜੇ ਵਿਚ ਕਿਵੇਂ ਉਤਰੀਏ? ਇਕ ਗਹਿਰੀ ਹਮਦਰਦੀ ਹੋਵੇ ਤਾਂ ਉਤਰਿਆ ਜਾ ਸਕਦਾ ਹੈ। ਜਦ ਤੁਸੀਂ ਆਪਣੇ ਪ੍ਰੇਮੀ ਦੀਆਂ ਅੱਖਾਂ ਵਿਚ ਝਾਕੋ, ਤਾਂ ਸਿਰਫ ਪ੍ਰੇਮੀ ਦੀਆਂ ਅੱਖਾਂ ਵਿਚ ਸਿਰਫ ਝਾਕੋ ਹੀ ਨਾ, ਉਤਰ ਵੀ ਜਾਉ ਨਾਲ, ਉਸਦੇ ਅੰਦਰ ਵੀ ਪ੍ਰਵੇਸ਼ ਕਰ ਜਾਵੋ। ਸ਼ੁਰੂ ਵਿਚ ਸ਼ਾਇਦ ਅਤਿੱਚਣ ਵੀ ਜਾਪੇ; ਕਿਉਂਕਿ ਅਸੀਂ ਡੈਮਾਨ ਹੋ ਗਏ ਹਾਂ। ਅਤੇ ਇਸਲਈ ਅਸੀਂ ਇਕ-ਦੂਜੇ ਦੀਆਂ ਅੱਖਾਂ ਵਿਚ ਤੱਕਣੋਂ ਡਰਦੇ ਹਾਂ। ਅਤੇ ਅਸ਼ਿਸ਼ਟਤਾ ਸਮਝੀ ਜਾਂਦੀ ਹੈ, ਜੇ ਕੋਈ ਕਿਸੇ ਦੀਆਂ ਅੱਖਾਂ ਵਿਚ ਬਹੁਤਾ ਝਾਕ ਕੇ ਦੇਖੇ, ਜਦ ਤਕ ਕਿ ਦੂਜੇ ਨਾਲ ਕੋਈ ਬਹੁਤ ਹੀ ਆਪਣਾਪਣ ਨਾ ਹੋਵੇ। ਨਹੀਂ ਤਾਂ ਕੋਈ ਝਾਕ ਕੇ ਨਹੀਂ ਦੇਖਦਾ। ਕਿਉਂ? ਕਿਉਂਕਿ ਦੂਜੇ ਵਿਚ ਉਤਰ ਜਾਣ ਦਾ ਡਰ ਹੈ। ਅੱਖ ਦੁਆਰ ਹੈ। ਜੇਕਰ ਉਸ 'ਚੋਂ ਦੀ ਕੋਈ ਝਾਕ ਕੇ ਦੇਖੇ ਤਾਂ ਅੰਦਰ ਉਤਰ ਸਕਦਾ ਹੈ।

ਹੁਣੇ ਪੱਛਮ ਵਿਚ ਕੁਝ ਵਿਧੀਆਂ ਖੋਜੀਆਂ ਗਈਆਂ ਹਨ, ਜਿਨ੍ਹਾਂ 'ਚ ਅੱਖਾਂ ਵਿਚ ਝਾਕਣਾ ਵੀ ਇਕ ਵਿਧੀ ਹੈ। ਦੋ ਵਿਅਕਤੀ ਬੈਠ ਜਾਂਦੇ ਹਨ ਅਤੇ ਘੰਟੇ-ਭਰ ਤਕ ਇਕ-ਦੂਜੇ ਦੀਆਂ ਅੱਖਾਂ ਵਿਚ ਝਾਕਦੇ ਰਹਿੰਦੇ ਹਨ। ਅਨੋਖੇ ਅਨੁਭਵ ਹੁੰਦੇ ਹਨ। ਕਦੇ-ਕਦੇ ਤਾਂ ਜ਼ਿੰਦਗੀ ਨੂੰ ਬਦਲ ਜਾਣ ਵਾਲੇ ਅਨੁਭਵ ਹੁੰਦੇ ਹਨ। ਕਿਉਂਕਿ ਜੇਕਰ ਇਕ ਘੰਟੇ ਤਕ ਬਿਨਾਂ ਪਲਕ ਝਪਕੇ ਤੁਸੀਂ ਇਕ-ਦੂਜੇ ਦੀਆਂ ਅੱਖਾਂ ਵਿਚ ਝਾਕਦੇ ਹੋ, ਤਾਂ ਥੋੜ੍ਹੀ ਦੇਰ ਦੇ ਬਾਅਦ ਝਲਕ ਇਕ ਛਿਨ ਨੂੰ ਆ ਜਾਂਦੀ ਹੈ ਕਿ ਤੁਹਾਨੂੰ ਲਗਦਾ ਹੈ ਕਿ ਤੁਸੀਂ ਆਪਣੇ-ਆਪ 'ਚ ਨਹੀਂ ਹੋ, ਦੂਜੇ ਵਿਚ ਹੋ। ਇਸਲਈ ਅੱਖ ਉਤੇ ਅਸੀਂ ਪਾਬੰਦੀ ਲਾ ਰਖੀ ਹੈ ਕਿ ਕੋਈ ਕਿਸੇ ਦੀ ਅੱਖ ਵਿਚ ਨਾ ਝਾਕੇ। ਅਤੇ ਜੇ ਕੋਈ ਆਦਮੀ ਤੁਹਾਨੂੰ ਝਾਕ ਕੇ ਦੇਖੇ ਤਾਂ ਅਸ਼ਿਸ਼ਟ ਮੰਨਦੇ ਹੋ। ਖ਼ਤਰਨਾਕ ਵੀ ਹੈ।

ਕਿਉਂਕਿ ਅੱਖ ਬਹੁਤ ਸੰਵੇਦਨਸ਼ੀਲ ਝਰੋਖਾ ਹੈ, ਉਸ ਰਾਹੀਂ ਕੋਈ ਅੰਦਰ ਜਾ ਸਕਦਾ ਹੈ। ਇਸਲਈ ਹੀ ਜਿਸਨੂੰ ਅਸੀਂ ਚਾਹੁੰਦੇ ਹਾਂ ਕਿ ਸਾਡੇ ਅੰਦਰ ਜਾਵੇ, ਉਸੇ ਨੂੰ ਅਸੀਂ ਅੱਖ ਤੋਂ ਝਾਕਣ ਦਿੰਦੇ ਹਾਂ। ਪਰ ਜੇ ਇਕ-ਦੂਜੇ ਦੀ ਅੱਖ ਵਿਚ ਝਾਕੋ, ਤਾਂ ਤੁਸੀਂ ਇਕ-ਦੂਜੇ ਵਿਚ ਉਤਰਨ ਦਾ ਅਨੁਭਵ ਕਰ ਸਕਦੇ ਹੋ। ਅਤੇ ਇਕ-ਦੂਜੇ 'ਚ ਇਵੇਂ ਹੀ ਉਤਰਨਾ ਹੋ ਜਾਂਦਾ ਹੈ, ਜਿਵੇਂ ਕੋਈ ਇਕ ਗਹਿਰੇ ਖੂਹ ਵਿਚ ਉਤਰ ਰਿਹਾ ਹੋਵੇ। ਅਤੇ ਦੂਜੇ ਵਿਅਕਤੀ ਵਿਚ ਉਤਰ ਕੇ ਜਾਣਨਾ ਕਿ ਦੂਜਾ ਕੀ ਹੈ, ਬਹੁਤ ਹੀ ਅਨੋਖੀ ਪ੍ਰਤੀਤੀ ਹੈ। ਉਸਦੇ ਬਾਅਦ ਤੁਸੀਂ ਉਹੀ ਨਹੀਂ ਹੋਵੋਗੇ, ਜੋ ਤੁਸੀਂ ਸੀ। ਤੁਹਾਡਾ ਵਿਸਥਾਰ ਹੋਇਆ—ਐਕਸਪੈਂਸ਼ਨ ਆਫ ਕਾਂਸ਼ਸਨੈੱਸ, ਤੁਹਾਡੀ ਚੇਤਨਾ ਵਧੀ।

ਲੇਕਿਨ ਵਿਅਕਤੀਆਂ ਵਿਚ ਹੀ ਝਾਕਿਆ ਜਾ ਸਕਦਾ ਹੈ, ਅਜੇਹਾ ਨਹੀਂ ਹੈ। ਪਸ਼ੂਆਂ ਵਿਚ ਵੀ ਝਾਕਿਆ ਜਾ ਸਕਦਾ ਹੈ, ਅਤੇ ਫੁੱਲਾਂ ਵਿਚ ਵੀ, ਪੌਦਿਆਂ ਵਿਚ ਵੀ ਤੇ ਫਿਰ ਪੱਥਰ ਦੀਆਂ ਚੱਟਾਨਾਂ ਵਿਚ ਵੀ। ਅਤੇ ਤਦ ਇਹ ਸਾਰੇ ਵਜੂਦ ਵਿਚ ਝਾਕਿਆ ਜਾ ਸਕਦਾ ਹੈ ਤੇ ਜੀਵਿਆ ਜਾ ਸਕਦਾ ਹੈ। ਅਤੇ ਜਦ ਤਕ ਤੁਸੀਂ ਇਹ ਕਲਾ ਨਾ ਸਿੱਖ ਲਵੋਗੇ, ਤਦ ਤਕ ਹੰਕਾਰ ਤੋਂ ਕੋਈ ਛੁਟਕਾਰਾ ਨਹੀਂ।

ਜੇ ਤੁਸੀਂ ਹੰਕਾਰ ਨੂੰ ਛਡਣ 'ਚ ਲਗੇ, ਤਾਂ ਕਦੇ ਨਹੀਂ ਛੁਟੇਗਾ। ਪਰ ਜੇ ਤੁਸੀਂ ਸਰਵ ਵਿਚ ਜੀਣ ਦੀ ਕਲਾ ਸਿੱਖ ਗਏ, ਤਾਂ ਇਕ ਦਿਨ ਤੁਸੀਂ ਅਚਾਨਕ ਪਾਉਗੇ ਕਿ ਉਹ ਕਿਤੇ ਛੁਟ ਗਿਆ ਹੈ। ਤੁਹਾਨੂੰ ਪਤਾ ਵੀ ਨਹੀਂ ਲਗਿਆ, ਕਦ ਛੁਟ ਗਿਆ। ਜਿਵੇਂ ਸੱਪ ਦੀ ਕੁੰਜ ਕਿਤੇ ਲੱਥ ਗਈ ਅਤੇ ਬਾਅਦ ਵਿਚ ਉਸਨੂੰ ਹੋਸ਼ ਆਇਆ ਕਿ ਕੁੰਜ ਕਿਥੇ ਗਈ। ਜਿਵੇਂ ਸੁੱਕਾ ਪੱਤਾ ਕਿਸੇ ਬਿਰਛ ਤੋਂ ਗਿਰ ਗਿਆ ਹੋਵੇ ਤੇ ਉਸ ਬਿਰਛ ਨੂੰ ਪਤਾ ਵੀ ਨਾ ਲਗਿਆ ਹੋਵੇ। ਉਹ ਆਪਣੀ ਗਹਿਰੀ ਸ਼ਾਂਤੀ ਵਿਚ ਮੌਨ ਰਿਹਾ ਹੋਵੇ, ਸੁੱਕੇ ਪੱਤੇ ਦੀ ਅਵਾਜ਼ ਵੀ ਨਾ ਆਈ ਹੋਵੇ। ਅਚਾਨਕ ਜਦ ਨਵਾਂ ਪੱਤਾ ਆ ਗਿਆ ਹੋਵੇ, ਤਦ ਉਸਨੂੰ ਖ਼ਿਆਲ ਆਇਆ ਹੋਵੇ ਕਿ ਸੁੱਕੇ ਪੱਤੇ ਕਿਥੇ ਗਏ। ਇਵੇਂ ਹੀ ਜਿਹੜਾ ਦੂਜੇ ਵਿਚ ਝਾਕਣਾ ਸਿੱਖ ਜਾਂਦਾ ਹੈ, ਅਤੇ ਸਰਵ ਵਿਚ ਜੀਣ ਦੀ ਕਲਾ, ਤਾਂ ਹੌਲੀ-ਹੌਲੀ ਉਸਦਾ ਹੰਕਾਰ ਕਦ ਖੋ ਗਿਆ, ਉਸਨੂੰ ਪਤਾ ਨਹੀਂ ਲਗਦਾ।

ਅਤੇ ਜੇ ਤੁਹਾਨੂੰ ਪਤਾ ਲਗੇ ਕਿ ਤੁਹਾਡਾ ਹੰਕਾਰ ਖੋ ਗਿਆ ਹੈ, ਤਾਂ ਉਸਦਾ ਮਤਲਬ ਕਿ ਇਕ ਨਵਾਂ ਹੰਕਾਰ ਪੈਦਾ ਹੋ ਗਿਆ ਹੈ ਕਿ ਮੈਂ ਨਿਮਰ ਹਾਂ, ਕਿ ਮੈਂ ਨਿਰਹੰਕਾਰੀ ਹਾਂ, ਕਿ ਮੇਰਾ ਹੰਕਾਰ ਨਸ਼ਟ ਹੋ ਗਿਆ ਹੈ। ਇਹ ਕੌਣ ਕਹਿ ਰਿਹਾ ਹੈ? ਇਹ ਕੌਣ ਜਾਣ ਰਿਹਾ ਹੈ?

'ਸਰਵ ਵਿਚ ਜੀਣਾ ਹੈ, ਸਰਵ ਵਿਚ ਸਾਹ ਲੈਣਾ ਹੈ, ਉਵੇਂ ਹੀ ਜਿਵੇਂ ਉਹ ਸਭ ਜਿਸਨੂੰ ਦੇਖਦਾ ਹੈ, ਤੇਰੇ ਵਿਚ ਸਾਹ ਲੈਂਦਾ ਹੈ।'

ਇਸਦਾ ਕੋਈ ਛੋਟਾ-ਜਿਹਾ ਪ੍ਰਯੋਗ ਕਰਨਾ, ਇਥੇ ਕੈਂਪ ਵਿਚ। ਤੁਸੀਂ ਬਹੁਤ ਹੈਰਾਨ ਹੋ ਜਾਉਗੇ। ਕਲ੍ਹ ਸਵੇਰੇ, ਦੁਪਹਿਰੇ, ਜਦ ਮੌਜ ਆ ਜਾਵੇ ਅਤੇ ਮਨ ਜ਼ਰਾ ਸ਼ਾਂਤ ਹੋਵੇ, ਖਿੜਿਆ ਤੇ ਅਨੰਦਤ ਹੋਵੇ। ਅਤੇ ਇਹ ਵੀ ਖ਼ਿਆਲ ਕਰ ਲੈਣਾ ਕਿ ਹੌਲੀ-ਹੌਲੀ ਤੁਹਾਨੂੰ ਆਪਣੇ ਮਨ ਦੀ ਇਕ ਜਾਣਕਾਰੀ ਬਣਾ ਰਖਣੀ ਚਾਹੀਦੀ ਹੈ ਕਿ ਤੁਹਾਡਾ ਮਨ ਕਦੋਂ ਖ਼ੁਸ਼ ਹੁੰਦਾ ਹੈ, ਕਦ ਅਨੰਦਤ ਹੁੰਦਾ ਹੈ, ਮਨ ਦੇ ਵੀ ਮੌਸਮ ਹਨ। ਅਤੇ ਜੇ ਤੁਸੀਂ ਠੀਕ ਤਰ੍ਹਾਂ ਨਾਲ ਆਪਣੇ ਮਨ ਦਾ ਨਿਰੀਖਣ ਤਿੰਨ-ਕੁ ਮਹੀਨੇ ਤਕ ਕਰੋ ਤਾਂ ਤੁਸੀਂ ਆਪਣੇ ਭਵਿੱਖ ਦਾ ਵੀ ਐਲਾਨ ਕਰ ਸਕਦੇ ਹੋ ਸ਼ੁਕਰਵਾਰ ਦੀ ਸਵੇਰ ਤੁਸੀਂ ਆਪਣੀ ਪਤਨੀ ਨੂੰ ਪਹਿਲਾਂ ਤੋਂ ਕਹਿ ਸਕਦੇ ਹੋ ਕਿ ਤੂੰ ਸਾਵਧਾਨ ਰਹੀਂ, ਕਿ ਸ਼ੁਕਰਵਾਰ ਨੂੰ ਸਵੇਰੇ ਮੈਂ ਜ਼ਰਾ ਅਸ਼ਾਂਤ ਹੁੰਦਾ ਰਿਹਾ ਹਾਂ। ਅਤੇ ਉਹ ਮੌਸਮ ਆਏਗਾ। ਅਤੇ ਜੇਕਰ ਘਰ ਵਿਚ ਹਰ ਆਦਮੀ ਦਾ ਕਲੰਡਰ ਹੋਵੇ, ਤਾਂ ਪੂਰਾ ਘਰ ਸੁਚੇਤ ਹੋ ਸਕਦਾ ਹੈ। ਅਤੇ ਤਦ ਬੜੀ ਮੌਜ ਹੋਵੇਗੀ, ਬੜਾ ਅਨੰਦ ਆਏਗਾ; ਕਿਉਂਕਿ ਤੁਹਾਨੂੰ ਪਤਾ ਹੈ ਕਿ ਸ਼ੁਕਰਵਾਰ ਨੂੰ ਸਵੇਰ

ਪਤੀ ਕ੍ਰੋਧਤ ਹੋਣਗੇ, ਤਾਂ ਫਿਰ ਤੁਹਾਨੂੰ ਕ੍ਰੋਧਤ ਹੋਣ ਦੀ ਕੋਈ ਜ਼ਰੂਰਤ ਨਹੀਂ। ਤਦ ਹੱਸਿਆ ਜਾ ਸਕਦਾ ਹੈ। ਅਤੇ ਜੇਕਰ ਪਤੀ ਨੂੰ ਪਤਾ ਹੈ ਕਿ ਪਤਨੀ ਫਲਾਣੀ ਸ਼ਾਮ ਨੂੰ ਉਪੱਦਰ ਖੜ੍ਹਾ ਕਰੇਗੀ, ਇਸਦਾ ਜੇਕਰ ਜਾਹਰ ਹੀ ਹੈ ਮਾਮਲਾ, ਤਾਂ ਮੇਰੇ ਨਾਲ ਕੁਝ ਲੈਣਾ-ਦੇਣਾ ਨਹੀਂ ਹੈ। ਉਹ ਉਵੇਂ ਹੀ ਹੈ, ਜਿਵੇਂ ਮੇਨਸਿਸ ਹੁੰਦਾ ਹੈ, ਮਾਹਵਾਰੀ ਹੁੰਦੀ ਹੈ। ਇਹ ਉਵੇਂ ਹੀ ਹੈ। ਇਸ ਤੋਂ ਕੋਈ ਨਾਰਾਜ਼ ਹੋਣ ਦੀ ਜ਼ਰੂਰਤ ਨਹੀਂ, ਇਹ ਅੰਦਰੂਨੀ ਬਦਲਾਅ ਹਨ ਵਿਅਕਤੀ ਦੇ। ਹੁੰਦੇ ਹਨ, ਜਿਵੇਂ ਮੌਸਮ ਬਦਲ ਜਾਂਦਾ ਹੈ। ਵਰਖਾ ਆ ਜਾਂਦੀ ਹੈ, ਤਾਂ ਅਸੀਂ ਗਾਲ੍ਹਾਂ ਨਹੀਂ ਕਢਦੇ ਹਾਂ। ਅਤੇ ਧੁੱਪ ਨਿਕਲਦੀ ਹੈ, ਤਾਂ ਅਸੀਂ ਜਾਣਦੇ ਹਾਂ ਕਿ ਧੁੱਪ ਨਿਕਲੇਗੀ। ਅਤੇ ਰਾਤੀਂ ਹਨੇਰਾ ਹੋ ਜਾਂਦਾ ਹੈ, ਤਾਂ ਅਸੀਂ ਜਾਣਦੇ ਹਾਂ ਕਿ ਰਾਤ ਹੈ। ਵਿਅਕਤੀ ਵੀ ਇਵੇਂ ਹੀ ਹਨ।

ਸੋ ਕਲ੍ਹ ਜ਼ਰਾ ਖਿਆਲ ਰਖਣਾ ਕਿ ਮਨ ਜਦ ਪ੍ਰਸੰਨ ਤੇ ਅਨੰਦਤ ਹੋਵੇ, ਜ਼ਰਾ ਧਿਆਨ ਵਲ ਨੂੰ ਝੁਕਿਆ ਹੋਵੇ, ਤਦ ਇਕ ਛੋਟਾ-ਜਿਹਾ ਪ੍ਰਯੋਗ ਕਰਨਾ। ਇਕ ਛੋਟੇ-ਜਿਹੇ ਪੱਥਰ ਦੇ ਟੁਕੜੇ ਨੂੰ ਬੜੇ ਪ੍ਰੇਮ ਨਾਲ ਚੁੱਕ ਲੈਣਾ, ਆਪਣੇ ਹੱਥ 'ਚ ਰਖ ਲੈਣਾ, ਇਕਾਂਤ ਵਿਚ ਬੈਠ ਜਾਣਾ, ਅੱਖਾਂ ਉਸ ਪੱਥਰ ਉਤੇ ਟਿਕਾ ਲੈਣਾ, ਫਿਰ ਹੌਲੀ-ਹੌਲੀ ਡੂੰਘਾ ਸਾਹ ਲੈਣਾ, ਅਤੇ ਇਕ ਹੀ ਧਿਆਨ ਰਖਣਾ, ਦੇਖਦੇ ਰਹਿਣਾ, ਦੇਖਦੇ ਰਹਿਣਾ ਪੱਥਰ ਨੂੰ ਕਿ ਪੱਥਰ ਕਦ ਸਾਹ ਲੈਣਾ ਸ਼ੁਰੂ ਕਰਦਾ ਹੈ। ਤੁਸੀਂ ਹੌਲੀ-ਹੌਲੀ ਸਾਹ ਲੈਂਦੇ ਰਹਿਣਾ ਅਤੇ ਪੱਥਰ ਉਤੇ ਨਜ਼ਰਾਂ ਟਿਕਾਈ ਰਖਣਾ। ਤੁਸੀਂ ਹੈਰਾਨ ਹੋਵੋਗੇ। ਉਹ ਛਿਨ ਛੇਤੀ ਹੀ ਆਏਗਾ, ਜਦ ਤੁਹਾਨੂੰ ਪ੍ਰਤੀਤੀ ਹੋਵੇਗੀ ਕਿ ਪੱਥਰ ਵੀ ਸਾਹ ਲੈ ਰਿਹਾ ਹੈ। ਤੁਹਾਡੀ ਹੀ ਸੁਆਸ ਫੈਲ ਗਈ ਹੈ। ਪੱਥਰ ਦੀ ਵੀ ਸੁਆਸ ਹੈ, ਬਹੁਤ ਧੀਮੀ ਹੈ। ਤੁਹਾਡੀ ਸੁਆਸ ਜੁੜ ਜਾਵੇ ਤਾਂ ਮੈਗਨਿਫਾਈ ਹੋ ਜਾਂਦੀ ਹੈ, ਵਡੀ ਹੋ ਜਾਂਦੀ ਹੈ। ਅਤੇ ਤਦ ਤੁਹਾਨੂੰ ਪ੍ਰਤੀਤੀ ਹੋ ਸਕਦੀ ਹੈ।

ਅਤੇ ਜੇ ਤੁਹਾਨੂੰ ਪੱਥਰ ਵਿਚ ਸਾਹ ਦੀ ਪ੍ਰਤੀਤੀ ਹੋਣ ਲਗ ਜਾਵੇ, ਤਾਂ ਤੁਹਾਨੂੰ ਮਹਾਂਵੀਰ ਦੀ ਅਹਿੰਸਾ ਦਾ ਪਤਾ ਲਗੇਗਾ। ਅਤੇ ਤਦ ਇਹ ਸਾਰਾ ਜਗਤ ਤੁਹਾਨੂੰ ਸੁਆਸਾਂ ਨਾਲ ਭਰਿਆ ਹੋਇਆ, ਪ੍ਰਾਣਾਂ ਨਾਲ ਅੰਦੋਲਤ ਲਗੇਗਾ। ਤਦ ਇਥੇ ਕਿਸੇ ਨੂੰ ਵੀ, ਇਕ ਪੱਥਰ ਨੂੰ ਵੀ ਚੋਟ ਪੁਜਾਉਣਾ ਮੁਸ਼ਕਲ ਹੋ ਜਾਏਗਾ।

'ਸਾਹ ਲਵੀਂ ਉਵੇਂ ਹੀ, ਜਿਵੇਂ ਸਭ ਜਿਸਨੂੰ ਤੂੰ ਦੇਖਦਾ ਹੈਂ, ਤੇਰੇ ਵਿਚ ਲੈਂਦਾ ਹੈ। ਅਤੇ ਤੂੰ ਸਰਵਭੂਤ ਵਿਚ ਸ੍ਵੈ ਨੂੰ ਤੇ ਸ੍ਵੈ ਵਿਚ ਸਰਵ ਭੂਤਾਂ ਨੂੰ ਦੇਖਣਾ ਹੈਂ।'

ਇਹ ਪ੍ਰਤੀਤੀ ਵਧਦੀ ਜਾਵੇ। ਇਹ ਦੂਹਰੀ ਤਰ੍ਹਾਂ ਨਾਲ ਹੋ ਸਕਦੀ ਹੈ। ਪਹਿਲਾਂ ਦੇਖਣਾ ਕਿ ਪੱਥਰ ਵਿਚ ਤੁਹਾਡੀ ਸੁਆਸ ਪ੍ਰਵੇਸ਼ ਕਰ ਗਈ। ਫਿਰ ਇਸ ਤੋਂ ਉਲਟਾ ਵੀ ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਪੱਥਰ ਤੁਹਾਡੇ ਵਿਚ ਸੁਆਸ ਲੈਣ ਲਗਾ। ਲੇਕਿਨ ਸਾਨੂੰ ਸੁਆਸ ਦੀ ਕਲਾ ਦਾ ਪਤਾ ਨਹੀਂ ਹੈ।

ਗੁਰਜਿਏਫ ਦੇ ਸਬੰਧ ਵਿਚ ਕਿਹਾ ਜਾਂਦਾ ਹੈ ਕਿ ਕਦੇ-ਕਦੇ ਉਹ ਅਚਾਨਕ ਕੁਝ ਲੋਕਾਂ ਨੂੰ ਅਜੀਬ ਤਰ੍ਹਾਂ ਦੇ ਧੱਕੇ, ਸ਼ਾਕ ਦੇ ਦਿੰਦਾ ਸੀ। ਜਿਵੇਂ ਤੁਸੀਂ ਗੁਰਜਿਏਫ ਦੇ ਕੋਲ ਬੈਠੇ ਹੋ, ਗੁਰਜਿਏਫ ਇਕ ਬਹੁਤ ਰਹੱਸਵਾਦੀ ਸੰਤ ਸੀ। ਜਿਵੇਂ ਤੁਸੀਂ

ਉਸਦੇ ਕੋਲ ਬੈਠੇ ਹੋ, ਅਚਾਨਕ ਤੁਹਾਨੂੰ ਲਗੇਗਾ ਕਿ ਬਿਨਾਂ ਕੁਝ ਕੀਤਿਆਂ ਉਸਨੇ ਤੁਹਾਡੀ ਨਾਭੀ ਉੱਤੇ ਚੋਟ ਕੀਤੀ ਅਤੇ ਉਸਨੇ ਤੁਹਾਨੂੰ ਛੋਹਿਆ ਵੀ ਨਹੀਂ। ਉਸਦੇ ਸ਼ਿੱਸ਼ ਬੜੇ ਹੈਰਾਨ ਸਨ ਕਿ ਉਹ ਕਰਦਾ ਕੀ ਹੈ? ਉਸਦੀ ਇਹ ਚੋਟ ਬੜੀ ਗਹਿਰੀ ਹੋ ਜਾਂਦੀ ਸੀ। ਅਤੇ ਤਦ ਸ਼ਿੱਸ਼ਾਂ ਨੇ ਹੌਲੀ-ਹੌਲੀ ਨਿਰਖ ਕੀਤੀ ਕਿ ਉਹ ਕਰਦਾ ਕੀ ਹੈ। ਤਾਂ ਨਿਰੀਖਣ ਵਿਚ ਪਾਇਆ ਕਿ ਉਹ ਪਹਿਲਾ ਕੰਮ ਤਾਂ ਇਹ ਕਰਦਾ ਹੈ ਕਿ ਉਹ ਤੁਹਾਡੇ ਨਾਲ ਸਾਹ ਲੈਣ ਲਗਦਾ ਹੈ-ਜੋ ਸਾਹ ਤੁਹਾਡਾ ਹੈ।

ਰਿਦਮ, ਜੋ ਗਤੀ, ਉਹੋ-ਜਿਹੀ ਗਤੀ ਉਹ ਆਪਣੇ ਸਾਹਾਂ ਦੀ ਕਰ ਲੈਂਦਾ ਹੈ। ਅਤੇ ਜਦ ਦੋਵੇਂ ਗਤੀਆਂ ਬਿਲਕੁਲ ਇਕ ਹੋ ਜਾਂਦੀਆਂ ਹਨ, ਤਦ ਉਹ ਕੋਈ ਵੀ ਵਿਚਾਰ ਕਰੇ, ਉਹ ਤੁਹਾਡੇ ਵਿਚ ਸੰਕ੍ਰਾਮਤ ਹੋ ਜਾਂਦਾ ਹੈ।

ਤਾਂ ਇਹ ਤੁਸੀਂ ਕਰਕੇ ਦੇਖ ਸਕਦੇ ਹੋ। ਜਦ ਵੀ ਕਿਸੇ ਵਿਅਕਤੀ ਦੇ ਨਾਲ ਤੁਹਾਡੀ ਸੁਆਸ ਬਿਲਕੁਲ ਇਕ ਗਤੀ ਹੋ ਜਾਂਦੀ ਹੈ, ਇਕ ਲੈਅ ਵਿਚ ਬੰਨ੍ਹ ਹੋ ਜਾਂਦੀ ਹੈ, ਤਦ ਤੁਸੀਂ ਅੰਦਰ ਮਿਲ ਗਏ; ਤਦ ਤੁਸੀਂ ਦੋ ਪ੍ਰਾਣ ਨਹੀਂ, ਇਕ ਪ੍ਰਾਣ ਹੋ ਗਏ। ਅਤੇ ਤੁਹਾਡੀਆਂ ਦੋ ਸੁਆਸਾਂ ਇਕ ਘੇਰੇਦਾਰ ਚੱਕਰ ਬਣ ਗਈਆਂ। ਹੁਣ ਤੁਸੀਂ ਕੋਈ ਵੀ ਭਾਵ ਸੰਕ੍ਰਾਮਤ ਕਰ ਸਕਦੇ ਹੋ। ਹੁਣ ਕੋਈ ਵੀ ਭਾਵ ਅੰਦਰ ਪ੍ਰਵੇਸ਼ ਹੋ ਜਾਂਦਾ ਹੈ।

ਅਤੇ ਇਹ ਨਾ ਸਿਰਫ਼ ਵਿਅਕਤੀਆਂ ਦੇ ਨਾਲ, ਬਲਕਿ ਪਸ਼ੂਆਂ ਦੇ ਨਾਲ, ਪੌਦਿਆਂ ਦੇ ਨਾਲ, ਪੱਥਰਾਂ ਦੇ ਨਾਲ, ਸਭ ਦੇ ਨਾਲ ਹੋ ਸਕਦਾ ਹੈ। ਜ਼ਰਾ ਕਠਨ ਹੁੰਦਾ ਹੈ, ਜਿਵੇਂ ਹੀ ਅਸੀਂ ਮਨੁੱਖ ਤੋਂ ਨੀਵੇਂ ਜਾਂਦੇ ਹਾਂ। ਕਿਉਂਕਿ ਅਸੀਂ ਤਾਂ ਮਨੁੱਖ ਨਾਲ ਹੀ ਨਹੀਂ ਜੁੜ ਪਾਂਦੇ ਹਾਂ, ਤਾਂ ਪੌਦਿਆਂ ਆਦਿ ਨਾਲ ਜੁੜਨਾ ਤਾਂ ਬਹੁਤ ਦੂਰ ਦਾ ਨਾਤਾ ਹੈ। ਉਹ ਵੀ ਸਾਡੇ ਪਰਿਵਾਰ ਦਾ ਹਿੱਸਾ ਹੈ; ਕਿਉਂਕਿ ਅਸੀਂ ਕਦੇ ਪੌਦੇ ਵੀ ਸੀ। ਲੇਕਿਨ ਬੜੀ ਲੰਮੀ ਯਾਤਰਾ ਹੋ ਗਈ। ਉਸ ਨਾਲ ਸਾਡੇ ਨਾਤੇ-ਰਿਸ਼ਤੇ ਬਹੁਤ ਦੂਰ ਦੇ ਹੋ ਗਏ। ਅਸੀਂ ਵੀ ਕਦੇ ਪਸ਼ੂ ਸੀ, ਪਰ ਉਸ ਨਾਲ ਸਾਡੇ ਨਾਤੇ-ਰਿਸ਼ਤੇ ਬਹੁਤ ਦੂਰ ਦੇ ਹੋ ਗਏ। ਲੰਮੀ ਯਾਤਰਾ ਹੈ ਤੇ ਭਾਸ਼ਾ ਦਾ ਬੜਾ ਫਾਸਲਾ ਪੈ ਗਿਆ ਹੈ। ਆਦਮੀ ਨਾਲ ਨਹੀਂ ਜੁੜ ਪਾਂਦੇ ਅਸੀਂ। ਜਿਨ੍ਹਾਂ ਨਾਲ ਅਸੀਂ ਪ੍ਰੇਮ ਕਰਦੇ ਹਾਂ, ਉਹਨਾਂ ਨਾਲ ਵੀ ਅਸੀਂ ਕਦੇ ਇਕ ਲੈਅਬੱਧ ਸੁਆਸ ਦਾ ਅਨੁਭਵ ਨਹੀਂ ਕੀਤਾ ਹੈ।

ਇਸਨੂੰ ਜ਼ਰਾ ਅਨੁਭਵ ਕਰਨਾ ਤੇ ਇਸਨੂੰ ਜ਼ਰਾ ਫੈਲਾਉਣਾ। ਇਹ ਜਿਵੇਂ-ਜਿਵੇਂ ਫੈਲਦਾ ਜਾਏਗਾ, ਤਦ ਤੁਸੀਂ ਸੂਰਜ ਨੂੰ ਦੇਖ ਸਕਦੇ ਹੋ ਅਤੇ ਤੁਹਾਨੂੰ ਅਜੇਹਾ ਨਹੀਂ ਲਗੇਗਾ ਕਿ ਤੁਸੀਂ ਹੀ ਸੂਰਜ ਨੂੰ ਦੇਖ ਰਹੇ ਹੋ। ਜੇ ਤੁਹਾਨੂੰ ਸਰਵ ਦੇ ਨਾਲ ਇਕ ਹੋਣ ਦੀ ਥੋੜ੍ਹੀ ਵੀ ਪ੍ਰਤੀਤੀ ਹੈ, ਤਾਂ ਤੁਹਾਨੂੰ ਇਹ ਵੀ ਲਗੇਗਾ ਕਿ ਸੂਰਜ ਵੀ ਤੁਹਾਨੂੰ ਦੇਖ ਰਿਹਾ ਹੈ। ਅਤੇ ਤਦ ਅਜੇਹਾ ਨਹੀਂ ਲਗੇਗਾ ਕਿ ਇਕ ਫੁੱਲ ਦੇ ਕੋਲ ਤੁਸੀਂ ਬੈਠੇ ਹੋ, ਅਜੇਹਾ ਵੀ ਲਗੇਗਾ ਕਿ ਫੁੱਲ ਤੁਹਾਡੇ ਕੋਲ ਬੈਠਾ ਹੈ। ਅਤੇ ਅਜੇਹਾ ਨਹੀਂ ਲਗੇਗਾ ਕਿ ਤੁਸੀਂ ਹੀ ਉਸਨੂੰ ਤੱਕਿਆ, ਉਸਨੇ ਵੀ ਤੁਹਾਨੂੰ ਤੱਕਿਆ।

ਅਸੀਂ ਬੜੀਆਂ ਮਿੱਠੀਆਂ ਕਥਾਵਾਂ ਇਸ ਸਬੰਧ ਵਿਚ ਰਚੀਆਂ ਹਨ। ਉਹਨਾਂ ਕਥਾਵਾਂ ਵਿਚ ਲੋਕ ਕਈ ਵਾਰੀ

ਅਤੇ ਹੱਥ ਨੂੰ ਨਾ ਥਾਪਤੇ, ਤਾਂ ਉਹ ਵੀ ਭੁੱਲ ਜਾਂਦੀ ਹੈ ਕਿ ਤੁਹਾਡਾ ਹੱਥ ਉਸਦੇ ਹੱਥ 'ਚ ਹੈ। ਇਸਲਈ ਪ੍ਰੇਮੀ ਹਿਲਾਉਂਦੇ ਰਹਿੰਦੇ ਹਨ, ਹਿਲ-ਜੁਲ ਕਰਦੇ ਰਹਿੰਦੇ ਹਨ, ਥੋੜ੍ਹੀ-ਬਹੁਤੀ; ਕਿਉਂਕਿ ਉਸ ਤੋਂ ਪਤਾ ਲਗਦਾ ਹੈ। ਉਸ ਨਾਲ ਜ਼ਰਾ ਟੱਕਰ ਹੁੰਦੀ ਰਹਿੰਦੀ ਹੈ। ਜੇ ਇਕ ਪ੍ਰੇਮਿਕਾ ਨੂੰ ਜਾਂ ਮਿੱਤਰ-ਪਿਆਰੇ ਨੂੰ ਤੁਸੀਂ ਹਿੱਕ ਨਾਲ ਲਾਈ ਬੈਠੇ ਹੀ ਰਹਿ ਜਾਉ ਪੰਦਰਾਂ ਮਿੰਟ, ਤਾਂ ਦੋਵੇਂ ਹੀ ਭੁੱਲ ਜਾਣਗੇ ਕਿ ਕੋਈ ਦੂਜਾ ਹੈ। ਦੂਜੇ ਦਾ ਪਤਾ ਹੀ ਤਦ ਲਗਦਾ ਹੈ ਜਦ ਕਿ ਕੁਝ ਉਪੱਦਰ ਜਾਰੀ ਰਹੇ। ਕੁਝ ਹਿਲ-ਜੁਲ ਹੁੰਦੀ ਰਹੇ। ਸਭ ਥਿਰ ਹੋ ਜਾਵੇ, ਤਾਂ ਸਾਨੂੰ ਪਤਾ ਲਗਣਾ ਬੰਦ ਹੋ ਜਾਂਦਾ ਹੈ। ਕੁਝ ਉਪੱਦਰ ਚਾਹੀਦਾ ਹੈ, ਤਾਂ ਪਤਾ ਲਗਦਾ ਹੈ।

ਸੂਰਜ ਵੀ ਦੇਖਦਾ ਹੈ ਤੁਹਾਨੂੰ, ਬਿਰਛ ਵੀ ਅਤੇ ਪ੍ਰਿਥਵੀ ਵੀ। ਇਹ ਸਾਰਾ ਵਜੂਦ ਤੁਹਾਡੇ 'ਚ ਉਨਾ ਹੀ ਤਾਂਘਵਾਨ ਹੈ, ਜਿੰਨੇ ਤੁਸੀਂ ਇਸ ਵਿਚ। ਅਤੇ ਜਿੰਨੀ ਤੁਹਾਡੀ ਤਾਂਘ ਵਧਦੀ ਹੈ, ਉਨੀ ਹੀ ਉਸਦੀ ਤਾਂਘ ਪਰਗਟ ਹੁੰਦੀ ਹੈ। ਅਤੇ ਤਦ ਇਕ ਕਮਿਊਨਿਅਨ, ਇਕ ਮਿਲਾਪ, ਇਕ ਗਲਵੱਕੜੀ ਵਾਪਰਦੀ ਹੈ। ਇਸ ਵਜੂਦ ਦੀ ਗਲਵੱਕੜੀ ਦਾ ਨਾਂ ਹੀ ਸਮਾਧੀ ਹੈ। ਧਿਆਨ ਨਾਲ ਚਲਣਾ ਹੈ ਉਸ ਪਾਸੇ, ਜਿਥੇ ਮਿਲਾਪ ਹੋ ਜਾਵੇ।

ਲੇਕਿਨ ਜੇ ਤੁਸੀਂ ਰੋਂਦੇ ਹੋਏ, ਉਦਾਸ, ਟੁੱਟੇ ਹੋਏ, ਹਾਰੇ ਹੋਏ ਹੋ, ਤਾਂ ਇਹ ਮਿਲਾਪ ਨਹੀਂ ਹੋ ਸਕੇਗਾ। ਟੁੱਟੇ ਹੋਏ, ਹਾਰੇ ਹੋਏ ਨਾਲ ਕੌਣ ਮਿਲਣਾ ਚਾਹੁੰਦਾ ਹੈ? ਕਿਉਂਕਿ ਤਦ ਮਿਲਣ ਦਾ ਮਤਲਬ ਹੈ, ਉਹ ਦੁਖ ਤੇ ਉਦਾਸੀ ਤੁਹਾਡੇ ਵਿਚ ਪਲਟਾ ਦੇਵੇਗਾ।

ਇਹ ਵਜੂਦ ਤੁਹਾਡੀ ਉਡੀਕ ਕਰਦਾ ਹੈ ਕਿ ਕਿਸ ਦਿਨ ਤੁਸੀਂ ਨੱਚਦੇ, ਗਾਉਂਦੇ, ਅਨੰਦ ਨਾਲ ਭਰੇ ਹੋਏ ਉਸਦੇ ਨਜ਼ਦੀਕ ਆਉਗੇ—ਉਸ ਦਿਨ ਇਹ ਮਿਲਾਪ ਹੋ ਪਾਏਗਾ।

ਸਭ ਮਿਲਾਪ ਅਨੰਦ ਦੇ ਛਿਨ ਵਿਚ ਹੁੰਦੇ ਹਨ।

ਅਤੇ ਸਾਰੇ ਖਿੰਡਣ ਦੁਖ ਦੇ ਛਿਨ ਵਿਚ ਹੁੰਦੇ ਹਨ।

ਇਸਲਈ ਦੁਖ ਵਿਚ ਇੰਨੀ ਪੀੜ ਹੈ। ਕਿਉਂਕਿ ਦੁਖ ਵਿਚ ਅਸੀਂ ਇਕੱਲੇ ਰਹਿ ਜਾਂਦੇ ਹਾਂ। ਹੋਰ ਕਿਸੇ ਨਾਲ ਸਬੰਧ ਨਹੀਂ ਰਹਿ ਜਾਂਦਾ। ਅਨੰਦ ਵਿਚ ਅਸੀਂ ਇਕੱਲੇ ਨਹੀਂ ਰਹਿ ਜਾਂਦੇ। ਸਾਰਾ ਵਜੂਦ ਆਪਣੇ ਪੂਰੇ ਉਤਸਵ ਦੇ ਨਾਲ ਸ਼ਾਮਲ ਹੋ ਜਾਂਦਾ ਹੈ।

'ਤੂੰ ਆਪਣੇ ਮਨ ਨੂੰ ਆਪਣੀਆਂ ਇੰਦਰੀਆਂ ਦੇ ਖੇਡਣ ਦੀ ਥਾਂ ਨਹੀਂ ਬਣਨ ਦੇਵੇਂਗਾ। ਤੂੰ ਆਪਣੀ ਸੱਤਾ ਨੂੰ ਪਰਮ ਸੱਤਾ ਤੋਂ ਭਿੰਨ ਨਹੀਂ ਰਖੇਂਗਾ, ਬਲਕਿ ਸਮੁੰਦਰ ਨੂੰ ਬੂੰਦ ਵਿਚ ਅਤੇ ਬੂੰਦ ਨੂੰ ਸਮੁੰਦਰ ਵਿਚ ਡੋਬ ਦੇਵੇਂਗਾ।'

ਤੂੰ ਡੁੱਬ ਜਾਵੇਂਗਾ ਵਜੂਦ ਵਿਚ ਅਤੇ ਵਜੂਦ ਨੂੰ ਆਪਣੇ 'ਚ ਡੁਬ ਜਾਣ ਦੇਵੇਂਗਾ।

'ਇਸ ਤਰ੍ਹਾਂ ਤੂੰ ਪ੍ਰਾਣੀ ਮਾਤਰ ਦੇ ਨਾਲ ਪੂਰੀ ਸਮਰਸਤਾ ਵਿਚ ਜੀਵੇਂਗਾ, ਸਾਰੇ ਹੀ ਮਨੁੱਖਾਂ ਪ੍ਰਤੀ ਅਜੇਹਾ ਪ੍ਰੇਮ ਭਾਵ

ਰਖੇਂਗਾ, ਜਿਵੇਂ ਕਿ ਉਹ ਤੇਰੇ ਗੁਰ-ਭਾਈ ਹਨ—ਇਕ ਹੀ ਅਧਿਆਪਕ ਦੇ ਸ਼ਿਸ਼ ਅਤੇ ਇਕ ਹੀ ਪਿਆਰੀ ਮਾਂ ਦੇ ਪੁੱਤਰ।'

ਵਜੂਦ ਦੇ ਪ੍ਰਤੀ ਇਕ ਪਰਿਵਾਰ ਦਾ ਭਾਵ—ਇਕ ਅਪਣੱਤ ਦਾ ਭਾਵ।

ਸਾਡੇ ਸਭ ਦੇ ਮਨ ਵਿਚ ਵੈਰ ਹੈ, ਅਸੀਂ ਲੜ ਰਹੇ ਹਾਂ। ਅਸੀਂ ਵਜੂਦ ਨੂੰ ਜਿੱਤਣ ਦੀ ਕੋਸ਼ਿਸ਼ ਕਰ ਰਹੇ ਹਾਂ, ਜਿਵੇਂ ਕੋਈ ਦੁਸ਼ਮਣੀ ਹੈ, ਟਾਕਰਾ ਹੈ, ਮੁਕਾਬਲਾ ਹੈ। ਉਸਦੇ ਕਾਰਨ ਹੀ ਅਸੀਂ ਦੁਖੀ ਹਾਂ। ਇਸ ਨਾਲ ਕੋਈ ਵਜੂਦ ਦਾ ਨੁਕਸਾਨ ਨਹੀਂ ਹੁੰਦਾ। ਅਸੀਂ ਹੀ ਕੱਟੇ ਜਾਂਦੇ ਹਾਂ। ਅਲੱਗ ਟੁੱਟ ਜਾਂਦੇ ਹਾਂ, ਅਜਨਬੀ ਹੋ ਜਾਂਦੇ ਹਾਂ। ਵਜੂਦਵਾਦੀ ਬਹੁਤ ਵਾਰ ਕਹਿੰਦੇ ਹਨ ਕਿ ਆਦਮੀ ਅਜਨਬੀ ਹੋ ਗਿਆ ਹੈ, ਸਟ੍ਰੇਂਜਰ ਹੋ ਗਿਆ ਹੈ। ਕਿਸੇ ਨੇ ਕੀਤਾ ਨਹੀਂ ਹੈ ਉਸਨੂੰ, ਆਪਣੇ-ਆਪ ਹੋ ਗਿਆ ਹੈ। ਅਤੇ ਇਹ ਵਜੂਦ ਤੁਹਾਡਾ ਘਰ ਵੀ ਬਣ ਸਕਦਾ ਹੈ। ਤੁਸੀਂ ਹੀ ਖੁਲ੍ਹ ਜਾਵੋ ਤਾਂ ਇਹ ਵਜੂਦ ਵੀ ਖੁਲ੍ਹ ਜਾਂਦਾ ਹੈ।

ਇਕ ਸੂਤਰ ਚੇਤੇ ਰਖਣਾ ਕਿ ਜਿਹੇ-ਜਿਹੇ ਤੁਸੀਂ ਹੋ, ਉਹੋ-ਜਿਹਾ ਹੀ ਇਹ ਵਜੂਦ ਤੁਹਾਨੂੰ ਪ੍ਰਤੀਤ ਹੁੰਦਾ ਹੈ। ਇਹ ਸਭ ਸ਼ੀਸ਼ਾ ਹੈ ਚਾਰ-ਚੁਫੇਰੇ। ਤੁਸੀਂ ਆਪਣੀ ਹੀ ਸ਼ਕਲ ਦੇਖ ਲੈਂਦੇ ਹੋ।

ਸੁਣਿਆ ਹੈ ਮੈਂ ਇਕ ਸਮਰਾਟ ਦੇ ਮਹਿਲ ਵਿਚ ਇਕ ਕੁੱਤਾ ਵੜ ਗਿਆ। ਅਤੇ ਮਹਿਲ ਕੰਚਾਂ ਦਾ ਬਣਿਆ ਹੋਇਆ ਸੀ। ਅਤੇ ਸਮਰਾਟ ਨੇ ਸਾਰੇ ਸ਼ੀਸ਼ੇ ਲਾ ਰਖੇ ਸਨ ਕੰਧਾਂ ਉਤੇ। ਕੋਈ ਹਜ਼ਾਰਾਂ-ਹਜ਼ਾਰ ਸ਼ੀਸ਼ੇ ਲਗੇ ਸਨ। ਕੁੱਤਾ ਬਹੁਤ ਮੁਸ਼ਕਲ ਵਿਚ ਪੈ ਗਿਆ। ਦੇਖਿਆ ਉਸਨੇ, ਹਜ਼ਾਰਾਂ ਕੁੱਤੇ ਚਾਰ-ਚੁਫੇਰੇ ਖੜ੍ਹੇ ਸਨ। ਡਰ ਕੇ ਭੌਂਕਿਆ।

ਜਿਹੜੇ ਡਰਦੇ ਹਨ, ਉਹੀ ਭੌਂਕਦੇ ਹਨ। ਉਸਨੂੰ ਖੁਦ ਨੂੰ ਤਸੱਲੀ ਮਿਲਦੀ ਹੈ ਕਿ ਅਸੀਂ ਡਰੇ ਹੋਏ ਨਹੀਂ, ਬਲਕਿ ਅਸੀਂ ਡਰਾ ਰਹੇ ਹਾਂ। ਡਰਾਉਣ ਦੀ ਚੇਸ਼ਟਾ ਡਰ ਦਾ ਹੀ ਪ੍ਰਗਟਾਅ ਹੈ। ਦੂਜੇ ਨੂੰ ਡਰਾਉਣ ਉਹੀ ਜਾਂਦਾ ਹੈ, ਜਿਹੜਾ ਡਰਿਆ ਹੀ ਹੋਇਆ ਹੈ।

ਭੌਂਕਿਆ, ਐਪਰ ਇਕੱਲਾ ਨਹੀਂ ਭੌਂਕਿਆ, ਸਾਰੇ ਸ਼ੀਸ਼ਿਆਂ ਦੇ ਕੁੱਤੇ ਵੀ ਭੌਂਕੇ। ਹੋਰ ਘਬਰਾ ਗਿਆ। ਹਜ਼ਾਰਾਂ ਕੁੱਤੇ—ਚਾਰ-ਚੁਫੇਰੇ ਦੁਸ਼ਮਣਾਂ ਹੀ ਦੁਸ਼ਮਣਾਂ ਨਾਲ ਘਿਰ ਗਿਆ। ਭੱਜਿਆ ਸ਼ੀਸ਼ਿਆਂ ਵਲ ਨੂੰ ਹਮਲਾ ਕਰਨ। ਕਿਉਂਕਿ ਸੁਰੱਖਿਆ ਦਾ ਇਕ ਹੀ ਉਪਾਅ ਜਾਣਦਾ ਹੈ ਆਦਮੀ ਵੀ ਅਤੇ ਕੁੱਤਾ ਵੀ।

ਇਕ ਹੀ ਉਪਾਅ ਹੈ ਸੁਰੱਖਿਆ ਦਾ। ਮੈਕਿਆਵੇਲੀ ਨੇ ਕਿਹਾ ਹੈ, ਸੁਰੱਖਿਆ ਚਾਹੀਦੀ ਹੈ ਤਾਂ ਹਮਲਾ ਉਪਾਅ ਹੈ। ਉਸ ਕੁੱਤੇ ਨੇ ਵੀ ਮੈਕਿਆਵੇਲੀ ਦੀ ਕਿਤਾਬ, 'ਦਿ ਪ੍ਰਿੰਸ' ਕਿਤੇ ਪੜ੍ਹ ਲਈ ਹੋਵੇਗੀ। ਉਸਨੇ ਹਮਲਾ ਕੀਤਾ। ਲੇਕਿਨ ਜਦ ਤੁਸੀਂ ਹਮਲਾ ਕਰੋਗੇ ਤਾਂ ਦੁਨੀਆਂ ਬੈਠੀ ਰਹੇਗੀ ? ਸਾਰੇ ਸ਼ੀਸ਼ਿਆਂ ਦੇ ਕੁੱਤਿਆਂ ਨੇ ਵੀ ਹਮਲਾ ਕੀਤਾ। ਫਿਰ ਉਸ ਰਾਤ ਉਹ ਕੁੱਤਾ ਪਾਗਲ ਹੋ ਗਿਆ। ਸਵੇਰੇ ਉਹ ਮਰਿਆ ਹੋਇਆ ਪਿਆ ਮਿਲਿਆ। ਅਤੇ ਸ਼ੀਸ਼ੇ ਵਿਚ ਉਥੇ ਕੋਈ ਵੀ ਨਹੀਂ ਸੀ, ਆਪਣੀ ਹੀ ਪਰਤਵੀਂ ਗੂੰਜ ਸੀ।

ਇਸ ਵਜੂਦ ਦੇ ਨਾਲ ਅਸੀਂ ਜੋ ਭਾਵ ਬਣਾ ਲੈਂਦੇ ਹਾਂ ਉਸ ਦੀਆਂ ਪਰਤਵੀਆਂ ਅਵਾਜ਼ਾਂ ਗੂੰਜਣ ਲਗਦੀਆਂ ਹਨ।

ਦੇਖਣਾ ਦੁਸ਼ਮਣੀ ਨਾਲ,ਅਤੇ ਚਾਰ-ਚੁਫੇਰੇ ਦੁਸ਼ਮਣ ਖੜ੍ਹੇ ਹੋ ਜਾਂਦੇ ਹਨ। ਅਤੇ ਦੇਖੋ ਮਿੱਤਰਤਾ ਨਾਲ, ਉਥੇ ਕੋਈ ਦੁਸ਼ਮਣ ਨਹੀਂ ਹੈ। ਤੁਸੀਂ ਹੀ ਫੈਲ ਕੇ ਗੂੰਜ ਜਾਂਦੇ ਹੋ। ਤੁਸੀਂ ਹੀ ਆਪਣੇ-ਆਪ ਨੂੰ ਸੁਣਾਈ ਪੈਂਦੇ ਹੋ। ਤੁਹਾਡੀ ਆਪਣੀ ਹੀ ਗੂੰਜ, ਤੁਸੀਂ ਹੰਢਾ ਰਹੇ ਹੋ। ਇਹ ਸੂਤਰ ਕਹਿੰਦਾ ਹੈ, ਮਿੱਤਰਤਾ ਇਸ ਵਜੂਦ ਦੇ ਨਾਲ।

ਵਿਗਿਆਨ ਅਤੇ ਧਰਮ ਦਾ ਇਹ ਬੁਨਿਆਦੀ ਫਰਕ ਹੈ।

ਵਿਗਿਆਨ ਲੜਦਾ ਹੈ, ਜਿੱਤਣਾ ਚਾਹੁੰਦਾ ਹੈ, ਵਿਜੈ ਦੀ ਉਸਦੀ ਯਾਤਰਾ ਹੈ।

ਧਰਮ ਜਿੱਤਣਾ ਨਹੀਂ ਚਾਹੁੰਦਾ ਹੈ, ਲੜਨਾ ਵੀ ਨਹੀਂ ਚਾਹੁੰਦਾ ਹੈ, ਮਿੱਤਰਤਾ ਉਸਦਾ ਅਧਾਰ ਹੈ। ਉਹ ਵਜੂਦ ਦੇ ਨਾਲ ਇਕ ਪ੍ਰੇਮ-ਸਬੰਧ ਕਾਇਮ ਕਰਨਾ ਚਾਹੁੰਦਾ ਹੈ। ਵਜੂਦ ਦੇ ਨਾਲ ਉਸਦਾ ਪ੍ਰੇਮੀ ਤੇ ਪ੍ਰੇਮਿਕਾ ਵਾਲਾ ਨਾਤਾ ਹੈ, ਦੁਸ਼ਮਣੀ ਵਾਲਾ ਨਹੀਂ। ਇਸਦੇ ਡੂੰਘੇ ਸਿੱਟੇ ਨਿਕਲਦੇ ਹਨ।

ਕਿਉਂਕਿ ਜਦ ਤੁਸੀਂ ਮਿੱਤਰ ਦੀ ਭਾਲ ਵਿਚ ਨਿਕਲਦੇ ਹੋ, ਤਾਂ ਸਾਰਾ ਵਜੂਦ ਮਿੱਤਰਤਾ ਦਾ ਹੱਥ ਫੈਲਾ ਦਿੰਦਾ ਹੈ। ਉਸ ਛਿਨ ਤੁਹਾਨੂੰ ਪਤਾ ਲਗਦਾ ਹੈ ਕਿ ਤੁਸੀਂ ਅਜਨਬੀ ਨਹੀਂ ਹੋ। ਅਤੇ ਉਸ ਛਿਨ ਤੁਹਾਨੂੰ ਇਹ ਵੀ ਪਤਾ ਲਗਦਾ ਹੈ ਕਿ ਇਹ ਪੂਰਾ ਵਜੂਦ ਇਕ ਮਾਂ ਦੀ ਗੋਦ ਹੈ। ਅਤੇ ਉਸ ਸਮੇਂ ਤੁਹਾਨੂੰ ਪਤਾ ਲਗਦਾ ਹੈ ਕਿ ਇਸ ਵਜੂਦ ਨੇ ਅਕਾਰਨ ਹੀ ਤੁਹਾਨੂੰ ਪੈਦਾ ਨਹੀਂ ਕੀਤਾ ਹੈ। ਇਸਦੇ ਹੁਲਾਸ ਵਿਚ, ਇਸਦੇ ਉਤਸਵ ਵਿਚ, ਇਸਦੇ ਅਨੰਦ ਵਿਚ ਤੁਹਾਡਾ ਜਨਮ ਹੈ। ਤੁਸੀਂ ਇਸਦੀ ਅਨੰਦ -ਖੇਡ ਦਾ ਹਿੱਸਾ ਹੋ।

ਇਸਲਈ ਅਸੀਂ ਕਿਹੈ ਜਗਤ ਨੂੰ ਪਰਮਾਤਮਾ ਦੀ ਲੀਲ੍ਹਾ, ਉਸਦੇ ਅਨੰਦ ਦੀ ਖੇਡ। ਅਤੇ ਅਸੀਂ ਸਭ ਉਸਦੇ ਅਨੰਦ ਦੀ ਖੇਡ ਦੀਆਂ ਲਹਿਰਾਂ ਹਾਂ, ਉਸਦਾ ਵਿਸਥਾਰ ਹਾਂ। ਲੇਕਿਨ ਇਸ ਪ੍ਰਤੀਤੀ ਤਕ ਪਹੁੰਚਣ ਦੇ ਲਈ ਕਿ ਪਰਮਾਤਮਾ ਦੀ ਲੀਲ੍ਹਾ ਹੈ ਇਹ ਜਗਤ, ਸਾਨੂੰ ਕੁਝ ਅਧਾਰ-ਭੂਮੀਆਂ ਬਨਾਉਣੀਆਂ ਪੈਂਦੀਆਂ ਹਨ। ਉਹਨਾਂ ਅਧਾਰ-ਭੂਮੀਆਂ ਵਿਚ ਇਹ ਸੂਤਰ ਖਿਆਲ ਵਿਚ ਰਖਣਾ ਜਰੂਰੀ ਹੈ।

●

ਚੌਥਾ ਪ੍ਰਵਚਨ

ਸਹੀ ਜੀਵਨ

●

ਅਧਿਆਪਕ ਅਨੇਕ ਹਨ, ਲੇਕਿਨ ਪਰਮ ਗੁਰੂ ਇਕ ਹੀ ਹੈ—ਜਿਸਨੂੰ ਆਲਯ ਜਾਂ ਵਿਸ਼ਵਾਤਮਾਂ ਕਹਿੰਦੇ ਹਨ। ਉਸ ਪਰਮ ਸੱਤਾ ਵਿਚ ਇਉਂ ਹੀ ਜਿਉਂ, ਜਿਵੇਂ ਉਸਦੀ ਕਿਰਨ ਤੇਰੇ ਵਿਚ ਜਿਉਂਦੀ ਹੈ। ਅਤੇ ਪ੍ਰਾਣੀਮਾਤਰ ਵਿਚ ਇਸ ਤਰ੍ਹਾਂ ਜਿਉਂ, ਜਿਵੇਂ ਉਹ ਪਰਮ ਸੱਤਾ ਵਿਚ ਜਿਉਂਦੇ ਹਨ।

ਰਾਹ ਦੀ ਦੇਹਲੀ ਉੱਤੇ ਖੜ੍ਹਾ ਹੋਣ ਤੋਂ ਪਹਿਲਾਂ, ਅੰਤਮ ਦੁਆਰ ਨੂੰ ਪਾਰ ਕਰਨ ਤੋਂ ਪਹਿਲਾਂ ਤੂੰ ਦੋਹਾਂ ਨੂੰ ਇਕ ਵਿਚ ਸਮੋਣਾ ਹੈ ਅਤੇ ਵਿਅਕਤੀ–ਸੱਤਾ ਨੂੰ ਪਰਮ–ਸੱਤਾ ਦੇ ਲਈ ਤਿਆਗਣਾ ਹੈ। ਅਤੇ ਇਸ ਤਰ੍ਹਾਂ ਦੋਹਾਂ ਦੇ ਵਿਚਾਲੇ ਜੋ ਰਾਹ ਹੈ, ਜਿਸਨੂੰ ਅੰਤਹਕਰਣ ਕਹਿੰਦੇ ਹਨ, ਉਸਨੂੰ ਨਸ਼ਟ ਕਰ ਸੁੱਟਣਾ ਹੈ।

ਤੈਨੂੰ ਧਰਮ ਨੂੰ, ਉਸ ਕਠੋਰ ਨਿਯਮ ਨੂੰ ਉੱਤਰ ਦੇਣਾ ਹੋਵੇਗਾ, ਜੋ ਤੈਥੋਂ ਤੇਰੇ ਪਹਿਲੇ ਹੀ ਕਦਮ 'ਤੇ ਪੁਛੇਗਾ :

ਓ ਉੱਚੀ ਆਸ ਵਾਲੇ, ਕੀ ਤੂੰ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਹੈ?

ਕੀ ਤੂੰ ਆਪਣੇ ਹਿਰਦੇ ਤੇ ਮਨ ਨੂੰ ਕੁੱਲ ਮਨੁੱਖਾਂ ਦੇ ਮਹਾਨ ਹਿਰਦੇ ਤੇ ਮਨ ਦੇ ਨਾਲ ਲੈਅਬੱਧ ਕੀਤਾ ਹੈ? ਜਿਵੇਂ ਪਵਿੱਤਰ ਨਦੀ ਦੇ ਗਰਜਣ ਵਿਚ ਪ੍ਰਕਿਰਤੀ ਦੀਆਂ ਸਾਰੀਆਂ ਹੀ ਅਵਾਜ਼ਾਂ ਮੁੜ ਗੂੰਜਦੀਆਂ ਹਨ, ਉਵੇਂ ਹੀ ਉਸ ਸ੍ਰੋਤਾਪੰਨ ਦੇ ਹਿਰਦੇ ਨੂੰ ਵੀ, ਜੋ ਨਦੀ ਵਿਚ ਦਾਖ਼ਲ ਹੋਵੇਗਾ, ਉਹਨਾਂ ਸਭ ਦੀ ਆਹ ਤੇ ਵਿਚਾਰ ਨੂੰ ਮੁੜ ਗੁੰਜਾਉਣਾ ਹੋਵੇਗਾ, ਜੋ ਜਗਤ ਵਿਚ ਜੀਂਦੇ ਅਤੇ ਸਾਹ ਲੈਂਦੇ ਹਨ।[9]

ਹਿਰਦੇ ਨੂੰ ਗੁੰਜਾਰਤ ਕਰਨ ਵਾਲੀ ਵੀਣਾ ਦੇ ਨਾਲ ਸ਼ਿੱਸ਼ ਦੀ ਤੁਲਣਾ ਕੀਤੀ ਜਾ ਸਕਦੀ ਹੈ, ਉਸਦੇ ਨਾਦ ਨਾਲ ਮਨੁੱਖਤਾ ਦੀ ਤੁਲਣਾ ਅਤੇ ਉਸ ਵਜਾਉਣ ਵਾਲੇ ਦੇ ਹੱਥ ਨਾਲ ਮਹਾਂਵਿਸ਼ਵਾਤਮਾ ਦੇ ਤਾਲਮਈ ਸਾਹ ਦੀ ਤੁਲਣਾ ਕੀਤੀ ਜਾ ਸਕਦੀ ਹੈ। ਜੋ ਤਾਰ ਗਾਇਕ ਦੀ ਛੋਹ ਦੇ ਨਾਲ ਮਿੱਠੀ ਲੈਅ ਨਾਲ ਵੱਜਣ ਤੋਂ ਇਨਕਾਰ ਕਰਦਾ ਹੈ, ਉਹ ਟੁੱਟ ਜਾਂਦਾ ਹੈ ਅਤੇ ਸੁੱਟ ਦਿਤਾ ਜਾਂਦਾ ਹੈ। ਅਜੇਹੇ ਹੀ ਹਨ—ਸ਼ਿਸ਼ਾਂ ਤੇ ਸ਼੍ਰਾਵਕਾਂ ਦੇ ਸਮੂਹਕ ਮਨ। ਉਹਨਾਂ ਨੇ ਉਪਾਧਿਆਇ ਦੇ ਪਰਮਾਤਮਾ ਨਾਲ ਇਕ ਹੋਏ ਮਨ ਨਾਲ ਲੈਅਬੱਧ ਹੋਣਾ ਹੈ ਨਹੀਂ ਤਾਂ ਉਹ ਰਾਹ ਤੋਂ ਟੁੱਟ ਜਾਣਗੇ।

ਇਵੇਂ ਹੀ ਉਹ ਕਰਦੇ ਹਨ, ਜੋ ਪਰਛਾਵੇਂ ਦੇ ਮਿੱਤਰ, ਆਪਣੀ ਆਤਮਾ ਦੇ ਘਾਤੀ ਅਤੇ ਦਾਦਦੁਗਪਾ[1] ਜਾਤੀ ਦੇ ਨਾਲ ਪੁਕਾਰੇ ਜਾਂਦੇ ਹਨ।

ਓ ਪ੍ਰਕਾਸ਼ ਦੇ ਅਭਿਲਾਖੀ, ਕੀ ਤੂੰ ਆਪਣੀ ਸੱਤਾ ਨੂੰ ਮਨੁੱਖਤਾ ਦੀ ਮਹਾਨ ਪੀੜ ਦੇ ਨਾਲ ਇਕ ਕਰ ਲਿਆ ਹੈ?

ਕੀ ਅਜੇਹਾ ਤੂੰ ਕੀਤਾ ਹੈ?... ਤੂੰ ਪ੍ਰਵੇਸ਼ ਕਰ ਸਕਦਾ ਹੈਂ। ਤਾਂ ਵੀ ਚੰਗਾ ਹੈ ਕਿ ਸ਼ੋਕ ਦੇ ਦੁਰਗਮ ਰਾਹ 'ਤੇ ਪੈਰ ਧਰਨ ਤੋਂ ਪਹਿਲਾਂ ਤੂੰ ਉਸਦੇ ਊਚ–ਨੀਚ ਨੂੰ, ਉਸ ਦੀਆਂ ਕਠਿਨਾਈਆਂ ਨੂੰ ਸਮਝ ਲਵੇਂ।

ਬਹੁਤ-ਸਾਰੀਆਂ ਗੱਲਾਂ ਸਮਝਣ-ਯੋਗ ਹਨ। ਜਿਵੇਂ ਰਾਤੀਂ ਪੁੰਨਿਆਂ ਦਾ ਚੰਦ ਨਿਕਲੇ ਅਤੇ ਅਨੰਤ-ਅਨੰਦਤ ਸਰੋਵਰਾਂ ਵਿਚ ਉਸਦਾ ਅਕਸ ਬਣੇ; ਹਰ ਸਰੋਵਰ ਦਾ ਅਕਸ ਆਪਣਾ ਹੈ ਅਤੇ ਹਰ ਸਰੋਵਰ ਦੇ ਅਕਸ ਦੀ ਆਪਣੀ ਸ਼ਖ਼ਸੀਅਤ ਹੈ—ਲੇਕਿਨ ਉਹ ਸਾਰੇ ਅਕਸ ਇਕ ਹੀ ਚੰਦ ਦੇ ਹਨ। ਜਿਹੜਾ ਅਕਸ ਵਿਚ ਉਲਝ ਜਾਏਗਾ, ਉਹ ਸ਼ਾਇਦ ਉਸ ਚੰਦ ਨੂੰ ਵੀ ਭੁੱਲ ਜਾਵੇ, ਜਿਸਦਾ ਕਿ ਉਹ ਅਕਸ ਹੈ। ਅਤੇ ਜਿਹੜਾ ਅਕਸ ਤੋਂ ਅੱਖਾਂ ਉਪਰ ਚੁੱਕੇਗਾ, ਉਹ ਉਸ ਚੰਦ ਨੂੰ ਦੇਖ ਸਕੇਗਾ, ਜੋ ਕਿ ਮੂਲ ਹੈ। ਕਿ ਅਕਸ ਤਾਂ ਉਸ ਦੀਆਂ ਝਲਕਾਂ ਹਨ।

ਗੁਰੂ ਇਕ ਹੈ, ਅਧਿਆਪਕ ਅਨੇਕ ਹਨ।

ਉਹ ਜੋ ਜੀਵਨ ਦਾ ਸੱਚ ਹੈ, ਉਹ ਇਕ ਹੈ; ਪਰ ਉਸ ਦੀਆਂ ਸਿਖਿਆਵਾਂ ਅਨੇਕ ਹਨ।

ਉਹ ਜੋ ਮੰਦਰ ਹੈ ਰਹੱਸ ਦਾ, ਉਹ ਇਕ ਹੈ, ਪਰ ਉਸਦੇ ਦੁਆਰ ਅਨੇਕ ਹਨ।

ਅਨੰਤ-ਅਨੰਤ ਰਾਹ ਹਨ ਉਸ ਤਕ ਪਹੁੰਚਣ ਦੇ; ਪਰ ਪਹੁੰਚਣ 'ਤੇ ਇਕ ਹੀ ਬਾਕੀ ਰਹਿ ਜਾਂਦਾ ਹੈ।

ਮੰਜ਼ਲ ਇਕ ਹੈ।

ਅਤੇ ਅਧਿਆਪਕਾਂ ਵਿਚ ਵੀ ਜੋ ਝਲਕ ਦਿਖਾਈ ਪੈਂਦੀ ਹੈ, ਉਹ ਉਸ ਇਕ ਦੀ ਹੀ ਹੈ। ਸਾਰੇ ਹੀ ਅਧਿਆਪਕ ਸਰੋਵਰ ਦੇ ਵਾਂਗ ਹਨ। ਉਹ ਇਕ ਮਹਾਂਗੁਰੂ ਹੀ ਉਹਨਾਂ ਵਿਚ ਪਰਗਟ ਹੁੰਦਾ ਹੈ। ਅਜੇਹਾ ਵੀ ਹੋ ਸਕਦਾ ਹੈ ਕਿ ਅਧਿਆਪਕ ਇਕ-ਦੂਜੇ ਦੇ ਉਲਟ ਹੋਣ; ਫਿਰ ਵੀ ਜੋ ਉਹਨਾਂ ਵਿਚ ਪਰਗਟ ਹੁੰਦਾ ਹੈ; ਉਹ ਇਕ ਹੀ ਹੈ।

ਬੁੱਧ ਮਹਾਂਵੀਰ ਦੇ ਉਲਟ ਦਿਖਾਈ ਪੈਂਦੇ ਹਨ। ਮਹਾਂਵੀਰ ਕ੍ਰਿਸ਼ਨ ਦੇ ਉਲਟ ਨਜ਼ਰ ਆਉਂਦੇ ਹਨ। ਕ੍ਰਿਸ਼ਨ ਅਤੇ

ਕ੍ਰਾਈਸਟ ਦਾ ਕੀ ਤਾਲਮੇਲ ਹੋ ਸਕਦਾ ਹੈ? ਮੁਹੰਮਦ ਮਹਾਂਵੀਰ ਨੂੰ ਨਾਲ–ਨਾਲ ਸੋਚਣਾ ਵੀ ਕਠਨ ਹੈ। ਅਧਿਆਪਕ ਅਨੇਕ ਹਨ। ਨਾ ਸਿਰਫ ਅਨੇਕ ਹਨ, ਬਲਕਿ ਆਪਸ ਵਿਚ ਉਲਟ ਵੀ ਵਿਖਾਈ ਪੈ ਸਕਦੇ ਹਨ। ਲੇਕਿਨ ਜੋ ਮਹਾਂਗੁਰੂ ਹੈ, ਉਹ ਇਕ ਹੈ। ਜੋ ਮਹਾਂਵੀਰ ਵਿਚ ਝਲਕਿਆ ਹੈ, ਕ੍ਰਿਸ਼ਨ ਅਤੇ ਕ੍ਰਾਈਸਟ ਵਿਚ ਜਿਸਦਾ ਅਕਸ ਬਣਿਆ ਹੈ, ਉਹ ਇਕ ਹੈ। ਇਹ ਅਕਸ ਇੰਨੇ ਅਲੱਗ ਹੋਣਗੇ ਹੀ। ਕਿਉਂਕਿ ਅਕਸ ਜਿਸ ਸਰੋਵਰ ਵਿਚ ਬਣਦਾ ਹੈ, ਉਸਦੀ ਸ਼ਖਸੀਅਤ ਸਮੋਈ ਜਾਂਦੀ ਹੈ। ਅਤੇ ਇਹਨਾਂ ਅਕਸਾਂ ਵਿਚ ਵਿਰੋਧ ਹੋਵੇਗਾ, ਇਹ ਵੀ ਪੂਰੀ ਤਰ੍ਹਾਂ ਪੱਕਾ ਹੈ, ਕਿਉਂਕਿ ਸ਼ਖਸੀਅਤਾਂ ਭਿੰਨ ਹਨ ਤੇ ਵਿਰੋਧੀ ਹਨ।

ਮੀਰਾ ਨੱਚ ਸਕਦੀ ਹੈ, ਮਹਾਂਵੀਰ ਦੇ ਨੱਚਣ ਦੀ ਕਲਪਨਾ ਕਰਨੀ ਕਠਨ ਹੈ। ਸੋਚਣਾ ਵੀ ਕਿ ਮਹਾਂਵੀਰ ਨੱਚ ਰਹੇ ਹਨ, ਬੜਾ ਮੁਸ਼ਕਲ ਹੋਵੇਗਾ। ਅਤੇ ਮੀਰਾ ਨੂੰ ਬੁੱਧ ਦੇ ਵਾਂਗ ਸ਼ਾਂਤ ਬਿਠਾ ਰਖਣਾ ਵੀ ਉਨਾ ਹੀ ਮੁਸ਼ਕਲ ਹੈ। ਮੀਰਾ ਦੀ ਸ਼ਖਸੀਅਤ ਹੈ, ਜੋ ਨੱਚ ਸਕਦੀ ਹੈ। ਅਤੇ ਜਦ ਸੱਚ ਦੀ ਕਿਰਨ ਉਸ ਸ਼ਖਸੀਅਤ ਉੱਤੇ ਚੋਟ ਕਰੇਗੀ, ਤਾਂ ਉਹ ਸ਼ਖਸੀਅਤ ਨੱਚੇਗੀ। ਮਹਾਂਵੀਰ ਦੀ ਸ਼ਖਸੀਅਤ ਹੈ, ਜੋ ਪੱਥਰ ਵਾਂਗ ਮੌਨ ਹੋ ਸਕਦੀ ਹੈ। ਅਤੇ ਜਦ ਉਸ ਸੱਚ ਦੀ ਕਿਰਨ ਉਸ ਸ਼ਖਸੀਅਤ ਉੱਤੇ ਪਏਗੀ, ਤਾਂ ਉਹ ਪੱਥਰ ਵਾਂਗ ਮੌਨ ਹੋ ਜਾਏਗੀ। ਮਹਾਂਵੀਰ ਦੀਆਂ ਪੱਥਰ ਦੀਆਂ ਮੂਰਤੀਆਂ ਦੇਖੀਆਂ ਹਨ? ਜਿੰਨੀਆਂ ਉਹ ਮੌਨ ਹਨ, ਉਸ ਤੋਂ ਵੀ ਜ਼ਿਆਦਾ ਮੌਨ ਇਹ ਆਦਮੀ ਸੀ। ਕੋਈ ਹਿਲਣ–ਜੁਲਣ ਨਹੀਂ।

ਮਹਾਂਵੀਰ ਤੇ ਮੀਰਾ ਨੂੰ ਨਾਲ–ਨਾਲ ਰਖ ਲਵੋ, ਤਾਂ ਬੜੀ ਮੁਸ਼ਕਲ ਹੋਵੇਗੀ। ਵਿਰੋਧੀ ਜਾਪਦੇ ਹਨ। ਇਕ ਬਿਲਕੁਲ ਚੁੱਪ ਹੋ ਕੇ ਬੈਠ ਗਿਆ ਹੈ ਅਤੇ ਕਿ ਪੂਰੀ ਤਰ੍ਹਾਂ ਗੂੰਜ ਗਿਆ ਹੈ, ਗੂੰਜ ਉਠਿਆ ਹੈ। ਇਹ ਸ਼ਖਸੀਅਤ ਦਾ ਫਰਕ ਹੈ। ਮੀਰਾ ਦੀ ਸ਼ਖਸੀਅਤ ਤਿਆਰ ਹੈ ਨੱਚਣ ਨੂੰ, ਤਾਂ ਸੱਚ ਦਾ ਜਦ ਅਨੁਭਵ ਹੋਵੇਗਾ, ਤਾਂ ਉਹ ਨਾਚ ਨਾਲ ਪਰਗਟ ਹੋਵੇਗਾ। ਕਿਉਂਕਿ ਪਰਗਟ ਕਰਨ ਵਾਲਾ ਤਾਂ ਉਵੇਂ ਹੀ ਪਰਗਟ ਕਰ ਸਕਦਾ ਹੈ, ਜਿਸਦੀ ਉਸਦੀ ਤਿਆਰੀ ਹੈ।

ਇਉਂ ਸਮਝੋ ਕਿ ਜੇਕਰ ਇਸ ਝੀਲ ਦੇ ਕਰੀਬ ਕੋਈ ਚਿੱਤਰਕਾਰ ਜਾਵੇ ਅਤੇ ਇਕ ਕਵੀ ਜਾਵੇ ਅਤੇ ਇਕ ਸੰਗੀਤਕਾਰ ਜਾਵੇ ਅਤੇ ਇਕ ਨਿਰਤਕ ਜਾਵੇ; ਤਾਂ ਇਹ ਝੀਲ ਤਾਂ ਇਕ ਹੋਵੇਗੀ, ਲੇਕਿਨ ਉਹ ਝੀਲ ਦਾ ਸੁਹੱਪਣ ਜਦ ਛੋਹੇਗਾ ਕਵੀ ਨੂੰ ਤਾਂ ਗੀਤ ਬਣੇਗਾ ਅਤੇ ਜਦ ਇਸ ਝੀਲ ਦਾ ਸੁਹੱਪਣ ਛੋਹੇਗਾ ਚਿੱਤਰਕਾਰ ਨੂੰ ਤਾਂ ਗੀਤ ਨਹੀਂ ਬਣੇਗਾ, ਚਿੱਤਰ ਤਿਆਰ ਹੋਵੇਗਾ। ਅਤੇ ਜਦ ਇਸ ਝੀਲ ਦਾ ਸੁਹੱਪਣ ਛੋਹੇਗਾ ਨਿਰਤਕ ਨੂੰ ਤਾਂ ਘੁੰਗਰੂਆਂ ਦੀ ਅਵਾਜ਼ ਸੁਣਾਈ ਪਏਗੀ ਅਤੇ ਇਸ ਝੀਲ ਦੀ ਆਤਮਾ ਜਦ ਛੋਹੇਗੀ ਸੰਗੀਤਕਾਰ ਨੂੰ ਤਾਂ ਵੀਣਾ ਦੇ ਤਾਰ ਝੁਣਝੁਣਾ ਉਠਣਗੇ। ਉਹ ਝੀਲ ਇਕ ਹੈ, ਪਰ ਜਿਹੜੇ ਉਸਦੇ ਕੋਲ ਆਏ ਹਨ, ਉਹਨਾਂ ਦੀ ਆਪੋ–ਆਪਣੀ ਸ਼ਖਸੀਅਤ ਹੈ। ਅਤੇ ਉਹੀ ਸ਼ਖਸੀਅਤ ਪ੍ਰਗਟਾਵਾ ਕਰੇਗੀ।

ਸੱਚ ਦਾ ਅਹਿਸਾਸ ਇਕ ਹੈ, ਪ੍ਰਗਟਾਵੇ ਅਨੇਕ ਹਨ।

ਇਸਲਈ ਇਸ ਸੂਤਰ ਵਿਚ ਕਿਹਾ ਹੈ, ਅਨੇਕ ਹਨ ਅਧਿਆਪਕ, ਐਪਰ ਉਹ ਮਹਾਂਗੁਰੂ ਇਕ ਹੈ। ਅਤੇ ਜਿਸ ਅਧਿਆਪਕ ਵਿਚ ਉਸਦੀ ਭਿਣਕ ਮਿਲ ਜਾਵੇ, ਜਿਸ ਅਧਿਆਪਕ ਵਿਚ ਤੁਹਾਨੂੰ ਉਸਦੀ ਝਲਕ ਮਿਲ ਜਾਵੇ, ਉਹੀ ਅਧਿਆਪਕ ਤੁਹਾਡੇ ਲਈ ਦੁਆਰ ਹੈ। ਫਿਰ ਤੁਸੀਂ ਦੂਜੇ ਅਧਿਆਪਕਾਂ ਦੀ ਚਿੰਤਾ ਛਡ ਦੇਣਾ। ਕਿਉਂ? ਕਿਉਂਕਿ ਤੁਹਾਨੂੰ ਜਿਸ ਅਧਿਆਪਕ ਵਿਚ ਵੀ ਉਸਦੀ ਭਿਣਕ ਮਿਲਦੀ ਹੈ, ਉਸਦਾ ਇਹੀ ਕਾਰਨ ਹੈ। ਇਹ ਨਹੀਂ ਕਿ ਉਸ ਅਧਿਆਪਕ ਵਿਚ ਸੱਚ ਹੈ ਤੇ ਦੂਜਿਆਂ ਵਿਚ ਨਹੀਂ। ਉਸਦਾ ਕਾਰਨ ਬਸ ਇਹੀ ਹੈ ਕਿ ਉਸ ਅਧਿਆਪਕ ਦਾ ਜੋ ਪ੍ਰਗਟਾਵਾ ਹੈ, ਉਹ ਤੁਹਾਡੀ ਸ਼ਖਸੀਅਤ ਦੇ ਮੁਤਾਬਕ ਹੈ। ਇਸਲਈ ਉਸ ਅਧਿਆਪਕ ਵਿਚ ਤੁਹਾਨੂੰ ਗੁਰੂ ਦਿਖਾਈ ਪੈਂਦਾ ਹੈ। ਉਸ ਅਧਿਆਪਕ ਦੇ ਪ੍ਰਗਟਾਵੇ, ਅਤੇ ਤੁਹਾਡੀ ਸ਼ਖਸੀਅਤ ਵਿਚ ਕੋਈ ਤਾਲਮੇਲ ਹੈ।

ਤਾਂ ਮਹਾਂਵੀਰ ਵੀ ਲੰਘਦੇ ਹਨ ਉਸੇ ਪਿੰਡ 'ਚੋਂ, ਅਤੇ ਉਸੇ ਪਿੰਡ ਵਿਚੋਂ ਦੀ ਬੁੱਧ ਵੀ ਲੰਘਦੇ ਹਨ, ਲੇਕਿਨ ਕੋਈ ਬੁੱਧ ਦੇ ਚੁੰਬਕ ਨਾਲ ਖਿੱਚਿਆ ਜਾਂਦਾ ਹੈ, ਕੋਈ ਮਹਾਂਵੀਰ ਦੇ ਚੁੰਬਕ ਨਾਲ ਖਿੱਚਿਆ ਜਾਂਦਾ ਹੈ। ਕੋਈ ਹੈ ਜੋ ਮਹਾਂਵੀਰ ਨੂੰ ਛੋਹ ਵੀ ਨਹੀਂ ਲਾ ਪਾਂਦਾ, ਮਹਾਂਵੀਰ ਨਾਲ ਉਸਦਾ ਕੋਈ ਤਾਲਮੇਲ ਨਹੀਂ ਬਣਦਾ। ਅਜੇਹਾ ਹੀ ਨਹੀਂ, ਮਹਾਂਵੀਰ ਦੇ ਵਿਰੁਧ ਵੀ ਉਹ ਚਲਿਆ ਜਾਂਦਾ ਹੈ। ਅਤੇ ਉਹੀ ਆਦਮੀ ਬੁੱਧ ਤੋਂ ਖਿੱਚਿਆ ਜਾਂਦਾ ਹੈ ਤੇ ਬੁੱਧ ਦਾ ਜਾਦੂ ਉਸਨੂੰ ਪਕੜ ਲੈਂਦਾ ਹੈ। ਕੋਈ ਦੂਜਾ ਉਸੇ ਪਿੰਡ ਵਿਚ ਬੁੱਧ ਤੋਂ ਵਾਂਝਾ ਰਹਿ ਜਾਂਦਾ ਹੈ।

ਤੁਹਾਡੀ ਸ਼ਖਸੀਅਤ ਵੀ ਜਦ ਕਿਸੇ ਦੇ ਨਾਲ ਲੈਅਬੱਧ ਹੋ ਜਾਂਦੀ ਹੈ ਅਤੇ ਜਦ ਤੁਸੀਂ ਅਨੁਭਵ ਕਰਦੇ ਹੋ ਇਕ ਹੀ ਸੁਆਦ ਦਾ, ਜੋ ਮਹਾਂਵੀਰ ਨੂੰ ਅਨੁਭਵ ਹੋਇਆ ਹੈ ਸੁਆਦ ਦਾ, ਜੇਕਰ ਤੁਹਾਡੀ ਜੀਭ ਵੀ ਉਸ ਤਰ੍ਹਾਂ ਦੀ ਹੈ ਕਿ ਉਸ ਸੁਆਦ ਨੂੰ ਲੈ ਸਕੇ, ਤਾਂ ਹੀ ਮਹਾਂਵੀਰ ਤੁਹਾਨੂੰ ਖਿੱਚ ਪਾਂਦੇ ਹਨ। ਜਿਹੜਾ ਅਧਿਆਪਕ ਤੁਹਾਨੂੰ ਖਿੱਚਦਾ ਹੈ, ਉਹ ਆਪਣੇ ਸਬੰਧ ਵਿਚ ਤਾਂ ਕੁਝ ਕਹਿੰਦਾ ਹੀ ਹੈ, ਤੁਹਾਡੇ ਸਬੰਧ ਵਿਚ ਹੋਰ ਵੀ ਜ਼ਿਆਦਾ ਕਹਿੰਦਾ ਹੈ। ਜਿਸ ਤੋਂ ਤੁਸੀਂ ਖਿੱਚੇ ਜਾਂਦੇ ਹੋ, ਉਸ ਨਾਲ ਤੁਹਾਡਾ ਤਾਲਮੇਲ ਹੈ, ਉਸ ਨਾਲ ਤੁਹਾਡੀ ਆਤਮਕ ਨੇੜਤਾ ਹੈ। ਤੁਸੀਂ ਉਹਦੇ ਲਈ ਹੋ, ਉਹ ਤੁਹਾਡੇ ਲਈ ਹੈ।

ਪ੍ਰੇਮੀ ਅਕਸਰ ਇਕ-ਦੂਜੇ ਨੂੰ ਕਹਿੰਦੇ ਹਨ ਕਿ ਇਉਂ ਲਗਦਾ ਹੈ ਕਿ ਤੂੰ ਮੇਰੇ ਲਈ ਹੀ ਬਣਿਆ ਹੈਂ, ਜਾਂ ਤੂੰ ਮੇਰੇ ਲਈ ਹੀ ਬਣੀ ਹੈਂ; ਜਿਵੇਂ ਇਸ ਪੂਰੀ ਪ੍ਰਿਥਵੀ ਉਤੇ ਤੇਰੀ ਹੀ ਤਲਾਸ਼ ਵਿਚ ਸੀ, ਅਤੇ ਜਦ ਤਕ ਤੂੰ ਨਾ ਮਿਲ ਜਾਂਦੀ ਜਾਂ ਤੂੰ ਨਾ ਮਿਲ ਜਾਂਦਾ, ਤਦ ਤਕ ਅਧੂਰਾਪਣ ਤੇ ਘਾਟ ਮਹਿਸੂਸ ਹੁੰਦੀ। ਇਸ ਤੋਂ ਹੀ ਗਹਿਰੀ...।

ਇਹ ਤਾਂ ਦੋ ਸਰੀਰਾਂ ਦੀ ਜਾਂ ਜੇਕਰ ਬਹੁਤ ਡੂੰਘਾ ਹੋ ਜਾਵੇ ਪ੍ਰੇਮ, ਤਾਂ ਦੋ ਮਨਾਂ ਦੇ ਤਾਲਮੇਲ ਦੀ ਖ਼ਬਰ ਹੈ। ਇਸ ਤੋਂ ਵੀ ਗਹਿਰੀ ਖ਼ਬਰ ਸ਼ਿਸ਼ ਤੇ ਗੁਰੂ ਦੇ ਦਰਮਿਆਨ ਵਾਪਰਦੀ ਹੈ—ਆਤਮਾ ਦੇ ਮਿਲਾਪ ਦੀ। ਇਸਲਈ ਅਸੀਂ ਉਸਨੂੰ ਵਖਰਾ ਨਾਂ ਦਿਤਾ ਹੈ ਸ਼ਰਧਾ ਦਾ। ਉਹ ਪ੍ਰੇਮ ਦਾ ਅਖੀਰਲਾ ਸਿਖਰ ਹੈ। ਉਸ ਤੋਂ ਉਪਰ ਪ੍ਰੇਮ ਦੇ ਜਾਣ ਦਾ ਕੋਈ ਉਪਾਅ

ਨਹੀਂ, ਜਿਥੇ ਦੋ ਆਤਮਾਵਾਂ ਮਹਿਸੂਸ ਕਰਦੀਆਂ ਹਨ—ਇਕੋ–ਜਿਹੀ ਮਹਿਕ, ਇਕੋ–ਜਿਹਾ ਸੁਆਦ, ਇਕੋ–ਜਿਹੀ ਸੁਰ; ਜਿਥੇ ਦੋ ਆਤਮਾਵਾਂ ਦੀ ਵੀਣਾ ਨਾਲੋ–ਨਾਲ ਤਰੰਗਤ ਹੁੰਦੀ ਹੈ ਅਤੇ ਨਾਲੋ–ਨਾਲ ਹੀ ਵੱਜਣ ਲਗਦੀ ਹੈ।

ਜਿਸ ਅਧਿਆਪਕ ਤੋਂ ਤੁਹਾਡੇ ਹਿਰਦੇ ਦੇ ਤਾਰ ਝੁਣਝੁਣਾ ਜਾਣ, ਉਹ ਅਧਿਆਪਕ ਤੁਹਾਡੇ ਲਈ ਗੁਰੂ ਹੋ ਗਿਆ।

ਸਾਰੇ ਅਧਿਆਪਕ ਤੁਹਾਡੇ ਗੁਰੂ ਨਹੀਂ ਹਨ। ਅਤੇ ਇਸਦੇ ਪ੍ਰਤੀ ਬਹੁਤ ਸਾਵਧਾਨ ਹੋਣਾ ਵੀ ਜ਼ਰੂਰੀ ਹੈ। ਕਿਉਂਕਿ ਅਸੀਂ ਆਪਣੇ ਦ੍ਵੰਧ–ਗ੍ਰਸਿਤ ਮਨ ਵਿਚ ਪੰਛੀ ਅਧਿਆਪਕਾਂ ਦੇ ਦਰਮਿਆਨ ਘੁੰਮ ਸਕਦੇ ਹਾਂ। ਅਤੇ ਬਹੁਤ ਵਿਰੋਧੀ ਸੁਰਾਂ ਨੂੰ ਆਪਣੇ ਅੰਦਰ ਇਕੱਠਾ ਕਰ ਲੈ ਸਕਦੇ ਹਾਂ। ਉਸ ਨਾਲ ਸਾਡੇ ਸੰਗੀਤ ਦੇ ਜਨਮਣ ਵਿਚ ਰੁਕਾਵਟ ਪਏਗੀ। ਉਸ ਨਾਲ ਸਾਡੇ ਅੰਦਰ ਫਜ਼ੂਲ ਦੇ ਦ੍ਵੰਧ ਇਕੱਠੇ ਹੋ ਜਾਣਗੇ। ਇਸਲਈ ਮੁਨਾਸਬ ਹੈ ਕਿ ਖ਼ੂਬ ਛਾਣਬੀਣ ਕਰਕੇ ਅਤੇ ਛਾਣਬੀਣ, ਧਿਆਨ ਰਖਣਾ ਕਿ ਗੁਰੂ ਦੀ ਨਾ ਕਰਨਾ; ਛਾਣਬੀਣ ਇਸ ਗੱਲ ਦੀ ਕਰਨਾ ਕਿ ਤੁਹਾਡਾ ਕਿਸ ਨਾਲ ਤਾਲਮੇਲ ਬੈਠਦਾ ਹੈ। ਇਹ ਬਹੁਤ ਅਲੱਗ ਗੱਲ ਹੈ। ਅਸੀਂ ਛਾਣਬੀਣ ਕਰਦੇ ਹਾਂ ਇਸ ਗੱਲ ਦੀ ਕਿ ਕਿਹੜਾ ਗੁਰੂ ਸੱਚਾ ਹੈ। ਇਹ ਗੱਲ ਮੁੱਲਵਾਨ ਨਹੀਂ ਹੈ। ਅਤੇ ਤੁਸੀਂ ਕਿਵੇਂ ਪਤਾ ਲਾਉਗੇ ਕਿ ਕਿਹੜਾ ਗੁਰੂ ਸੱਚਾ ਹੈ ? ਸੱਚ ਦੀ ਕੀ ਕਸੌਟੀ ਹੈ ਤੁਹਾਡੇ ਕੋਲ ? ਕਿਸਦੇ ਕੋਲ ਹੈ ? ਚੰਗਾ ਹੋਵੇ ਕਿ ਖੋਜਬੀਣ ਇਸ ਗੱਲ ਦੀ ਕਰੋ ਕਿ ਕਿਸ ਨਾਲ ਮੇਰੇ ਹਿਰਦੇ ਦੇ ਤਾਰ ਮੇਲ ਖਾਂਦੇ ਹਨ। ਉਹ ਸੱਚਾ ਹੋਵੇ ਜਾਂ ਨਾ ਹੋਵੇ, ਤੁਸੀਂ ਚਿੰਤਾ ਨਾ ਕਰੋ। ਜੇ ਤੁਹਾਡੇ ਹਿਰਦੇ ਦੇ ਤਾਰ ਮੇਲ ਖਾਂਦੇ ਹਨ, ਤਾਂ ਉਹ ਕੋਈ ਵੀ ਹੋਵੇ, ਉਹ ਤੁਹਾਡੇ ਲਈ ਮਹਾਂਗੁਰੂ ਦਾ ਦੁਆਰ ਬਣ ਜਾਏਗਾ। ਅਤੇ ਕਦੇ–ਕਦੇ ਟੇਢੇ–ਮੇਢੇ ਪੱਥਰ ਵੀ ਉਸਦਾ ਦੁਆਰ ਬਣ ਜਾਂਦੇ ਹਨ ਤੇ ਕਦੇ ਬਹੁਤ ਸੁੰਦਰ ਮੂਰਤੀਆਂ ਵੀ ਉਸਦਾ ਦੁਆਰ ਨਹੀਂ ਬਣਦੀਆਂ। ਇਹ ਸਵਾਲ ਮੂਰਤੀ ਤੇ ਪੱਥਰ ਦਾ ਨਹੀਂ ਹੈ; ਅਨਘੜ ਪੱਥਰ ਤੇ ਘੜੀ ਗਈ ਮੂਰਤੀ ਦਾ ਨਹੀਂ ਹੈ। ਇਹ ਸਵਾਲ ਤੁਹਾਡੇ ਅਤੇ ਉਸਦੇ ਵਿਚਾਲੇ ਤਾਲਮੇਲ ਤਿਆਰ ਹੋਣ ਦਾ ਹੈ।

ਅਤੇ ਜਿਵੇਂ ਪ੍ਰੇਮ ਅੰਨ੍ਹਾ ਹੁੰਦਾ ਹੈ, ਉਵੇਂ ਹੀ ਸ਼ਰਧਾ ਵੀ ਅੰਨ੍ਹੀ ਹੁੰਦੀ ਹੈ। ਅੰਨ੍ਹੇ ਦਾ ਮਤਲਬ ਇਹ ਨਹੀਂ ਕਿ ਅੱਖ ਨਹੀਂ ਹੁੰਦੀ। ਅੰਨ੍ਹੇ ਦਾ ਮਤਲਬ ਇਹ ਹੈ ਕਿ ਹੋਰ ਹੀ ਤਰ੍ਹਾਂ ਦੀ ਅੱਖ ਹੁੰਦੀ ਹੈ, ਤਰਕ ਦੀ ਅੱਖ ਨਹੀਂ ਹੁੰਦੀ। ਨਾ ਤਾਂ ਕੋਈ ਆਪਣੀ ਪ੍ਰੇਮਿਕਾ ਨੂੰ ਖੋਜ ਸਕਦਾ ਹੈ ਤਰਕ ਨਾਲ—ਅਤੇ ਕਦੇ ਕੋਈ ਖੋਜਣ ਨਿਕਲੇਗਾ, ਤਾਂ ਬਿਨਾਂ ਪ੍ਰੇਮਿਕਾ ਦੇ ਰਹਿ ਜਾਏਗਾ। ਅਤੇ ਨਾ ਕੋਈ ਆਪਣੇ ਗੁਰੂ ਨੂੰ ਖੋਜ ਸਕਦਾ ਹੈ ਤਰਕ ਨਾਲ—ਉਹ ਵੀ ਪ੍ਰੇਮ ਦਾ ਹੀ ਮਾਮਲਾ ਹੈ। ਅਤੇ ਜੇ ਤੁਹਾਨੂੰ ਲਗਦਾ ਹੈ ਕਿ ਕਿਸੇ ਗੁਰੂ ਦਾ ਤਰਕ ਤੁਹਾਡੇ ਨਾਲ ਬਹੁਤ ਮੇਲ ਖਾਂਦਾ ਹੈ, ਇਸਲਈ ਤੁਸੀਂ ਉਸਨੂੰ ਚੁਣ ਲਿਆ, ਤਾਂ ਤੁਸੀਂ ਸਮਝਣਾ ਕਿ ਇਹ ਵੀ ਤਰਕ ਦੀ ਖੋਜ ਨਹੀਂ ਹੈ। ਇਹ ਵੀ ਤੁਹਾਡੇ ਅੰਦਰ ਦੀ ਵੀਣਾ ਦੇ ਸੁਰ ਦਾ ਤਾਲਮੇਲ ਹੈ। ਇਹ ਵੀ ਤੁਹਾਡੇ ਤਰਕਨਿਸ਼ਠ ਹੋਣ ਦੇ ਕਾਰਨ ਹੋ ਰਿਹਾ ਹੈ। ਅਤੇ ਇਹ ਤੁਹਾਡੀ ਤਰਕਨਿਸ਼ਠਾ ਤਰਕ ਦੇ ਪਾਰ ਹੈ। ਇਸਲਈ ਤੁਸੀਂ ਕੋਈ ਤਰਕ ਨਹੀਂ ਦੇ ਸਕਦੇ। ਤੁਹਾਨੂੰ ਕਿਸੇ ਦੇ ਤਰਕ ਰੁਚੀਪੂਰਨ ਲਗ ਰਹੇ ਹਨ, ਇਸਲਈ ਤੁਸੀਂ ਚੁਣ ਲਿਆ ਹੈ.

ਤਾਂ ਇਹ ਤੁਹਾਡੀ ਤਰਕ ਦੇ ਪ੍ਰਤੀ ਜੋ ਰੁਚੀ ਹੈ, ਇਹ ਵੀ ਉਸੇ ਤਰ੍ਹਾਂ ਦੀ ਅੰਨ੍ਹੀ ਹੈ, ਜਿਵੇਂ ਹੋਰ ਸਾਰੀਆਂ ਰੁਚੀਆਂ ਅੰਨ੍ਹੀਆਂ ਹੁੰਦੀਆਂ ਹਨ। ਇਕ ਹੀ ਗੱਲ ਚੇਤੇ ਰਖਣੀ ਜ਼ਰੂਰੀ ਹੈ ਕਿ ਜਿਥੇ ਤੁਹਾਡਾ ਤਾਲਮੇਲ ਬੈਠ ਜਾਵੇ, ਜਿਥੇ ਤੁਹਾਡੀ ਲੈਅਬੱਧਤਾ ਬਣ ਜਾਵੇ, ਉਥੋਂ ਹੀ ਤੋਂ ਤੁਹਾਡੇ ਲਈ ਮਹਾਂਗੁਰੂ ਦਾ ਦੁਆਰ ਹੈ।

ਕਦੇ–ਕਦੇ ਕੋਈ ਸਧਾਰਨ ਵਿਅਕਤੀ ਵੀ ਤੁਹਾਡੇ ਲਈ ਗੁਰੂ ਹੋ ਸਕਦਾ ਹੈ ਅਤੇ ਕੋਈ ਗੈਰ–ਸਧਾਰਨ ਵਿਅਕਤੀ ਵੀ ਗੁਰੂ ਨਾ ਹੋਵੇ। ਇਹ ਉਸਦਾ ਗੁਰੂ ਹੋਣਾ ਤੁਹਾਡੇ 'ਤੇ ਬਹੁਤ ਹੱਦ ਤਕ ਨਿਰਭਰ ਹੈ। ਤੁਹਾਡਾ ਹਿਰਦਾ ਉਸਦੀ ਗੂੰਜ ਨਾਲ ਗੁੰਜਾਰ ਕਰਨ ਲਗੇ। ਤੁਸੀਂ ਮਹਿਸੂਸ ਕਰੋ ਕਿ ਕੋਈ ਵਿਰਾਟ ਤੁਹਾਨੂੰ ਛੋਹ ਰਿਹਾ ਹੈ। ਤੁਹਾਨੂੰ ਪ੍ਰਤੀਤ ਹੋਵੇ ਕਿ ਮਿਲ ਗਿਆ ਉਹ ਵਿਅਕਤੀ, ਜਿਸ ਵਿਚੋਂ ਦੀ ਪ੍ਰਵੇਸ਼ ਹੋ ਸਕਦਾ ਹੈ ਅਤੇ ਉਹ ਵਿਅਕਤੀ ਤਾਂ ਬਹੁਤ ਛੇਤੀ ਛੁੱਟ ਜਾਏਗਾ। ਕਿਉਂਕਿ ਸਾਰੇ ਹੀ ਗੁਰੂ ਫ੍ਰੇਮ ਦੀ ਤਰ੍ਹਾਂ ਹਨ। ਉਹ ਚਿੱਤਰ ਨਹੀਂ ਹੈ, ਉਹ ਸਿਰਫ਼ ਫ੍ਰੇਮ ਹੈ, ਉਹ ਚੌਖਟਾ ਹੈ, ਜਿਸ ਵਿਚ ਚਿੱਤਰ ਮੜ੍ਹਿਆ ਗਿਆ ਹੈ। ਚਿੱਤਰ ਤਾਂ ਸਦਾ ਹੀ ਮਹਾਂਗੁਰੂ ਦਾ ਹੈ। ਅਧਿਆਪਕ ਤਾਂ ਫ੍ਰੇਮ ਹੈ। ਪਰ ਸਾਡੀ ਪਹਿਲੀ ਪਛਾਣ ਫ੍ਰੇਮ ਨਾਲ ਹੀ ਹੁੰਦੀ ਹੈ ਅਤੇ ਜਦ ਫ੍ਰੇਮ ਨਾਲ ਸਾਡਾ ਤਾਲਮੇਲ ਬੈਠ ਜਾਂਦਾ ਹੈ, ਤਦ ਹੀ ਉਸ ਵਿਚ ਛੁਪੇ ਹੋਏ ਚਿੱਤਰ ਦਾ ਸਾਨੂੰ ਦਰਸ਼ਨ ਹੋਣਾ ਸ਼ੁਰੂ ਹੁੰਦਾ ਹੈ।

'ਅਧਿਆਪਕ ਅਨੇਕ ਹਨ, ਲੇਕਿਨ ਪਰਮ ਗੁਰੂ ਇਕ ਹੀ ਹੈ—ਜਿਸਨੂੰ ਆਲਯ ਜਾਂ ਵਿਸ਼ਵਾਤਮਾ ਕਹਿੰਦੇ ਹਨ। ਉਸ ਪਰਮ ਸੱਤਾ ਵਿਚ ਇਉਂ ਹੀ ਜਿਉਂ ਜਿਵੇਂ ਉਸਦੀ ਕਿਰਨ ਤੇਰੇ ਵਿਚ ਜਿਉਂਦੀ ਹੈ। ਅਤੇ ਪ੍ਰਾਣੀਮਾਤਰ ਵਿਚ ਇਸ ਤਰ੍ਹਾਂ ਜਿਉਂ, ਜਿਵੇਂ ਉਹ ਪਰਮ ਸੱਤਾ ਵਿਚ ਜਿਉਂਦੇ ਹਨ।

'ਰਾਹ ਦੀ ਦੇਹਲੀ ਉਤੇ ਖੜ੍ਹਾ ਹੋਣ ਤੋਂ ਪਹਿਲਾਂ, ਅੰਤਮ ਦੁਆਰ ਨੂੰ ਪਾਰ ਕਰਨ ਤੋਂ ਪਹਿਲਾਂ ਤੂੰ ਦੋਹਾਂ ਨੂੰ ਇਕ ਵਿਚ ਸਮੋਣਾ ਹੈ ਅਤੇ ਵਿਅਕਤੀ–ਸੱਤਾ ਨੂੰ ਪਰਮ–ਸੱਤਾ ਦੇ ਲਈ ਤਿਆਗਣਾ ਹੈ। ਅਤੇ ਇਸ ਤਰ੍ਹਾਂ ਦੋਹਾਂ ਦੇ ਵਿਚਾਲੇ ਜੋ ਰਾਹ ਹੈ, ਜਿਸਨੂੰ ਅੰਤਹਕਰਣ ਕਹਿੰਦੇ ਹਨ, ਉਸਨੂੰ ਨਸ਼ਟ ਕਰ ਸੁੱਟਣਾ ਹੈ।

ਇਹ ਸੂਤਰ ਬੇਹਦ ਕ੍ਰਾਂਤੀਕਾਰੀ ਹੈ।

ਇਹ ਸੂਤਰ ਕਹਿੰਦਾ ਹੈ : *'ਅੰਤਮ ਦੁਆਰ ਨੂੰ ਪਾਰ ਕਰਨ ਤੋਂ ਪਹਿਲਾਂ, ਦੋਹਾਂ ਨੂੰ ਇਕ ਵਿਚ ਸਮੋਣਾ ਹੈ। ਵਿਅਕਤੀ–ਸੱਤਾ ਨੂੰ ਪਰਮ–ਸੱਤਾ ਦੇ ਲਈ ਤਿਆਗਣਾ ਹੈ।'*

ਅਸੀਂ ਅਜੇ ਵਿਅਕਤੀ–ਸੱਤਾਵਾਂ ਹਾਂ, ਅਜੇ ਸਾਡਾ ਵਜੂਦ ਆਣਵਿਕ ਹੈ। ਇਕ ਛੋਟੇ ਅਣੂ ਦੇ ਵਾਂਗ ਹਾਂ ਅਸੀਂ—ਆਪਣੇ–ਆਪ ਵਿਚ ਘਿਰੇ, ਛੋਟੀ–ਜਿਹੀ ਸੀਮਾ ਵਿਚ ਬੰਦ। ਇਕ ਘੇਰਾ ਹੈ, ਉਸ ਵਿਚ ਅਸੀਂ ਜੀਂਦੇ ਹਾਂ। ਉਸ ਘੇਰੇ ਦੇ ਅੰਦਰ ਸਾਡੀ ਵੀ ਇਕ ਨਿੱਕੀ–ਜਿਹੀ ਟਿਮਟਿਮਾਂਦੀ ਜੋਤ ਹੈ, ਉਹ ਸਾਡੀ ਹਮੈਂ ਹੈ, ਸਾਡਾ ਹੰਕਾਰ ਹੈ। 'ਮੈਂ' ਹਾਂ। ਇਸ 'ਮੈਂ' ਨੂੰ ਅਸੀਂ ਜਦ ਤਕ ਅਧਾਰ ਮੰਨ ਕੇ ਜੀਂਦੇ ਹਾਂ। ਜਦ ਤਕ ਸਾਡਾ ਇਹ ਕੇਂਦਰ ਸਾਡੇ ਅੰਦਰ 'ਮੈਂ' ਵਿਚ ਬਣਿਆ ਹੋਇਆ

ਹੈ, ਤਦ ਤਕ ਇਹ ਜੋ ਵਿਰਾਟ ਸਾਡੇ ਚਾਰ-ਚੁਫੇਰੇ ਹਰ ਛਿਨ ਮੌਜੂਦ ਹੈ, ਇਸ ਨਾਲ ਸਾਡਾ ਮਿਲਣਾ ਨਹੀਂ ਹੋ ਸਕੇਗਾ। ਇਹ ਮੇਰਾ ਹੋਣਾ ਹੀ ਇਸ ਵਿਰਾਟ ਦੇ ਨਾਲ ਮੇਰਾ ਵਿਰੋਧ ਹੈ।

ਜਦ ਤਕ ਮੈਂ ਕਹਿੰਦਾ ਹਾਂ 'ਮੈਂ' ਤਦ ਤਕ ਮੈਂ ਇਸ ਵਿਰਾਟ ਤੋਂ ਭਿੰਨ ਹਾਂ, ਤਦ ਤਕ ਮੇਰਾ ਗਹਿਰਾ ਸੰਘਰਸ਼ ਹੈ, ਤਦ ਤਕ ਮੈਂ ਲੜ ਰਿਹਾ ਹਾਂ। ਹੰਕਾਰ ਦਾ ਬੋਲ, ਸੰਘਰਸ਼ ਦਾ ਬੋਲ ਹੈ, ਲੜਾਈ ਦਾ ਬੋਲ ਹੈ; ਤਦ ਤਕ ਮੈਂ ਧਾਰਾ ਦੇ ਉਲਟ ਵਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਇਉਂ ਸਮਝੋ ਕਿ ਇਕ ਬਰਫ ਦਾ ਟੁਕੜਾ ਪਾਣੀ ਵਿਚ ਤੈਰ ਰਿਹਾ ਹੈ; ਉਹ ਪਾਣੀ ਹੈ, ਪਰ ਜੰਮਿਆ ਹੋਇਆ, ਫ੍ਰੋਜ਼ਨ; ਜੰਮਿਆ ਹੋਇਆ ਹੈ, ਇਸਲਈ ਉਸਦੀ ਸੀਮਾ ਬਣ ਗਈ। ਕੋਲ ਹੀ ਜੋ ਪਾਣੀ ਹੈ, ਉਹ ਵੀ ਉਸਦਾ ਹੀ ਸੁਭਾਅ ਹੈ, ਉਸਦਾ ਹੀ ਸਰੂਪ ਹੈ, ਉਸ ਜਿਹਾ ਹੀ ਹੈ, ਲੇਕਿਨ ਬਰਫ ਦਾ ਟੁਕੜਾ ਜੰਮ ਗਿਆ। ਉਸਨੇ ਆਪਣੀ ਸੀਮਾ ਬਣਾ ਲਈ, ਉਹ ਨਦੀ ਵਿਚ ਤੈਰ ਰਿਹਾ ਹੈ, ਪਰ ਨਦੀ ਤੋਂ ਭਿੰਨ ਹੋ ਕੇ। ਉਹ ਇਕ ਵੀ ਹੋ ਸਕਦਾ ਹੈ; ਜੇ ਪਿਘਲ ਜਾਵੇ, ਤਾਂ ਉਸਦੀ ਸੀਮਾ ਖੋ ਜਾਵੇ। ਤਾਂ ਉਹ ਜੋ ਅੱਜ ਅਲੱਗ ਸੀ, ਉਹ ਕਲ੍ਹ ਇਕ ਵੀ ਹੋ ਸਕਦਾ ਹੈ। ਬਰਫ ਦਾ ਟੁਕੜਾ ਹੈ ਵਿਅਕਤੀ-ਸੀਮਾ, ਵਿਅਕਤੀ-ਵਜੂਦ ਅਤੇ ਬਰਫ ਦਾ ਟੁਕੜਾ ਪਿਘਲ ਜਾਵੇ, ਤਾਂ ਫਿਰ ਕੋਈ ਸੀਮਾ ਨਹੀਂ ਹੋਵੇਗੀ; ਨਦੀ ਵਿਚ, ਸਾਗਰ ਵਿਚ ਉਹ ਇਕ ਹੋ ਜਾਏਗਾ।

ਹੰਕਾਰ ਵਿਚ ਜੀਂਦਾ ਹੋਇਆ ਆਦਮੀ ਜੰਮਿਆ ਹੋਇਆ ਆਦਮੀ ਹੈ—ਫ੍ਰੋਜ਼ਨ। ਅਤੇ ਜਿੰਨਾ ਜੰਮਿਆ ਹੈ, ਉੱਨਾ ਹੀ ਕਠੋਰ ਹੈ। ਜਿੰਨਾ ਜੰਮਿਆ ਹੈ, ਉੱਨਾ ਹੀ ਪਥਰੀਲਾ ਹੈ। ਜਿੰਨਾ ਜੰਮਿਆ ਹੈ ਉੱਨਾ ਹੀ ਨਿਗੁਣਾ ਹੈ। ਕਿਉਂਕਿ ਮੌਕੇ ਖੋ ਰਿਹਾ ਹੈ ਵਿਰਾਟ ਹੋਣ ਦੇ। ਅਤੇ ਜਿਸ ਨਦੀ ਦੇ ਨਾਲ ਇਕ ਹੋ ਕੇ ਵਹਿ ਸਕਦਾ ਸੀ, 'ਨਹੱਕਾ ਹੀ ਉਸ ਨਾਲ ਟਕਰਾ ਰਿਹਾ ਹੈ। ਅਤੇ ਜਿਸ ਨਦੀ ਦੇ ਨਾਲ ਇਕ ਹੋ ਕੇ ਵਿਰਾਟ ਜੀਵਨ ਦਾ ਅਨੁਭਵ ਕਰ ਸਕਦਾ ਸੀ, ਉਸ ਨਦੀ ਤੋਂ ਭੈਮਾਨ ਹੋ ਰਿਹਾ ਹੈ ਕਿ ਕਿਤੇ ਉਹ ਮੇਰੀ ਮੌਤ ਨਾ ਬਣ ਜਾਵੇ। ਕਿਉਂਕਿ ਬਰਫ ਦੇ ਟੁਕੜੇ ਨੂੰ ਡਰ ਲਗਦਾ ਹੀ—ਇਹ ਨਦੀ ਕਿਤੇ ਮੈਨੂੰ ਪਿਘਲਾ ਨਾ ਦੇਵੇ, ਕਿਤੇ ਇਹ ਨਦੀ ਮੈਨੂੰ ਆਪਣੇ 'ਚ ਲੀਨ ਨਾ ਕਰ ਲਵੇ! ਅਸੀਂ ਸਭ ਜੋ ਮੌਤ ਤੋਂ ਡਰਦੇ ਹਾਂ, ਉਸਦਾ ਕਾਰਨ ਉਹੀ ਹੈ। ਕਿਉਂਕਿ ਚਾਰ-ਚੁਫੇਰੇ ਜੀਵਨ ਸਾਨੂੰ ਲੀਨ ਕਰਨ ਨੂੰ ਹੈ। ਮੌਤ ਦਾ ਡਰ ਕੀ ਹੈ?—ਕਿ ਕਿਤੇ ਮੈਂ ਮਿਟ ਨਾ ਜਾਵਾਂ!

ਇਸਲਈ ਬੁੱਧ ਨੇ ਕਿਹਾ ਹੈ ਕਿ ਜਿਹੜਾ ਮੌਤ ਤੋਂ ਡਰਦਾ ਹੈ, ਉਹ ਕਦੇ ਧਾਰਮਕ ਨਹੀਂ ਹੋ ਸਕਦਾ। ਇਸਲਈ ਬੁੱਧ ਨੇ ਤਾਂ ਇਹ ਵੀ ਕਿਹਾ ਹੈ ਕਿ ਜੇ ਤੁਸੀਂ ਪੂਰੀ ਤਰ੍ਹਾਂ ਹੀ ਮਿਟਣ ਨੂੰ ਰਾਜ਼ੀ ਹੋਵੋ, ਤਾਂ ਹੀ ਧਰਮ ਵਲ ਨੂੰ ਕਦਮ ਚੁੱਕਣਾ ਪੂਰੀ ਤਰ੍ਹਾਂ। ਸਾਨੂੰ ਲਗਦਾ ਹੈ ਕਿ ਸਰੀਰ ਮਿਟ ਜਾਏਗਾ, ਆਤਮਾ ਤਾਂ ਰਹੇਗੀ। ਸਭ-ਕੁਝ ਮਿਟ ਜਾਏਗਾ, ਪਰ ਇਹ ਮੇਰਾ ਅੰਦਰਲਾ ਸੱਤਵ ਤਾਂ ਰਹੇਗਾ। ਲੇਕਿਨ ਬੁੱਧ ਨੇ ਕਿਹਾ ਹੈ ਇਸਨੂੰ ਵੀ ਮਿਟਾਉਣ ਦੀ ਤਿਆਰੀ ਹੋਵੇ, ਤਾਂ ਹੀ ਧਰਮ ਵਲ

ਨੂੰ ਤੁਰਨਾ। ਜਿਸ ਦਿਨ ਤੁਹਾਡੀ ਤਿਆਰੀ ਅਜੇਹੀ ਹੋਵੇ ਕਿ ਦੀਵਾ ਬੁਝ ਜਾਂਦਾ ਹੈ ਫਿਰ ਉਸਦੀ ਲੋਅ ਦਾ ਕੋਈ ਪਤਾ ਨਹੀਂ ਲਗਦਾ—ਇਵੇਂ ਹੀ ਜਦ ਤੁਸੀਂ ਬੁਝਣ ਨੂੰ ਰਾਜ਼ੀ ਹੋ ਜਾਵੋ, ਤਦੋ।

ਜਦ ਦੀਵਾ ਬੁਝਦਾ ਹੈ, ਤਾਂ ਲੋਅ ਕਿਥੇ ਖੋ ਜਾਂਦੀ ਹੈ?

ਵਿਰਾਟ ਵਿਚ ਇਕ ਹੋ ਜਾਂਦੀ ਹੈ। ਤਦ ਫਿਰ ਉਸਦਾ ਕੋਈ ਹੋਣਾ ਨਹੀਂ ਹੈ। ਸਭ ਦੇ ਹੋਣ ਦੇ ਨਾਲ ਇਕ ਹੋ ਜਾਂਦੀ ਹੈ। ਮਿਟਦੀ ਵੀ ਹੈ ਅਤੇ ਨਹੀਂ ਵੀ ਮਿਟਦੀ। ਮਿਟਦੀ ਹੈ ਲੋਅ ਦੀ ਤਰ੍ਹਾਂ, ਨਹੀਂ ਮਿਟਦੀ ਪ੍ਰਕਾਸ਼ ਦੀ ਤਰ੍ਹਾਂ ਹੈ। ਜੋ ਮਹਾਂਪੁੰਜ ਹੈ ਜਗਤ ਵਿਚ, ਉਸਦੇ ਨਾਲ ਇਕ ਹੋ ਜਾਂਦੀ ਹੈ। ਜਦ ਬਰਫ ਦਾ ਟੁਕੜਾ ਪਿਘਲਦਾ ਹੈ, ਤਾਂ ਮਿਟਦਾ ਵੀ ਹੈ, ਨਹੀਂ ਵੀ ਮਿਟਦਾ। ਮਿਟਦਾ ਹੈ ਵਿਅਕਤੀ ਦੀ ਤਰ੍ਹਾਂ ਬਚਦਾ ਹੈ ਸਾਗਰ ਦੀ ਤਰ੍ਹਾਂ। ਸਾਡੇ ਮਿਟਣ ਵਿਚ ਹੀ ਸਾਡੇ ਹੋਣ ਦੀ ਸੰਭਾਵਨਾ ਹੈ।

ਜੀਸਸ ਨੇ ਕਿਹਾ ਹੈ : ਜਦ ਤਕ ਤੁਸੀਂ ਇਕ ਬੀਜ ਦੀ ਤਰ੍ਹਾਂ ਜ਼ਮੀਨ ਵਿਚ ਨਾ ਡਿਗੋ ਅਤੇ ਜਦ ਤਕ ਤੁਸੀਂ ਇਕ ਬੀਜ ਦੀ ਤਰ੍ਹਾਂ ਜ਼ਮੀਨ ਵਿਚ ਸੜੋ ਨਾ, ਗਲੋ ਨਾ, ਮਿਟੋ ਨਾ, ਤਦ ਤਕ ਤੁਹਾਡਾ ਕੋਈ ਭਵਿੱਖ ਨਹੀਂ ਹੈ। ਡਿਗੋ, ਮਿਟੋ, ਸੜੋ, ਮੁੱਕ ਜਾਉ। ਇਹ ਜ਼ਰਾ ਉਲਟਾ ਲਗੇਗਾ ਕਿ ਮਿਟਣ ਵਿਚ ਹੀ ਸਾਡਾ ਹੋਣਾ ਹੈ। ਨਾ ਹੋ ਜਾਣ ਵਿਚ ਹੀ ਸਾਡਾ ਪਰਮ ਵਜੂਦ ਪਰਗਟ ਹੋਵੇਗਾ।

ਇਹ ਸੂਤਰ ਕਹਿੰਦਾ ਹੈ : ਵਿਅਕਤੀ–ਵਜੂਦ ਦੀ ਤਰ੍ਹਾਂ ਮਿਟੋ, ਵਿਅਕਤੀ–ਸੱਤਾ ਦੀ ਤਰ੍ਹਾਂ ਮਿਟੋ, ਤਾਂ ਜੋ ਪਰਮ ਸੱਤਾ ਦੇ ਨਾਲ ਇਕ ਹੋ ਜਾਵੋ। ਆਪਣੀ ਨਿਗੂਣਤਾ ਵਿਚ ਮਿਟੋ, ਤਾਂ ਜੋ ਵਿਰਾਟ ਵਿਚ ਇਕ ਹੋ ਜਾਵੋ।

ਬੜਾ ਸਸਤਾ ਸੌਦਾ ਹੈ, ਲੇਕਿਨ ਬੜਾ ਕਠਨ ਹੈ। ਸੌਦਾ ਇਹ ਹੈ ਕਿ ਨਿਗੂਣੇ ਨੂੰ ਛਡੋ ਅਤੇ ਵਿਰਾਟ ਨੂੰ ਪਾ ਲਵੋ।

ਐਪਰ ਬੜਾ ਕਠਨ ਹੈ, ਕਿਉਂਕਿ ਨਿਗੂਣੇ ਦੇ ਨਾਲ ਅਸੀਂ ਇੰਨੇ ਇਕ ਹੋ ਗਏ ਹਾਂ ਕਿ ਅਜੇਹਾ ਲਗਦਾ ਹੈ ਕਿ ਨਿਗੂਣੇ ਦਾ ਮਿਟਣਾ, ਸਾਡਾ ਹੀ ਮਿਟਣਾ ਹੋ ਜਾਵੇ। ਅਤੇ ਬੀਜ ਵੀ ਜਦ ਮਿਟਦਾ ਹੋਵੇਗਾ, ਜੇ ਸੋਚ ਸਕੇ ਤਾਂ ਸੋਚਦਾ ਹੋਵੇਗਾ ਕਿ ਨਸ਼ਟ ਹੋਇਆ ਮੌਤ ਹੋਈ। ਉਸਨੂੰ ਕਿਵੇਂ ਪਤਾ ਲਗਿਆ ਹੋਵੇਗਾ ਕਿ ਬਿਰਛ ਦਾ ਹੋਵੇਗਾ ਜਨਮ, ਅਸਮਾਨ ਵਿਚ ਉਠੇਗਾ, ਫੈਲਣਗੀਆਂ ਟਹਿਣੀਆਂ ਦੂਰ; ਨੱਚੇਗਾ ਹਵਾਵਾਂ ਵਿਚ, ਵਰਖਾ ਵਿਚ, ਧੁੱਪ ਵਿਚ; ਅਨੰਦਤ ਹੋਵੇਗਾ, ਖਿੜਨਗੇ ਫੁੱਲ; ਛੁਪਿਆ ਹੈ ਜੋ ਅੰਦਰ ਸੁਗੰਧ ਦਾ ਖ਼ਜ਼ਾਨਾ, ਉਹ ਫੈਲੇਗਾ ਹਵਾਵਾਂ ਵਿਚ ਦੂਰ–ਦਿਹਾਤ ਤਕ। ਉਸਨੂੰ ਕੁਝ ਵੀ ਪਤਾ ਨਹੀਂ। ਅਤੇ ਇਕ ਬੀਜ ਮਿਟੇਗਾ, ਤਾਂ ਕਰੋੜ ਬੀਜ ਪੈਦਾ ਹੋਣਗੇ, ਇਹ ਵੀ ਉਸਨੂੰ ਪਤਾ ਨਹੀਂ। ਮਿਟਦੇ ਬੀਜ ਨੂੰ ਇੰਨਾ ਹੀ ਪਤਾ ਹੈ ਕਿ ਮੈਂ ਮਿਟ ਰਿਹਾ ਹਾਂ। ਜੋ ਹੋਵੇਗਾ ਉਸਦਾ ਉਸਨੂੰ ਕੁਝ ਵੀ ਪਤਾ ਨਹੀਂ।

ਇਸਲਈ ਜੇਕਰ ਮਿਟਦਾ ਬੀਜ ਵੀ ਡਰਦਾ ਹੋਵੇ, ਘਬਰਾਉਂਦਾ ਹੋਵੇ, ਪ੍ਰਾਰਥਨਾ ਕਰਦਾ ਹੋਵੇ, ਕਿ ਹੇ ਪ੍ਰਭੂ, ਮੈਨੂੰ ਨਾ ਮਿਟਾ, ਮੈਨੂੰ ਬਚਾ, ਮੈਂ ਮਰ ਤਾਂ ਨਾ ਜਾਵਾਂਗਾ, ਇਹ ਮੇਰੀ ਮੌਤ ਆਉਂਦੀ ਹੈ। ਜੋ ਗੰਡੇ–ਤਵੀਤ ਬੰਨ੍ਹਦਾ ਹੋਵੇ, ਆਪਣੇ

ਬਚਣ ਦੇ ਉਪਾਅ ਕਰਦਾ ਹੋਵੇ, ਤਾਂ ਅਸਚਰਜ ਨਹੀਂ ਹੈ। ਔਪਰ ਉਸਨੂੰ ਕੀ ਪਤਾ ਕਿ ਉਹ ਆਪਣੀ ਹੀ ਮੌਤ ਦੀ ਮੰਗ ਕਰ ਰਿਹਾ ਹੈ। ਕਿਉਂਕਿ ਉਸਦੇ ਬਚਣ ਵਿਚ ਮੌਤ ਹੈ, ਉਸਦੇ ਮਿਟਣ ਵਿਚ ਜ਼ਿੰਦਗੀ।

ਆਦਮੀ ਵੀ ਇਕ ਬੀਜ ਹੈ। ਅਤੇ ਮਿਟੇ ਤਾਂ ਉਸਦੇ ਅੰਦਰ ਵਿਰਾਟ ਦਾ ਜਨਮ ਹੁੰਦਾ ਹੈ। ਬਚਾਈ ਰਖੇ ਆਪਣੇ–ਆਪ ਨੂੰ, ਤਾਂ ਸੁੰਗੜ ਜਾਂਦਾ ਹੈ, ਛੋਟਾ ਹੋ ਜਾਂਦਾ ਹੈ। ਅਤੇ ਅਸੀਂ ਬਚਾਉਣ–ਬਚਾਉਣ ਵਿਚ ਹੌਲੀ–ਹੌਲੀ ਸੁੰਗੜ–ਸੁੰਗੜ ਕੇ ਛੋਟੇ ਹੁੰਦੇ ਜਾਂਦੇ ਹਾਂ।

'ਪਰਮ–ਸੱਤਾ ਦੇ ਲਈ ਵਿਅਕਤੀ ਦੀ ਸੱਤਾ ਨੂੰ ਤਿਆਗਣਾ ਹੈ...'

ਲੇਕਿਨ ਅਸੀਂ ਧਨ ਛਡ ਸਕਦੇ ਹਾਂ, ਘਰ ਛਡ ਸਕਦੇ ਹਾਂ, ਪਤਨੀ ਛਡ ਸਕਦੇ ਹਾਂ, ਬੱਚੇ ਛਡ ਸਕਦੇ ਹਾਂ; ਇਹ ਸਭ ਛਡਣ ਵਿਚ ਕੋਈ ਬਹੁਤੀ ਗਹਿਰੀ ਗੱਲ ਨਹੀਂ ਹੈ। ਇਹ ਸਭ ਛਡਣ–ਯੋਗ ਵੀ ਨਹੀਂ ਹੈ ਕਿਉਂਕਿ ਇਹ ਤੁਹਾਡਾ ਸੀ ਕਦ, ਜਿਸਨੂੰ ਤੁਸੀਂ ਛਡ ਦਿਉ! ਪਤਨੀ ਤੁਹਾਡੀ ਹੈ? ਪੰਜਾਹ ਸਾਲ ਨਾਲ ਰਹਿ ਕੇ ਵੀ ਭਰੋਸਾ ਆਇਐ ਕਿ ਤੁਹਾਡੀ ਹੈ? ਜਾਂ ਪਤੀ ਤੁਹਾਡਾ ਹੈ? ਧਨ ਤੁਹਾਡਾ ਹੈ? ਮਕਾਨ ਤੁਹਾਡਾ ਹੈ? ਜਿਸਨੂੰ ਤੁਸੀਂ ਛਡਦੇ ਹੋ ਉਹ ਤੁਹਾਡਾ ਹੈ ਹੀ ਨਹੀਂ। ਬਹੁਤ ਮਜ਼ੇਦਾਰ ਹੈ ਮਾਮਲਾ। ਜੋ ਸਾਡਾ ਨਹੀਂ ਹੈ, ਉਸਨੂੰ ਅਸੀਂ ਛਡਣ ਦੀ ਕੋਸ਼ਿਸ਼ ਕਰ ਰਹੇ ਹਾਂ।

ਜਿਸਨੂੰ ਛਡਣਾ ਚਾਹੀਦਾ ਹੈ ਤੁਹਾਨੂੰ, ਉਹ ਤੁਸੀਂ ਹੀ ਹੋ। ਨਾ ਪਤੀ ਹੈ, ਨਾ ਪਤਨੀ ਹੈ, ਨਾ ਬੇਟਾ ਹੈ; ਨਾ ਮਕਾਨ ਹੈ, ਨਾ ਧਨ ਹੈ, ਨਾ ਦੌਲਤ। ਛਡਣ ਦੀ ਚੀਜ਼ ਤਾਂ ਤੁਸੀਂ ਹੋ। ਔਪਰ ਉਸਨੂੰ ਅਸੀਂ ਬਚਾਉਂਦੇ ਹਾਂ। ਸੱਚ ਤਾਂ ਇਹ ਹੈ ਕਿ ਉਹਦੇ ਲਈ ਹੀ ਅਸੀਂ ਪਤਨੀ ਨੂੰ ਵੀ ਛਡਦੇ ਹਾਂ—ਮੋਕਸ਼ ਮਿਲ ਸਕੇ, ਆਤਮਾ ਮਿਲ ਸਕੇ। ਮੈਂ ਬਚਾਂ ਅਤੇ ਮੈਂ ਪਰਮ ਅਨੰਦ ਵਿਚ ਚਲਿਆ ਜਾਵਾਂ, ਉਸਦੇ ਲਈ ਅਸੀਂ ਘਰ ਵੀ ਛਡਦੇ ਹਾਂ, ਧਨ ਵੀ ਛਡਦੇ ਹਾਂ। ਜਿਸਦੇ ਲਈ ਅਸੀਂ ਛਡ ਰਹੇ ਹਾਂ, ਉਹੀ ਛਡਣ–ਯੋਗ ਹੈ। ਅਤੇ ਜਿਸ ਦਿਨ ਕੋਈ ਉਸਨੂੰ ਛਡ ਦਿੰਦਾ ਹੈ, ਉਸ ਦਿਨ ਇਸ ਜਗਤ ਵਿਚ ਉਸਨੂੰ ਬੰਨ੍ਹਣ ਦੇ ਲਈ ਕੋਈ ਬੰਧਨ ਨਹੀਂ ਰਹਿ ਜਾਂਦਾ। ਉਸ ਦਿਨ ਉਸਦੇ ਉਪਰ ਕੋਈ ਬੋਝ ਨਹੀਂ ਰਹਿ ਜਾਂਦਾ। ਕਿਉਂਕਿ ਉਹ ਬੋਝ ਰਖਣ ਵਾਲਾ ਹੀ ਮਰ ਗਿਆ।

ਅਸੀਂ ਬੋਝ ਨੂੰ ਛਡਦੇ ਹਾਂ, ਰਖਣਵਾਲੇ ਨੂੰ ਬਚਾਉਂਦੇ ਹਾਂ। ਅਤੇ ਉਹ ਰਖਣ ਵਾਲਾ ਬਿਨਾਂ ਬੋਝ ਦੇ ਨਹੀਂ ਰਹਿ ਸਕਦਾ। ਉਹ ਨਵੇਂ ਬੋਝ ਬਣਾ ਲੈਂਦਾ ਹੈ। ਰਖਣ ਵਾਲੇ ਨੂੰ ਹੀ ਮਿਟਾ ਦਿਉ।

ਬੁੱਧ ਨੇ ਕਿਹਾ ਹੈ, ਦੁਖ ਨੂੰ ਛਡਣ ਦੀ ਫਿਕਰ ਨਾ ਕਰ, ਉਸਨੂੰ ਤੂੰ ਨਹੀਂ ਛਡ ਸਕੇਂਗਾ। ਕਿਉਂਕਿ ਤੂੰ ਹੀ ਦੁਖ ਨੂੰ ਬਣਾਉਂਦਾ ਹੈਂ। ਤੂੰ ਉਸਨੂੰ ਹੀ ਛਡ ਦੇ, ਜੋ ਦੁਖ ਨੂੰ ਤਿਆਰ ਕਰਦਾ ਹੈ।

ਬੁੱਧ ਨੂੰ ਜਿਸ ਦਿਨ ਗਿਆਨ ਹੋਇਆ, ਉਸ ਦਿਨ ਬੁੱਧ ਨੇ ਜੋ ਵਚਨ ਦਿਤਾ ਹੈ, ਉਹ ਵਚਨ ਬੜਾ ਨਿਆਰਾ ਹੈ। ਬੁੱਧ ਨੇ ਕਿਹਾ ਹੈ, ਕਿ ਹੇ ਮੇਰੇ ਦੁਖਾਂ ਦਾ ਘਰ ਬਨਾਉਣ ਵਾਲੇ, ਹੁਣ ਤੂੰ ਖ਼ਤਮ ਹੋ ਗਿਆ, ਹੁਣ ਮੇਰੇ ਲਈ ਹੋਰ ਘਰ ਬਨਾਉਣ

ਦੀ ਜ਼ਰੂਰਤ ਨਹੀਂ ਰਹੀ। ਕਿਉਂਕਿ ਉਹੀ ਨਹੀਂ ਬਚਿਆ, ਜਿਹੜਾ ਘਰਾਂ ਵਿਚ ਰਹਿੰਦਾ ਸੀ। ਘਰ ਤਾਂ ਮੈਂ ਬਹੁਤ ਵਾਰ ਡੇਗੇ, ਪਰ ਉਹ ਜਿਹੜਾ ਅੰਦਰ ਘਰ ਬਨਾਉਣ ਵਾਲਾ ਸੀ, ਉਹ ਨਵੇਂ ਬਣਾਉਂਦਾ ਚਲਿਆ ਗਿਆ। ਇਸ ਵਾਰ ਮੈਂ ਘਰ ਬਨਾਉਣ ਵਾਲੇ ਨੂੰ ਹੀ ਡੇਗ ਦਿਤਾ। ਹੁਣ ਕੋਈ ਘਰ ਬਨਾਉਣ ਦੀ ਲੋੜ ਨਹੀਂ ਰਹੇਗੀ।

ਅਤੇ ਇਹਨਾਂ ਦੋਹਾਂ ਦੇ ਵਿਚਾਲੇ, ਵਿਅਕਤੀ-ਸੱਤਾ ਤੇ ਪਰਮ-ਸੱਤਾ ਦੇ ਵਿਚਾਲੇ ਜੋ ਰਾਹ ਹੈ, ਜਿਸਨੂੰ ਅੰਤਹਕਰਣ ਕਹਿੰਦੇ ਹਨ, ਉਸਨੂੰ ਨਸ਼ਟ ਕਰ ਸੁੱਟਣਾ ਹੈ.

ਇਹ ਵਚਨ ਬੜਾ ਮੁਸ਼ਕਲ ਹੈ। ਕਿਉਂਕਿ ਅੰਤਹਕਰਣ ਨੂੰ, ਚਿੱਤ ਨੂੰ ਤਾਂ ਅਸੀਂ ਬਹੁਤ ਕੀਮਤ ਦਿੰਦੇ ਹਾਂ—ਕਾਂਸ਼ਿਏਂਸ ਨੂੰ। ਅਤੇ ਅਸੀਂ ਤਾਂ ਕਹਿੰਦੇ ਹਾਂ ਕਿ ਫਲਾਣੇ ਆਦਮੀ ਵਿਚ ਅੰਤਹਕਰਣ—ਚਿੱਤ ਨਹੀਂ ਹੈ, ਹੋਣਾ ਚਾਹੀਦਾ ਹੈ। ਅਤੇ ਇਹ ਸੂਤਰ ਕਹਿੰਦਾ ਹੈ, ਇਸ ਚਿੱਤ ਨੂੰ ਮਿਟਾ ਸੁੱਟਣਾ, ਇਸ ਕਾਂਸ਼ਿਏਂਸ ਨੂੰ ਮਿਟਾ ਛਡਣਾ।

ਇਥੇ ਕੁਝ ਗੱਲਾਂ ਖਿਆਲ ਵਿਚ ਲੈ ਲੈਣੀਆਂ ਜ਼ਰੂਰੀ ਹਨ।

ਨੀਤੀ ਬਣਦੀ ਹੈ ਚਿੱਤ 'ਤੇ ਅਤੇ ਧਰਮ ਬਣਦਾ ਹੈ ਚਿੱਤ ਦੇ ਵਿਨਾਸ਼ ਉਤੇ। ਜੇ ਵਿਅਕਤੀ ਨੂੰ ਨੈਤਿਕ ਬਨਾਉਣਾ ਹੈ, ਤਾਂ ਚਿੱਤ ਜਨਮਾਉ ਉਸ ਵਿਚ। ਇਸਲਈ ਅਸੀਂ ਹਰ ਬੱਚੇ ਵਿਚ ਚਿੱਤ ਪੈਦਾ ਕਰਦੇ ਹਾਂ। ਬੱਚੇ ਚਿੱਤ ਲੈ ਕੇ ਪੈਦਾ ਨਹੀਂ ਹੁੰਦੇ, ਅਸੀਂ ਉਹਨਾਂ ਵਿਚ ਪੈਦਾ ਕਰਦੇ ਹਾਂ। ਇਸਲਈ ਇਕ ਮੁਸਲਮਾਨ ਦੇ ਕੋਲ ਹੋਰ ਤਰ੍ਹਾਂ ਦਾ ਚਿੱਤ ਹੁੰਦਾ ਹੈ, ਇਕ ਹਿੰਦੂ ਦੇ ਕੋਲ ਹੋਰ ਤਰ੍ਹਾਂ ਦਾ। ਇਕ ਈਸਾਈ ਦੇ ਕੋਲ ਹੋਰ ਤਰ੍ਹਾਂ ਦਾ, ਇਕ ਜੈਨੀ ਦੇ ਕੋਲ ਹੋਰ ਤਰ੍ਹਾਂ ਦਾ। ਕਿਉਂਕਿ ਚਿੱਤ ਨੂੰ ਲੈ ਕੇ ਅਸੀਂ ਪੈਦਾ ਨਹੀਂ ਹੁੰਦੇ।

ਚਿੱਤ ਨੂੰ ਬਣਾਉਂਦਾ ਹੈ ਸਮਾਜ।

ਇਕ ਜੈਨੀ ਦੇ ਕੋਲ ਜੋ ਚਿੱਤ ਹੁੰਦਾ ਹੈ, ਉਸ ਵਿਚ ਮਾਸਾਂਹਾਰ ਦੀ ਸੰਭਾਵਨਾ ਨਹੀਂ ਹੈ। ਕਿਉਂਕਿ ਬਚਪਨ ਤੋਂ ਹੀ ਸੁਣਿਆ ਹੈ ਕਿ ਉਹ ਪਾਪ ਹੈ, ਬਚਪਨ ਤੋਂ ਹੀ ਮਨ ਵਿਚ ਗਹਿਰੀ ਗੱਲ ਚਲੀ ਗਈ ਕਿ ਉਹ ਪਾਪ ਹੈ। ਉਹ ਪਾਪ ਹੈ ਜਾਂ ਨਹੀਂ, ਇਸ ਨਾਲ ਮੈਨੂੰ ਸਰੋਕਾਰ ਨਹੀਂ ਹੈ। ਲੇਕਿਨ ਚਿੱਤ ਵਿਚ ਇਹ ਗੱਲ ਗਹਿਰੀ ਚਲੀ ਗਈ ਕਿ ਉਹ ਪਾਪ ਹੈ। ਉਹ ਇੰਨੇ ਗਹਿਰੀ ਚਲੀ ਗਈ ਅਚੇਤਨ ਵਿਚ ਕਿ ਹੁਣ ਇਸਨੂੰ ਮਿਟਾਉਣ ਦਾ ਕੋਈ ਉਪਾਅ ਨਹੀਂ। ਅਤੇ ਜੇ ਇਹ ਮਿਟਾਵੇ ਵੀ, ਜੇ ਇਹ ਅੱਜ ਮਾਂਸਾਹਾਰ ਵੀ ਕਰ ਲਵੇ ਇਕ ਜੈਨੀ, ਤਾਂ ਬਹੁਤ ਸੰਭਾਵਨਾ ਹੈ ਤਾਂ ਇਹ ਹੈ ਕਿ ਕਰਦਿਆਂ ਹੀ ਉਸਨੂੰ ਉਲਟੀ ਆ ਜਾਏਗੀ। ਜੇ ਉਲਟੀ ਨੂੰ ਵੀ ਹੌਲੀ-ਹੌਲੀ ਅਭਿਆਸ ਕਰਕੇ ਰੋਕ ਲਵੇ, ਖ਼ੁਦ ਨੂੰ ਮਜ਼ਬੂਤ ਕਰ ਲਵੇ, ਅਭਿਆਸ ਕਰੇ, ਸਾਧਨਾ ਕਰੇ, ਅਤੇ ਮਾਸਾਂਹਾਰ ਕਰਦਾ ਹੀ ਚਲਿਆ ਜਾਵੇ, ਤਾਂ ਥੋੜ੍ਹੇ ਦਿਨ ਕਸ਼ਟ ਪਾਏਗਾ ਸਰੀਰਕ, ਫਿਰ ਹੌਲੀ-ਹੌਲੀ ਸਰੀਰਕ ਕਸ਼ਟ ਤਾਂ ਵਿਦਾ ਹੋ ਜਾਏਗਾ; ਕਿਉਂਕਿ ਸਰੀਰ ਨਵੀਂ ਆਦਤ ਨੂੰ ਗ੍ਰਹਿਣ ਕਰ ਲਵੇਗਾ, ਲੇਕਿਨ ਮਨ ਵਿਚ ਗਿਲਾਨੀ ਬਣੀ ਰਹੇਗੀ ਅਤੇ ਅੰਦਰ ਲਗੇਗਾ ਮੈਂ ਕੋਈ ਅਪਰਾਧ ਕਰ ਰਿਹਾ ਹਾਂ—ਗਿਲਟ। ਇਹ

ਮੁਸ਼ਕਲ ਹੋ ਜਾਏਗਾ। ਕਿਉਂਕਿ ਬਾਅਦ ਵਿਚ ਚਿੱਤ ਪੈਦਾ ਨਹੀਂ ਕੀਤਾ ਜਾ ਸਕਦਾ। ਜਿਵੇਂ ਸਰੀਰ ਵਿਚ ਕੁਝ ਚੀਜ਼ਾਂ ਇਕ ਉਮਰ 'ਚ ਹੀ ਬਣਦੀਆਂ ਹਨ, ਉਸ ਉਮਰ ਤਕ ਜੇ ਨਾ ਬਣਨ ਤਾਂ ਫਿਰ ਬਾਅਦ 'ਚ ਉਹਨਾਂ ਦਾ ਬਣਨਾ ਮੁਸ਼ਕਲ ਹੈ। ਚਿੱਤ ਵੀ ਸੱਤ ਸਾਲ ਦੇ ਪਹਿਲਾਂ ਹੀ ਬਣਦਾ ਹੈ। ਅਤੇ ਜਿੰਨੀ ਛੇਤੀ ਬਣਾਇਆ ਜਾਵੇ, ਉਨਾ ਗਹਿਰਾ ਬਣਦਾ ਹੈ। ਕਿਉਂਕਿ ਤਦ ਮਨ ਦੇ ਅਚੇਤਨ ਅਧਾਰ ਰਖੇ ਜਾ ਸਕਦੇ ਹਨ, ਨੀਂਹ ਰਖੀ ਜਾ ਸਕਦੀ ਹੈ। ਫਿਰ ਬਾਅਦ ਵਿਚ ਭਵਨ ਉਸਰੇਗਾ, ਉਸੇ ਨੀਂਹ ਉਤੇ ਖੜ੍ਹਾ ਹੋਵੇਗਾ।

ਫਿਰ ਇਹ ਵੀ ਹੋ ਸਕਦਾ ਹੈ ਕਿ ਕਦੇ ਬਾਅਦ ਵਿਚ ਤੁਸੀਂ ਧਰਮ ਨੂੰ ਬਦਲ ਲਵੋ, ਲੇਕਿਨ ਚਿੱਤ ਨੂੰ ਤੁਸੀਂ ਨਹੀਂ ਬਦਲ ਸਕੋਗੇ। ਇਸਲਈ ਤੁਸੀਂ ਦੇਖੋਗੇ ਕਿ ਕੋਈ ਹਿੰਦੂ ਈਸਾਈ ਹੋ ਜਾਂਦਾ ਹੈ, ਉਹ ਕਿੰਨਾ ਹੀ ਈਸਾਈ ਹੋ ਜਾਵੇ, ਈਸਾਈਅਤ ਉਪਰ ਉਪਰ ਰਹਿੰਦੀ ਹੈ, ਉਸਦਾ ਚਿੱਤ ਹਿੰਦੂ ਹੀ ਰਹਿੰਦਾ ਹੈ। ਅਤੇ ਅੱਜ ਨਹੀਂ ਕਲ੍ਹ, ਉਹ ਕ੍ਰਾਈਸਟ ਦੇ ਨਾਲ ਉਹੀ ਸਲੂਕ ਕਰੇਗਾ, ਜੋ ਉਹ ਰਾਮ ਦੇ ਨਾਲ ਕਰਦਾ ਸੀ। ਉਹ ਬਹੁਤਾ ਫਰਕ ਨਹੀਂ ਕਰ ਸਕਦਾ। ਉਸਦੇ ਅੰਦਰ ਜੋ ਚਿੱਤ ਹੈ, ਉਹ ਇੰਨੀ ਅਸਾਨੀ ਨਾਲ ਬਦਲਿਆ ਨਹੀਂ ਜਾ ਸਕਦਾ।

ਇਸਲਈ ਜਿਹੜੇ ਲੋਕ ਧਰਮ ਤਬਦੀਲ ਕਰ ਲੈਂਦੇ ਹਨ, ਉਹਨਾਂ ਦਾ ਉਪਰ-ਉਪਰ ਹੁੰਦਾ ਹੈ ਸਭ। ਹਾਂ, ਉਹਨਾਂ ਦੇ ਬੱਚੇ ਦੋ-ਤਿੰਨ ਪੀੜ੍ਹੀਆਂ ਵਿਚ, ਉਹਨਾਂ ਦਾ ਚਿੱਤ ਬਦਲ ਜਾਏਗਾ। ਲੇਕਿਨ ਤਬਦੀਲੀ ਕਰਨ ਵਾਲੀ ਪੀੜ੍ਹੀ ਦੇ ਅੰਦਰ ਤਾਂ ਉਹੀ ਚਿੱਤ ਹੁੰਦਾ ਹੈ, ਜੋ ਦਿਤਾ ਗਿਆ ਹੈ। ਚਿੱਤ ਉਵੇਂ ਹੀ ਹੈ, ਜਿਵੇਂ ਮਾਂ ਦਾ ਦੁੱਧ ਹੈ। ਉਹ ਹੱਡੀਆਂ ਵਿਚ ਪ੍ਰਵੇਸ਼ ਕਰ ਗਿਆ, ਉਸ ਨਾਲ ਮਾਸ-ਚਰਬੀ ਤਿਆਰ ਹੋ ਗਈ।

ਇਹ ਸੂਤਰ ਕਹਿੰਦਾ ਹੈ ਕਿ ਜੇ ਧਾਰਮਕ ਹੋਣਾ ਹੈ, ਅਤੇ ਜੇ ਪਰਮ-ਤੱਤ ਵਿਚ ਲੀਨ ਹੋਣਾ ਹੈ, ਅਤੇ ਵਿਅਕਤੀ-ਸੱਤਾ ਨੂੰ ਮਿਟਾ ਸੁੱਟਣਾ ਹੈ, ਤਾਂ ਚਿੱਤ ਨੂੰ ਮਿਟਾ ਸੁੱਟਣਾ ਹੋਵੇਗਾ।

ਇਹ ਗੱਲ ਸਮਝਣ ਜਿਹੀ ਹੈ।

ਜੇਕਰ ਚਿੱਤ ਸਮਾਜ ਨੇ ਪੈਦਾ ਕੀਤਾ ਹੈ, ਤਾਂ ਪਰਮ-ਸੱਤਾ ਦੇ ਮਿਲਣ 'ਚ ਉਹ ਵੀ ਰੁਕਾਵਟ ਹੈ। ਸਮਾਜ ਦੇ ਪਾਰ ਜਾਣਾ ਹੋਵੇਗਾ।

ਇਸਲਈ ਅਸੀਂ ਸੰਨਿਆਸੀ ਨੂੰ ਅਸਮਾਜਕ ਕਹਿੰਦੇ ਸੀ। ਸੰਨਿਆਸੀ ਦਾ ਮਤਲਬ ਹੀ ਇਹ ਹੈ ਕਿ ਉਹ ਸਮਾਜ ਤੋਂ ਬਾਹਰ ਹੋ ਗਿਆ। ਸੰਨਿਆਸੀ ਦਾ ਮਤਲਬ ਹੀ ਇਹ ਹੈ ਕਿ ਉਸ ਦੀਆਂ ਜੋ ਬੁਨਿਆਦਾਂ ਸਮਾਜ ਨੇ ਰਖੀਆਂ ਸਨ, ਉਸਨੇ ਇਨਕਾਰ ਕੀਤਾ। ਇਸਦਾ ਇਹ ਮਤਲਬ ਨਹੀਂ ਹੈ ਕਿ ਉਹ ਉਲਟ ਚਲਿਆ ਜਾਵੇ। ਉਲਟ ਜਾਣ ਦੀ ਕੋਈ ਵੀ ਜ਼ਰੂਰਤ ਨਹੀਂ। ਅਤੇ ਧਿਆਨ ਰਹੇ, ਜਿਹੜਾ ਉਲਟ ਜਾਂਦਾ ਹੈ, ਉਹ ਮੁਕਤ ਨਹੀਂ ਹੁੰਦਾ। ਕਿਉਂਕਿ ਉਲਟ ਜਾਣ ਵਾਲੇ ਦੇ ਕੋਲ ਵੀ ਚਿੱਤ ਉਹੀ ਹੁੰਦਾ ਹੈ : ਸਿਰਫ ਉਲਟ ਚਲਿਆ ਗਿਆ ਹੁੰਦਾ ਹੈ।

ਇਉਂ ਸਮਝੋ ਕਿ ਜੇ ਤੁਸੀਂ ਇਕ ਜੈਨੀ ਘਰ ਵਿਚ ਪੈਦਾ ਹੋਏ, ਅਤੇ ਤੁਸੀਂ ਮਾਸਾਂਹਾਰ ਕਰਨ ਲਗੇ, ਤਾਂ ਤੁਹਾਡਾ ਮਾਂਸਾਹਾਰ ਨਰੋਆ ਕਦੇ ਵੀ ਨਹੀਂ ਹੋ ਪਾਏਗਾ। ਜਾਂ ਤਾਂ ਤੁਸੀਂ ਅਪਰਾਧ ਦੇ ਭਾਵ ਨਾਲ ਕਰੋਗੇ, ਅਤੇ ਜੇਕਰ ਅਪਰਾਧ ਦੇ ਭਾਵ ਨੂੰ ਵੀ ਹਟਾ ਦਿਉ, ਤਾਂ ਤੁਸੀਂ ਗੌਰਵ ਦੇ ਭਾਵ ਨਾਲ ਕਰਨਾ ਸ਼ੁਰੂ ਕਰ ਦਿਉਗੇ ਕਿ ਮੈਂ ਕੋਈ ਮਹਾਨ ਕੰਮ ਕਰ ਰਿਹਾ ਹਾਂ। ਲੇਕਿਨ ਮਾਸਾਂਹਾਰ ਸਹਿਜ ਕਦੇ ਨਹੀਂ ਹੋ ਪਾਏਗਾ। ਉਹ ਚਿੱਤ ਕੰਮ ਕਰੇਗਾ। ਉਲਟ ਚਲੇ ਜਾਉ, ਤਾਂ ਗੌਰਵ ਬਣ ਜਾਏਗਾ, ਜੇਕਰ ਉਲਟ ਨਾ ਜਾਵੋ, ਅਤੇ ਕਰੋ, ਤਾਂ ਅਪਰਾਧ ਬਣ ਜਾਏਗਾ। ਲੇਕਿਨ ਸਹਿਜ ਕਦੇ ਨਹੀਂ ਹੋ ਪਾਏਗਾ, ਕਿ ਤੁਸੀਂ ਮਾਸਾਂਹਾਰ ਉਵੇਂ ਹੀ ਕਰ ਸਕੋ ਜਿਵੇਂ ਤੁਸੀਂ ਭੋਜਨ ਕਰ ਰਹੇ ਹੋ। ਉਸ ਵਿਚ ਦੰਸ਼ ਬਣਿਆ ਹੀ ਰਹੇਗਾ। ਉਹ ਤੁਹਾਡੇ ਅੰਦਰ ਦਾ ਚਿੱਤ ਪਿਛਾ ਕਰੇਗਾ।

ਉਲਟ ਹੋ ਜਾਣਾ ਅਸਾਨ ਹੈ, ਮੁਕਤ ਹੋਣਾ ਕਠਨ ਹੈ।

ਮੁਕਤ ਹੋਣ ਦਾ ਮਤਲਬ ਹੈ : ਨਾ ਅਸੀਂ ਪੱਖ ਵਿਚ ਰਹੀਏ, ਨਾ ਅਸੀਂ ਵਿਰੋਧ 'ਚ ਰਹੀਏ।

ਉਸਨੂੰ ਜ਼ਰਾ ਠੀਕ ਤਰ੍ਹਾਂ ਨਾਲ ਸਮਝ ਲਵੋ—ਜੱਸਟ ਏ ਗੇਮ, ਇਕ ਖੇਡ ਹੋ ਗਈ। ਅਤੇ ਜ਼ਰੂਰੀ ਨਹੀਂ ਕਿ ਅਸੀਂ ਖੇਡ ਨੂੰ ਵਿਗਾੜੀਏ। ਜਿਹੜੇ ਲੋਕ ਖੇਡ ਰਹੇ ਹਨ, ਉਹਨਾਂ ਨੂੰ ਅਸੀਂ ਖੇਡਣ ਦੇਈਏ। ਅਤੇ ਖੇਡ ਨੂੰ ਵਿਗਾੜਨ ਵਿਚ ਮਜ਼ਾ ਵੀ ਕੀ ਹੈ? ਅਤੇ ਇਹ ਵੀ ਜੇਕਰ ਜ਼ਰੂਰੀ ਲਗੇ ਕਿ ਉਸ ਖੇਡ ਤੋਂ ਸਾਡੇ ਹਟਣ ਨਾਲ ਅਤੇ ਉਲਟ ਹੋਣ ਨਾਲ, ਭਿੰਨ–ਰੂਪ ਹੋਣ ਨਾਲ, ਦੂਰ ਹੋਣ ਨਾਲ, ਖੇਡ ਵਿਚ ਵਿਘਨ ਪੈਂਦਾ ਹੈ, ਤਾਂ ਤੁਸੀਂ ਖੇਡ ਵਿਚ ਸ਼ਾਮਲ ਵੀ ਰਹਿ ਸਕਦੇ ਹੋ, ਅਤੇ ਫਿਰ ਵੀ ਜੇ ਤੁਸੀਂ ਇਹ ਜਾਣਦੇ ਹੋ ਕਿ ਇਹ ਖੇਡ ਹੈ ਤੇ ਚਿੱਤ ਸਿਰਫ ਇਕ ਸਮਾਜਕ ਵਿਵਸਥਾ ਹੈ। ਉਸਦੀ ਪਾਲਣਾ ਵੀ ਕਰਦੇ ਹੋ, ਪਰ ਜਾਣਦੇ ਵੀ ਹੋ ਕਿ ਹੈ ਸਮਾਜਕ ਵਿਵਸਥਾ; ਨਾ ਉਸਦੇ ਹੱਕ 'ਚ ਹੋ, ਨਾ ਉਸਦੇ ਵਿਰੁਧ ਹੋ। ਅੰਦਰ ਜਾਣਦੇ ਹੋ, ਕਿ ਇਕ ਅਭਿਨੈ ਹੈ, ਉਸਨੂੰ ਪੂਰਾ ਕਰ ਦੇਣਾ ਹੈ, ਤਾਂ ਤੁਸੀਂ ਮੁਕਤ ਹੋ ਜਾਂਦੇ ਹੋ।

ਅਤੇ ਚਿੱਤ ਤਦੇ ਮੁੱਕਦਾ ਹੈ, ਜਦ ਸਮਾਜ ਦਾ ਜੀਵਨ ਇਕ ਅਭਿਨੈ ਹੋ ਜਾਂਦਾ ਹੈ।

ਜ਼ਰੂਰੀ ਨਹੀਂ ਕਿ ਤੁਸੀਂ ਆਪਣੀ ਭੈਣ ਨਾਲ ਵਿਆਹ ਕਰਵਾ ਲਵੋ; ਕਿਉਂਕਿ ਚਿੱਤ ਕਹਿੰਦਾ ਹੈ ਕਿ ਨਾ ਕਰਵਾਉਣਾ, ਬਹੁਤ ਵੱਡਾ ਪਾਪ ਹੈ। ਜ਼ਰੂਰੀ ਨਹੀਂ ਕਿ ਤੁਸੀਂ ਵਿਆਹ ਕਰਵਾਉਣ ਜਾਵੋ, ਵਿਆਹ ਕਰਵਾ ਲੈਣ ਨਾਲ ਚਿੱਤ ਨਹੀਂ ਟੁੱਟ ਜਾਏਗਾ। ਜ਼ਰੂਰੀ ਇਹ ਹੈ ਕਿ ਤੁਸੀਂ ਜਾਣੋ ਕਿ ਇਹ ਖੇਡ ਹੈ, ਸਮਾਜ ਦਾ ਇੰਤਜ਼ਾਮ ਹੈ, ਨਾ ਪਾਪ ਹੈ ਨਾ ਪੁੰਨ। ਜਿਸ ਸਮਾਜ ਵਿਚ ਰਹਿੰਦੇ ਹੋ, ਉਸਦਾ ਨਿਯਮ ਹੈ। ਅਤੇ ਉਸ ਸਮਾਜ ਦੇ ਨਾਲ ਸ਼ਾਂਤੀਪੂਰਵਕ ਰਹਿਣਾ ਹੋਵੇ, ਤਾਂ ਉਸਦੀ ਮੰਨ ਕੇ ਚੱਲਣ ਵਿਚ ਸੌਖ ਹੈ। ਐਪਰ ਅੰਦਰ ਤੁਹਾਡੇ ਕੋਈ ਦੰਸ਼ ਨਹੀਂ ਹੈ।

ਅਤੇ ਕੋਈ ਦੂਜੇ ਸਮਾਜ ਵਿਚ ਭੈਣ ਨਾਲ ਵਿਆਹ ਕਰਵਾ ਰਿਹਾ ਹੋਵੇ, ਤਾਂ ਤੁਹਾਡੇ ਮਨ 'ਚ ਜ਼ਰਾ ਵੀ ਭਾਵ ਨਾ ਉਠੇ ਕਿ ਇਹ ਅਪਰਾਧ ਹੈ, ਪਾਪ ਹੈ। ਸਮਝ ਲਵੋ, ਇਹ ਉਸਦੇ ਸਮਾਜ ਦੀ ਖੇਡ ਹੈ। ਉਸਦੇ ਸਮਾਜ ਦੇ ਆਪਣੇ ਨਿਯਮ

ਹਨ। ਅਤੇ ਜਿਵੇਂ ਤੁਹਾਡੇ ਲਈ ਮੁਨਾਸਬ ਹੈ ਕਿ ਇਸ ਖੇਡ ਨੂੰ ਮੰਨ ਕੇ ਚਲੋ, ਸਹੂਲਤਪੂਰਨ ਹੈ, ਉਵੇਂ ਉਹਦੇ ਲਈ ਵੀ ਮੁਨਾਸਬ ਹੈ ਕਿ ਉਹ ਆਪਣੇ ਨਿਯਮ ਮੰਨ ਕੇ ਚਲੇ। ਅਤੇ ਸਹੂਲਤਪੂਰਨ ਹੈ।

ਅਸਹੂਲਤ ਪੈਦਾ ਕਰ ਲੈਣ 'ਚ ਕੋਈ ਵਡੀ ਕ੍ਰਾਂਤੀ ਨਹੀਂ ਹੈ। ਅਤੇ ਕੁਝ ਲੋਕ ਅਸਹੂਲਤ ਪੈਦਾ ਕਰਨ ਵਿਚ ਮਜ਼ਾ ਲੈਂਦੇ ਹਨ, ਉਹ ਸਿਰਫ ਹੰਕਾਰੀ ਹਨ। ਖ਼ੁਦ ਲਈ ਵੀ ਅਸਹੂਲਤ ਪੈਦਾ ਕਰਨ ਵਿਚ ਮਜ਼ਾ ਲੈਂਦੇ ਹਨ। ਚਿੱਤ, ਇਕ ਸਮਾਜ ਦੇ ਅੰਦਰ ਰਹਿਣ ਵਾਲੇ ਲੋਕਾਂ ਦਾ ਨਿਯਮ ਹੈ, ਜਿਸਦੇ ਬਿਨਾਂ ਖੇਡਣਾ ਮੁਸ਼ਕਲ ਹੋ ਜਾਏਗਾ। ਜੇਕਰ ਲੋਕ ਕਬੱਡੀ ਵੀ ਖੇਡਦੇ ਹਨ, ਤਾਂ ਨਿਯਮ ਬਣਾ ਲੈਂਦੇ ਹਨ।

ਸਭ ਨਿਯਮ ਰਸਮੀ ਹਨ, ਕੋਈ ਨਿਯਮ ਹਕੀਕੀ ਨਹੀਂ ਹੈ।

ਕੋਈ ਕਬੱਡੀ ਦਾ ਨਿਯਮ ਹੁੰਦਾ ਹੈ, ਤਾਂ ਦੁਨੀਆਂ ਦੇ ਨਿਯਮ ਨਾਲ ਉਸਦਾ ਲੈਣਾ-ਦੇਣਾ ਨਹੀਂ ਹੈ। ਜਾਂ ਤੁਸੀਂ ਵਾਲੀਬਾਲ ਖੇਡਦੇ ਹੋ ਜਾਂ ਕ੍ਰਿਕੇਟ ਖੇਡਦੇ ਹੋ, ਤਾਂ ਨਿਯਮ ਬਣਾ ਲੈਂਦੇ ਹੋ। ਨਿਯਮ ਵਿਚ ਕੋਈ ਲਾਜ਼ਮਤਾ ਨਹੀਂ ਹੈ। ਕੋਈ ਇਉਂ ਨਹੀਂ ਹੈ ਕਿ ਕ੍ਰਿਕੇਟ ਦੇ ਇਹੀ ਨਿਯਮ ਹੋਣਗੇ, ਤਾਂ ਹੀ ਖੇਡ ਹੋ ਸਕਦੀ ਹੈ। ਦੂਜੇ ਨਿਯਮ ਨਾਲ ਵੀ ਖੇਡ ਹੋ ਸਕਦੀ ਹੈ, ਤੀਜੇ ਨਿਯਮ ਨਾਲ ਵੀ ਖੇਡ ਹੋ ਸਕਦੀ ਹੈ। ਇਕ ਗੱਲ ਜ਼ਰੂਰੀ ਹੈ ਖੇਡ ਦੇ ਲਈ ਕਿ ਸਾਰੇ ਹੀ ਇਕੋ ਨਿਯਮ ਨੂੰ ਮੰਨਣ। ਜੇ ਦਸ ਖੇਡਣ ਵਾਲੇ ਦਸ ਨਿਯਮ ਮੰਨਦੇ ਹੋਣ, ਤਾਂ ਖੇਡ ਨਹੀਂ ਹੋ ਸਕਦੀ। ਦਸੇ ਰਜ਼ਾਮੰਦ ਹੋ ਜਾਣ, ਤਾਂ ਨਿਯਮ ਬਦਲਿਆ ਜਾ ਸਕਦਾ ਹੈ; ਅਤੇ ਦੂਜੇ ਨਿਯਮ ਨਾਲ ਵੀ ਖੇਡ ਇਸੇ ਤਰ੍ਹਾਂ ਹੋ ਜਾਏਗੀ। ਜਿਸ ਦਿਨ ਤੁਹਾਨੂੰ ਅਜੇਹਾ ਦਿਖਾਈ ਪੈਣ ਲਗੇ ਕਿ ਤੁਹਾਡਾ ਚਿੱਤ ਸਿਰਫ ਸਮਾਜ ਦਾ ਇੰਤਜ਼ਾਮ ਹੈ, ਜਿਸ ਸਮਾਜ ਵਿਚ ਤੁਸੀਂ ਪੈਦਾ ਹੋਏ।

ਅੱਜ ਸਾਰੀ ਦੁਨੀਆਂ ਵਿਚ ਛਿਣ-ਪ੍ਰਟ ਹੋ ਗਈ ਹੈ ਹਾਲਤ। ਇਸਦਾ ਕੁੱਲ ਕਾਰਨ ਇੰਨਾ ਹੈ ਕਿ ਵਖੋ-ਵਖਰੇ ਸਮਾਜ ਦੇ ਲੋਕ ਇਕ-ਦੂਜੇ ਦੇ, ਪਹਿਲੀ ਦਫਾ ਪਰਿਚੈ ਵਿਚ ਆਏ, ਅਤੇ ਮੁਸ਼ਕਲ ਹੋ ਗਈ। ਹੁਣ ਤਕ ਤੁਸੀਂ ਆਪਣੇ ਹੀ ਖੂਹ ਵਿਚ ਜਿਉਂ ਰਹੇ ਸੀ, ਤਾਂ ਅਜੇਹਾ ਲਗਦਾ ਸੀ, ਚਿੱਤ ਜੋ ਹੈ, ਉਹ ਕੋਈ ਆਪਣਾ ਹੀ ਨਿਯਮ ਹੈ; ਅਜੇਹਾ ਲਗਦਾ ਸੀ ਕਿ ਉਹ ਕੋਈ ਅਲਟੀਮੇਟ ਵਜੂਦ ਦਾ ਨਿਯਮ ਹੈ। ਲੇਕਿਨ ਜਦ ਸਾਰੀ ਦੁਨੀਆਂ ਦੇ ਲੋਕ ਕਰੀਬ ਆਏ ਅਤੇ ਵਿਚਕਾਰਲੀਆਂ ਕੰਧਾਂ ਢਹਿ ਗਈਆਂ ਅਤੇ ਖੂਹ ਮਿਟ ਗਏ ਅਤੇ ਇਹ ਖੂਹ ਦਾ ਪਾਣੀ ਦੂਜੇ ਖੂਹ ਵਿਚ ਵੀ ਪ੍ਰਵੇਸ਼ ਕਰਨ ਲਗਾ, ਤਦ ਉਹਨਾਂ ਨੂੰ ਪਹਿਲੀ ਦਫਾ ਪਤਾ ਲਗਿਆ ਕਿ ਸਾਡੇ ਜੋ ਨਿਯਮ ਸਨ, ਉਹਨਾਂ ਦਾ ਕਿਸੇ ਸੰਸਾਰਕ ਨਿਯਮਾਂ ਨਾਲ ਕੋਈ ਸਬੰਧ ਨਹੀਂ ਸੀ। ਉਹ ਸਾਡੀ ਹੀ ਬਣਾਈ ਹੋਈ ਖੇਡ ਸੀ। ਇਸ ਅਨੁਭਵ ਦੇ ਕਾਰਨ ਸਾਰੀ ਦੁਨੀਆਂ ਵਿਚ ਅਣ-ਵਿਵਸਥਾ ਹੋ ਗਈ। ਹੋਣ ਵਾਲੀ ਸੀ। ਕਿਉਂਕਿ ਅਸੀਂ ਨਿਯਮਾਂ ਨੂੰ ਸਿਰਫ ਖੇਡ ਸਮਝਿਆ ਹੁੰਦਾ ਤਾਂ ਨਾ ਹੁੰਦੀ। ਅਸੀਂ ਸਮਝਿਆ ਸੀ, ਇਹ ਪਰਮ ਸੱਚ ਹੈ ਅਤੇ ਅਸੀਂ ਜਾਣਦੇ ਹਾਂ ਕਿ ਪਰਮ ਸੱਚ ਨਹੀਂ ਹੈ।

ਅਫਰੀਕਾ ਵਿਚ ਇਕ ਕਬੀਲਾ ਹੈ ਜੋ ਆਪਣੀ ਮਾਂ ਨਾਲ ਵੀ ਵਿਆਹ ਕਰਵਾ ਲੈਂਦਾ ਹੈ। ਧੱਕਾ ਲਗਦਾ ਹੈ ਸੁਣ ਕੇ

ਹੀ। ਉਹ ਧੱਕਾ ਤੁਹਾਨੂੰ ਨਹੀਂ ਲਗਦਾ, ਚਿੱਤ ਨੂੰ ਲਗਦਾ ਹੈ। ਉਸ ਕਬੀਲੇ ਦੇ ਲੋਕਾਂ ਨੂੰ ਜੇਕਰ ਕਿਹਾ ਜਾਵੇ ਕਿ ਅਜੇਹੇ ਵੀ ਲੋਕ ਹਨ, ਜਿਨ੍ਹਾਂ ਦਾ ਪਿਤਾ ਮਰ ਜਾਵੇ, ਤਾਂ ਉਹਨਾਂ ਦੀ ਮਾਂ ਘਰ ਵਿਚ ਬੈਠੀ ਰਹਿੰਦੀ ਹੈ ਅਤੇ ਉਹ ਵਿਆਹ ਕਰਾਉਣ ਨੂੰ ਵੀ ਰਾਜ਼ੀ ਨਹੀਂ, ਤਾਂ ਉਸ ਕਬੀਲੇ ਦੇ ਲੋਕਾਂ ਨੂੰ ਵੀ ਅਜੇਹਾ ਹੀ ਧੱਕਾ ਲਗਦਾ ਹੈ ਕਿ ਕਿਹੋ-ਜਿਹੇ ਕ੍ਰਿਤਘਣ-ਕਿ ਜਿਸ ਮਾਂ ਨੇ ਜਨਮ ਦਿਤਾ ਹੈ, ਉਸੇ ਨੂੰ ਘਰ 'ਚ ਵਿਧਵਾ ਬਿਠਾ ਰਖਿਆ ਹੈ! ਅਤੇ ਮਾਂ ਬੁੱਢੀ ਹੋ ਗਈ ਹੈ, ਤਾਂ ਉਸਨੂੰ ਕੋਈ ਗੱਭਰੂ ਤਾਂ ਮਿਲਣ ਵਾਲਾ ਨਹੀਂ ਹੈ, ਤਾਂ ਬੇਟਾ ਹੀ ਕੁਰਬਾਨੀ ਕਰੇ। ਇਸਨੂੰ ਉਹ ਕੁਰਬਾਨੀ ਕਹਿੰਦੇ ਹਨ। ਅਤੇ ਕੁਰਬਾਨੀ ਹੈ। ਕਿਉਂਕਿ ਬੇਟਾ ਜਵਾਨ ਲੜਕੀ ਲਭ ਸਕਦਾ ਸੀ, ਜਵਾਨ ਲੜਕੀ ਉਸਨੂੰ ਮਿਲ ਵੀ ਸਕਦੀ ਸੀ। ਉਹ ਆਪਣੀ ਮਾਂ ਖ਼ਾਤਰ ਉਸਨੂੰ ਬਲੀਦਾਨ ਕਰ ਰਿਹਾ ਹੈ। ਜੇਕਰ ਉਸ ਕਬੀਲੇ ਦੇ ਲੋਕਾਂ ਨੂੰ ਸਾਡੀ ਗੱਲ ਦੱਸੀਏ, ਤਾਂ ਉਹਨਾਂ ਨੂੰ ਲਗਦਾ ਹੈ ਕਿ ਕਿੱਦਾਂ ਦੇ ਲੋਕ ਹਨ! ਸਾਨੂੰ ਵੀ ਲਗਦਾ ਹੈ ਕਿ ਕਿੱਦਾਂ ਦੇ ਲੋਕ ਹਨ! ਅੰਪਰ ਸਭ ਖੇਡ ਹੈ।

ਸੰਨਿਆਸੀ ਉਹ ਹੈ, ਜੋ ਇਸ ਖੇਡ ਨੂੰ ਸਮਝ ਲਵੇ ਖੇਡ। ਅਤੇ ਇਸ ਚਿੱਤ ਦੀ ਵਿਵਸਥਾ ਦੇ ਨਾ ਪੱਖ 'ਚ ਨਾ ਇਸਦੇ ਵਿਰੋਧ ਵਿਚ ਰਹੇ ਅਤੇ ਜਿਥੇ ਜਿਵੇਂ ਹੈ, ਉਸ ਖੇਡ ਨੂੰ ਸਵੀਕਾਰ ਕਰਕੇ ਖੇਡਦਾ ਚਲਿਆ ਜਾਵੇ, ਤਾਂ ਚਿੱਤ ਤੋਂ ਮੁਕਤ ਹੋ ਜਾਂਦਾ ਹੈ। ਅਤੇ ਸਮਾਜ ਤੋਂ ਜੋ ਵਿਅਕਤੀ ਮੁਕਤ ਹੋ ਜਾਂਦਾ ਹੈ, ਉਹੀ ਵਿਰਾਟ ਵਿਚ ਪ੍ਰਵੇਸ਼ ਕਰ ਸਕਦਾ ਹੈ। ਕਿਉਂਕਿ ਸਮਾਜ ਨੇ ਚਾਰੇ ਸੀਮਾਵਾਂ ਬੰਨ੍ਹ ਰਖੀਆਂ ਹਨ।

ਅਤੇ ਜਿਸ ਦਿਨ ਅਜੇਹਾ ਆਦਮੀ ਦਿਖਾਈ ਪੈਂਦਾ ਹੈ ਕਿ ਜਗਤ ਦੀ ਸਾਰੀ ਵਿਵਸਥਾ, ਮਨੁੱਖ ਤੋਂ ਬਣੀ ਹੋਈ ਜੋ ਹੈ, ਉਹ ਕਾਲਪਨਿਕ ਹੈ—ਉਸ ਦਿਨ ਅਸੀਂ ਉਸ ਵਿਵਸਥਾ ਵਿਚ ਪ੍ਰਵੇਸ਼ ਕਰਦੇ ਹਾਂ, ਜੋ ਕਾਲਪਨਿਕ ਨਹੀਂ ਹੈ, ਜੋ ਹਕੀਕੀ ਹੈ। ਕਠਨ ਹੈ ਬਹੁਤ, ਅਤੇ ਅਤਿ ਕ੍ਰਾਂਤੀਕਾਰੀ ਵੀ।

'ਇਹਨਾਂ ਦੋਹਾਂ ਦੇ ਵਿਚਾਲੇ ਜੋ ਰਾਹ ਹੈ, ਜਿਸਨੂੰ ਅੰਤਹਕਰਣ ਕਹਿੰਦੇ ਹਨ, ਉਸਨੂੰ ਨਸ਼ਟ ਕਰ ਸੁੱਟਣਾ ਹੈ। ਤੈਨੂੰ ਧਰਮ ਨੂੰ, ਉਸ ਕਠੋਰ ਨਿਯਮ ਨੂੰ ਉੱਤਰ ਦੇਣਾ ਹੋਵੇਗਾ, ਜੋ ਤੈਥੋਂ ਤੇਰੇ ਪਹਿਲੇ ਹੀ ਕਦਮ 'ਤੇ ਪੁਛੇਗਾ।'

ਤੂੰ ਉੱਤਰ ਦੇਣਾ ਹੈ ਧਰਮ ਨੂੰ, ਨੀਤੀ ਨੂੰ ਨਹੀਂ। ਨੀਤੀਆਂ ਹਜ਼ਾਰ ਹਨ, ਧਰਮ ਇਕ ਹੈ। ਹਿੰਦੂ, ਮੁਸਲਮਾਨ, ਈਸਾਈ ਸਭ ਨੀਤੀਆਂ ਹਨ, ਧਰਮ ਨਹੀਂ। ਸਭ ਵਿਵਸਥਾਵਾਂ ਹਨ। ਧਰਮ ਇਕ ਹੈ।

'ਧਰਮ ਤੈਥੋਂ ਪਹਿਲੇ ਹੀ ਕਦਮ 'ਤੇ ਪੁਛੇਗਾ। ਉਸ ਕਠੋਰ ਨਿਯਮ ਨੂੰ ਉੱਤਰ ਦੇਣਾ ਹੋਵੇਗਾ।'

ਅਤੇ ਉਹ ਕਠੋਰ ਨਿਯਮ ਆਦਮੀ ਦੀਆਂ ਕਲਪਨਾਵਾਂ ਨੂੰ ਨਹੀਂ ਮੰਨਦਾ, ਇਸਲਈ ਕਠੋਰ ਹੈ। ਉਹ ਤੁਹਾਡੇ ਕਲਪਨਾ-ਜਾਲ ਵਿਚ ਨਹੀਂ ਪੈਂਦਾ, ਇਸਲਈ ਕਠੋਰ ਹੈ। ਉਹ ਤੁਹਾਡੀਆਂ ਸਾਰੀਆਂ ਮਾਨਤਾਵਾਂ, ਆਸਾਂ, ਦਿਲਾਸੇ; ਤੁਹਾਡੇ ਸਾਰੇ ਭਰੋਸੇ, ਸਭ ਤੋੜ ਸੁੱਟਦਾ ਹੈ। ਉਹ ਤੁਹਾਨੂੰ ਨਹੀਂ ਮੰਨਦਾ ਹੈ।

ਇਸ ਤਰ੍ਹਾਂ ਸਮਝੋ, ਜਦ ਪਹਿਲੀ ਦਫ਼ਾ ਗੈਲੀਲਿਯੋ ਨੇ ਇਕ ਦੂਰਬੀਨ ਦੀ ਈਜਾਦ ਕੀਤੀ, ਤਾਂ ਉਸਨੇ ਆਪਣੇ

ਵਿਸ਼ਵਵਿਦਿਆਲਾ ਦੇ ਮਿੱਤਰਾਂ ਨੂੰ ਸੱਦਾ ਭੇਜਿਆ ਕਿ ਤੁਸੀਂ ਆਉ ਅਤੇ ਅਸਮਾਨ ਦੇ ਤਾਰਿਆਂ ਨੂੰ ਇਸ ਦੂਰਬੀਨ ਨਾਲ ਵੇਖੋ। ਤਾਂ ਉਹਨਾਂ ਨੇ ਦੇਖਣ ਤੋਂ ਇਨਕਾਰ ਕਰ ਦਿਤਾ। ਉਹਨਾਂ ਨੇ ਕਿਹਾ, ਜੋ ਸਾਡੀ ਅੱਖ ਨਾਲ ਦਿਖਾਈ ਪੈਂਦਾ ਹੈ, ਉਹੀ ਸੱਚ ਹੈ। ਅਤੇ ਇਹ ਦੂਰਬੀਨ ਵਿਚ ਜ਼ਰੂਰ ਕੋਈ ਤਰਕੀਬ ਹੈ; ਕਿਉਂਕਿ ਜੋ ਸਾਡੀ ਅੱਖ ਨਾਲ ਨਹੀਂ ਦਿਸਦਾ, ਉਹ ਇਸ ਦੂਰਬੀਨ ਨਾਲ ਦਿਸਦਾ ਹੈ। ਇਹ ਮੈਜਿਕਲ ਹੈ, ਇਸ ਵਿਚ ਕੋਈ ਜਾਦੂ ਹੈ।

ਅਤੇ ਜਾਣ ਕੇ ਤੁਸੀਂ ਹੈਰਾਨ ਹੋਵੋਗੇ ਕਿ ਵਿਸ਼ਵਵਿਦਿਆਲਾ ਦੇ ਵਡੇ ਤੋਂ ਵਡੇ ਪੰਡਤਾਂ ਨੇ ਉਸ ਦੂਰਬੀਨ ਵਿਚ ਝਾਕਣ ਤੋਂ ਇਨਕਾਰ ਕਰ ਦਿਤਾ, ਕਿਉਂਕਿ ਇਹ ਸ਼ੈਤਾਨ ਦੀ ਈਜ਼ਾਦ ਹੈ; ਕਿਉਂਕਿ ਜੋ ਸਾਨੂੰ ਦਿਖਾਈ ਨਹੀਂ ਪੈਂਦਾ, ਉਹ ਇਸ ਵਿਚੋਂ ਦੀ ਕਿਵੇਂ ਦਿਸਦਾ ਹੈ? ਫਿਰ ਉਹਨਾਂ ਨੇ ਬੜੇ ਸਵਾਲ ਉਠਾਏ ਅਤੇ ਸਵਾਲ ਇਹ ਸਨ ਕਿ ਜੀਸਸ ਕ੍ਰਾਈਸਟ ਨੂੰ ਜੋ ਦਿਖਾਈ ਨਹੀਂ ਪਿਆ ਅਤੇ ਬਾਈਬਲ ਵਿਚ ਜਿਸਦੀ ਖ਼ਬਰ ਨਹੀਂ, ਉਹ ਨਹੀਂ ਹੋ ਸਕਦਾ। ਇਹ ਦੂਰਬੀਨ ਝੂਠ ਹੈ। ਉਸ ਦੂਰਬੀਨ ਵਿਚੋਂ ਕੋਈ ਝਾਕਣ ਨੂੰ ਰਾਜ਼ੀ ਨਹੀਂ ਸੀ। ਜਿਹੜੇ ਝਾਕਣ ਨੂੰ ਰਾਜ਼ੀ ਹੋਏ, ਲੋਕਾਂ ਨੇ ਸਮਝਿਆ ਕਿ ਉਹ ਨਾਸਤਕ ਹਨ। ਦੂਰਬੀਨ ਨਾਲ ਕੁਝ ਚੀਜ਼ਾਂ ਦਿਸਦੀਆਂ ਹਨ, ਜੋ ਕਿਤਾਬਾਂ ਵਿਚ ਨਹੀਂ ਸਨ, ਸਮਾਜ ਨੂੰ ਜਿਨ੍ਹਾਂ ਦਾ ਪਤਾ ਨਹੀਂ ਸੀ, ਉਹਨਾਂ ਨੂੰ ਨਹੀਂ ਮੰਨਿਆ ਜਾ ਸਕਦਾ।

ਜਿਸ ਦਿਨ ਕੋਈ ਵਿਅਕਤੀ ਚਿੱਤ ਤੋਂ ਉਪਰ ਉਠ ਕੇ ਦੇਖਦਾ ਹੈ, ਤਾਂ ਬਹੁਤ–ਸਾਰੀਆਂ ਚੀਜ਼ਾਂ ਦਿਖਾਈ ਪੈਂਦੀਆਂ ਹਨ, ਜੋ ਸਮਾਜ ਦੇ ਨਿਯਮਾਂ ਵਿਚ ਨਹੀਂ ਹਨ। ਨਹੀਂ ਹੋਣਗੀਆਂ, ਕਿਉਂਕਿ ਸਮਾਜ ਦਾ ਨਿਯਮ ਅੰਨ੍ਹੇ ਲੋਕਾਂ ਦਾ ਨਿਯਮ ਹੈ। ਸਮਾਜ ਦਾ ਨਿਯਮ ਉਹਨਾਂ ਦਾ ਨਿਯਮ ਹੈ, ਜਿਨ੍ਹਾਂ ਨੂੰ ਅਜੇ ਤਕ ਆਤਮਬੋਧ ਨਹੀਂ ਹੋਇਆ।

ਸੱਚ ਤਾਂ ਇਹ ਹੈ ਕਿ ਸਮਾਜ ਦੇ ਨਿਯਮ ਬਣਾਉਣੇ ਹੀ ਇਸਲਈ ਪੈਂਦੇ ਹਨ ਕਿ ਲੋਕ ਇੰਨੇ ਅਗਿਆਨੀ ਹਨ ਕਿ ਬਿਨਾਂ ਨਿਯਮ ਦੇ ਚੱਲ ਹੀ ਨਹੀਂ ਸਕਦੇ। ਸਿਰਫ ਗਿਆਨੀ ਬਿਨਾਂ ਨਿਯਮ ਦੇ ਚੱਲ ਸਕਦਾ ਹੈ। ਅਗਿਆਨੀ ਕਿਵੇਂ ਬਿਨਾਂ ਨਿਯਮ ਦੇ ਚਲੇਗਾ? ਬਿਨਾਂ ਨਿਯਮ ਦੇ ਚਲੇਗਾ, ਤਾਂ ਖ਼ੁਦ ਨੂੰ ਵੀ ਖੱਡੇ 'ਚ ਸੁੱਟੇਗਾ ਅਤੇ ਦੂਜਿਆਂ ਨੂੰ ਵੀ ਖੱਡੇ ਵਿਚ ਡੇਗ ਦੇਵੇਗਾ। ਅਗਿਆਨੀ ਦੇ ਲਈ ਨਿਯਮ ਜ਼ਰੂਰੀ ਹੈ। ਗਿਆਨੀ ਦੇ ਲਈ ਨਿਯਮ ਦੀ ਕੀ ਜ਼ਰੂਰਤ ਹੈ?

ਅੰਨ੍ਹਾ ਆਦਮੀ ਲਾਠੀ ਲੈ ਕੇ ਚਲਦਾ ਹੈ, ਟੋਹਦਾ ਹੈ। ਅੱਖ ਵਾਲਾ ਲਾਠੀ ਲੈ ਕੇ ਚਲੇ, ਇਸਦੀ ਕੋਈ ਜ਼ਰੂਰਤ ਨਹੀਂ ਹੈ। ਅੱਖ ਵਾਲੇ ਨੂੰ ਛੋਟ ਦਿਤੀ ਜਾ ਸਕਦੀ ਹੈ ਕਿ ਲਾਠੀ ਲੈ ਕੇ ਨਾ ਚੱਲ। ਲੇਕਿਨ ਅੰਨ੍ਹੇ ਨੂੰ ਛੋਟ ਨਹੀਂ ਦਿਤੀ ਜਾ ਸਕਦੀ। ਉਸਨੂੰ ਤਾਂ ਲਾਠੀ ਲੈ ਕੇ ਚੱਲਣਾ ਹੀ ਪਏਗਾ। ਲੇਕਿਨ ਕਿਸੇ ਅੰਨ੍ਹੇ ਦੀ ਅੱਖ ਖੁਲ੍ਹ ਜਾਵੇ ਅਤੇ ਫਿਰ ਵੀ ਉਹ ਲਾਠੀ ਲੈ ਕੇ ਚਲੇ, ਤਾਂ ਅਸੀਂ ਕਹਾਂਗੇ ਕਿ ਫ਼ਜ਼ੂਲ ਦਾ ਮੋਹ ਬੰਨ੍ਹੀ ਫਿਰਦਾ ਹੈ। ਹੁਣ ਤਾਂ ਲਾਠੀ ਤੋਂ ਬਿਹਤਰ ਚੀਜ਼ ਤੇਰੇ ਕੋਲ ਆ ਗਈ। ਅੱਖ ਆ ਗਈ, ਹੁਣ ਲਾਠੀ ਦੀ ਕੋਈ ਲੋੜ ਨਹੀਂ।

ਜਿਸ ਦਿਨ ਆਤਮਾ ਦੀ ਝਲਕ ਮਿਲਣੀ ਸ਼ੁਰੂ ਹੁੰਦੀ ਹੈ, ਉਸ ਦਿਨ ਚਿੱਤ ਦੀ ਵੀ ਕੋਈ ਲੋੜ ਨਹੀਂ। ਉਸਦੀ ਲੋੜ

ਹੀ ਇਸਲਈ ਸੀ ਕਿ ਜੋ ਅਸੀਂ ਨਹੀਂ ਕਰ ਸਕਦੇ ਸੀ ਸ੍ਵੈ-ਬੋਧ ਨਾਲ, ਉਹ ਸਮਾਜ ਸਾਥੋਂ ਕਰਵਾਉਂਦਾ ਸੀ ਜ਼ਬਰਦਸਤੀ। ਹੁਣ ਅਸੀਂ ਸ੍ਵੈ-ਬੋਧ ਨਾਲ ਹੀ ਕਰਾਂਗੇ।

ਇਸਲਈ ਅਸੀਂ ਸੰਨਿਆਸੀ ਨੂੰ ਨਿਯਮਾਂ ਦੇ ਬਾਹਰ ਰਖਿਆ। ਕੋਈ ਸੰਨਿਆਸ ਲੈਂਦਿਆਂ ਹੀ ਨਿਯਮਾਂ ਤੋਂ ਬਾਹਰ ਹੋ ਜਾਂਦਾ ਹੈ, ਅਜੇਹਾ ਨਹੀਂ ਹੈ। ਇਹ ਪਰਮ ਕਲਪਨਾ ਹੈ। ਅਸੀਂ ਸੰਨਿਆਸੀ ਨੂੰ ਨਿਯਮਾਂ ਦੇ ਬਾਹਰ ਰਖਿਆ, ਅਸੀਂ ਉਸ ਉਤੇ ਕੋਈ ਨਿਯਮ ਨਹੀਂ ਲਾਉਂਦੇ। ਨਹੀਂ ਲਾਉਂਦੇ ਇਸਲਈ ਕਿ ਅਸੀਂ ਮੰਨਦੇ ਹਾਂ ਕਿ ਉਸਨੂੰ ਪਰਮ ਨਿਯਮ ਦਾ ਪਤਾ ਲਗ ਗਿਆ ਹੈ। ਹੁਣ ਸਾਡੇ ਨਿਯਮਾਂ ਦੀ ਕੀ ਲੋੜ। ਹੁਣ ਉਹ ਪਰਮਾਤਮਾ ਦੇ ਨਿਯਮ ਨੂੰ ਜਾਣਦਾ ਹੈ, ਤਾਂ ਸਮਾਜ ਦੇ ਨਿਯਮਾਂ ਦੀ ਉਸਨੂੰ ਕੋਈ ਜ਼ਰੂਰਤ ਨਹੀ।

ਅਤੇ ਸੰਨਿਆਸੀ ਸਾਡੇ ਸਮਾਜ ਦੇ ਨਿਯਮਾਂ ਨੂੰ ਤੋੜਦਾ ਵੀ ਨਹੀਂ। ਜਿਵੇਂ ਕਿ ਕਿਸੇ ਦੀ ਅੱਖ ਖੁਲ੍ਹ ਜਾਵੇ, ਉਹ ਲਾਠੀ ਲੈ ਕੇ ਨਾ ਚਲੇ, ਲੇਕਿਨ ਜੇ ਅੰਨ੍ਹਿਆਂ ਦੀ ਲਾਠੀ ਖੋਹੇ ਤਾਂ ਜ਼ਰਾ ਜ਼ਿਆਦਤੀ ਕਰ ਰਿਹਾ ਹੈ। ਉਹ ਦੂਜਿਆਂ ਦੇ ਹੱਥ ਦੀ ਲਾਠੀ ਖੋਹਣ ਲਗੇ, ਤਾਂ ਜ਼ਰਾ ਵਧੀਕੀ ਕਰ ਰਿਹਾ ਹੈ। ਲਾਠੀ ਛੁੱਟ ਜਾਏਗੀ ਅੱਖਾਂ ਦੇ ਮਿਲਦਿਆਂ ਹੀ, ਪਰ ਲਾਠੀ ਲਾਠੀ ਹੈ, ਅਤੇ ਸਿਰਫ ਇਕ ਵਿਚਕਾਰਲਾ ਇੰਤਜ਼ਾਮ ਹੈ—ਇਸਦੀ ਪ੍ਰਤੀਤੀ ਸਾਡੇ ਅੰਦਰ ਬਣੀ ਰਹਿਣੀ ਚਾਹੀਦੀ ਹੈ।

'ਧਰਮ ਦੇ ਨਿਯਮ ਤਾਂ ਕਠੋਰ ਹਨ। ਉਸ ਕਠੋਰ ਨਿਯਮ ਨੂੰ ਤੈਨੂੰ ਉੱਤਰ ਦੇਣਾ ਪਏਗਾ, ਜੋ ਤੈਥੋਂ ਪਹਿਲੇ ਕਦਮ 'ਤੇ ਹੀ ਪੁਛੇਗਾ: ਉਹ ਉੱਚੀ ਆਸ ਵਾਲੇ, ਕੀ ਤੂੰ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਹੈ?'

ਧਰਮ ਦੇ ਨਿਯਮਾਂ ਦੀ, ਨੀਤੀ ਦੇ ਨਿਯਮਾਂ ਦੀ ਨਹੀ।

'ਕੀ ਤੂੰ ਆਪਣੇ ਹਿਰਦੇ ਤੇ ਮਨ ਨੂੰ ਕੁੱਲ ਮਨੁੱਖਾਂ ਦੇ ਮਹਾਨ ਹਿਰਦੇ ਤੇ ਮਨ ਦੇ ਨਾਲ ਲੈਅਬੱਧ ਕੀਤਾ ਹੈ?'

ਇਹ ਧਰਮ ਦੇ ਨਿਯਮ ਹਨ : *'ਕੀ ਤੂੰ ਆਪਣੇ ਹਿਰਦੇ ਤੇ ਮਨ ਨੂੰ ਕੁੱਲ ਮਨੁੱਖ ਦੇ ਮਹਾਨ ਹਿਰਦੇ ਤੇ ਮਨ ਦੇ ਨਾਲ ਲੈਅਬੱਧ ਕੀਤਾ ਹੈ?'*

'ਜਿਵੇਂ ਪਵਿੱਤਰ ਨਦੀ ਦੇ ਗਰਜਣ ਵਿਚ ਪ੍ਰਕਿਰਤੀ ਦੀਆਂ ਸਾਰੀਆਂ ਹੀ ਅਵਾਜ਼ਾਂ ਮੁੜ-ਗੂੰਜਦੀਆਂ ਹਨ, ਉਵੇਂ ਹੀ ਉਸ ਸ੍ਰੋਤਾਪੰਨ ਦੇ ਹਿਰਦੇ ਨੂੰ ਵੀ, ਜੋ ਨਦੀ ਵਿਚ ਦਾਖਲ ਹੋਇਆ, ਉਹਨਾਂ ਸਭ ਦੀ ਹਰੇਕ ਆਹ ਅਤੇ ਵਿਚਾਰ ਨੂੰ ਮੁੜ ਗੁੰਜਾਉਣਾ ਹੋਵੇਗਾ, ਜੋ ਜਗਤ ਵਿਚ ਜੀਂਦੇ ਅਤੇ ਸਾਹ ਲੈਂਦੇ ਹਨ।'

ਧਰਮ ਦਾ ਨਿਯਮ ਹੈ, ਕਿ ਵਿਰਾਟ ਦੇ ਨਾਲ ਇਕਾਤਮ ਦੀ ਪ੍ਰਤੀਤੀ। ਜੋ ਸਭ ਪਾਸੇ ਮੌਜੂਦ ਹੈ ਅਤੇ ਜਿਸਦੇ ਅਸੀਂ ਹਿੱਸੇ ਹਾਂ, ਅਤੇ ਜਿਸ ਤੋਂ ਅਸੀਂ ਪੈਦਾ ਹੋਏ, ਅਤੇ ਜਿਸ ਵਿਚ ਅਸੀਂ ਲੀਨ ਹੋ ਜਾਵਾਂਗੇ, ਉਸਦੇ ਨਾਲ ਹੁਣੇ ਅਤੇ ਇਥੇ ਹੀ ਹਰ ਪਲ, ਛਿਨ-ਛਿਨ ਇਕਾਤਮ ਦੀ ਪ੍ਰਤੀਤੀ। ਇਸਲਈ ਮੈਂ ਕਹਿੰਦਾ ਹਾਂ : ਹਿੰਦੂ, ਮੁਸਲਮਾਨ, ਈਸਾਈ ਧਰਮ ਨਹੀਂ ਹੋ ਸਕਦੇ; ਕਿਉਂਕਿ ਹਿੰਦੂ, ਮੁਸਲਮਾਨ ਦੇ ਨਾਲ ਕਿਵੇਂ ਇਕਾਤਮ ਦੀ ਪ੍ਰਤੀਤੀ ਕਰੇਗਾ? ਕਿਵੇਂ ਮੰਦਰ ਦੀ ਪੂਜਾ ਕਰਨ

ਵਾਲਾ ਮਸਜਿਦ ਦੀ ਪੂਜਾ ਦੇ ਨਾਲ ਇਕ ਹੋ ਪਾਏਗਾ?

ਧਾਰਮਕ ਸਾਰੇ ਬੰਧਨਾਂ ਦੇ ਉੱਪਰ ਹੋ ਜਾਂਦਾ ਹੈ। ਜ਼ਰੂਰੀ ਨਹੀਂ ਕਿ ਤਦ ਉਹ ਮੰਦਰ ਜਾਣਾ ਬੰਦ ਕਰ ਦੇਵੇ, ਲੇਕਿਨ ਤਦ ਉਹ ਜਾਣਦਾ ਹੈ ਕਿ ਮਸਜਿਦ ਵੀ ਮੰਦਰ ਹੈ। ਅਤੇ ਜ਼ਰੂਰੀ ਨਹੀਂ ਕਿ ਉਹ ਵੇਦ ਪੜ੍ਹਨਾ ਬੰਦ ਕਰ ਦੇਵੇ, ਲੇਕਿਨ ਉਹ ਜਾਣਦਾ ਹੈ ਕਿ ਕੁਰਾਨ ਵੀ ਵੇਦ ਹੈ; ਕਿਸੇ ਹੋਰਨਾਂ ਦਾ ਹੋਵੇਗਾ, ਇਕਨਾਂ ਹੋਰਾਂ ਨੂੰ ਪਿਆਰਾ ਹੋਵੇਗਾ, ਇਕਨਾਂ ਹੋਰ ਦੇ ਲਈ ਸਹਿਯੋਗੀ ਹੋਵੇਗਾ। ਤਦ ਉਸਦੇ ਵਿਰੋਧ ਛਹਿੰਦੇ ਜਾਂਦੇ ਹਨ। ਅਤੇ ਹੌਲੀ-ਹੌਲੀ ਜਿਵੇਂ-ਜਿਵੇਂ ਉਸਦੀ ਸੀਮਾ ਪਿਘਲਦੀ ਹੈ, ਉਵੇਂ-ਉਵੇਂ ਸਾਰੀ ਮਨੁੱਖਤਾ ਦੇ ਨਾਲ ਹਿਰਦਾ ਤੇ ਮਨ ਲੈਅਬੱਧ ਹੋ ਜਾਂਦਾ ਹੈ। ਉਸੇ ਦਿਨ ਅਸੀਂ ਮਨੁੱਖ ਅਖਵਾਉਣ ਦੇ ਅਧਿਕਾਰੀ ਵੀ ਹੁੰਦੇ ਹਾਂ।

ਪਰ ਬੜੀ ਕਠਨਾਈ ਹੈ। ਸਭ ਤੋਂ ਵਡੀ ਕਠਨਾਈ ਖ਼ਿਆਲ ਵਿਚ ਲੈ ਲੈਣੀ ਜ਼ਰੂਰੀ ਹੈ। ਅਸੀਂ ਸਭ ਅਨੰਦ ਦੀ ਤਲਾਸ਼ ਵਿਚ ਹਾਂ। ਅਸੀਂ ਸਭ ਦੁਖ ਵਿਚ ਹਾਂ ਅਤੇ ਸਭ ਸੁਖ ਦੀ ਭਾਲ ਵਿਚ ਹਾਂ। ਅਸੀਂ ਸਭ ਦੁਖ ਤੋਂ ਬਚਣਾ ਚਾਹੁੰਦੇ ਹਾਂ, ਅਤੇ ਦੁਖ ਸਾਡੀ ਹੀ ਸਥਿਤੀ ਹੈ। ਤਾਂ ਅਸੀਂ ਕੀ ਕਰੀਏ? ਅਸੀਂ ਕਿਵੇਂ ਇਸ ਦੁਖ ਨੂੰ ਤੋੜੀਏ? ਅਸੀਂ ਸਿੱਧੇ ਅਨੰਦ ਵਿਚ ਛਾਲ ਲਾਉਣੀ ਚਾਹੁੰਦੇ ਹਾਂ ਇਸ ਦੁਖ ਤੋਂ, ਅਤੇ ਇਹ ਦੁਖ ਸਾਡੀ ਸਥਿਤੀ ਹੈ। ਇਹ ਛਾਲ ਕਿਵੇਂ ਲਗੇ?

ਇਹ ਸੂਤਰ ਬਹੁਤ ਕੀਮਤੀ ਹੈ। ਇਹ ਸੂਤਰ ਕਹਿੰਦਾ ਹੈ, ਪਹਿਲਾਂ ਵਿਰਾਟ ਦੇ ਦੁਖ ਨਾਲ ਖ਼ੁਦ ਨੂੰ ਇਕ ਕਰ ਲਵੋ। ਜੋ ਤੁਹਾਡੀ ਸਥਿਤੀ ਹੈ, ਉਸ ਤੋਂ ਇਕਦਮ ਛਾਲ ਲਾਉਣੀ ਮੁਸ਼ਕਲ ਹੋਵੇਗੀ। ਤੁਸੀਂ ਦੁਖੀ ਹੋ, ਸਾਰਾ ਜਗਤ ਦੁਖੀ ਹੈ। ਤੁਸੀਂ ਪੀੜ ਵਿਚ ਹੋ, ਸਾਰਾ ਜਗਤ ਪੀੜ ਵਿਚ ਹੈ। ਤੁਸੀਂ ਇਕੱਲੇ ਹੀ ਪੀੜ ਵਿਚ ਨਹੀਂ ਹੋ, ਪੀੜ ਹਰੇਕ ਹਿਰਦੇ ਵਿਚ ਹੈ। ਅਸੀਮ ਹੋਣਾ ਅਜੇ ਮੁਸ਼ਕਲ ਹੈ। ਅਜੇ ਅਨੰਦ ਦੀ ਅਸੀਮਤਾ ਨੂੰ ਪਾਣਾ ਮੁਸ਼ਕਲ ਹੈ। ਤਾਂ ਇਕ ਗੱਲ ਤਾਂ ਹੋ ਸਕਦੀ ਹੈ ਕਿ ਦੁਖ ਦੀ ਅਸੀਮਤਾ ਨੂੰ ਪਾ ਲਵੋ। ਅਜੇ ਹੱਸ ਨਹੀਂ ਸਕਦੇ ਹੋ ਵਿਰਾਟ ਦੇ ਉਤਸਵ ਵਿਚ, ਪਰ ਮਨੁੱਖ ਦੇ ਦੁਖ ਵਿਚ ਰੋ ਤਾਂ ਸਕਦੇ ਹੋ। ਰੋ ਤਾਂ ਰਹੇ ਹੀ ਹੋ ਆਪਣੇ ਦੁਖ ਵਿਚ, ਘਟੋ-ਘਟ ਇਕ ਗੱਲ ਤਾਂ ਆਉਂਦੀ ਹੈ। ਰੋਣਾ ਆਉਂਦਾ ਹੈ, ਤਾਂ ਰੋਣ ਨੂੰ ਹੀ ਜ਼ਰਾ ਵਡਾ ਕਰ ਲਵੋ। ਉਸ ਰੋਣ ਨੂੰ ਵਡਾ ਕਰਨ ਨਾਲ, ਵਡਾ ਕਰਨ ਦੀ ਕਲਾ ਆ ਜਾਏਗੀ।

ਅਤੇ ਤਦ ਇਹ ਇਕ ਬੜੀ ਅਨੋਖੀ ਘਟਨਾ ਵਾਪਰਦੀ ਹੈ। ਜਦ ਤਕ ਤੁਸੀਂ ਆਪਣੇ ਹੀ ਦੁਖ 'ਚ ਦੁਖੀ ਹੋ, ਤਦੋਂ ਤਕ ਦੁਖੀ ਹੋ। ਅਸਲ ਵਿਚ ਆਪਣੇ-ਆਪ ਨਾਲ ਬੱਧਾ ਹੋਣਾ ਹੀ ਦੁਖ ਹੈ, ਭੁੱਲ ਹੈ। ਜਿਵੇਂ ਹੀ ਤੁਸੀਂ ਵਿਰਾਟ ਦੇ ਦੁਖ ਨਾਲ ਇਕ ਹੋਣਾ ਸ਼ੁਰੂ ਹੁੰਦੇ ਹੋ, ਜਿਵੇਂ ਹੀ ਦੂਜੇ ਦਾ ਦੁਖ ਤੁਹਾਨੂੰ ਛੋਹਣ ਲਗਦਾ ਹੈ, ਉਵੇਂ ਹੀ ਤੁਹਾਡਾ ਪਿਘਲਣਾ ਸ਼ੁਰੂ ਹੋ ਗਿਆ। ਅਤੇ ਜਿਸ ਦਿਨ ਮਨੁੱਖਤਾ ਦੀ ਪੀੜ, ਉਸਦੀ ਆਹ ਤੁਹਾਡੇ ਹਿਰਦੇ ਨੂੰ ਟੁੰਬਣ ਲਗਦੀ ਹੈ, ਤੁਸੀਂ ਮਿਟਣ ਲਗੇ। ਅਚਾਨਕ ਇਕ ਦਿਨ ਤੁਸੀਂ ਪਾਉਗੇ, ਦੂਜੇ ਦਾ ਦੁਖ ਹੀ ਯਾਦ ਰਿਹਾ, ਆਪਣਾ ਦੁਖ ਭੁੱਲ ਗਏ। ਇਕ ਦਿਨ ਹੋਰ, ਤੁਸੀਂ ਪਾਉਗੇ, ਆਪਣਾ ਦੁਖ ਰਿਹਾ ਹੀ ਨਹੀਂ, ਦੂਜੇ ਦਾ ਦੁਖ ਹੀ ਰਹਿ ਗਿਆ ਹੈ। ਇਸ ਦੁਖ ਦੇ ਨਾਲ ਇਕਾਤਮ ਦੀ ਜੋ ਸਥਿਤੀ

ਹੈ, ਇਸ ਵਿਚ ਤੁਸੀਂ ਮਿਟ ਗਏ ਅਤੇ ਤੁਸੀਂ ਉਹ ਸੰਭਾਵਨਾ ਬਣਾ ਲਈ, ਜਿਥੇ ਅਨੰਦ ਵਾਪਰ ਸਕਦਾ ਹੈ।

ਇਹ ਬੜਾ ਉਲਟਾ ਦਿਖਾਈ ਪੈਂਦਾ ਹੈ, ਪਰ ਉਲਟਾ ਹੈ ਨਹੀਂ। ਕਿਉਂਕਿ ਇਹ ਮੂਲ ਅਧਾਰ ਸਾਡੇ ਖ਼ਿਆਲ ਵਿਚ ਨਹੀਂ, ਇਸਲਈ ਉਲਟਾ ਦਿਖਾਈ ਪੈਂਦਾ ਹੈ। ਦੁਖ ਦਾ ਕਾਰਨ ਹੈ ਕਿ ਅਸੀਂ ਆਪਣੇ-ਆਪ ਨਾਲ ਹੀ ਬੱਝੇ ਹਾਂ—ਬਸ ਆਪਣੀ ਹੀ ਸੋਚ ਰਹੇ ਹਾਂ, ਆਪਣੀ ਹੀ ਸੋਚੀ ਤੁਰੇ ਜਾ ਰਹੇ ਹਾਂ। ਅਤੇ ਸਾਨੂੰ ਪਤਾ ਨਹੀਂ ਕਿ ਸਾਡੇ ਚਾਰ-ਚੁਫੇਰੇ ਕਿੰਨੀ ਪੀੜ, ਕਿੰਨਾ ਦੁਖ ਹੈ। ਅਸੀਂ ਉਸਦੇ ਪ੍ਰਤੀ ਅੰਨ੍ਹੇ ਹਾਂ। ਸਾਨੂੰ ਦੂਜਿਆਂ ਦਾ ਸੁਖ ਦਿਖਾਈ ਪੈਂਦਾ ਹੈ ਅਤੇ ਆਪਣਾ ਦੁਖ! ਇਹੀ ਸਾਡਾ ਤਰਕ ਹੈ।

ਇਕ ਮਹਿਲ ਵਿਚ ਤੁਸੀਂ ਕਿਸੇ ਨੂੰ ਦੇਖਦੇ ਹੋ, ਲਗਦਾ ਹੈ ਕਿ ਕਿੰਨਾ ਸੁਖੀ ਹੋਵੇਗਾ। ਉਸਦਾ ਸੁਖ ਦਿਸਦਾ ਹੈ। ਇਕ ਸੋਹਣੀ ਇਸਤ੍ਰੀ ਦੇ ਨਾਲ ਕਿਸੇ ਪੁਰਸ਼ ਨੂੰ ਦੇਖਦੇ ਹੋ, ਸੋਚਦੇ ਹੋ ਕਿੰਨਾ ਸੁਖੀ ਹੋਵੇਗਾ। ਉਸਦਾ ਸੁਖ ਤੁਹਾਨੂੰ ਦਿਸਦਾ ਹੈ। ਸੋਹਣੀ ਇਸਤ੍ਰੀ ਜੋ ਦੁਖ ਦਿੰਦੀ ਹੈ, ਉਸਦਾ ਪਤਾ ਉਸਨੂੰ ਹੀ ਹੈ। ਮਹਿਲ ਵਿਚ ਜੋ ਦੁਖ ਹੈ, ਉਹ ਮਹਿਲ ਵਿਚ ਰਹਿਣ ਵਾਲੇ ਨੂੰ ਪਤਾ ਹੈ। ਕਿਉਂਕਿ ਮਹਿਲ ਵਿਚ ਰਹਿਣ ਵਾਲੇ ਨੂੰ ਪੁਛੋ, ਉਹ ਕਦੇ ਨਹੀਂ ਕਹਿੰਦਾ ਕਿ ਮੈਂ ਸੁਖੀ ਹਾਂ। ਉਹ ਆਪਣੇ ਦੁਖ ਦੀ ਕਥਾ ਕਹਿੰਦਾ ਹੈ। ਸੋਹਣੀ ਇਸਤ੍ਰੀ ਦੇ ਪਤੀ ਤੋਂ ਪੁਛੋ, ਉਹ ਆਪਣੇ ਦੁਖ ਦੀ ਕਥਾ ਕਹਿੰਦਾ ਹੈ।

ਤੁਹਾਨੂੰ ਦੂਜਿਆਂ ਦੇ ਸੁਖ ਦਿਖਾਈ ਪੈਂਦੇ ਹਨ, ਕਿਉਂਕਿ ਤੁਹਾਨੂੰ ਦੂਜਿਆਂ ਦਾ ਬਾਹਰਲਾ ਕੱਜਣ ਦਿਸਦਾ ਹੈ। ਉਹਨਾਂ ਦੇ ਚੇਹਰੇ ਦਿਸਦੇ ਹਨ, ਕੱਪੜੇ ਦਿਸਦੇ ਹਨ। ਦੂਜਿਆਂ ਦਾ ਹਿਰਦਾ ਤਾਂ ਤੁਹਾਨੂੰ ਦਿਸਦਾ ਨਹੀਂ। ਜੇ ਦੂਜਿਆਂ ਦਾ ਹਿਰਦਾ ਤੁਹਾਨੂੰ ਦਿਖਾਈ ਪਵੇ, ਤਾਂ ਉਸਦੇ ਦੁਖ ਦਿਸ ਪੈਣਗੇ। ਅਤੇ ਜਦ ਤਕ ਦੂਜਿਆਂ ਦੇ ਸੁਖ ਦਿਸਦੇ ਹਨ, ਤਦ ਤਕ ਆਪਣੇ ਦੁਖ ਦਿਖਾਈ ਪੈਂਦੇ ਹਨ। ਅਤੇ ਜਿਸ ਦਿਨ ਤੁਹਾਨੂੰ ਦੂਜਿਆਂ ਦੇ ਦੁਖ ਦਿਸਣੇ ਸ਼ੁਰੂ ਹੋ ਜਾਂਦੇ ਹਨ, ਉਸੇ ਦਿਨ ਤੁਹਾਨੂੰ ਆਪਣੇ ਸੁਖ ਦਿਖਾਈ ਪੈਣੇ ਸ਼ੁਰੂ ਹੋ ਜਾਂਦੇ ਹਨ। ਦ੍ਰਿਸ਼ਟੀ ਪੂਰੀ ਦੀ ਪੂਰੀ ਬਦਲ ਜਾਂਦੀ ਹੈ।

ਅਤੇ ਜਿਸ ਦਿਨ ਕੋਈ ਵਿਰਾਟ ਦੇ ਦੁਖ ਵਿਚ ਇਕ ਹੋ ਜਾਂਦਾ ਹੈ, ਉਸ ਦਿਨ ਭੁੱਲ ਹੀ ਜਾਂਦਾ ਹੈ ਆਪਣੇ ਦੁਖਾਂ ਨੂੰ। ਇਹ ਇੰਨੇ ਨਿਗੂਣੇ ਹੋ ਜਾਂਦੇ ਹਨ, ਉਹਨਾਂ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ। ਇਹ ਗੱਲ ਹੀ ਸੋਚਣ ਜਿਹੀ ਨਹੀਂ ਰਹਿ ਜਾਂਦੀ ਕਿ ਮੇਰਾ ਵੀ ਕੋਈ ਦੁਖ ਹੈ। ਇਸ ਦੁਖ ਦੇ ਸਾਗਰ ਵਿਚ ਮੇਰਾ ਦੁਖ ਵੀ ਕੀ ਹੈ? ਉਹ ਵਿਰਾਟ ਦੁਖ ਤੁਹਾਡੇ ਦੁਖ ਨੂੰ ਨਿਗੂਣਾ ਕਰ ਜਾਂਦਾ ਹੈ; ਜਿਵੇਂ ਕਿਸੇ ਨੇ ਤੁਹਾਡੇ ਦੁਖ ਦੀ ਲਕੀਰ ਦੇ ਸਾਹਮਣੇ ਇਕ ਮਹਾਂ ਲਕੀਰ ਖਿੱਚ ਦਿਤੀ।

ਸੁਣਿਆ ਹੈ ਮੈਂ, ਇਕ ਯਹੂਦੀ ਫ਼ਕੀਰ ਹੋਇਐ ਬਾਲਸੇਨ। ਹਸੀਦ ਸੀ, ਇਕ ਵਿਦਰੋਹੀ ਫ਼ਕੀਰ ਸੀ। ਇਕ ਦਿਨ ਸਵੇਰੇ-ਸਵੇਰੇ ਪਿੰਡ ਦਾ ਇਕ ਆਦਮੀ ਉਸਦੇ ਕੋਲ ਆਇਆ। ਉਸਨੇ ਬਾਲਸੇਨ ਨੂੰ ਕਿਹਾ ਕਿ ਮੈਂ ਬੜੀ ਮੁਸ਼ਕਲ ਵਿਚ ਪਿਆ ਹਾਂ। ਮੈਂ ਬਹੁਤ ਦੀਨ, ਦਰਿੱਦਰ, ਗਰੀਬ ਹਾਂ। ਇਕ ਛੋਟਾ-ਜਿਹਾ ਕਮਰਾ ਹੈ ਮੇਰੇ ਕੋਲ; ਪਤਨੀ ਹੈ, ਪਿਤਾ ਹੈ, ਮਾਂ ਹੈ; ਸੱਤ ਮੇਰੇ ਬੱਚੇ ਹਨ। ਅਸੀਂ ਸਾਰੇ ਉਸ ਛੋਟੇ-ਜਿਹੇ ਹੀ ਕਮਰੇ ਵਿਚ ਰਹਿੰਦੇ ਹਾਂ। ਨਰਕ ਬਣ ਗਿਆ ਹੈ ਬਿਲਕੁਲ, ਪੀੜ

ਦਾ ਕੋਈ ਅੰਤ ਨਹੀਂ। ਆਤਮਹੱਤਿਆ ਦੀ ਸੋਚਦਾ ਹਾਂ। ਕੋਈ ਉਪਾਅ ਦੱਸੋ।

ਬਾਲਸ਼ੇਨ ਨੇ ਕਿਹਾ : ਕਿ ਬਸ ਇੰਨੇ ਹੀ ਹਨ ਤੇਰੇ ਘਰ 'ਚ ਲੋਕ? ਤੇਰੇ ਕੋਲ ਬੱਕਰੀ ਨਹੀਂ ਹੈ? ਉਸਨੇ ਕਿਹਾ, ਮੇਰੇ ਕੋਲ ਦੋ ਬੱਕਰੀਆਂ ਹਨ। ਬਾਲਸ਼ੇਨ ਨੇ ਕਿਹਾ, ਉਹਨਾਂ ਨੂੰ ਵੀ ਤੂੰ ਕਮਰੇ ਦੇ ਅੰਦਰ ਕਰ ਲੈ। ਉਸਨੇ ਕਿਹਾ, ਬਾਬਾ, ਦਿਮਾਗ ਤੁਹਾਡਾ ਖ਼ਰਾਬ ਹੋਇਆ ਹੈ? ਮੈਂ ਪੁਛਣ ਆਇਆ ਸੀ ਕਿਵੇਂ ਇਸ ਛੋਟੇ ਕਮਰੇ ਨੂੰ ਵਡਾ ਕਰਾਂ, ਤੂੰ ਉਸਨੂੰ ਵੀ ਛੋਟਾ ਕਰਵਾ ਦੇ ਰਿਹਾ ਹੈਂ! ਦੋ ਬੱਕਰੀਆਂ ਨੂੰ ਹੋਰ ਅੰਦਰ ਕਰ ਲਵਾਂ! ਸੱਤ ਬੱਚੇ ਨੇ, ਪਤਨੀ ਹੈ, ਮਾਂ-ਬਾਪ ਹਨ, ਛੋਟਾ-ਜਿਹਾ ਕਮਰਾ ਹੈ, ਮੈਂ ਹਾਂ—ਇੰਚ-ਭਰ ਬੈਠਣ ਦੀ ਥਾਂ ਨਹੀਂ। ਫ਼ਕੀਰ ਨੇ ਕਿਹਾ, ਮੇਰੀ ਮੰਨ।

ਬਾਲਸ਼ੇਨ ਵਡਾ ਆਦਮੀ ਸੀ। ਇਹ ਗਰੀਬ ਆਦਮੀ ਉਸਦੀ ਆਗਿਆ ਟਾਲ ਵੀ ਨਾ ਸਕਿਆ। ਇਸਨੇ ਦੋਵੇਂ ਬੱਕਰੀਆਂ ਆਪਣੇ ਘਰ ਦੇ ਅੰਦਰ ਕਰ ਲਈਆਂ। ਉਸ ਦਿਨ ਤੋਂ ਤਾਂ ਘਰ ਮਹਾਂਨਰਕ ਬਣ ਗਿਆ। ਸੱਤ ਦਿਨ ਬਾਅਦ ਪਹੁੰਚਿਆ ਕਿ ਛੁਟਕਾਰਾ ਦਿਵਾ। ਉਹ ਬੱਕਰੀਆਂ ਬਾਹਰ ਕਢਵਾ ਦੇ। ਬਾਲਸ਼ੇਨ ਨੇ ਕਿਹਾ, ਹੋਰ ਕੀ ਹੈ ਤੇਰੇ ਕੋਲ? ਉਸਨੇ ਕਿਹਾ ਚਾਰ ਮੁਰਗੀਆਂ ਹੋਰ ਵੀ ਹਨ। ਬਾਲਸ਼ੇਨ ਨੇ ਕਿਹਾ, 'ਉਹਨਾਂ ਨੂੰ ਵੀ ਤੂੰ ਅੰਦਰ ਕਰ ਲੈ।' ਉਸਨੇ ਕਿਹਾ ਕਿ ਕੀ ਮੇਰੀ ਜਾਨ ਹੀ ਲੈਣ 'ਤੇ ਉਤਾਰੂ ਹੈਂ? ਮਰ ਜਾਵਾਂਗੇ ਸਾਰੇ, ਹੱਤਿਆ ਤੇਰੇ ਸਿਰ ਲਗੇਗੀ। ਬਾਲਸ਼ੇਨ ਨੇ ਕਿਹਾ, ਉਸਦੀ ਤੂੰ ਫਿਕਰ ਨਾ ਕਰ, ਮੁਰਗੀਆਂ ਨੂੰ ਅੰਦਰ ਕਰ ਲੈ। ਸੱਤ ਦਿਨਾਂ ਬਾਅਦ ਆਵੀਂ।

ਸੱਤ ਦਿਨਾਂ ਪਿਛੋਂ ਉਹ ਆਦਮੀ ਆਇਆ। ਅੱਧਾ ਰਹਿ ਗਿਆ ਸੀ; ਨਾ ਸੌਂ ਸਕਦਾ ਸੀ, ਨਾ ਖਾ-ਪੀ ਸਕਦਾ ਸੀ। ਉਸਨੇ ਕਿਹਾ ਕਿ ਸੁਣਿਆ ਸੀ ਕਿ ਨਰਕ ਹੁੰਦਾ ਹੈ, ਤੂੰ ਦਿਖਾ ਦਿਤਾ। ਇੰਨੀ ਹੀ ਕਿਰਪਾ ਕਰ—ਕੁਝ ਉਪਾਅ ਦੱਸ। ਉਸਨੇ ਕਿਹਾ : ਤਾਂ ਫਿਰ ਇਉਂ ਕਰ, ਦੋਹਾਂ ਬੱਕਰੀਆਂ ਨੂੰ ਬਾਹਰ ਕਰ ਦੇ। ਉਸਨੇ ਗਹਿਰਾ ਠੰਡਾ ਸਾਹ ਲਿਆ। ਉਸਨੇ ਕਿਹਾ ਕਿ ਬੜੀ ਕਿਰਪਾ ਹੈ ਬਾਬਾ, ਸੋਚ ਕੇ ਹੀ ਮਨ ਪ੍ਰਸੰਨ ਹੁੰਦਾ ਹੈ। ਤਾਂ ਬਾਲਸ਼ੇਨ ਨੇ ਕਿਹਾ, ਕਿ ਤਾਂ ਫਿਰ ਚਾਰੇ ਮੁਰਗੀਆਂ ਨੂੰ ਵੀ ਬਾਹਰ ਕਰ ਦੇ। ਉਹ ਇਕਦਮ ਪੈਰਾਂ 'ਤੇ ਡਿਗ ਪਿਆ, ਅਨੰਦ ਦੇ ਹੰਝੂ ਵਗਣ ਲਗੇ ਉਸਦੇ। ਅਜੇਹਾ ਲਗਦਾ ਹੈ ਕਿ ਸਵਰਗ 'ਚ ਵਾਪਸ ਜਾ ਰਿਹਾ ਹਾਂ। ਉਹੀ ਘਰ ਸੀ, ਐਪਰ ਵਡਾ ਦੁਖ ਛੋਟੇ ਦੁਖ ਨੂੰ ਸੁਖ ਬਣਾ ਦਿੰਦਾ ਹੈ।

ਅਤੇ ਇਉਂ ਸਮਝੋ ਕਿ ਜੇ ਸਾਰੀ ਦੁਨੀਆਂ ਦੇ ਦੁਖ, ਸਾਰੀਆਂ ਮੁਰਗੀਆਂ ਤੇ ਸਾਰੀਆਂ ਬੱਕਰੀਆਂ, ਤੁਸੀਂ ਆਪਣੇ ਹੀ ਘਰ ਦੇ ਅੰਦਰ ਕਰ ਲਵੋ, ਤਾਂ ਤੁਹਾਡਾ ਦੁਖ ਕਿਥੇ ਹੈ? ਉਹ ਖੋ ਗਿਆ। ਅਤੇ ਉਸ ਦੁਖ ਦੇ ਨਾਲ ਤੁਸੀਂ ਵੀ ਖੋ ਗਏ।

ਇਸਲਈ ਸਾਧਨਾ ਦੀ ਇਕ ਪ੍ਰਣਾਲੀ ਹੈ, ਮਨੁੱਖ ਦੀ ਪੀੜ ਦੇ ਨਾਲ ਇਕਮਿਕਤਾ। ਉਸ ਵਿਚ ਤੁਸੀਂ ਮਿਟ ਜਾਉਗੇ ਅਤੇ ਜਿਸ ਦਿਨ ਤੁਸੀਂ ਮਿਟ ਜਾਉਗੇ, ਅਚਾਨਕ ਕਿਸੇ ਦਿਨ ਇਸ ਮਿਟੇ ਹੋਏ ਛਿਨ ਵਿਚ ਅਨੰਦ ਦਾ ਸਾਗਰ ਤੁਹਾਡੇ ਵਿਚ ਉਤਰ ਆਉਂਦਾ ਹੈ। ਗਏ ਸੀ ਦੁਖ ਦੇ ਨਾਲ ਇਕਮਿਕਤਾ ਕਰਨ, ਅਤੇ ਅਨੰਦ ਉਤਰ ਜਾਂਦਾ ਹੈ। ਅਤੇ ਅਸੀਂ ਸਭ ਲਗੇ ਹਾਂ ਦੁਖ ਨੂੰ ਹਟਾਉਣ ਵਿਚ ਅਤੇ ਦੁਖ ਵਧਦਾ ਚਲਿਆ ਜਾਂਦਾ ਹੈ।

'ਜਿਵੇਂ ਪਵਿੱਤਰ ਨਦੀ ਦੇ ਗਰਜਣ ਵਿਚ ਪ੍ਰਕਿਰਤੀ ਦੀਆਂ ਸਾਰੀਆਂ ਹੀ ਅਵਾਜ਼ਾਂ ਮੁੜ-ਗੂੰਜਦੀਆਂ ਹਨ, ਉਵੇਂ ਹੀ ਉਸ ਸ੍ਰੋਤਾਪੰਨ ਦੇ ਹਿਰਦੇ ਨੂੰ ਵੀ, ਜੋ ਨਦੀ ਵਿਚ ਦਾਖ਼ਲ ਹੋਵੇਗਾ, ਉਹਨਾਂ ਸਭ ਦੀ ਆਹ ਤੇ ਵਿਚਾਰ ਨੂੰ, ਮੁੜ ਗੂੰਜਾਉਣਾ ਹੋਵੇਗਾ, ਜੋ ਜਗਤ ਵਿਚ ਜੀਂਦੇ ਅਤੇ ਸਾਹ ਲੈਂਦੇ ਹਨ।'

'ਹਿਰਦੇ ਨੂੰ ਗੁੰਜਾਰਤ ਕਰਨ ਵਾਲੀ ਵੀਣਾ ਦੇ ਨਾਲ, ਸ਼ਿਸ਼ ਦੇ ਹਿਰਦੇ ਦੀ ਤੁਲਨਾ ਕੀਤੀ ਜਾ ਸਕਦੀ ਹੈ। ਉਸਦੇ ਨਾਦ ਨਾਲ ਮਨੁੱਖਤਾ ਦੀ। ਉਸ ਵਜਾਉਣ ਵਾਲੇ ਹੱਥ ਨਾਲ ਵਿਸ਼ਵਾਤਮਾ ਦੀ। ਜੋ ਤਾਰ ਗਾਇਕ ਦੀ ਛੋਹ ਦੇ ਨਾਲ ਮਿੱਠੀ ਲੈਅ ਨਾਲ ਵੱਜਣ ਤੋਂ ਇਨਕਾਰ ਕਰ ਦਿੰਦਾ ਹੈ, ਉਹ ਟੁੱਟ ਜਾਂਦਾ ਹੈ ਅਤੇ ਸੁੱਟ ਦਿਤਾ ਜਾਂਦਾ ਹੈ। ਅਜੇਹੇ ਹੀ ਹਨ—ਸ਼ਿਸ਼ਾਂ ਤੇ ਸ੍ਰਾਵਕਾਂ ਦੇ ਸਮੂਹਕ ਮਨ। ਉਹਨਾਂ ਨੇ ਉਪਾਧਿਆਇ ਦੇ ਪਰਮਾਤਮਾ ਨਾਲ ਇਕ ਹੋਏ ਮਨ ਨਾਲ ਲੈਅਬੱਧ ਹੋਣਾ ਹੈ, ਨਹੀਂ ਤਾਂ ਉਹ ਰਾਹ ਤੋਂ ਹਟ ਜਾਂਦੇ ਹਨ, ਟੁੱਟ ਜਾਂਦੇ ਹਨ, ਵਿਛੜ ਜਾਂਦੇ ਹਨ।'

ਵੀਣਾ ਹੈ—ਉਸਦੀ ਇਹ ਸੂਤਰ ਕਹਿੰਦਾ ਹੈ, ਸ਼ਿਸ਼ ਦੇ ਹਿਰਦੇ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਉਸਦੇ ਨਾਦ ਨਾਲ ਮਨੁੱਖਤਾ ਦੀ ਤੁਲਨਾ ਕੀਤੀ ਜਾ ਸਕਦੀ ਹੈ। ਉਹ ਜੋ ਵੀਣਾ ਤੋਂ ਨਾਦ ਪੈਦਾ ਹੁੰਦਾ ਹੈ—ਵੀਣਾ ਹਿਰਦਾ ਹੈ ਮਨੁੱਖ ਦਾ—ਅਤੇ ਜਦ ਵੀਣਾ ਗੁੰਜਾਰਤ ਹੁੰਦੀ ਹੈ, ਮਸਤ ਹੁੰਦੀ ਹੈ, ਧੁਨਕਾਰ ਦੇਣ ਲਗਦੀ ਹੈ, ਉਸ ਨਾਦ ਨਾਲ ਮਨੁੱਖਤਾ ਦੀ। ਕਿਉਂ?

ਕਿਉਂਕਿ ਵੀਣਾ ਦੇ ਤਾਰ ਤਾਂ ਸੀਮਿਤ ਹਨ, ਲੇਕਿਨ ਨਾਦ ਅਸੀਮ ਹੋ ਜਾਂਦਾ ਹੈ। ਤਾਰਾਂ ਵਿਚ ਨਾਦ ਸੁੱਤਾ ਹੈ, ਜਾਗਦਿਆਂ ਹੀ ਤਾਰਾਂ ਤੋਂ ਮੁਕਤ ਹੋ ਜਾਂਦਾ ਹੈ। ਫਿਰ ਵੀਣਾ ਟੁੱਟ ਵੀ ਜਾਵੇ, ਤਾਂ ਵੀ ਨਾਦ ਗੂੰਜਦਾ ਰਹੇਗਾ ਅਨੰਤ-ਅਨੰਤ ਤਕ। ਨਾਦ ਵੀਣਾ ਤੋਂ ਵਡਾ ਹੈ। ਵੀਣਾ ਤੋਂ ਪੈਦਾ ਹੁੰਦਾ ਹੈ, ਅਤੇ ਵੀਣਾ ਨਾਲੋਂ ਵਡਾ ਹੈ। ਕਿਉਂਕਿ ਵੀਣਾ ਸੀਮਿਤ ਹੈ ਤੇ ਸੁੱਤੀ ਹੋਈ ਹੈ, ਨਾਦ ਜਾਗ ਗਿਆ ਹੈ ਤੇ ਫੈਲਿਆ ਹੋਇਆ ਹੈ।

ਅਤੇ ਵਜਾਉਣ ਵਾਲੇ ਦੇ ਹੱਥ ਨਾਲ ਤੁਲਨਾ ਕੀਤੀ ਜਾ ਸਕਦੀ ਹੈ ਵਿਸ਼ਵਾਤਮਾ ਦੀ, ਪਰਮਾਤਮਾ ਦੀ। ਲੇਕਿਨ ਜੋ ਤਾਰ ਗਾਇਕ ਦੀ ਛੋਹ ਦੇ ਨਾਲ ਵੱਜਣ ਤੋਂ ਇਨਕਾਰ ਕਰ ਦਿੰਦਾ ਹੈ, ਮਿੱਠੀ ਲੈਅ ਵਿਚ ਆਉਣ ਤੋਂ ਇਨਕਾਰ ਕਰ ਦਿੰਦਾ ਹੈ, ਤਾਂ ਗਾਇਕ ਉਸਨੂੰ ਤੋੜਦਾ ਤੇ ਸੁੱਟ ਦਿੰਦਾ ਹੈ।

ਅਸੀਂ ਵੀ ਟੁੱਟ ਜਾਂਦੇ ਹਾਂ ਤੇ ਸੁੱਟ ਦਿਤੇ ਜਾਂਦੇ ਹਾਂ, ਕਿਉਂਕਿ ਅਸੀਂ ਵਿਸ਼ਵਾਤਮਾ ਦੇ ਨਾਲ ਵੱਜਣ ਤੋਂ ਇਨਕਾਰ ਕਰ ਦਿੰਦੇ ਹਾਂ। ਅਸੀਂ ਆਪਣੀ ਹੀ ਡਫਲੀ ਵਖਰੀ ਕੁੱਟਣੀ ਚਾਹੁੰਦੇ ਹਾਂ। ਅਸੀਂ ਉਸ ਵਿਰਾਟ ਨਾਦ ਵਿਚ ਇਕ ਨਹੀਂ ਹੋਣਾ ਚਾਹੁੰਦੇ। ਅਸੀਂ ਚਾਹੁੰਦੇ ਹਾਂ, ਮੇਰਾ ਹੀ ਨਾਦ ਹੋਵੇ, ਮੇਰਾ ਹੀ ਗੀਤ ਹੋਵੇ, ਮੇਰੀ ਹੀ ਵੀਣਾ ਹੋਵੇ, ਮੇਰੇ ਹੀ ਹੱਥ ਹੋਣ। ਅਸੀਂ ਆਪਣਾ ਇਕ ਵਖਰਾ ਹੀ ਜਗਤ ਉਸਾਰਨਾ ਚਾਹੁੰਦੇ ਹਾਂ। ਉਹੀ ਸਾਡਾ ਦੁਖ ਹੈ, ਉਸ ਵਿਚ ਹੀ ਅਸੀਂ ਟੁੱਟੇ, ਉਖੜੇ, ਜੜ੍ਹਾਂ ਤੋਂ ਹਟੇ ਹੋਏ ਜਾਪਦੇ ਹਾਂ। ਲਗਦਾ ਹੈ ਇਹ ਜਗਤ ਸਾਡਾ ਘਰ ਨਹੀਂ ਹੈ ਅਤੇ ਅਸੀਂ ਬਾਹਰ ਕਢ ਦਿਤੇ ਗਏ ਹਾਂ।

'ਅਜੇਹੇ ਹੀ ਹਨ ਸ਼ਿੱਸ਼ਾਂ ਅਤੇ ਸ਼੍ਰਾਵਕਾਂ ਦੇ ਮਨ। ਉਹਨਾਂ ਨੇ ਉਪਾਧਿਆਇ ਦੇ, ਪਰਮਾਤਮਾ ਨਾਲ ਇਕ ਹੋਏ ਮਨ ਦੇ ਨਾਲ ਲੈਅਬੱਧ ਹੋਣਾ ਹੈ। ਨਹੀਂ ਤਾਂ ਉਹ ਰਾਹ ਤੋਂ ਹਟ ਜਾਣਗੇ।'

ਅਤੇ ਪਰਮਾਤਮਾ ਦਾ ਤਾਂ ਸਾਨੂੰ ਠੀਕ–ਠੀਕ ਪਤਾ ਲਗਦਾ ਨਹੀਂ, ਕਿਥੇ ਹੈ; ਉਸਦੀ ਕੋਈ ਛੋਹ ਨਹੀਂ ਲਗਦੀ। ਹੈ ਇਥੇ ਹੀ, ਕੋਲ ਹੀ, ਐਪਰ ਛੋਹਣ ਦੀ ਕਲਾ ਸਾਨੂੰ ਨਹੀਂ ਆਉਂਦੀ।

ਇਸਲਈ ਜੇ ਕੋਈ ਸਾਧਕ, ਕੋਈ ਸ਼ਿੱਸ਼, ਕਿਸੇ ਵਿਅਕਤੀ ਵਿਚ ਝਲਕ ਵੀ ਪਾਂਦਾ ਹੋਵੇ ਉਸਦੀ; ਇਕਨਾਂ ਅੱਖਾਂ ਵਿਚ ਥੋੜ੍ਹੀ–ਜਿਹੀ ਖ਼ਬਰ ਵੀ ਆਉਂਦੀ ਹੋਵੇ ਉਸਦੀ, ਕਿਸੇ ਦੇ ਉਠਣ–ਬੈਠਣ ਵਿਚ, ਕਿਸੇ ਦੀ ਵਾਣੀ ਵਿਚ, ਕਿਸੇ ਦੇ ਮੌਨ ਵਿਚ, ਥੋੜ੍ਹਾ–ਜਿਹਾ ਇਸ਼ਾਰਾ ਵੀ ਮਿਲਦਾ ਹੋਵੇ—ਆਹਟ ਉਸਦੇ ਪੈਰਾਂ ਦੀ, ਧੁਨੀ ਵੀ ਆਉਂਦੀ ਹੋਵੇ।

ਜਿਵੇਂ ਰਾਤੀਂ ਕੋਈ ਆਪਣੇ ਪ੍ਰੇਮੀ ਦੀ ਉਡੀਕ ਕਰਦਾ ਹੋਵੇ, ਤਾਂ ਸੁੱਕੇ ਪੱਤੇ ਵੀ ਚਰਮਰਾ ਜਾਂਦੇ ਹਨ, ਤਾਂ ਉਹ ਚੌਂਕ ਕੇ ਖੜ੍ਹਾ ਹੋ ਜਾਂਦਾ ਹੈ—ਸ਼ਾਇਦ ਪ੍ਰੇਮੀ ਆ ਗਿਆ। ਹਵਾ ਬਿਰਛਾਂ ਨੂੰ ਪਾਰ ਕਰਦੀ ਹੈ, ਸਰਸਰਾਹਟ ਹੋ ਜਾਂਦੀ ਹੈ, ਤਾਂ ਉਸਨੂੰ ਆਪਣੇ ਪ੍ਰੇਮੀ ਦੀ ਆਹਟ ਦਾ ਖਿਆਲ ਆ ਜਾਂਦਾ ਹੈ, ਉਹ ਚੌਂਕ ਕੇ ਖੜ੍ਹਾ ਹੋ ਜਾਂਦਾ ਹੈ। ਦੁਆਰ 'ਤੇ ਹਵਾ ਦਾ ਬੁੱਲਾ ਦਸਤਕ ਦੇ ਜਾਂਦਾ ਹੈ, ਤਾਂ ਉਸਨੂੰ ਪ੍ਰੇਮੀ ਦੇ ਹੱਥ ਦੀ ਦਸਤਕ ਸੁਣਾਈ ਪੈ ਜਾਂਦੀ ਹੈ।

ਜੋ ਪ੍ਰਭੂ ਦੀ ਖੋਜ ਵਿਚ ਹੈ, ਉਸਨੂੰ ਪਹਿਲਾਂ ਆਹਟ ਖੋਜਣੀ ਪਵੇਗੀ। ਅਤੇ ਜਦ ਕਿਸੇ ਵਿਚ ਆਹਟ ਸੁਣਾਈ ਪੈ ਜਾਵੇ, ਤਾਂ ਜਾਣਨਾ ਕਿ ਤੁਹਾਡਾ ਗੁਰੂ ਤੁਹਾਨੂੰ ਮਿਲ ਗਿਆ। ਉਹ ਗੁਰੂ ਤੁਹਾਡੇ ਲਈ ਪਰਮਾਤਮਾ ਦੀ ਆਹਟ ਹੈ। ਇਸਲਈ ਅਸੀਂ ਗੁਰੂ ਨੂੰ ਪਰਮਾਤਮਾ ਕਿਹਾ ਹੈ।

ਅਤੇ ਕਬੀਰ ਨੇ ਤਾਂ ਪੁਛਿਆ ਗੁਰੂ ਤੋਂ ਕਿ ਜਦ ਦੋਵੇਂ ਸਾਹਮਣੇ ਖੜ੍ਹੇ ਹੋ ਗਏ—

'ਗੁਰੂ ਗੋਵਿੰਦ ਦੋਨੋ ਖੜ੍ਹੇ, ਕਾਕੇ ਲਾਗੂੰ ਪਾਂਵ?' ਅਤੇ ਜਦ ਦੋਨੋਂ ਖੜ੍ਹੇ ਹੋ ਗਏ, ਤਾਂ ਕਬੀਰ ਨੇ ਪੁਛਿਆ ਕਿ ਮੈਂ ਕਿਸਦੇ ਪੈਰ ਪਹਿਲਾਂ ਛੋਹਾਂ ਅਤੇ ਕਬੀਰ ਨੇ ਗੁਰੂ ਦੇ ਹੀ ਪੈਰ ਛੋਹੇ ਤੇ ਕਿਹਾ *ਬਲਿਹਾਰੀ ਗੁਰੂ ਆਪਕੀ ਜੋ ਗੋਵਿੰਦ ਦਿਯੋ ਬਤਾਯ।'* ਗੁਰੂ ਨੇ ਤਾਂ ਫੌਰਨ ਇਸ਼ਾਰਾ ਕੀਤਾ ਕਿ ਪੈਰ ਛੋਹ ਪਰਮਾਤਮਾ ਦੇ। ਪੁਛਿਆ ਕਬੀਰ ਨੇ : *ਕਿਸਕੇ ਛੂਉਂ ਪਾਂਵ?* ਤਾਂ ਗੁਰੂ ਨੇ ਕਿਹਾ : ਛੋਹ ਪੈਰ ਪਰਮਾਤਮਾ ਦੇ। ਲੇਕਿਨ ਕਬੀਰ ਨੇ ਪੈਰ ਗੁਰੂ ਦੇ ਛੋਹੇ, ਅਤੇ ਕਿਹਾ ਕਿ *'ਬਲਿਹਾਰੀ ਗੁਰੂ ਆਪਕੀ ਜੋ ਗੋਵਿੰਦ ਦਿਯੋ ਬਤਾਯ।'* ਤਾਂ ਪਹਿਲਾਂ ਤਾਂ ਤੇਰੇ ਹੀ ਛੋਹਾਂ, ਕਿਉਂਕਿ ਤੂੰ ਹੀ ਦੱਸ ਰਿਹਾ ਹੈਂ ਕਿ ਗੋਵਿੰਦ ਦੇ ਛੋਹ। ਨੰਬਰ ਦੋ 'ਤੇ ਰਖ ਦਿਤਾ ਗੋਵਿੰਦ ਨੂੰ। ਗੁਰੂ ਨੂੰ ਨੰਬਰ ਇਕ 'ਤੇ ਰਖਿਆ!

ਜਿਥੇ ਆਹਟ ਮਿਲ ਜਾਵੇ ਪ੍ਰਭੂ ਦੀ, ਉਸ ਵਿਅਕਤੀ ਦੇ ਨਾਲ ਫਿਰ ਆਪਣੇ ਸਾਹਾਂ ਦਾ ਤਾਲਮੇਲ ਬਿਠਾਉਣਾ। ਅਤੇ ਗੁਰੂ ਬੈਠ ਗਿਆ ਹੈ ਤਾਲਮੇਲ ਵਿਚ, ਉਸਨੇ ਪਰਮਾਤਮਾ ਦੇ ਹੱਥਾਂ ਵਿਚ ਆਪਣੀ ਵੀਣਾ ਨੂੰ ਛਡਿਆ ਹੈ। ਅਤੇ ਉਸ ਤਾਰ ਪਰਮਾਤਮਾ ਦੇ ਹੱਥਾਂ ਵਿਚ ਸਧ ਗਏ ਹਨ।

ਅਜੇ ਪਰਮਾਤਮਾ ਦੇ ਹੱਥ ਅਤੇ ਤੁਹਾਡੀ ਵੀਣਾ ਵਿਚ ਸ਼ਾਇਦ ਸਬੰਧ ਨਾ ਹੋ ਸਕੇ; ਤਾਂ ਅਜੇ ਗੁਰੂ ਦੇ ਹੱਥ ਵਿਚ ਤੇ ਤੁਹਾਡੀ ਵੀਣਾ 'ਚ ਸਬੰਧ ਹੋ ਜਾਣ ਦੇਣਾ। ਇਸ ਤਰ੍ਹਾਂ ਅਸਿੱਧੇ ਤੌਰ 'ਤੇ ਗੁਰੂ ਦੇ ਮਾਧਿਅਮ ਨਾਲ ਤੁਸੀਂ ਪਰਮਾਤਮਾ ਦੇ ਹੱਥ ਹੇਠ ਆ ਗਏ। ਗੁਰੂ ਪਰਮਾਤਮਾ ਦੇ ਨਾਲ ਸਧ ਗਿਆ ਹੈ, ਤੁਸੀਂ ਗੁਰੂ ਦੇ ਨਾਲ ਸਧਣ ਲਗੇ, ਤੁਹਾਡਾ ਪਰਮਾਤਮਾ ਨਾਲ ਸਧਣਾ ਸ਼ੁਰੂ ਹੋ ਗਿਆ।

ਜਿਸ ਦਿਨ ਤੁਸੀਂ ਪੂਰੀ ਤਰ੍ਹਾਂ ਸਧ ਜਾਓਗੇ, ਅਚਾਨਕ ਤੁਸੀਂ ਪਾਓਗੇ, ਗੁਰੂ ਵਿਚਕਾਰੋਂ ਹਟ ਗਿਆ। ਜਿਹੜਾ ਗੁਰੂ ਵਿਚਕਾਰ ਰਹਿ ਜਾਵੇ, ਉਹ ਗੁਰੂ ਹੀ ਨਹੀਂ ਹੈ। ਇਸਲਈ ਗੁਰੂ ਨੇ ਹੱਥ ਦਾ ਇਸ਼ਾਰਾ ਕੀਤਾ ਕਿ ਤੂੰ ਪਰਮਾਤਮਾ ਦੇ ਪੈਰ ਛੋਹ ਲੈ; ਹੁਣ ਮੇਰਾ ਕੋਈ ਸਵਾਲ ਨਹੀਂ ਰਿਹਾ। ਮੈਂ ਤਦੇ ਤਕ ਸੀ, ਜਦ ਤਕ ਕਿ ਤੂੰ ਸਿੱਧਾ ਨਹੀਂ ਦੇਖ ਸਕਦਾ ਸੀ। ਹੁਣ ਤੈਨੂੰ ਦੋਵੇਂ ਦਿਖਾਈ ਪੈਣ ਲਗੇ। ਹੁਣ ਤਕ ਤੈਨੂੰ ਮੈਂ ਹੀ ਦਿਸਦਾ ਸੀ। ਪਰਮਾਤਮਾ ਸਦਾ ਤੇਰੇ ਕੋਲ ਹੀ ਖੜ੍ਹਾ ਸੀ, ਉਹ ਮੇਰੀ ਵੀਣਾ ਨੂੰ ਵਜਾ ਹੀ ਰਿਹਾ ਸੀ ਅਤੇ ਮੇਰੀ ਵੀਣਾ ਤੋਂ ਤੂੰ ਜੋ ਸੁਣ ਰਿਹਾ ਸੀ, ਉਹ ਉਸਦੇ ਹੀ ਹੱਥਾਂ ਦੀ ਖ਼ਬਰ ਸੀ। ਹੁਣ ਤੈਨੂੰ ਦੋਵੇਂ ਦਿਖਾਈ ਪਏ—ਗੁਰੂ ਗੋਵਿੰਦ ਦੋਨੋਂ ਖੜ੍ਹੇ—ਹੁਣ ਮੇਰੀ ਕੋਈ ਜ਼ਰੂਰਤ ਨਹੀਂ; ਹੁਣ ਤੂੰ ਪੈਰ ਉਹਨਾਂ ਦੇ ਹੀ ਛੋਹ ਲੈ, ਹੁਣ ਤੂੰ ਸਿੱਧਾ ਉਹਨਾਂ ਨਾਲ ਜੁੜ ਜਾ।

ਇਹ ਗਹਿਰੇ ਸ਼ੁਕਰਾਨੇ ਦੀ ਗੱਲ ਹੈ ਕਿ ਕਬੀਰ ਨੇ ਕਿਹਾ, ਕਿ ਮੈਂ ਤੇਰੇ ਚਰਨ ਛੋਹ ਲਵਾਂ। ਇਹ ਆਖ਼ਰੀ ਮੌਕਾ ਹੈ। ਫਿਰ ਸ਼ਾਇਦ ਉਸਦੇ ਬਾਅਦ ਗੁਰੂ ਦਿਖਾਈ ਵੀ ਨਹੀਂ ਪਏਗਾ। ਫਿਰ ਗੁਰੂ ਅਲੋਪ ਹੋ ਜਾਏਗਾ।

ਜੀਸਸ ਨੇ ਦੀਖਿਆ ਲਈ ਸੀ ਜਿਸ ਸੰਤ ਤੋਂ—'ਜਾੱਨ ਦਿ ਬੈਪਟਿੱਸਟ' ਤੋਂ। ਜਿਸ ਦਿਨ ਜਾੱਨ ਨੇ ਜੀਸਸ ਨੂੰ ਦੀਖਿਆ ਦਿਤੀ, ਉਸ ਦਿਨ ਦੇ ਬਾਅਦ ਫਿਰ ਜਾੱਨ ਦਿਖਾਈ ਨਹੀਂ ਪਿਆ। ਬਹੁਤ ਲੋਕਾਂ ਨੇ ਤਲਾਸ਼ ਕੀਤੀ ਕਿ ਕਿਥੇ ਗਿਆ ਜਾੱਨ? ਬਹੁਤ ਲੋਕਾਂ ਨੇ ਭਾਲਿਆ, ਪਰ ਕੋਈ ਪਤਾ ਹੀ ਨਹੀਂ ਲਗਾ। ਫਿਰ ਉਹ ਦਿਖਾਈ ਹੀ ਨਹੀਂ ਪਿਆ। ਤਦ ਉਸਦੇ ਪੁਰਾਣੇ ਸ਼ਿੱਸ਼ਾਂ ਨੇ ਕਿਹਾ ਕਿ ਉਹ ਲਗਾਤਾਰ ਕਹਿੰਦਾ ਹੁੰਦਾ ਸੀ ਕਿ ਮੈਂ ਇਕ ਆਦਮੀ ਦੇ ਲਈ ਰੁਕਿਆ ਹਾਂ—ਜੋ ਮੈਂ ਜਾਣਦਾ ਹਾਂ, ਜਿਹੜਾ ਸੁਰ ਵਜਾਉਣਾ ਮੈਂ ਜਾਣਦਾ ਹਾਂ—ਜਿਸ ਦਿਨ ਉਹ ਆਦਮੀ ਆ ਜਾਏਗਾ, ਜੋ ਐਨ ਉਹੋ –ਜਿਹਾ ਹੀ ਸੁਰ ਵਜਾ ਸਕਦਾ ਹੈ, ਉਸ ਦਿਨ ਮੈਂ ਹਟ ਜਾਵਾਂਗਾ, ਮੈਂ ਥੱਕ ਗਿਆ ਹਾਂ। ਤਾਂ ਜੀਸਸ ਜਿਸ ਦਿਨ ਆ ਗਏ, ਉਸ ਦਿਨ ਜਾੱਨ ਅਲੋਪ ਹੋ ਗਿਆ।

ਗੁਰੂ ਹਟ ਜਾਏਗਾ, ਜਿਵੇਂ ਹੀ ਮਹਾਂਗੁਰੂ ਦੇ ਦਰਸ਼ਨ ਹੋ ਗਏ। ਅਜੇਹਾ ਹੀ ਉਹ ਕਰਦੇ ਹਨ। ਅਤੇ ਜੋ ਅਜੇਹਾ ਨਹੀਂ ਕਰ ਪਾਏਗਾ ਤਾਲਬੱਧ ਆਪਣੇ ਗੁਰੂ ਦੇ ਨਾਲ, ਜਾਂ ਪ੍ਰਭੂ ਦੇ ਨਾਲ, ਉਹ ਟੁੱਟ ਜਾਂਦਾ ਹੈ, ਅਲੱਗ ਸੁੱਟ ਦਿਤਾ ਜਾਂਦਾ ਹੈ।

'ਇਵੇਂ ਹੀ ਉਹ ਕਰਦੇ ਹਨ, ਜੋ ਪਰਛਾਵੇਂ ਦੇ ਮਿੱਤਰ ਹਨ...'

ਜਿਹੜੇ ਆਤਮਾ ਦੇ ਨਹੀਂ, ਪਰਛਾਵੇਂ ਦੇ, ਝੂਠ ਦੇ, ਕੂੜ ਦੇ ਸਾਥੀ ਹਨ, ਉਹ ਆਪਣੀ ਆਤਮਾ ਦੇ ਘਾਤੀ, ਆਪਣੀ ਆਤਮਹੱਤਿਆ ਕਰਨ ਵਾਲੇ ਹਨ। ਆਪਣੇ–ਆਪ ਨੂੰ ਮਿਟਾ ਰਹੇ ਹਨ, ਨਸ਼ਟ ਕਰ ਰਹੇ ਹਨ।...*'ਅਤੇ ਦਾਦ–ਦੁਰਗਪਾ ਜਾਤੀ ਦੇ ਨਾਂ ਨਾਲ ਪੁਕਾਰੇ ਜਾਂਦੇ ਹਨ।'*

ਇਹ ਤਿੱਬਤ ਦੀ ਇਕ ਜਾਤੀ ਹੈ, ਜੋ ਪਰਛਾਵਾਂ–ਸ਼ਖ਼ਸੀਅਤ ਨੂੰ ਵਿਕਸਿਤ ਕਰਨ ਦੀ ਬੜੀ ਕੁਸ਼ਲਤਾ ਪੈਦਾ ਕਰਦੀ ਹੈ। ਅਤੇ ਉਸ ਪਰਛਾਵਾਂ–ਸ਼ਖ਼ਸੀਅਤ ਦੇ ਅਧਾਰ 'ਤੇ ਜੀਂਦੀ ਹੈ, ਅਤੇ ਉਸ ਪਰਛਾਵੇਂ ਦੇ ਕਾਰਨ ਹੀ ਲੋਕਾਂ ਨੂੰ ਸਤਾਉਂਦੀ ਹੈ ਤੇ ਪਰੇਸ਼ਾਨ ਵੀ ਕਰਦੀ ਹੈ। ਕਿਉਂਕਿ ਉਸ ਪਰਛਾਵਾਂ–ਸ਼ਖ਼ਸੀਅਤ ਦਾ ਵੀ ਆਪਣਾ ਵਿਗਿਆਨ ਹੈ, ਜਿਸਨੂੰ ਅਸੀਂ ਬਲੈਕ ਮੈਜਿਕ ਕਹਿੰਦੇ ਹਾਂ, ਜਿਸਨੂੰ ਅਸੀਂ ਕਾਲਾ ਜਾਦੂ ਕਹਿੰਦੇ ਹਾਂ। ਉਸ ਪਰਛਾਵਾਂ–ਸ਼ਖ਼ਸੀਅਤ ਦਾ ਆਪਣਾ ਵਿਗਿਆਨ ਹੈ। ਅਤੇ ਉਸ ਪਰਛਾਵਾਂ–ਸ਼ਖ਼ਸੀਅਤ ਦੀਆਂ ਕਲਾਵਾਂ ਜੇਕਰ ਕੋਈ ਸਿੱਖ ਲਵੇ, ਤਾਂ ਉਹ ਕਲਾਵਾਂ ਉਨੀਆਂ ਹੀ ਖ਼ਤਰਨਾਕ ਹੋ ਸਕਦੀਆਂ ਹਨ, ਜਿੰਨਾ ਕਿ ਅਣੂੰ–ਬੰਬ ਦਾ ਅਨੁਭਵ ਤੇ ਗਿਆਨ ਹੋ ਸਕਦਾ ਹੈ। ਅਣੂ–ਬੰਬ ਸੁੱਟ ਕੇ ਅਸੀਂ ਕਿਸੇ ਵਿਅਕਤੀ ਦੇ ਸਰੀਰ ਨੂੰ ਮਿਟਾ ਸਕਦੇ ਹਾਂ। ਅਤੇ ਜੇ ਕਾਲੇ ਪਰਛਾਵੇਂ ਦਾ ਗਿਆਨ ਸਾਨੂੰ ਹੋ ਜਾਵੇ ਅਤੇ ਉਸਦੇ ਪੂਰੇ ਨਿਯਮ ਸਾਨੂੰ ਪਤਾ ਲਗ ਜਾਣ, ਤਾਂ ਵੀ ਅਸੀਂ ਲੋਕਾਂ ਨੂੰ ਬਹੁਤ ਸਤਾ ਸਕਦੇ ਹਾਂ, ਬਹੁਤ ਪਰੇਸ਼ਾਨ ਕਰ ਸਕਦੇ ਹਾਂ।

ਤਾਂ ਇਹ ਦਾਦ–ਦੁਗਪਾ ਤਿੱਬਤ ਵਿਚ ਇਕ ਜਾਤੀ ਹੈ, ਜਿਸਨੇ ਪੂਰੇ ਦਾ ਪੂਰਾ ਕੰਮ, ਸੈਂਕੜੇ ਵਰ੍ਹਿਆਂ ਵਿਚ, ਮਨੁੱਖ ਦੇ ਪਰਛਾਵੇਂ ਨੂੰ ਪਕੜਨ ਅਤੇ ਪਰਛਾਵੇਂ ਤੋਂ ਕੰਮ ਲੈਣ ਦਾ ਕੀਤਾ ਹੈ। ਉਸਦਾ ਆਪਣਾ ਵਿਗਿਆਨ ਹੈ। ਭੂਤ–ਪ੍ਰੇਤ ਦਾ ਸਾਰਾ ਉਪੱਦਰ ਉਸੇ ਵਿਗਿਆਨ ਦਾ ਹਿੱਸਾ ਹੈ। ਅਤੇ ਤੁਹਾਨੂੰ ਸਤਾਇਆ ਜਾ ਸਕਦਾ ਹੈ। ਕਿਉਂਕਿ ਤੁਹਾਡੇ ਮਨ ਦੇ ਵੀ ਸੂਤਰ ਹਨ। ਅਤੇ ਤੁਹਾਡਾ ਜੋ ਕਾਲਾ ਪਰਛਾਵਾਂ ਹੈ, ਉਸਨੂੰ ਪਕੜਿਆ ਜਾ ਸਕਦਾ ਹੈ।

ਤੁਸੀਂ ਸੁਣਿਆ ਹੋਵੇਗਾ, ਲੇਕਿਨ ਭਰੋਸਾ ਨਹੀਂ ਕੀਤਾ ਹੋਵੇਗਾ, ਕਿ ਜੇ ਤੁਹਾਡੇ ਕਾਲੇ ਪਰਛਾਵੇਂ ਦੀ ਕੁਝ ਜਾਣਕਾਰੀ ਹੋਵੇ, ਤਾਂ ਤੁਹਾਡੀ ਹੱਤਿਆ ਤਕ ਕੀਤੀ ਜਾ ਸਕਦੀ ਹੈ, ਬਿਨਾਂ ਤੁਹਾਨੂੰ ਛੋਹੇ। ਕਿਉਂਕਿ ਉਸ ਕਾਲੇ ਪਰਛਾਵੇਂ ਦੇ ਮਾਧਿਅਮ ਨਾਲਤੁਹਾਡੇ ਤਕ ਕੋਈ ਵੀ ਖ਼ਬਰ ਪੁਜਾਈ ਜਾ ਸਕਦੀ ਹੈ; ਤੁਹਾਥੋਂ ਕੁਝ ਵੀ ਕਰਾਇਆ ਜਾ ਸਕਦਾ ਹੈ; ਨਸ਼ਟ ਕੀਤਾ ਜਾ ਸਕਦਾ ਹੈ ਤੁਹਾਨੂੰ।

ਪਰ ਅਜੇਹੇ ਜਗਤ ਵਿਚ ਪ੍ਰਵੇਸ਼ ਕਰਨ ਵਾਲੇ ਲੋਕ, ਇਸ ਕਾਲੇ ਪਰਛਾਵੇਂ ਦੇ ਜਗਤ ਵਿਚ ਪ੍ਰਵੇਸ਼ ਕਰਨ ਵਾਲੇ ਲੋਕ ਦੂਰ ਹੁੰਦੇ ਚਲੇ ਜਾਂਦੇ ਹਨ ਪ੍ਰਭੂ ਦੇ ਸੰਗੀਤ ਤੋਂ। ਉਹ ਉਹਨਾਂ ਉਖੜੇ ਹੋਏ ਤਾਰਾਂ ਵਾਂਗ ਹੋ ਜਾਂਦੇ ਹਨ, ਜਿਨ੍ਹਾਂ ਨੂੰ ਗਾਇਕ ਨੇ ਵੀਣਾ ਤੋਂ ਅਲੱਗ ਕਰ ਦਿਤਾ। ਜਨਮਾਂ–ਜਨਮਾਂ ਤਕ ਇਹ ਉਪੱਦਰ ਚੱਲ ਸਕਦਾ ਹੈ। ਅਤੇ ਬੜਾ ਕਠਨ ਹੈ ਕਿ ਗਾਇਕ ਫਿਰ ਤੋਂ ਉਹਨਾਂ ਨੂੰ ਵੀਣਾ ਵਿਚ ਲਾ ਲਵੇ। ਉਸਦੀ ਤਿਆਰੀ ਉਹਨਾਂ ਨੂੰ ਕਰਨੀ ਪਏਗੀ। ਉਹਨਾਂ ਨੂੰ ਹਰ ਤਰ੍ਹਾਂ ਨਾਲ ਆਪਣੇ–ਆਪ ਨੂੰ ਸ਼ੁੱਧ ਕਰਨਾ ਪਏਗਾ। ਆਪਣੇ ਕਾਲੇ ਪਰਛਾਵੇਂ ਦਾ ਸਾਰਾ ਸਰੰਜਾਮ ਛਡ ਦੇਣਾ ਪਏਗਾ। ਅਤੇ ਜਦ ਤਕ ਉਹ ਰੇਚਨ 'ਚੋਂ ਨਾ ਗੁਜ਼ਰ ਜਾਣ, ਅਤੇ ਆਪਣੇ ਸਾਰੇ ਰੋਗਾਂ ਤੋਂ ਮੁਕਤ ਨਾ ਹੋ ਜਾਣ, ਤਦ ਤਕ ਉਹ ਮੁੜ ਪਰਵਾਨ ਨਹੀਂ ਹੋਣਗੇ ਕਿ ਵੀਣਾ ਵਿਚ ਜੋੜ ਲਏ ਜਾਣ।

'ਪ੍ਰਕਾਸ਼ ਦੇ ਅਭਿਲਾਖੀ, ਕੀ ਤੂੰ ਆਪਣੀ ਸੱਤਾ ਨੂੰ ਮਨੁੱਖਤਾ ਦੀ ਮਹਾਨ ਪੀੜ ਦੇ ਨਾਲ ਇਕ ਕਰ ਲਿਆ ਹੈ?'

'ਕੀ ਤੂੰ ਅਜੇਹਾ ਕੀਤਾ ਹੈ? ਤਦ ਤੂੰ ਪ੍ਰਵੇਸ਼ ਕਰ ਸਕਦਾ ਹੈਂ। ਤਾਂ ਵੀ ਚੰਗਾ ਹੈ ਕਿ ਸ਼ੋਕ ਦੇ ਦੁਰਗਮ ਰਾਹ 'ਤੇ ਪੈਰ ਧਰਨ ਤੋਂ ਪਹਿਲਾਂ ਤੂੰ ਉਸਦੇ ਊਚ–ਨੀਚ ਨੂੰ, ਉਸ ਦੀਆਂ ਕਠਿਨਾਈਆਂ ਨੂੰ ਸਮਝ ਲਵੇਂ।'

ਇਹ ਬੜੀ ਗਹਿਰੀ ਚਿਤਾਵਨੀ ਹੈ। ਅਸੀਂ ਅਨੰਦ ਦੀ ਤਲਾਸ਼ ਵਿਚ ਹਾਂ, ਅਸੀਂ ਮਹਾਂਅਨੰਦ ਚਾਹੁੰਦੇ ਹਾਂ। ਲੇਕਿਨ ਮਹਾਂਅਨੰਦ ਤੋਂ ਪਹਿਲਾਂ ਸਾਨੂੰ ਮਹਾਂਸ਼ੋਕ ਦੇ ਨਾਲ ਇਕ ਹੋ ਜਾਣਾ ਪਏਗਾ। ਕਿਉਂਕਿ ਜਗਤ ਵਿਚ ਕੋਈ ਪਹਾੜ ਦੇ ਸਿਖਰ ਨਹੀਂ ਹੋ ਸਕਦੇ, ਜਦ ਤਕ ਉਹਨਾਂ ਦੇ ਕੋਲ ਡੂੰਘੀਆਂ ਖਾਈਆਂ ਨਾ ਹੋਣ। ਛੋਟਾ–ਮੋਟਾ ਸੁਖ, ਤਾਂ ਛੋਟਾ–ਮੋਟਾ ਦੁਖ ਦਾ ਖੱਡਾ ਹੁੰਦਾ ਹੈ। ਮਹਾਂਅਨੰਦ ਹੋਵੇ, ਤਾਂ ਫਿਰ ਮਹਾਂਦੁਖ ਦੀ ਖਾਈ ਵੀ ਉਸਦੇ ਕੋਲ ਹੁੰਦੀ ਹੈ।

ਅਜੇਹਾ ਨਾ ਸੋਚਣਾ ਕਿ ਬੁੱਧ ਸਿਰਫ ਮਹਾਂਅਨੰਦ ਦੇ ਸਿਖਰ 'ਤੇ ਹਨ। ਉਹ ਹੈਨ, ਲੇਕਿਨ ਉਸ ਮਹਾਂਅਨੰਦ ਦੇ ਚਾਰੇ ਪਾਸੇ ਹੋਰ ਮਹਾਂਪੀੜ ਦੀਆਂ ਖਾਈਆਂ ਵੀ ਹਨ। ਯਕੀਨਨ ਹੀ ਉਹ ਆਪਣੀਆਂ ਨਹੀਂ ਹਨ, ਉਹਨਾਂ ਦੀਆਂ। ਇਸਲਈ ਉਹ ਸਿਖਰ ਬਣ ਸਕੇ। ਪਰ ਉਹਨਾਂ ਨੇ ਪੂਰੀ ਮਨੁੱਖਤਾ ਦੀਆਂ ਪੀੜਾਂ ਨੂੰ ਛੋਹ ਲਿਆ।

ਅਤੇ ਜੇ ਮਹਾਂਵੀਰ ਪੈਰ ਫੂਕ–ਫੂਕ ਕੇ ਧਰਨ ਲਗਦੇ ਹਨ ਕੀੜੀਆਂ ਤੋਂ, ਤੁਸੀਂ ਇਹ ਨਾ ਸੋਚਣਾ ਕਿ ਇਹ ਕੋਈ ਕੈਲਕੁਲੇਟਿਡ ਹੈ, ਕਿ ਇਹ ਕੋਈ ਗਣਿਤ ਹੈ, ਕਿ ਕੀੜੀ ਨਹੀਂ ਮਰੇਗੀ, ਤਾਂ ਮੈਂ ਸਵਰਗ ਅਤੇ ਮੋਕਸ਼ ਚਲਿਆ ਜਾਵਾਂਗਾ।

ਉਹਨਾਂ ਦੇ ਪਿਛੇ ਚੱਲਣ ਵਾਲੇ ਅਜੇਹੇ ਹੀ ਗਣਿਤ ਨਾਲ ਚਲਦੇ ਹਨ? ਲੇਕਿਨ ਉਹ ਗਣਕਾਂ ਦੀ ਜਾਤੀ ਗਣਿਤ ਨਾਲ ਹੀ ਚੱਲ ਸਕਦੀ ਹੈ—ਹਿਸਾਬ ਰਖਦੀ ਹੈ, ਕਿ ਕਿੰਨੀਆਂ ਕੀੜੀਆਂ ਬਚਾਈਆਂ! ਕਿੰਨਾ ਪਾਣੀ ਛਾਣ ਕੇ ਪੀਤਾ! ਉਸ ਵਿਚ ਹਿਸਾਬ ਹੈ—ਇਸਦਾ ਬਦਲਾ ਮੰਗਣਗੇ ਉਹ! ਤਾਂ ਖੜ੍ਹੇ ਹੋ ਜਾਣਗੇ ਪਰਮਾਤਮਾ ਦੇ ਸਾਹਮਣੇ ਕਿ ਦੇਖ, ਇੰਨੀ–ਇੰਨੀ ਹਿੰਸਾ ਮੈਂ ਨਹੀਂ ਕੀਤੀ ਹੈ, ਉਸਦਾ ਕੀ ਮੁਆਵਜ਼ਾ ਹੈ?

ਨਹੀਂ, ਮਹਾਂਵੀਰ ਮੁਆਵਜ਼ੇ ਦੇ ਲਈ ਅਜੇਹਾ ਨਹੀਂ ਕਰ ਰਹੇ ਹਨ। ਉਹ ਜੋ ਮਹਾਂਜੀਵਨ ਨਾਲ ਇਕਾਤਮ ਹੋ ਗਿਆ ਹੈ, ਉਸ ਵਿਚ ਸਾਰਿਆਂ ਦੀ ਪੀੜ ਵੀ ਉਹਨਾਂ ਦੀ ਆਪਣੀ ਹੋ ਗਈ ਹੈ। ਹੁਣ ਇਹ ਕੀੜੀ ਦਾ ਸਵਾਲ ਨਹੀਂ, ਜੋ ਉਹਨਾਂ ਦੇ ਪੈਰ ਹੇਠ ਦੱਬੀ ਜਾਏਗੀ, ਇਹ ਦੂਜੇ ਮਹਾਂਵੀਰ ਦਾ ਸਵਾਲ ਹੈ, ਜੋ ਇਸ ਮਹਾਂਵੀਰ ਦੇ ਪੈਰ ਹੇਠ ਦੱਬਿਆ ਜਾਏਗਾ।

ਮਹਾਂਅਨੰਦ ਦੇ ਕੋਲ ਮਹਾਂਪੀੜ ਦੀਆਂ ਵੀ ਖਾਈਆਂ ਹਨ। ਲੇਕਿਨ ਇਹ ਆਪਣੀਆਂ ਨਹੀਂ ਹਨ। ਇਹੀ ਫਰਕ ਹੈ ਨਿਗੂਣੇ ਆਦਮੀ ਦਾ ਕਿ ਸੁਖ ਵੀ ਆਪਣਾ ਹੈ, ਦੁਖ ਵੀ ਆਪਣਾ। ਮਹਾਂ ਸ਼ਖਸੀਅਤ ਦਾ ਦੁਖ ਵੀ ਆਪਣਾ ਨਹੀਂ ਹੈ ਤੇ ਸੁਖ ਵੀ ਆਪਣਾ ਨਹੀਂ ਹੈ। ਇਹ ਮਹਾਂਖਾਈਆਂ ਵੀ ਹੋਰਨਾਂ ਦੀਆਂ ਹਨ, ਅਤੇ ਇਹ ਸਿਖਰ ਵੀ ਹੁਣ ਸਿਰਫ ਹੋਰਾਂ ਦੇ ਭਵਿੱਖ ਦੀਆਂ ਸੰਭਾਵਨਾਵਾਂ ਹਨ।

ਹੁਣ ਬੁੱਧ ਨੂੰ ਨਾ ਸੁਖ ਹੈ, ਅਤੇ ਨਾ ਦੁਖ ਹੈ। ਇਸਲਈ ਬੁੱਧ ਨੇ ਨਹੀਂ ਕਿਹਾ ਕਿ ਨਿਰਵਾਣ ਵਿਚ ਅਨੰਦ ਹੋਵੇਗਾ। ਬੁੱਧ ਨੇ ਕਿਹਾ, ਨਿਰਵਾਣ ਵਿਚ ਹੋਵੇਗੀ ਪਰਮ ਸ਼ਾਂਤੀ। ਨਾ ਹੋਵੇਗਾ ਸੁਖ, ਨਾ ਹੋਵੇਗਾ ਦੁਖ।

ਸਭ ਹੋਰਨਾਂ ਦਾ ਰਹਿ ਜਾਏਗਾ, ਖ਼ੁਦ ਦਾ ਕੁਝ ਵੀ ਨਹੀਂ ਹੋਵੇਗਾ। ਅਤੇ ਜਦ ਖ਼ੁਦ ਦਾ ਕੁਝ ਵੀ ਨਹੀਂ ਹੁੰਦਾ, ਤਾਂ ਖ਼ੁਦ ਵੀ ਨਹੀਂ ਬਚਦਾ ਹੈ। ਤਦ ਸਰਵ ਹੀ ਬਚ ਰਹਿੰਦਾ ਹੈ।

ਪੰਜਵਾਂ ਪ੍ਰਵਚਨ

ਪ੍ਰਵੇਸ਼ ਦੁਆਰ

ਦਾਨ, ਪ੍ਰੇਮ ਅਤੇ ਕਰੁਣਾ ਦੀ ਕੁੰਜੀ ਪਾ ਕੇ ਤੂੰ ਦਾਨ ਦੇ ਦੁਆਰ 'ਤੇ ਸੁਰੱਖਿਅਤ ਖੜ੍ਹਾ ਹੋਵੇਂਗਾ। ਇਹੀ ਰਾਹ ਦਾ ਪ੍ਰਵੇਸ਼ ਦੁਆਰ ਹੈ।

ਓ ਪ੍ਰਸੰਨ ਤੀਰਥ ਯਾਤਰੀ, ਦੇਖ ਜੋ ਦੁਆਰ ਤੈਨੂੰ ਦਿਸ ਰਿਹਾ ਹੈ, ਉਹ ਉੱਚਾ ਤੇ ਵਡਾ ਹੈ ਅਤੇ ਪ੍ਰਵੇਸ਼ ਦੇ ਲਈ ਅਸਾਨ ਜਾਪਦਾ ਹੈ। ਅਤੇ ਉਸ ਤੋਂ ਹੋ ਕੇ ਜੋ ਰਾਹ ਜਾਂਦਾ ਹੈ, ਉਹ ਸਿੱਧਾ ਤੇ ਪੱਧਰਾ ਅਤੇ ਹਰਿਆ-ਭਰਿਆ ਹੈ। ਹਨੇਰੇ ਵਣ ਦੀਆਂ ਗਹਿਰਾਈਆਂ ਵਿਚ ਇਹ ਰੋਸ਼ਨ ਵਣ-ਪੰਥ ਦੀ ਤਰ੍ਹਾਂ ਹੈ—ਇਕ ਸਥਾਨ ਜੋ ਅਮਿਤਾਭ ਦੇ ਸਵਰਗ ਤੋਂ ਝਲਕਦਾ ਹੈ, ਉਹ ਚਮਕੀਲੇ ਖੰਭਾਂ ਵਾਲੇ ਪੰਛੀ, ਆਸ ਦੇ ਬੁਲਬੁਲ ਹਰੇ ਲਤਾ-ਬੂੰਟਾਂ ਵਿਚ ਬੈਠ ਕੇ ਨਿਰਭੈ ਯਾਤਰੀਆਂ ਦੇ ਲਈ ਸਫਲਤਾ ਦੇ ਗੀਤ ਗਾਉਂਦੇ ਹਨ। ਉਹ ਬੋਧਿਸੱਤਵ ਦੇ ਪੰਜ ਸਦਗੁਣਾਂ ਨੂੰ ਗਾਉਂਦੇ ਹਨ। ਜੋ ਬੋਧਿਸੱਤਵ ਦੇ ਪੰਜ ਸੋਮੇ ਹਨ, ਅਤੇ ਉਹ ਗਿਆਨ ਦੇ ਸੱਤ ਪੜਾਵਾਂ ਨੂੰ ਗਾਉਂਦੇ ਹਨ।

ਵਧਿਆ ਚੱਲ, ਕਿਉਂਕਿ ਤੂੰ ਕੁੰਜੀ ਲਿਆਇਆ ਹੈਂ, ਤੂੰ ਸੁਰੱਖਿਅਤ ਹੈਂ।

ਅਤੇ ਜੋ ਦੂਜਾ ਦੁਆਰ ਹੈ, ਉਸਦਾ ਰਾਹ ਵੀ ਹਰਿਆਵਲ ਨਾਲ ਭਰਿਆ ਹੈ, ਪਰ ਉਹ ਚੜ੍ਹਾਈ ਵਾਲਾ ਹੈ ਅਤੇ ਉਪਰ ਵਲ ਨੂੰ ਜਾਂਦਾ ਹੈ। ਹਾਂ, ਉਸਦੇ ਚੱਟਾਨੀ ਮਸਤਕ ਨੂੰ ਤਾਂ ਦੇਖ। ਉਸਦੇ ਖੁਰਦਰੇ ਤੇ ਪਥਰੀਲੇ ਸਿਖਰਾਂ ਉੱਤੇ ਭੂਰੀ-ਭੂਰੀ ਧੁੰਦ ਛਾਈ ਹੋਵੇਗੀ, ਅਤੇ ਉਸ ਤੋਂ ਅੱਗੇ ਸਭ ਹਨੇਰ ਭਰਿਆ ਹੋਵੇਗਾ। ਜਿਵੇਂ-ਜਿਵੇਂ ਉਹ ਵਧਦਾ ਹੈ, ਤੀਰਥਯਾਤਰੂ ਦੇ ਹਿਰਦੇ ਵਿਚ ਆਸ ਦਾ ਗੀਤ ਮੱਧਮ ਤੋਂ ਮੱਧਮ ਪੈ ਜਾਂਦਾ ਹੈ। ਹੁਣ ਉਸਦੇ ਉਪਰ ਸ਼ੰਕਾ ਦਾ ਬੋਝ ਹੈ ਅਤੇ ਉਸਦੇ ਕਦਮ ਅਸਥਿਰ ਹੁੰਦੇ ਜਾਂਦੇ ਹਨ।

ਓ ਸਾਧਕ, ਇਸ ਕੋਲੋਂ ਸਾਵਧਾਨ ਰਹਿ। ਉਸ ਭੈ ਤੋਂ ਸਾਵਧਾਨ, ਜੋ ਤੇਰੀ ਆਤਮਾ ਦੀ ਚਾਨਣੀ ਅਤੇ ਬਹੁਤ ਦੂਰ ਵਿਚ ਫੈਲੀ ਤੇਰੀ ਮਹਾਨ ਮੰਜ਼ਲ ਦੇ ਵਿਚਾਲੇ ਅੱਧੀ ਰਾਤ ਦੇ ਚਮਗਿੱਦੜ ਦੇ ਕਾਲੇ ਤੇ ਬੇਅਵਾਜ਼ ਖੰਭਾਂ ਦੀ ਤਰ੍ਹਾਂ ਫੈਲਿਆ ਹੋਇਆ ਹੈ।

ਪ੍ਰਕਾਸ਼ ਨਾਲ ਓਤ-ਪ੍ਰੋਤ ਪਰਬਤ ਸਿਖਰ ਬਹੁਤ ਨਜ਼ਦੀਕ ਪ੍ਰਤੀਤ ਹੁੰਦੇ ਹਨ, ਪਰ ਉਹਦੇ ਲਈ ਜੋ ਯਾਤਰਾ 'ਤੇ ਨਹੀਂ ਹੈ; ਜਿਹੜਾ ਯਾਤਰਾ 'ਤੇ ਤੁਰਦਾ ਹੈ, ਉਸਨੂੰ ਪਤਾ ਲਗਦਾ ਹੈ, ਕਿ ਸਿਖਰ ਇੰਨੇ ਨਜ਼ਦੀਕ ਜਾਪਦੇ ਸੀ, ਉਹ ਇੰਨੇ ਨਜ਼ਦੀਕ ਨਹੀਂ, ਬਹੁਤ ਦੂਰ ਹਨ। ਅਤੇ ਜਿਹੜਾ ਯਾਤਰਾ 'ਤੇ ਤੁਰਦਾ ਹੈ, ਉਸਨੂੰ ਇਹ ਵੀ ਪਤਾ ਲਗਦਾ ਹੈ ਕਿ ਰਾਹ ਅਸਾਨ ਨਹੀਂ ਹੈ। ਅਤੇ ਜਿਵੇਂ-ਜਿਵੇਂ ਸਿਖਰ ਕਰੀਬ ਆਉਂਦਾ ਜਾਏਗਾ, ਉਵੇਂ-ਉਵੇਂ ਰਾਹ ਕਠਨ ਹੁੰਦਾ ਜਾਏਗਾ। ਮੰਜ਼ਲ ਦੇ ਅੰਤਮ ਛਿਨ ਅਤਿ ਕਠਨਾਈ ਦੇ ਹਨ। ਅਤੇ ਇਕ-ਇਕ ਪੈਰ ਚੁੱਕਣਾ ਬੋਝਲ ਹੋ ਜਾਂਦਾ ਹੈ। ਜਿੰਨੇ ਅਸੀਂ ਦੂਰ ਹਾਂ ਮੰਜ਼ਲ ਤੋਂ, ਉੰਨਾ ਅਸਾਨ ਜਾਪਦਾ ਹੈ। ਇਸਦੇ ਬਹੁਤ ਕਾਰਨ ਹਨ।

ਇਕ ਤਾਂ, ਸਿਖਰ ਦਿਖਾਈ ਪੈਂਦਾ ਹੈ, ਰਾਹ ਦਿਖਾਈ ਨਹੀਂ ਪੈਂਦਾ। ਸਿਖਰ ਖਿੱਚ ਪਾਉਂਦਾ ਹੈ, ਨਿਸ਼ਾਨਾ, ਪਹੁੰਚ-ਸਥਾਨ ਪੁਕਾਰਦਾ ਹੈ; ਲੇਕਿਨ ਵਿਚਕਾਰਲੇ ਉੱਚੇ-ਨੀਵੇਂ ਵਲੇਵੇਂਦਾਰ ਰਾਹਾਂ ਦਾ, ਸਿਖਰ ਨੂੰ ਦੇਖ ਕੇ, ਕੋਈ ਅੰਦਾਜ਼ਾ ਨਹੀਂ ਲਗਦਾ। ਉਸ ਕਸ਼ਿਸ਼ 'ਚ ਖਿਚਿਆ ਹੋਇਆ ਵਿਅਕਤੀ ਸਿਖਰ ਤਕ ਵੀ ਪਹੁੰਚ ਜਾਂਦਾ ਹੈ; ਪਰ ਜਿਵੇਂ-ਜਿਵੇਂ ਤੁਰਦਾ ਹੈ, ਉਵੇਂ-ਉਵੇਂ ਕਠਨਾਈ ਪ੍ਰਤੀਤ ਹੁੰਦੀ ਹੈ।

ਸੁਭਾਵਕ ਹੈ ਕਿ ਜਿਹੜੇ ਤੁਰਨਗੇ, ਉਹਨਾਂ ਨੂੰ ਹੀ ਕਠਨਾਈ ਵੀ ਮਹਿਸੂਸ ਹੋਵੇਗੀ। ਜਿਹੜੇ ਬੈਠੇ ਰਹਿਣਗੇ, ਉਹਨਾਂ ਨੂੰ ਕੋਈ ਵੀ ਕਠਨਾਈ ਨਹੀਂ ਹੈ। ਐਪਰ ਜਿਹੜੇ ਬੈਠੇ ਰਹਿਣਗੇ, ਉਹ ਕੁਝ ਹਾਸਲ ਵੀ ਨਹੀਂ ਕਰ ਸਕਣਗੇ। ਅਤੇ ਜਿਹੜੇ ਬੈਠੇ ਰਹਿਣਗੇ, ਸਿਵਾਇ ਖੋਣ ਦੇ ਉਹਨਾਂ ਦੀ ਜ਼ਿੰਦਗੀ ਵਿਚ ਹੋਰ ਕੋਈ ਘਟਨਾ ਨਹੀਂ ਵਾਪਰੇਗੀ। ਯਕੀਨਨ ਹੀ ਜਿਹੜੇ ਬੈਠੇ ਰਹਿੰਦੇ ਹਨ, ਉਹਨਾਂ ਤੋਂ ਭੁੱਲ ਵੀ ਨਹੀਂ ਹੁੰਦੀ; ਉਹ ਕਦੇ ਰਾਹ ਤੋਂ ਵੀ ਨਹੀਂ ਭਟਕਦੇ। ਕਿਉਂਕਿ ਜਿਹੜਾ ਰਾਹ 'ਤੇ ਤੁਰਿਆ ਹੀ ਨਹੀਂ, ਉਹ ਰਾਹ ਤੋਂ ਭਟਕੇਗਾ ਕਿਵੇਂ? ਜਿਹੜੇ ਤੁਰਦੇ ਹਨ, ਉਹਨਾਂ ਤੋਂ ਭੁੱਲਾਂ ਹੁੰਦੀਆਂ ਹਨ ਅਤੇ ਉਹਨਾਂ ਦਾ ਰਾਹ ਤੋਂ ਭਟਕਣਾ ਵੀ ਮੁਮਕਿਨ ਹੋ ਜਾਂਦਾ ਹੈ।

ਅਤੇ ਜਿੰਨਾ ਸਿਖਰ ਨੇੜੇ ਹੁੰਦਾ ਹੈ, ਉਨੀਆਂ ਹੀ ਖਾਈਆਂ ਚਾਰ–ਚੁਫੇਰੇ ਤੋਂ ਘੇਰ ਲੈਂਦੀਆਂ ਹਨ। ਭਟਕਣ ਸਿਖਰ ਦੇ ਕਰੀਬ ਹੋਣ 'ਤੇ ਹੋਰ ਵਧ ਜਾਂਦੀ ਹੈ। ਸਮਤਲ ਰਾਹ 'ਤੇ ਕੋਈ ਭਟਕ ਵੀ ਜਾਵੇ, ਤਾਂ ਕੀ ਹਰਜ਼ ਹੋਵੇਗਾ? ਲੇਕਿਨ ਪਹਾੜਾਂ ਦੀਆਂ ਉਚਾਈਆਂ 'ਤੇ ਜਦ ਕੋਈ ਭਟਕ ਜਾਂਦਾ ਹੈ, ਤਾਂ ਜ਼ਿੰਦਗੀ ਖ਼ਤਰੇ ਵਿਚ ਹੁੰਦੀ ਹੈ; ਉਥੇ ਇਕ–ਇਕ ਕਦਮ ਮੌਤ ਹੋ ਸਕਦੀ ਹੈ।

ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰਖ ਕੇ ਇਸ ਸੂਤਰ ਦਾ ਅਰੰਭ ਹੈ। ਇਹ ਰਾਹ ਦੀਆਂ ਕਠਨਾਈਆਂ ਹੋਰ ਵੀ ਹਨ। ਇਕ ਤਾਂ, ਇਕੱਲੇ ਦੀ ਯਾਤਰਾ ਹੈ ਇਹ, ਜਿਥੇ ਕੋਈ ਸੰਗੀ–ਸਾਥੀ ਨਹੀਂ ਹੁੰਦਾ। ਆਪਣੇ ਹੀ ਹੌਂਸਲੇ, ਆਪਣੇ ਹੀ ਬਲ, ਆਪਣੀ ਹੀ ਸ਼ਰਧਾ ਦਾ ਸਹਾਰਾ ਹੁੰਦਾ ਹੈ। ਫਿਰ ਇਸ ਰਾਹ ਤੇ ਬਣੇ–ਬਣਾਏ ਪੰਧ ਵੀ ਨਹੀਂ ਹਨ। ਚੱਲਣ ਨਾਲ ਹੀ ਰਾਹ ਬਣਦਾ ਹੈ। ਚੱਲਣ ਤੋਂ ਪਹਿਲਾਂ ਕੋਈ ਰਾਹ ਨਹੀਂ ਹੈ, ਜਿਸ 'ਤੇ ਤੁਸੀਂ ਤੁਰ ਜਾਵੋ।

ਅਧਿਆਤਮ ਦੀ ਯਾਤਰਾ ਅਸਮਾਨ ਵਿਚ ਉਡਦੇ ਹੋਏ ਪੰਛੀਆਂ ਦੇ ਵਾਂਗ ਹੈ। ਪੰਛੀਆਂ ਦੇ ਪੈਰਾਂ ਦੇ ਕੋਈ ਨਿਸ਼ਾਨ ਤਾਂ ਬਣਦੇ ਨਹੀਂ ਕਿ ਪਿਛੋਂ ਆਉਣ ਵਾਲੇ ਪੰਛੀ ਉਹਨਾਂ ਪੈਰਾਂ ਦੇ ਨਿਸ਼ਾਨਾਂ ਨੂੰ ਪਕੜ ਕੇ ਯਾਤਰਾ ਕਰ ਲੈਣ। ਪੰਛੀ ਉਡਦੇ ਹਨ ਅਸਮਾਨ ਵਿਚ, ਲੇਕਿਨ ਪਿਛੇ ਦਾ ਪੰਧ ਵੀ ਉਹਨਾਂ ਦੇ ਉੱਡਣ ਦੇ ਨਾਲ ਹੀ ਖੋ ਜਾਂਦਾ ਹੈ। ਅਧਿਆਤਮ ਜ਼ਮੀਨ 'ਤੇ ਚੱਲਣ ਵਾਲੀ ਯਾਤਰਾ ਨਹੀਂ ਹੈ। ਨਿਸਚਿਤ ਹੀ ਜਿੰਨੇ ਅਸੀਂ ਉਪਰ ਜਾਂਦੇ ਹਾਂ, ਉਨੀ ਹੀ ਯਾਤਰਾ ਅਕਾਸ਼ੀ ਹੋ ਜਾਂਦੀ ਹੈ। ਜ਼ਮੀਨ ਉਤੇ ਤਾਂ ਪੈੜਾਂ ਬਣ ਜਾਂਦੀਆਂ ਹਨ, ਮਿੱਟੀ ਉਹਨਾਂ ਪੈੜਾਂ ਨੂੰ ਸੰਭਾਲ ਲੈਂਦੀ ਹੈ ਅਤੇ ਅਸੀਂ ਉਹਨਾਂ ਦੇ ਮਗਰ ਲਗ ਸਕਦੇ ਹਾਂ। ਜਿਹੜੇ ਪਹਿਲਾਂ ਗਏ ਹਨ, ਉਹਨਾਂ ਦੀ ਲਕੀਰ ਉਤੇ ਜਾਣ ਦਾ ਉਪਾਅ ਹੈ ਜ਼ਮੀਨ ਦੀ ਯਾਤਰਾ ਵਿਚ। ਅਸਮਾਨ ਦੀ ਯਾਤਰਾ ਵਿਚ ਉਹਨਾਂ ਦੇ ਰਾਹ 'ਤੇ ਚੱਲਣ ਦਾ ਕੋਈ ਉਪਾਅ ਨਹੀਂ। ਕਿਉਂਕਿ ਰਾਹ ਛੁਟ ਨਹੀਂ ਜਾਂਦਾ, ਕੋਈ ਪੈੜਾਂ ਨਹੀਂ ਹੁੰਦੀਆਂ।

ਅਤੇ ਅਸਮਾਨ ਤੋਂ ਵੀ ਜ਼ਿਆਦਾ ਸੂੰਨਯ ਹੈ ਅਧਿਆਤਮ। ਉਥੇ ਤਾਂ ਕੋਈ ਨਿਸ਼ਾਨ ਨਹੀਂ ਛੁੱਟਦਾ। ਉਥੇ ਰਾਹ ਦੇ ਕੰਢੇ ਲਗੇ ਹੋਏ ਮੀਲ ਦੇ ਪੱਥਰ ਵੀ ਨਹੀਂ ਹਨ, ਜਿਹੜੇ ਖ਼ਬਰਾਂ ਦੇਣ। ਉਥੇ ਤਾਂ ਚੱਲਣਾ ਤੇ ਰਾਹ ਦਾ ਬਣਨਾ ਨਾਲ–ਨਾਲ ਹੀ ਹੁੰਦਾ ਹੈ। ਉਥੇ ਤਾਂ ਜਿੰਨਾ ਅਸੀਂ ਚਲਦੇ ਹਾਂ, ਉਨਾ ਰਾਹ ਬਣ ਜਾਂਦਾ ਹੈ। ਅਤੇ ਇਸਲਈ ਕਠਨਾਈ ਬਹੁਤ ਵਧ ਜਾਂਦੀ ਹੈ।

ਨਾ ਕੋਈ ਨਕਸ਼ਾ ਹੁੰਦਾ ਹੈ ਹੱਥ ਵਿਚ—ਕਿਉਂਕਿ ਵਿਰਾਟ ਦਾ ਕੀ ਨਕਸ਼ਾ ਹੋ ਸਕੇਗਾ? ਛੋਟੀ ਚੀਜ਼ ਦੇ ਨਕਸ਼ੇ ਹੋ ਸਕਦੇ ਹਨ; ਵਿਰਾਟ ਦਾ ਕੋਈ ਨਕਸ਼ਾ ਵੀ ਨਹੀਂ ਹੈ, ਜਿਸਨੂੰ ਲੈ ਕੇ ਅਸੀਂ ਜਾਈਏ ਅਤੇ ਨਕਸ਼ੇ ਨਾਲ ਤਾਲਮੇਲ ਬਿਠਾਉਂਦੇ ਰਹੀਏ ਕਿ ਰਾਹ ਠੀਕ ਹੈ ਜਾਂ ਨਹੀਂ। ਨਕਸ਼ੇ ਤੋਂ ਰਹਿਤ ਯਾਤਰਾ ਹੈ। ਕੋਈ ਪੁੱਜਣ–ਸਥਾਨ ਨੂੰ ਦੱਸਣ ਵਾਲਾ, ਦਿਸ਼ਾਵਾਂ ਦੀ ਸੂਚਨਾ ਦੇਣ ਵਾਲਾ ਇੰਤਜ਼ਾਮ ਵੀ ਨਹੀਂ ਹੈ। ਕੋਈ ਯੰਤਰ ਨਹੀਂ ਹੈ, ਜਿਸ ਤੋਂ ਪਤਾ ਲਗੇ ਕਿ ਅਸੀਂ ਪੂਰਬ ਜਾ ਰਹੇ ਹਾਂ, ਕਿ ਦੱਖਣ, ਕਿ ਪੱਛਮ, ਕਿ ਉੱਤਰ। ਕਿਉਂ? ਕਿਉਂਕਿ ਅਧਿਆਤਮ ਗਿਆਰ੍ਹਵੀਂ ਦਿਸ਼ਾ ਹੈ। ਦਸ ਦਿਸ਼ਾ ਨੂੰ

ਨਾਪਣ ਦੇ ਉਪਾਅ ਹਨ। ਅੱਠ ਦਿਸ਼ਾਵਾਂ ਦਾ ਸਾਨੂੰ ਪਤਾ ਹੈ, ਇਕ ਹੇਠਾਂ ਜਾਣ ਵਾਲੀ, ਇਕ ਉਪਰ ਜਾਣ ਵਾਲੀ; ਦੋ ਦਿਸ਼ਾਵਾਂ ਅਸੀਂ ਹੋਰ ਜੋੜ ਲਈਏ, ਤਾਂ ਦਸ ਦਿਸ਼ਾਵਾਂ ਹੋ ਜਾਂਦੀਆਂ ਹਨ।

ਅਧਿਆਤਮ ਗਿਆਰ੍ਹਵੀਂ ਦਿਸ਼ਾ ਹੈ—ਨਾ ਤਾਂ ਪੂਰਬ ਜਾਂਦੀ ਹੈ, ਨਾ ਪੱਛਮ, ਨਾ ਦੱਖਣ, ਨਾ ਉੱਤਰ; ਨਾ ਇਹਨਾਂ ਦੀਆਂ ਵਿਚਕਾਰਲੀਆਂ ਦਿਸ਼ਾਵਾਂ ਵਿਚ, ਨਾ ਉਪਰ ਤੇ ਨਾ ਹੇਠਾਂ। ਅਧਿਆਤਮ ਜਾਂਦਾ ਹੈ ਅੰਦਰ। ਭੂਗੋਲ ਵਿਚ ਅੰਦਰ ਦੀ ਕੋਈ ਦਿਸ਼ਾ ਨਹੀਂ ਹੈ। ਇਹ ਜੋ ਅੰਦਰ ਦੀ ਦਿਸ਼ਾ ਹੈ, ਇਸਨੂੰ ਦੱਸਣ ਵਾਲਾ ਕੋਈ ਯੰਤਰ ਨਹੀਂ ਹੈ। ਅਤੇ ਇਸ ਅੰਦਰ ਦੀ ਦਿਸ਼ਾ ਵਿਚ ਸਿਰਫ ਸ਼ੂੰਨਯ ਹੀ ਹੈ। ਉਥੇ ਫਿਰ ਨਾ ਪੂਰਬ ਹੈ, ਨਾ ਉੱਤਰ ਹੈ, ਨਾ ਦੱਖਣ; ਨਾ ਉਪਰ ਹੈ, ਨਾ ਹੇਠ।

ਇਸਲਈ ਕੋਈ ਪਤਾ ਨਹੀਂ ਲਗਦਾ। ਕੋਈ ਦਿਸ਼ਾ-ਸੂਚਕ ਯੰਤਰ ਨਹੀਂ ਕਿ ਅਸੀਂ ਕਿਥੇ ਜਾ ਰਹੇ ਹਾਂ? ਅਤੇ ਜਿਥੇ ਅਸੀਂ ਜਾ ਰਹੇ ਹਾਂ, ਇਕ-ਇਕ ਇੰਚ ਜਿਥੇ ਅਸੀਂ ਮਿਹਨਤ ਨਾਲ ਸਰਕ ਰਹੇ ਹਾਂ—ਇੰਨੀ ਮਿਹਨਤ, ਅਤੇ ਇੰਨਾ ਹੌਸਲਾ ਅਤੇ ਸ਼ਕਤੀ ਲਾ ਰਹੇ ਹਾਂ, ਉਹ ਕਿਥੇ ਹੈ? ਕਿਸ ਦਿਸ਼ਾ ਵਿਚ ਹੈ? ਅਤੇ ਸਾਡੇ ਕਦਮ ਸਹੀ ਪੈ ਰਹੇ ਹਨ ਜਾਂ ਗਲਤ ਪੈ ਰਹੇ ਹਨ? ਇਹ ਸਾਰੀਆਂ ਜਟਲਤਾਵਾਂ ਹਨ। ਅਤੇ ਇਹਨਾਂ ਜਟਲਤਾਵਾਂ ਨੂੰ ਧਿਆਨ ਵਿਚ ਰਖ ਕੇ ਇਸ ਸੂਤਰ ਨੂੰ ਸਮਝਣ ਦੀ ਅਸੀਂ ਕੋਸ਼ਿਸ਼ ਕਰੀਏ।

'ਦਾਨ, ਪ੍ਰੇਮ ਅਤੇ ਕਰੁਣਾ ਦੀ ਕੁੰਜੀ ਪਾ ਕੇ ਤੂੰ ਦਾਨ ਦੇ ਦੁਆਰ 'ਤੇ ਸੁਰੱਖਿਅਤ ਖੜ੍ਹਾ ਹੋਵੇਂਗਾ। ਇਹੀ ਰਾਹ ਦਾ ਪ੍ਰਵੇਸ਼-ਦੁਆਰ ਹੈ।'

ਦਾਨ ਪਹਿਲੀ ਕੁੰਜੀ ਹੈ। ਅਤੇ ਪਹਿਲੀ ਕੁੰਜੀ ਅਧਿਆਤਮ ਦੇ ਖੋਜਣ ਦੀ ਦ੍ਰਿਸ਼ਟੀ ਵਜੋਂ ਸਭ ਤੋਂ ਸਰਲ ਹੈ ਤੇ ਸੰਸਾਰਕ ਲੋਕਾਂ ਦੀ ਦ੍ਰਿਸ਼ਟੀ ਤੋਂ ਬਹੁਤ ਕਠਨ ਹੈ। ਕਿਉਂਕਿ ਕਠਨਾਈ ਤੇ ਸਰਲਤਾ ਤਾਂ ਦੁਨੀਆਂ ਦੀ ਗੱਲ ਹੈ। ਸੰਸਾਰ ਦਾ ਸਾਰਾ ਨਿਯਮ ਦਾਨ ਦੇ ਉਲਟ ਹੈ। ਸੰਸਾਰ ਦਾ ਸਾਰਾ ਇੰਤਜ਼ਾਮ ਖੋਹ-ਖੁਹਾਈ ਦਾ ਹੈ, ਦਾਨ ਦਾ ਨਹੀਂ। ਦਾਨ ਅਣ-ਸੰਸਾਰਕ ਗੱਲ ਹੈ। ਦੇਣਾ ਸੰਸਾਰ ਦਾ ਹਿੱਸਾ ਨਹੀਂ ਹੈ। ਇਸਲਈ ਦਾਨ ਨੂੰ ਦੁਆਰ ਕਿਹਾ ਹੈ, ਰਾਹ ਦਾ ਪ੍ਰਵੇਸ਼-ਦੁਆਰ। ਕਿਉਂਕਿ ਦਾਨ ਦੇ ਨਾਲ ਹੀ ਤੁਹਾਡੇ ਅੰਦਰ, ਉਹ ਸੰਸਾਰ ਨਹੀਂ ਹੈ, ਉਸਦਾ ਪ੍ਰਵੇਸ਼ ਹੋ ਜਾਂਦਾ ਹੈ। ਦਾਨ ਦੇ ਨਾਲ ਹੀ ਤੁਸੀਂ ਕੁਝ ਕਰ ਰਹੇ ਹੋ, ਜੋ ਸੰਸਾਰ ਦਾ ਹਿੱਸਾ ਨਹੀਂ ਹੈ। ਤੁਸੀਂ ਸੰਸਾਰ ਦੇ ਬਾਹਰ ਹੋ ਰਹੇ ਹੋ। ਇਸਲਈ ਦਾਨ ਨੂੰ ਦੁਆਰ ਕਿਹਾ ਹੈ।

ਸੋ ਦਾਨ ਦੀ ਗੱਲ ਨੂੰ ਠੀਕ ਤਰ੍ਹਾਂ ਨਾਲ ਸਮਝ ਲਵੋ ਤਾਂ ਬਹੁਤ-ਸਾਰੀਆਂ ਗੱਲਾਂ ਸਾਫ ਹੋ ਜਾਣ। ਸੰਸਾਰ ਵਿਚ ਅਸੀਂ ਰਹਿੰਦੇ ਹਾਂ ਲੈਣ ਲਈ। ਦੇਣਾ ਸੰਸਾਰ ਦੀ ਭਾਸ਼ਾ ਨਹੀਂ। ਦਿੰਦੇ ਹਾਂ ਅਸੀਂ ਉਹ ਵੀ ਲੈਣ ਖ਼ਾਤਰ। ਨਿਸ਼ਾਨਾ ਉਹ ਕਦੇ ਨਹੀਂ ਹੁੰਦਾ। ਕਦੇ ਸਾਧਣ-ਯੋਗ ਦੀ ਤਰ੍ਹਾਂ ਅਸੀਂ ਉਸਦਾ ਉਪਯੋਗ ਨਹੀਂ ਕਰਦੇ, ਸਾਧਨ ਦੀ ਤਰ੍ਹਾਂ। ਜੇ ਅਸੀਂ ਕਿਸੇ ਨੂੰ ਪ੍ਰੇਮ ਵੀ ਦਿੰਦੇ ਹਾਂ, ਤਾਂ ਪ੍ਰੇਮ ਪਾਣ ਖ਼ਾਤਰ। ਜੇ ਕਿਸੇ ਨਾਲ ਅਸੀਂ ਮਿੱਤਰਤਾ ਵੀ ਬਣਾਉਂਦੇ ਹਾਂ, ਮਿੱਤਰਤਾ ਦਿੰਦੇ ਹਾਂ, ਤਾਂ ਉਹ ਵੀ ਮਿੱਤਰਤਾ ਪਾਣ ਖ਼ਾਤਰ। ਉਹ ਜੋ ਪਾਣਾ ਹੈ, ਉਹ ਪਹਿਲਾਂ ਹੁੰਦਾ ਹੈ ਅਤੇ ਸਾਡੇ ਮਨ ਵਿਚ, ਦੇਣਾ ਉਸਦੇ ਪਿਛੇ ਚਲਦਾ

ਹੈ।

ਅਤੇ ਅਸੀਂ ਦੇਣ ਵਿਚ ਵੀ ਹਿਸਾਬ ਰਖਦੇ ਹਾਂ—ਭਾਵੇਂ ਚੇਤਨ, ਭਾਵੇਂ ਅਚੇਤਨ; ਜਾਣ ਕੇ ਜਾਂ ਅਨਜਾਣੇ ਕਿ ਜਿੰਨਾ ਅਸੀਂ ਦੇਈਏ, ਉਸ ਤੋਂ ਜ਼ਿਆਦਾ ਸਾਨੂੰ ਮਿਲ ਜਾਵੇ; ਨਹੀਂ ਤਾਂ ਸੌਦਾ ਘਾਟੇ ਦਾ ਹੋ ਜਾਂਦਾ ਹੈ। ਤਾਂ ਜਿੰਨਾ ਅਸੀਂ ਦਿੰਦੇ ਹਾਂ, ਉਸ ਤੋਂ ਵਧ ਦਿਖਾਉਂਦੇ ਹਾਂ। ਅਤੇ ਜਿੰਨਾ ਅਸੀਂ ਲੈਂਦੇ ਹਾਂ, ਸਦਾ ਉਸ ਤੋਂ ਘਟ ਦਿਖਾਉਂਦੇ ਹਾਂ। ਦੁਕਾਨਦਾਰ ਦੀ ਭਾਸ਼ਾ ਇਹੀ ਹੋਵੇਗੀ।

ਸੁਣਿਆ ਹੈ ਮੈਂ ਕਿ ਇਕ ਯਹੂਦੀ ਫ਼ਕੀਰ ਇਕ ਅਜਨਬੀ ਨਗਰ ਵਿਚ ਇਕ ਯਹੂਦੀ ਦੁਕਾਨਦਾਰ ਦੇ ਕੋਲ ਗਿਆ। ਅਤੇ ਯਹੂਦੀ ਇਸਲਈ ਕਿ ਯਹੂਦੀ ਤੋਂ ਵਧੀਆ ਦੁਕਾਨਦਾਰ ਦੂਜਾ ਨਹੀਂ ਹੁੰਦਾ। ਇਧਰ ਹਿੰਦੁਸਤਾਨ ਵਿਚ ਜੈਨੀ ਹੁੰਦੇ ਹਨ, ਉਹ ਯਹੂਦੀ ਨੂੰ ਢੁੱਕਦੇ ਹਨ। ਫ਼ਕੀਰ ਨੇ ਯਹੂਦੀ ਦੀ ਦੁਕਾਨ ਦੇਖ ਕੇ ਬੜੀ ਪ੍ਰਸ਼ੰਸਾ ਜਾਹਰ ਕੀਤੀ, ਕਿ ਚਲੋ, ਆਪਣੇ ਧਰਮ ਦਾ, ਆਪਣੀ ਜਾਤ ਦਾ, ਆਪਣੇ ਦੇਸ ਦਾ ਆਦਮੀ ਮਿਲ ਗਿਆ, ਇਹ ਲੁੱਟੇਗਾ ਨਹੀਂ। ਪਰ ਫ਼ਕੀਰ ਨੂੰ ਪਤਾ ਨਹੀਂ ਕਿ ਲੋਕ ਆਪਣਾ ਵੀ ਇਸਲਈ ਬਣਾਉਂਦੇ ਹਨ, ਤਾਂ ਜੋ ਅਸਾਨੀ ਨਾਲ ਲੁੱਟ ਸਕਣ। ਆਪਣਾ ਬਨਾਉਣ ਵਿਚ ਹੋਰ ਫਾਇਦਾ ਵੀ ਕੀ ਹੈ? ਦੁਕਾਨਦਾਰ ਨੇ ਦੇਖ ਕੇ ਕਿਹਾ ਕਿ ਧੰਨਭਾਗ, ਮੇਰੇ ਹੀ ਦੇਸ, ਮੇਰੀ ਹੀ ਜਾਤ ਮੇਰੇ ਹੀ ਧਰਮ ਦਾ ਹੈਂ; ਕੀ ਲੈਣ ਦਾ ਇਰਾਦਾ ਹੈ?

ਕੋਈ ਚੀਜ਼ ਫ਼ਕੀਰ ਨੇ ਖ਼ਰੀਦਣੀ ਚਾਹੀ, ਤਾਂ ਦੁਕਾਨਦਾਰ ਨੇ ਕਿਹਾ, ਜਦ ਆਪਣਾ ਹੀ ਹੈਂ, ਤਾਂ ਸੌ ਰੁਪਏ ਦੀ ਚੀਜ਼ ਹੈ, ਸੌ ਰੁਪਏ ਤੈਥੋਂ ਨਹੀਂ ਲਵਾਂਗੇ, ਨੱਬੇ ਹੀ ਲਵਾਂਗੇ; ਫਿਰ ਤੂੰ ਫ਼ਕੀਰ ਹੈਂ, ਨੱਬੇ ਨਹੀਂ ਲੈਂਦੇ, ਅੱਸੀ ਹੀ ਦੇ ਦਿਉ। ਉਸ ਫ਼ਕੀਰ ਨੇ ਕਿਹਾ, ਜੇ ਤੂੰ ਯਹੂਦੀ ਨਾ ਹੁੰਦਾ, ਤਾਂ ਇਸ ਚੀਜ਼ ਦੇ ਮੈਂ ਪੰਜਾਹ ਰੁਪਏ ਦਿੰਦਾ; ਤੂੰ ਯਹੂਦੀ ਹੈਂ, ਪੰਜਾਹ ਮੈਂ ਨਹੀਂ ਦਿਆਂਗਾ, ਚਾਲੀ ਹੀ ਦਿਆਂਗਾ; ਅਤੇ ਇੰਨਾ ਪ੍ਰੇਮਪੂਰਨ ਹੈਂ ਮੇਰੇ ਪ੍ਰਤੀ, ਚਾਲੀ ਵੀ ਮੈਂ ਦੇਣ ਵਾਲਾ ਨਹੀਂ ਹਾਂ; ਮੈਂ ਤੀਹ ਹੀ ਦਿਆਂਗਾ; ਮੁੱਲ-ਭਾਅ ਮੈਂ ਨਹੀਂ ਕਰਦਾ।

ਇਹ ਸਾਡੀ ਸਭ ਦੀ ਭਾਸ਼ਾ ਹੈ। ਜਾਣੇ-ਅਨਜਾਣੇ ਅਸੀਂ ਇਕ-ਦੂਜੇ ਤੋਂ ਲੈਣ, ਝਪਟਣ-ਖੋਹਣ ਦੀ ਕੋਸ਼ਿਸ਼ ਵਿਚ ਲਗੇ ਹਾਂ। ਅਤੇ ਅਸੀਂ ਉਸੇ ਨੂੰ ਹੁਸ਼ਿਆਰ ਕਹਿੰਦੇ ਹਾਂ, ਜਿਹੜਾ ਵਧ ਝਪਟ ਲਵੇ, ਜ਼ਿਆਦਾ ਖੋਹ ਲਵੇ; ਉਸਨੂੰ ਅਸੀਂ ਨਾਸਮਝ ਕਹਿੰਦੇ ਹਾਂ, ਜਿਹੜਾ ਇਸ ਵਿਚ ਗੁਆ ਬੈਠੇ।

ਇਹ ਸਾਰਾ ਸੰਸਾਰ ਖੋਹ-ਖੁਹਾਈ ਹੈ। ਇਥੇ ਹਰ ਆਦਮੀ ਦਾ ਹੱਥ ਦੂਜੇ ਆਦਮੀ ਦੇ ਖੀਸੇ ਵਿਚ ਹੈ। ਜਿਹੜੇ ਬਹੁਤੇ ਕੁਸ਼ਲ ਹਨ, ਉਹ ਅਦ੍ਰਿਸ਼ਟ ਹੱਥਾਂ ਨਾਲ ਖਿੱਚ ਕੇ ਚੀਜ਼ਾਂ ਕਢਦੇ ਹਨ, ਜਿਹੜੇ ਅਣਕੁਸ਼ਲ ਹਨ, ਨਾਸਮਝ ਹਨ, ਉਹ ਸਿੱਧੇ-ਸਿੱਧੇ ਹੱਥ ਪਾ ਕੇ ਫਸ ਜਾਂਦੇ ਹਨ। ਪਰ ਦ੍ਰਿਸ਼ਟੀ ਖਿਚਣ ਉਤੇ ਹੈ। ਲੁੱਟ-ਖਸੁੱਟ ਸੰਸਾਰ ਦਾ ਢੰਗ ਹੈ।

ਦਾਨ ਨਾਲ ਕੀ ਸਬੰਧ ਹੈ ਸੰਸਾਰ ਦਾ?

ਇਸਲਈ ਮਹਾਂਵੀਰ ਨੇ, ਬੁੱਧ ਨੇ,ਵੇਦਾਂ ਨੇ, ਉਪਨਿਸ਼ਦਾਂ ਨੇ, ਦਾਨ ਦੀ ਇੰਨੀ ਮਹਿਮਾ ਗਾਈ ਹੈ। ਉਸ ਦਾਨ ਦੀ ਮਹਿਮਾ ਦਾ ਅਰਥ ਸਮਝ ਲੈਣਾ। ਉਸਦਾ ਅਰਥ ਇਹ ਹੈ ਕਿ ਦਾਨ ਇਸ ਸੰਸਾਰ ਦੀ ਵਿਵਸਥਾ ਦੇ ਉਲਟ ਹੈ। ਦਾਨ ਨੂੰ ਮਹਾਂਧਰਮ ਕਿਹਾ, ਉਸਦਾ ਕਾਰਨ ਇੰਨਾ ਹੈ ਕਿ ਦੇਣ ਦਾ ਭਾਵ ਹੀ ਬੜੀ ਅਸੰਭਵ ਗੱਲ ਹੈ। ਐਪਰ ਅਸੀਂ ਵੇਦਾਂ ਤੋਂ ਜ਼ਿਆਦਾ ਕੁਸ਼ਲ ਹਾਂ। ਅਤੇ ਕ੍ਰਿਸ਼ਨ, ਬੁੱਧ ਨੂੰ ਵੀ ਅਸੀਂ ਧੋਖਾ ਦੇ ਜਾਂਦੇ ਹਾਂ। ਅਸੀਂ ਦਾਨ ਨੂੰ ਵੀ ਤਰਕੀਬ ਬਣਾ ਲਿਆ— ਕੁਝ ਹੋਰ ਪਾਣ ਦੀ ! ਅਸੀਂ ਕਿਹਾ ਕਿ ਠੀਕ ਹੈ, ਲੇਕਿਨ ਦਾਨ ਕਿਸਲਈ, ਦਾਨ ਕਿਉਂ ? ਦਾਨ ਇਸਲਈ ਕਿ ਸਵਰਗ ਵਿਚ ਸਾਨੂੰ ਮੁਆਵਜ਼ਾ ਮਿਲੇ। ਦਾਨ ਇਸਲਈ ਕਿ ਪੁੰਨ ਸਾਡਾ ਕਮਾਇਆ ਜਾਵੇ, ਅਤੇ ਇਸ ਸਰੀਰ ਦੇ ਛੁੱਟਣ ਤੋਂ ਬਾਅਦ ਅਸੀਂ ਪਰਮਾਤਮਾ ਦੇ ਸਾਹਮਣੇ ਖੜ੍ਹੇ ਹੋ ਕੇ ਕਹਿ ਸਕੀਏ ਕਿ ਮੈਂ ਇੰਨਾ ਦਿਤਾ ਹੈ, ਉਸਦਾ ਪਰਤਵਾਂ ਜਵਾਬ ਚਾਹੀਦਾ ਹੈ। ਦਾਨ ਨੂੰ ਵੀ ਅਸੀਂ ਸੰਸਾਰ ਦੀ ਭਾਸ਼ਾ ਦਾ ਹਿੱਸਾ ਬਣਾ ਲਿਆ ! ਤਦ ਅਸੀਂ ਦਾਨ ਵੀ ਕਰਦੇ ਹਾਂ, ਉਹ ਵੀ ਦਾਨ ਨਹੀਂ ਹੈ।

ਦਾਨ ਦਾ ਮਤਲਬ ਹੈ, ਜਿਥੇ ਲੈਣਾ ਨਿਸ਼ਾਨਾ ਨਾ ਹੋਵੇ, ਜਿਥੇ ਦੇਣਾ ਹੀ ਨਿਸ਼ਾਨਾ ਹੋਵੇ; ਜਿਥੇ ਪਾਣ ਦੀ ਕੋਈ ਆਸ ਨਾ ਹੋਵੇ, ਉਮੀਦ ਨਾ ਹੋਵੇ; ਜਿਥੇ ਪਾਣ ਦੀ ਕੋਈ ਗੱਲ ਹੀ ਨਾ ਹੋਵੇ, ਜਿਥੇ ਦੇਣਾ ਹੀ ਅੰਤ ਹੋਵੇ, ਮੰਜ਼ਲ ਹੋਵੇ, ਜਿਥੇ ਦੇਣ ਵਿਚ ਹੀ ਖ਼ੁਸ਼ੀ ਹੋਵੇ; ਜਿਥੇ ਅਸੀਂ ਧੰਨਵਾਦੀ ਮਹਿਸੂਸ ਕਰੀਏ ਕਿਸੇ ਦੇ ਪ੍ਰਤੀ, ਕਿ ਉਸਨੇ ਸਵੀਕਾਰ ਕਰ ਲਿਆ ਦਾਨ, ਅਤੇ ਸਾਨੂੰ ਦੇਣ ਦਾ ਮੌਕਾ ਦਿਤਾ। ਉਥੇ ਦਾਨ ਹੈ। ਜੇਕਰ ਦਾਨ ਦੇ ਕੇ ਇੰਨਾ ਵੀ ਹੁੰਦਾ ਹੋਵੇ ਕਿ ਸਾਨੂੰ ਕੋਈ ਧੰਨਵਾਦ ਦੇਵੇ, ਤਾਂ ਗੱਲ ਖ਼ਰਾਬ ਹੋ ਗਈ। ਕਿਉਂਕਿ ਧੰਨਵਾਦ ਵੀ ਕਾਫ਼ੀ ਸੌਦਾ ਹੋ ਗਿਆ। ਅਤੇ ਜਿਨ੍ਹਾਂ ਦੇ ਕੋਲ ਕਾਫ਼ੀ ਹੈ, ਉਹ ਧੰਨਵਾਦ ਪਾ ਕੇ ਵੀ ਵਾਹਵਾ ਅਨੰਦਤ ਹੁੰਦੇ ਹਨ। ਜਿਨ੍ਹਾਂ ਦੇ ਕੋਲ ਦੇਣ ਦੀ ਸਹੂਲਤ ਹੈ, ਉਹ ਲੋਕਾਂ ਨੂੰ ਧੰਨਵਾਦੀ ਬਣਾ ਲੈਣਗੇ ਕਿ ਲੋਕ ਧੰਨਵਾਦੀ ਮਹਿਸੂਸ ਕਰਨ ਉਹਨਾਂ ਦੇ ਪ੍ਰਤੀ; ਕਾਫ਼ੀ ਰਸ ਲੈਂਦੇ ਹਨ। ਇਸ ਨਾਲ ਵੀ ਹੰਕਾਰ ਦੀ ਬੜੀ ਤ੍ਰਿਪਤੀ ਹੁੰਦੀ ਹੈ।

ਇਸਲਈ ਇਸ ਮੁਲਕ ਵਿਚ ਅਸੀਂ ਅਨੋਖੀ ਗੱਲ ਕੱਢੀ ਸੀ। ਲੇਕਿਨ ਸਭ ਚੀਜ਼ਾਂ ਖ਼ਰਾਬ ਹੋ ਜਾਂਦੀਆਂ ਹਨ; ਕਿਉਂਕਿ ਆਦਮੀ ਜਿਹੋ-ਜਿਹਾ ਹੈ, ਉਸਦੇ ਹੱਥ ਵਿਚ ਕੁਝ ਵੀ ਦਿਉ, ਉਹ ਸਭ ਨੂੰ ਵਿਗਾੜ ਲੈਂਦਾ ਹੈ। ਅਸੀਂ ਜਿਸਨੂੰ ਦਾਨ ਦਿੰਦੇ ਸੀ, ਉਸਨੂੰ ਫਿਰ ਅਸੀਂ ਦੱਖਣਾ ਵੀ ਦਿੰਦੇ ਸੀ। ਉਹ ਬੜੇ ਮਜ਼ੇ ਦੀ ਗੱਲ ਹੈ। ਦੱਖਣਾ ਦਾ ਮਤਲਬ ਹੈ ਧੰਨਵਾਦ, ਕਿ ਤੂੰ ਦਾਨ ਸਵੀਕਾਰ ਕਰ ਲਿਆ। ਜਿਸਨੂੰ ਦਾਨ ਦਿਤਾ, ਉਸਨੂੰ ਦੱਖਣਾ ਦਿਤੀ ਕਿ ਤੇਰਾ ਧੰਨਵਾਦ, ਕਿ ਤੂੰ ਸਾਡਾ ਦਾਨ ਸਵੀਕਾਰ ਕੀਤਾ। ਕਿਥੇ ਮਿਲਦਾ ਹੈ ਕੋਈ ਆਦਮੀ ਜੋ ਦਾਨ ਸਵੀਕਾਰ ਕਰਦਾ ਹੈ। ਅਸੀਂ ਦੇਣਾ ਚਾਹੁੰਦੇ ਸੀ ਅਤੇ ਦੇ ਕੇ ਅਨੰਦਤ ਹੋਣਾ ਚਾਹੁੰਦੇ ਸੀ। ਤੂੰ ਸਵੀਕਾਰ ਕਰ ਲਿਆ, ਤਾਂ ਉਸਦੀ ਦੱਖਣਾ, ਉਸਦਾ ਅਸੀਂ ਧੰਨਵਾਦ ਵੀ ਦਿੰਦੇ ਹਾਂ, ਉਹ ਵੀ ਕਬੂਲ ਕਰ ਲੈ।

ਦੇਣ ਵਾਲੇ ਦੇ ਮਨ ਵਿਚ ਲੈਣ ਦੀ ਤਾਂ ਗੱਲ ਹੀ ਨਾ ਹੋਵੇ; ਇੰਨਾ ਵੀ ਨਾ ਹੋਵੇ ਕਿ ਕੋਈ ਧੰਨਵਾਦ ਕਰੇ, ਤਾਂ ਹੀ ਦਾਨ ਹੋ ਪਾਂਦਾ ਹੈ। ਲੇਕਿਨ ਉਸਦਾ ਤਾਂ ਇਹ ਮਤਲਬ ਹੋਇਆ ਕਿ ਫਿਰ ਦਾਨ ਆਪਣੇ-ਆਪ ਵਿਚ ਪੂਰਾ ਕਰਮ ਹੈ; ਉਸਦਾ ਅਨੰਦ ਉਸ ਵਿਚ ਹੀ ਛੁਪਿਆ ਹੈ, ਉਸਦੇ ਬਾਹਰ ਨਹੀਂ। ਕੋਈ ਫਲ ਨਹੀਂ ਹੈ ਦਾਨ ਦਾ, ਦਾਨ ਆਪਣਾ ਫਲ ਆਪ ਹੀ ਹੈ। ਜੇਕਰ ਦਾਨ ਦਾ ਕੋਈ ਵੀ ਫਲ ਹੈ, ਤਾਂ ਦਾਨ ਦਾਨ ਨਾ ਰਿਹਾ। ਕਿਉਂਕਿ ਫਲ ਦੀ ਆਸ ਬੱਝ ਜਾਂਦੀ ਹੈ।। ਦੇਣ ਵਿਚ ਪੂੰਨਤਾ ਹੈ। ਇਹ ਸਿਰਫ ਦੁਆਰ ਹੈ, ਇਸ ਸੰਸਾਰ ਦੇ ਬਾਹਰ ਜਾਣ ਵਾਲਾ।

ਅਧਿਆਤਮ ਵਿਚ ਪ੍ਰਵੇਸ਼ ਦਾ ਜੋ ਪਹਿਲਾ ਦੁਆਰ ਹੈ, ਉਹ ਦਾਨ ਹੈ।

ਦੇਣਾ ਸਿਖੋ।

ਇਹ ਸਵਾਲ ਨਹੀਂ ਹੈ ਕਿ ਕੀ ਦਿਉ। ਇਹ ਬਹੁਤੀ ਅਹਿਮ ਗੱਲ ਨਹੀਂ ਹੈ। ਸਵਾਲ ਇਹ ਹੈ ਕਿ ਦੇਣ ਦਾ ਭਾਵ ਬਣਿਆ ਰਹੇ। ਅਤੇ ਜਦ ਦਿਉ, ਤਾਂ ਦੇਣ ਵਿਚ ਪ੍ਰਸੰਨ ਹੋਵੇ ਤੇ ਫਲ ਦੀ ਕੋਈ ਆਸ ਨਾ ਹੋਵੇ। ਕਿਤੇ ਵੀ, ਸੂਖਮ ਵਿਚ ਵੀ ਇਸ ਆਸ ਨੂੰ ਸੰਘਣੀ ਨਾ ਹੋਣ ਦਿਉ।

ਬਲਾਵੱਟਸਕੀ ਕਹਿੰਦੀ ਹੈ ਕਿ ਇਹ ਦੁਆਰ ਸਭ ਤੋਂ ਸਰਲ ਹੈ ਹੋਰ ਦੁਆਰਾਂ ਦੀ ਬਜਾਇ ਜੋ ਅੱਗੇ ਆਉਣਗੇ। ਸਾਡੇ ਲਈ ਤਾਂ ਇਹੀ ਸਭ ਤੋਂ ਵਧ ਕਠਨ ਹੈ; ਕਿਉਂਕਿ ਉਹ ਜੋ ਅੱਗੇ ਆਉਣ ਵਾਲੇ ਦੁਆਰ ਹਨ, ਉਹਨਾਂ ਦਾ ਤਾਂ ਸਾਨੂੰ ਕੋਈ ਪਤਾ ਨਹੀਂ। ਜਿਥੇ ਅਸੀਂ ਖੜ੍ਹੇ ਹਾਂ ਜਿਸ ਬਜ਼ਾਰ ਵਿਚ, ਸਾਨੂੰ, ਉਸਦਾ ਪਤਾ ਹੈ, ਅਤੇ ਦਾਨ ਦਾ ਦੁਆਰ ਸਰਲ ਨਹੀਂ ਪ੍ਰਤੀਤ ਹੁੰਦਾ, ਅਤਿ ਕਠਨ ਜਾਪਦਾ ਹੈ।

ਲੇਕਿਨ, ਇਕ ਗੱਲ ਹੋਰ ਸਮਝੀਏ, ਤਾਂ ਸ਼ਾਇਦ ਇਸਦੀ ਸਰਲਤਾ ਸਮਝ ਵਿਚ ਆਉਣ ਲਗੇ। ਇਹ ਕਰਿਸ਼ਮਾ ਹੈ ਕਿ ਅਸੀਂ ਜਿੰਨਾ ਲੈਣਾ ਚਾਹੁੰਦੇ ਹਾਂ, ਉਨਿ ਹੀ ਦੁਖੀ ਹੁੰਦੇ ਹਾਂ। ਅਤੇ ਜੋ ਲੈਣਾ ਚਾਹੁੰਦੇ ਹਾਂ, ਉਹ ਮਿਲ ਜਾਵੇ, ਤਾਂ ਵੀ ਦੁਖੀ ਹੁੰਦੇ ਹਾਂ। ਅਜੇਹਾ ਨਾ ਸੋਚਣਾ ਕਿ ਸਾਡਾ ਦੁਖ ਸਾਡੀਆਂ ਵਾਸਨਾਵਾਂ ਦੀ ਅਸਫਲਤਾਵਾਂ ਤੋਂ ਆਉਂਦਾ ਹੈ। ਸਫਲ ਵਾਸਨਾਵਾਂ ਵੀ ਦੁਖ ਲਿਆਉਂਦੀਆਂ ਹਨ; ਕਿਉਂਕਿ ਜਦ ਅਸੀਂ ਜੋ ਚਾਹੁੰਦੇ ਹਾਂ, ਉਹ ਮਿਲ ਜਾਂਦਾ ਹੈ, ਤਦ ਤਕ ਸਾਡੀ ਉਹੀ ਮੰਗ ਹਜ਼ਾਰ ਗੁਣੀ ਹੋ ਗਈ ਹੁੰਦੀ ਹੈ। ਅਤੇ ਸਾਡੀ ਮੰਗ ਵਧਦੀ ਹੀ ਚਲੀ ਜਾਂਦੀ ਹੈ। ਜੇ ਤੁਸੀਂ ਦਸ ਕਰੋੜ ਰੁਪਏ ਚਾਹੁੰਦੇ ਹੋ, ਕਿਸੇ ਦਿਨ ਮਿਲ ਸਕਦੇ ਹਨ; ਲੇਕਿਨ ਜਿਸ ਦਿਨ ਮਿਲਣਗੇ ਦਸ ਕਰੋੜ, ਉਸ ਦਿਨ ਤਕ ਤੁਹਾਡੀ ਦਸ ਕਰੋੜ ਦੀ ਮੰਗ ਦਸ ਅਰਬ ਦੀ ਹੋ ਜਾਏਗੀ। ਉਹ ਜਿਹੜਾ ਮਨ ਮੰਗਦਾ ਸੀ, ਉਹ ਰੁਕੇਗਾ ਨਹੀਂ, ਉਸਦਾ ਕਾਸਾ ਵਡਾ ਹੋ ਜਾਏਗਾ। ਤੁਹਾਡੇ ਕੋਲ ਦਸ ਰੁਪਏ ਹਨ ਤਾਂ ਤੁਸੀਂ ਦੁਖੀ ਹੋਵੋਗੇ; ਕਿਉਂਕਿ ਦਸ ਹਜ਼ਾਰ ਦੀ ਮੰਗ ਹੁੰਦੀ ਹੈ। ਤੁਹਾਡੇ ਕੋਲ ਦਸ ਹਜ਼ਾਰ ਹੋਣ ਤਾਂ ਮੰਗ ਵੀ ਉਨੀ ਹੀ ਗੁਣੀ ਅੱਗੇ ਵਧ ਜਾਂਦੀ ਹੈ।

ਦੁਖ ਦਾ ਅਨੁਪਾਤ ਬਰਾਬਰ ਰਹਿੰਦਾ ਹੈ। ਅਨੁਪਾਤ ਵਿਚ ਕਦੇ ਫਰਕ ਨਹੀਂ ਪੈਂਦਾ। ਜੇ ਦਸ ਗੁਣੀ ਤੁਹਾਡੀ ਮੰਗ

ਹੁੰਦੀ ਹੈ, ਤਾਂ ਦਸ ਗੁਣੀ ਹਮੇਸ਼ਾ ਹੁੰਦੀ ਹੈ। ਜਿੰਨਾ ਤੁਹਾਡੇ ਕੋਲ ਹੁੰਦਾ ਹੈ, ਉਸ ਤੋਂ ਦਸ ਗੁਣਾ ਤੁਹਾਡੀ ਵਾਸਨਾ ਹੋ ਜਾਂਦੀ ਹੈ। ਫਿਰ ਉਨਾ ਵੀ ਮਿਲ ਜਾਵੇ, ਤਾਂ ਫਿਰ ਦਸ ਗੁਣਾ ਤੁਹਾਡੀ ਵਾਸਨਾ ਹੋ ਜਾਂਦੀ ਹੈ। ਲੇਕਿਨ ਹਮੇਸ਼ਾ ਤੁਸੀਂ ਜੋ ਤੁਹਾਡੇ ਕੋਲ ਹੈ, ਉਸ ਤੋਂ ਦਸ ਗੁਣੇ ਨੂੰ ਮੰਗਦੇ ਹੋ। ਅਤੇ ਜੋ ਤੁਸੀਂ ਮੰਗਦੇ ਹੋ, ਉਸਦੇ ਮੁਕਾਬਲੇ ਤੁਸੀਂ ਦਸ ਗੁਣਾ ਘਟ, ਗਰੀਬ, ਦੁਖੀ, ਪੀੜਤ: ਹਮੇਸ਼ਾ ਗਰੀਬ, ਹਮੇਸ਼ਾ ਦੀਨ ਬਣੇ ਰਹਿੰਦੇ ਹੋ।

ਵਡੇ ਤੋਂ ਵਡੇ ਸਮਰਾਟ ਵੀ ਦੀਨ-ਹੀਣ ਬਣੇ ਰਹਿੰਦੇ ਹਨ। ਉਹਨਾਂ ਕੋਲ ਧਨ ਜ਼ਿਆਦਾ ਹੈ, ਇਕ ਭਿਖਾਰੀ ਦੇ ਕੋਲ ਧਨ ਘਟ ਹੈ, ਔਪਰ ਅਨੁਪਾਤ, ਦੋਹਾਂ ਦੀ ਮੰਗ ਦਾ ਕਰੀਬ-ਕਰੀਬ ਬਰਾਬਰ ਹੈ। ਅਤੇ ਅਨੁਪਾਤ ਨਾਲ ਦੁਖ ਹੁੰਦਾ ਹੈ, ਪੀੜ ਹੁੰਦੀ ਹੈ।

ਮੰਗ-ਮੰਗ ਕੇ ਜ਼ਿੰਦਗੀ ਗੁਜ਼ਾਰ ਕੇ ਵੀ ਮਿਲਦਾ ਕੀ ਹੈ? ਚੂਸ ਕੇ, ਇਕੱਠਾ ਕਰਕੇ ਮਿਲਦਾ ਕੀ ਹੈ? ਦੀਨਤਾ ਮਿਟਦੀ ਨਹੀਂ, ਤਾਂ ਕੁਝ ਨਹੀਂ ਮਿਲਿਆ।

ਦੇਣ ਨਾਲ ਦੀਨਤਾ ਮਿਟਦੀ ਹੈ, ਮੰਗਣ ਨਾਲ ਦੀਨਤਾ ਵਧਦੀ ਹੈ।

ਅਤੇ ਕਦੇ-ਕਦੇ ਅਜੇਹਾ ਵੀ ਹੋਇਆ ਹੈ ਕਿ ਅਸੀਂ ਅਜੇਹੇ ਲੋਕ ਵੀ ਦੇਖੇ ਹਨ, ਮਹਾਂਵੀਰ ਵਰਗਾ ਨਗਨ ਆਦਮੀ ਵੀ ਦੇਖਿਆ, ਜਿਸਦੇ ਕੋਲ ਕੁਝ ਵੀ ਨਾ ਰਿਹਾ, ਸਭ ਦਾਨ ਕਰ ਦਿਤਾ, ਸਭ ਦਾਨ ਕਰ ਦਿਤਾ; ਆਖਰੀ ਵਸਤਰ ਬਚਿਆ ਸੀ, ਉਹ ਵੀ ਦਾਨ ਕਰ ਦਿਤਾ। ਲੇਕਿਨ ਮਹਾਂਵੀਰ ਜਿਹਾ ਸਮਰਾਟ ਲਭਣਾ ਮੁਸ਼ਕਲ ਹੈ। ਦੀਨਤਾ ਜ਼ਰਾ ਵੀ ਨਹੀਂ ਹੈ। ਦੇਣ ਵਾਲੇ ਨੂੰ ਦੀਨਤਾ ਕਦੇ ਪਕੜਦੀ ਹੀ ਨਹੀਂ। ਦੇਣ ਵਾਲਾ ਨਗਨ ਫ਼ਕੀਰ ਵੀ ਹੋ ਜਾਵੇ, ਤਾਂ ਵੀ ਮਾਲਕ ਹੀ ਹੁੰਦਾ ਹੈ।

ਜਿਹੜੇ ਜਾਣਦੇ ਹਨ, ਉਹ ਕਹਿੰਦੇ ਹਨ, ਜਦ ਤਕ ਤੁਸੀਂ ਦੇਣ ਵਿਚ ਸਮਰੱਥ ਨਹੀਂ ਹੋ; ਜਿਸ ਚੀਜ਼ ਨੂੰ ਤੁਸੀਂ ਦੇਣ 'ਚ ਸਮਰਥ ਨਹੀਂ ਹੋ, ਉਸਦੇ ਤੁਸੀਂ ਮਾਲਕ ਨਹੀਂ ਹੋ। ਇਹ ਬੜੀ ਉਲਟੀ ਗੱਲ ਹੈ। ਜੇਕਰ ਮੈਂ ਕੋਈ ਚੀਜ਼ ਦੇ ਸਕਦਾ ਹਾਂ, ਤਾਂ ਹੀ ਉਸਦਾ ਮਾਲਕ ਹਾਂ। ਅਤੇ ਜੇ ਨਹੀਂ ਦੇ ਸਕਦਾ ਹਾਂ, ਦੇਣ ਵਿਚ ਝਿਜਕਦਾ ਹਾਂ, ਤਾਂ ਮੈਂ ਉਸਦਾ ਗੁਲਾਮ ਹਾਂ। ਅਤੇ ਕੋਈ ਉਹ ਜੇ ਮੈਥੋਂ ਖੋਹ ਲਵੇ, ਤਾਂ ਮੈਂ ਪਰੇਸ਼ਾਨ ਹੋ ਜਾਵਾਂਗਾ। ਤਾਂ ਸਾਫ ਹੈ ਕਿ ਮੇਰੀ ਗੁਲਾਮੀ ਸੀ।

ਜਿਸ ਦਿਨ ਅਸੀਂ ਕੋਈ ਚੀਜ਼ ਦੇ ਸਕਦੇ ਹਾਂ, ਉਸੇ ਦਿਨ ਮਾਲਕ ਹੁੰਦੇ ਹਾਂ।

ਪਾਣ ਨਾਲ ਕੋਈ ਮਾਲਕ ਨਹੀਂ ਬਣਦਾ, ਦੇਣ ਨਾਲ ਮਾਲਕ ਬਣਦਾ ਹੈ।

ਜੇ ਤੁਸੀਂ ਪ੍ਰੇਮ ਦੇ ਸਕਦੇ ਹੋ, ਤਾਂ ਤੁਸੀਂ ਪ੍ਰੇਮ ਦੇ ਮਾਲਕ ਬਣ ਜਾਂਦੇ ਹੋ। ਜੇ ਤੁਸੀਂ ਦਯਾ ਦੇ ਸਕਦੇ ਹੋ, ਤਾਂ ਤੁਸੀਂ ਦਯਾ ਦੇ ਮਾਲਕ ਹੋ ਜਾਂਦੇ ਹੋ। ਜੇ ਤੁਸੀਂ ਧਨ ਦੇ ਸਕਦੇ ਹੋ, ਤਾਂ ਧਨ ਦੇ ਮਾਲਕ ਹੋ ਜਾਂਦੇ ਹੋ। ਤੁਸੀਂ ਜੋ ਵੀ ਦੇ ਸਕਦੇ ਹੋ, ਉਸਦੇ ਮਾਲਕ ਹੋ ਜਾਂਦੇ ਹੋ, ਜੇ ਤੁਸੀਂ ਆਪਣਾ ਪੂਰਾ ਜੀਵਨ ਦੇ ਸਕਦੇ ਹੋ, ਤਾਂ ਤੁਸੀਂ ਅੰਮ੍ਰਿਤ ਨੂੰ ਪਹੁੰਚ ਜਾਂਦੇ ਹੋ। ਤੁਸੀਂ ਜੀਵਨ ਦੇ ਮਾਲਕ ਬਣ ਜਾਂਦੇ ਹੋ। ਫਿਰ ਤੁਹਾਥੋਂ ਜੀਵਨ ਕੋਈ ਵੀ ਖੋਹ ਨਹੀਂ ਸਕਦਾ।

ਜੋ ਤੁਸੀਂ ਦਿੰਦੇ ਹੋ, ਉਹੀ ਤੁਹਾਡੇ ਕੋਲ ਬਚਦਾ ਹੈ। ਇਹ ਗਣਿਤ ਜ਼ਰਾ ਅਜੀਬ– ਜਿਹਾ ਹੈ। ਤੁਸੀਂ ਪਕੜਦੇ ਹੋ, ਉਹ ਤੁਹਾਡੇ ਕੋਲ ਨਹੀਂ ਹੈ। ਜੋ ਤੁਸੀਂ ਦਿੰਦੇ ਹੋ, ਉਹ ਤੁਹਾਡੇ ਕੋਲ ਬਚ ਜਾਂਦਾ ਹੈ। ਇਸ ਉਲਟੇ ਗਣਿਤ ਨੂੰ ਜਿਹੜਾ ਸਿੱਖ ਲੈਂਦਾ ਹੈ, ਦਾਨ ਦੀ ਕੁੰਜੀ ਉਸਦੇ ਹੱਥ ਵਿਚ ਆ ਜਾਂਦੀ ਹੈ।

ਜ਼ਰਾ ਆਪਣੇ ਹੀ ਜੀਵਨ ਵਿਚ ਅਨੁਭਵ ਕਰੋ–ਜੇ ਤੁਹਾਨੂੰ ਕਦੇ ਵੀ ਕੋਈ ਸੁਖ ਦੀ ਕਿਰਨ ਮਿਲੀ ਹੋਵੇ, ਤਾਂ ਜ਼ਰਾ ਖੋਜੋ, ਉਹ ਕਦ ਮਿਲੀ ਸੀ? ਤੁਸੀਂ ਹਮੇਸ਼ਾ ਪਾਉਗੇ ਕਿ ਸੁਖ ਦੀ ਕਿਰਨ ਦੇ ਆਸਪਾਸ ਦੇਣ ਦਾ ਕੋਈ ਕਰਮ ਸੀ। ਠੀਕ ਤਰ੍ਹਾਂ ਨਾਲ ਨਿਰੀਖਣ ਕਰੋਗੇ, ਤਾਂ ਜ਼ਰੂਰ ਖੋਜ ਲਵੋਗੇ ਇਹ ਗੱਲ ਕਿ ਜਦ ਵੀ ਤੁਹਾਨੂੰ ਕੋਈ ਸੁਖ ਮਿਲਿਆ, ਤਦ ਉਸਦੇ ਕੋਲ ਦੇਣ ਦਾ ਕੋਈ ਕਰਮ ਸੀ। ਖੋਜਣਾ, ਇਹ ਨਿਯਮ ਸਦੀਵੀਂ ਹੈ। ਕੁਝ ਨਾ ਕੁਝ ਦਿਤਾ ਹੋਵੇਗਾ ਤੁਸੀਂ ਕਿਸੇ ਛਿਨ ਵਿਚ ਸਹਿਜ ਭਾਵ ਨਾਲ; ਮੰਗ ਨਹੀਂ ਹੋਵੇਗੀ ਕੋਈ, ਉਸਦੇ ਪਿਛੇ ਕੋਈ ਸੌਦਾ ਨਾ ਰਿਹਾ ਹੋਵੇਗਾ। ਹਿਰਦਾ ਖੇੜੇ ਨਾਲ ਭਰ ਜਾਂਦਾ ਹੈ।

ਅਤੇ ਧਿਆਨ ਕਰਨਾ ਕਿ ਜਦ ਵੀ ਤੁਸੀਂ ਦੁਖ ਵਿਚ ਘਣੇ ਉਤਰਦੇ ਹੋ, ਤਾਂ ਵੀ ਇਹੀ ਗੱਲ ਲਾਗੂ ਹੁੰਦੀ ਹੈ। ਤੁਸੀਂ ਕੁਝ ਖੋਹਿਆ ਹੋਵੇਗਾ ਜਾਂ ਜੋ ਤੁਸੀਂ ਦੇ ਸਕਦੇ ਸੀ, ਉਸਦੇ ਦੇਣ ਤੋਂ ਆਪਣੇ–ਆਪ ਨੂੰ ਰੋਕ ਲਿਆ ਹੋਵੇਗਾ। ਕੋਈ ਕੰਜੂਸੀ ਕੀਤੀ ਹੋਵੇਗੀ। ਉਸ ਕੰਜੂਸੀ ਦਾ ਤਲ ਤੇ ਆਯਾਮ ਕੋਈ ਵੀ ਹੋਵੇ, ਤੁਸੀਂ ਕੁਝ ਸੰਕੋਚ ਕਰ ਲਿਆ ਹੋਵੇਗਾ।

ਦੇਣ ਨਾਲ ਆਦਮੀ ਫੈਲਦਾ ਹੈ।

ਲੈਣ ਨਾਲ, ਖੋਹ ਲੈਣ ਨਾਲ, ਰੋਕ ਲੈਣ ਨਾਲ, ਨਾ ਦੇਣ ਨਾਲ ਸੁੰਗੜਦਾ ਹੈ।

ਸੁੰਗੜਨਾ ਦੁਖ ਹੈ, ਫੈਲਾਅ ਅਨੰਦ ਹੈ।

ਇਸਲਈ ਅਸੀਂ ਬ੍ਰਹਮ ਨੂੰ ਅਨੰਦ ਕਿਹਾ। ਬ੍ਰਹਮ ਦਾ ਮਤਲਬ ਹੈ, ਜੋ ਫੈਲਦਾ ਹੀ ਚਲਿਆ ਜਾਂਦਾ ਹੈ। ਬ੍ਰਹਮ ਅਤੇ ਵਿਸਥਾਰ ਇਕ ਹੀ ਸ਼ਬਦ ਤੋਂ ਬਣੇ ਹਨ। ਜੋ ਵਿਸਥਾਰਤ ਹੁੰਦਾ ਚਲਿਆ ਜਾਂਦਾ ਹੈ, ਉਹ ਬ੍ਰਹਮ ਹੈ। ਇਸਲਈ ਅਸੀਂ ਉਸਨੂੰ ਅਨੰਦ ਕਿਹਾ। ਜੋ ਸੁੰਗੜਦਾ ਹੀ ਚਲਿਆ ਜਾਂਦਾ ਹੈ, ਛੋਟਾ ਹੁੰਦਾ ਚਲਿਆ ਜਾਂਦਾ ਹੈ, ਗੰਢ ਬਣਦੀ ਚਲੀ ਜਾਂਦੀ ਹੈ, ਉਹ ਦੁਖ ਹੈ।

ਕਦੇ ਤੁਸੀਂ ਖਿਆਲ ਕੀਤਾ, ਜਦ ਵੀ ਤੁਸੀਂ ਦੁਖੀ ਹੁੰਦੇ ਹੋ, ਤਾਂ ਤੁਸੀਂ ਚਾਹੁੰਦੇ ਹੋ–ਕੋਈ ਮਿਲੇ ਵੀ ਨਾ; ਇਕੱਲੇ ਬੈਠ ਜਾਈਏ, ਦਰਵਾਜ਼ਾ ਬੰਦ ਕਰ ਲਈਏ। ਲੇਕਿਨ ਜਦ ਤੁਸੀਂ ਅਨੰਦ ਨਾਲ ਭਰਦੇ ਹੋ, ਤਦ? ਤਦ ਤੁਸੀਂ ਦਰਵਾਜ਼ਾ ਬੰਦ ਨਹੀਂ ਕਰਨਾ ਚਾਹੁੰਦੇ। ਤਦ ਤੁਸੀਂ ਇਕੱਠਾ ਕਰ ਲੈਣਾ ਚਾਹੁੰਦੇ ਹੋ ਸਬੰਧੀਆਂ ਨੂੰ, ਮਿੱਤਰਾਂ ਨੂੰ, ਅਣਵਾਕਫਾਂ ਨੂੰ ਵੀ! ਅਨੰਦ ਨਾਲ ਤੁਸੀਂ ਭਰਦੇ ਹੋ, ਤਾਂ ਤੁਸੀਂ ਵੰਡਣਾ ਚਾਹੁੰਦੇ ਹੋ, ਫੈਲਣਾ ਚਾਹੁੰਦੇ ਹੋ। ਦੂਜੇ ਵੀ ਸਹਿਯੋਗੀ ਹੋ ਜਾਣ ਤੁਹਾਡੇ ਅਨੰਦ ਉਤਸਵ ਵਿਚ, ਇਹ ਚਾਹੁੰਦੇ ਹੋ।

ਅਨੰਦ ਵਿਚ ਇਕ ਫੈਲਾਅ ਹੈ। ਤੁਸੀਂ ਫੈਲੋ, ਤਾਂ ਅਨੰਦ ਮਿਲਦਾ ਹੈ। ਅਨੰਦ ਮਿਲੇ ਤਾਂ ਤੁਸੀਂ ਫੈਲਦੇ ਹੋ। ਦੁਖ ਵਿਚ ਸੰਗੋੜ ਹੈ। ਦੁਖੀ ਆਦਮੀ ਬੰਦ ਹੋ ਜਾਂਦਾ ਹੈ ਕੋਠੜੀ ਦੇ ਅੰਦਰ। ਦੁਖੀ ਆਦਮੀ ਕਦੇ ਆਤਮਹੱਤਿਆ ਵੀ ਕਰ ਲੈਂਦਾ ਹੈ, ਤਾਂ ਆਤਮਹੱਤਿਆ ਉਸਦਾ ਆਖ਼ਰੀ ਉਪਾਅ ਹੈ, ਜਿਸ ਨਾਲ ਉਹ ਦੂਜਿਆਂ ਤੋਂ ਬਿਲਕੁਲ ਹੀ ਅਲੱਗ ਹੋ ਜਾਵੇ। ਅਨੰਦਤ ਆਦਮੀ ਨੇ ਅੱਜ ਤਕ ਆਤਮਹੱਤਿਆ ਨਹੀਂ ਕੀਤੀ। ਅਨੰਦਤ ਆਦਮੀ ਆਤਮਹੱਤਿਆ ਕਰ ਹੀ ਨਹੀਂ ਸਕਦਾ; ਕਿਉਂਕਿ ਅਨੰਦਤ ਆਦਮੀ ਤਾਂ ਦੂਜਿਆਂ ਨਾਲ ਜੁੜਨਾ ਚਾਹੁੰਦਾ ਹੈ, ਵਿਰਾਟ ਨਾਲ ਇਕ ਹੋ ਜਾਣਾ ਚਾਹੁੰਦਾ ਹੈ।

ਇਕ ਮਜ਼ੇ ਦੀ ਗੱਲ ਹੈ। ਬੁੱਧ ਤੇ ਮਹਾਂਵੀਰ, ਜਾਂ ਕ੍ਰਾਈਸਟ ਤੇ ਮੁਹੰਮਦ, ਜਿਹੜੇ ਵੀ ਕਦੇ ਇਸ ਯਾਤਰਾ–ਪੰਧ 'ਤੇ ਗਏ, ਤਾਂ ਜਦ ਦੁਖੀ ਸਨ, ਤਦ ਉਹ ਜੰਗਲ ਦੇ ਵਲ ਨੱਸੇ ਅਤੇ ਅਨੰਦ ਨਾਲ ਭਰ ਗਏ, ਤਾਂ ਵਾਪਸ ਬਸਤੀ ਵਿਚ ਪਰਤ ਆਏ! ਜਦ ਦੁਖੀ ਸਨ, ਤਦ ਤਾਂ ਇਕੱਲੇ 'ਚ ਗਏ। ਅਤੇ ਜਦ ਉਹਨਾਂ ਨੂੰ ਅਨੰਦ ਪਰਗਟ ਹੋ ਗਿਆ, ਤਦ ਫਿਰ ਇਕੱਲੇ ਵਿਚ ਨਾ ਰਹਿ ਸਕੇ, ਫਿਰ ਵੰਡਣ ਆ ਗਏ।

ਇਹ ਦੋਹੀਂ ਪਾਸੀਂ ਸਹੀ ਹੈ। ਅਨੰਦ ਮਿਲੇ ਤਾਂ ਵੰਡਦੇ ਹੋ ਤੁਸੀਂ। ਜੇ ਤੁਸੀਂ ਵੰਡਣਾ ਸਿੱਖ ਲਵੋ, ਤਾਂ ਅਨੰਦ ਮਿਲਦਾ ਹੈ। ਕਿਧਰੋਂ ਵੀ ਸ਼ੁਰੂ ਕਰੋ, ਇਹ ਇਕ ਹੀ ਚੀਜ਼ ਦੇ ਦੋ ਸਿਰੇ ਹਨ।

'ਦਾਨ ਦੇ ਦੁਆਰ 'ਤੇ ਸੁਰੱਖਿਅਤ ਖੜ੍ਹਾ ਹੋਵੇਂਗਾ ਤੂੰ, ਜੇਕਰ ਦਾਨ ਦੀ ਕੁੰਜੀ ਤੇਰੇ ਹੱਥ ਵਿਚ ਹੈ।'

ਬੜਾ ਮਜ਼ੇਦਾਰ ਸੂਤਰ ਹੈ। ਜੇਕਰ ਦਾਨ ਦੀ ਕੁੰਜੀ ਤੇਰੇ ਹੱਥ ਵਿਚ ਨਹੀਂ ਹੈ, ਤਾਂ ਦਾਨ ਦੇ ਦੁਆਰ 'ਤੇ ਤੂੰ ਬੜਾ ਅਸੁਰੱਖਿਅਤ ਖੜ੍ਹਾ ਹੋਵੇਂਗਾ; ਕਿਉਂਕਿ ਤੇਰੀ ਸਾਰੀ ਸੰਪਤੀ ਲੁੱਟੇ ਜਾਣ ਦਾ ਮੌਕਾ ਆ ਗਿਆ। ਕਈ ਵਾਰ ਦਾਨ ਦਾ ਦੁਆਰ ਸਾਡੇ ਕਰੀਬ ਆ ਜਾਂਦਾ ਹੈ, ਤਾਂ ਅਸੀਂ ਨੱਸ ਉਠਦੇ ਹਾਂ, ਕਿਉਂਕਿ ਅਸੀਂ ਡਰਦੇ ਹਾਂ।

ਸੁਣਿਆ ਹੈ ਮੈਂ ਕਿ ਮੁੱਲਾ ਨਸਰੁੱਦੀਨ ਜਿਸ ਮਸਜਿਦ ਵਿਚ ਕੰਮ ਕਰਦਾ ਸੀ, ਜਿਥੇ ਮੌਲਵੀ ਸੀ, ਉਸਦੀ ਕੰਧ ਢਹਿ ਗਈ ਸੀ ਅਤੇ ਮਸਜਿਦ ਖੰਡਰ ਬਣ ਜਾਣ ਦੇ ਕਰੀਬ ਸੀ। ਤਾਂ ਉਹ ਪਿੰਡ ਦੇ ਧਨੀ ਕੋਲ ਗਿਆ। ਅਤੇ ਧਨੀ ਤਾਂ ਡਰਦੇ ਹੀ ਹਨ: ਮੌਲਵੀ ਹੋਵੇ, ਮੁੱਲਾ ਹੋਵੇ, ਫ਼ਕੀਰ ਹੋਵੇ, ਸਾਧੂ ਹੋਵੇ, ਸੰਨਿਆਸੀ ਹੋਵੇ। ਧਨੀ ਉਹਨਾਂ ਨੂੰ ਦੇਖ ਕੇ ਚੌਂਕਦਾ ਹੈ, ਕਿਉਂਕਿ ਉਹ ਖ਼ਤਰਾ ਚਲਿਆ ਆ ਰਿਹਾ ਹੈ। ਉਹ ਦਾਨ ਦਾ ਦੁਆਰ ਤੁਰਿਆ ਆ ਰਿਹਾ ਹੈ। ਕਿਉਂਕਿ ਦੇਣ ਤਾਂ ਕੀ ਆਏਗਾ ਨਸਰੁੱਦੀਨ? ਤਾਂ ਧਨਾਢ ਲੋਕ ਆਪਣੇ ਇੰਤਜ਼ਾਮ ਕਰਕੇ ਰਖਦੇ ਹਨ। ਖਿੜਕੀ ਵਿਚ ਦੀ ਧਨਾਢ ਨੇ ਝਾਕ ਕੇ ਦੇਖਿਆ ਕਿ ਨਸਰੁੱਦੀਨ ਆ ਰਿਹਾ ਹੈ, ਜ਼ਰੂਰ ਮਸਜਿਦ ਦਿੱਕਤ ਵਿਚ ਹੈ। ਬੰਦਾ ਦਰਵਾਜ਼ੇ 'ਤੇ ਗਿਆ। ਨਸਰੁੱਦੀਨ ਨੇ ਇਸ ਦੌਰਾਨ ਤਾੜ ਕੇ ਤੱਕ ਲਿਆ ਸੀ ਕਿ ਖਿੜਕੀ ਵਿਚੋਂ ਦੀ ਧਨਾਢ ਨੇ ਝਾਕਿਆ ਹੈ। ਸਿਰਫ਼ ਸਿਰ ਦਿਖਾਈ ਪਿਆ ਉਸਦਾ, ਪਗੜੀ ਦਿਸੀ। ਨੌਕਰ ਤੋਂ ਮੁੱਲਾ ਨੇ ਪੁਛਿਆ ਕਿ ਮਾਲਕ ਘਰ ਵਿਚ ਹੈਨ? ਨੌਕਰ ਨੇ ਕਿਹਾ ਕਿ ਨਹੀਂ, ਮਾਲਕ ਬਾਹਰ ਗਏ ਹਨ। ਨੌਕਰ ਧਨਾਢ ਦਾ ਸੁਚੇਤ ਕੀਤਾ ਹੋਇਆ ਨੌਕਰ ਸੀ ਕਿ ਅਜੇਹਾ ਆਦਮੀ ਨਜ਼ਰ ਆਵੇ, ਜਿਸ ਵਲੋਂ ਕੁਝ ਮੰਗ

ਲੈਣ ਦਾ ਡਰ ਹੋਵੇ, ਤਾਂ ਤੂੰ ਹੀ ਰੁਖ਼ਸਤ ਕਰ ਦੇਵੀਂ। ਤਾਂ ਮੁੱਲਾ ਨੇ ਕਿਹਾ ਕਿ ਕੋਈ ਹਰਜ਼ ਨਹੀਂ, ਬਾਹਰ ਗਏ ਹਨ ਤਾਂ ਠੀਕ ਕੀਤਾ ਹੈ। ਇਕ ਸਲਾਹ ਦਿੰਦਾ ਹਾਂ, ਮੁਫਤ ਦਿੰਦਾ ਹਾਂ ਕਿ ਦੁਬਾਰਾ ਬਾਹਰ ਜਾਣ, ਤਾਂ ਆਪਣਾ ਸਿਰ ਖਿੜਕੀ ਵਿਚ ਨਾ ਛਡ ਜਾਣ। ਕੋਈ ਚੁਰਾ ਲਿਜਾਵੇ, ਕੋਈ ਝੰਜਟ ਹੋ ਜਾਵੇ, ਫਿਰ ਪਿਛੋਂ ਪਛਤਾਉਣਾ ਪਵੇ। ਬਸ ਇੰਨੀ ਸਲਾਹ ਮੁਫਤ ਦਿੰਦਾ ਹਾਂ। ਇਸਦਾ ਕੋਈ ਦਾਮ ਵੀ ਨਹੀਂ।

ਦਾਨ ਦੇ ਦੁਆਰ 'ਤੇ ਖੜ੍ਹੇ ਹੋ ਕੇ ਜੇਕਰ ਸਾਡੀ ਪਕੜ ਦੀ ਬਿਰਤੀ ਅਤੇ ਕਬਜ਼ੇ ਦੀ ਬਿਰਤੀ ਸੰਘਣੀ ਹੈ ਤੇ ਦਾਨ ਦੀ ਕੁੰਜੀ ਹੱਥ ਵਿਚ ਨਹੀਂ ਹੈ ਤਾਂ ਅਸੀਂ ਯਕੀਨਨ ਹੀ ਬੜੀ ਅਸੁਰੱਖਿਆ ਵਿਚ ਪੈ ਜਾਵਾਂਗੇ। ਖ਼ਤਰਾ ਹੈ ਉਥੇ, ਉਥੇ ਸਭ ਖੋਹੇ ਜਾਣ ਦਾ ਡਰ ਹੈ। ਉਹ ਦਾਨ ਦਾ ਦੁਆਰ ਕਿਤੇ ਸਾਥੋਂ ਸਭ ਖੋਹ ਨਾ ਲਵੇ। ਇਸਲਈ ਅਸੀਂ ਉਸ ਦੁਆਰ ਤੋਂ ਬਚਾਂਗੇ। ਅਤੇ ਜੇ ਪਹੁੰਚ ਵੀ ਜਾਈਏ ਭੁੱਲ-ਚੁੱਕ ਨਾਲ, ਤਾਂ ਵੀ ਖ਼ਤਰਾ ਹੋਵੇਗਾ।

ਇਹ ਸੂਤਰ ਕਹਿੰਦਾ ਹੈ ਕਿ ਦਿਨ ਦੀ ਕੁੰਜੀ ਜੇਕਰ ਤੇਰੇ ਹੱਥ ਵਿਚ ਹੈ, ਤਾਂ ਦਾਨ ਦੇ ਦੁਆਰ 'ਤੇ ਤੂੰ ਸੁਰੱਖਿਅਤ ਖੜ੍ਹਾ ਹੋਵੇਂਗਾ। ਹੁਣ ਤੈਥੋਂ ਕੁਝ ਖੋਹਿਆ ਨਹੀਂ ਜਾ ਸਕਦਾ।

ਅਤੇ ਇਕ ਬੜੀ ਅਨੋਖੀ ਘਟਨਾ ਵਾਪਰਦੀ ਹੈ ਕਿ ਜਿਸ ਕੋਲੋਂ ਕੁਝ ਖੋਹਿਆ ਨਹੀਂ ਜਾ ਸਕਦਾ, ਉਹ ਕੌਣ ਆਦਮੀ ਹੈ? ਉਹ ਨਹੀਂ ਹੈ, ਜਿਸਦੇ ਕੋਲ ਬਹੁਤ ਕੁਝ ਹੈ। ਉਸ ਤੋਂ ਕੁਝ ਖੋਹਿਆ ਜਾ ਸਕਦਾ ਹੈ। ਉਸ ਆਦਮੀ ਤੋਂ ਕੁਝ ਵੀ ਨਹੀਂ ਖੋਹਿਆ ਜਾ ਸਕਦਾ, ਜਿਹੜਾ ਸਭ-ਕੁਝ ਦੇਣ ਨੂੰ ਰਾਜ਼ੀ ਹੈ। ਉਸ ਕੋਲੋਂ ਖੋਹਣ ਦਾ ਉਪਾਅ ਹੀ ਨਹੀਂ ਹੈ। ਉਸ ਆਦਮੀ ਦੀ ਚੋਰੀ ਨਹੀਂ ਕੀਤੀ ਜਾ ਸਕਦੀ ਹੈ। ਉਸ ਆਦਮੀ ਨੂੰ ਲੁੱਟਿਆ ਨਹੀਂ ਜਾ ਸਕਦਾ ਹੈ। ਉਸ ਆਦਮੀ ਤੋਂ ਕੁਝ ਖੋਹਿਆ ਨਹੀਂ ਜਾ ਸਕਦਾ ਹੈ। ਉਸ ਆਦਮੀ ਦੀ ਕੋਈ ਪਕੜ ਹੀ ਨਹੀਂ ਹੈ, ਤਾਂ ਖੋਹਣ ਦਾ ਉਪਾਅ ਨਹੀਂ ਹੈ। ਦਾਨ ਦੇ ਦੁਆਰ 'ਤੇ ਉਸ ਆਦਮੀ ਨੂੰ ਕੁਝ ਮਿਲੇਗਾ, ਉਸ ਆਦਮੀ ਦਾ ਕੁਝ ਖੋਏਗਾ ਨਹੀਂ। ਜਿਹੜਾ ਸਭ-ਕੁਝ ਦੇਣ ਨੂੰ ਤਿਆਰ ਹੈ, ਉਸਨੂੰ ਇਸ ਜਗਤ ਵਿਚ ਸਭ-ਕੁਝ ਮਿਲ ਜਾਏਗਾ।

'ਓ ਪ੍ਰਸੰਨ ਤੀਰਥਯਾਤਰੀ, 'ਇਸਲਈ ਇਹ ਸੂਤਰ ਕਹਿੰਦਾ ਹੈ,*'ਜੇਕਰ ਤੇਰੇ ਕੋਲ ਦਾਨ ਦੀ ਕੁੰਜੀ ਹੈ, ਤਾਂ ਦਾਨ ਦੇ ਦੁਆਰ 'ਤੇ ਤੂੰ ਪ੍ਰਸੰਨਤਾ ਨਾਲ ਭਰ ਜਾਏਂਗਾ। ਨਹੀਂ ਤਾਂ ਦੁਖ ਨਾਲ, ਪੀੜ ਨਾਲ ਭਰੇਂਗਾ ਕਿਉਂਕਿ ਉਥੇ ਖੋਹਿਆ ਜਾਏਗਾ ਸਭ।'*

ਇਕ ਬਹੁਤ ਵਡਾ ਧਨਾਢ ਨਿਕੋਡੇਮਸ, ਜੀਸਸ ਦੇ ਕੋਲ ਗਆ ਅਤੇ ਜੀਸਸ ਨੂੰ ਉਸ ਨੌਜਵਾਨ ਨਿਕੋਡੇਮਸ ਨੇ ਕਿਹਾ, ਤੇਰੇ ਪ੍ਰਭੂ ਦੀ ਚਰਚਾ ਮੈਂ ਸੁਣੀ ਹੈ; ਮੇਰੇ ਮਨ 'ਚ ਵੀ ਲੋਭ ਉਠਦਾ ਹੈ, ਮੈਂ ਉਸ ਵਿਚ ਪ੍ਰਵੇਸ਼ ਪਾ ਸਕਾਂਗਾ ਜਾਂ ਨਹੀਂ? ਤਾਂ ਜੀਸਸ ਨੇ ਕਿਹਾ ਕਿ ਤੇਰੀ ਯੋਗਤਾ ਕੀ ਹੈ? ਨਿਕੋਡੇਮਸ ਨੇ ਕਿਹਾ, ਨਾ ਮੈਂ ਚੋਰੀ ਕਰਦਾ ਹਾਂ, ਨਾ ਮੈਂ ਵਿਭਚਾਰੀ ਹਾਂ, ਨਾ ਮੈਂ ਸ਼ਰਾਬ ਪੀਂਦਾ ਹਾਂ, ਨਾ ਮੈਂ ਮਾਂਸਾਹਾਰ ਕਰਦਾ ਹਾਂ—ਹੋਰ ਕੀ ਚਾਹੀਦਾ ਹੈ? ਜਿਨ੍ਹਾਂ-ਜਿਨ੍ਹਾਂ ਸਦਗੁਣਾਂ ਦੀ ਚਰਚਾ ਹੈ

ਸ਼ਾਸਤਰਾਂ ਵਿਚ, ਸਭ ਮੇਰੇ 'ਚ ਹਨ। ਜੀਸਸ ਨੇ ਕਿਹਾ, ਇਹਨਾਂ ਨਾਲ ਕੰਮ ਨਹੀਂ ਸਰਨਾ; ਤੂੰ ਜਾਹ ਤੇ ਆਪਣੀ ਸੰਪਤੀ ਵੰਡ ਆ।

ਨਿਕੋਡੇਮਸ ਨੇ ਕਿਹਾ, ਫਿਰ ਮੈਨੂੰ ਸੋਚਣਾ ਪੈਣਾ ਹੈ। ਕਿਉਂਕਿ ਨਾ ਮੈਂ ਮਾਂਸਾਹਾਰ ਕਰਦਾ ਹਾਂ, ਨਾ ਮੈਂ ਸ਼ਰਾਬ ਪੀਂਦਾ ਹਾਂ, ਨਾ ਮੈਂ ਵਿਭਚਾਰੀ ਹਾਂ, ਸ਼ਾਸਤਰ ਦਾ ਨਿਯਮ ਨਾਲ ਅਧਿਐਨ ਕਰਦਾ ਹਾਂ, ਪੂਜਾ-ਪ੍ਰਾਰਥਨਾ ਕਰਦਾ ਹਾਂ, ਗਿਰਜਾ, ਮੰਦਰ ਜਾਂਦਾ ਹਾਂ, ਸਭ ਪਵਿੱਤਰ ਉਤਸਵਾਂ ਵਿਚ ਸ਼ਾਮਲ ਹੁੰਦਾ ਹਾਂ—ਹੋਰ ਕੀ ਚਾਹੀਦਾ ਹੈ? ਜੀਸਸ ਨੇ ਕਿਹਾ, ਇਸ ਸਭ ਨਾਲ ਕੰਮ ਨਹੀਂ ਬਣਨਾ। ਤੇਰੇ ਕੋਲ ਜੋ ਧਨ ਹੈ, ਉਹ ਤੂੰ ਸਾਰਾ ਵੰਡ ਆ। ਨਿਕੋਡੇਮਸ ਨੇ ਕਿਹਾ, ਤਦ ਤਾਂ ਬੜੀ ਕਠਨ ਗੱਲ ਹੈ।

ਅਤੇ ਨਿਕੋਡੇਮਸ ਦੀ ਥਾਂ ਕੋਈ ਵੀ ਹੁੰਦਾ ਸਾਡੇ 'ਚੋਂ ਤਾਂ ਇਹੀ ਕਹਿੰਦਾ। ਅਸੀਂ ਵੀ ਸਸਤੇ ਧਰਮ ਕਰ ਲੈਂਦੇ ਹਾਂ। ਨਾ ਮਾਂਸਾਹਰ ਕਰਦੇ ਹਾਂ, ਨਾ ਸ਼ਰਾਬ ਪੀਂਦੇ ਹਾਂ; ਇਹ ਸਸਤੇ ਧਰਮ ਹਨ। ਇਹਨਾਂ ਦੇ ਨਾ ਕਰਨ ਨਾਲ ਕੁਝ ਹੱਲ ਨਹੀਂ ਹੁੰਦਾ, ਲੇਕਿਨ ਇਹਨਾਂ ਨੂੰ ਕਰਨ ਨਾਲ ਨੁਕਸਾਨ ਹੁੰਦਾ ਹੈ। ਨਾ ਕਰਨ ਨਾਲ ਕੋਈ ਫਾਇਦਾ ਨਹੀਂ ਹੁੰਦਾ।

ਇਸਨੂੰ ਜਰਾ ਠੀਕ ਤਰ੍ਹਾਂ ਨਾਲ ਸਮਝ ਲੈਣਾ।

ਇਹਨਾਂ ਨੂੰ ਕਰਨ ਨਾਲ ਨੁਕਸਾਨ ਹੁੰਦਾ ਹੈ। ਇਹਨਾਂ ਦੇ ਕਰਨ 'ਚ ਪਾਪ ਹੈ, ਇਹਨਾਂ ਦੇ ਨਾ ਕਰਨ ਵਿਚ ਪੁੰਨ ਬਿਲਕੁਲ ਨਹੀਂ ਹੈ। ਜੇ ਤੁਸੀਂ ਇਕ ਟੋਏ ਵਿਚ ਡਿਗ ਪਵੋ, ਤਾਂ ਟੰਗ ਟੁੱਟਦੀ ਹੈ। ਪਰ ਟੋਏ ਵਿਚ ਨਾ ਡਿਗੋ, ਤਾਂ ਕੋਈ ਪ੍ਰਾਪਤੀ ਨਹੀਂ ਹੁੰਦੀ। ਕਿ ਤੁਸੀਂ ਕਹੋ ਕਿ ਮੈਂ ਕਿਸੇ ਟੋਏ ਵਿਚ ਨਹੀਂ ਡਿਗਿਆ, ਬਸ ਕਾਫੀ ਹੈ—ਤਾਂ ਸਵਰਗ ਦਾ ਦੁਆਰ ਕਿਥੇ ਹੈ। ਟੋਏ 'ਚ ਡਿਗਣ ਨਾਲ ਟੰਗ ਟੁੱਟਦੀ ਹੈ, ਉਸਦੀ ਤਕਲੀਫ ਭੋਗਣੀ ਪੈਂਦੀ ਹੈ। ਲੇਕਿਨ ਟੋਏ ਵਿਚ ਨਹੀਂ ਡਿਗੇ ਤੁਸੀਂ, ਤਾਂ ਇਸ ਨਾਲ ਕੋਈ ਪ੍ਰਾਪਤੀ ਨਹੀਂ ਹੋ ਗਈ। ਇਸ ਨਾਲ ਕੋਈ ਗੁਣਵੱਤਾ ਪੈਦਾ ਨਹੀਂ ਹੋ ਗਈ, ਕੋਈ ਪਾਤਰਤਾ ਪੈਦਾ ਨਹੀਂ ਹੋ ਗਈ। ਇਹ ਨਿਸ਼ੇਧਆਤਮਕ ਹੈ। ਕੋਈ ਮਾਂਸਾਹਾਰ ਕਰਦਾ ਹੈ, ਤਾਂ ਨੁਕਸਾਨ ਉਠਾਉਂਦਾ ਹੈ, ਸ਼ਰਾਬ ਪੀਂਦਾ ਹੈ, ਤਾਂ ਨੁਕਸਾਨ ਉਠਾਉਂਦਾ ਹੈ, ਐਪਰ ਨਾ ਪੀਣ ਨਾਲ ਕੋਈ ਫਾਇਦਾ ਨਹੀਂ ਹੁੰਦਾ। ਇਸਲਈ ਜੇ ਕੋਈ ਇਸ ਤਰ੍ਹਾਂ ਦੇ ਸਸਤੇ ਧਰਮ ਪੂਰੇ ਕਰ ਰਿਹਾ ਹੋਵੇ, ਤਾਂ ਚੰਗੀ ਤਰ੍ਹਾਂ ਸਮਝ ਲੈਣਾ। ਨੁਕਸਾਨ ਤੋਂ ਬਚੇਗਾ, ਫਾਇਦਾ ਬਿਲਕੁਲ ਨਹੀਂ ਹੋਣਾ। ਨੁਕਸਾਨ ਤੋਂ ਬਚ ਗਏ, ਇੰਨਾ ਹੀ ਕੀ ਘਟ ਹੈ? ਪਰ ਉਸ ਤੋਂ ਜਿਆਦਾ ਨਾ ਮੰਗਣਾ।

ਤਾਂ ਜੀਸਸ ਨੇ ਕਿਹਾ ਕਿ ਜੋ ਤੇਰੇ ਕੋਲ ਹੈ, ਤੂੰ ਸਭ ਛਡ ਕੇ ਆ। ਕਿਉਂਕਿ ਜੋ ਬਚਾਏਗਾ, ਉਸ ਕੋਲੋਂ ਖੋਹ ਲਿਆ ਜਾਂਦਾ ਹੈ ਅਤੇ ਜਿਹੜਾ ਸਭ ਛਡ ਦਿੰਦਾ ਹੈ, ਉਸ ਕੋਲੋਂ ਖੋਹਣ ਦਾ ਕੋਈ ਉਪਾਅ ਨਹੀਂ। ਮੈਂ ਤੈਨੂੰ ਅਸਲ ਵਿਚ ਖੁਸ਼ਹਾਲ ਹੋਣ ਦਾ ਰਾਹ ਦੱਸ ਰਿਹਾ ਹਾਂ। ਪਰ ਤੂੰ ਆਪਣੇ ਹੱਥੀਂ ਗਰੀਬ ਹੈਂ, ਤੂੰ ਪਕੜੀ ਬੈਠਾ ਹੈਂ। ਨਿਕੋਡੇਮਸ ਵਾਪਸ ਮੁੜ ਗਿਆ। ਇਹ ਉਸਦੇ ਵੱਸ ਦੀ ਗੱਲ ਨਹੀਂ ਸੀ।

ਜੇ ਦਾਨ ਦੀ ਕੁੰਜੀ ਸਮਝ ਵਿਚ ਨਾ ਆਈ, ਤਾਂ ਧਰਮ ਦੇ ਦੁਆਰ 'ਤੇ ਤੁਸੀਂ ਬੜੇ ਉਦਾਸ ਖੜ੍ਹੇ ਹੋ ਜਾਓਗੇ, ਬੜੇ

ਪੀੜ ਨਾਲ ਭਰੇ, ਜਿਵੇਂ ਹੁਣ ਲੁੱਟੇ ਜਾਣ ਦੇ ਕਰੀਬ ਹੋ, ਸਭ ਲੁੱਟਿਆ ਜਾ ਰਿਹਾ ਹੈ।

'ਓ ਪ੍ਰਸੰਨ ਤੀਰਥਯਾਤਰੀ, ਦੇਖ ਜੋ ਦੁਆਰ ਤੈਨੂੰ ਦਿਸ ਰਿਹਾ ਹੈ, ਉਹ ਉੱਚਾ ਤੇ ਵਡਾ ਹੈ ਅਤੇ ਪ੍ਰਵੇਸ਼ ਦੇ ਲਈ ਅਸਾਨ ਜਾਪਦਾ ਹੈ। ਅਤੇ ਉਸ ਤੋਂ ਹੋ ਕੇ ਜੋ ਰਾਹ ਜਾਂਦਾ ਹੈ, ਉਹ ਸਿੱਧਾ ਤੇ ਪੱਧਰਾ ਅਤੇ ਹਰਿਆ-ਭਰਿਆ ਹੈ। ਹਨੇਰੇ ਵਣ ਦੀਆਂ ਗਹਿਰਾਈਆਂ ਵਿਚ ਇਹ ਰੋਸ਼ਨ ਵਣ-ਪੰਧ ਦੀ ਤਰ੍ਹਾਂ ਹੈ—ਇਕ ਸਥਾਨ ਜੋ ਅਮਿਤਾਭ ਦੇ ਸਵਰਗ ਤੋਂ ਝਲਕਦਾ ਹੈ, ਉਥੇ ਚਮਕੀਲੇ ਖੰਭਾਂ ਵਾਲੇ ਪੰਛੀ, ਆਸ ਦੇ ਬੁਲਬੁਲ ਹਰੇ ਲਤਾ-ਝੁੰਡਾਂ ਵਿਚ ਬੈਠ ਕੇ ਨਿਰਭੈ ਯਾਤਰੀਆਂ ਦੇ ਲਈ ਸਫਲਤਾ ਦਾ ਗੀਤ ਗਾਉਂਦੇ ਹਨ। ਉਹ ਬੋਧਿਸੱਤਵ ਦੇ ਪੰਜ ਸਦਗੁਣਾਂ ਨੂੰ ਗਾਉਂਦੇ ਹਨ, ਜੋ ਬੋਧਿਸੱਤਵ ਦੇ ਪੰਜ ਸੋਮੇ ਹਨ,ਅਤੇ ਉਹ ਗਿਆਨ ਦੇ ਸੱਤ ਪੜਾਵਾਂ ਨੂੰ ਗਾਉਂਦੇ ਹਨ।'

ਦਾਨ ਦੇ ਦੁਆਰ 'ਚ ਪ੍ਰਵੇਸ਼ ਤੋਂ ਬਾਅਦ ਜੋ ਰਾਹ ਨਜ਼ਰ ਆਏਗਾ, ਉਹ ਬਹੁਤ ਹਰਿਆ-ਭਰਿਆ, ਬਹੁਤ ਲੁਭਾਉਣਾ, ਬਹੁਤ ਸੁਖਾਵਾਂ ਹੈ। ਉਥੇ ਹਰੀ ਛਾਂ, ਅਤੇ ਪੰਛੀਆਂ ਦੇ ਗੀਤ ਹਨ, ਅਤੇ ਸਾਰਾ ਕੁਝ ਸੁੰਦਰ ਹੈ।

ਜਿਸਨੇ ਸਦਾ ਖੋਹਿਆ ਹੈ, ਜਦ ਉਹ ਦਿੰਦਾ ਹੈ, ਤਾਂ ਉਸੇ ਵੇਲੇ ਉਸਦੇ ਸਾਹਮਣੇ ਸਾਰਾ ਕੁਝ ਸੁੰਦਰ ਹੋ ਜਾਂਦਾ ਹੈ। ਖੋਹਣ ਵਿਚ ਸਭ ਕੋਝਾ ਹੈ। ਖੋਹਣਾ ਕੋਝਾ ਹੈ। ਖੋਹਣ ਵਿਚ ਹਿੰਸਾ ਹੈ। ਅਤੇ ਖੋਹਣ ਵਾਲਾ ਆਦਮੀ ਆਪਣੇ ਚਾਰ-ਚੁਫੇਰੇ ਹੱਡ-ਪਿੰਜਰਾਂ ਨਾਲ ਘਿਰ ਜਾਂਦਾ ਹੈ। ਜਿਨ੍ਹਾਂ-ਜਿਨ੍ਹਾਂ ਤੋਂ ਉਸਨੇ ਖੋਹਿਆ ਹੈ, ਉਹਨਾਂ ਦੇ ਭੂਤ-ਪ੍ਰੇਤ, ਹੱਡ-ਪਿੰਜਰ ਉਸਦੇ ਆਸਪਾਸ ਖੜ੍ਹੇ ਹੋ ਜਾਂਦੇ ਹਨ। ਜਿਸਨੇ ਖੋਹਿਆ ਹੈ, ਉਹ ਇਕ ਨਾਈਟਮੇਅਰ, ਇਕ ਭੈੜੇ-ਸੁਫਨੇ ਵਿਚ ਜਾਣ ਲਗਦਾ ਹੈ—ਖੋਹਣ ਦੇ ਕਾਰਨ। ਜਿਸ-ਜਿਸ ਤੋਂ ਖੋਹਿਆ ਹੈ, ਉਹਨਾਂ ਦੀ ਆਹ ਇਕੱਠੀ ਹੁੰਦੀ ਚਲੀ ਜਾਂਦੀ ਹੈ ਅਤੇ ਚਾਰ-ਚੁਫੇਰੇ ਡੰਗ ਮਾਰਨ ਲਗਦੀ ਹੈ; ਪੀੜ ਦੇਣ ਲਗਦੀ ਹੈ, ਸੂਲ ਬਣ ਜਾਂਦੀ ਹੈ।

ਲੇਕਿਨ ਜਿਵੇਂ ਹੀ ਕੋਈ ਦੇਣ ਨੂੰ ਰਾਜ਼ੀ ਹੋ ਜਾਂਦਾ ਹੈ, ਉਵੇਂ ਹੀ ਇਹ ਸੂਤਰ ਸਚਮੁਚ ਕੀਮਤੀ ਗੱਲ ਕਹਿ ਰਿਹਾ ਹੈ—ਕਿ ਉਵੇਂ ਹੀ ਉਸਦੇ ਸਾਹਮਣੇ ਜਿਵੇਂ ਹਨੇਰੇ ਵਿਚ ਕੋਈ ਰੋਸ਼ਨ ਰਾਹ ਹੋਵੇ, ਅਚਾਨਕ ਖੁਲ੍ਹ ਜਾਂਦਾ ਹੈ। ਇਹ ਰਾਹ ਹੈ ਛਾਂ ਨਾਲ ਭਰਿਆ, ਹਰੇ ਬਿਰਛਾਂ ਦੀ ਛਾਂ ਨਾਲ ਸ਼ੀਤਲ। ਅਤੇ ਪੰਛੀਆਂ ਦੇ ਗੀਤ। ਅਤੇ ਪੰਛੀਆਂ ਦੇ ਗੀਤ ਵੀ ਸਧਾਰਨ ਨਹੀਂ, ਬੋਧਿਸੱਤਵਾਂ ਦੇ ਗੁਣ ਗਾਉਂਦੇ ਹੋਏ। ਬੁੱਧ ਦੇ ਵਚਨ ਜਿਵੇਂ ਉਹਨਾਂ ਪੰਛੀਆਂ ਦੇ ਗੀਤ ਵਿਚ ਸਮਾ ਗਏ ਹੋਣ। ਯਕੀਨਨ ਹੀ ਜੋ ਖੋਹਣ ਦੀ ਦੁਨੀਆਂ ਤੋਂ ਦੇਣ ਦੀ ਦੁਨੀਆਂ ਵਿਚ ਆਉਂਦਾ ਹੈ, ਤਦ ਸਾਰਾ ਕੋਝ ਅਲੋਪ ਹੋ ਜਾਂਦਾ ਹੈ ਅਤੇ ਸੁਹੱਪਣ ਦੇ ਦੁਆਰ ਖੁਲ੍ਹ ਜਾਂਦੇ ਹਨ।

ਵਧਿਆ ਚੱਲ, ਕਿਉਂਕਿ ਤੂੰ ਕੁੰਜੀ ਲਿਆਇਆ ਹੈਂ, ਸੁਰੱਖਿਅਤ ਹੈਂ।

ਤੈਨੂੰ ਕੋਈ ਡਰ ਨਹੀਂ ਹੈ, ਤੈਥੋਂ ਖੋਹਿਆ ਵੀ ਨਹੀਂ ਜਾ ਸਕਦਾ। ਤੈਨੂੰ ਇਹ ਵੀ ਭੈ ਨਹੀਂ ਚੁੰਬੜੇਗਾ ਕਿ ਪਤਾ ਨਹੀਂ, ਇਹ ਪੰਛੀਆਂ ਦੇ ਇੰਨੇ ਮਿੱਠੇ ਗੀਤ, ਕੋਈ ਮਕਸਦ ਤਾਂ ਨਹੀਂ! ਅਜੇਹਾ ਸੋਹਣਾ ਰਾਹ, ਜ਼ਰੂਰ ਕਿਤੇ ਲੁਟੇਰੇ ਛੁਪੇ ਹੋਣਗੇ।

ਅਜੇਹੇ ਛਾਂ-ਦਾਰ ਬਿਰਛ, ਜ਼ਰੂਰ ਕਿਸੇ ਅਜੇਹੇ ਵਿਅਕਤੀ ਨੇ ਲਾਏ ਹੋਣਗੇ, ਜਿਹੜਾ ਇਹਨਾਂ ਛਾਂਦਾਰ ਬਿਰਛਾਂ ਦੇ ਹੇਠ ਸੌਂ ਗਏ ਯਾਤਰੀਆਂ ਨੂੰ ਲੁੱਟ ਲੈਂਦਾ ਹੋਵੇਗਾ। ਨਹੀਂ ਤਾਂ ਇਹ ਕੌਣ ਲਾਉਂਦਾ ਹੈ ਛਾਂ-ਦਾਰ ਬਿਰਛ? ਅਤੇ ਕਿਸਲਈ ਪੰਛੀ ਗੀਤ ਗਾਉਣਗੇ? ਜ਼ਰੂਰ ਪੰਛੀਆਂ ਦੇ ਗੀਤ ਦੇ ਪਿਛੇ ਕੋਈ ਨਾ ਕੋਈ ਰਾਜਨੀਤਕ ਚਾਲ ਹੈ ਅਤੇ ਥੋੜ੍ਹੀ ਹੀ ਦੇਰ 'ਚ ਸਾਜ਼ਸ਼ ਜਾਹਰ ਹੋ ਜਾਏਗੀ।

ਜਿਸ ਕੋਲ ਕੋਈ ਪਕੜ ਹੈ, ਉਸਨੂੰ ਹਰ ਚੀਜ਼ ਤੋਂ ਡਰ ਲਗਦਾ ਹੈ। ਉਹ ਸੁਹੱਪਣ ਤਕ ਤੋਂ ਡਰਦਾ ਹੈ। ਕਿਉਂਕਿ ਜੋ ਉਸਦੇ ਅੰਦਰ ਛੁਪਿਆ ਹੈ ਖੋਹਣ ਵਾਲਾ, ਉਹ ਹਰ ਥਾਂ ਉਸਨੂੰ ਦਿਖਾਈ ਪੈਂਦਾ ਹੈ। ਉਹ ਜੋ ਚੋਰ-ਲੁਟੇਰਾ ਉਸਦੇ ਅੰਦਰ ਛੁਪਿਆ ਹੈ, ਉਹ ਉਸਨੂੰ ਹਰ ਥਾਂ ਨਜ਼ਰ ਆਉਂਦਾ ਹੈ। ਉਹ ਉਸ ਤੋਂ ਭੈਮਾਨ ਹੈ। ਉਹ ਆਪਣੇ ਪਰਛਾਵੇਂ ਤੋਂ ਵੀ ਡਰ ਜਾਂਦਾ ਹੈ ਕਿ ਪਤਾ ਨਹੀਂ, ਕੌਣ ਮੇਰਾ ਪਿਛਾ ਕਰ ਰਿਹਾ ਹੈ। ਉਹ ਆਪਣੇ ਹੀ ਪੈਰਾਂ ਦੀ ਅਵਾਜ਼ ਸੁਣ ਲੈਂਦਾ ਹੈ ਸੁਨਸਾਨ ਰਾਹ ਉਤੇ ਅਤੇ ਦੌੜਨ ਲਗਦਾ ਹੈ, ਕਿ ਪਤਾ ਨਹੀਂ ਕਿਸ ਦੇ ਪੈਰਾਂ ਦੀ ਅਵਾਜ਼ ਆ ਰਹੀ ਹੈ। ਜਿਸਦੀ ਕੋਈ ਪਕੜ ਹੈ, ਉਹ ਡਰਿਆ ਹੋਇਆ ਰਹਿੰਦਾ ਹੈ। ਜਿਸਦੀ ਕੋਈ ਪਕੜ ਨਹੀਂ, ਉਹ ਵਧਿਆ ਚਲ ਸਕਦਾ ਹੈ ਇਸ ਯਾਤਰਾ-ਪੰਥ 'ਤੇ, ਕਿਉਂਕਿ 'ਤੂੰ ਜੋ ਕੁੰਜੀ ਲਿਆਇਆ ਹੈਂ, ਤੂੰ ਸੁਰੱਖਿਅਤ ਹੈਂ'

'ਅਤੇ ਜੋ ਦੂਜਾ ਦੁਆਰ ਹੈ, ਉਸਦਾ ਰਾਹ ਵੀ ਹਰਿਆਵਲ ਨਾਲ ਭਰਿਆ ਹੈ, ਪਰ ਉਹ ਚੜ੍ਹਾਈ ਵਾਲਾ ਹੈ ਅਤੇ ਉਪਰ ਵਲ ਨੂੰ ਜਾਂਦਾ ਹੈ। ਹਾਂ, ਉਸਦੇ ਚੱਟਾਨੀ ਮਸਤਕ ਨੂੰ ਤਾਂ ਦੇਖ। ਉਸਦੇ ਖੁਰਦਰੇ ਤੇ ਪਥਰੀਲੇ ਸਿਖਰਾਂ ਉਤੇ ਭੂਰੀ-ਭੂਰੀ ਧੁੰਦ ਛਾਈ ਹੋਵੇਗੀ, ਅਤੇ ਉਸ ਤੋਂ ਅੱਗੇ ਸਭ ਹਨੇਰ ਭਰਿਆ ਹੋਵੇਗਾ। ਜਿਵੇਂ-ਜਿਵੇਂ ਉਹ ਵਧਦਾ ਹੈ, ਤੀਰਥਯਾਤਰੂ ਦੇ ਹਿਰਦੇ ਵਿਚ ਆਸ ਦਾ ਗੀਤ ਮੱਧਮ ਤੋਂ ਮੱਧਮ ਪੈ ਜਾਂਦਾ ਹੈ। ਅਤੇ ਹੁਣ ਉਸਦੇ ਉਪਰ ਸ਼ੰਕਾ ਦਾ ਬੋਝ ਹੈ ਤੇ ਉਸਦੇ ਕਦਮ ਅਸਥਿਰ ਹੁੰਦੇ ਜਾਂਦੇ ਹਨ।'

ਇਹ ਸੂਤਰ ਬਹੁਤ ਅਜੀਬ ਹੈ। ਅਤੇ ਜਿਨ੍ਹਾਂ ਨੇ ਅਨੁਭਵ ਕੀਤਾ ਹੈ, ਉਹ ਹੀ ਇਸ ਤਰ੍ਹਾਂ ਦਾ ਸੂਤਰ ਕਹਿ ਸਕਦੇ ਹਨ। ਇਸਨੂੰ ਸਮਝਣਾ ਜ਼ਰੂਰੀ ਹੈ। ਇਹ ਮਨੁੱਖ ਦੇ ਗਹਿਰੇ ਮਨਸ ਦੇ ਉਪਰ ਅਧਾਰਤ ਹੈ। ਲੁੱਟਣ ਦੀ ਦੁਨੀਆਂ ਵਿਚ ਅਸੀਂ ਜੀਂਦੇ ਹਾਂ; ਇਸਲਈ ਦੇਣ ਦੀ ਦੁਨੀਆਂ ਉਸੇ ਵੇਲੇ ਸਾਨੂੰ ਸੁਖ ਅਤੇ ਸ਼ਾਂਤੀ ਅਤੇ ਸੁਹੱਪਣ ਨਾਲ ਭਰ ਦਿੰਦੀ ਹੈ। ਇਹ ਜੋ ਸੁਹੱਪਣ ਅਤੇ ਸ਼ਾਂਤੀ ਅਤੇ ਅਨੰਦ ਦੀ ਥਿਰਕਣ ਮਿਲਦੀ ਹੈ, ਇਹ ਸਾਡਾ ਜੋ ਜੀਵਨ ਸੀ ਹੁਣ ਤਕ ਦਾ ਦੁਸ਼ਟਤਾ, ਨਿਰਦੈਤਾ, ਹਿੰਸਾ ਨਾਲ ਭਰਿਆ—ਉਸਦੇ ਵਿਸਰਜਤ ਹੋਣ ਤੋਂ ਮਿਲਦੀ ਹੈ। ਲੇਕਿਨ ਇਹ ਥਿਰਕਣ ਜ਼ਿਆਦਾ ਦੇਰ ਨਹੀਂ ਟਿਕੇਗੀ। ਥੋੜ੍ਹੀ ਹੀ ਦੇਰ ਵਿਚ ਸੰਸਾਰ ਭੁੱਲ ਜਾਏਗਾ—ਇਹ ਇਉਂ ਹੀ ਹੈ ਜਿਵੇਂ ਤੁਹਾਡੇ ਪੈਰ ਵਿਚ ਇਕ ਕੰਡਾ ਚੁਭਿਆ ਹੋਵੇ ਤਾਂ ਜਦ ਤੁਸੀਂ ਕੰਡੇ ਨੂੰ ਕੱਢ ਦਿੰਦੇ ਹੋ, ਤਾਂ ਰਾਹਤ ਮਿਲਦੀ ਹੈ। ਪਰ ਕਿੰਨੀ ਦੇਰ ਮਿਲੇਗੀ ਇਹ ਰਾਹਤ, ਜੋ ਚੁਭ ਗਏ ਕੰਡੇ ਨੂੰ ਕੱਢਣ ਨਾਲ ਮਿਲਦੀ ਹੈ? ਉਹ ਤਾਂ ਕੰਡੇ ਦੀ ਪੀੜ ਹੋ ਰਹੀ ਸੀ, ਇਸਲਈ ਹੁਣ ਪੀੜ ਨਹੀਂ ਹੋ ਰਹੀ ਹੈ, ਤਾਂ

ਰਾਹਤ ਮਿਲਦੀ ਹੈ।

ਸੁਣਿਆ ਹੈ ਮੈਂ ਕਿ ਮੁੱਲਾ ਨਸਰੂੱਦੀਨ ਰਾਹ 'ਤੇ ਤੁਰਦਾ ਸੀ ਤਾਂ ਪਤਾ ਨਹੀਂ, ਕਿਸਨੂੰ ਗਾਲ੍ਹਾਂ ਕਢਦਾ ਹੋਇਆ ਤੁਰਦਾ ਸੀ। ਅਤੇ ਇਉਂ ਕਸ਼ਟ ਨਾਲ ਤੁਰਦਾ ਸੀ ਕਿ ਜੋ ਵੀ ਵੇਖੇ, ਉਸੇ ਨੂੰ ਤਰਸ ਆ ਜਾਵੇ, ਪੁਛੇ ਮੁੱਲਾ ਗੱਲ ਕੀ ਹੈ ਤੇ ਕਿਸਨੂੰ ਕੋਸ ਰਿਹਾ ਹੈਂ? ਮੁੱਲਾ ਕਹਿੰਦਾ ਕਿ ਮੇਰੀ ਜੁੱਤੀ ਤੰਗ ਹੈ, ਅਤੇ ਇਉਂ ਫਸੀ ਹੋਈ ਹੈ ਕਿ ਲਾਹ ਵੀ ਸਕਾਂਗਾ, ਇਸਨੂੰ, ਕਿ ਨਹੀਂ। ਅਤੇ ਜੁੱਤੀ ਲਗ ਰਹੀ ਹੈ। ਤਾਂ ਜਿਹੜਾ ਵੀ ਕਹਿੰਦਾ, ਉਹ ਕਹਿੰਦਾ, ਇਕ ਹੀ ਤਾਂ ਮੇਰੇ ਕੋਲ ਰਾਹਤ ਦਾ ਉਪਾਅ ਹੈ, ਉਸਨੂੰ ਵੀ ਤੁਸੀਂ ਖੋਹਣਾ ਚਾਹੁੰਦੇ ਹੋ? ਦਿਨ-ਭਰ ਦਾ ਥੱਕਿਆ-ਟੁੱਟਿਆ, ਪਰੇਸ਼ਾਨ ਜਦ ਘਰ ਪਰਤਾਂਗਾ, ਤਾਂ ਪਤਨੀ ਐਸੀ ਬੋਲੀ ਬੋਲਦੀ ਹੈ ਕਿ ਜਿਵੇਂ ਉਸਨੇ ਜ਼ਹਿਰ 'ਚ ਦਿਨ-ਭਰ ਬੁਝਾ-ਬੁਝਾ ਕੇ ਤਿਆਰ ਕੀਤੀ ਹੈ। ਬੱਚੇ ਚੀਕ-ਪੁਕਾਰ ਮਚਾਉਂਦੇ ਹਨ, ਪੈਸਾ ਪੱਲੇ ਨਹੀਂ, ਕੰਮ-ਕਾਰ ਸਭ ਅਸਫਲ ਹੁੰਦਾ ਜਾ ਰਿਹਾ ਹੈ। ਘਰ ਰੋਟੀ ਵੀ ਅੱਜ ਮਿਲੇਗੀ ਕਿ ਨਹੀਂ, ਉਸਦਾ ਵੀ ਕੋਈ ਪੱਕਾ ਨਹੀਂ ਹੈ। ਭੁੱਖਾ ਸੌਂਵਾਂਗਾ ਕਿ ਖਾ ਕੇ ਸੌਂਵਾਂਗਾ, ਉਸਦਾ ਵੀ ਕੋਈ ਪੱਕਾ ਨਹੀਂ ਹੈ। ਕਰਜ਼ ਵਧਦਾ ਤੁਰਿਆ ਜਾ ਰਿਹਾ ਹੈ; ਕਰਜ਼ਦਾਰ ਸਵੇਰੇ-ਸ਼ਾਮ ਦਰ 'ਤੇ ਖੜ੍ਹੇ ਰਹਿੰਦੇ ਹਨ, ਉਹਨਾਂ ਦੀ ਵਜ੍ਹਾ ਨਾਲ ਹੀ ਬਜ਼ਾਰ ਵਲ ਨਿਕਲ ਆਉਂਦਾ ਹਾਂ; ਕੋਈ ਕੰਮ ਨਹੀਂ ਹੈ, ਬਜ਼ਾਰ ਵਿਚ। ਤਾਂ ਰਾਤੀਂ ਜਦ ਥੱਕਿਆ-ਟੁੱਟਿਆ ਦਿਨ-ਭਰ ਦਾ ਅਤੇ ਇਹਨਾਂ ਜੁੱਤੀਆਂ ਤੋਂ ਪਰੇਸ਼ਾਨ ਘਰ ਪਹੁੰਚਦਾ ਹਾਂ, ਅਤੇ ਜੁੱਤੀ ਲਾਹ ਕੇ ਪਟਕਦਾ ਹਾਂ, ਤਾਂ ਕਹਿੰਦਾ ਹਾਂ, ਹੇ ਭਗਵਾਨ, ਤੇਰਾ ਧੰਨਵਾਦ। ਇਹ ਜੁੱਤੀ ਲਾਹੁਣ ਨਾਲ ਐਸੀ ਰਾਹਤ ਮਿਲਦੀ ਹੈ। ਇਹ ਇਕ ਹੀ ਤਾਂ ਰਾਹਤ ਹੈ ਮੇਰੇ ਕੋਲ। ਇਹ ਵੀ ਤੁਸੀਂ ਖੋਹ ਲੈਣੀ ਚਾਹੁੰਦੇ ਹੋ!

ਇਕ ਅਣਹੋਂਦ ਦੀ ਰਾਹਤ ਹੈ, ਜੋ ਮਿਲਦੀ ਹੈ। ਜਦ ਤੁਸੀਂ ਦੁਖ ਦੇ ਬਾਅਦ, ਪੀੜ ਤੋਂ ਬਾਅਦ ਬਾਹਰ ਆਉਂਦੇ ਹੋ, ਬੀਮਾਰੀ ਤੋਂ ਪਿਛੋਂ ਸਿਹਤਯਾਬ ਹੁੰਦੇ ਹੋ, ਤਦ ਮਿਲਦੀ ਹੈ। ਪਰ ਉਹ ਕਿੰਨੀ ਦੇਰ ਟਿਕੇਗੀ? ਸੰਸਾਰ ਹੈ ਇਕ ਰੋਗ। ਉਸਦੇ ਬਾਹਰ ਜਦ ਅਸੀਂ ਨਿਕਲਦੇ ਹਾਂ ਇਕਦਮ, ਤਾਂ ਬੜਾ ਹੌਲਾਪਣ ਆ ਜਾਂਦਾ ਹੈ। ਸਾਰਾ ਬੋਝ ਉਤਰ ਗਿਆ। ਲੇਕਿਨ ਕਿੰਨੀ ਦੇਰ ਟਿਕੇਗਾ ਇਹ?

ਇਹ ਅਣਹੋਂਦ ਤੋਂ ਉਪਜਿਆ ਹੈ, ਇਹ ਨਕਾਰਾਤਮਕ ਹੈ, ਇਹ ਜ਼ਿਆਦਾ ਦੇਰ ਨਹੀਂ ਟਿਕੇਗਾ। ਜਿਵੇਂ ਹੀ ਇਸ ਤੋਂ ਅਸੀਂ ਬਾਹਰ ਹੋਏ ਕਿ ਪਹਾੜ ਦੀਆਂ ਚੜ੍ਹਾਈਆਂ ਸ਼ੁਰੂ ਹੋ ਜਾਣਗੀਆਂ। ਅਤੇ ਇਹਨਾਂ ਪਹਾੜਾਂ ਦੇ ਆਸਪਾਸ ਗਹਿਰੇ ਧੁੰਦ ਦੇ ਬੱਦਲ ਛਾਏ ਹੋਣਗੇ। ਅਤੇ ਇਹ ਪਹਾੜ ਅਸੀਂ ਚੜ੍ਹ ਵੀ ਸਕਾਂਗੇ, ਇਸਦੀ ਹਿੰਮਤ ਜੋੜਾਂਗੇ? ਆਸ ਮੱਧਮ ਹੋਣ ਲਗੇਗੀ, ਸ਼ੰਕਾ ਦਾ ਬੋਝ ਵਧਣ ਲਗੇਗਾ ਕਿ ਸੰਸਾਰ ਛੁੱਟ ਗਿਆ ਹੱਥੋਂ, ਅਤੇ ਜੋ ਮਿਲਣਾ ਚਾਹੀਦਾ ਸੀ ਉਹ ਬਹੁਤ ਦੂਰ ਜਾਪਦਾ ਹੈ। ਦਾਨ ਦਾ ਦੁਆਰ ਬਹੁਤ ਵੱਡਾ ਸੀ। ਉਸ ਵਿਚੋਂ ਦੀ ਅਸੀਂ ਦਾਖਲ ਹੋ ਗਏ। ਅਤੇ ਦਾਨ ਦੇ ਬਾਅਦ ਸਾਨੂੰ ਜੋ ਮਾਮੂਲੀ ਰਾਹਤ ਮਿਲੀ ਸੀ ਸੰਸਾਰ ਦਾ ਬੋਝ ਹਟ ਜਾਣ ਤੋਂ, ਉਹ ਵੀ ਹੁਣ ਖੋ ਗਈ।

ਅਤੇ ਇਕ ਹਨੇਰਾ ਘੇਰ ਲੈਂਦਾ ਹੈ...

ਇਕ ਘਣਾ ਹਨੇਰਾ ਘੇਰ ਲੈਂਦਾ ਹੈ। ਘੇਰੇਗਾ ਹੀ। ਇਸ ਤੋਂ ਪਹਿਲਾਂ ਕਿ ਸਾਡੀਆਂ ਅਸਲੀ ਅੱਖਾਂ ਖੁਲ੍ਹਣ, ਸਾਡੀਆਂ ਨਕਲੀ ਅੱਖਾਂ ਬੰਦ ਹੋ ਜਾਣਗੀਆਂ। ਕਿਉਂਕਿ ਉਹੀ ਸ਼ਕਤੀ ਜੋ ਅਸੀਂ ਨਕਲੀ ਅੱਖਾਂ ਵਿਚ ਇਸਤਮਾਲ ਕਰਦੇ ਹਾਂ, ਉਹੀ ਸ਼ਕਤੀ ਅਸਲੀ ਅੱਖਾਂ ਵਿਚ ਪ੍ਰਵੇਸ਼ ਕਰੇਗੀ ਤੇ ਉਹਨਾਂ ਨੂੰ ਕਾਰਜਸ਼ੀਲ ਕਰੇਗੀ। ਇਸ ਤੋਂ ਪਹਿਲਾਂ ਕਿ ਸਾਨੂੰ ਅਸਲੀ ਪ੍ਰਕਾਸ਼ ਦਿਖਾਈ ਪਵੇ, ਸਾਡਾ ਜੋ ਝੂਠਾ ਪ੍ਰਕਾਸ਼ ਹੈ, ਉਹ ਅਲੋਪ ਹੋ ਜਾਏਗਾ।

ਘਣਾ ਹਨੇਰਾ ਘੇਰ ਲਵੇਗਾ...

ਇਹ ਘਣਾ ਹਨੇਰਾ ਇਸੇਲਈ ਘੇਰਦਾ ਹੈ। ਇਹ ਬੜਾ ਸ਼ੁਭ ਲੱਛਣ ਹੈ—ਜਿਹੜੇ ਜਾਣਦੇ ਹਨ ਉਹਨਾਂ ਲਈ। ਨਹੀਂ ਤਾਂ ਸਾਧਕ ਘਬਰਾ ਕੇ ਵਾਪਸ ਵੀ ਮੁੜ ਆਉਂਦਾ ਹੈ।

ਅਤੇ ਬਹੁਤ-ਸਾਰੇ ਲੋਕ ਦਾਨ ਤੋਂ ਅੱਗੇ ਨਹੀਂ ਵਧ ਪਾਂਦੇ ਹਨ ਤੇ ਬਹੁਤ-ਸਾਰੇ ਲੋਕ ਦਾਨ 'ਤੇ ਰੁਕ ਜਾਂਦੇ ਹਨ। ਅਤੇ ਅਨੇਕਾਂ ਜਨਮਾਂ ਤਕ ਦਾਨ 'ਤੇ ਰੁਕੇ ਰਹਿੰਦੇ ਹਨ। ਕਿਉਂਕਿ ਦਾਨ ਤਕ ਵੀ ਸੰਸਾਰ ਦੀ ਭਾਸ਼ਾ ਥੋੜ੍ਹੀ-ਬਹੁਤ ਸਮਝ ਵਿਚ ਆਉਂਦੀ ਹੈ। ਖੋਹਣਾ-ਝਪਟਣਾ ਸੀ, ਇਥੇ ਦੇਣਾ ਹੈ। ਪਰ ਸਮਝ ਸਕਦੇ ਹਾਂ ਅਸੀਂ ਗਣਿਤ ਸਾਫ਼ ਹੈ। ਹੁਣ ਤਕ ਲੈਂਦੇ ਸੀ, ਹੁਣ ਦਿੰਦੇ ਹਾਂ। ਉਲਟ ਹੈ, ਅੰਪਰ ਫਿਰ ਵੀ ਭਾਸ਼ਾ ਢੁਕਵੀਂ ਹੈ, ਨਜ਼ਦੀਕ ਹੈ, ਸਮਝੀ ਜਾ ਸਕਦੀ ਹੈ।

ਇਹਨਾਂ ਦੋਨਾਂ ਦੇ ਖੋ ਜਾਣ 'ਤੇ ਸੰਸਾਰ ਦਾ ਦ੍ਰਿਸ਼ ਖੋ ਜਾਂਦਾ ਹੈ। ਅਤੇ ਜੋ ਅੱਖਾਂ ਸਾਡੇ ਕੋਲ ਹਨ, ਜੋ ਪ੍ਰਕਾਸ਼ ਸਾਡੇ ਕੋਲ ਹੈ, ਉਹ ਸਭ ਅਲੋਪ ਹੋ ਜਾਂਦਾ ਹੈ। ਗਹਿਰਾ ਹਨੇਰਾ ਘੇਰ ਲੈਂਦਾ ਹੈ। ਇਸ ਹਨੇਰੇ ਵਿਚ ਸ਼ੰਕਾ ਉਠਣੀ ਸੁਭਾਵਕ ਹੈ। ਜੋ ਸੀ, ਉਹ ਖੋ ਗਿਆ। ਜਿਹੜਾ ਕੰਢਾ ਕੋਲ ਸੀ, ਕਿਸ਼ਤੀ ਉਸ ਤੋਂ ਦੂਰ ਹਟ ਰਹੀ ਹੈ। ਇਹ ਅਸੀਂ ਸਾਰੀਆਂ ਜ਼ੰਜੀਰਾਂ ਖੋਲ੍ਹ ਦਿਤੀਆਂ ਅਤੇ ਦੂਜਾ ਕੰਢਾ ਦਿਖਾਈ ਵੀ ਨਹੀਂ ਪੈਂਦਾ ਹੈ। ਪੈਰ ਡਗਮਗਾਉਣ ਲਗਦੇ ਹਨ, ਅਸਥਿਰ ਹੋਣ ਲਗਦੇ ਹਨ।

'ਓ ਸਾਧਕ, ਇਸ ਕੋਲੋਂ ਸਾਵਧਾਨ ਰਹਿ। ਇਸ ਡੈ ਤੋਂ ਸਾਵਧਾਨ, ਜੋ ਤੇਰੀ ਆਤਮਾ ਦੀ ਚਾਨਣੀ ਅਤੇ ਬਹੁਤ ਦੂਰ ਵਿਚ ਫੈਲੀ ਤੇਰੀ ਮਹਾਨ ਮੰਜ਼ਲ ਦੇ ਵਿਚਾਲੇ, ਅੱਧੀ ਰਾਤ ਦੇ ਚਮਗਿੱਦੜ ਦੇ ਕਾਲੇ ਤੇ ਬੇਅਵਾਜ਼ ਖੰਭਾਂ ਦੀ ਤਰ੍ਹਾਂ ਫੈਲਿਆ ਹੋਇਆ ਹੈ।'

ਸੰਸਾਰ ਤੋਂ ਹਟਦਿਆਂ ਹੀ ਅਧਿਆਤਮ ਨਹੀਂ ਮਿਲ ਜਾਂਦਾ। ਸੰਸਾਰ ਤੋਂ ਹਟਣ ਦੇ ਬਾਅਦ ਵਿਚਕਾਰ ਵਿਚ ਇਕ ਵਕਫ਼ੇ ਦਾ ਛਿਨ ਹੈ, ਇਕ ਖ਼ਾਲੀ ਥਾਂ ਹੈ, ਜਿਥੇ ਅਸੀਂ ਕਿਤੇ ਵੀ ਨਹੀਂ ਹੁੰਦੇ, ਤ੍ਰਿਸ਼ੰਕੂ ਹੋ ਗਏ ਹੁੰਦੇ ਹਾਂ। ਨਾ ਇਥੇ ਹੁੰਦੇ ਹਾਂ; ਨਾ ਉਥੇ ਹੁੰਦੇ ਹਾਂ; ਕਿਸ਼ਤੀ ਵਿਚਕਾਰ ਵਿਚ ਹੁੰਦੀ ਹੈ। ਇਕ ਕੰਢਾ ਛਡ ਕੇ ਦੂਜਾ ਕੰਢਾ ਤਾਂ ਮਿਲ ਨਹੀਂ ਜਾਂਦਾ; ਵਿਚਾਲੇ ਮਝਧਾਰ ਵਿਚ ਹੁੰਦੇ ਹਾਂ। ਉਸ ਮਝਧਾਰ ਵਿਚ ਮਨ ਡਾਂਵਾਂਡੋਲ ਹੁੰਦਾ ਹੈ। ਪਿਛੇ ਜਾਣ ਦੀ ਇੱਛਿਆ ਹੋਣ ਲਗਦੀ ਹੈ ਕਿ ਵਾਪਸ ਮੁੜ ਚਲੋ। ਘਟੋ-ਘਟ ਕੰਢਾ ਤਾਂ ਸੀ। ਦੁਖ ਸੀ, ਤਾਂ ਕੋਈ ਹਰਜ ਨਹੀਂ; ਵਾਕਫ਼ ਸੀ, ਜਾਣਿਆ-ਪਛਾਣਿਆ ਸੀ।

ਅਤੇ ਇਕੱਲੇ ਵੀ ਨਹੀਂ ਸੀ। ਦੁਖੀ ਸੀ ਤਾਂ ਵੀ ਬਹੁਤ ਲੋਕਾਂ ਦੇ ਨਾਲ ਸੀ; ਭੀੜ ਸੀ, ਪਰਿਵਾਰ ਸੀ, ਮਿੱਤਰ ਸਨ, ਸਬੰਧੀ ਸਨ, ਆਪਣੇ ਲੋਕ ਸਨ। ਇਕ–ਦੂਜੇ ਦੇ ਦੁਖ ਵਿਚ ਹਮਦਰਦੀ ਜਤਾਉਂਦੇ ਸੀ। ਇਹ ਹੁਣ ਇਕੱਲੇ ਹੋ ਗਏ, ਨਾ ਉਹ ਕੰਢਾ ਰਿਹਾ, ਨਾ ਉਹ ਵਾਕਫ ਲੋਕ ਰਹੇ, ਨਾ ਕੋਈ ਦਿਲਾਸਾ ਦੇਣ ਵਾਲਾ ਰਿਹਾ। ਇਸ ਇਕੱਲੇਪਣ ਵਿਚ, ਇਸ ਮਝਧਾਰ ਵਿਚ ਭੈ ਪਕੜਦਾ ਹੈ।

ਸੂਤਰ ਕਹਿੰਦਾ ਹੈ, ਓ ਸਾਧਕ, ਇਸ ਤੋਂ ਸਾਵਧਾਨ ਰਹਿ। ਉਸ ਭੈ ਤੋਂ ਸਾਵਧਾਨ, ਜੋ ਤੇਰੀ ਆਤਮਾ ਦੀ ਚਾਨਣੀ ਅਤੇ ਬਹੁਤ ਦੂਰ ਵਿਚ ਫੈਲੀ ਤੇਰੀ ਮਹਾਨ ਮੰਜ਼ਲ ਦੇ ਵਿਚਾਲੇ ਅੱਧੀ ਰਾਤ ਦੇ ਚਮਗਿੱਦੜ ਦੇ ਕਾਲੇ ਤੇ ਬੇਅਵਾਜ਼ ਖੰਭਾਂ ਦੀ ਤਰ੍ਹਾਂ ਫੈਲਿਆ ਹੋਇਆ ਹੈ।

ਭੈ ਹਰੇਕ ਸਾਧਕ ਨੂੰ ਪਕੜਦਾ ਹੈ। ਸੰਸਾਰਕ ਭੈ ਨਹੀਂ, ਜ਼ਿਆਦਾ ਵਜੂਦਗਤ ਭੈ—ਐਗਜ਼ਿਸਟੈਂਸ਼ਿਅਲ ਫੀਅਰ। ਅਤੇ ਇਹਨਾਂ ਛਿਨਾਂ ਵਿਚ ਜਦ ਸਾਧਕ ਭੈਮਾਨ ਹੋਣ ਲਗਦਾ ਹੈ, ਕਿ ਵਿਚਾਲੇ ਅਟਕ ਗਿਆ, ਹੁਣ ਕੀ ਹੋਵੇਗਾ—ਪਿਛੇ ਵੀ ਪਰਤਿਆ ਨਹੀਂ ਜਾ ਸਕਦਾ। ਕਿਉਂਕਿ ਜਗਤ ਵਿਚ ਪਿਛੇ ਪਰਤਣ ਦਾ ਕੋਈ ਰਾਹ ਹੀ ਨਹੀਂ ਹੈ। ਕਿਵੇਂ ਕੋਈ ਪਿਛੇ ਪਰਤ ਸਕਦਾ ਹੈ? ਜੋ ਜਾਣ ਲਿਆ, ਉਸਨੂੰ ਅਨਜਾਣਿਆਂ ਨਹੀਂ ਕੀਤਾ ਜਾ ਸਕਦਾ। ਜੋ ਦਿਖਾਈ ਪੈ ਗਿਆ, ਉਸਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਜੋ ਅਨੁਭਵ ਵਿਚ ਆ ਗਿਆ, ਕਿਵੇਂ ਉਸ ਤੋਂ ਪਿਛੇ ਜਾਇਆ ਜਾ ਸਕਦਾ ਹੈ। ਜਦ ਉਹ ਅਨੁਭਵ ਵਿਚ ਨਹੀਂ ਆਇਆ ਸੀ। ਅਨੁਭਵ ਤੋਂ ਪਿਛੇ ਹਟਣ ਦਾ ਕੋਈ ਵੀ ਉਪਾਅ ਨਹੀਂ। ਪਿਛੇ ਮੁੜਿਆ ਨਹੀਂ ਜਾ ਸਕਦਾ, ਅੱਗੇ ਦਾ ਕੰਢਾ ਦਿਖਾਈ ਨਹੀਂ ਪੈਂਦਾ। ਅੱਗੇ ਦਾ ਕੰਢਾ ਦੇਖਣ ਵਿਚ ਕੁਝ ਸਮਾਂ ਲਗੇਗਾ। ਨਵੀਆਂ ਅੱਖਾਂ ਚਾਹੀਦੀਆਂ ਹਨ, ਅਤੇ ਅੱਖਾਂ ਦਾ ਨਵਾਂ ਸੰਤੁਲਨ ਚਾਹੀਦਾ ਹੈ।

ਜਿਸਨੂੰ ਦੇਖਣ ਦੀ ਆਦਤ ਹੈ, ਉਸਨੂੰ ਅਸੀਂ ਦੇਖ ਲੈਂਦੇ ਹਾਂ; ਜਿਸਨੂੰ ਦੇਖਣ ਦੀ ਆਦਤ ਨਹੀਂ ਹੈ, ਉਸਨੂੰ ਅਸੀਂ ਨਹੀਂ ਦੇਖ ਪਾਂਦੇ ਹਾਂ। ਜਿਸਨੂੰ ਸੁਣਦੇ ਰਹੇ, ਉਸਨੂੰ ਸੁਣ ਲੈਂਦੇ ਹਾਂ, ਜਿਸਨੂੰ ਨਹੀਂ ਸੁਣਦੇ ਰਹੇ, ਉਸਨੂੰ ਨਹੀਂ ਸੁਣ ਪਾਂਦੇ।

ਆਦਤ, ਇੰਤਜ਼ਾਮ, ਢੰਗ–ਢਾਂਚਾ ਸਾਡਾ, ਉਹ ਸਭ ਇਸ ਕੰਢੇ ਦਾ ਹੈ। ਉਸ ਕੰਢੇ ਨੂੰ ਦੇਖਣ, ਪਛਾਣਨ, ਸਮਝਣ ਤੋਂ ਪਹਿਲਾਂ ਇਹ ਸਾਰਾ ਢਾਂਚਾ ਹਟੇਗਾ। ਅਤੇ ਪੁਰਾਣਾ ਢਾਂਚਾ ਹਟੇਗਾ, ਤਾਂ ਨਵਾਂ ਇਕਦਮ ਨਹੀਂ ਬਣ ਜਾਏਗਾ। ਨਵੇਂ ਦਾ ਜਨਮ ਹੋਵੇਗਾ, ਵਿਕਾਸ ਹੋਵੇਗਾ। ਸਮਾਂ ਲਗੇਗਾ। ਇਹ ਸਮੇਂ ਦਾ ਜੋ ਵਕਫਾ ਹੈ, ਇਹ ਹਨੇਰਾ ਹੋਵੇਗਾ। ਅਤੇ ਬਹੁਤ ਜ਼ਿਆਦਾ ਭੈ ਮਨ ਨੂੰ ਪਕੜੇਗਾ। ਅਤੇ ਹੁਣ ਅਜੇਹਾ ਲਗਦਾ ਹੈ ਕਿ ਪੁਰਾਣੇ ਕੰਢੇ 'ਤੇ ਵੀ ਪਰਤਣਾ ਨਹੀਂ ਹੋ ਸਕਦਾ। ਅਤੇ ਨਵੇਂ ਦਾ ਕੁਝ ਪਤਾ ਨਹੀਂ ਹੈ, ਤਾਂ ਆਸ ਮੱਧਮ ਹੋ ਜਾਏਗੀ। ਅਤੇ ਜਦ ਆਸ ਮੱਧਮ–ਮੱਧਮ ਹੁੰਦੀ ਹੈ, ਤਾਂ ਭੈ ਵਧਦਾ ਹੈ। ਜਦ ਆਸ ਬਿਲਕੁਲ ਸੁੰਨੀ ਹੋ ਜਾਂਦੀ ਹੈ, ਤਾਂ ਸ਼ੰਕਾ ਪਕੜ ਲੈਂਦੀ ਹੈ। ਤਦ ਆਤਮਾ ਹੀ ਨਹੀਂ, ਸਾਰਾ ਵਜੂਦ ਕੰਬਣ ਲਗੇਗਾ। ਇਸ ਕੰਬਦੀ ਅਵਸਥਾ ਵਿਚ ਸਾਧਕ ਪਹੁੰਚਦਾ ਹੈ। ਅਤੇ ਇਸ ਕੰਬਦੀ ਅਵਸਥਾ ਦੇ ਲਈ ਪਹਿਲਾਂ ਤੋਂ

ਸਾਵਧਾਨ ਰਹਿਣਾ ਬੇਹਦ ਜ਼ਰੂਰੀ ਹੈ।

ਜਦ ਤੁਸੀਂ ਆਪਣੇ ਅੰਦਰ ਵੀ ਪ੍ਰਵੇਸ਼ ਕਰੋਗੇ, ਤਾਂ ਧਿਆਨ ਵਿਚ ਅਜੇਹੀ ਘੜੀ ਆਉਂਦੀ ਹੈ, ਜਦ ਤੁਸੀਂ ਭੈਮਾਨ ਹੋਣ ਲਗਦੇ ਹੋ ਕਿ ਹੁਣ ਅੱਗੇ ਜਾਣਾ ਠੀਕ ਨਹੀਂ ਹੈ। ਆਉਂਦੇ ਹਨ ਮੇਰੇ ਕੋਲ ਮਿੱਤਰ ਅਤੇ ਉਹ ਕਹਿੰਦੇ ਹਨ ਕਿ ਉਹ ਤਾਂ ਖ਼ਤਰੇ ਦਾ ਛਿਨ ਮਲੂਮ ਹੁੰਦਾ ਹੈ। ਅਜੇਹਾ ਲਗਦਾ ਹੈ ਅੰਦਰ ਕਿ ਹੁਣ ਜੇ ਅੱਗੇ ਵਧੇ ਤਾਂ, ਜਾਂ ਤਾਂ ਪਾਗਲ ਹੋ ਜਾਵਾਂਗੇ, ਜਾਂ ਇਹ ਵੀ ਹੋ ਸਕਦਾ ਹੈ ਕਿ ਮੌਤ ਵਾਪਰ ਜਾਵੇ। ਅਤੇ ਅਜੇਹਾ ਲਗਣ ਲਗਦਾ ਹੈ ਅੰਦਰ ਕਿ ਕਿਤੇ ਇਉਂ ਤਾਂ ਨਹੀਂ ਹੋਵੇਗਾ ਕਿ ਅਸੀਂ ਅੰਦਰ ਦੇ ਖੂਹ ਵਿਚ ਡਿਗ ਰਹੇ ਹਾਂ, ਜਿਥੋਂ ਵਾਪਸ ਨਹੀਂ ਮੁੜ ਸਕਾਂਗੇ। ਉਸ ਛਿਨ ਹੌਸਲਾ ਰਖਣਾ ਜ਼ਰੂਰੀ ਹੈ। ਕਿਉਂਕਿ ਉਹ ਛਿਨ ਕੀਮਤੀ ਹੈ ਅਤੇ ਕ੍ਰਾਂਤੀਕਾਰੀ ਹੈ। ਜੇ ਉਸ ਛਿਨ ਤੁਸੀਂ ਘਬਰਾ ਗਏ,ਤਾਂ ਚੁੱਕ ਗਏ। ਅਤੇ ਉਸ ਛਿਨ ਜੇ ਤੁਸੀਂ ਘਬਰਾ ਗਏ, ਤਾਂ ਉਹ ਭੈ ਤੁਹਾਡੀ ਆਤਮਾ ਵਿਚ ਬੈਠ ਜਾਏਗਾ ਤੇ ਹਮੇਸ਼ਾ ਲਈ ਤਕਲੀਫ ਦੇਵੇਗਾ। ਪਰਤ ਨਹੀਂ ਸਕਦੇ। ਅੱਗੇ ਜਾਂਦੇ ਤਾਂ ਭੈ ਵੀ ਮਿਟ ਜਾਂਦਾ। ਪਿਛੇ ਜਾ ਨਹੀਂ ਸਕਦੇ, ਅੱਗੇ ਗਏ ਨਹੀਂ, ਤਾਂ ਭੈਮਾਨ ਹੋ ਜਾਉਗੇ।

ਕੀਰਕਗਾਰਡ ਨੇ ਕਿਹਾ ਹੈ ਕਿ ਇਕ ਅਜੇਹਾ ਛਿਨ ਆਉਂਦਾ ਹੈ—ਉਸਨੇ ਇਕ ਕਿਤਾਬ ਲਿਖੀ ਹੈ, ਜਿਸਨੂੰ ਨਾਂ ਦਿਤਾ ਹੈ 'ਇਦਰ-ਔਰ'—ਇਹ ਜਾਂ ਉਹ, ਇੰਜ ਜਾਂ ਉਂਜ, ਇਸ ਪਾਰ ਜਾਂ ਉਸ ਪਾਰ। ਦੋਨਾਂ ਦੇ ਵਿਚਾਲੇ ਇਕ ਛਿਨ ਆਉਂਦਾ ਹੈ ਅਤੇ ਉਸ ਛਿਨ ਵਿਚ ਸਾਰਾ ਵਜੂਦ ਕੰਬਣ ਲਗਦਾ ਹੈ; ਜਿਵੇਂ ਤੂਫਾਨ ਨੇ, ਹਨੇਰੀ ਨੇ ਕਿਸੇ ਬਿਰਛ ਨੂੰ ਘੇਰ ਲਿਆ ਹੋਵੇ। ਅਤੇ ਜਾਂ ਤਾਂ ਇਸ ਪਾਸੇ ਆ ਜਾਉ, ਤਾਂ ਹਨੇਰੀ ਚਲੀ ਜਾਂਦੀ ਹੈ ਜਾਂ ਉਸ ਪਾਸੇ ਚਲੇ ਜਾਉ, ਤਾਂ ਹਨੇਰੀ ਚਲੀ ਜਾਂਦੀ ਹੈ ਅਤੇ ਜੇਕਰ ਵਿਚ-ਵਿਚਾਲੇ ਹੀ ਫਸ ਗਏ, ਤਾਂ ਹਨੇਰੀ ਹੀ ਸਾਡੀ ਜ਼ਿੰਦਗੀ ਬਣ ਜਾਂਦੀ ਹੈ। ਬਹੁਤ ਲੋਕ ਉਲਝ ਜਾਂਦੇ ਹਨ ਇਸ ਹਨੇਰੀ ਵਿਚ।

ਇਸਲਈ ਸੰਸਾਰਕ ਆਦਮੀ ਡਰਦਾ ਵੀ ਹੈ ਧਰਮ ਵਲ ਜਾਣ ਤੋਂ, ਧਿਆਨ ਵਲ, ਜੋਗ ਵਲ ਜਾਣ ਤੋਂ। ਉਹ ਭੈਮਾਨ ਅਨੁਭਵ ਦੇ ਕਾਰਨ ਹੈ, ਬਹੁਤ ਪੁਰਾਣਾ ਹੈ। ਬਹੁਤ ਲੋਕਾਂ ਨੂੰ ਇਸ ਜਗਤ ਨੇ ਹਨੇਰੀ ਵਿਚ ਫਸ ਜਾਂਦਿਆਂ ਦੇਖਿਆ ਹੈ। ਇਸ ਜਗਤ ਨੇ ਬਹੁਤ ਲੋਕਾਂ ਨੂੰ ਸ਼ੁਦਾਈ ਹੋ ਜਾਂਦਿਆਂ ਦੇਖਿਆ ਹੈ, ਪਾਗਲ ਹੋ ਜਾਂਦਿਆਂ ਦੇਖਿਆ ਹੈ; ਤਾਂ ਡਰ ਪੈਦਾ ਹੋ ਗਿਆ ਹੈ। ਜਿਵੇਂ ਹੀ ਤੁਸੀਂ ਸੁਣਦੇ ਹੋ ਕਿ ਕੋਈ ਸੰਨਿਆਸੀ ਹੋ ਗਿਆ ਹੈ, ਅੰਦਰ ਇਕ ਡਰ ਆ ਗਿਆ ਕਿ ਇਹ ਕੀ ਕਰ ਲਿਆ। ਸੰਨਿਆਸ! ਇਸਦਾ ਮਤਲਬ ਹੋਇਆ ਕਿ ਕੰਢਾ ਛਡਣ ਦਾ ਵਿਚਾਰ ਕੀਤਾ, ਕਿ ਕੰਢਾ ਛਡ ਰਹੇ ਹੋ, ਸੰਕਲਪ ਕੀਤਾ। ਖ਼ਤਰੇ ਵਿਚ ਜਾ ਰਹੇ ਹੋ, ਅਨਜਾਣੇ ਵਿਚ ਉਤਰ ਰਹੇ ਹੋ! ਅਤੇ ਅਣਵਾਕਫ ਰਾਹਾਂ 'ਤੇ ਜਾਣਾ ਠੀਕ ਨਹੀਂ। ਵਾਕਫ ਜਾਣੇ-ਪਛਾਣੇ ਰਾਹ 'ਤੇ ਚਲੋ, ਕਿਉਂ ਝੰਜਟ ਵਿਚ ਪੈਂਦੇ ਹੋ? ਇਹ ਵੀ ਅਨੁਭਵ ਦੇ ਕਾਰਨ ਹੀ ਹੈ।

ਬਹੁਤ ਵਾਰ ਅਜੇਹਾ ਹੋਇਆ ਹੈ ਕਿ ਸਾਧਕ ਜਦ ਵਿਚ-ਵਿਚਾਲੇ ਫਸ ਜਾਂਦਾ ਹੈ, ਪਰਤ ਨਹੀਂ ਸਕਦਾ, ਅੱਗੇ ਜਾ ਨਹੀਂ ਪਾਂਦਾ ਭੈ ਦੇ ਕਾਰਨ, ਤਾਂ ਬੜੀ ਉਲਝਣ ਹੋ ਜਾਂਦੀ ਹੈ। ਪੈਥਾਲਾਜਿਕਲ, ਰੋਗੀ ਹਾਲਤ ਹੋ ਜਾਂਦੀ ਹੈ। ਇਸਲਈ ਇਹ ਸਾਵਧਾਨੀ ਜ਼ਰੂਰੀ ਹੈ।

ਇੰਨਾ ਪੱਕਾ ਹੈ ਕਿ ਜੇ ਉਸ ਛਿਨ ਵਿਚ ਹਿੰਮਤ ਰਖੀ ਅਤੇ ਭੈ ਨਾ ਰਿਹਾ, ਤਾਂ ਤੁਸੀਂ ਛੇਤੀ ਹੀ ਭੈ ਦੇ ਪਾਰ ਹੋ ਜਾਉਗੇ ਅਤੇ ਸਦਾ ਲਈ ਅਭੈ ਹੋ ਜਾਉਗੇ। ਫਿਰ ਦੁਨੀਆਂ ਦਾ ਕੋਈ ਭੈ ਤੁਹਾਨੂੰ ਪਕੜ ਨਹੀਂ ਸਕੇਗਾ। ਜੋ ਵਿਅਕਤੀ ਅਧਿਆਤਮ ਦੇ ਭੈ ਤੋਂ ਪਾਰ ਹੋ ਜਾਂਦਾ ਹੈ, ਫਿਰ ਉਸਨੂੰ ਦੁਨੀਆਂ ਦਾ ਕੋਈ ਭੈ ਨਹੀਂ ਪਕੜ ਸਕਦਾ ਹੈ। ਅਤੇ ਜਿਸਨੂੰ ਇਹ ਛਿਨ ਨਹੀਂ ਕੰਬਾ ਪਾਂਦਾ, ਭੈਮਾਨ ਨਹੀਂ ਕਰ ਪਾਂਦਾ, ਫਿਰ ਉਸਨੂੰ ਕੋਈ ਵੀ ਸ਼ਕਤੀ ਭੈਮਾਨ ਨਹੀਂ ਕਰ ਪਾਏਗੀ। ਫਿਰ ਮੌਤ ਵੀ ਉਸਦੇ ਰੋਮ ਨੂੰ ਨਹੀਂ ਹਿਲਾ ਸਕਦੀ; ਕਿਉਂਕਿ ਇਹ ਮੌਤ ਤੋਂ ਵੀ ਵਡਾ ਖ਼ਤਰਾ ਹੈ। ਕਿਉਂਕਿ ਮੌਤ ਵਿਚ ਤਾਂ ਸਰੀਰ ਹੀ ਮਿਟਦਾ ਹੈ, ਇਸ ਛਿਨ ਵਿਚ ਤਾਂ ਅਜੇਹਾ ਲਗਦਾ ਹੈ ਕਿ ਮੇਰਾ ਸਾਰਾ ਪ੍ਰਾਣ ਟੁੱਟਿਆ ਜਾ ਰਿਹਾ ਹੈ। ਹੁਣ ਮੈਂ ਕਿਤੋਂ ਦਾ ਨਾ ਰਿਹਾ। ਹੁਣ ਮੈਂ ਸ਼ੂਨਯ ਹੀ ਹੋ ਜਾਵਾਂਗਾ। ਇਕ ਅਨੰਤ ਟੋਏ ਵਿਚ, ਅਨੰਤ ਖੱਡ ਵਿਚ ਜਿਵੇਂ ਕੋਈ ਡਿਗ ਪਿਆ ਹੋਵੇ; ਜਿਸਦੇ ਹੇਠਾਂ ਦੀ ਖਾਈ ਦਾ ਵੀ ਕੋਈ ਪਤਾ ਨਹੀਂ ਲਗਦਾ। ਅਤੇ ਉਪਰ ਤਾਂ ਜਾਣ ਦਾ ਕੋਈ ਉਪਾਅ ਨਹੀਂ ਹੈ। ਅਤੇ ਡਿਗਦਾ ਹੀ ਜਾਵੇ, ਡਿਗਦਾ ਹੀ ਜਾਵੇ ਤੇ ਹੇਠਾਂ ਦੀ ਖਾਈ ਦਾ ਕੋਈ ਪਤਾ ਨਾ ਲਗੇ—ਐਨ ਉਹੋ-ਜਿਹੀ ਹੀ ਪ੍ਰਤੀਤੀ ਹੁੰਦੀ ਹੈ।

ਲੇਕਿਨ ਉਸ ਪ੍ਰਤੀਤੀ ਨੂੰ ਖ਼ੁਸ਼ੀ ਨਾਲ, ਪ੍ਰਸੰਨਤਾ ਨਾਲ, ਧੰਨਵਾਦ ਨਾਲ ਸਵੀਕਾਰ ਕਰ ਲੈਣਾ ਅਤੇ ਜਾਣਨਾ ਕਿ ਪਰਮਾਤਮਾ ਦੀ ਕਿਰਪਾ ਹੈ, ਇਹ ਛਿਨ ਆ ਗਿਆ। ਕਿਉਂਕਿ ਇਸ ਛਿਨ ਦੇ ਬਾਅਦ ਕ੍ਰਾਂਤੀ ਹੈ: ਇਸੇ ਛਿਨ ਦੇ ਬਾਅਦ ਰੂਪ-ਪਰਤਣ ਹੈ। ਜੇਕਰ ਇਸ ਬੋਧ ਨਾਲ ਵਧ ਗਏ ਅੱਗੇ, ਤਾਂ ਭੈ ਸਦਾ ਲਈ ਅਲੋਪ ਹੋ ਜਾਂਦਾ ਹੈ। ਰਾਤ ਸਦਾ ਲਈ ਮਿਟ ਜਾਂਦੀ ਹੈ। ਹਨੇਰਾ ਹਮੇਸ਼ਾ ਲਈ ਖੋ ਜਾਂਦਾ ਹੈ।

ਸ੍ਰੀ ਅਰਵਿੰਦ ਨੇ ਕਿਹਾ ਹੈ ਕਿ ਜਿਸਨੂੰ ਮੈਂ ਕਲ੍ਹ ਤਕ ਪ੍ਰਕਾਸ਼ ਕਹਿੰਦਾ ਸੀ, ਹੁਣ ਜਿਸ ਪ੍ਰਕਾਸ਼ ਨੂੰ ਜਾਣਿਆ, ਉਸਦੇ ਸਾਹਮਣੇ ਉਹ ਪ੍ਰਕਾਸ਼ ਹਨੇਰਾ ਜਾਪਦਾ ਹੈ। ਅਤੇ ਕਲ੍ਹ ਤਕ ਜਿਸਨੂੰ ਮੈਂ ਜੀਵਨ ਸਮਝਦਾ ਸੀ, ਅੱਜ ਜਿਸ ਜੀਵਨ ਨੂੰ ਮੈਂ ਜਾਣਿਆ ਹੈ, ਉਸਦੇ ਸਾਹਮਣੇ ਇਹ ਜੀਵਨ ਮੌਤ ਨਾਲੋਂ ਵੀ ਬਦਤਰ ਹੈ।

ਔਪਰ ਇਹ ਭੈ ਦੇ ਛਿਨ ਤੋਂ ਬਾਅਦ ਹੋਵੇਗਾ। ਚੇਤੇ ਰਖਣ ਯੋਗ ਹੈ ਕਿ ਓ ਸਾਧਕ, ਇਸ ਤੋਂ ਸਾਵਧਾਨ! ਇਸ ਭੈ ਤੋਂ ਸਾਵਧਾਨ। ਇਹ ਸਾਵਧਾਨੀ ਜੇਕਰ ਰਹੀ... ਜਦ ਵੀ ਭੈ ਪਕੜੇ ਤੁਹਾਨੂੰ, ਤਾਂ ਸਾਵਧਾਨ ਰਹਿਣਾ ਕਿ ਇਹ ਸ਼ੁਭ ਲਛਣ ਹੈ, ਅਸੀਂ ਕਰੀਬ ਆ ਰਹੇ ਹਾਂ ਉਸ ਖਾਈ ਦੇ, ਜਿਸ ਵਿਚ ਜੇ ਡਿਗਣ ਨੂੰ ਤਿਆਰ ਰਹੇ, ਤਾਂ ਪੁਰਾਣਾ ਮਿਟ ਜਾਏਗਾ ਅਤੇ ਨਵੇਂ ਦਾ ਜਨਮ ਹੋਵੇਗਾ। ਦੁਖ ਵਿਸਰਜਤ ਹੋ ਜਾਏਗਾ ਅਤੇ ਅਨੰਦ ਦੀਆਂ ਕਿਰਨਾਂ ਫੁੱਟਣਗੀਆਂ। ਸੂਰਜ ਉਦੇ ਨਜ਼ਦੀਕ ਹੈ।

ਜਿੰਨੀ ਘਣੀ ਹੋ ਗਈ ਹੈ ਰਾਤ, ਉਨਾ ਹੀ ਪਹੁ-ਫੁਟਾਲਾ ਨੇੜੇ ਹੈ। ਅਜੇਹਾ ਮਨ ਵਿਚ ਭਾਵ ਬਣਿਆ ਰਹੇ।

ਇਸਲਈ ਗੁਰੂ ਉਪਯੋਗੀ ਹੋ ਜਾਂਦਾ ਹੈ। ਅਤੇ ਜਿਹੜੇ ਭੈ ਨਾਲ ਭਰ ਸਕਦੇ ਹਨ, ਉਹਨਾਂ ਖ਼ਾਤਰ ਬਹੁਤ ਉਪਯੋਗੀ ਹੋ ਜਾਂਦਾ ਹੈ। ਕਿਉਂਕਿ ਤਦ, ਜਿਨ੍ਹਾਂ ਰਾਹਾਂ ਤੋਂ ਉਹ ਗੁਜ਼ਰਿਆ ਹੈ, ਉਹਨਾਂ ਦੀ ਗੱਲ ਕਰ ਸਕਦਾ ਹੈ। ਅਤੇ ਜਿਹੜੇ ਭੈ ਚੁੰਬਣੇ, ਉਹਨਾਂ ਦੀ ਖ਼ਬਰ ਦੇ ਸਕਦਾ ਹੈ। ਅਤੇ ਕਿਥੇ-ਕਿਥੇ, ਕਿਹੜੇ-ਕਿਹੜੇ ਛਿਨਾਂ ਵਿਚ ਅੜਿੱਚਣ ਆ ਜਾਏਗੀ, ਉਪੱਦਰ ਹੋ ਸਕਦਾ ਹੈ, ਆਦਮੀ ਅਟਕ ਸਕਦਾ ਹੈ, ਉਸਦੀ ਸਾਰੀ ਖ਼ਬਰ ਦੇ ਸਕਦਾ ਹੈ। ਅਤੇ ਇਕ ਦਫਾ ਉਸਦਾ ਸਪੱਸ਼ਟ ਬੋਧ ਹੋਵੇ, ਤਾਂ ਪਾਰ ਹੋਣਾ ਅਸਾਨ ਹੋ ਜਾਂਦਾ ਹੈ।

ਛੇਵਾਂ ਪ੍ਰਵਚਨ

ਛਾਂਤੀ

ਹੇ ਸ਼ਿਸ਼, ਭੈ ਸੰਕਲਪ ਨੂੰ ਮਾਰਦਾ ਹੈ ਅਤੇ ਯਤਨਾਂ ਨੂੰ ਮੁਲਤਵੀ ਕਰਦਾ ਹੈ। ਜੇਕਰ ਸ਼ੀਲ ਗੁਣ ਦੀ ਅਣਹੋਂਦ ਹੋਵੇ, ਤਾਂ ਯਾਤਰੀ ਦੇ ਕਦਮ ਡਗਮਗਾਉਂਦੇ ਹਨ ਅਤੇ ਚਟਾਨੀ ਰਾਹ 'ਤੇ ਕਰਮ ਦੇ ਪੱਥਰ ਉਸਦੇ ਪੈਰਾਂ ਨੂੰ ਲਹੂਲੁਹਾਣ ਕਰ ਦਿੰਦੇ ਹਨ।

ਹੇ ਸਾਧਕ, ਆਪਣੇ ਪੈਰਾਂ ਨੂੰ ਦ੍ਰਿੜ੍ਹ ਕਰ। ਛਾਂਤੀ (ਧੀਰਜ) ਦੇ ਸੱਤਵ ਵਿਚ ਆਪਣੀ ਆਤਮਾ ਨੂੰ ਨੁਹਾ, ਕਿਉਂਕਿ ਹੁਣ ਤੂੰ ਉਸੇ ਦੇ ਨਾਂ ਦੇ ਦੁਆਰ ਨੂੰ ਪਹੁੰਚ ਰਿਹਾ ਹੈਂ--ਬਲ ਅਤੇ ਧੀਰਜ ਦਾ ਦੁਆਰ।

ਆਪਣੀਆਂ ਅੱਖਾਂ ਨੂੰ ਬੰਦ ਨਾ ਕਰ, ਅਤੇ ਦੋਰਜੇ[2] (ਸੁਰੱਖਿਆ ਦੇ ਵੱਜਰ) ਤੋਂ ਆਪਣੀ ਦ੍ਰਿਸ਼ਟੀ ਨੂੰ ਨਾ ਹਟਾ। ਕਾਮ ਦੇ ਤੀਰ ਉਸ ਵਿਅਕਤੀ ਨੂੰ ਵਿੰਨ੍ਹ ਦਿੰਦੇ ਹਨ, ਜੋ ਵਿਰਾਗ[3] ਨੂੰ ਪ੍ਰਾਪਤ ਨਹੀਂ ਹੋਇਆ ਹੈ।

ਕੰਬਣੀ ਤੋਂ ਸਾਵਧਾਨ! ਭੈ ਦੀ ਸਾਹ ਹੇਠਾਂ ਪੈਣ ਨਾਲ ਧੀਰਜ ਦੀ ਕੁੰਜੀ ਵਿਚ ਜੰਗ ਲਗ ਜਾਂਦਾ ਹੈ ਅਤੇ ਜੰਗ ਲਗੀ ਕੁੰਜੀ ਤਾਲੇ ਨੂੰ ਨਹੀਂ ਖੋਲ੍ਹ ਸਕਦੀ। ਜਿੰਨਾ ਹੀ ਤੂੰ ਅੱਗੇ ਵਧਦਾ ਹੈਂ, ਉਨਾ ਹੀ ਤੇਰੇ ਪੈਰਾਂ ਨੂੰ ਖਾਈ-ਖੰਦਕਾਂ ਦਾ ਸਾਹਮਣਾ ਕਰਨਾ ਹੁੰਦਾ ਹੈ। ਅਤੇ ਜੋ ਰਾਹ ਉਧਰ ਜਾਂਦਾ ਹੈ, ਉਹ ਇਕ ਹੀ ਅਗਨੀ ਨਾਲ ਰੋਸ਼ਨ ਹੈ--ਸਾਧਕ ਦੇ ਹਿਰਦੇ ਵਿਚ ਬਲਣ ਵਾਲੀ ਹੌਸਲੇ ਦੀ ਅਗਨੀ ਨਾਲ। ਜਿੰਨਾ ਹੀ ਕੋਈ ਹੌਸਲਾ ਕਰਦਾ ਹੈ, ਉਹ ਉਨਾ ਹੀ ਪਾਂਦਾ ਹੈ। ਅਤੇ ਜਿੰਨਾ ਹੀ ਉਹ ਡਰਦਾ ਹੈ, ਉਨਾ ਹੀ ਉਹ ਜੋਤ ਮੱਧਮ ਪੈ ਜਾਂਦੀ ਹੈ। ਅਤੇ ਉਹੀ ਜੋਤ ਰਹਿਨੁਮਾਈ ਕਰ ਸਕਦੀ ਹੈ। ਉਹ ਹਿਰਦਾ-ਜੋਤ ਉਹੋ-ਜਿਹੀ ਹੀ ਹੈ, ਜਿਵੇਂ ਕਿਸੇ ਉਚੇ ਪਰਬਤ-ਸਿਖਰ 'ਤੇ ਚਮਕਣ ਵਾਲੀ ਅੰਤਮ ਸੂਰਜ ਦੀ ਕਿਰਨ, ਜਿਸਦੇ ਬੁਝਣ 'ਤੇ ਹਨੇਰੀ ਰਾਤ ਦੀ ਆਮਦ ਹੁੰਦੀ ਹੈ। ਜਦ ਉਹ ਜੋਤ ਵੀ ਬੁਝ ਜਾਂਦੀ ਹੈ, ਤਦ ਤੇਰੇ ਹੀ ਹਿਰਦੇ 'ਚੋਂ ਨਿਕਲ ਕੇ ਇਕ ਕਾਲਾ ਤੇ ਡਰਾਉਣਾ ਪਰਛਾਵਾਂ ਰਾਹ 'ਤੇ ਪਏਗਾ ਅਤੇ ਤੇਰੇ ਭੈ ਨਾਲ ਕੰਬਦੇ ਪੈਰਾਂ ਨੂੰ ਧਰਤੀ ਨਾਲ ਬੰਨ੍ਹ ਦੇਵੇਗਾ।

ਇਸ ਸੂਤਰ ਵਿਚ ਸਾਧਕ ਦੇ ਲਈ ਬਹੁਤ ਮੁੱਲਵਾਨ ਗੱਲਾਂ ਹਨ।

'ਹੇ ਸ਼ਿਸ਼, ਭੈ ਸੰਕਲਪ ਨੂੰ ਮਾਰਦਾ ਹੈ ਅਤੇ ਯਤਨਾਂ ਨੂੰ ਮੁਲਤਵੀ ਕਰਦਾ ਹੈ।'

ਭੈ ਸ਼ਾਇਦ ਅੰਦਰੂਨੀ ਰਾਹ 'ਤੇ ਸਭ ਤੋਂ ਵਡੀਆਂ ਕਠਨਾਈਆਂ ਵਿਚੋਂ ਇਕ ਹੈ। ਅਤੇ ਅਜੇਹਾ ਭੈ ਨਹੀਂ, ਜਿਸ ਨਾਲ ਅਸੀਂ ਸੰਸਾਰ ਵਿਚ ਵਾਕਫ ਹਾਂ, ਕੁਝ ਹੋਰ ਹੀ ਤਰ੍ਹਾਂ ਦਾ ਭੈ ਹੈ। ਭੈ ਦੋ ਤਰ੍ਹਾਂ ਦੇ ਹਨ। ਇਕ ਤਾਂ ਭੈ ਹੈ, ਜਿਸਦਾ ਸਿੱਧਾ ਕਾਰਨ ਸਾਹਮਣੇ ਹੁੰਦਾ ਹੈ। ਕੋਈ ਆਦਮੀ ਛਾਤੀ ਦੇ ਸਾਹਮਣੇ ਛੁਰਾ ਲੈ ਕੇ ਖੜ੍ਹਾ ਹੈ, ਤੁਸੀਂ ਭੈਮਾਨ ਹੁੰਦੇ ਹੋ। ਇਸ ਭੈ ਦਾ ਕਾਰਨ ਪ੍ਰਤੱਖ ਹੈ, ਸਾਹਮਣੇ ਹੈ। ਇਕ ਹੋਰ ਭੈ ਹੈ।

ਇਕ ਤਾਂ ਭੈ ਦਾ ਇਹ ਆਯਾਮ ਹੈ, ਜਿਥੇ ਕਾਰਨ ਹੁੰਦੇ ਹਨ। ਕਾਰਨ ਬਾਹਰ ਹੁੰਦੇ ਹਨ, ਅੰਦਰ ਤੁਸੀਂ ਭੈਮਾਨ ਹੁੰਦੇ ਹੋ। ਕਾਰਨ ਵੀ ਭੈ ਪੈਦਾ ਨਹੀਂ ਕਰਦੇ। ਸਿਰਫ ਜੋ ਭੈ ਅੰਦਰ ਸੁੱਤਾ ਹੋਇਆ ਹੈ, ਉਸਨੂੰ ਜਗਾ ਦਿੰਦੇ ਹਨ; ਉਹ ਜੋ ਅੰਦਰ ਛੁਪਿਆ ਹੈ, ਉਸਨੂੰ ਪਰਗਟ ਕਰ ਦਿੰਦੇ ਹਨ। ਕੋਈ ਛੁਰਾ ਲੈ ਕੇ ਛਾਤੀ ਦੇ ਸਾਹਮਣੇ ਖੜ੍ਹਾ ਹੋਵੇ, ਤਾਂ ਉਸਦੇ ਛੁਰੇ ਤੋਂ ਭੈ ਪੈਦਾ ਨਹੀਂ ਹੁੰਦਾ। ਭੈ ਤਾਂ ਅੰਦਰ ਹੈ, ਛੁਰੇ ਨਾਲ ਪਰਗਟ ਹੋ ਜਾਂਦਾ ਹੈ। ਲੇਕਿਨ ਕਾਰਨ ਹੈ, ਸਾਫ ਹੈ।

ਦੂਜਾ ਭੈ ਹੋਰ ਵੀ ਗਹਿਰਾ ਹੈ, ਜੋ ਛੁਰੇ ਦੇ ਕਾਰਨ ਜਾਂ ਕਿਸੇ ਬਾਹਰਲੀ ਹਾਲਤ ਦੇ ਕਾਰਨ ਨਹੀਂ ਮਹਿਸੂਸ ਹੁੰਦਾ, ਬਲਕਿ ਅੰਦਰ ਜੋ ਭੈ ਪਿਆ ਹੈ, ਉਸਦੀ ਕੰਬਣੀ ਨਾਲ ਹੀ ਪ੍ਰਤੀਤ ਹੁੰਦਾ ਹੈ। ਅਕਾਰਨ ਪ੍ਰਤੀਤ ਹੁੰਦਾ ਹੈ। ਅਧਿਆਤਮ ਦੇ ਰਾਹ 'ਤੇ ਉਹ ਜੋ ਅਕਾਰਨ ਭੈ ਪ੍ਰਤੀਤ ਹੁੰਦਾ ਹੈ, ਉਹੀ ਰੁਕਾਵਟ ਹੈ। ਅਤੇ ਜਿਵੇਂ–ਜਿਵੇਂ ਵਿਅਕਤੀ ਸੰਸਾਰ ਤੋਂ ਦ੍ਰਿਸ਼ਟੀ ਹਟਾਉਣ ਲਗਦਾ ਹੈ, ਉਵੇਂ–ਉਵੇਂ ਕਾਰਨ ਅਲੋਪ ਹੋਣ ਲਗਦੇ ਹਨ। ਅਤੇ ਆਪਣਾ ਹੀ ਭੈ ਕੰਬਣ ਲਗਦਾ ਹੈ। ਹੁਣ ਕੋਈ ਕੰਬਾਉਣ ਵਾਲਾ ਨਹੀਂ ਹੁੰਦਾ। ਆਪਣਾ ਹੀ ਭੈ ਹੈ।

ਕਾਰਨ ਵਾਲੇ ਭੈ ਤੋਂ ਛੁੱਟਣਾ ਅਸਾਨ ਹੈ; ਕਿਉਂਕਿ ਕਾਰਨ ਦੀ ਰੋਕਥੰਮ੍ਹ ਕੀਤੀ ਜਾ ਸਕਦੀ ਹੈ, ਕਾਰਨ ਤੋਂ ਬਚਾਅ

ਕੀਤਾ ਜਾ ਸਕਦਾ ਹੈ। ਕੋਈ ਛੁਰਾ ਲੈ ਕੇ ਖੜ੍ਹਾ ਹੋਵੇ, ਤਾਂ ਤੁਸੀਂ ਤਲਵਾਰ ਲੈ ਕੇ ਖੜ੍ਹੇ ਹੋ ਸਕਦੇ ਹੋ। ਆਪਣੇ ਚਾਰੇ-ਪਾਸੇ ਸੁਰੱਖਿਆ ਦੀ ਕੰਧ ਉਸਾਰ ਸਕਦੇ ਹੋ। ਬੀਮਾਰੀ ਹੋਵੇ, ਤਾਂ ਦਵਾਈ ਦਾ ਇੰਤਜ਼ਾਮ ਹੋ ਸਕਦਾ ਹੈ। ਬਾਹਰ ਜੋ ਕਾਰਨ ਹਨ, ਉਹਨਾਂ ਦੇ ਉਲਟ ਕਾਰਨ ਬਾਹਰ ਤਿਆਰ ਕੀਤੇ ਜਾ ਸਕਦੇ ਹਨ। ਅਤੇ ਭੈ ਤੋਂ ਸੁਰੱਖਿਆ ਮਿਲ ਜਾਂਦੀ ਹੈ। ਲੇਕਿਨ ਜਦ ਅਕਾਰਨ ਭੈ ਦਾ ਪਤਾ ਲਗਦਾ ਹੈ ਕਿ ਭੈ ਬਾਹਰ ਤੋਂ ਨਹੀਂ ਆ ਰਿਹਾ, ਕੋਈ ਉਸਨੂੰ ਜਗਾ ਨਹੀਂ ਰਿਹਾ, ਭੈ ਮੇਰੇ ਅੰਦਰ ਹੀ ਹੈ, ਮੇਰੀ ਆਤਮਾ ਵਿਚ ਹੀ ਹੈ। ਮੈਂ ਆਪਣੇ-ਆਪ ਹੀ ਕੰਬ ਰਿਹਾ ਹਾਂ, ਕੋਈ ਮੈਨੂੰ ਕੰਬਾ ਨਹੀਂ ਰਿਹਾ। ਇਹ ਕੰਬਣੀ ਮੇਰੀ ਹੀ ਹੈ, ਮੇਰੇ ਵਜੂਦ ਵਿਚ ਹੀ ਇਹ ਕੰਬਣੀ ਛੁਪੀ ਹੋਈ ਹੈ। ਤਦ ਬੜੀ ਕਠਨਾਈ ਹੁੰਦੀ ਹੈ ਕਿ ਉਪਾਅ ਕੀ ਹੋਵੇ ! ਇਸ ਭੈ ਨੂੰ ਮਿਟਾਉਣ ਦੇ ਲਈ ਕੀ ਕੀਤਾ ਜਾਵੇ ? ਇਸ ਤੋਂ ਸੁਰੱਖਿਅਤ ਹੋਣ ਦੇ ਲਈ ਕਿਹੜਾ ਇੰਤਜ਼ਾਮ ਹੋਵੇ।

ਕੋਈ ਇੰਤਜ਼ਾਮ ਕੰਮ ਨਹੀਂ ਦੇਵੇਗਾ। ਸੰਸਾਰਕ ਭੈ ਤੋਂ ਬਚਣਾ ਅਸਾਨ ਹੈ। ਅਸੀਂ ਸਾਰਿਆਂ ਨੇ ਇੰਤਜ਼ਾਮ ਕਰ ਲਿਆ ਹੈ ਸੰਸਾਰਕ ਭੈ ਤੋਂ ਬਚਣ ਦਾ। ਸਾਡੀ ਪੂਰੀ ਸਮਾਜਕ ਵਿਵਸਥਾ ਸੰਸਾਰਕ ਭੈ ਤੋਂ ਬਚਣ ਦਾ ਉਪਾਅ ਹੈ। ਤਾਂ ਇਥੇ ਪੁਲਿਸ ਹੈ, ਅਦਾਲਤ ਹੈ, ਕਾਨੂੰਨ ਹੈ, ਰਾਜ ਹੈ; ਉਹ ਸਭ ਸਾਡੇ ਉਪਾਅ ਹਨ ਬਾਹਰ ਦੇ ਭੈ ਤੋਂ ਬਚਣ ਦੇ। ਲੇਕਿਨ ਅੰਦਰ ਜੋ ਭੈ ਹੈ, ਉਸ ਤੋਂ ਬਚਣ ਦੇ ਲਈ ਆਦਮੀ ਕੀ ਕਰੇ ? ਅਤੇ ਉਸ ਤੋਂ ਨਾ ਬਚ ਸਕੇ, ਤਾਂ ਆਤਮਕ ਜਗਤ ਵਿਚ ਕੋਈ ਪ੍ਰਵੇਸ਼ ਨਹੀਂ ਹੋ ਪਾਏਗਾ। ਕਿਉਂਕਿ ਉਹ ਤਾਂ ਜਗਤ ਹੀ ਅੰਦਰ ਦਾ ਹੈ, ਉਥੇ ਬਾਹਰ ਕੁਝ ਹੈ ਹੀ ਨਹੀਂ, ਜਿਸ ਤੋਂ ਇੰਤਜ਼ਾਮ ਹੋ ਸਕੇ, ਬਚਾਅ ਹੋ ਸਕੇ। ਉਥੇ ਤੁਸੀਂ ਹੋਵੋਗੇ ਇਕੱਲੇ ਅਤੇ ਤੁਹਾਡਾ ਭੈ ਹੋਵੇਗਾ-ਅਕਾਰਨ ਭੈ।

ਇਕ ਬਿਰਛ ਹਵਾ ਦੇ ਬੁੱਲੇ 'ਚ ਕੰਬਦਾ ਹੈ, ਤਾਂ ਹਵਾ ਦੇ ਬੁੱਲੇ ਨੂੰ ਰੋਕਿਆ ਜਾ ਸਕਦਾ ਹੈ। ਲੇਕਿਨ ਇਕ ਬਿਰਛ ਨੇ ਆਪਣੇ ਵਜੂਦ ਵਿਚ ਆਪਣੀਆਂ ਜੜ੍ਹਾਂ ਵਿਚ ਹੀ ਕੰਬਣੀ ਲੈ ਰਖੀ ਹੈ ਅਤੇ ਕੰਬਦਾ ਹੈ, ਤਦ ਕੀ ਕੀਤਾ ਜਾਵੇ ? ਇਸੇ ਭੈ ਦੀ ਚਰਚਾ ਹੈ। ਅਤੇ ਇਹੀ ਭੈ ਸੰਕਲਪ ਦਾ ਘਾਤ ਕਰ ਦਿੰਦਾ ਹੈ।

ਜਿੰਨੀ ਹੀ ਅੰਦਰ ਹੁੰਦੀ ਹੈ ਕੰਬਣੀ, ਉਨੇ ਹੀ ਤੁਸੀਂ ਦ੍ਰਿੜ੍ਹ ਨਹੀਂ ਹੋ ਪਾਂਦੇ ਹੋ। ਜਿੰਨੀ ਹੁੰਦੀ ਹੈ ਅੰਦਰ ਕੰਬਣੀ, ਤੁਹਾਨੂੰ ਆਪਣੀ ਹੀ ਗੱਲ ਦਾ ਕੋਈ ਭਰੋਸਾ ਨਹੀਂ ਹੋ ਪਾਂਦਾ। ਤੁਸੀਂ ਜਾਣਦੇ ਹੋ ਕਿ ਜੋ ਤੁਸੀਂ ਕਹਿ ਰਹੇ ਹੋ,ਉਹ ਕਹਿੰਦੇ ਸਮੇਂ ਵੀ ਤੁਸੀਂ ਕੰਬ ਰਹੇ ਹੋ। ਤੁਸੀਂ ਜਾਣਦੇ ਹੋ, ਜੋ ਤੁਸੀਂ ਨਿਰਨਾ ਲੈ ਰਹੇ ਹੋ, ਨਿਰਨਾ ਲੈਣ ਸਮੇਂ ਵੀ ਕੰਬ ਰਹੇ ਹੋ। ਤੁਸੀਂ ਜਾਣਦੇ ਹੋ ਕਿ ਤੁਹਾਡਾ ਸੰਕਲਪ ਸਦਾ ਅਧੂਰਾ ਹੈ। ਅਤੇ ਅਧੂਰਾ ਸੰਕਲਪ, ਸੰਕਲਪ ਨਹੀਂ ਹੈ। ਅਧੂਰੇ ਸੰਕਲਪ ਦਾ ਕੋਈ ਅਰਥ ਹੀ ਨਹੀਂ ਹੁੰਦਾ। ਕੋਈ ਆਦਮੀ ਕਹੇ ਕਿ ਮੈਂ ਅੱਧਾ ਤਿਆਰ ਹਾਂ, ਉਸਦਾ ਕੋਈ ਮਤਲਬ ਨਹੀਂ ਹੁੰਦਾ। ਤਿਆਰੀ ਜਾਂ ਤਾਂ ਪੂਰੀ ਹੁੰਦੀ ਹੈ ਜਾਂ ਨਹੀਂ ਹੁੰਦੀ। ਜੇ ਤੁਸੀਂ ਕਹੋ ਕਿ ਮੈਂ ਛਾਲ ਲਾਉਣ ਨੂੰ ਤਿਆਰ ਹਾਂ, ਤਾਂ ਕਿਵੇਂ ਛਾਲ ਲਗੇਗੀ ? ਇਕ ਪੈਰ ਤਿਆਰ ਨਹੀਂ ਹੈ ਅਤੇ ਇਕ ਤਿਆਰ ਹੈ-ਅੱਧੇ ਤੁਸੀਂ ਤਿਆਰ ਹੋ। ਛਾਲ ਲਗੇਗੀ ਕਿਵੇਂ ? ਛਾਲ ਤਾਂ ਤਦੇ ਲਗ ਸਕਦੀ ਹੈ, ਜਦ ਤਿਆਰੀ ਪੂਰੀ ਹੋਵੇ। ਜ਼ਰਾ-ਜਿੰਨਾ ਵੀ ਉਲਟ ਭਾਵ ਮਨ ਵਿਚ ਹੈ, ਤਾਂ ਛਾਲ ਨਹੀਂ ਲਗ ਸਕਦੀ। ਅਤੇ ਜਿਹੜਾ

ਭੈ ਨਾਲ ਕੰਬ ਰਿਹਾ ਹੈ, ਉਸ ਵਿਚ ਉਲਟ ਭਾਵ ਸਦਾ ਬਣਿਆ ਰਹਿੰਦਾ ਹੈ। ਉਸਨੂੰ ਆਪਣੇ ਉੱਤੇ ਭਰੋਸਾ ਨਹੀਂ ਹੋ ਸਕਦਾ, ਜਿਹੜਾ ਭੈ ਨਾਲ ਕੰਬ ਰਿਹਾ ਹੈ।

ਇਸਲਈ ਮਹਾਂਵੀਰ ਨੇ ਅਭੈ ਨੂੰ ਸਾਧਕ ਦੇ ਲਈ ਪਹਿਲੀ ਪੌੜੀ ਕਿਹਾ ਹੈ। ਅਤੇ ਠੀਕ ਕਿਹਾ ਹੈ, ਕਿਉਂਕਿ ਜਦ ਤਕ ਅਭੈ ਨਾ ਹੋ ਜਾਵੇ, ਤਦ ਤਕ ਕੁਝ ਵੀ ਨਹੀਂ ਹੋਵੇਗਾ। ਬੜੀ ਮਜ਼ੇਦਾਰ ਘਟਨਾ ਮਹਾਂਵੀਰ ਦੇ ਸੰਦਰਭ ਵਿਚ ਵਾਪਰੀ ਹੈ। ਅਤੇ ਉਹ ਇਹ ਹੈ ਕਿ ਮਹਾਂਵੀਰ ਨੇ ਕਿਹਾ ਕਿ ਜਦ ਤਕ ਤੁਸੀਂ ਅਭੈ ਨੂੰ ਨਹੀਂ ਪਹੁੰਚਦੇ, ਤਦ ਤਕ ਤੁਸੀਂ ਅਹਿੰਸਕ ਨਹੀਂ ਹੋ ਸਕੋਗੇ। ਆਦਮੀ ਹਿੰਸਕ ਇਸੇਲਈ ਤਾਂ ਹੈ ਕਿ ਭੈਮਾਨ ਹੈ। ਹਿੰਸਾ ਭੈ ਦਾ ਬਚਾਅ ਹੈ। ਕੋਈ ਮੈਨੂੰ ਮਾਰ ਨਾ ਦੇਵੇ, ਇਸਲਈ ਮੈਂ ਖ਼ੁਦ ਹੀ ਮਾਰਨ ਨੂੰ ਤਿਆਰ ਹਾਂ। ਅਤੇ ਕੋਈ ਮੈਨੂੰ ਮਾਰਨ ਆਵੇ, ਇਸ ਤੋਂ ਪਹਿਲਾਂ ਹੀ ਮੈਂ ਉਸਨੂੰ ਮਾਰਨ ਚਲਿਆ ਜਾਂਦਾ ਹਾਂ। ਅਤੇ ਬਚਣਾ ਹੋਵੇ, ਤਾਂ ਇਹੀ ਮੁਨਾਸਬ ਹੈ ਕਿ ਹਮਲਾ ਹੋਣ ਤੋਂ ਪਹਿਲਾਂ ਹੀ ਹਮਲਾ ਕਰ ਦਿਤਾ ਜਾਵੇ। ਕਿਉਂਕਿ ਜਿਹੜਾ ਪਹਿਲ ਕਰਦਾ ਹੈ ਹਮਲੇ ਵਿਚ, ਉਹ ਅੱਗੇ ਲੰਘ ਜਾਂਦਾ ਹੈ। ਹਿੰਸਾ ਨੇ ਇਸਲਈ ਇੰਨਾ ਸਾਡੇ ਮਨ ਨੂੰ ਘੇਰਿਆ ਹੋਇਆ ਹੈ ਕਿ ਅਸੀਂ ਅੰਦਰ ਭੈਮਾਨ ਹਾਂ। ਅਸੀਂ ਡਰੇ ਹੋਏ ਹਾਂ; ਇਸਲਈ ਅਸੀਂ ਦੂਜੇ ਨੂੰ ਡਰਾਉਣਾ ਚਾਹੁੰਦੇ ਹਾਂ।

ਅਤੇ ਸਾਨੂੰ ਇਕ ਹੀ ਤਜ਼ਰਬਾ ਹੈ ਨਿਡਰ ਹੋਣ ਦਾ। ਉਹ ਤਦ ਸਾਨੂੰ ਹੁੰਦਾ ਹੈ, ਜਦ ਸਾਥੋਂ ਕੋਈ ਡਰਦਾ ਹੈ, ਤਾਂ ਹੀ ਸਾਨੂੰ ਨਿਡਰ ਹੋਣ ਦਾ ਅਨੁਭਵ ਹੁੰਦਾ ਹੈ—ਤੁਲਣਾਤਮਕ ਹੈ। ਜੇ ਤੁਸੀਂ ਕਿਸੇ ਨੂੰ ਡਰਾ ਸਕਦੇ ਹੋ ਤਾਂ ਤੁਹਾਨੂੰ ਅਨੰਦ ਆਉਂਦਾ ਹੈ। ਤੁਹਾਨੂੰ ਲਗਦਾ ਹੈ ਕਿ ਠੀਕ, ਹੁਣ ਮੈਂ ਡਰਨ ਵਾਲਾ ਨਹੀਂ ਹਾਂ, ਡਰਾਉਣ ਵਾਲਾ ਹਾਂ। ਉਹ ਜਿਹੜਾ ਤੁਹਾਥੋਂ ਜ਼ਿਆਦਾ ਡਰਦਾ ਹੈ, ਤੁਹਾਡੇ ਸਾਹਮਣੇ ਕੰਬਦਾ ਹੈ, ਉਸਨੂੰ ਦੇਖ ਕੇ ਤੁਹਾਨੂੰ ਭਰੋਸਾ ਆਉਂਦਾ ਹੈ ਕਿ ਮੈਂ ਘਟ ਕੰਬ ਰਿਹਾ ਹਾਂ ਜਾਂ ਤੁਸੀਂ ਆਪਣੇ ਕੰਬਣ ਨੂੰ ਹੀ ਭੁੱਲ ਜਾਂਦੇ ਹੋ।

ਸਮਰਾਟ ਹੋਣ ਦਾ ਮਜ਼ਾ ਕੀ ਹੋਵੇਗਾ? ਸੱਤਾ ਵਿਚ ਹੋਣ ਦਾ ਮਜ਼ਾ ਕੀ ਹੈ?

ਹਿੰਸਾ ਦਾ ਮਜ਼ਾ ਹੈ, ਜੋ ਸੱਤਾ ਵਿਚ ਹੈ, ਉਹ ਤੁਹਾਨੂੰ ਕੰਬਾ ਸਕਦਾ ਹੈ। ਜਿਸਦੇ ਹੱਥ ਵਿਚ ਸ਼ਸਤਰ ਹੈ, ਉਹ ਤੁਹਾਨੂੰ ਕੰਬਾ ਸਕਦਾ ਹੈ। ਜਿਸਦੇ ਹੱਥ ਵਿਚ ਧਨ ਹੈ ਉਹ ਤੁਹਾਨੂੰ ਕੰਬਾ ਸਕਦਾ ਹੈ। ਜਿਸਦੇ ਚਾਰ-ਚੁਫੇਰੇ ਲੋਕ ਕੰਬਦੇ ਰਹਿੰਦੇ ਹਨ, ਉਸਨੂੰ ਇਹ ਭਰੋਸਾ ਰਹਿੰਦਾ ਹੈ ਕਿ ਮੈਂ ਕੰਬਣ ਵਾਲਾ ਨਹੀਂ ਹਾਂ, ਕੰਬਾਉਣ ਵਾਲਾ ਹਾਂ।

ਹਿਟਲਰ ਦੇ ਸਬੰਧ ਵਿਚ ਉਸਦੇ ਇਕ ਬੜੇ ਹੀ ਵਿਸ਼ਵਾਸਪਾਤਰ, ਨਜ਼ਦੀਕੀ ਵਿਅਕਤੀ ਨੇ ਕਿਸੇ ਨੂੰ ਪੱਤਰ ਵਿਚ ਲਿਖਿਆ ਹੈ ਕਿ ਹਿਟਲਰ ਜਦ ਵੀ ਕਿਸੇ ਨੂੰ ਮਰਵਾਉਂਦਾ ਸੀ, ਤਦ ਬਹੁਤ ਖ਼ੁਸ਼ ਹੁੰਦਾ ਸੀ। ਅਕਸਰ ਆਪਣੇ ਸਾਹਮਣੇ ਉਹ ਕਿਸੇ ਨੂੰ ਗੋਲੀ ਮਾਰ ਕੇ ਮਰਵਾ ਸੁੱਟਦਾ ਸੀ ਅਤੇ ਸਾਹਮਣੇ ਹੀ ਕੋਈ ਤੜਫ਼ ਕੇ ਸ਼ਾਂਤ ਹੋ ਜਾਂਦਾ ਸੀ, ਉਸਦੇ ਚੇਹਰੇ 'ਤੇ ਐਸੀਆਂ ਸ਼ਾਂਤੀ ਤੇ ਅਨੰਦ ਦੀਆਂ ਲਹਿਰਾਂ ਛਾ ਜਾਂਦੀਆਂ ਸੀ। ਤਾਂ ਉਸ ਬੇਹਦ ਨਜ਼ਦੀਕੀ ਬੰਦੇ ਨੇ ਹਿਟਲਰ ਤੋਂ

ਪੁਛਿਆ ਕਿ ਤੂੰ ਇੰਨਾ ਖ਼ੁਸ਼ ਕਿਉਂ ਹੋ ਜਾਂਦਾ ਹੈਂ, ਜਦ ਕੋਈ ਮਰਦਾ ਹੈ? ਤਾਂ ਹਿਟਲਰ ਨੇ ਕਿਹਾ ਕਿ ਮੈਨੂੰ ਇਹ ਭਰੋਸਾ
ਆਉਂਦਾ ਹੈ ਕਿ ਮੈਂ ਮਰਨ ਵਾਲਾ ਨਹੀਂ ਹਾਂ, ਮਾਰਨ ਵਾਲਾ ਹਾਂ। ਮੌਤ ਮੇਰਾ ਕੁਝ ਵੀ ਨਹੀਂ ਵਿਗਾੜ ਸਕੇਗੀ। ਜਦ ਮੈਂ ਕਿਸੇ
ਨੂੰ ਮਾਰ ਸੁੱਟਦਾ ਹਾਂ, ਤਾਂ ਮੈਂ ਮੌਤ ਦਾ ਮਾਲਕ ਹੋ ਗਿਆ ਹਾਂ।

ਨਾਦਿਰ ਨੂੰ, ਤੈਮੂਰ ਨੂੰ, ਚੰਗੇਜ਼ ਨੂੰ, ਨੈਪੋਲਿਅਨ ਨੂੰ, ਸਿਕੰਦਰ ਨੂੰ, ਹਿਟਲਰ ਨੂੰ, ਸਟਾਲਿਨ ਨੂੰ, ਮਾਓ ਨੂੰ, ਜੋ ਰਸ
ਪ੍ਰਤੀਤ ਹੁੰਦਾ ਹੈ ਦੂਜੇ ਨੂੰ ਨਸ਼ਟ ਕਰਨ ਵਿਚ, ਉਹ ਇਸ ਗੱਲ ਦਾ ਹੈ ਕਿ ਮੈਂ ਜਦ ਨਸ਼ਟ ਕਰ ਸਕਦਾ ਹਾਂ ਆਪ, ਤਾਂ ਮੈਨੂੰ
ਕੌਣ ਨਸ਼ਟ ਕਰ ਸਕੇਗਾ? ਤੁਲਨਾ ਵਿਚ ਜਿਹੜਾ ਸਾਥੋਂ ਵਧ ਡਰਦਾ ਹੈ, ਅਸੀਂ ਉਸ ਤੋਂ ਵਡੇ ਹੋ ਜਾਂਦੇ ਹਾਂ। ਅਤੇ
ਇਸਲਈ ਹਰ ਆਦਮੀ ਆਪਣੇ ਆਸਪਾਸ ਕਿਸੇ ਨਾ ਕਿਸੇ ਨੂੰ ਡਰਾਉਂਦਾ ਰਹਿੰਦਾ ਹੈ।

ਜੇ ਇਕ ਦਫਤਰ ਵਿਚ ਜਾਵੋ, ਤਾਂ ਮਾਲਕ ਮੈਨੇਜਰ ਨੂੰ ਡਰਾ ਰਿਹਾ ਹੈ; ਮੈਨੇਜਰ ਆਪਣੇ ਹੇਠਲੇ ਹੈੱਡ ਕਲਰਕ ਨੂੰ
ਡਰਾ ਰਿਹਾ ਹੈ; ਹੈੱਡ ਕਲਰਕ ਆਪਣੇ ਕਲਰਕ ਨੂੰ ਡਰਾ ਰਿਹਾ ਹੈ; ਕਲਰਕ ਚਪਰਾਸੀ ਨੂੰ ਡਰਾ ਰਿਹਾ ਹੈ, ਚਪਰਾਸੀ
ਵਾਪਸ ਜਾ ਕੇ ਆਪਣੀ ਪਤਨੀ ਨੂੰ ਡਰਾ ਰਿਹਾ ਹੈ, ਪਤਨੀ ਆਪਣੇ ਬੱਚਿਆਂ ਨੂੰ ਡਰਾ ਰਹੀ ਹੈ। ਅਤੇ ਇਹ ਚਲ ਰਿਹਾ ਹੈ।
ਬੱਚੇ ਨੂੰ ਕੁਝ ਨਹੀਂ ਸੁਝਦਾ, ਤਾਂ ਆਪਣੇ ਗੁੱਡੇ ਦੀ ਟੰਗ ਤੋੜ ਕੇ ਉਸਨੂੰ ਨਸ਼ਟ ਕਰ ਦਿੰਦਾ ਹੈ ਅਤੇ ਖ਼ੁਸ਼ ਹੁੰਦਾ ਹੈ।

ਜੇ ਅਸੀਂ ਸਮਾਜ ਨੂੰ ਦੇਖੀਏ, ਤਾਂ ਉਸ ਵਿਚ ਪਰਤ ਦਰ ਪਰਤ ਭੈ ਦਾ ਸਬੰਧ ਹੈ। ਅਤੇ ਜੇਕਰ ਪਤੀ ਪਤਨੀ ਨੂੰ ਨਾ
ਡਰਾਵੇ, ਤਾਂ ਪਤਨੀ ਪਤੀ ਨੂੰ ਡਰਾ ਰਹੀ ਹੈ। ਅਜੇਹਾ ਘਰ ਲਭਣਾ ਮੁਸ਼ਕਲ ਹੈ, ਜਿਥੇ ਨਾ ਪਤੀ ਪਤਨੀ ਨੂੰ ਡਰਾ ਰਿਹਾ
ਹੋਵੇ, ਨਾ ਪਤਨੀ ਪਤੀ ਨੂੰ ਡਰਾ ਰਹੀ ਹੋਵੇ। ਅਤੇ ਅਜੇਹਾ ਘਰ ਮਿਲ ਜਾਵੇ ਤਾਂ ਸਮਝਣਾ ਕਿ ਉਹ ਘਰ ਹੈ, ਬਾਕੀ ਤਾਂ ਸਭ
ਹਾਯਰਾਰਕੀ ਹੈ ਸਤਾਉਣ ਦੀ, ਇਕ-ਦੂਜੇ ਨੂੰ ਪਰੇਸ਼ਾਨ ਕਰਨ ਦਾ ਇੰਤਜ਼ਾਮ ਹੈ।

ਸਾਨੂੰ ਆਪਣੇ ਤੋਂ ਕਮਜ਼ੋਰ ਦੀ ਤਲਾਸ਼ ਹੈ; ਕਿਉਂਕਿ ਉਸਦੇ ਸਾਹਮਣੇ ਅਸੀਂ ਸ਼ਕਤੀਸ਼ਾਲੀ ਪ੍ਰਤੀਤ ਹੁੰਦੇ ਹਾਂ।
ਆਪਣੇ ਨਾਲੋਂ ਦੀਨ ਦੀ ਭਾਲ ਹੈ, ਕਿਉਂਕਿ ਉਸਦੇ ਸਾਹਮਣੇ ਅਸੀਂ ਧਨੀ ਪ੍ਰਤੀਤ ਹੁੰਦੇ ਹਾਂ। ਆਪਣੇ ਨਾਲੋਂ ਮੂੜ੍ਹ ਦੀ ਖੋਜ
ਹੈ; ਕਿਉਂਕਿ ਉਸਦੇ ਸਾਹਮਣੇ ਅਸੀਂ ਗਿਆਨੀ ਪ੍ਰਤੀਤ ਹੁੰਦੇ ਹਾਂ। ਪਰ ਜੇ ਇਸ ਸਾਰੀ ਖੋਜ ਨੂੰ ਅਸੀਂ ਠੀਕ ਤਰ੍ਹਾਂ ਨਾਲ
ਦੇਖੀਏ, ਤਾਂ ਇਹ ਸਾਰੇ ਸਬੰਧ ਰੋਗੀ ਹਨ ਅਤੇ ਭੈ ਉੱਤੇ ਖੜ੍ਹੇ ਹਨ। ਇਹ ਜੋ ਭੈ ਹੈ, ਇਹ ਮਿਟਦਾ ਨਹੀਂ ਕਿਸੇ ਨੂੰ ਡਰਾਉਣ
ਨਾਲ, ਸਿਰਫ ਛੁਪਦਾ ਹੈ। ਅਤੇ ਛੁਪਾ ਰਹੇ ਹਾਂ ਅਸੀਂ ਜਨਮਾਂ ਤੋਂ। ਅਤੇ ਰੱਤੀ-ਭਰ ਅਸੀਂ ਉਸਨੂੰ ਮਿਟਾ ਨਹੀਂ ਸਕੇ ਹਾਂ। ਸੱਚ
ਤਾਂ ਇਹ ਹੈ ਕਿ ਜਿੰਨਾ ਅਸੀਂ ਛੁਪਾਇਆ ਹੈ, ਉਨਾ ਹੀ ਉਸਨੂੰ ਮਿਟਾਉਣਾ ਮੁਸ਼ਕਲ ਹੋ ਗਿਆ ਹੈ। ਕਿਉਂਕਿ ਛੁਪਾ-ਛੁਪਾ
ਕੇ ਅਸੀਂ ਹੀ ਉਸਨੂੰ ਅਜੇਹੇ ਹਨੇਰੇ ਵਿਚ ਸੁੱਟ ਦਿਤਾ ਹੈ, ਜਿਥੇ ਆਪ ਨੂੰ ਵੀ ਦਿਖਾਈ ਨਹੀਂ ਪੈਂਦਾ ਕਿ ਕਿਥੇ ਹੈ?

ਇਹ ਸੂਤਰ ਕਹਿੰਦਾ ਹੈ, ਓ ਸ਼ਿਸ਼, ਭੈ ਸੰਕਲਪ ਨੂੰ ਮਾਰਦਾ ਹੈ ਅਤੇ ਯਤਨਾਂ ਨੂੰ ਮੁਲਤਵੀ ਕਰਦਾ ਹੈ।

ਤਦ ਅਸੀਂ ਸੋਚਦੇ ਹਾਂ ਕਿ ਕਰੀਏ ਅਤੇ ਕਰ ਵੀ ਨਹੀਂ ਪਾਂਦੇ। ਹਜ਼ਾਰ ਵਾਰ ਸੁਫਨਾ ਲੈਂਦੇ ਹਾਂ ਕਿ ਚੁੱਕੀਏ ਕਦਮ,

ਚੁੱਕਦੇ ਕਦੇ ਵੀ ਨਹੀਂ! ਵਿਚਾਰ ਹੀ ਕਰਦੇ ਰਹਿੰਦੇ ਹਾਂ ਕਰਨ ਦਾ। ਵਿਚਾਰ ਨਾਲ ਤਾਂ ਕੋਈ ਯਾਤਰਾ ਹੁੰਦੀ ਨਹੀਂ। ਕਿੰਨੀ ਵਾਰ ਤੈਅ ਕਰਦਾ ਹੈ ਆਦਮੀ ਆਪਣੇ-ਆਪ ਨੂੰ ਬਦਲ ਦੇਣ ਦਾ; ਲੇਕਿਨ ਉਸ ਬਦਲਾਅ ਦਾ ਕੋਈ ਅਰੰਭ ਨਹੀਂ ਹੁੰਦਾ। ਉਹ ਹਮੇਸ਼ਾ ਮੁਲਤਵੀ ਕਰਦਾ ਹੈ, ਪੋਸਟਪੋਨ ਕਰਦਾ ਹੈ ਕਿ ਕਲ੍ਹ ਕਰਾਂਗੇ ਸ਼ੁਰੂ। ਅਤੇ ਕਲ੍ਹ ਕਦੇ ਨਹੀਂ ਆਉਂਦਾ।

ਕਲ੍ਹ ਇਹੀ ਮਨ ਫਿਰ ਅੱਗੇ 'ਤੇ ਟਾਲ ਦਿੰਦਾ ਹੈ। ਅੱਗੇ 'ਤੇ ਟਾਲਣਾ ਸਾਡੀ ਬੜੀ ਤਰਕੀਬ ਹੈ? ਉਸ ਨਾਲ ਸਾਡੀਆਂ ਦੋਵੇਂ ਗੱਲਾਂ ਸਧੀਆਂ ਰਹਿੰਦੀਆਂ ਹਨ। ਸਾਨੂੰ ਇਹ ਵੀ ਨਹੀਂ ਹੁੰਦਾ ਕਿ ਅਸੀਂ ਬਦਲਾਅ ਦਾ ਕੋਈ ਉਪਰਾਲਾ ਨਹੀਂ ਕਰ ਰਹੇ ਹਾਂ! ਕਲ੍ਹ ਕਰਾਂਗੇ-ਇੰਤਜ਼ਾਮ ਕਰ ਰਹੇ ਹਾਂ, ਪਲਾਨਿੰਗ ਕਰ ਰਹੇ ਹਾਂ। ਇਸਲਈ ਮਨ 'ਚ ਇਹ ਵੀ ਭਰੋਸਾ ਰਹਿੰਦਾ ਹੈ ਕਿ ਅਸੀਂ ਬਦਲਣ ਵਲ ਨੂੰ ਚਲ ਰਹੇ ਹਾਂ। ਅਤੇ ਚਲਦੇ ਕਦੇ ਵੀ ਨਹੀਂ। ਕਿਹੜਾ ਭੈ ਸਾਨੂੰ ਰੋਕਦਾ ਹੈ ਚਲਣ ਤੋਂ? ਉਹ ਕੋਈ ਕਾਰਨ ਵਾਲਾ ਭੈ ਨਹੀਂ, ਜੋ ਸਾਨੂੰ ਰੋਕਦਾ ਹੈ। ਇਹ ਸਾਡੀ ਭੈਮਾਨ ਅਵਸਥਾ ਹੈ।

ਸੋਰੇਨ ਕੀਰਕਗਾਰਡ ਨੇ ਕਿਹਾ ਹੈ ਕਿ ਆਦਮੀ ਨੂੰ ਜਿੰਨਾ ਹੀ ਮੈਂ ਸਮਝਿਆ, ਉੰਨਾ ਹੀ ਮੈਂ ਪਾਇਆ ਕਿ ਆਦਮੀ ਇਕ ਕੰਬਣੀ ਹੈ-ਜਸਟ ਏ ਟ੍ਰੈਂਬਲਿੰਗ। ਅੰਦਰ ਉਸਦੇ ਸਭ ਕੰਬ ਰਿਹਾ ਹੈ।

ਸੋ ਇਸ ਗੱਲ ਨੂੰ ਪਹਿਲਾਂ ਤਾਂ ਇਸ ਤਰ੍ਹਾਂ ਅਨੁਭਵ ਕਰਨਾ ਕਿ ਭੈ ਦੇ ਕਾਰਨ ਬਾਹਰ ਨਹੀਂ ਹਨ, ਭੈ ਅੰਦਰ ਹੈ। ਕਾਰਨਾਂ ਨਾਲ ਸਿਰਫ ਪਤਾ ਲਗਦਾ ਹੈ, ਪਰਗਟ ਹੁੰਦਾ ਹੈ। ਜਿਵੇਂ ਕਿ ਕੋਈ ਤੁਹਾਡੇ ਹੱਥ 'ਚ ਛੁਰਾ ਮਾਰ ਦੇਵੇ, ਤਾਂ ਖ਼ੂਨ ਦੀ ਧਾਰ ਨਿਕਲ ਪੈਂਦੀ ਹੈ। ਛੁਰੇ ਨਾਲ ਖ਼ੂਨ ਦੀ ਧਾਰ ਪੈਦਾ ਨਹੀਂ ਹੁੰਦੀ। ਖ਼ੂਨ ਦੀ ਧਾਰ ਤਾਂ ਵਗ ਹੀ ਰਹੀ ਸੀ, ਛੁਰੇ ਨਾਲ ਪਰਗਟ ਹੁੰਦੀ ਹੈ। ਇਵੇਂ ਹੀ ਭੈ ਦੀ ਧਾਰ ਵੀ ਤੁਹਾਡੇ ਅੰਦਰ ਵਗ ਰਹੀ ਹੈ; ਜੋ ਕੋਈ ਛੁਰਾ ਲੈ ਕੇ ਸਾਹਮਣੇ ਖੜ੍ਹਾ ਹੁੰਦਾ ਹੈ, ਤਾਂ ਉਹ ਧਾਰ ਫੁੱਟ ਪੈਂਦੀ ਹੈ। ਉਹ ਵੀ ਤੁਹਾਡੇ ਹੀ ਅੰਦਰ ਹੈ, ਜਿਵੇਂ ਖ਼ੂਨ ਤੁਹਾਡੇ ਅੰਦਰ ਹੈ। ਖ਼ੂਨ ਦਿਖਾਈ ਪੈਂਦਾ ਹੈ, ਉਹ ਦਿਖਾਈ ਨਹੀਂ ਪੈਂਦਾ ਹੈ। ਇਸਲਈ ਤੁਹਾਡੇ ਖ਼ਿਆਲ ਵਿਚ ਨਹੀਂ ਆਉਂਦਾ। ਜਦ ਕੋਈ ਤੁਹਾਡੇ ਸਾਹਮਣੇ ਛੁਰੇ ਦੀ ਧਾਰ ਰਖਣ ਲਗਦਾ ਹੈ, ਤਦ ਜੋ ਲਹਿਰ ਤੁਹਾਡੇ ਅੰਦਰ ਹੋਣ ਲਗਦੀ ਹੈ, ਉਹ ਛੁਰੇ ਤੋਂ ਨਹੀਂ ਆ ਰਹੀ। ਛੁਰੇ ਤੋਂ ਸਿਰਫ ਚੇਤਾ ਆ ਰਿਹਾ ਹੈ। ਜੋ ਦਬੀ ਸੀ, ਉਹ ਉਜਾਗਰ ਹੋ ਰਹੀ ਹੈ। ਜਿਸਨੂੰ ਤੁਸੀਂ ਛੁਪਾ ਕੇ ਬੈਠੇ ਸੀ, ਉਹ ਗਤੀਮਾਨ ਹੋ ਰਹੀ ਹੈ। ਜਿਸਨੂੰ ਤੁਸੀਂ ਭੁੱਲ ਗਏ ਸੀ, ਉਸਦਾ ਤੁਹਾਨੂੰ ਮੁੜ ਕੇ ਚੇਤਾ ਕਰਨਾ ਪੈ ਰਿਹਾ ਹੈ।

ਬੁੱਧ ਆਪਣੇ ਭਿਕਸ਼ੂਆਂ ਨੂੰ ਕਹਿੰਦੇ ਸਨ ਕਿ ਜਾਉ ਮੜ੍ਹੀਆਂ 'ਚ ਅਤੇ ਮਹੀਨਿਆਂ-ਬੱਧੀ ਮੌਤ ਉੱਤੇ ਧਿਆਨ ਕਰੋ। ਅਤੇ ਜਦ ਕੋਈ ਲਾਸ਼ ਲਿਆਂਦੀ ਜਾਵੇ ਤਾਂ ਬੈਠ ਜਾਉ, ਅਤੇ ਸ਼ਾਂਤੀ ਨਾਲ ਇਕਾਗਰ ਹੋ ਕੇ ਉਸਨੂੰ ਦੇਖਦੇ ਰਹੋ। ਫਿਰ ਜਦ ਚਿਖਾ ਸਜੇ ਤਾਂ ਦੇਖਦੇ ਰਹੋ, ਨਿਰੀਖਣ ਕਰੋ, ਵਿਚਾਰ ਨਾ ਕਰੋ। ਸਿਰਫ ਦੇਖੋ ਕਿ ਮੌਤ ਵਿਚ ਕੀ ਹੋ ਰਿਹਾ ਹੈ? ਫਿਰ ਜਦ ਸੜਨ ਲਗੇ ਲਾਸ਼ ਅਤੇ ਰਾਖ ਹੋ ਜਾਵੇ ਸਭ ਅਤੇ ਜਦ ਸਾਰੇ ਸਬੰਧੀ ਵਿਦਾ ਹੋ ਜਾਣ ਰੋ ਕੇ, ਤਾਂ ਬੈਠੇ ਰਹੋ ਉਸ ਸੁਲਗਦੀ ਅੱਗ, ਬੁਝਦੀ ਅੱਗ ਦੇ ਕੋਲ। ਹੁਣੇ-ਹੁਣੇ ਜੋ ਸੀ, ਹੁਣ ਨਹੀਂ ਹੈ। ਹੌਲੀ-ਹੌਲੀ ਤੁਹਾਨੂੰ ਆਪਣੀ ਲਾਸ਼ ਵੀ ਦਿਖਾਈ ਪੈਣ

ਲਗੇਗੀ। ਅੱਜ ਨਹੀਂ ਕਲ੍ਹ, ਤੁਹਾਨੂੰ ਚੇਤਾ ਆ ਜਾਏਗਾ ਕੋਈ ਤੁਹਾਨੂੰ ਵੀ ਲੈ ਕੇ ਮੜ੍ਹੀਆਂ ਵਲ ਨੂੰ ਆ ਰਿਹਾ ਹੈ। ਅਤੇ ਤੁਹਾਡੇ ਸਬੰਧੀ ਵੀ ਇਕੱਠੇ ਹੋ ਕੇ ਤੁਹਾਨੂੰ ਚਿਖਾ 'ਤੇ ਚੜ੍ਹਾ ਦੇਣਗੇ ਅਤੇ ਤੁਸੀਂ ਵੀ ਰਾਖ ਹੋ ਜਾਉਗੇ। ਤਦ ਬਹੁਤ ਭੈ ਪਕੜੇਗਾ। ਉਸ ਭੈ ਨਾਲ ਨੱਸਣਾ ਨਾ ਮੜ੍ਹੀਆਂ ਤੋਂ। ਤੁਸੀਂ ਡਟੇ ਹੀ ਰਹਿਣਾ।

ਤੁਹਾਨੂੰ ਪਤਾ ਹੈ, ਲੋਕ ਕਹਿੰਦੇ ਹਨ ਕਿ ਮੜ੍ਹੀਆਂ 'ਤੇ ਨਾ ਜਾਣਾ, ਉਥੇ ਭੂਤ ਹਨ। ਭੂਤ ਨਹੀਂ ਹਨ ਉਥੇ; ਤੁਹਾਡਾ ਭੈ ਉਥੇ ਪਰਗਟ ਹੁੰਦਾ ਹੈ। ਐਪਰ ਆਦਮੀ ਹਮੇਸ਼ਾ ਬਾਹਰ ਚੀਜ਼ਾਂ ਨੂੰ ਸਥਾਪਤ ਕਰ ਦਿੰਦਾ ਹੈ। ਮੜ੍ਹੀਆਂ 'ਚ ਭੈ ਦੀ ਵਜ੍ਹਾ ਨਾਲ ਭੂਤ ਪ੍ਰਤੀਤ ਹੁੰਦੇ ਹਨ, ਭੂਤ ਦੀ ਵਜ੍ਹਾ ਨਾਲ ਭੈ ਨਹੀਂ ਹੁੰਦਾ। ਭੂਤਾਂ ਨੂੰ ਰਹਿਣ ਦੇ ਲਈ ਥਾਂ ਹੋਰ ਬਥੇਰੇ ਹਨ। ਅਤੇ ਭੂਤ ਵੀ ਮੜ੍ਹੀਆਂ ਨੂੰ ਨਹੀਂ ਚੁਣਨਗੇ ਰਹਿਣ ਦੇ ਲਈ, ਕਿਉਂਕਿ ਤੁਸੀਂ ਹੀ ਤਾਂ ਭੂਤ ਹੋਵੋਗੇ ਕਦੇ। ਭੂਤ ਵੀ ਮੜ੍ਹੀਆਂ ਨੂੰ ਚੁਣਨ ਵਾਲੇ ਨਹੀਂ ਹਨ। ਭੂਤ ਵੀ ਮੜ੍ਹੀਆਂ ਤੋਂ ਉਨਾ ਹੀ ਡਰਦੇ ਹਨ, ਜਿੰਨਾ ਤੁਸੀਂ ਡਰਦੇ ਹੋ। ਮੜ੍ਹੀਆਂ 'ਤੇ ਜੋ ਡਰ ਹੈ, ਉਹ ਭੂਤ ਦਾ ਨਹੀਂ ਹੈ। ਡਰ ਦੀ ਵਜ੍ਹਾ ਨਾਲ ਭੂਤ ਮਹਿਸੂਸ ਹੁੰਦਾ ਹੈ। ਮੜ੍ਹੀਆਂ ਹਨ ਮੌਤ, ਉਹ ਉਸਦਾ ਪ੍ਰਤੀਕ ਹਨ। ਉਸਦੇ ਕੋਲ ਜਾਂਦਿਆਂ ਹੀ ਤੁਹਾਡੇ ਅੰਦਰ ਉਹ ਜੋ ਛੁਪਿਆ ਹੈ, ਉਹ ਤਰੰਗਤ ਹੋਣ ਲਗਦਾ ਹੈ। ਤੁਹਾਡੇ ਅੰਦਰ ਦੇ ਭੈ ਦਾ ਸਰੋਵਰ ਕੰਬਣ ਲਗਦਾ ਹੈ। ਉਸ ਕੰਬਦੀ ਹਾਲਤ ਵਿਚ ਤੁਹਾਨੂੰ ਭੂਤ-ਪ੍ਰੇਤ ਦਿਸਣੇ ਸ਼ੁਰੂ ਹੋ ਜਾਂਦੇ ਹਨ। ਉਹ ਪ੍ਰੋਜੈਕਸ਼ਨ ਹੈ। ਉਹ ਤੁਹਾਡਾ ਭੈ ਬਾਹਰ ਫੈਲ ਕੇ ਦਿਖਾਈ ਪੈਂਦਾ ਹੈ ਤਦ।

ਇਕ ਪੱਤਾ ਹਿੱਲ ਜਾਂਦਾ ਹੈ ਹਵਾ ਵਿਚ ਅਤੇ ਤੁਹਾਨੂੰ ਕਿਸੇ ਦੀ ਪੈੜਚਾਲ ਸੁਣਾਈ ਪੈ ਜਾਂਦੀ ਹੈ! ਅਤੇ ਇਕ ਪੱਤਾ ਡਿਗ ਪੈਂਦਾ ਹੈ ਬਿਰਛ ਤੋਂ, ਜ਼ਰਾ-ਜਿੰਨੀ ਆਹਟ, ਤੁਸੀਂ ਨੱਸ ਖਲੋਂਦੇ ਹੋ! ਫਿਰ ਨੱਸਣ ਨਾਲ ਤੁਸੀਂ ਆਪਣੇ ਹੀ ਭੈ ਨੂੰ ਹੋਰ ਵਧਾ ਲੈਂਦੇ ਹੋ। ਜਿਹੜਾ ਭੈ ਛੋਟਾ-ਜਿਹਾ ਸੀ, ਨੱਸਣ ਨਾਲ ਹੋਰ ਵਡਾ ਹੋ ਜਾਂਦਾ ਹੈ। ਕਿਉਂਕਿ ਹੁਣ ਤੁਸੀਂ ਚੰਗੀ ਤਰ੍ਹਾਂ ਕੰਬ ਜਾਂਦੇ ਹੋ; ਹੁਣ ਤੁਸੀਂ ਆਪਣੇ ਹੀ ਭੈ ਦੇ ਜਾਲ ਵਿਚ ਫਸਦੇ ਜਾ ਰਹੇ ਹੋ। ਅਤੇ ਤਦ ਕੁਝ ਵੀ ਹੋ ਸਕਦਾ ਹੈ ਤੇ ਤੁਹਾਨੂੰ ਕੁਝ ਵੀ ਦਿਖਾਈ ਪੈ ਸਕਦਾ ਹੈ। ਅਤੇ ਉਹ ਇੰਨਾ ਸਾਕਾਰ ਹੋਵੇਗਾ ਕਿ ਤੁਸੀਂ ਹਰਗਿਜ਼ ਇਹ ਮੰਨਣ ਨੂੰ ਤਿਆਰ ਨਹੀਂ ਹੋਵੋਗੇ ਕਿ ਉਹ ਝੂਠ ਸੀ।

ਐਪਰ ਭੁੱਲ ਹੋ ਰਹੀ ਹੈ। ਜੋ ਪਰਦੇ ਉਤੇ ਦਿਖਾਈ ਪੈ ਰਿਹਾ ਹੈ, ਉਹ ਪਰਦੇ ਉਤੇ ਨਹੀਂ ਹੈ, ਉਹ ਪ੍ਰੋਜੈਕਟਰ ਵਿਚ ਹੈ। ਸਿਨੇਮਾ-ਘਰ ਵਿਚ ਤੁਹਾਡੀ ਪਿਠ ਦੇ ਪਿਛੇ ਵਲ ਪ੍ਰੋਜੈਕਟਰ ਲਗਿਆ ਹੁੰਦਾ ਹੈ। ਉਸਦੀ ਤਰਫ ਕੋਈ ਦੇਖਦਾ ਨਹੀਂ। ਦੋ ਛੋਟੇ-ਜਿਹੇ ਛੇਕਾਂ ਵਿਚੋਂ ਦੀ ਪ੍ਰੋਜੈਕਟਰ ਦੀ ਮਸ਼ੀਨ ਚਿੱਤਰਾਂ ਨੂੰ ਸੁੱਟਦੀ ਰਹਿੰਦੀ ਹੈ, ਤੁਸੀਂ ਦੇਖਦੇ ਹੋ ਪਰਦੇ ਉਪਰ। ਪਰਦਾ ਹੁੰਦਾ ਹੈ ਸਾਹਮਣੇ, ਪ੍ਰੋਜੈਕਟਰ ਹੁੰਦਾ ਹੈ ਪਿਛੇ। ਪਰਦੇ ਉਤੇ ਜੋ ਦਿਸਦਾ ਹੈ, ਉਹ ਪਰਦੇ ਵਿਚ ਨਹੀਂ ਹੈ; ਉਹ ਸਿਰਫ ਦਿਸਦਾ ਹੈ ਪਰਦੇ ਉਤੇ। ਜੋ ਪਰਦੇ ਉਤੇ ਦਿਸਦਾ ਹੈ, ਉਹ ਪਿਛੇ ਜੋ ਮਸ਼ੀਨ ਹੈ ਸੁੱਟ ਪਾਉਣ ਵਾਲੀ, ਉਸ ਵਿਚ ਛੁਪਿਆ ਹੈ।

ਜਦ ਤੁਹਾਨੂੰ ਭੂਤ ਦਿਖਾਈ ਪਵੇ ਤਾਂ ਤੁਸੀਂ ਜ਼ਰਾ ਪਿਛੇ ਮੁੜ ਕੇ ਦੇਖਣਾ; ਉਥੇ ਭੈ ਹੈ। ਕਿਸੇ ਵੀ ਤਰ੍ਹਾਂ ਦੇ ਭੂਤ ਹੋਣ,

ਜਿਨ੍ਹਾਂ ਤੋਂ ਭੈ ਪੈਦਾ ਹੁੰਦਾ ਹੈ, ਸਾਡੀ ਨਜ਼ਰ ਨਾਲ ਦੀ ਨਾਲ, ਪਰਦੇ 'ਤੇ ਅਟਕ ਜਾਂਦੀ ਹੈ ਅਤੇ ਅਸੀਂ ਭੁੱਲ ਜਾਂਦੇ ਹਾਂ ਕਿ ਅਸੀਂ ਹੀ ਉਸਨੂੰ ਫੈਲਾ ਰਹੇ ਹਾਂ; ਸਾਡੇ ਅੰਦਰੋਂ ਹੀ ਉਹ ਬਾਹਰ ਨਿਕਲ ਕੇ ਖੜ੍ਹਾ ਹੋ ਰਿਹਾ ਹੈ ਪਰਛਾਵਾਂ। ਸਭ ਭੂਤ-ਪ੍ਰੇਤ, ਸਭ ਭੈ ਦੇ ਕਾਰਨ ਜੋ ਸਾਨੂੰ ਬਾਹਰ ਨਜ਼ਰ ਆਉਂਦੇ ਹਨ, ਉਹ ਸਾਡੀ ਹੀ ਸਿਰਜਣਾ ਹੈ। ਅਤੇ ਫਿਰ ਅਸੀਂ ਇੰਨਾ ਉਪੱਦਰ ਆਪਣੇ ਚਾਰ-ਚੁਫੇਰੇ ਖੜ੍ਹਾ ਕਰ ਲੈਂਦੇ ਹਾਂ! ਪਰ ਉਸ ਵਿਚ ਇਕ ਸਹੂਲਤ ਹੈ। ਇਹ ਮੰਨਣ ਵਿਚ ਅਸਾਨੀ ਰਹਿੰਦੀ ਹੈ ਕਿ ਕੋਈ ਹੋਰ ਸਾਨੂੰ ਭੈਮਾਨ ਕਰ ਰਿਹਾ ਹੈ। ਜ਼ਿੰਮਾ ਕਿਸੇ ਹੋਰ ਦਾ ਹੋ ਜਾਂਦਾ ਹੈ, ਜ਼ਿੰਮੇਦਾਰੀ ਕਿਸੇ ਹੋਰ ਦੀ ਹੈ। ਜੇ ਤੁਸੀਂ ਨੱਸ ਰਹੇ ਹੋ, ਤਾਂ ਤੁਸੀਂ ਨਹੀਂ ਨੱਸ ਰਹੇ, ਭੂਤ ਨਸਾ ਰਿਹਾ ਹੈ ਤੁਹਾਨੂੰ। ਜ਼ਿੰਮੇਦਾਰੀ ਭੂਤ ਦੀ ਹੋ ਗਈ। ਤੁਸੀਂ ਬਚ ਗਏ ਜ਼ਿੰਮੇਦਾਰੀ ਤੋਂ। ਤੁਸੀਂ ਹੀ ਨੱਸ ਰਹੇ ਹੋ—ਅਤੇ ਤੁਸੀਂ ਖੜ੍ਹੇ ਹੋ ਜਾਵੋ, ਤਾਂ ਭੂਤ ਨੱਸਣਾ ਸ਼ੁਰੂ ਕਰ ਦਿੰਦਾ ਹੈ।

ਵਿਵੇਕਾਨੰਦ ਨੇ ਲਿਖਿਆ ਹੈ, ਬਹੁਤ ਵਾਰ ਉਹ ਇਸਨੂੰ ਕਹਿੰਦੇ ਵੀ ਸਨ ਕਿ ਪਹਿਲੀ-ਪਹਿਲੀ ਵਾਰ ਜਦ ਸੰਨਿਆਸੀ ਹੋ ਕੇ ਉਹ ਕਾਸ਼ੀ ਪਹੁੰਚੇ, ਤਾਂ ਕਾਸ਼ੀ ਦੇ ਬਾਂਦਰਾਂ ਨੇ ਉਹਨਾਂ ਨੂੰ ਬਹੁਤ ਸਤਾਇਆ। ਇਕ ਝਾੜ ਦੇ ਹੇਠ ਬੈਠ ਕੇ ਧਿਆਨ ਕਰ ਰਹੇ ਸਨ, ਬਾਂਦਰ ਉਥੇ ਇਕੱਠੇ ਹੋ ਗਏ, ਡਰਾਉਣ ਲਗੇ। ਵਿਵੇਕਾਨੰਦ ਨੇ ਬਚਣ ਦਾ ਉਪਾਅ ਕੀਤਾ। ਜਦ ਵੀ ਕੋਈ ਡਰਾਵੇ ਤਾਂ ਬਚਣ ਦਾ ਉਪਾਅ ਕਰਨਾ ਪੈਂਦਾ ਹੈ। ਅਤੇ ਜਦ ਤੁਸੀਂ ਬਚਣ ਦਾ ਉਪਾਅ ਕਰਦੇ ਹੋ, ਤਾਂ ਤੁਸੀਂ ਡਰਾਉਣ ਵਾਲੇ ਦਾ ਹੌਸਲਾ ਵਧਾਉਂਦੇ ਹੋ। ਵਿਵੇਕਾਨੰਦ ਸਰਕਣ ਲਗੇ ਪਿਛਾਂਹ ਉਸ ਝਾੜ ਤੋਂ, ਹਟਣ ਲਗੇ, ਬਾਂਦਰ ਚਾਰ-ਚੁਫੇਰੇ ਤੋਂ ਹੋਰ ਨੇੜੇ ਆਉਣ ਲਗੇ, ਵਿਵੇਕਾਨੰਦ ਨੇ ਨੱਸਣ ਦਾ ਵਿਚਾਰ ਕੀਤਾ ਕਿ ਬਾਂਦਰ ਝਪਟ ਪਏ। ਵਿਵੇਕਾਨੰਦ ਦੌੜੇ, ਤਾਂ ਬਾਂਦਰਾਂ ਦੀ ਭੀੜ ਹੋਰ ਵੀ ਜਿਹੜੇ ਬਿਰਛਾਂ ਉਤੇ ਬੈਠੇ ਸੀ, ਉਹ ਵੀ ਹੇਠਾਂ ਉਤਰ ਆਏ। ਅਚਾਨਕ ਵਿਵੇਕਾਨੰਦ ਨੂੰ ਖਿਆਲ ਆਇਆ, ਇਹ ਤਾਂ ਮੁਸੀਬਤ ਹੋ ਜਾਏਗੀ। ਇਹ ਤਾਂ ਅੱਜ ਮੈਨੂੰ ਮਾਰ ਹੀ ਸੁੱਟਣਗੇ। ਖਿਆਲ ਆਇਆ ਕਿ ਕਿਤੇ ਮੇਰੇ ਭੈ ਨੂੰ ਦੇਖ ਕੇ ਤਾਂ ਇਹ ਜ਼ਿਆਦਾ ਦਲੇਰ ਨਹੀਂ ਹੋਏ ਜਾ ਰਹੇ ਹਨ? ਮੁੜ ਕੇ ਖਲੋ ਗਏ। ਖਲੋਣ ਨਾਲ ਹੀ ਬਾਂਦਰ ਰੁਕ ਗਏ। ਵਿਵੇਕਾਨੰਦ ਬਾਂਦਰਾਂ ਵਲ ਨੂੰ ਅੱਗੇ ਵਧੇ, ਬਾਂਦਰ ਦੌੜ ਕੇ ਬਿਰਛਾਂ ਉਤੇ ਜਾ ਚੜ੍ਹੇ। ਫਿਰ ਵਿਵੇਕਾਨੰਦ ਵਾਰ-ਵਾਰ ਇਸ ਗੱਲ ਨੂੰ ਕਹਿੰਦੇ ਰਹੇ ਕਿ ਉਸ ਦਿਨ ਮੈਨੂੰ ਭੈ ਦਾ ਸਾਰਾ ਸਾਰ ਸਮਝ ਆ ਗਿਆ।

ਜਿਸ ਤੋਂ ਭੈਮਾਨ ਹੋ ਜਾਉ, ਉਹ ਤੁਹਾਡਾ ਪਿਛਾ ਕਰੇਗਾ। ਤੁਸੀਂ ਉਸਦੇ ਪਿਛੇ ਲਗੋ ਤਾਂ ਉਹ ਆਪਣਾ ਬਚਾਅ ਕਰੇਗਾ। ਤੁਸੀਂ ਖੜ੍ਹੇ ਹੋ ਜਾਉ, ਭੈਮਾਨ ਨਾ ਹੋਵੋ, ਤਾਂ ਸਾਰੇ ਜਗਤ ਤੋਂ ਤੁਹਾਨੂੰ ਭੈਮਾਨ ਕਰਨ ਦੇ ਸਾਰੇ ਕਾਰਨ ਅਲੋਪ ਹੋ ਜਾਂਦੇ ਹਨ।

ਭੈ ਅੰਦਰ ਹੈ। ਕਾਰਨ ਪਰਦੇ ਨਾਲੋਂ ਜ਼ਿਆਦਾ ਨਹੀਂ ਹਨ, ਬਹਾਨੇ ਹਨ। ਅਤੇ ਇਹ ਭੈ ਸੰਕਲਪ ਨੂੰ ਨਸ਼ਟ ਕਰ ਦਿੰਦਾ ਹੈ। ਤੁਸੀਂ ਇਕੱਠੇ ਨਹੀਂ ਹੋ ਪਾਂਦੇ ਹੋ। ਇਸ ਭੈ ਦੇ ਕਾਰਨ ਡਾਂਵਾਂਡੋਲ ਹੀ ਹੁੰਦੇ ਹੋ। ਅਤੇ ਤਦ ਮੁਲਤਵੀ ਕਰਦੇ ਚਲੇ ਜਾਂਦੇ ਹੋ। ਮੁਲਤਵੀ ਕਰਨਾ ਵੀ ਭੈ ਹੈ।

'ਜੇ ਸ਼ੀਲ ਗੁਣ ਦੀ ਅਣਹੋਂਦ ਹੋਵੇ, ਤਾਂ ਯਾਤਰੀ ਦੇ ਕਦਮ ਡਗਮਗਾਉਂਦੇ ਹਨ ਅਤੇ ਚਟਾਨੀ ਰਾਹ 'ਤੇ ਕਰਮ ਦੇ ਪੱਥਰ ਉਸਦੇ ਪੈਰਾਂ ਨੂੰ ਲਹੂ-ਲੁਹਾਨ ਕਰ ਦਿੰਦੇ ਹਨ।'

ਇਸ ਭੈ ਤੋਂ ਬਚਣ ਖ਼ਾਤਰ ਕੀ ਕੀਤਾ ਜਾਵੇ?

ਸ਼ੀਲ ਉਪਾਅ ਹੈ।

ਇਹ ਸ਼ੀਲ ਸਮਝਣ-ਯੋਗ ਹੈ। ਤੁਹਾਨੂੰ ਖ਼ਿਆਲ ਹੈ ਕਿ ਜੇ ਤੁਸੀਂ ਝੂਠ ਬੋਲੋ, ਤਾਂ ਤੁਹਾਡੇ ਅੰਦਰ ਕੰਬਣੀ ਵਧ ਜਾਂਦੀ ਹੈ। ਝੂਠ ਬੋਲਣ ਵਾਲਾ ਕੰਬਦਾ ਹੈ, ਸੱਚ ਬੋਲਣ ਵਾਲਾ ਨਹੀਂ ਕੰਬਦਾ। ਹੁਣ ਤਾਂ ਅਸੀਂ ਯੰਤਰ ਖੋਜ ਲਏ ਹਨ, ਜਿਨ੍ਹਾਂ ਨਾਲ ਤੁਹਾਡਾ ਝੂਠ ਬੋਲਣਾ ਫੌਰਨ ਪਕੜਿਆ ਜਾਂਦਾ ਹੈ। ਕਿਉਂਕਿ ਤੁਹਾਡੀ ਕੰਬਣੀ ਯੰਤਰਾਂ ਵਿਚ ਖ਼ਬਰ ਦਿੰਦੀ ਹੈ, ਗ੍ਰਾਫ ਬਣ ਜਾਂਦਾ ਹੈ ਹੇਠਾਂ ਕਿ ਤੁਸੀਂ ਕੰਬ ਰਹੇ ਹੋ ਅਤੇ ਕਿਸ ਮਿਕਦਾਰ ਵਿਚ ਕੰਬ ਰਹੇ ਹੋ।

ਪੱਛਮ ਦੀਆਂ ਅਦਾਲਤਾਂ ਵਿਚ ਲਾਈ ਡਿਟੇਕਟਰਸ ਦਾ ਇਸਤਮਾਲ ਸ਼ੁਰੂ ਕੀਤਾ ਗਿਆ ਹੈ ਅਤੇ ਤੁਸੀਂ ਉਸ ਤੋਂ ਬਚ ਨਹੀਂ ਸਕਦੇ, ਤੁਸੀਂ ਕੁਝ ਵੀ ਕਰੋ। ਤੁਹਾਥੋਂ ਕੁਝ ਸਵਾਲ ਪੁਛੇ ਜਾਂਦੇ ਹਨ। ਪੁਛਿਆ ਜਾਂਦਾ ਹੈ, ਇਸ ਸਮੇਂ ਘੜੀ 'ਚ ਕਿੰਨੇ ਵੱਜੇ ਹਨ। ਘੜੀ ਸਾਹਮਣੇ ਅਦਾਲਤ ਵਿਚ ਲਗੀ ਹੋਈ ਹੈ। ਝੂਠ ਬੋਲਣ ਦਾ ਕੋਈ ਕਾਰਨ ਨਹੀਂ ਹੈ। ਤੁਸੀਂ ਕਹਿੰਦੇ ਹੋ, ਬਾਰਾਂ ਵੱਜੇ ਹਨ। ਹੇਠਾਂ ਉਹ ਜਿਹੜੀ ਮਸ਼ੀਨ ਲਾ ਰਖੀ ਹੋਈ ਹੈ, ਉਹ ਕੰਮ ਕਰਨਾ ਸ਼ੁਰੂ ਕਰ ਦਿੰਦੀ ਹੈ ਕਿ ਅਜੇ ਇਹ ਆਦਮੀ ਨਹੀਂ ਕੰਬ ਰਿਹਾ ਹੈ, ਅਜੇ ਇਸ ਵਿਚ ਕੋਈ ਕੰਬਣੀ ਨਹੀਂ ਹੈ। ਕਿਉਂਕਿ ਕੰਬਣੀ ਤਾਂ ਇਲੈਕਟ੍ਰਿਕਲ ਹੈ। ਪੂਰਾ ਸਰੀਰ ਬਿਜਲੀ ਦੀਆਂ ਤਰੰਗਾਂ ਨਾਲ ਭਰ ਜਾਂਦਾ ਹੈ, ਤਾਂ ਬਿਜਲੀ ਦੀਆਂ ਤਰੰਗਾਂ ਨੂੰ ਯੰਤਰ ਪਕੜ ਲੈਂਦਾ ਹੈ। ਤੁਹਾਡੇ ਪੈਰਾਂ ਹੇਠ ਯੰਤਰ ਲਗਾ ਹੋਇਆ ਹੈ, ਉਹ ਕਹਿ ਰਿਹਾ ਹੈ, ਠੀਕ ਅਜੇ ਇਹ ਆਦਮੀ ਨਹੀਂ ਕੰਬ ਰਿਹਾ ਹੈ। ਤੁਹਾਥੋਂ ਪੁਛਿਆ ਜਾਂਦਾ ਹੈ, ਇਸ ਕੱਪੜੇ ਦਾ ਰੰਗ ਕੀ ਹੈ? ਤੁਸੀਂ ਕਹਿੰਦੇ ਹੋ ਨੀਲਾ ਹੈ। ਅਜੇ ਵੀ ਨਹੀਂ ਕੰਬ ਰਿਹਾ ਹੈ। ਅਜੇਹੇ ਦਸ-ਪੰਜ ਸਵਾਲ ਪੁਛੇ ਜਾਂਦੇ ਹਨ, ਜਿਨ੍ਹਾਂ ਵਿਚ ਤੁਸੀਂ ਝੂਠ ਬੋਲ ਹੀ ਨਹੀਂ ਸਕਦੇ।

ਫਿਰ ਤੁਹਾਥੋਂ ਪੁਛਿਆ ਜਾਂਦਾ ਹੈ, ਕੀ ਤੁਸੀਂ ਚੋਰੀ ਕੀਤੀ? ਛਾਤੀ ਵਿਚ ਧੱਕਾ ਲਗਦਾ ਹੈ, ਹੇਠਾਂ ਯੰਤਰ ਵਿਚ ਵੀ ਧੱਕਾ ਲਗ ਜਾਂਦਾ ਹੈ। ਅੰਦਰ ਤੁਸੀਂ ਜਾਣਦੇ ਹੋ ਕਿ ਚੋਰੀ ਕੀਤੀ ਹੈ ਅਤੇ ਉਪਰ ਤੁਸੀਂ ਕਹਿੰਦੇ ਹੋ, ਨਹੀਂ ਕੀਤੀ ਹੈ। ਦੋ ਹਿੱਸੇ ਹੋ ਗਏ। ਤੁਸੀਂ ਇਕੱਠੇ ਨਹੀਂ ਹੋ, ਵੰਡੇ ਗਏ। ਕਿਉਂਕਿ ਤੁਸੀਂ ਦੁਨੀਆਂ ਨੂੰ ਝੂਠ ਕਹਿ ਦਿਉ ਕਿ ਚੋਰੀ ਨਹੀਂ ਕੀਤੀ, ਤੁਸੀਂ ਆਪਣੇ-ਆਪ ਨੂੰ ਕਿਵੇਂ ਝੂਠ ਕਹੋਗੇ? ਅੰਦਰ ਤੁਸੀਂ ਜਾਣਦੇ ਹੋ ਕਿ ਚੋਰੀ ਕੀਤੀ ਹੈ ਅਤੇ ਬਾਹਰ ਤੁਸੀਂ ਕਹਿੰਦੇ ਹੋ, ਚੋਰੀ ਨਹੀਂ ਕੀਤੀ। ਤੁਹਾਡੀਆਂ ਤਰੰਗਾਂ ਵੰਡੀਆਂ ਗਈਆਂ। ਹੇਠਾਂ ਗ੍ਰਾਫ ਕੱਟਿਆ ਗਿਆ, ਅਤੇ ਤੁਹਾਡੇ ਦਿਲ ਦੀ ਧੜਕਣ ਵਧ ਗਈ। ਅਤੇ ਤੁਹਾਡੇ ਹੱਥਾਂ-ਪੈਰਾਂ ਦੀ ਬਿਜਲੀ ਧਾਰਾ ਗਤੀਮਾਨ ਹੋ ਗਈ। ਹੁਣ ਤੁਸੀਂ ਕੰਬਣ ਲਗੇ। ਹੁਣ ਤੁਸੀਂ ਜਾਣਦੇ ਹੋ, ਕਿਤੇ ਮੈਂ ਫੜਿਆ ਨਾ ਜਾਵਾਂ, ਕਿਤੇ ਇਹ ਗੱਲ ਨਾ ਖੁਲ੍ਹ ਜਾਵੇ, ਕਿਤੇ ਕੋਈ ਗਵਾਹ ਨਾ ਮਿਲ ਜਾਵੇ, ਇਹ

ਗੱਲ ਤਾਂ ਝੂਠ ਹੈ। ਹੁਣ ਤੁਸੀਂ ਬਚਾਅ ਵਿਚ ਪੈ ਗਏ। ਇਸਨੂੰ ਹੇਠਾਂ ਯੰਤਰ ਪਕੜ ਲਏਗਾ।

ਜਦ ਤੁਸੀਂ ਝੂਠ ਬੋਲਦੇ ਹੋ, ਤਦ ਤੁਸੀਂ ਕੰਬਦੇ ਹੋ। ਜਿੰਨਾ ਤੁਸੀਂ ਕੰਬਦੇ ਹੋ, ਉੰਨਾ ਤੁਸੀਂ ਭੈ ਨੂੰ ਸ਼ਕਤੀ ਦੇ ਰਹੇ ਹੋ। ਕਿਉਂਕਿ ਭੈ ਹੈ ਕੰਬਣੀ। ਜਦ ਤੁਸੀਂ ਕ੍ਰੋਧ ਕਰਦੇ ਹੋ, ਤਦ ਤੁਸੀਂ ਕੰਬਦੇ ਹੋ। ਜਦ ਤੁਸੀਂ ਘਿਰਨਾ ਕਰਦੇ ਹੋ, ਤਦ ਤੁਸੀਂ ਕੰਬਦੇ ਹੋ, ਤੁਸੀਂ ਭੈ ਨੂੰ ਵਧਾ ਰਹੇ ਹੋ। ਤਾਂ ਜਿਹੜਾ ਘਿਰਨਾ ਨਾਲ ਭਰਿਆ ਹੈ, ਕ੍ਰੋਧ ਨਾਲ ਭਰਿਆ ਹੈ, ਵੈਰ-ਵਿਰੋਧ ਨਾਲ ਭਰਿਆ ਹੈ, ਈਰਖਾ ਨਾਲ ਭਰਿਆ ਹੈ, ਉਹ ਭੈ ਨੂੰ ਵਧਾ ਰਿਹਾ ਹੈ। ਇਹ ਸਭ ਭੈ ਦੀ ਖ਼ੁਰਾਕ ਹਨ।

ਸ਼ੀਲ ਦਾ ਅਰਥ ਹੈ : ਭੈ ਦੀ ਖ਼ੁਰਾਕ ਤੋਂ ਬਚਣਾ। ਜਿਨ੍ਹਾਂ ਨਾਲ ਭੈ ਵਧਦਾ ਹੈ ਤੇ ਕੰਬਣੀ ਵਧਦੀ ਹੈ, ਉਸ ਤਰ੍ਹਾਂ ਦੇ ਕੰਮਾਂ, ਵਿਚਾਰਾਂ ਤੋਂ ਬਚਣਾ, ਤਾਂ ਜੋ ਕੰਬਣੀ ਘਟ ਹੋ ਜਾਵੇ।

ਐਨ ਇਸਦੇ ਉਲਟ ਗੱਲ ਵੀ ਹੈ। ਕਿਉਂਕਿ ਕੁਝ ਚੀਜ਼ਾਂ ਹਨ, ਜਿਨ੍ਹਾਂ ਨਾਲ ਕੰਬਣੀ ਵਧਦੀ ਹੈ ਅਤੇ ਕੁਝ ਚੀਜ਼ਾਂ ਹਨ, ਜਿਨ੍ਹਾਂ ਨਾਲ ਕੰਬਣੀ ਘਟਦੀ ਹੈ। ਜੇ ਘਿਰਨਾ ਨਾਲ ਵਧਦੀ ਹੈ, ਤਾਂ ਪ੍ਰੇਮ ਨਾਲ ਘਟਦੀ ਹੈ। ਇਸਲਈ ਜਦ ਅਸੀਂ ਗਹਿਰੇ ਪ੍ਰੇਮ ਵਿਚ ਹੁੰਦੇ ਹਾਂ ਤਾਂ ਭੈ ਨਹੀਂ ਪਕੜਦਾ। ਪ੍ਰੇਮੀ ਭੈਮਾਨ ਹੁੰਦੇ ਹੀ ਨਹੀਂ। ਅਤੇ ਜਿਹੜੇ ਇਕ-ਦੂਜੇ ਕੋਲੋਂ ਭੈਮਾਨ ਹਨ, ਉਹਨਾਂ ਦੇ ਦਰਮਿਆਨ ਪ੍ਰੇਮ ਦਾ ਫੁੱਲ ਕਦੇ ਪੈਦਾ ਨਹੀਂ ਹੋ ਪਾਂਦਾ। ਕੋਈ ਉਪਾਅ ਨਹੀਂ। ਕਿਉਂਕਿ ਭੈ ਅਤੇ ਪ੍ਰੇਮ ਦਾ ਕੋਈ ਸਬੰਧ ਨਹੀਂ। ਸਭ ਨਾਲ ਧੋਖਾ ਹੋ ਜਾਂਦਾ ਹੈ। ਘਿਰਨਾ ਨਾਲ ਕੰਬਣੀ ਵਧਦੀ ਹੈ, ਤੁਹਾਡਾ ਰੋਮ-ਰੋਮ ਕੰਬ ਜਾਂਦਾ ਹੈ। ਤੁਸੀਂ ਅਸਲ ਵਿਚ ਕੰਬਣੀ ਮਹਿਸੂਸ ਕਰ ਸਕਦੇ ਹੋ। ਯੰਤਰਾਂ ਦੀ ਕੋਈ ਜ਼ਰੂਰਤ ਨਹੀਂ। ਕ੍ਰੋਧ ਵਿਚ ਤੁਸੀਂ ਕੰਬਦੇ ਹੋ। ਇਹ ਕੰਬਣੀ ਤੁਹਾਡੇ ਪੂਰੇ ਸਰੀਰ ਦੀ ਬਿਜਲੀ-ਧਾਰਾ ਵਿਚ ਫੈਲ ਜਾਂਦੀ ਹੈ। ਪ੍ਰੇਮ ਵਿਚ ਤੁਸੀਂ ਸਥਿਰ ਹੋ ਜਾਂਦੇ ਹੋ।

ਪੱਛਮ ਦਾ ਇਕ ਮਨੋਵਿਗਿਆਨੀਆਂ ਦਾ ਸਮੂਹ ਕੁਝ ਬਾਂਦਰਾਂ ਉਤੇ ਪ੍ਰਯੋਗ ਕਰ ਰਿਹਾ ਸੀ, ਛੋਟੇ, ਬਾਂਦਰ ਦੇ ਬੱਚਿਆਂ ਉਤੇ। ਪ੍ਰਯੋਗ ਨਿਰਾਲਾ ਹੈ ਅਤੇ ਬੜੇ ਕੀਮਤੀ ਉਸਦੇ ਨਚੋੜ ਹਨ। ਉਹਨਾਂ ਨੇ ਇਹਨਾਂ ਛੋਟੇ ਬੱਚਿਆਂ ਦੀ ਖ਼ਾਤਰ ਦੋ ਝੂਠੀਆਂ ਬਾਂਦਰੀਆਂ ਬਣਾਈਆਂ। ਉਹਨਾਂ ਦੀਆਂ ਮਾਤਾਵਾਂ ਦਾ ਕੰਮ ਕਰਨਗੀਆਂ ਉਹ ਝੂਠੀਆਂ ਬਾਂਦਰੀਆਂ। ਇਕ ਸੀ ਸਿਰਫ਼ ਤਾਰਾਂ ਦੀ ਬਣੀ ਹੋਈ ਮਸ਼ੀਨ, ਹਿੱਕ 'ਤੇ ਥਣ ਸਨ ਉਸਦੇ ਅਤੇ ਥਣਾਂ ਤੋਂ ਦੁੱਧ ਬੱਚਿਆਂ ਨੂੰ ਮਿਲਣ ਵਾਲਾ ਸੀ। ਲੇਕਿਨ ਤਾਰਾਂ ਦਾ ਬਣਿਆ ਹੋਇਆ ਸੀ ਪੂਰਾ ਢਾਂਚਾ। ਅਤੇ ਦੂਜੀ ਮਸ਼ੀਨ ਸੀ, ਉਸ ਤੋਂ ਦੁੱਧ ਮਿਲਣ ਵਾਲਾ ਨਹੀਂ ਸੀ, ਪਰ ਉਹ ਉੱਨ ਨਾਲ ਬਣੀ ਹੋਈ ਸੀ। ਢਾਂਚਾ ਉੱਨ ਦਾ ਸੀ। ਅਤੇ ਅੰਦਰ ਉਸਦੇ ਬਿਜਲੀ ਚੱਲ ਰਹੀ ਸੀ, ਜਿਸ ਨਾਲ ਉਹ ਗਰਮ ਰਹਿੰਦੀ ਸੀ। ਬਾਂਦਰ ਦੁੱਧ ਪੀਣ 'ਤੇ ਚਲੇ ਜਾਂਦੇ ਸੀ ਤਾਰ ਵਾਲੀ ਮਾਂ ਦੇ ਕੋਲ; ਪਰ ਬਸ ਦੁੱਧ ਪੀ ਕੇ ਹਟ ਜਾਂਦੇ ਸੀ। ਅਤੇ ਉਸੇ ਵੇਲੇ ਚਲੇ ਜਾਂਦੇ ਸੀ ਉਸ ਮਾਂ ਕੋਲ, ਜਿਥੇ ਉਹਨਾਂ ਨੂੰ ਗਰਮੀ ਦਾ ਅਹਿਸਾਸ ਹੁੰਦਾ; ਉਸ ਨਾਲ ਲਿਪਟੇ ਰਹਿੰਦੇ।

ਅਨੁਭਵ ਇਹ ਹੋਇਆ ਕਿ ਜੇ ਬਾਂਦਰਾਂ ਨੂੰ ਭੈਮਾਨ ਕਰ ਦਿਤਾ ਜਾਵੇ, ਤਾਂ ਫਿਰ ਉਹ ਦੁੱਧ ਪੀਣ ਵੀ ਨਹੀਂ ਜਾਂਦੇ ਸੀ ਦੂਜੀ ਮਾਂ ਕੋਲ; ਭੁੱਖੇ ਰਹਿ ਜਾਂਦੇ। ਐਪਰ ਉਸ ਮਾਂ ਦੇ ਕੋਲ ਰਹਿੰਦੇ, ਜਿਸ ਤੋਂ ਉਹਨਾਂ ਨੂੰ ਪ੍ਰੇਮ ਦੇ ਨਿੱਘ ਦਾ ਭਾਸ ਹੁੰਦਾ। ਤਾਰ

ਵਾਲੀ ਮਾਂ ਦੇ ਕੋਲ ਉਹ ਕੰਬਦੇ ਰਹਿੰਦੇ, ਉੱਨ ਵਾਲੀ ਮਾਂ ਕੋਲ ਉਹ ਸ਼ਾਂਤ ਹੋ ਜਾਂਦੇ। ਉਹਨਾਂ ਦੀ ਕੰਬਣੀ ਬੰਦ ਹੋ ਜਾਂਦੀ। ਭਰੋਸਾ। ਕੋਈ ਪ੍ਰੇਮ ਵੀ ਨਹੀਂ ਹੈ ਉਥੇ, ਸਿਰਫ ਗਰਮੀ ਹੈ। ਲੇਕਿਨ ਭਰੋਸਾ—ਖਿਆਲ ਹੈ ਕਿ ਉਥੇ ਪ੍ਰੇਮ ਦਾ ਨਿੱਘ ਹੈ, ਉਹ ਉਹਨਾਂ ਨੂੰ ਤਸੱਲੀ ਦੇ ਦਿੰਦਾ ਹੈ।

ਫਿਰ ਇਹਨਾਂ ਮਨੋਵਿਗਿਆਨੀਆਂ ਨੇ ਕੁਝ ਬਾਂਦਰਾਂ ਨੂੰ ਤਾਰ ਵਾਲੀ ਮਾਂ ਕੋਲ ਹੀ ਵਡਾ ਕੀਤਾ ਅਤੇ ਕੁਝ ਬਾਂਦਰਾਂ ਨੂੰ ਉੱਨ ਵਾਲੀ ਮਾਂ ਕੋਲ ਵਡਾ ਕੀਤਾ। ਉੱਨ ਵਾਲੀ ਮਾਂ ਦੇ ਕੋਲ ਜਿਹੜੇ ਬੱਚੇ ਵਡੇ ਹੋਏ, ਉਹ ਘਟ ਭੈਮਾਨ ਹੁੰਦੇ ਸੀ, ਤਾਰ ਵਾਲੀ ਮਾਂ ਕੋਲ ਜਿਹੜੇ ਬੱਚੇ ਪੈਦਾ ਹੋਏ, ਵਡੇ ਹੋਏ, ਉਹ ਸਦਾ ਭੈਮਾਨ ਰਹਿੰਦੇ ਸੀ, ਸਦਾ ਹੀ ਕੰਬਦੇ ਰਹਿੰਦੇ, ਡਰੇ ਰਹਿੰਦੇ ਸੀ।

ਪ੍ਰੇਮ ਦੇ ਛਿਨ ਵਿਚ ਭੈ ਘਟ ਹੁੰਦਾ ਹੈ। ਤੁਹਾਨੂੰ ਪ੍ਰੇਮ ਦੇ ਛਿਨ ਵਿਚ ਜੋ ਸੁਖਾਵਾਂ ਅਹਿਸਾਸ ਹੁੰਦਾ ਹੈ, ਉਹ ਭੈ ਦੇ ਘਟ ਹੋਣ ਦਾ ਹੁੰਦਾ ਹੈ। ਅਤੇ ਜੇਕਰ ਪ੍ਰੇਮ ਅਸਲ ਵਿਚ ਪੂਰੀ ਗਹਿਰਾਈ 'ਤੇ ਪਹੁੰਚ ਜਾਵੇ, ਤਾਂ ਮੌਤ ਵੀ ਭੈਮਾਨ ਨਹੀਂ ਕਰਦੀ ਪ੍ਰੇਮੀ ਨੂੰ। ਜੇ ਮੌਤ ਵੀ ਸਾਹਮਣੇ ਖੜ੍ਹੀ ਹੋਵੇ, ਤਾਂ ਪ੍ਰੇਮੀ ਦੇ ਚਿੱਤ 'ਤੇ ਉਸ ਤੋਂ ਕੋਈ ਭੈ ਨਹੀਂ ਆਉਂਦਾ। ਪ੍ਰੇਮੀ ਮੌਤ ਵਿਚ ਵੀ ਸ਼ਾਂਤੀ ਨਾਲ ਜਾ ਸਕਦਾ ਹੈ ਬਿਨਾਂ ਭੈਮਾਨ ਹੋਇਆਂ।

ਸੋ ਘਿਰਨਾ ਹੈ ਸ਼ੀਲ ਉਲਟ, ਪ੍ਰੇਮ ਹੈ ਸ਼ੀਲ। ਕ੍ਰੋਧ ਸ਼ੀਲ ਦੇ ਉਲਟ ਹੈ। ਅਕ੍ਰੋਧ, ਖਿਮਾ, ਸ਼ੀਲ, ਤੁਸੀਂ ਖੋਜ ਲੈਣਾ। ਜਿਸ–ਜਿਸ ਨਾਲ ਤੁਹਾਡੀ ਕੰਬਣੀ ਵਧਦੀ ਹੋਵੇ, ਉਹ ਸ਼ੀਲ ਨਹੀਂ ਹੈ। ਅਤੇ ਜਿਸ–ਜਿਸ ਨਾਲ ਤੁਹਾਡੀ ਕੰਬਣੀ ਘਟ ਹੁੰਦੀ ਹੋਵੇ, ਤੁਹਾਡਾ ਭੈ ਮਿਟਦਾ ਹੋਵੇ, ਉਹ ਸ਼ੀਲ ਹੈ। ਜੇ ਮਹਾਂਵੀਰ ਅਤੇ ਬੁੱਧ ਅਭੈ ਹਨ, ਤਾਂ ਅਭੈ ਹੋਣ ਦਾ ਕਾਰਨ ਇਹ ਨਹੀਂ ਕਿ ਤੁਸੀਂ ਉਹਨਾਂ ਨੂੰ ਛੁਰਾ ਮਾਰੋਗੇ, ਤਾਂ ਉਹ ਮਰਨਗੇ ਨਹੀਂ। ਮਰ ਹੀ ਜਾਣਗੇ। ਕਿ ਤੁਸੀਂ ਉਹਨਾਂ ਨੂੰ ਜਹਿਰ ਦੇ ਦਿਉਗੇ, ਤਾਂ ਉਹ ਨਹੀਂ ਮਰਨਗੇ। ਮਰ ਹੀ ਜਾਣਗੇ। ਅਭੈ ਹੈ ਤਾਂ ਇਸ ਕਾਰਨ ਕਿ ਉਹਨਾਂ ਦੇ ਅੰਦਰ ਜਿਨ੍ਹਾਂ–ਜਿਨ੍ਹਾਂ ਚੀਜ਼ਾਂ ਤੋਂ ਕੰਬਣੀ ਪੈਦਾ ਹੁੰਦੀ ਸੀ, ਉਹਨਾਂ ਦੇ ਖ਼ੁਰਾਕ ਸੋਮੇ ਖਤਮ ਕਰ ਦਿਤੇ ਗਏ। ਭੈ ਨੂੰ ਵੀ ਖ਼ੁਰਾਕ ਚਾਹੀਦੀ ਹੈ। ਅਸੀਂ ਭੈ ਨੂੰ ਇਕੱਠਾ ਕਰ ਲੈਂਦੇ ਹਾਂ ਅਤੇ ਖ਼ੁਰਾਕ ਵੀ ਦੇ ਰਹੇ ਹਾਂ!

ਮੇਰੇ ਕੋਲ ਲੋਕ ਆਉਂਦੇ ਹਨ, ਉਹ ਕਹਿੰਦੇ ਹਨ ਭੈ ਤੋਂ ਛੁੱਟਣਾ ਹੈ। ਪਰ ਜੇ ਮੈਂ ਉਹਨਾਂ ਨੂੰ ਕਹਾਂ ਕਿ ਤਦ ਤਾਂ ਕ੍ਰੋਧ ਤੋਂ, ਘਿਰਨਾ ਤੋਂ, ਈਰਖਾ ਤੋਂ ਛੁੱਟਣਾ ਪਏਗਾ। ਕ੍ਰੋਧ ਤੋਂ ਸਿੱਧੇ ਨਹੀਂ ਛੁੱਟਿਆ ਜਾ ਸਕਦਾ, ਭੈ ਤੋਂ ਸਿੱਧੇ ਨਹੀਂ ਛੁੱਟਿਆ ਜਾ ਸਕਦਾ। ਭੈ ਤੋਂ ਛੁੱਟਣਾ ਚਾਹੋ ਅਤੇ ਭੈ ਦੀ ਸਾਰੀ ਖ਼ੁਰਾਕ ਜੁਟਾਉਂਦੇ ਰਹੋ, ਤਾਂ ਛੁੱਟਣਾ ਕਿਵੇਂ ਹੋ ਸਕੇਗਾ? ਤਦ ਤੁਸੀਂ ਆਪਣੇ ਹੀ ਬਰਖਿਲਾਫ ਕੰਮ ਵਿਚ ਲਗੇ ਹੋ।

ਬੁੱਧ ਨੇ ਸ਼ੀਲ ਨੂੰ ਸੁਰੱਖਿਆ ਕਿਹਾ ਹੈ। ਸ਼ੀਲ ਵਿਚ ਸੱਚ, ਪ੍ਰੇਮ, ਕਰੁਣਾ, ਖਿਮਾਂ ਸਭ ਆ ਜਾਂਦੇ ਹਨ। ਉਹ ਸਾਰੇ ਗੁਣ ਜੋ ਤੁਹਾਡੇ ਅੰਦਰ ਤੋਂ ਭੈ ਨੂੰ ਵਿਸਰਜਤ ਕਰ ਦਿੰਦੇ ਹਨ।

'ਸ਼ੀਲ ਦੀ ਅਣਹੋਂਦ ਹੋਵੇ, ਤਾਂ ਯਾਤਰੀ ਦੇ ਕਦਮ ਡਗਮਗਾਉਂਦੇ ਹਨ ਅਤੇ ਚੱਟਾਨੀ ਰਾਹ 'ਤੇ ਕਰਮ ਦੇ ਪੱਥਰ ਉਸਦੇ ਪੈਰਾਂ ਨੂੰ ਲਹੂ-ਲੁਹਾਣ ਕਰ ਦਿੰਦੇ ਹਨ।'

ਇਸਲਈ ਧਿਆਨ ਰਖਣਾ, ਧਰਮ ਦੇ ਲਈ ਸ਼ੀਲ ਦਾ ਮੁੱਲ ਨੀਤੀ ਦਾ ਮੁੱਲ ਨਹੀਂ ਹੈ। ਇਸਲਈ ਨਹੀਂ ਸੱਚ ਬੋਲਣਾ ਕਿ ਝੂਠ ਬੋਲਣ ਨਾਲ ਦੂਜਿਆਂ ਨੂੰ ਹਾਨੀ ਹੁੰਦੀ ਹੈ। ਇਸਦਾ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ। ਇਸਲਈ ਕ੍ਰੋਧ ਨਾ ਕਰਨਾ ਕਿ ਦੂਜਿਆਂ ਨੂੰ ਦੁਖ ਹੁੰਦਾ ਹੈ। ਇਸ ਨਾਲ ਵੀ ਧਰਮ ਦਾ ਕੋਈ ਲੈਣਾ-ਦੇਣਾ ਨਹੀਂ। ਇਹ ਨੈਤਿਕ ਵਿਵਸਥਾ ਦੀ ਗੱਲ ਹੈ। ਧਰਮ ਉਹਨਾਂ ਹੀ ਸ਼ਬਦਾਂ ਦਾ ਉਪਯੋਗ ਕਰਦਾ ਹੈ। ਲੇਕਿਨ ਉਸਦਾ ਮਕਸਦ ਭਿੰਨ ਹੈ।

ਧਰਮ ਕਹਿੰਦਾ ਹੈ, ਇਸਲਈ ਝੂਠ ਨਾ ਬੋਲਣਾ ਕਿ ਝੂਠ ਬੋਲੇ ਕਿ ਤੁਸੀਂ ਕੰਬੇ ਅਤੇ ਤੁਸੀਂ ਕੰਬੇ ਕਿ ਅੱਗੇ ਦੀ ਯਾਤਰਾ ਅਸੰਭਵ ਹੈ। ਇਸਦਾ ਦੂਜੇ ਨਾਲ ਕੋਈ ਸਬੰਧ ਨਹੀਂ ਹੈ। ਦੂਜੇ ਨੂੰ ਲਾਭ ਹੋ ਜਾਏਗਾ, ਪਰ ਉਹ ਮਕਸਦ ਨਹੀਂ ਹੈ। ਤੁਸੀਂ ਝੂਠ ਬੋਲੇ ਕਿ ਕੰਬੇ। ਫਿਰ ਇਹਨਾਂ ਕੰਬਦੇ ਪੈਰਾਂ ਨਾਲ ਉਸ ਪਰਬਤ-ਸਿਖਰ ਉਤੇ ਨਹੀਂ ਜਾਇਆ ਜਾ ਸਕਦਾ, ਜੋ ਕਿ ਪਰਮ-ਅਨੁਭਵ ਹੈ। ਅਤੇ ਉਸਦੇ ਬਿਨਾਂ ਜੀਵਨ ਸਦਾ ਨਰਕ ਬਣਿਆ ਰਹੇਗਾ। ਕ੍ਰੋਧ ਨਾਲ ਦੂਜੇ ਦੀ ਹਾਨੀ ਹੁੰਦੀ ਹੈ ਜ਼ਰੂਰ। ਲੇਕਿਨ ਕ੍ਰੋਧ ਨਹੀਂ ਕਰੋਗੇ ਤਾਂ ਦੂਜੇ ਨੂੰ ਲਾਭ ਹੋਵੇਗਾ; ਉਹ ਵੀ ਨਿਸ਼ਚਿਤ ਹੈ। ਪਰ ਧਰਮ ਦੇ ਲਈ ਉਹ ਮਕਸਦ ਨਹੀਂ ਹੈ। ਉਹ ਨਿਗੁਣਾ ਹੈ, ਬਾਈ ਪ੍ਰੋਡੱਕਟ ਹੈ, ਉਪ-ਉਪਜ ਹੈ। ਇਕ ਆਦਮੀ ਕਣਕ ਬੀਜਦਾ ਹੈ, ਤੂੜੀ ਵੀ ਪੈਦਾ ਹੋ ਜਾਂਦੀ ਹੈ; ਤੂੜੀ ਪੈਦਾ ਕਰਨ ਖ਼ਾਤਰ ਕੋਈ ਕਣਕ ਨਹੀਂ ਬੀਜਦਾ ਹੈ। ਕਣਕ ਹੀ ਪੈਦਾ ਕਰਨ ਦੇ ਲਈ ਬੀਜਦਾ ਹੈ; ਤੂੜੀ ਵੀ ਪੈਦਾ ਹੋ ਜਾਂਦੀ ਹੈ, ਉਹ ਵਖਰੀ ਗੱਲ ਹੈ। ਠੀਕ ਤੂੜੀ ਜਿਹੀ ਹੈ ਨੀਤੀ, ਧਰਮ ਦੇ ਲਈ। ਉਹ ਪੈਦਾ ਹੁੰਦੀ ਹੈ, ਪਰ ਉਹ ਨਿਸ਼ਾਨਾ ਨਹੀਂ ਹੈ। ਨਿਸ਼ਾਨਾ ਤੁਸੀਂ ਹੀ ਹੋ। ਅਤੇ ਤਦ ਧਰਮ ਵਿਚ ਵਿਗਿਆਨਕ ਇੰਤਜ਼ਾਮ ਹੋ ਜਾਂਦਾ ਹੈ। ਤਦ ਮਾਮਲਾ ਸਾਫ ਹੈ।

ਇਸਲਈ ਨਹੀਂ ਕਹਿੰਦੇ ਤੁਹਾਨੂੰ ਕਿ ਕ੍ਰੋਧ ਨਾ ਕਰੋ ਕਿ ਦੂਜੇ ਨੂੰ ਦੁਖ ਦੇਣਾ ਬੁਰਾ ਹੈ ਅਤੇ ਦੂਜਿਆਂ ਨੂੰ ਦੁਖ ਦਿਉਗੇ, ਤਾਂ ਨਰਕ ਚਲੇ ਜਾਉਗੇ। ਨਹੀਂ, ਇਸਲਈ ਕ੍ਰੋਧ ਨਾ ਕਰੋ ਕਿ ਕ੍ਰੋਧ ਦੇ ਕਾਰਨ ਤੁਸੀਂ ਹੁਣੇ ਨਰਕ ਵਿਚ ਹੋ। ਚਲੇ ਜਾਉਗੇ, ਇਹ ਫ਼ਜ਼ੂਲ ਦੀ ਗੱਲ ਹੈ। ਉਹ ਵੀ ਤਰਕੀਬ ਹੈ ਸਾਡੀ ਕਿ ਇਸਨੂੰ ਅੱਗੇ ਰਖਾਂਗੇ ਤਾਂ ਉਪਾਅ ਬਣਾ ਸਕਦੇ ਹਾਂ। ਵਿਚ-ਵਿਚਾਲੇ ਕੁਝ ਕ੍ਰੋਧ ਕਰ ਲਵਾਂਗੇ, ਮਾਫੀ ਮੰਗ ਲਵਾਂਗੇ। ਇਸ ਤੋਂ ਪਹਿਲਾਂ ਕਿ ਨਰਕ ਜਾਈਏ, ਖਿਮਾ ਕਰ ਲਵਾਂਗੇ, ਕਸਮ ਖਾ ਲਵਾਂਗੇ, ਵਰਤ ਲੈ ਲਵਾਂਗੇ, ਕੁਝ ਪੁੰਨ ਕਰ ਲਵਾਂਗੇ, ਕੁਝ ਦਾਨ ਕਰ ਲਵਾਂਗੇ, ਤੀਰਥ-ਯਾਤਰਾ ਕਰ ਆਵਾਂਗੇ। ਯਾਨੀ ਇਸ ਤੋਂ ਪਹਿਲਾਂ ਕਿ ਨਰਕ ਵਿਚ ਧੱਕ ਦਿਤੇ ਜਾਈਏ, ਅਸੀਂ ਕੋਈ ਇੰਤਜ਼ਾਮ ਕਰ ਲਵਾਂਗੇ, ਸਮਾਂ ਜੇਕਰ ਮਿਲ ਜਾਵੇ। ਲੇਕਿਨ ਮੈਂ ਤੁਹਾਨੂੰ ਕਹਿੰਦਾ ਹਾਂ, ਸਮਾਂ ਬਿਲਕੁਲ ਨਹੀਂ ਹੈ। ਸਮਾਂ ਹੈ ਹੀ ਨਹੀਂ। ਕ੍ਰੋਧ ਕੀਤਾ ਕਿ ਤੁਸੀਂ ਨਰਕ ਵਿਚ ਹੋ। ਦੋਨਾਂ ਦੇ ਵਿਚਾਲੇ ਗੁੰਜਾਇਸ਼ ਨਹੀਂ ਹੈ ਛਿਨ-ਭਰ ਦੀ ਵੀ। ਪ੍ਰੇਮ ਕੀਤਾ ਕਿ ਤੁਸੀਂ ਸਵਰਗ ਵਿਚ ਹੋ। ਦੋਨਾਂ

ਦੇ ਦਰਮਿਆਨ ਥਾਂ, ਵਕਫਾ ਨਹੀਂ ਹੈ।

ਸਾਧਕ ਦੇ ਲਈ ਤਾਂ ਦ੍ਰਿਸ਼ਟੀ ਇਸ ਉਤੇ ਹੀ ਟਿਕਾਈ ਰਖਣੀ ਹੈ। ਇਸ ਖੋਜ ਵਿਚ, ਦੁਖ ਦੇ ਪਾਰ ਲੈ ਜਾਣ ਵਾਲੀ ਖੋਜ ਵਿਚ—ਕੌਣ ਉਸਦੇ ਪੈਰਾਂ ਨੂੰ ਮਜ਼ਬੂਤ ਕਰੇਗਾ, ਕੀ ਉਸਦੇ ਕਦਮਾਂ ਨੂੰ ਮਜ਼ਬੂਤੀ ਦੇਵੇਗਾ? ਉਹੀ ਨੀਤੀ ਹੈ, ਉਹੀ ਸ਼ੀਲ ਹੈ।

'ਓ ਸਾਧਕ, ਆਪਣੇ ਕਦਮਾਂ ਨੂੰ ਦ੍ਰਿੜ੍ਹ ਕਰ। ਛਾਂਤੀ (ਧੀਰਜ) ਸੱਤਵ ਵਿਚ ਆਪਣੀ ਆਤਮਾ ਨੂੰ ਨੁਹਾ, ਕਿਉਂਕਿ ਹੁਣ ਤੂੰ ਉਸਦੇ ਨਾਂ ਦੇ ਦੁਆਰ ਨੂੰ ਪਹੁੰਚ ਰਿਹਾ ਹੈਂ—ਬਲ ਅਤੇ ਧੀਰਜ ਦਾ ਦੁਆਰ।'

ਆਪਣੇ ਕਦਮਾਂ ਨੂੰ ਦ੍ਰਿੜ੍ਹ ਕਰ...

ਇਸਦਾ ਮਤਲਬ ਇੰਨਾ ਹੀ ਹੈ ਕਿ ਅਜੇਹਾ ਕੁਝ ਵੀ ਨਾ ਕਰ, ਜਿਸ ਨਾਲ ਤੂੰ ਕੰਬੇਂ। ਅਜੇਹਾ ਕੁਝ ਕਰ, ਜਿਸ ਨਾਲ ਤੈਨੂੰ ਕੰਬਣੀ ਨਾ ਹੋਵੇ, ਤੂੰ ਠਹਿਰ ਸਕੇਂ, ਖੜ੍ਹਾ ਹੋ ਸਕੇਂ। ਕਦਮਾਂ ਵਿਚ ਬਲ ਸਰੀਰਕ ਗੱਲ ਨਹੀਂ ਹੈ, ਕਦਮਾਂ ਵਿਚ ਬਲ ਆਤਮਕ ਗੱਲ ਹੈ। ਉਹ ਜੋ ਪੈਰਾਂ ਉਤੇ ਖੜ੍ਹੇ ਹੋਣ ਦਾ ਬਲ ਹੈ ਇਸ ਰਾਹ ਉਤੇ, ਉਹ ਤਦੇ ਆਏਗਾ ਜਦ ਮੇਰੇ ਅੰਦਰ ਕੰਬਦੀ ਹੋਈ ਆਤਮਾ ਅਣਕੰਬ ਹੋ ਜਾਵੇ। ਜਿਵੇਂ ਕਿ ਕਿਸੇ ਘਰ ਵਿਚ ਜਿਥੇ ਹਵਾ ਦੇ ਆਉਣ ਦਾ ਵੀ ਉਪਾਅ ਨਾ ਹੋਵੇ, ਕੋਈ ਦੀਵਾ ਜਗਦਾ ਹੋਵੇ, ਉਸਦੀ ਲੋਅ ਅਣਕੰਬ ਜਗਦੀ ਹੋਵੇ, ਉਸ ਤਰ੍ਹਾਂ ਦੀ ਜਦ ਮੇਰੇ ਅੰਦਰ ਅਣਕੰਬ ਭਾਵ-ਦਸ਼ਾ ਬਣੇ, ਤਾਂ ਹੀ ਮੇਰੇ ਕਦਮਾਂ ਵਿਚ ਬਲ ਹੋਵੇਗਾ ਇਸ ਰਾਹ ਦੇ ਲਈ।

ਸੰਸਾਰ ਦੇ ਰਾਹ ਲਈ ਬਹੁਤ ਅੜਿੱਚਣ ਨਹੀਂ ਹੈ। ਉਥੇ ਕੰਬਦੇ ਕਦਮਾਂ ਨਾਲ ਅਰਾਮ ਨਾਲ ਤੁਰਿਆ ਜਾ ਸਕਦਾ ਹੈ। ਸੱਚ ਤਾਂ ਇਹ ਹੈ ਕਿ ਉਥੇ ਜਿੰਨੇ ਕੰਬਦੇ ਕਦਮ ਹੋਣ, ਉੱਨੀ ਹੀ ਯਾਤਰਾ ਸੌਖੀ ਹੁੰਦੀ ਹੈ। ਸੰਸਾਰ ਦੇ ਰਾਹ ਤੇ ਕੰਬਦੇ ਕਦਮ ਠੀਕ ਹਨ। ਉਹ ਪੂਰਾ ਰਾਹ ਹੀ ਕੰਬ ਰਿਹਾ ਹੈ। ਉਥੇ ਕਦਮਾਂ ਨੂੰ ਠਹਿਰਾਉਣ ਦਾ ਉਪਾਅ ਹੀ ਨਹੀਂ ਹੈ। ਅਤੇ ਉਥੇ ਜਿੰਨੇ ਤੁਹਾਡੇ ਕੰਬਦੇ ਹਨ ਕਦਮ, ਤੁਸੀਂ ਉੱਨੀ ਤੇਜ਼ੀ ਨਾਲ ਯਾਤਰਾ ਕਰ ਲਵੋਗੇ। ਉਥੇ ਠਹਿਰੇ ਹੋਏ ਆਦਮੀ ਦੀ ਕੋਈ ਗਤੀ ਨਹੀਂ ਹੈ; ਉਥੇ ਤਾਂ ਨੱਸਦੇ-ਭੱਜਦੇ ਆਦਮੀ ਦੀ ਗਤੀ ਹੈ।

ਲੇਕਿਨ ਸੰਸਾਰ ਦੇ ਪਾਰ, ਉਸਨੂੰ ਅਸੀਂ ਸੱਚ ਕਹੀਏ, ਮੁਕਤੀ ਕਹੀਏ, ਪਰਮਾਤਮਾ ਕਹੀਏ, ਜੋ ਵੀ ਨਾਂ ਦੇਈਏ, ਉਸਦੀ ਤਰਫ ਜਾਣ ਵਾਲੇ ਆਦਮੀ ਦੇ ਕਦਮ ਅਣਕੰਬ ਚਾਹੀਦੇ ਹਨ।

ਕਿਵੇਂ ਹੋਣਗੇ ਅਣਕੰਬ?

ਧੀਰਜ ਨਾਲ।

ਅਸੀਂ ਕੰਬ ਕਿਉਂ ਜਾਂਦੇ ਹਾਂ ਇੰਨੀ ਛੇਤੀ?

ਧੀਰਜ ਦੀ ਬੜੀ ਕਮੀ ਹੈ। ਥੋੜ੍ਹੀ ਵੀ ਉਡੀਕ ਨਹੀਂ ਕਰ ਪਾਂਦੇ, ਰੱਤੀ-ਭਰ ਨਹੀਂ ਰੁਕ ਪਾਂਦੇ।

ਸਾਡੀ ਹਾਲਤ ਉਸ ਤਰ੍ਹਾਂ ਦੀ ਹੈ, ਜਿਵੇਂ ਛੋਟੇ ਬੱਚੇ ਹਨ। ਛੋਟੇ ਬੱਚੇ ਅੰਬ ਦੀ ਗੁਠਲੀ ਨੂੰ ਬੀਜ ਦਿੰਦੇ ਹਨ ਜ਼ਮੀਨ ਵਿਚ ਲੇਕਿਨ ਘੜੀ ਅੱਧੀ ਘੜੀ ਵਿਚ ਪੁੱਟ ਕੇ ਫਿਰ ਦੇਖਦੇ ਹਨ ਕਿ ਅਜੇ ਤਕ ਅੰਕੁਰ ਆਇਆ ਕਿ ਨਹੀਂ। ਅੰਕੁਰ ਕਦੇ ਨਹੀਂ ਆਏਗਾ; ਕਿਉਂਕਿ ਦਿਨ 'ਚ ਦਸ ਵਾਰ ਉਹ ਕੱਢ ਲਈ ਜਾਏਗੀ ਜ਼ਮੀਨ 'ਚੋਂ। ਅੰਕੁਰ ਆ ਸਕਦਾ ਸੀ, ਇਕ ਮਹੀਨੇ ਦੋ ਮਹੀਨੇ ਦੀ ਉਡੀਕ ਕਰਨੀ ਜ਼ਰੂਰੀ ਸੀ। ਪਾਣੀ ਦੇਣਾ ਜ਼ਰੂਰੀ ਸੀ। ਅਤੇ ਗੁਠਲੀ ਛੁਪੀ ਰਹੇ ਜ਼ਮੀਨ ਦੇ ਗਰਭ ਵਿਚ, ਇਹ ਜ਼ਰੂਰੀ ਸੀ। ਉਸਨੂੰ ਵਾਰ–ਵਾਰ ਕੱਢ ਲੈਣਾ ਖ਼ਤਰਨਾਕ ਹੈ। ਅਤੇ ਅਸੀਂ ਸਭ ਛੋਟੇ ਬੱਚੇ ਹਾਂ ਅਧਿਆਤਮ ਦੇ ਜਗਤ ਵਿਚ।

ਮੇਰੇ ਕੋਲ ਲੋਕ ਆਉਂਦੇ ਹਨ। ਉਹ ਕਹਿੰਦੇ ਹਨ, ਤਿੰਨ ਦਿਨ ਹੋ ਗਏ ਅੱਜ ਧਿਆਨ ਕਰਦਿਆਂ ਨੂੰ, ਅਜੇ ਕੁਝ ਹੋਇਆ ਨਹੀਂ। ਇਹ ਗੁਠਲੀ ਨੂੰ ਕੱਢ ਕੱਢ ਕੇ ਦੇਖ ਰਹੇ ਹਨ। ਇਹ ਤਾਂ ਰਾਹ ਬਣਾ ਰਹੇ ਹੋ ਤੁਸੀਂ ਕਿ ਅਜੇ ਵੀ ਨਹੀਂ ਹੋ ਸਕੇਗਾ। ਤਿੰਨ ਦਿਨਾਂ ਵਿਚ ਵੀ ਹੋ ਸਕਦਾ ਹੈ, ਲੇਕਿਨ ਤਦ ਬੜਾ ਧੀਰਜ ਚਾਹੀਦਾ ਹੈ। ਤਿੰਨ ਜਨਮਾਂ ਵਿਚ ਵੀ ਨਹੀਂ ਹੋਵੇਗਾ, ਧੀਰਜ ਦੀ ਕਮੀ ਹੋਵੇ ਤਾਂ।

ਧੀਰਜ ਯਤਨ ਨੂੰ ਗਹਿਰਾਈ ਦੇ ਦਿੰਦਾ ਹੈ; ਅਧੀਰਜ ਉਥਲਾਪਣ ਲਿਆ ਦਿੰਦਾ ਹੈ।

ਅਧੀਰਜ ਦੀ ਵਜ੍ਹਾ ਨਾਲ ਅਸੀਂ ਉਪਰ ਹੀ ਉਪਰ ਰਹਿ ਜਾਂਦੇ ਹਾਂ। ਧੀਰਜ ਤੀਬਰਤਾ ਦਿੰਦਾ ਹੈ ਅਤੇ ਗਹਿਰਾਈ ਵਿਚ ਉਤਰਨ ਦੀ ਸੰਭਾਵਨਾ ਬਣ ਜਾਂਦੀ ਹੈ।

ਮਹਾਂਕਸ਼ੱਯਪ ਬੁੱਧ ਦੇ ਕੋਲ ਆਇਆ। ਤਾਂ ਬੁੱਧ ਤੋਂ ਮਹਾਂਕਸ਼ਯੱਪ ਨੇ ਪੁਛਿਆ ਕਿ ਕਿੰਨਾ ਸਮਾਂ ਲਗੇਗਾ? ਕਦ ਆਏਗੀ ਉਹ ਘੜੀ ਜਦ ਮੈਂ ਵੀ ਬੁੱਧ ਹੋ ਜਾਵਾਂਗਾ? ਬੁੱਧ ਨੇ ਕਿਹਾ, ਜੇ ਤੂੰ ਦੁਬਾਰਾ ਪੁਛਿਆ ਤਾਂ ਬਹੁਤ ਸਮਾਂ ਲਗ ਜਾਏਗਾ। ਫਿਰ ਮੈਂ ਵੀ ਤੇਰੀ ਕੋਈ ਸਹਾਇਤਾ ਨਹੀਂ ਕਰ ਸਕਦਾ ਅਜੇ ਤੂੰ ਖਿਮਾ ਕਰਨ ਯੋਗ ਹੈਂ, ਨਵਾਂ–ਨਵਾਂ ਪਹਿਲੀ ਦਫਾ ਆਇਆ ਹੈਂ। ਪੁਛ ਲਿਆ ਕੋਈ ਹਰਜ ਨਹੀਂ। ਹੁਣ ਦੁਬਾਰਾ ਨਾ ਪੁਛੀਂ, ਤਾਂ ਛੇਤੀ ਹੋ ਸਕਦੀ ਹੈ ਗੱਲ।

ਫਿਰ ਮਹਾਂਕਸ਼ਯੱਪ ਦਾ ਦੂਸਰਾ ਹੀ ਜ਼ਿਕਰ ਹੈ। ਬਸ ਦੋ ਹੀ ਜ਼ਿਕਰ ਹਨ ਬੁੱਧ ਦੇ ਜੀਵਨ ਵਿਚ ਮਹਾਂਕਸ਼ਯੱਪ ਦੇ। ਅਤੇ ਉਹ ਉਹਨਾਂ ਦਾ ਸਭ ਤੋਂ ਕੀਮਤੀ ਸ਼ਿੱਸ਼ ਸੀ। ਇਕ ਇਹ ਜ਼ਿਕਰ ਹੈ ਅਤੇ ਇਕ ਹੋਰ ਜ਼ਿਕਰ ਹੈ ਵਰ੍ਹਿਆਂ ਪਿਛੋਂ, ਕੋਈ ਚਾਲੀ ਵਰ੍ਹੇ ਪਿਛੋਂ, ਇਕ ਦਿਨ ਬੁੱਧ ਆ ਕੇ ਮੌਨ ਬੈਠ ਗਏ ਮੰਚ ਉਤੇ। ਉਹਨਾਂ ਦੇ ਹੱਥ ਵਿਚ ਇਕ ਕਮਲ ਦਾ ਫੁੱਲ ਹੈ, ਅਤੇ ਉਹ ਉਸ ਫੁੱਲ ਨੂੰ ਦੇਖੀ ਚਲੇ ਜਾਂਦੇ ਹਨ। ਅਤੇ ਹਜ਼ਾਰਾਂ ਲੋਕ ਇਕੱਠੇ ਹੋਏ ਹਨ ਅਤੇ ਉਹ ਸੁਣਨਾ ਚਾਹੁੰਦੇ ਹਨ। ਅਤੇ ਬੁੱਧ ਬੋਲਦੇ ਨਹੀਂ, ਮੌਨ ਬੈਠੇ ਹਨ ਅਤੇ ਉਸ ਫੁੱਲ ਨੂੰ ਦੇਖੀ ਚਲੇ ਜਾਂਦੇ ਹਨ। ਅਜੇਹਾ ਕਦੇ ਨਹੀਂ ਹੋਇਆ ਸੀ। ਆਖ਼ਰ ਕਿਸੇ ਨੇ ਖੜ੍ਹੇ ਹੋ ਕੇ ਕਿਹਾ ਕਿ ਇਹ ਕਦ ਤਕ ਚਲੇਗਾ। ਅਸੀਂ ਸੁਣਨ ਆਏ ਹਾਂ, ਦੂਰੋਂ, ਤੁਸੀਂ ਚੁੱਪ ਬੈਠੇ ਹੋ। ਤਾਂ ਬੁੱਧ ਨੇ ਕਿਹਾ, ਮੈਂ ਜੋ ਸ਼ਬਦਾਂ ਨਾਲ ਕਹਿ ਸਕਦਾ ਸੀ, ਉਹ ਮੈਂ ਕਈ ਵਾਰ ਕਹਿ ਚੁੱਕਾ ਹਾਂ। ਅੱਜ ਮੈਂ ਉਹ ਕਹਿ ਰਿਹਾ ਹਾਂ,

ਜੋ ਸ਼ਬਦਾਂ ਨਾਲ ਨਹੀਂ ਕਿਹਾ ਜਾ ਸਕਦਾ। ਜੇ ਕੋਈ ਸਮਝਦਾ ਹੋਵੇ, ਤਾਂ ਇਸ਼ਾਰਾ ਕਰੇ। ਹਜ਼ਾਰਾਂ ਲੋਕ ਇਕੱਠੇ ਸਨ, ਸੰਨਾਟਾ ਛਾ ਗਿਆ। ਸ਼ਬਦ ਹੀ ਸਮਝ ਵਿਚ ਨਹੀਂ ਆਉਂਦੇ ਸੀ, ਤਾਂ ਨਿਰਸ਼ਬਦ ਕੀ ਸਮਝ ਵਿਚ ਆਏਗਾ!

ਲੇਕਿਨ ਇਕ ਖਿੜਖਿੜਾਹਟ ਦੀ ਅਵਾਜ਼ ਭੀੜ ਵਿਚ ਗੂੰਜੀ। ਅਤੇ ਬੁੱਧ ਨੇ ਕਿਹਾ ਕਿ ਜਾਪਦਾ ਹੈ ਮਹਾਂਕਸ਼ਯੱਪ ਹੈ; ਫੜੋ ਉਸਨੂੰ, ਭੱਜ ਨਾ ਜਾਵੇ। ਚਾਲੀ ਸਾਲ ਪਹਿਲਾਂ ਇਸ ਆਦਮੀ ਦੀ ਵਾਣੀ ਸੁਣੀ ਸੀ, ਅੱਜ ਇਸਦਾ ਹਾਸਾ ਸੁਣਿਆ। ਬੁੱਧ ਨੇ ਕਿਹਾ, ਮਹਾਂਕਸ਼ਯੱਪ ਕਿਉਂ ਹੱਸਦਾ ਹੈਂ ਤੂੰ? ਕੀ ਹੋਇਆ ਤੈਨੂੰ? ਤਾਂ ਮਹਾਂਕਸ਼ਯੱਪ ਨੇ ਕਿਹਾ, ਜਿਸਦੀ ਉਡੀਕ ਕਰ ਰਿਹਾ ਸੀ, ਉਹ ਹੋ ਗਿਆ। ਸ਼ਬਦ ਨਾਲ ਨਹੀਂ ਹੋਇਆ, ਤੁਹਾਡੇ ਮੌਨ ਨਾਲ ਹੋ ਗਿਆ। ਤਾਂ ਬੁੱਧ ਨੇ ਉਹ ਫੁੱਲ, ਜੋ ਉਹਨਾਂ ਦੇ ਹੱਥ ਵਿਚ ਸੀ, ਉਹ ਮਹਾਂਕਸ਼ਯੱਪ ਨੂੰ ਦਿਤਾ ਅਤੇ ਕਿਹਾ ਕਿ ਜੋ ਮੈਂ ਸ਼ਬਦਾਂ ਨਾਲ ਦੇ ਸਕਦਾ ਸੀ, ਮੈਂ ਦੇ ਦਿਤਾ ਸਭ ਨੂੰ; ਅਤੇ ਜੋ ਮੈਂ ਸ਼ਬਦਾਂ ਨਾਲ ਨਹੀਂ ਦੇ ਸਕਦਾ ਸੀ, ਉਹ ਮੈਂ ਮਹਾਂਕਸ਼ਯੱਪ ਨੂੰ ਦਿੰਦਾ ਹਾਂ।

ਫਿਰ ਮਹਾਂਕਸ਼ਯਪ ਦੀ ਇਕ ਅਲੱਗ ਪਰੰਪਰਾ ਬਣੀ ਸ਼ਿੱਸ਼ਾਂ ਦੀ, ਜਿਸ ਵਿਚ ਮੌਨ ਹੱਥੋ-ਹੱਥੀ ਵਟਾਂਦਰੇ ਦੀ ਵਿਵਸਥਾ ਹੋਈ। ਉਸ ਵਿਚ ਅਠਾਈ ਮਹਾਂਗੁਰੂ ਹੋਏ ਭਾਰਤ ਵਿਚ। ਅਤੇ ਸ਼ਿੱਸ਼ ਨੂੰ ਤਦੇ ਦਾਨ ਮਿਲਦਾ ਸੀ ਉਸ ਗਿਆਨ ਦਾ, ਜਦ ਉਹ ਇਸ ਘੜੀ ਵਿਚ ਗਿਆ ਧੀਰਜ ਦੀ। ਵਰ੍ਹਿਆਂ ਤੀਕ ਛਾਤੀ, ਉਡੀਕ। ਅਤੇ ਜ਼ਰਾ ਵੀ ਅਧੀਰਜ ਨਹੀਂ ਕਿ ਕਦ ਹੋਵੇ। ਕਦ ਹੋਣ ਦਾ ਸਵਾਲ ਹੀ ਨਹੀਂ, ਨਾ ਵੀ ਹੋਵੇ, ਤਾਂ ਚਲੇਗਾ। ਜਦ ਇਸ ਅਵਸਥਾ ਵਿਚ ਕੋਈ ਸ਼ਿੱਸ਼ ਆ ਗਿਆ, ਤਾਂ ਫਿਰ ਮਹਾਂਕਸ਼ਯੱਪ ਦੀ ਪਰੰਪਰਾ ਦਾ ਸੂਤਰ ਮਿਲਿਆ।

ਬੋਧਿਧਰਮ ਉਸ ਵਿਚ ਅਠਾਈਵਾਂ ਗੁਰੂ ਹੋਇਆ ਮਹਾਂਕਸ਼ਯੱਪ ਦੇ ਬਾਅਦ। ਅਤੇ ਕਹਿੰਦੇ ਹਨ, ਬੋਧਿਧਰਮ ਭਾਰਤ-ਭਰ ਵਿਚ ਘੁੰਮਿਆ, ਪਰ ਕੋਈ ਆਦਮੀ ਨਾ ਮਿਲ ਸਕਿਆ, ਜੋ ਇੰਨਾ ਧੀਰਜਵਾਨ ਹੋਵੇ, ਜਿਸਨੂੰ ਉਹ ਮੌਨ ਵਿਚ ਕੁਝ ਕਹੇ ਤੇ ਉਹ ਲੈ ਲਵੇ। ਤਾਂ ਉਸਨੂੰ ਚੀਨ ਜਾਣਾ ਪਿਆ। ਅਤੇ ਤਦ ਚੀਨ ਵਿਚ ਛੇ ਗੁਰੂਆਂ ਦੀ ਪਰੰਪਰਾ ਚੱਲੀ। ਲੇਕਿਨ ਫਿਰ ਸੱਤਵਾਂ ਆਦਮੀ ਨਹੀਂ ਖੋਜਿਆ ਜਾ ਸਕਿਆ। ਉਹ ਜੋ ਫੁੱਲ ਬੁੱਧ ਨੇ ਮਹਾਂਕਸ਼ਯੱਪ ਨੂੰ ਦਿਤਾ ਸੀ, ਉਹ ਵਡਾ ਪੁਰਸਕਾਰ ਸੀ ਮਹਾਂਕਸ਼ਯੱਪ ਦੇ ਲਗਾਤਾਰ ਮੌਨ ਦਾ ਅਤੇ ਧੀਰਜ ਦਾ, ਚੁਪਚਾਪ ਉਡੀਕ ਦਾ।

ਇਸ ਮਹਾਂਪੰਥ ਉਤੇ ਜਿਹੜੇ ਯਾਤਰਾ ਕਰਦੇ ਹਨ, ਧੀਰਜ ਦੇ ਸੱਤਵ ਵਿਚ ਉਹਨਾਂ ਨੂੰ ਆਪਣੀ ਆਤਮਾ ਨੂੰ ਨੁਹਾਉਣਾ ਪਏਗਾ, ਉਹਨਾਂ ਨੂੰ ਅਨੰਤ ਉਡੀਕ ਦੀ ਤਿਆਰੀ ਕਰਨੀ ਹੋਵੇਗੀ। ਅਜੇਹਾ ਨਹੀਂ ਹੈ ਕਿ ਉਹਨਾਂ ਨੂੰ ਅਨੰਤ ਉਡੀਕ ਕਰਨੀ ਪਏਗੀ। ਇਹੀ ਉਲਟੀ ਗੱਲ ਹੈ। ਅਨੰਤ ਉਡੀਕ ਦੀ ਤਿਆਰੀ ਹੋਵੇਗੀ, ਤਾਂ ਛਿਨ-ਭਰ ਵਿਚ ਵੀ ਹੋ ਸਕਦਾ ਹੈ। ਅਤੇ ਇਸੇ ਛਿਨ ਨੂੰ ਪਾਣ ਦੀ ਚੇਸ਼ਟਾ ਹੋਵੇਗੀ, ਤਾਂ ਅਨੰਤ ਵਿਚ ਵੀ ਨਹੀਂ ਹੋਵੇਗਾ। ਹੋਣ ਦਾ ਰਾਹ ਹੀ ਹੈ ਕਿ ਮੈਂ ਰਾਜ਼ੀ ਹਾਂ ਉਡੀਕ ਦੇ ਲਈ। ਰੋਕਣ ਦਾ ਉਪਾਅ ਇਹੀ ਹੈ ਕਿ ਹੁਣੇ ਹੋਵੇ। ਜੀਵਨ ਵਿਚ ਜੋ ਵੀ ਉਚੇਰਾ ਹੈ ਉਹ ਇਉਂ ਨਹੀਂ ਹੁੰਦਾ। ਅਧੀਰਜ ਦੇ ਨਾਲ ਉਸਦਾ ਕੋਈ ਸਬੰਧ ਨਹੀਂ। ਜੋ ਵੀ ਮਹਾਨ ਹੈ ਜੀਵਨ ਵਿਚ, ਉਸਦੀ ਪਾਤਰਤਾ ਦੇ ਲਈ

ਉਨੀ ਹੀ ਮਹਾਨ ਉਡੀਕ ਚਾਹੀਦੀ ਹੈ। ਅਸੀਂ ਪਰਮਾਤਮਾ ਨੂੰ ਇਉਂ ਚਾਹੁੰਦੇ ਹਾਂ, ਜਿਵੇਂ ਬਜ਼ਾਰ ਗਏ ਹੋਈਏ, ਅਤੇ ਕੋਈ ਸਮਾਨ ਖਰੀਦ ਲਿਆਈਏ!

ਪਰਮਾਤਮਾ ਕੋਈ ਵਸਤੂ ਨਹੀਂ ਹੈ। ਇਹ ਜ਼ਰਾ ਕਠਨ ਜਾਪੇਗਾ।

ਪਰਮਾਤਮਾ ਇਕ ਭਾਵ-ਦਸ਼ਾ ਹੈ, ਵਸਤੂ ਨਹੀਂ।

ਅਤੇ ਧੀਰਜ, ਅਨੰਤ ਧੀਰਜ ਹੀ ਤੁਹਾਡੇ ਵਿਚ ਉਸ ਭਾਵ-ਦਸ਼ਾ ਨੂੰ ਪੈਦਾ ਕਰ ਦਿੰਦਾ ਹੈ, ਜਿਸਨੂੰ ਅਸੀਂ ਪਰਮਾਤਮਾ ਕਹਿੰਦੇ ਹਾਂ। ਕੋਈ ਆਉਂਦਾ ਨਹੀਂ ਹੈ ਬਾਹਰੋਂ; ਤੁਸੀਂ ਹੀ ਮੌਨ ਉਡੀਕ ਕਰਦੇ-ਕਰਦੇ ਪਰਮਾਤਮਾ ਹੋ ਜਾਂਦੇ ਹੋ।

ਇਹ ਕਾਹਲੀ—ਹੁਣੇ ਹੋ ਜਾਵੇ—ਤੁਹਾਡੇ ਅੰਦਰ ਉਪੱਦਰ ਬਣਾਈ ਰਖਦੀ ਹੈ; ਤੂਫਾਨ ਚਲਦਾ ਰਹਿੰਦਾ ਹੈ। ਧੀਰਜ ਵਿਚ ਤੂਫਾਨ ਆਪਣੇ-ਆਪ ਖੋ ਜਾਂਦਾ ਹੈ।

ਬੁੱਧ ਦਾ ਬਹੁਤ ਜ਼ੋਰ ਸੀ, ਮਹਾਂਵੀਰ ਦਾ ਬਹੁਤ ਜੋਰ ਸੀ ਧੀਰਜ ਉਤੇ। ਅਤੇ ਦੁਨੀਆਂ ਵਿਚ ਕੋਈ ਵੀ ਅਧਿਆਤਮ ਦੀ ਧਾਰਾ ਨਹੀਂ ਹੈ, ਜਿਥੇ ਧੀਰਜ ਉਤੇ ਜੋਰ ਨਾ ਹੋਵੇ। ਤੁਸੀਂ ਪੁਛਿਆ ਕਿ ਕਦ ਹੋਵੇਗਾ, ਜਾਣ ਲੈਣਾ ਕਦੇ ਨਹੀਂ ਹੋਵੇਗਾ। ਤੁਸੀਂ ਚੁੱਪ ਰਹੇ, ਮਨ ਵਿਚ ਇਹ ਸਵਾਲ ਹੀ ਨਾ ਉਠੇ ਕਿ ਕਦ ਹੋਵੇਗਾ, ਹੁਣੇ ਵੀ ਹੋ ਸਕਦਾ ਹੈ, ਇਸੇ ਛਿਨ ਵੀ ਹੋ ਸਕਦਾ ਹੈ।

'ਧੀਰਜ ਦੇ ਸੱਤਵ ਵਿਚ ਆਪਣੀ ਆਤਮਾ ਨੂੰ ਨੁਹਾ...'

ਚੌਵੀ ਘੰਟੇ, ਜਿਥੇ ਤਕ ਬਣ ਸਕੇ, ਜਿਸ ਗੱਲ ਵਿਚ ਵੀ ਬਣ ਸਕੇ, ਧੀਰਜ ਰਖਣਾ। ਅਤੇ ਜੇਕਰ ਥੋੜ੍ਹੇ-ਜਿਹੇ ਤੁਹਾਨੂੰ ਧੀਰਜ ਦੇ ਅਨੁਭਵ ਹੋ ਜਾਣ, ਤਾਂ ਫਿਰ ਤੁਸੀਂ ਅਧੀਰਜ ਕਦੇ ਨਹੀਂ ਕਰੋਗੇ। ਸੱਚ ਤਾਂ ਇਹ ਹੈ ਕਿ ਅਧੀਰਜ ਕਰਕੇ ਅਸੀਂ ਵਿਗਾੜਦੇ ਹਾਂ ਸਭ। ਅਧੀਰਜ ਕਰਕੇ ਅਸੀਂ ਹੀ ਵਿਗਾੜ ਦਿੰਦੇ ਹਾਂ। ਫਿਰ ਜਿੰਨਾ ਵਿਗੜ ਜਾਂਦਾ ਹੈ ਉਨਾ ਅਧੀਰਜ ਹੋਰ ਵਧ ਜਾਂਦਾ ਹੈ। ਧੀਰਜ ਕਰਕੇ ਅਸੀਂ ਸਾਥ ਦਿੰਦੇ ਹਾਂ ਅਤੇ ਜਿੰਨਾ ਧੀਰਜ ਦੇ ਨਾਲ ਹੁੰਦਾ ਹੈ, ਉਨੀ ਸਫਲਤਾ ਹੋ ਜਾਂਦੀ ਹੈ। ਸਫਲਤਾ ਹੋ ਜਾਂਦੀ ਹੈ, ਤਾਂ ਹੋਰ ਭਰੋਸਾ ਵਧ ਜਾਂਦਾ ਹੈ ਹੋਰ ਧੀਰਜ ਦੀ ਸੰਭਾਵਨਾ ਵਧ ਜਾਂਦੀ ਹੈ। ਜੀਵਨ ਵਿਚ ਦੁਸ਼ਟਚੱਕਰ ਬਣ ਜਾਂਦੇ ਹਨ, ਤੁਸੀਂ ਅਧੀਰਜ ਕਰਦੇ ਹੋ, ਕੰਮ ਵਿਗੜ ਜਾਂਦਾ ਹੈ। ਤਾਂ ਤੁਸੀਂ ਸੋਚਦੇ ਹੋ ਕਿ ਇੰਨਾ ਅਧੀਰਜ ਕੀਤਾ, ਤਦ ਵੀ ਵਿਗੜ ਗਿਆ। ਜੇ ਧੀਰਜ ਰਖਦੇ ਤਾਂ ਕਿਤੋਂ ਦੇ ਨਾ ਰਹਿੰਦੇ, ਤਾਂ ਹੋਰ ਅਧੀਰਜ ਕਰੋ, ਹੋਰ ਕਾਹਲੀ ਮਚਾਉ!

ਮੌਸਮੀ ਫੁੱਲ ਉਗਾਉਣੇ ਹੋਣ, ਤਾਂ ਅਧੀਰਜ ਚੱਲ ਵੀ ਸਕਦਾ ਹੈ। ਲੇਕਿਨ ਅਜੇਹੇ ਬਿਰਛ ਲਾਉਣੇ ਹੋਣ ਜੋ ਕਿ ਸਦੀਵੀਂ ਹੋਣ, ਕਦੀਮੀ ਹੋਣ, ਅਤੇ ਜਿਨ੍ਹਾਂ ਵਿਚ ਸਦਾ ਫੁੱਲ ਲਗਦੇ ਹੀ ਰਹਿਣ, ਅਤੇ ਜੋ ਸਦਾ ਜਵਾਨ ਹੋਣ, ਸਦਾ ਹਰੇ ਹੋਣ, ਅਜੇਹੇ ਸਦੀਵੀਂ ਬਿਰਛ ਲਾਉਣੇ ਹੋਣ, ਤਾਂ ਫਿਰ ਮੌਸਮੀ ਫੁੱਲ ਲਾਉਣ ਵਾਲਾ ਜੋ ਮਨ ਹੈ, ਉਹ ਕੰਮ ਨਹੀਂ ਆਏਗਾ।

ਉਸ ਤੋਂ ਬਚਣਾ ਹੋਵੇਗਾ। ਭੂਮੀ ਚਾਹੀਦੀ ਹੈ ਧੀਰਜ ਦੀ, ਤਦੇ ਸਦੀਵੀਂ ਬੀਜ ਪੁੰਗਰਦੇ ਹਨ।

ਸੂਤਰ ਕਹਿੰਦਾ ਹੈ, ਆਪਣੀਆਂ ਅੱਖਾਂ ਬੰਦ ਨਾ ਕਰ, ਅਤੇ ਦੋਰਜੇ (ਸੁਰੱਖਿਆ ਦੇ ਵੱਜਰ) ਤੋਂ ਆਪਣੀ ਜ਼ਿੰਦਗੀ ਨੂੰ ਨਾ ਹਟਾ। ਕਾਮ ਦੇ ਤੀਰ ਉਸ ਵਿਅਕਤੀ ਨੂੰ ਵਿੰਨ੍ਹ ਦਿੰਦੇ ਹਨ, ਜੋ ਵਿਰਾਗ ਨੂੰ ਪ੍ਰਾਪਤ ਨਹੀਂ ਹੋਇਆ ਹੈ।

ਇਹ 'ਦੋਰਜੇ' ਤਿੱਬਤੀ ਸ਼ਬਦ ਹੈ। ਅਤੇ ਬੜੀ ਕੀਮਤੀ ਤਿੱਬਤੀ ਪਰਕਿਰਿਆ ਹੈ। ਇਸਨੂੰ ਰਤਾ ਸਮਝ ਲੈਣਾ ਜ਼ਰੂਰੀ ਹੈ। ਦੋਰਜੇ ਦਾ ਲਫ਼ਜ਼ੀ ਅਰਥ ਤਾਂ ਹੈ ਵੱਜਰ, ਸੁਰੱਖਿਆ। ਤੁਹਾਡੇ ਆਸੇ-ਪਾਸੇ ਜਿਵੇਂ ਪੱਥਰ ਦੀ ਇਕ ਕੰਧ ਬਣਾ ਦਿਤੀ ਜਾਵੇ, ਤਾਂ ਫਿਰ ਕੋਈ ਗੋਲੀ ਤੁਹਾਨੂੰ ਛੋਹ ਨਹੀਂ ਸਕੇਗੀ; ਕੋਈ ਬੰਦੂਕ ਨਾਲ ਤੁਹਾਡੀ ਹੱਤਿਆ ਨਹੀਂ ਕਰ ਸਕੇਗਾ। ਤੁਹਾਡੇ ਸਰੀਰ ਉਤੇ ਜੇ ਇਕ ਲੋਹੇ ਦਾ ਕਵਚ ਚੜ੍ਹਾ ਦਿਤਾ ਜਾਵੇ, ਤਾਂ ਇਹ ਤੀਰ ਤੁਹਾਨੂੰ ਵਿੰਨ੍ਹ ਨਹੀਂ ਸਕਣਗੇ। ਜਿਵੇਂ ਭੌਤਿਕ ਅਰਥਾਂ ਵਿਚ ਸਰੀਰ ਦੀ ਸੁਰੱਖਿਆ ਹੋ ਸਕਦੀ ਹੈ, ਉਵੇਂ ਹੀ ਅਧਿਆਤਮਕ ਅਰਥਾਂ ਵਿਚ ਤੁਹਾਡੇ ਅੰਦਰ ਦੇ ਸੱਤਵ ਦੀ ਵੀ ਸੁਰੱਖਿਆ ਹੋ ਸਕਦੀ ਹੈ। ਅਤੇ ਇਸ ਸੱਤਵ-ਸੁਰੱਖਿਆ ਦੀ ਜੋ ਰਸੈਣਕ ਵਿਧੀ ਹੈ, ਉਸਦਾ ਨਾਂ ਦੋਰਜੇ ਹੈ।

ਤਿੱਬਤ ਵਿਚ ਦੋਰਜੇ ਉਤੇ ਬੜਾ ਜ਼ੋਰ ਹੈ। ਅਤੇ ਤਿੱਬਤ ਨੇ ਇਸਦੇ ਬੜੇ ਕੀਮਤੀ ਸੂਤਰ ਖੋਜੇ ਹਨ ਕਿ ਆਦਮੀ ਜਿਨ੍ਹਾਂ-ਜਿਨ੍ਹਾਂ ਚੀਜ਼ਾਂ ਨਾਲ ਵਿੰਨ੍ਹ ਹੋ ਜਾਂਦਾ ਹੈ, ਅਸੁਰੱਖਿਅਤ ਹੋ ਜਾਂਦਾ ਹੈ, ਉਹਨਾਂ ਨਾਲ ਨਾ ਵਿੰਨ੍ਹਿਆ ਜਾ ਸਕੇ, ਅਸੁਰੱਖਿਅਤ ਨਾ ਰਹੇ, ਇਹਦੇ ਲਈ ਅੰਦਰ ਕੀ ਕੀਤਾ ਜਾਵੇ? ਕੀ ਅਜੇਹਾ ਕੋਈ ਉਪਾਅ ਹੈ?

ਅਜੇਹਾ ਉਪਾਅ ਹੈ। ਥੋੜ੍ਹੇ-ਜਿਹੇ ਦ੍ਰਿਸ਼ਟਾਂਤ ਅਸੀਂ ਸਮਝੀਏ ਤਾਂ ਸਮਝ ਵਿਚ ਆ ਜਾਏਗਾ।

ਤੁਸੀਂ ਇਕ ਰਾਹ ਤੋਂ ਦੀ ਲੰਘਦੇ ਹੋ, ਇਕ ਸੁੰਦਰ ਇਸਤ੍ਰੀ ਦਿਖਾਈ ਪੈਂਦੀ ਹੈ, ਜਾਂ ਸੁੰਦਰ ਪੁਰਸ਼ ਦਿਸ ਪਵੇ, ਨਾਲ ਦੀ ਨਾਲ ਤੁਸੀਂ ਕੰਬ ਗਏ, ਅੰਦਰ ਵਾਸਨਾ ਉਠ ਗਈ, ਤੀਰ ਅੰਦਰ ਛੇਕ ਗਿਆ। ਤੁਸੀਂ ਉਹੀ ਆਦਮੀ ਨਹੀਂ ਹੋ, ਜੋ ਛਿਨ-ਭਰ ਪਹਿਲਾਂ ਸੀ। ਹੁਣ ਵਾਸਨਾ-ਗ੍ਰਸਿਤ ਹੋ ਗਏ ਹੋ। ਕੀ ਕੋਈ ਅਜੇਹਾ ਉਪਾਅ ਹੈ ਕਿ ਸੁੰਦਰ ਇਸਤ੍ਰੀ ਨਜ਼ਰ ਆਵੇ ਅਤੇ ਤੁਹਾਡੇ ਵਿਚ ਉਹ ਜਿਹੜੀ ਕਸ਼ਿਸ਼ ਪ੍ਰਵੇਸ਼ ਕਰ ਰਹੀ ਹੈ, ਉਹ ਤੁਹਾਡੇ ਵਿਚ ਪ੍ਰਵੇਸ਼ ਨਾ ਕਰ ਸਕੇ? ਅਜੇਹਾ ਉਪਾਅ ਹੈ।

ਬੁੱਧ ਨੇ ਕਿਹਾ ਹੈ ਕਿ ਸਰੀਰ ਨੂੰ ਉਸਦੀ ਪੂਰਨਤਾ ਵਿਚ ਦੇਖੋ। ਅਤੇ ਜਦ ਸੁੰਦਰ ਇਸਤ੍ਰੀ ਦਿਖਾਈ ਪਵੇ ਤਾਂ ਸੋਚੋ ਕਿ ਸੁੰਦਰਤਾ ਕਿਥੇ ਹੈ ਅਤੇ ਕੀ ਹੈ? ਹੱਡੀਆਂ ਹਨ, ਮਾਸ ਹੈ, ਚਰਬੀ ਹੈ, ਸੁੰਦਰਤਾ ਕਿਥੇ ਹੈ? ਕੀ ਹੈ? ਇਸਦਾ ਚੇਤਾ ਰਖੋ। ਇਸ ਚੇਤੇ ਨੂੰ ਗਹਿਰਾ ਕਰੋ, ਤਾਂ ਸੁੰਦਰ ਇਸਤ੍ਰੀ ਨਜ਼ਰ ਆਉਣ 'ਤੇ ਜੋ ਕਸ਼ਿਸ਼ ਦੀ ਧਾਰਾ ਅੰਦਰ ਪੈਦਾ ਹੋ ਜਾਂਦੀ ਹੈ, ਜੋ ਵਾਸਨਾ ਜਾਗ ਜਾਂਦੀ ਹੈ, ਉਸਦੇ ਖ਼ਿਲਾਫ਼ ਇਕ ਕਵਚ ਤਿਆਰ ਹੋ ਜਾਏਗਾ। ਸੁੰਦਰੀ ਇਸਤ੍ਰੀ ਦਿਖਾਈ ਪੈਣ 'ਤੇ ਤਦ ਤੁਹਾਡੇ ਅੰਦਰ ਕੁਝ ਵੀ ਨਹੀਂ ਹੋਵੇਗਾ। ਬੁੱਧ ਨੇ ਕਿਹਾ ਹੈ, ਇਸਤ੍ਰੀ ਨੂੰ ਉਸਦੇ ਸਰੀਰ ਦੇ ਆਰ-ਪਾਰ ਦੇਖੋ। ਧਨ ਆਕਰਸ਼ਤ ਕਰੇ, ਤਾਂ ਧਨ ਦੇ ਪ੍ਰਤੀ ਅੱਖਾਂ ਖੋਲ੍ਹ ਕੇ ਦੇਖੋ ਕਿ ਉਸ ਤੋਂ ਕਿਸੇ ਨੂੰ ਕੀ ਮਿਲਿਆ ਹੈ? ਅਤੇ ਕਿਸਨੂੰ ਕੀ ਮਿਲ ਸਕਦਾ ਹੈ? ਲੋਭ ਪਕੜੇ, ਕ੍ਰੋਧ ਪਕੜੇ, ਜੋ ਵੀ ਪਕੜੇ, ਉਸਦੇ ਪ੍ਰਤੀ ਜਾਗਦੇ ਹੋ ਕੇ ਦੇਖੋ ਕਿ ਉਸ ਤੋਂ ਕੀ ਮਿਲਿਆ ਹੈ?

ਅਤੇ ਕਿਸਨੂੰ ਕੀ ਮਿਲ ਸਕਦਾ ਹੈ? ਅਤੇ ਤੁਸੀਂ ਕੀ ਪਾ ਸਕੋਗੇ? ਜੇਕਰ ਇਹ ਪ੍ਰਤੀਤੀ ਅਤੇ ਇਹ ਵਿਚਾਰ ਅਤੇ ਇਹ ਨਿਰੀਖਣ ਲਗਾਤਾਰ ਚਲਦਾ ਰਹੇ, ਤਾਂ ਵਿਰਾਗ ਦਾ ਜਨਮ ਹੁੰਦਾ ਹੈ।

ਵਿਰਾਗ ਦੋਰਜੇ ਹੈ, ਵਿਰਾਗ ਇਕ ਵਿਗਿਆਨਕ ਪਰਕਿਰਿਆ ਹੈ ਆਪਣੇ ਚਾਰ-ਚੁਫੇਰੇ, ਚਿੱਤ ਦੇ ਚਾਰੇ ਪਾਸੇ ਇਕ ਸੁਰੱਖਿਆ ਦੀ ਕੰਧ ਤਿਆਰ ਕਰਨ ਦੀ। ਤਿੱਬਤ ਵਿਚ ਜਦ ਵੀ ਕੋਈ ਸਾਧਕ ਗਹਿਰੀ ਸਾਧਨਾ ਵਿਚ ਜਾਣਾ ਚਾਹੁੰਦਾ ਹੈ, ਤਾਂ ਗੁਰੂ ਪੁਛਦਾ ਹੈ, ਕੀ ਤੈਨੂੰ ਦੋਰਜੇ ਹਾਸਲ ਹੋ ਗਿਆ? ਜੇਕਰ ਦੋਰਜੇ ਮਿਲ ਗਿਆ ਹੋਵੇ, ਤਾਂ ਹੀ ਅੱਗੇ ਵਧ; ਕਿਉਂਕਿ ਖ਼ਤਰੇ ਹਨ ਬਿਨਾਂ ਦੋਰਜੇ ਦੇ।

ਸਧਾਰਨ ਆਦਮੀ ਨੂੰ ਇੰਨਾ ਖ਼ਤਰਾ ਨਹੀਂ ਹੈ ਜਿੰਨਾ ਸਾਧਕ ਨੂੰ ਖ਼ਤਰਾ ਹੈ। ਸਧਾਰਨ ਆਦਮੀ ਨੂੰ ਇੰਨੀ ਸੁਰੱਖਿਆ ਦੀ ਜ਼ਰੂਰਤ ਵੀ ਨਹੀਂ ਹੈ, ਠੀਕ ਉਵੇਂ ਹੀ ਜਿਵੇਂ ਸਧਾਰਨ ਨਾਗਰਿਕ ਨੂੰ ਕੋਈ ਰੱਖਿਆ-ਕਵਚ ਪਹਿਨਣ ਦੀ ਜ਼ਰੂਰਤ ਨਹੀਂ ਹੈ। ਲੇਕਿਨ ਸੈਨਿਕ ਯੁੱਧ ਦੇ ਮੈਦਾਨ 'ਚ ਜਾਵੇ, ਤਾਂ ਉਸਨੂੰ ਰੱਖਿਆ-ਕਵਚ ਦੀ ਜ਼ਰੂਰਤ ਹੈ। ਸਧਾਰਨ ਆਦਮੀ ਠੀਕ ਹੈ, ਵਾਸਨਾਵਾਂ ਨਾਲ ਵਿੰਨਿਆ ਜਾਂਦਾ ਹੈ। ਤੀਰ ਛੇਕ ਜਾਂਦੇ ਹਨ, ਚਲਦਾ ਜਾਂਦਾ ਹੈ।

ਅੰਪਰ ਸੈਨਿਕ ਤਾਂ ਕਿਸੇ ਵਡੀ ਯਾਤਰਾ 'ਤੇ ਨਿਕਲਿਆ ਹੈ, ਜਿਥੇ ਉਸਦੀ ਸ਼ਕਤੀ ਜੇ ਇਹਨਾਂ ਨਿਗੂਣੀਆਂ ਗੱਲਾਂ ਵਿਚ ਖੋਂਦੀ ਹੈ, ਤਾਂ ਯਾਤਰਾ ਅਸੰਭਵ ਹੋ ਜਾਏਗੀ। ਅਤੇ ਪਹਾੜੀਆਂ ਤੋਂ ਡਿਗਣ ਦਾ ਖਤਰਾ ਹੈ। ਪੱਧਰ ਜ਼ਮੀਨ ਉਤੇ ਤਾਂ ਆਦਮੀ ਤੁਰ ਵੀ ਸਕਦਾ ਹੈ। ਤਾਂ ਤਿੱਬਤ ਵਿਚ ਉਹ ਕਹਿੰਦੇ ਹਨ ਕਿ ਉਸ ਯਾਤਰਾ ਉਤੇ ਨਿਕਲਣ ਤੋਂ ਪਹਿਲਾਂ ਰੱਖਿਆ-ਕਵਚ, ਦੋਰਜੇ, ਵੱਜਰ-ਕਵਚ ਚਾਹੀਦਾ ਹੈ। ਬੋਧੀਆਂ ਦਾ ਇਕ ਸੰਪਰਦਾ ਹੈ ਵੱਜਰਯਾਨ। ਪੂਰੀ ਪਰੰਪਰਾ ਹੀ ਇਸ ਵੱਜਰ ਦੇ ਤਿਆਰ ਕਰਨ 'ਤੇ ਖੜ੍ਹੀ ਹੈ। ਅਤੇ ਇਹ ਵੱਜਰ ਤਿਆਰ ਹੁੰਦਾ ਹੈ।

ਹੁਣ ਤਕ ਤਾਂ ਅਜੇਹਾ ਸੀ ਕਿ ਇਹ ਗੱਲ ਸਿਰਫ ਇਉਂ ਲਗਦੀ ਸੀ ਕਿ ਕਾਲਪਨਿਕ ਹੋਵੇਗੀ, ਪਰ ਹੁਣ ਤਾਂ ਵਿਗਿਆਨਕ ਜਾਂਚ ਦੀ ਵੀ ਸਹੂਲਤ ਹੈ। ਹੁਣ ਅਜੇਹੇ ਯੰਤਰ ਤਿਆਰ ਹੋ ਗਏ ਹਨ, ਜੋ ਤੁਹਾਡੇ ਕੋਲ ਰਖ ਦਿਤੇ ਜਾਣ, ਤਾਂ ਤੁਹਾਡੀਆਂ ਬਿਜਲਈ-ਤਰੰਗਾਂ ਦੀ ਖ਼ਬਰ ਦਿੰਦੇ ਹਨ। ਜੇ ਤੁਸੀਂ ਕ੍ਰੋਧ ਨਾਲ ਭਰੇ ਹੋ, ਤਾਂ ਯੰਤਰ ਖ਼ਬਰ ਦਿੰਦਾ ਹੈ। ਜੇ ਤੁਸੀਂ ਪ੍ਰੇਮ ਨਾਲ ਭਰੇ ਹੋ ਤਾਂ ਯੰਤਰ ਸੂਚਨਾ ਦਿੰਦਾ ਹੈ। ਜੇ ਤੁਸੀਂ ਬੈਠੇ ਹੋ ਅਤੇ ਇਕ ਸੁੰਦਰ ਇਸਤ੍ਰੀ ਤੁਹਾਡੇ ਕੋਲੋਂ ਦੀ ਲੰਘੇ ਤਾਂ ਯੰਤਰ ਪਤਾ ਦਿੰਦਾ ਹੈ ਕਿ ਤੁਸੀਂ ਪ੍ਰਭਾਵਤ ਹੋਏ ਕਿ ਨਹੀਂ। ਇਕ ਹੀਰਾ ਸਾਹਮਣੇ ਪਿਆ ਹੋਵੇ ਤਾਂ ਯੰਤਰ ਦੱਸ ਦਿੰਦਾ ਹੈ ਕਿ ਤੁਸੀਂ ਲਲਚਾਏ ਜਾਂ ਨਹੀਂ। ਕਿਉਂਕਿ ਜਦ ਤੁਸੀਂ ਲਾਲਚ ਵਿਚ ਆਉਂਦੇ ਹੋ ਤਾਂ ਤੁਹਾਡੀ ਬਿਜਲਈ-ਊਰਜਾ ਉਸ ਹੀਰੇ ਵਲ ਨੂੰ ਵਗਣੀ ਸ਼ੁਰੂ ਹੋ ਜਾਂਦੀ ਹੈ। ਅਤੇ ਜਦ ਨਹੀਂ ਲਲਚਾਏ ਹੁੰਦੇ ਤਾਂ ਤੁਹਾਡੇ ਕੋਲੋਂ ਕੋਈ ਬਿਜਲਈ-ਊਰਜਾ ਨਹੀਂ ਵਗਦੀ। ਹੀਰਾ ਉਥੇ ਪਿਆ ਹੁੰਦਾ ਹੈ, ਤੁਸੀਂ ਇਥੇ ਹੁੰਦੇ ਹੋ, ਦੋਨਾਂ ਦੇ ਵਿਚਾਲੇ ਕੋਈ ਸਬੰਧ ਨਹੀਂ ਹੁੰਦਾ। ਇਸ ਅਵਸਥਾ ਦਾ ਨਾਂ ਵਿਰਾਗ ਹੈ।

ਭਰਤਿਹਰੀ ਦੇ ਸਬੰਧ ਵਿਚ ਕਥਾ ਹੈ। ਉਹ ਸਾਰਾ ਰਾਜ ਛਡ ਕੇ ਚਲੇ ਗਏ। ਅਤੇ ਉਹ ਅਸਧਾਰਨ ਵਿਅਕਤੀ ਸਨ ਭਰਤਿਹਰੀ। ਕਿਉਂਕਿ ਉਹਨਾਂ ਨੇ ਰਾਗ ਨੂੰ ਇੰਨਾ ਜਾਣਿਆ, ਜਿੰਨਾ ਸ਼ਾਇਦ ਹੀ ਕਿਸੇ ਨੇ ਜਾਣਿਆ ਹੋਵੇ। ਉਹਨਾਂ ਨੇ ਭੋਗ ਨੂੰ ਇੰਨਾ ਜਾਣਿਆ, ਜਿੰਨਾ ਸ਼ਾਇਦ ਹੀ ਕਿਸੇ ਨੇ ਜਾਣਿਆ ਹੋਵੇ। ਅਤੇ ਸੁਭਾਵਕ ਹੈ ਕਿ ਜਿਹੜਾ ਭੋਗ ਨੂੰ ਇੰਨਾ ਜਾਣ ਲਵੇਗਾ ਉਹ ਉਸ ਤੋਂ ਛੁੱਟ ਜਾਏਗਾ।

ਅਗਿਆਨ ਵਿਚ ਹੀ ਬੰਧਨ ਹੈ।

ਅਤੇ ਭਰਤਿਹਰੀ ਨੇ ਇੰਨਾ ਭੋਗਿਆ ਕਿ ਅੱਕ ਗਏ। ਕਿਤਾਬ ਲਿਖੀ ਹੈ 'ਸ਼ਿੰਗਾਰ-ਸ਼ਤਕ'। ਉਸ ਵਿਚ ਬੜੀ ਪ੍ਰਸ਼ੰਸਾ ਕੀਤੀ ਹੈ ਸੁੰਦਰਤਾ ਦੀ, ਭੋਗ ਦੀ, ਰਾਗ ਦੀ। ਇਸ ਸੰਸਾਰ ਦੀ ਪ੍ਰਸ਼ੰਸਾ ਵਿਚ ਉਹੋ-ਜਿਹੇ ਵਚਨ ਫਿਰ ਨਹੀਂ ਕਹੇ ਗਏ। ਉਨਿ ਅਨੁਭਵ ਵਾਲਾ ਆਦਮੀ ਵੀ ਨਹੀਂ ਹੋਇਆ, ਜਿਸਨੇ ਸਰੀਰ ਵਿਚ, ਕਾਮ ਵਿਚ, ਯੌਨ ਵਿਚ ਅਜੇਹੀ ਗਤੀ ਪਾਈ ਹੋਵੇ-ਸੰਸਾਰ ਜਿਵੇਂ ਪਰਮ-ਅਵਸਥਾ ਵਿਚ ਭੋਗਿਆ ਗਿਆ ਹੈ। ਲੇਕਿਨ ਵਿਅਰਥ ਹੋ ਗਿਆ।

ਫਿਰ ਭਰਤਿਹਰੀ ਛਡ ਕੇ ਚਲੇ ਗਏ। ਦੋ ਕਿਤਾਬਾਂ ਲਿਖੀਆਂ ਹਨ ਉਹਨਾਂ ਨੇ। ਫਿਰ ਦੂਜੀ ਕਿਤਾਬ ਲਿਖੀ 'ਵੈਰਾਗਯ-ਸ਼ਤਕ'। ਇਕ ਸੀ ਸ਼ਿੰਗਾਰ-ਸ਼ਤਕ। ਫਿਰ ਲਿਖਿਆ 'ਵੈਰਾਗਯ-ਸ਼ਤਕ।'

ਭਰਤਿਹਰੀ ਜੰਗਲ ਵਿਚ ਬੈਠੇ ਸਨ ਇਕ ਦਿਨ, ਤਾਂ ਇਕ ਬੜੀ ਅਨੋਖੀ ਘਟਨਾ ਵਾਪਰੀ। ਇਕ ਬਿਰਛ ਦੀ ਓਟ ਵਿਚ ਧਿਆਨ ਕਰ ਰਹੇ ਹਨ। ਇਕ ਘੋੜਸਵਾਰ ਦੌੜਦਾ ਹੋਇਆ ਆਇਆ। ਅਤੇ ਜਿਸ ਵੇਲੇ ਘੋੜਸਵਾਰ ਦੀ ਨਜ਼ਰ ਹੇਠਾਂ ਗਈ, ਉਸੇ ਵੇਲੇ ਭਰਤਿਹਰੀ ਦੀ ਨਜ਼ਰ ਵੀ ਹੇਠਾਂ ਗਈ। ਦੇਖਿਆ ਕਿ ਬਹੁਤ ਵਡਾ ਕੀਮਤੀ ਹੀਰਾ ਰਾਹ 'ਤੇ ਪਿਆ ਹੈ। ਅਤੇ ਉਸੇ ਛਿਨ ਦੂਜੇ ਪਾਸੇ ਤੋਂ ਵੀ ਇਕ ਘੋੜਸਵਾਰ ਆਇਆ ਅਤੇ ਉਸਦੀ ਵੀ ਨਜ਼ਰ ਹੀਰੇ ਉਤੇ ਪਈ। ਇਕ ਛਿਨ ਵਿਚ ਇਹ ਸਭ ਹੋ ਗਿਆ। ਅਤੇ ਦੋਹਾਂ ਘੋੜਸਵਾਰਾਂ ਦੀਆਂ ਤਲਵਾਰਾਂ ਨਿਕਲ ਪਈਆਂ। ਕਿਉਂਕਿ ਉਹ ਹੀਰਾ ਦੋਹਾਂ ਨੂੰ ਦਿਖਾਈ ਪੈ ਗਿਆ ਸੀ। ਅਤੇ ਭਰਤਿਹਰੀ ਨੂੰ ਵੀ ਦਿਖਾਈ ਪੈ ਰਿਹਾ ਹੈ। ਦੋਹਾਂ ਨੇ ਤਲਵਾਰਾਂ ਹੀਰੇ ਦੇ ਕੋਲ ਟਿਕਾ ਦਿਤੀਆਂ ਅਤੇ ਦੋਹਾਂ ਨੇ ਕਿਹਾ ਕਿ ਮੇਰੀ ਨਜ਼ਰ ਪਹਿਲਾਂ ਪਈ ਹੈ ਅਤੇ ਮਾਲਕ ਮੈਂ ਹਾਂ। ਥੋੜ੍ਹੀ ਹੀ ਦੇਰ ਵਿਚ ਖ਼ੂਨ-ਖ਼ਰਾਬਾ ਹੋ ਗਿਆ। ਦੋਹਾਂ ਦੀਆਂ ਛਾਤੀਆਂ ਵਿਚ ਤਲਵਾਰਾਂ ਲਹਿ ਗਈਆਂ। ਥੋੜ੍ਹੇ ਹੀ ਛਿਨਾਂ ਵਿਚ ਦੋਹਾਂ ਦੀਆਂ ਲਾਸ਼ਾਂ ਪਈਆਂ ਸੀ ਅਤੇ ਖ਼ੂਨ ਡੁਲ੍ਹਿਆ ਪਿਆ ਸੀ ਚਾਰੇ ਪਾਸੇ। ਹੀਰਾ ਆਪਣੀ ਥਾਂ ਪਿਆ ਸੀ।

ਭਰਤਿਹਰੀ ਹੱਸਣ ਲਗੇ। ਉਹਨਾਂ ਨੇ ਕਿਹਾ, ਕਮਾਲ, ਜਿਸਦੀ ਮਾਲਕੀਅਤ ਦੀ ਕੋਸ਼ਿਸ਼ ਕੀਤੀ ਗਈ ਉਹ ਉਥੇ ਹੀ ਪਿਆ ਹੈ ਅਤੇ ਦੋਵੇਂ ਮਾਲਕ ਮਰ ਗਏ। ਅਤੇ ਹੀਰੇ ਨੂੰ ਵੀ ਪਤਾ ਨਹੀਂ ਹੋਵੇਗਾ ਕਿ ਮੇਰੇ ਪਿਛੇ ਇਹ ਹੋ ਗਿਆ।

ਸਭ ਮਾਲਕ ਮਰ ਜਾਂਦੇ ਹਨ ਅਤੇ ਹੀਰੇ ਪਏ ਰਹਿ ਜਾਂਦੇ ਹਨ। ਨਵੇਂ ਮਾਲਕ ਲੜਦੇ ਤੁਰੇ ਜਾਂਦੇ ਹਨ ਅਤੇ ਹੀਰੇ ਪਏ ਰਹਿ ਜਾਂਦੇ ਹਨ।

ਉਸ ਘੜੀ ਜੇਕਰ ਅਸੀਂ ਕੁਝ ਝਾਕ ਸਕਦੇ ਤਾਂ ਦੋ ਆਦਮੀ ਤੀਬਰ ਵਾਸਨਾਵਾਂ ਨਾਲ ਭਰੇ ਹੋਏ ਹੀਰੇ ਉੱਤੇ ਟਿਕੇ ਸਨ। ਉਹ ਤਲਵਾਰਾਂ ਹੀ ਹੀਰੇ ਦੇ ਕੋਲ ਨਹੀਂ ਟਿਕ ਗਈਆਂ ਸਨ, ਉਹਨਾਂ ਦੋਹਾਂ ਦੀਆਂ ਆਤਮਾਵਾਂ ਵੀ ਬਾਹਰ ਨਿਕਲ ਕੇ ਉਸ ਹੀਰੇ ਦੇ ਕੋਲ ਟਿਕ ਗਈਆਂ ਸਨ। ਤਦੇ ਤਾਂ ਕੋਈ ਆਪਣੀ ਜਾਨ ਦੇਣ ਨੂੰ ਤਿਆਰ ਹੋ ਜਾਂਦਾ ਹੈ। ਉਹ ਹੀਰਾ ਉਹਨਾਂ ਦੇ ਸਾਰੇ ਜੀਵਨ ਦੇ ਸੱਤਵ ਨੂੰ ਖਿੱਚ ਗਿਆ। ਹੀਰੇ ਨੇ ਖਿੱਚਿਆ, ਅਜੇਹਾ ਕਹਿਣਾ ਵੀ ਠੀਕ ਨਹੀਂ, ਕਿਉਂਕਿ ਹੀਰੇ ਦਾ ਕੋਈ ਕਸੂਰ ਨਹੀਂ। ਹੀਰੇ ਨੂੰ ਪਤਾ ਹੀ ਨਹੀਂ। ਉਹ ਖ਼ੁਦ ਹੀ ਖਿੱਚ ਗਏ, ਅਸੁਰੱਖਿਅਤ ਸਨ, ਕੋਈ ਦੋਰਜੇ ਉਹਨਾਂ ਕੋਲ ਨਹੀਂ ਸੀ।

ਇਹ ਇਕ ਆਦਮੀ ਭਰਤਿਹਰੀ ਵੀ ਉਥੇ ਹੀ ਬੈਠਾ ਸੀ। ਅਤੇ ਹੱਸਣ ਲਗਿਆ ਅਤੇ ਇਸਨੂੰ ਬੜਾ ਹਾਸਾ ਆਇਆ, ਕਿਉਂਕਿ ਜੀਵਨ ਦਾ ਸਾਰਾ ਉਪੱਦਰ ਪ੍ਰਤੱਖ ਹੋ ਗਿਆ ਉਸ ਘਟਨਾ ਨਾਲ। ਇਹ ਸਾਰਾ ਸੰਘਰਸ਼ ਵਿਅਕਤੀਆਂ ਦਾ, ਸਮਾਜਾਂ ਦਾ, ਕੌਮਾਂ ਦਾ, ਸਭ ਪਰਗਟ ਹੋ ਗਿਆ—ਉਸ ਛੋਟੀ–ਜਿਹੀ ਘਟਨਾ ਤੋਂ। ਜਿਸ ਉੱਤੇ ਅਸੀਂ ਲੜਦੇ ਹਾਂ, ਉਹ ਪਿਆ ਰਹਿ ਜਾਂਦਾ ਹੈ ਅਤੇ ਅਸੀਂ ਨਸ਼ਟ ਹੋ ਜਾਂਦੇ ਹਾਂ।

ਭਰਤਿਹਰੀ ਨੇ ਅੱਖਾਂ ਬੰਦ ਕਰ ਲਈਆਂ। ਇਹ ਭਰਤਿਹਰੀ ਦੋਰਜੇ ਵਿਚ ਹੈ। ਉਹ ਹੀਰਾ ਉਥੇ ਹੀ ਪਿਆ ਹੈ, ਭਰਤਿਹਰੀ ਵੀ ਉਥੇ ਹੀ ਹੈ, ਲੇਕਿਨ ਦੋਹਾਂ ਦੇ ਵਿਚਾਲੇ ਕੋਈ ਸਬੰਧ ਤਿਆਰ ਨਹੀਂ ਹੋ ਰਿਹਾ ਹੈ। ਭਰਤਿਹਰੀ ਯਾਤਰਾ 'ਤੇ ਨਹੀਂ ਨਿਕਲ ਰਹੇ ਹਨ ਹੀਰੇ ਦੀ ਤਰਫ਼।

ਜੀਵਨ ਨੂੰ ਜੋ ਜਿੰਨਾ ਜਾਗਦਾ ਹੋ ਕੇ ਦੇਖੇਗਾ, ਉੰਨੀ ਹੀ ਉਸਦੀ ਵਾਸਨਾ ਮਿਟਦੀ ਹੈ ਅਤੇ ਵਿਰਾਗ ਦਾ ਜਨਮ ਹੁੰਦਾ ਹੈ।

ਵਿਰਾਗ ਕੋਈ ਰਾਗ ਦੀ ਦੁਸ਼ਮਣੀ ਨਹੀਂ, ਰਾਗ ਦੀ ਅਣਹੋਂਦ ਹੈ। ਇਸਲਈ ਤੁਸੀਂ ਉਹਨਾਂ ਨੂੰ ਵਿਰਾਗੀ ਨਾ ਸਮਝ ਲੈਣਾ, ਜਿਹੜੇ ਨੱਸਦੇ ਹਨ। ਇਥੇ ਇਹ ਵੀ ਹੋ ਸਕਦਾ ਸੀ। ਭਰਤਿਹਰੀ ਦੇਖਦੇ ਹੀਰੇ ਨੂੰ ਅਤੇ ਨੱਸ ਖਲੋਂਦੇ ਉਥੇ ਕਿ ਇਥੇ ਹੀਰਾ ਪਿਆ ਹੈ, ਇਥੇ ਮੈਂ ਨਹੀਂ ਰੁਕ ਸਕਦਾ—ਇਸਦਾ ਮਤਲਬ ਕਿ ਰਾਗ ਸੀ, ਦੋਰਜੇ ਨਹੀਂ ਸੀ ਕੋਲ। ਜਿਹੜੇ ਲੋਕ ਨੱਸਦੇ ਹਨ ਸੰਸਾਰ ਤੋਂ, ਉਹਨਾਂ ਕੋਲ ਦੋਰਜੇ ਨਹੀਂ ਹੈ, ਨਹੀਂ ਤਾਂ ਨੱਸਣ ਦੀ ਕੋਈ ਜ਼ਰੂਰਤ ਨਹੀਂ ਹੈ। ਨੱਸਦੇ ਇਸਲਈ ਹਨ ਕਿ ਡਰ ਹੈ। ਜੇ ਕੁਝ ਚਿਰ ਰੁਕੇ ਤਾਂ ਹੀਰਾ ਜਿੱਤ ਜਾਏਗਾ ਤੇ ਮੈਂ ਹਾਰ ਜਾਵਾਂਗਾ। ਇਸਲਈ ਰੁਕੋ ਹੀ ਨਾ। ਹੀਰਾ ਦਿਸੇ ਕਿ ਨੱਸ ਖਲੋਵੋ।

ਐਪਰ ਨੱਸਣ 'ਚ ਹੀ ਤੁਸੀਂ ਖ਼ਬਰ ਕਰ ਦਿੱਤੀ ਕਿ ਤੁਹਾਡੀ ਯਾਤਰਾ ਹੀਰੇ ਦੀ ਤਰਫ਼ ਹੋ ਗਈ। ਉਹ ਪੱਥਰ ਦਾ ਟੁਕੜਾ ਨਾ ਰਿਹਾ, ਹੀਰਾ ਹੋ ਗਿਆ। ਅਤੇ ਹੀਰਾ ਹੁੰਦਿਆਂ ਹੀ ਵਾਸਨਾ ਪ੍ਰਵੇਸ਼ ਕਰ ਗਈ। ਨਹੀਂ ਤਾਂ ਪੱਥਰ ਦਾ ਟੁਕੜਾ ਹੈ।

ਜੋ ਨੱਸਦਾ ਹੈ, ਸੰਸਾਰ ਤੋਂ, ਉਹ ਵਿਰਾਗੀ ਨਹੀਂ ਹੈ, ਦਰਅਸਲ ਉਹ ਉਲਟਾ ਰਾਗੀ ਹੈ। ਉਸਦਾ ਵੀ ਰਾਗ ਹੈ, ਲੇਕਿਨ

ਸ਼ੀਰਸ਼ਾਸਨ ਕਰਦਾ ਹੋਇਆ ਰਾਗ ਹੈ। ਉਥੇ ਸਿਰ ਟਿਕਾ ਦਿਤਾ ਹੈ ਉਸਨੇ, ਜਿਥੇ ਤੁਹਾਡੇ ਪੈਰ ਟਿਕੇ ਹਨ। ਅਤੇ ਮੈਂ ਮੰਨਦਾ ਹਾਂ ਕਿ ਜਿਥੇ ਪੈਰ ਟਿਕੇ ਹਨ, ਉਥੇ ਸਿਰ ਟੇਕਣਾ ਕੋਈ ਚੰਗੀ ਗੱਲ ਨਹੀਂ। ਹੋਰ ਉਲਟਾ ਉਪੱਦਰ ਹੋ ਗਿਆ। ਪੈਰ ਹੀ ਠੀਕ ਸੀ, ਹੀਰੇ ਉਤੇ ਸਿਰ ਟੇਕਣ ਦੀ ਕੀ ਜ਼ਰੂਰਤ?

ਵਿਰਾਗ ਦਾ ਅਰਥ ਹੈ : ਉਹ ਜੋ ਖਿੱਚਦਾ ਸੀ, ਹੁਣ ਨਹੀਂ ਖਿੱਚ ਪਾਂਦਾ, ਕਿਉਂਕਿ ਮੈਂ ਸੁਰੱਖਿਅਤ ਹਾਂ, ਕਿਉਂਕਿ ਮੈਨੂੰ ਦਿਖਾਈ ਪੈ ਗਈ ਰਾਗ ਦੀ ਵਿਅਰਥਤਾ।

ਸਮਝਣਾ ਇਸ ਫਰਕ ਨੂੰ।

ਰਾਗ ਸਾਰਥਕ ਹੈ ਦੋਨਾਂ ਹਾਲਤਾਂ ਵਿਚ। ਜੇ ਮੈਂ ਹੀਰੇ ਨੂੰ ਪਕੜਾਂ, ਅਤੇ ਰਾਗ ਸਾਰਥਕ ਹੈ ਇਸ ਨਾਲੋਂ ਉਲਟ ਹਾਲਤ ਵਿਚ ਵੀ ਕਿ ਜੇ ਮੈਂ ਹੀਰੇ ਕੋਲੋਂ ਨੱਸਾਂ। ਕਿਉਂਕਿ ਦੋਨਾਂ ਹਾਲਤਾਂ ਵਿਚ ਹੀਰਾ ਭਾਰੂ ਹੈ ਤੇ ਮੈਂ ਕਮਜ਼ੋਰ ਹਾਂ। ਜਾਂ ਤਾਂ ਹੀਰਾ ਆਪਣੀ ਤਰਫ ਖਿੱਚ ਲੈਂਦਾ ਹੈ ਜਾਂ ਆਪਣੇ ਤੋਂ ਦੂਰ ਹਟਾ ਦਿੰਦਾ ਹੈ। ਲੇਕਿਨ ਦੋਹਾਂ ਹਾਲਤਾਂ ਵਿਚ ਹੀਰਾ ਪਿਆ ਰਹਿੰਦਾ ਹੈ ਤੇ ਮੈਂ ਗਤੀਵਾਨ ਹੋ ਜਾਂਦਾ ਹਾਂ। ਮੈਂ ਕੰਬ ਜਾਂਦਾ ਹਾਂ, ਹੀਰਾ ਨਹੀਂ ਕੰਬਦਾ। ਇਕ ਪੱਥਰ ਦਾ ਟੁਕੜਾ ਜਿੱਤ ਜਾਂਦਾ ਹੈ, ਅਤੇ ਮੈਂ ਹਾਰ ਜਾਂਦਾ ਹਾਂ। ਇਧਰ ਜਾਂ ਉਧਰ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਲੇਕਿਨ ਹੀਰੇ ਨੇ ਤੁਹਾਨੂੰ ਚਲਾ ਦਿਤਾ, ਚਲਦਾ ਕਰ ਦਿਤਾ। ਹੀਰੇ ਨੇ ਸੰਸਾਰ ਬਣਾ ਦਿਤਾ।

ਇਹ ਮਨ ਦਾ ਚਲਦੇ ਹੋ ਜਾਣਾ ਹੀ ਸੰਸਾਰ ਹੈ।

ਔਪਰ ਇਕ ਹੋਰ ਅਵਸਥਾ ਵੀ ਹੈ ਕਿ ਹੀਰਾ ਵੀ ਪਿਆ ਹੈ ਅਤੇ ਤੁਸੀਂ ਵੀ ਹੋ, ਲੇਕਿਨ ਕੋਈ ਗਤੀ ਨਹੀਂ ਰਹੀ ਤੁਹਾਡੇ ਅੰਦਰ ਤੋਂ। ਨਾ ਹੀਰੇ ਦੀ ਤਰਫ ਕੁਝ ਜਾ ਰਿਹਾ ਹੈ, ਨਾ ਹੀਰੇ ਦੇ ਉਲਟ ਕੁਝ ਜਾ ਰਿਹਾ ਹੈ। ਕੁਝ ਹੋ ਹੀ ਨਹੀਂ ਰਿਹਾ; ਹੀਰਾ ਉਵੇਂ ਹੀ ਪਿਆ ਹੈ, ਜਿਵੇਂ ਕੋਈ ਵੀ ਪੱਥਰ ਪਿਆ ਹੋਵੇ। ਅਤੇ ਹੀਰਾ ਪੱਥਰ ਹੀ ਹੈ। ਉਸਨੂੰ ਦਿਤਾ ਹੋਇਆ ਮੁੱਲ ਆਦਮੀ ਦਾ ਹੈ।

ਇਕ ਕੰਕਰ ਨੂੰ ਰਖ ਦੇਣਾ ਅਤੇ ਇਕ ਕੋਹਿਨੂਰ ਨੂੰ ਵੀ ਰਖ ਦੇਣਾ। ਕੰਕਰ ਜ਼ਰਾ ਵੀ ਸ਼ਰਮਿੰਦਾ ਨਹੀਂ ਹੋਵੇਗਾ ਕੋਹਿਨੂਰ ਦੇ ਸਾਹਮਣੇ। ਅਤੇ ਕੰਕਰ ਇਕ ਵਾਰ ਵੀ ਪ੍ਰਾਰਥਨਾ ਨਹੀਂ ਕਰੇਗਾ ਪਰਮਾਤਮਾ ਨੂੰ ਕਿ ਮੈਨੂੰ ਕੋਹਿਨੂਰ ਬਣਾ ਦੋ। ਕੋਹਿਨੂਰ ਵੀ ਆਕੜ ਕੇ ਨਹੀਂ ਬੈਠੇਗਾ ਕਿ ਮੈਂ ਕੋਈ ਹਾਂ, ਕੁਝ ਖ਼ਾਸ ਹਾਂ। ਪੱਥਰ, ਪੱਥਰ ਹੈ।

ਜੇਕਰ ਆਦਮੀ ਧਰਤੀ 'ਤੇ ਨਾ ਹੋਵੇ, ਤਾਂ ਕੋਹਿਨੂਰ ਵਿਚ ਅਤੇ ਕੰਕਰ ਵਿਚ ਕੀ ਫਰਕ ਹੋਵੇਗਾ? ਕੋਈ ਵੀ ਫਰਕ ਨਹੀਂ ਹੋਵੇਗਾ। ਫਰਕ ਪੈਦਾ ਕੀਤਾ ਹੈ ਆਦਮੀ ਨੇ। ਆਦਮੀ ਲਈ ਕੋਹਿਨੂਰ ਪੱਥਰ ਨਹੀਂ ਹੈ। ਕਿਉਂਕਿ ਪੱਥਰ ਨਹੀਂ ਹੈ ਕੋਹਿਨੂਰ? ਕੋਹਿਨੂਰ ਵਿਚ ਜੋ ਚਮਕ ਹੈ ਉਹ ਆਦਮੀ ਦੀ ਵਾਸਨਾ ਦੀ ਚਮਕ ਹੈ। ਉਹ ਜੋ ਕੋਹਿਨੂਰ ਵਿਚ ਨਜ਼ਰ ਆ ਰਿਹਾ ਹੈ, ਉਹ ਆਦਮੀ ਦੇ ਅੰਦਰ ਦਾ ਭਾਵ ਹੈ। ਆਦਮੀ ਆਪਣੇ–ਆਪ ਨੂੰ ਪਲਟਾ ਰਿਹਾ ਹੈ ਕੋਹਿਨੂਰ ਵਿਚ। ਅਤੇ ਜੋ

ਦੇਖ ਰਿਹਾ ਹੈ, ਉਹ ਆਪਣੀ ਹੀ ਸੁੱਤੀ ਹੋਈ ਊਰਜਾ ਹੈ।

ਜੇ ਵਿਅਕਤੀ ਰਾਗ ਨੂੰ ਠੀਕ ਤਰ੍ਹਾਂ ਨਾਲ ਸਮਝਦਾ ਜਾਵੇ, ਤਾਂ ਵਿਰਾਗ ਨੂੰ ਪਹੁੰਚਦਾ ਹੈ। ਵਿਰਾਗ ਵੱਜਰ ਹੈ। ਅਤੇ ਜਦ ਵਿਰਾਗ ਦੀ ਇਕ ਕੰਧ ਚਾਰ–ਚੁਫੇਰੇ ਖੜ੍ਹੀ ਹੋ ਜਾਂਦੀ ਹੈ ਤਾਂ ਤੁਸੀਂ ਇਸ ਭਰੇ ਸੰਸਾਰ ਵਿਚ ਵੀ ਸੰਸਾਰ ਦੇ ਬਾਹਰ ਹੋ ਜਾਂਦੇ ਹੋ। ਫਿਰ ਤੁਸੀਂ ਠੇਠ ਬਜ਼ਾਰ ਵਿਚ ਵੀ ਬੈਠੇ ਹੋਏ ਹਿਮਾਲੀਆ ਉਤੇ ਹੋ ਸਕਦੇ ਹੋ।

'ਆਪਣੀਆਂ ਅੱਖਾਂ ਨੂੰ ਬੰਦ ਨਾ ਕਰ, ਅਤੇ ਦੋਰਜੇ ਤੋਂ ਆਪਣੀ ਦ੍ਰਿਸ਼ਟੀ ਨੂੰ ਨਾ ਹਟਾ...'

ਸੰਸਾਰ ਵਲੋਂ ਅਖਾਂ ਨੂੰ ਬੰਦ ਨਾ ਕਰ, ਬੰਦ ਕਰਨ ਨਾਲ ਕੋਈ ਹੱਲ ਨਹੀਂ ਹੋਣਾ। ਸੰਸਾਰ ਅੱਖਾਂ ਦੇ ਅੰਦਰ ਖੜ੍ਹਾ ਹੋ ਜਾਏਗਾ। ਜੇ ਕੁਝ ਕਰਨਾ ਹੀ ਹੈ ਤਾਂ ਸੰਸਾਰ ਤੋਂ ਅੱਖਾਂ ਨੂੰ ਹਟਾ, ਦੋਰਜੇ ਉਤੇ ਟਿਕਾ; ਬੰਦ ਨਾ ਕਰ। ਉਹ ਜੋ ਸੁਰੱਖਿਆ ਬਣ ਸਕਦਾ ਹੈ, ਉਸ ਉਤੇ ਆਪਣੀ ਪੂਰੀ ਦ੍ਰਿਸ਼ਟੀ ਨੂੰ ਲਾ। ਵਿਰਾਗ ਤੇਰੀ ਸਮੁੱਚੀ ਦ੍ਰਿਸ਼ਟੀ ਵਿਚ ਵਸ ਜਾਵੇ।

'ਕਾਮ ਦੇ ਤੀਰ ਉਸ ਵਿਅਕਤੀ ਨੂੰ ਵਿੰਨ੍ਹ ਦਿੰਦੇ ਹਨ, ਜੋ ਵਿਰਾਗ ਨੂੰ ਪ੍ਰਾਪਤ ਨਹੀਂ ਹੋਇਆ ਹੈ।'

'ਕੰਬਣੀ ਤੋਂ ਸਾਵਧਾਨ। ਭੈ ਦੀ ਸਾਹ ਹੇਠਾਂ ਪੈਣ 'ਤੇ ਧੀਰਜ ਦੀ ਕੁੰਜੀ ਵਿਚ ਜੰਗ ਲਗ ਜਾਂਦਾ ਹੈ ਅਤੇ ਜੰਗ ਲੱਗੀ ਕੁੰਜੀ ਤਾਲੇ ਨੂੰ ਨਹੀਂ ਖੋਲ੍ਹ ਸਕਦੀ।'

ਇਕ ਤਾਂ ਕੁੰਜੀ ਦਾ ਮਿਲਣਾ ਹੀ ਮੁਸ਼ਕਲ ਹੈ। ਅਤੇ ਮਿਲ ਵੀ ਜਾਵੇ ਤਾਂ ਅਸੀਂ ਉਸਨੂੰ ਜ਼ਰ ਲਾ ਲੈਂਦੇ ਹਾਂ। ਧੀਰਜ ਦੀ ਕੁੰਜੀ 'ਚ ਜੰਗਾਲ ਲੱਗ ਜਾਂਦਾ ਹੈ ਕੰਬਣੀ ਨਾਲ, ਭੈ ਨਾਲ।

'...ਜਿੰਨਾ ਹੀ ਤੂੰ ਅੱਗੇ ਵਧਦਾ ਹੈਂ, ਉਨਾ ਹੀ ਤੇਰੇ ਪੈਰਾਂ ਨੂੰ ਖਾਈ–ਖੰਦਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਤੇ ਜੋ ਰਾਹ ਉਧਰ ਜਾਂਦਾ ਹੈ, ਉਹ ਇਕ ਹੀ ਅਗਨੀ ਨਾਲ ਪ੍ਰਕਾਸ਼ਤ ਹੈ–ਸਾਧਕ ਦੇ ਹਿਰਦੇ ਵਿਚ ਬਲਣ ਵਾਲੀ ਅਗਨੀ ਨਾਲ।'

ਉਥੇ ਕੋਈ ਬਾਹਰ ਦਾ ਦੀਵਾ ਸਾਥ ਨਹੀਂ ਦੇਵੇਗਾ। ਅਤੇ ਉਥੇ ਕੋਈ ਬਾਹਰਲਾ ਪ੍ਰਕਾਸ਼ ਨਹੀਂ ਹੈ ਉਸ ਰਾਹ ਉਤੇ। ਰਾਹ ਹਨੇਰਾ ਹੈ। ਅਤੇ ਜੋ ਕੋਈ ਬਾਹਰਲੇ ਪ੍ਰਕਾਸ਼ ਦੇ ਆਸਰੇ ਨਾਲ ਜਾ ਰਿਹਾ ਹੈ ਉਥੇ ਤਾਂ ਨਹੀਂ ਜਾ ਸਕੇਗਾ। ਕਿਉਂਕਿ ਉਹ ਹਨੇਰਾ ਬਾਹਰਲੇ ਪ੍ਰਕਾਸ਼ ਨਾਲ ਨਹੀਂ ਮਿਟ ਸਕਦਾ। ਉਹ ਹਨੇਰਾ ਹੋਰ ਤਰ੍ਹਾਂ ਦਾ ਹਨੇਰਾ ਹੈ। ਤੁਹਾਡੇ ਦੀਵੇ ਉਸਨੂੰ ਨਹੀਂ ਮਿਟਾ ਸਕਣਗੇ। ਉਸ ਹਨੇਰੇ ਨੂੰ ਮਿਟਾਉਣ ਦੇ ਲਈ ਇਕ ਹੀ ਦੀਵਾ ਹੈ, ਅਤੇ ਉਹ ਹੈ, ਸਾਧਕ ਦੇ ਹਿਰਦੇ ਵਿਚ ਬਲਣ ਵਾਲੀ ਹੌਸਲੇ ਦੀ ਅਗਨੀ।

ਭੈ ਰੁਕਾਵਟ ਹੈ, ਹੌਸਲਾ ਪੌੜੀ ਹੈ।

ਭੈ ਦੇ ਉਲਟ ਹੈ ਹੌਸਲਾ, ਹੌਸਲੇ ਦਾ ਕੀ ਮਤਲਬ ਹੁੰਦਾ ਹੈ?

ਹੌਸਲੇ ਦਾ ਮਤਲਬ ਹੁੰਦਾ ਹੈ, ਜੋ ਅਜੇ ਨਹੀਂ ਹੋਇਆ ਹੈ, ਜੋ ਹਾਲੇ ਪਰਗਟ ਨਹੀਂ, ਉਹਦੇ ਲਈ ਚੇਸ਼ਟਾ; ਜੋ ਅਜੇ

ਅਗਿਆਤ ਹੈ, ਉਸਦੇ ਲਈ ਯਤਨ।

ਭੈ ਦਾ ਮਤਲਬ ਹੈ, ਜੋ ਗਿਆਤ ਹੈ, ਉਸਨੂੰ ਪਕੜ ਕੇ ਬੈਠ ਜਾਣਾ।

ਤੁਹਾਡਾ ਇਕ ਪੈਰ ਜ਼ਮੀਨ ਉਤੇ ਹੈ, ਜਦ ਤੁਸੀਂ ਇਕ ਕਦਮ ਚੁਕਦੇ ਹੋ ਜ਼ਮੀਨ ਤੋਂ, ਤਾਂ ਤੁਸੀਂ ਅਗਿਆਤ ਵਿਚ ਕਦਮ ਚੁੱਕ ਰਹੇ ਹੋ। ਹੁਣ ਇਹ ਪੈਰ ਉਸ ਜ਼ਮੀਨ ਉਤੇ ਪਏਗਾ, ਜਿਸ ਤੋਂ ਤੁਸੀਂ ਵਾਕਫ ਨਹੀਂ ਹੋ। ਜੇ ਤੁਸੀਂ ਭੈਮਾਨ ਆਦਮੀ ਹੋ, ਤਾਂ ਜਿਸ ਜ਼ਮੀਨ ਉਤੇ ਤੁਸੀਂ ਖੜ੍ਹੇ ਹੋ, ਉਸਨੂੰ ਪਕੜੀ ਰਖੋ। ਜੇਕਰ ਹੌਸਲੇ ਦੇ ਆਦਮੀ ਹੋ ਤਾਂ ਜਿਸ ਜ਼ਮੀਨ ਨੂੰ ਜਾਣ ਲਿਆ, ਉਸਨੂੰ ਛਡੋ।

ਧਿਆਨ ਰਹੇ, ਭੈ ਪਕੜ ਹੈ, ਹੌਸਲਾ ਤਿਆਗ ਹੈ।

ਜੋ ਜਾਣ ਲਿਆ, ਉਸਨੂੰ ਛਡੋ। ਜਿਸਨੂੰ ਪਛਾਣ ਲਿਆ ਅਤੇ ਜਿਸ ਵਿਚ ਕੁਝ ਵੀ ਨਹੀਂ ਪਾਇਆ, ਹੁਣ ਉਸਨੂੰ ਖੋਣ ਵਿਚ ਡਰ ਕੀ ਹੈ? ਵਧ ਤੋਂ ਵਧ ਇਹੀ ਹੋਵੇਗਾ ਕਿ ਜੋ ਜ਼ਮੀਨ ਪੈਰਾਂ ਦੇ ਹੇਠ ਹੈ, ਉਹ ਖੋ ਜਾਏਗੀ। ਲੇਕਿਨ ਉਹ ਜਾਣ ਲਈ ਗਈ ਹੈ, ਜਿਉਂ ਲਈ ਗਈ ਹੈ। ਹੁਣ ਉਸਦਾ ਸਾਰ ਕੀ ਹੈ? ਨਵੀਂ ਭੂਮੀ ਦਾ ਖ਼ਤਰਾ ਹੈ। ਪਤਾ ਨਹੀਂ ਭੂਮੀ ਹੋਵੇ ਵੀ ਜਾਂ ਨਾ ਹੋਵੇ। ਇਸ ਖ਼ਤਰੇ ਦੇ ਕਾਰਨ ਹੌਸਲੇ ਦੀ ਜ਼ਰੂਰਤ ਹੈ। ਅਤੇ ਧਰਮ ਦੀ ਯਾਤਰਾ 'ਤੇ ਲਗਾਤਾਰ ਅਗਿਆਤ ਤੋਂ ਅਗਿਆਤ ਵਿਚ ਹੈ।

ਜੋ ਅਸੀਂ ਜਾਣਦੇ ਹਾਂ, ਉਹ ਸੰਸਾਰ ਹੈ।

ਜੋ ਅਸੀਂ ਨਹੀਂ ਜਾਣਦੇ ਹਾਂ, ਉਹ ਪਰਮਾਤਮਾ ਹੈ।

ਉਸ ਅਨਜਾਣ ਵਿਚ ਤਾਂ ਹੌਸਲੇ ਦੀ ਜ਼ਰੂਰਤ ਪਏਗੀ, ਤਾਂ ਪਹਿਲਾਂ ਤਾਂ ਭੈ ਨੂੰ ਹਟਾ ਦੇਣਾ ਜ਼ਰੂਰੀ ਹੈ ਅਤੇ ਫਿਰ ਹੌਸਲੇ ਨੂੰ ਜਨਮਾਉਣਾ ਜ਼ਰੂਰੀ ਹੈ।

'ਇਕ ਹੀ ਅਗਨੀ ਨਾਲ ਪ੍ਰਕਾਸ਼ਤ ਹੈ ਉਹ ਰਾਹ—ਸਾਧਕ ਦੇ ਹਿਰਦੇ ਵਿਚ ਬਲਣ ਵਾਲੀ ਅਗਨੀ ਨਾਲ। ਜਿੰਨਾ ਹੀ ਕੋਈ ਹੌਸਲਾ ਕਰਦਾ ਹੈ, ਉਹ ਉਨਾ ਹੀ ਪਾਂਦਾ ਹੈ। ਅਤੇ ਜਿੰਨਾ ਹੀ ਉਹ ਡਰਦਾ ਹੈ, ਉਨੀ ਹੀ ਉਹ ਜੋਤ ਮੱਧਮ ਪੈ ਜਾਂਦੀ ਹੈ।'

ਜਿਵੇਂ ਦੀਵਾ ਬਲਦਾ ਹੈ ਬਾਹਰ ਦਾ, ਤਾਂ ਤੁਹਾਨੂੰ ਪਤਾ ਹੈ, ਆਕਸੀਜਨ ਨਾਲ ਬਲਦਾ ਹੈ, ਨਾਈਟ੍ਰੋਜਨ ਨਾਲ ਬੁਝਦਾ ਹੈ। ਆਕਸੀਜਨ ਨਾ ਹੋਵੇ ਦੀਵੇ ਦੇ ਕੋਲ ਹਵਾ ਵਿਚ, ਤਾਂ ਦੀਵਾ ਬੁਝਣ ਲਗਦਾ ਹੈ। ਨਾਈਟ੍ਰੋਜਨ ਜ਼ਿਆਦਾ ਹੋਵੇ, ਤਾਂ ਦੀਵਾ ਬੁਝਣ ਲਗਦਾ ਹੈ। ਜੇ ਤੂਫਾਨ ਚੱਲ ਰਿਹਾ ਹੋਵੇ, ਅਤੇ ਤੁਹਾਡੇ ਘਰ ਦੇ ਦੀਵੇ ਦੇ ਲਈ ਖ਼ਤਰਾ ਪੈਦਾ ਹੋ ਜਾਵੇ ਕਿ ਤੂਫਾਨ ਵਿਚ ਬੁਝ ਨਾ ਜਾਵੇ, ਤਾਂ ਇਕ ਕੱਚ ਦਾ ਬਰਤਨ ਉਸ ਉਤੇ ਢਕ ਦੇਣਾ ਬਚਾਉਣ ਦੇ ਲਈ। ਤੂਫਾਨ ਸ਼ਾਇਦ ਨਾ ਬੁਝਾ ਸਕਦਾ, ਉਹ ਕੱਚ ਦਾ ਢਕਣ ਵਾਲਾ ਬਰਤਨ ਉਸਨੂੰ ਛੇਤੀ ਹੀ ਬੁਝਾ ਦੇਵੇਗਾ। ਕਿਉਂਕਿ ਕੱਚ ਦੇ ਢਕੇ ਬਰਤਨ

ਦੇ ਅੰਦਰ ਜੋ ਥੋੜ੍ਹੀ-ਬਹੁਤੀ ਆਕਸੀਜਨ ਹੈ; ਛੇਤੀ ਹੀ ਜਲ ਜਾਏਗੀ ਦੀਵੇ ਵਿਚ। ਨਾਈਟ੍ਰੋਜਨ ਬਚੇਗੀ, ਉਹ ਨਾਈਟ੍ਰੋਜਨ ਬੁਝਾ ਦੇਵੇਗੀ।

ਅੰਦਰ ਦੇ ਦੀਵੇ ਵਿਚ ਭੈ ਨਾਈਟ੍ਰੋਜਨ ਹੈ ਅਤੇ ਹੌਸਲਾ ਆਕਸੀਜਨ। ਉਹ ਅੰਦਰ ਦਾ ਦੀਵਾ ਜਗਦਾ ਹੈ ਜਿੰਨਾ ਹੌਸਲਾ ਹੋਵੇ, ਬੁਝਦਾ ਹੈ ਜਿੰਨਾ ਭੈ ਹੋਵੇ। ਅਤੇ ਜਿਵੇਂ ਨਾਈਟ੍ਰੋਜਨ ਤੇ ਆਕਸੀਜਨ ਦਾ ਆਪਣਾ ਰਸਾਇਣਿਕ ਵਿਗਿਆਨ ਹੈ, ਉਵੇਂ ਹੀ ਉਸ ਅੰਦਰ ਦਾ ਵੀ ਆਪਣਾ ਰਸਾਇਣਿਕ ਵਿਗਿਆਨ ਹੈ। ਇਸਲਈ ਸਾਰੇ ਉਪਾਵਾਂ ਨਾਲ, ਜਿਨ੍ਹਾਂ-ਜਿਨ੍ਹਾਂ ਉਪਾਵਾਂ ਨਾਲ ਹੌਸਲਾ ਵਧੇ, ਵਧਾਉਣਾ ਹੈ। ਅਤੇ ਜਿਨ੍ਹਾਂ-ਜਿਨ੍ਹਾਂ ਉਪਾਵਾਂ ਨਾਲ ਭੈ ਘਟ ਹੋਵੇ, ਉਹ-ਉਹ ਉਪਾਅ ਕਰਨੇ ਹਨ। ਤਾਂ ਹੀ ਉਹ ਜੋਤ ਜਗੇਗੀ, ਜੋ ਉਥੇ ਸਾਥ ਦੇਵੇਗੀ।

ਇਕ ਸਾਧਕ ਆਪਣੇ ਗੁਰੂ ਦੇ ਘਰ ਤੋਂ ਵਿਦਾ ਹੋ ਰਿਹਾ ਸੀ। ਰਾਤ ਹਨੇਰੀ ਸੀ। ਅਤੇ ਉਸ ਸਾਧਕ ਨੇ ਕਿਹਾ, ਮੈਂ ਰਾਤ ਇਥੇ ਹੀ ਰੁਕ ਜਾਵਾਂ; ਹਨੇਰੀ ਰਾਤ ਹੈ ਅਤੇ ਅਨਜਾਣ ਰਾਹ ਹੈ, ਫਿਰ ਕੋਈ ਸੰਗੀ-ਸਾਥੀ ਵੀ ਨਹੀਂ। ਤਾਂ ਗੁਰੂ ਨੇ ਕਿਹਾ ਕਿ ਮੈਂ ਤੈਨੂੰ ਦੀਵਾ ਜਗਾ ਕੇ ਦੇ ਦਿੰਦਾ ਹਾਂ, ਤੂੰ ਇਹ ਦੀਵਾ ਲੈ ਕੇ ਚਲਿਆ ਜਾਹ। ਦੀਵਾ ਬਾਲ ਕੇ ਗੁਰੂ ਨੇ ਦੇ ਦਿਤਾ। ਉਹ ਸਾਧਕ ਆਪਣੇ ਹੱਥ ਵਿਚ ਦੀਵਾ ਲੈ ਕੇ ਪੌੜੀਆਂ ਉਤਰ ਗਿਆ, ਤਾਂ ਆਖਰੀ ਪੌੜੀ 'ਤੇ ਗੁਰੂ ਨੇ ਕਿਹਾ, ਇਕ ਛਿਨ ਰੁਕ, ਅਤੇ ਫੂਕ ਮਾਰ ਕੇ ਦੀਵਾ ਬੁਝਾ ਦਿਤਾ! ਉਸ ਸਾਧਕ ਨੇ ਕਿਹਾ, ਇਹ ਕੀ ਖੇਡ ਕਰਦੇ ਹੋ ਤੁਸੀਂ?

ਗੁਰੂ ਨੇ ਕਿਹਾ, ਇਸ ਹਨੇਰੇ ਰਾਹ 'ਤੇ ਤਾਂ ਮੈਂ ਤੈਨੂੰ ਦੀਵਾ ਦੇ ਦਿਆਂਗਾ, ਪਰ ਮੈਂ ਤੈਨੂੰ ਉਸ ਹਨੇਰੇ ਰਾਹ 'ਤੇ ਕਿਵੇਂ ਦੀਵਾ ਦੇ ਸਕਦਾ ਹਾਂ? ਅਤੇ ਇਸ ਹਨੇਰੇ ਰਾਹ 'ਤੇ ਵੀ ਤੂੰ ਬਿਨਾਂ ਦੀਵੇ ਦੇ ਹੀ ਚੱਲ, ਆਪਣੇ ਹੀ ਪੈਰਾਂ ਦੀ ਰੋਸ਼ਨੀ ਨਾਲ। ਬਿਹਤਰ ਹੈ ਘਟੋ-ਘਟ ਤੈਨੂੰ ਇਹ ਤਾਂ ਪਤਾ ਲਗੇ, ਕਿ ਹਨੇਰੇ ਵਿਚ ਵੀ ਤੁਰਿਆ ਜਾ ਸਕਦਾ ਹੈ। ਤੇਰਾ ਹੌਸਲਾ ਤਾਂ ਵਧੇ। ਅਤੇ ਫਿਰ ਰਾਹ ਉਤੇ ਜਿਸਦਾ ਤੂੰ ਪਾਂਧੀ ਹੈਂ, ਮੈਂ ਤੈਨੂੰ ਕੋਈ ਦੀਵਾ ਨਹੀਂ ਦੇ ਸਕਾਂਗਾ। ਅਚਾਨਕ ਮੈਨੂੰ ਖਿਆਲ ਆਇਆ, ਇਸਲਈ ਮੈਂ ਫੂਕ ਮਾਰ ਕੇ ਬੁਝਾ ਦਿਤਾ, ਕਿ ਜਦ ਅਸਲੀ ਰਾਹ 'ਤੇ ਦੀਵਾ ਨਹੀਂ ਦੇ ਸਕਾਂਗਾ, ਤਾਂ ਨਕਲੀ ਰਾਹ 'ਤੇ ਦੀਵਾ ਦੇਣ 'ਚ ਕੀ ਸਾਰ ਹੈ! ਅਤੇ ਇਹ ਦੀਵਾ ਦੇ ਕੇ ਮੈਂ ਤੇਰਾ ਭੈ ਵਧਾ ਰਿਹਾ ਹਾਂ। ਦੀਵਾ ਬੁਝਾ ਕੇ ਤੇਰਾ ਹੌਸਲਾ ਵਧਾ ਰਿਹਾ ਹਾਂ। ਤੂੰ ਹਨੇਰੇ ਵਿਚ ਉਤਰ ਜਾ, ਰਾਹ ਮਿਲ ਹੀ ਜਾਏਗਾ। ਅਤੇ ਖੋਜੀਂ, ਹਨੇਰਾ ਵੀ ਕੱਟਿਆ ਹੀ ਜਾਏਗਾ। ਕੋਈ ਹਨੇਰਾ ਸਦੀਵੀਂ ਨਹੀਂ ਹੈ। ਅਤੇ ਫਿਰ ਮੇਰੇ ਜਗਾਏ ਦੀਵੇ ਦਾ ਭਰੋਸਾ ਕੀ, ਮੇਰੀ ਇਕ ਫੂਕ ਨੇ ਬੁਝਾ ਦਿਤਾ! ਬਾਹਰ ਦੇਖ, ਕਿੰਨੀ ਹਨੇਰੀ ਚੱਲ ਰਹੀ ਹੈ? ਅਤੇ ਜੋ ਇਕ ਫੂਕ ਨਾਲ ਬੁਝ ਗਿਆ ਹੈ, ਉਹ ਹਨੇਰੀ ਵਿਚ ਤਾਂ ਬੁਝ ਹੀ ਜਾਏਗਾ। ਤਾਂ ਜਿਹੜਾ ਬੁਝ ਹੀ ਜਾਣ ਵਾਲਾ ਹੈ, ਉਸਨੂੰ ਦੇਣ ਦਾ ਵੀ ਕੀ ਮਕਸਦ ਹੈ? ਜੇ ਮੈਂ ਤੈਨੂੰ ਅਜੇਹਾ ਦੀਵਾ ਨਹੀਂ ਦੇ ਸਕਦਾ, ਜੋ ਬੁਝੇ ਨਾ, ਤਾਂ ਜਿਹੜਾ ਬੁਝ ਸਕਦਾ ਹੈ, ਉਸਨੂੰ ਦੇਣ ਦਾ ਵੀ ਕੋਈ ਅਰਥ ਨਹੀਂ।

ਇਹ ਗੱਲ ਮੁੱਲਵਾਨ ਹੈ ਤੇ ਧਿਆਨ ਵਿਚ ਰਖਣ ਵਾਲੀ ਹੈ ਕਿ ਉਸ ਰਾਹ ਉਤੇ ਤੁਹਾਡੇ ਅੰਦਰ ਦੀ ਜੋਤ ਹੀ ਕੰਮ

ਆਏਗੀ। ਅਤੇ ਭੈ ਜੇਕਰ ਜ਼ਿਆਦਾ ਹੋਇਆ, ਤਾਂ ਜੋਤ ਤੁਹਾਡੇ ਅੰਦਰ ਦੀ ਜਗ ਨਹੀਂ ਸਕਦੀ। ਹੌਸਲਾ ਹੋਇਆ ਤਾਂ ਜਗ ਸਕਦੀ ਹੈ।

'ਉਹ ਹਿਰਦਾ–ਜੋਤ ਉਹੋ–ਜਿਹੀ ਹੀ ਹੈ, ਜਿਵੇਂ ਕਿਸੇ ਪਰਬਤ–ਸ਼ਿਖਰ 'ਤੇ ਚਮਕਣ ਵਾਲੀ ਸੂਰਜ ਦੀ ਅੰਤਮ ਕਿਰਨ, ਜਿਸਦੇ ਬੁਝਣ 'ਤੇ ਹਨੇਰੀ ਰਾਤ ਦੀ ਆਮਦ ਹੁੰਦੀ ਹੈ। ਜਦ ਉਹ ਜੋਤ ਵੀ ਬੁਝ ਜਾਂਦੀ ਹੈ, ਤਦ ਤੇਰੇ ਹੀ ਹਿਰਦੇ 'ਚੋਂ ਨਿਕਲ ਇਕ ਕਾਲਾ ਤੇ ਡਰਾਉਣਾ ਪਰਛਾਵਾਂ ਰਾਹ 'ਤੇ ਪਏਗਾ ਅਤੇ ਤੇਰੇ ਭੈ ਨਾਲ ਕੰਬਦੇ ਪੈਰਾਂ ਨੂੰ ਭੂਮੀ ਨਾਲ ਬੰਨ੍ਹ ਦੇਵੇਗਾ।'

ਅੰਦਰ ਦੀ ਜੋਤ ਜਗਦੀ ਹੋਵੇ, ਤਾਂ ਬਾਹਰ ਪ੍ਰਕਾਸ਼ ਪੈਂਦਾ ਹੈ। ਤੁਸੀਂ ਇਕ ਪ੍ਰਕਾਸ਼–ਮੰਡਲ ਨਾਲ ਘਿਰ ਜਾਂਦੇ ਹੋ। ਅੰਦਰ ਦੀ ਜੋਤ ਬੁਝ ਜਾਵੇ, ਤਾਂ ਤੁਹਾਡਾ ਰਾਹ ਤੁਹਾਡੇ ਹੀ ਹਨੇਰੇ ਨਾਲ ਭਰ ਜਾਂਦਾ ਹੈ। ਅਤੇ ਜਿਵੇਂ ਤੁਹਾਡੇ ਬਾਹਰ ਪ੍ਰਕਾਸ਼ ਪੈਂਦਾ ਹੈ, ਇਵੇਂ ਹੀ ਤੁਹਾਡੇ ਬਾਹਰ ਤੁਹਾਡਾ ਹਨੇਰਾ ਵੀ ਪੈਂਦਾ ਹੈ। ਜੋ ਵੀ ਤੁਹਾਡੇ ਅੰਦਰ ਹੈ, ਉਹੀ ਤੁਹਾਡੇ ਚਾਰ–ਚੁਫੇਰੇ ਦਿਸਦਾ ਰਹਿੰਦਾ ਹੈ। ਜੇ ਤੁਸੀਂ ਬਹੁਤ ਹਨੇਰੇ ਵਿਚ ਘਿਰੇ ਹੋ, ਤਾਂ ਇਹ ਨਾ ਸਮਝਣਾ ਕਿ ਉਹ ਹਨੇਰੇ ਰਾਹ ਦਾ ਹਨੇਰਾ ਹੈ। ਰਾਹ 'ਤੇ ਨਾ ਤਾਂ ਹਨੇਰਾ ਹੈ ਤੇ ਨਾ ਹੀ ਉਜਾਲਾ ਹੈ। ਰਾਹ ਹਨੇਰਾ ਦਿਖਾਈ ਪੈਂਦਾ ਹੈ; ਕਿਉਂਕਿ ਸਾਡੇ ਅੰਦਰ ਦੀਵਾ ਨਹੀਂ ਹੈ। ਅਤੇ ਸਾਡਾ ਹੀ ਪਰਛਾਵਾਂ ਚਾਰ–ਚੁਫੇਰੇ ਪੈਂਦਾ ਹੈ।

ਇਸ ਜਗਤ ਅਤੇ ਉਸ ਜਗਤ ਦੇ ਪਰਮਾਤਮਾ ਦੇ ਨਿਯਮ ਇਕ–ਦੂਜੇ ਤੋਂ ਉਲਟ ਹਨ। ਅੰਨ ਉਵੇਂ ਹੀ ਜਿਵੇਂ ਤੁਸੀਂ ਝੀਲ ਦੇ ਕੰਢੇ ਜਾ ਕੇ ਖੜ੍ਹੇ ਹੋ ਜਾਵੋ ਅਤੇ ਜੇ ਮੱਛੀਆਂ ਦੇਖਦੀਆਂ ਹੋਣ ਝੀਲ ਦੀਆਂ ਤਾਂ ਉਹਨਾਂ ਨੂੰ ਤੁਹਾਡਾ ਜੋ ਅਕਸ ਦਿਖਾਈ ਪਏਗਾ, ਉਹ ਉਲਟ ਦਿਸੇਗਾ। ਸਿਰ ਹੇਠਾਂ ਹੋਵੇਗਾ ਤੇ ਪੈਰ ਉਪਰ ਹੋਣਗੇ, ਅਤੇ ਮੱਛੀਆਂ ਸਮਝਣਗੀਆਂ ਕਿ ਤੁਸੀਂ ਉਲਟੇ ਖੜ੍ਹੇ ਹੋ। ਲੇਕਿਨ ਮੱਛੀਆਂ ਨੂੰ ਕੀ ਪਤਾ ਕਿ ਝੀਲ ਦੇ ਬਾਹਰ ਨਿਯਮ ਉਲਟੇ ਹਨ। ਝੀਲ ਦੇ ਬਾਹਰ ਆਦਮੀ ਸਿੱਧਾ ਖੜ੍ਹਾ ਹੈ। ਜਿਸਨੂੰ ਅਸੀਂ ਸਿੱਧਾ ਕਹਿੰਦੇ ਹਾਂ ਝੀਲ ਦੇ ਬਾਹਰ, ਉਹ ਝੀਲ ਵਿਚ ਉਲਟਾ ਨਜ਼ਰ ਆਉਂਦਾ ਹੈ। ਅਕਸ ਉਲਟੇ ਹੋ ਜਾਂਦੇ ਹਨ। ਜਿਸਨੂੰ ਅਸੀਂ ਸੰਸਾਰ ਕਹਿੰਦੇ ਹਾਂ, ਉਹ ਝੀਲ ਦੇ ਅੰਦਰ ਪਿਆ ਹੋਇਆ ਜਗਤ ਹੈ। ਇਥੇ ਨਿਯਮ ਉਲਟੇ ਹਨ।

ਇਸ ਸੂਤਰ ਨੂੰ ਸਮਝਣ ਦੇ ਲਈ ਕਹਿ ਰਿਹਾ ਹਾਂ ਕਿ ਇਥੇ ਪਰਛਾਵਾਂ ਤਦੇ ਬਣਦਾ ਹੈ ਤੁਹਾਡਾ, ਜਦ ਤੁਹਾਡੇ ਚਾਰੇ ਪਾਸੇ ਰੋਸ਼ਨੀ ਹੁੰਦੀ ਹੈ। ਇਥੇ ਪ੍ਰਕਾਸ਼ ਹੁੰਦਾ ਹੈ, ਤਾਂ ਹੀ ਪਰਛਾਵਾਂ ਬਣਦਾ ਹੈ। ਉਥੇ ਜਦ ਪ੍ਰਕਾਸ਼ ਨਹੀਂ ਹੁੰਦਾ, ਤਦ ਪਰਛਾਵਾਂ ਬਣਦਾ ਹੈ। ਉਥੋਂ ਦੇ ਨਿਯਮ ਉਲਟੇ ਹਨ। ਇਥੇ ਹਨੇਰੇ ਵਿਚ ਕੋਈ ਪਰਛਾਵਾਂ ਨਹੀਂ ਬਣਦਾ। ਇਥੇ ਤੁਸੀਂ ਹਨੇਰੇ ਵਿਚ ਖੜ੍ਹੇ ਹੋ ਜਾਉ, ਤਾਂ ਕੋਈ ਪਰਛਾਵਾਂ ਨਹੀਂ ਬਣੇਗਾ। ਇਸ ਜਗਤ ਵਿਚ ਪਰਛਾਵਾਂ ਬਨਾਉਣ ਦੇ ਲਈ ਪ੍ਰਕਾਸ਼ ਦੀ ਜ਼ਰੂਰਤ ਹੈ। ਉਸ ਜਗਤ ਦਾ ਨਿਯਮ ਉਲਟਾ ਹੈ। ਉਥੇ ਪਰਛਾਵਾਂ ਬਣਦਾ ਹੈ ਤਦ, ਜਦ ਪ੍ਰਕਾਸ਼ ਨਹੀਂ ਹੁੰਦਾ। ਅਤੇ ਪਰਛਾਵਾਂ ਮਿਟ

ਜਾਂਦਾ ਹੈ, ਜਦ ਪ੍ਰਕਾਸ਼ ਹੁੰਦਾ ਹੈ। ਅਤੇ ਤੁਹਾਨੂੰ ਆਸਪਾਸ ਹਨੇਰੇ ਦਾ ਪਤਾ ਲਗਦਾ ਹੋਵੇ, ਤਾਂ ਭੈ ਨੂੰ ਘਟ ਕਰਨਾ ਤੇ ਹੌਸਲੇ ਨੂੰ ਵਧਾਉਣਾ। ਇਥੇ ਅਸੀਂ ਧਿਆਨ ਵਿਚ ਲਗੇ ਹਾਂ, ਉਹ ਵੀ ਭੈ ਘਟ ਕਰਨ ਤੇ ਹੌਸਲੇ ਨੂੰ ਵਧਾਉਣ ਦਾ ਉਪਾਅ ਹੈ। ਹਜ਼ਾਰ ਤਰ੍ਹਾਂ ਨਾਲ ਇਹ ਹੋ ਸਕਦਾ ਹੈ। ਕਦੇ ਛੋਟੀਆਂ-ਛੋਟੀਆਂ ਗੱਲਾਂ ਨਾਲ ਵੀ ਹੋ ਜਾਂਦਾ ਹੈ।

ਇਕ ਔਰਤ ਨੇ, ਭਾਰਤੀ ਔਰਤ ਨੇ ਮੈਨੂੰ ਆ ਕੇ ਪੁਛਿਆ ਕਿ ਵਿਦੇਸ਼ੀ ਔਰਤਾਂ ਨਗਨ ਹੋ ਜਾਂਦੀਆਂ ਹਨ, ਸਾਡੀ ਇੰਨੀ ਹਿੰਮਤ ਨਹੀਂ ਹੈ। ਕੀ ਬਿਨਾਂ ਨਗਨ ਹੋਇਆਂ ਘਟਨਾ ਨਹੀਂ ਵਾਪਰੇਗੀ? ਨਗਨ ਹੋਣ ਨਾਲ ਘਟਨਾ ਵਾਪਰਨ ਦਾ ਕੋਈ ਸਬੰਧ ਨਹੀਂ, ਸਬੰਧ ਕਿਸੇ ਹੋਰ ਗੱਲ ਨਾਲ ਹੈ। ਉਹ ਗੱਲ ਹੈ ਭੈ ਅਤੇ ਹੌਸਲੇ ਦੀ। ਉਹ ਜਿਹੜਾ ਸਰਲਤਾ ਨਾਲ ਨਗਨ ਖੜ੍ਹਾ ਹੋ ਗਿਆ, ਉਸਨੇ ਬਹੁਤ-ਸਾਰਾ ਭੈ ਛਡਿਆ ਹੈ। ਉਹ ਕਿੰਨਾ ਹੀ ਨਿਗੂਣਾ ਪ੍ਰਤੀਤ ਹੋਵੇ ਕਿ ਕੱਪੜੇ ਛਡਣ ਨਾਲ ਕੀ ਹੋਇਆ, ਕੱਪੜਾ ਨਹੀਂ ਛਡਿਆ ਹੈ ਉਸਨੇ। ਕੱਪੜਾ ਹੀ ਛਡਿਆ ਹੁੰਦਾ, ਤਾਂ ਕੁਝ ਵੀ ਨਾ ਹੁੰਦਾ। ਲੇਕਿਨ ਕੱਪੜਾ ਛਡਣ ਦੇ ਪਿਛੇ ਕੱਪੜੇ ਵਿਚ ਛੁਪਿਆ ਹੋਇਆ ਜੋ ਭੈ ਹੈ, ਉਹ ਵੀ ਛਡਿਆ।

ਲੋਕ ਮੈਥੋਂ ਆ ਕੇ ਪੁਛਦੇ ਹਨ; ਕੱਪੜਾ ਛਡਣ ਨਾਲ ਕੀ ਹੋਵੇਗਾ? ਕੱਪੜਾ ਛਡਣ ਦੀ ਗੱਲ ਹੀ ਨਹੀਂ ਹੈ ਇਥੇ। ਪਰ ਕੱਪੜਾ ਫੜ ਕਿਉਂ ਰਖਿਆ ਹੈ? ਅਤੇ ਛਡਣ ਨਾਲ ਕੁਝ ਨਹੀਂ ਹੋਵੇਗਾ, ਤਾਂ ਫੜਨ ਨਾਲ ਕੀ ਹੋ ਜਾਏਗਾ? ਉਹ ਜੋ ਪਕੜ ਹੈ, ਉਹ ਭੈ ਹੈ ਅੰਦਰ। ਫਿਰ ਬਹਾਨੇ ਅਸੀਂ ਕੋਈ ਵੀ ਲਭ ਲੈ ਸਕਦੇ ਹਾਂ। ਕਿਉਂਕਿ ਅਸੀਂ ਆਪਣੇ ਭੈ ਨੂੰ ਵੀ ਰੈਸ਼ਨਲਾਈਜ਼ ਕਰਦੇ ਹਾਂ, ਉਸਦੇ ਵੀ ਤਰਕ ਬਿਠਾਉਂਦੇ ਹਾਂ। ਉਹ ਜੋ ਨਗਨ ਖੜ੍ਹਾ ਹੋ ਜਾ ਰਿਹਾ ਹੈ, ਉਹ ਇਕ ਭੈ ਛਡ ਰਿਹਾ ਹੈ ਅਤੇ ਇਕ ਹੌਸਲਾ ਕਰ ਰਿਹਾ ਹੈ। ਹੋ ਸਕਦਾ ਹੈ ਸਰੀਰ ਉਸਦਾ ਕੋਝਾ ਹੋਵੇ, ਹੋਰ ਲੋਕ ਕੀ ਕਹਿਣਗੇ? ਜਿਸ ਸਰੀਰ ਨੂੰ ਹਜ਼ਾਰਾਂ-ਹਜ਼ਾਰ ਸਾਲ ਤੋਂ ਅਸੀਂ ਛੁਪਾਇਆ ਹੈ, ਉਸਨੂੰ ਖ਼ੁਦ ਵੀ ਨਹੀਂ ਦੇਖਿਆ ਹੈ ਦੂਜਿਆਂ ਦੇ ਦੇਖਣ ਦਾ ਤਾਂ ਸਵਾਲ ਹੀ ਨਹੀਂ ਹੈ। ਉਸਨੂੰ ਲੋਕ ਦੇਖ ਕੇ ਹੀ ਆਖਣਗੇ। ਕੀ ਸੋਚਣਗੇ! ਸਰੀਰ ਦੀ ਨਗਨਤਾ ਵੀ ਤਾਂ ਖ਼ੁਦ ਨੂੰ ਅਣਕੱਜਿਆ ਛਡ ਦੇਣਾ ਹੈ ਲੋਕਾਂ ਦੇ ਲਈ। ਪਾਗਲ ਸਮਝਣਗੇ, ਅਨੈਤਿਕ ਸਮਝਣਗੇ, ਅਧਾਰਮਕ ਸਮਝਣਗੇ, ਬੁਰਾ ਸਮਝਣਗੇ—ਕੀ ਸਮਝਣਗੇ ਲੋਕ! ਉਹ ਸਾਰਾ ਭੈ ਅੰਦਰ ਪਕੜ ਰਿਹਾ ਹੈ; ਉਸ ਭੈ ਨੂੰ ਛਡਣ ਦੀ ਗੱਲ ਹੈ। ਵਸਤਰ ਦੇ ਨਾਲ ਉਹ ਵੀ ਹਟਦਾ ਹੈ; ਵਸਤਰ ਦੇ ਹਟਣ ਨਾਲ ਕਦੇ ਅੰਦਰ ਹੌਸਲੇ ਦਾ ਵੀ ਜਨਮ ਹੁੰਦਾ ਹੈ।

ਮੈਨੂੰ ਯਾਦ ਆਉਂਦੀ ਹੈ ਇਕ ਘਟਨਾ। ਅਮਰੀਕਾ ਦਾ ਇਕ ਨੌਜਵਾਨ ਕਵੀ ਹੈ ਜਿੰਸਬਰਗ। ਬੜੀ ਅਜੀਬ-ਜਿਹੀ ਘਟਨਾ ਉਸਦੇ ਕਵੀ ਸੰਮੇਲਨ ਵਿਚ ਵਾਪਰੀ। ਕੈਲਿਫੋਰਨੀਆ ਵਿਖੇ ਇਕ ਕਵੀ ਸੰਮੇਲਨ ਵਿਚ ਉਹ ਆਪਣੇ ਗੀਤ ਸੁਣਾ ਰਿਹਾ ਸੀ। ਗੀਤ ਵਿਚ ਅਜੇਹੇ ਸ਼ਬਦ ਵੀ ਵਰਤੇ ਗਏ ਸਨ, ਜਿਨ੍ਹਾਂ ਨੂੰ ਅਸੀਂ ਅਸ਼ਲੀਲ ਕਹਿੰਦੇ ਹਾਂ। ਲੇਕਿਨ ਜਿੰਸਬਰਗ ਦਾ ਕਹਿਣਾ ਹੈ ਕਿ ਉਹ ਅਸ਼ਲੀਲ ਸ਼ਬਦ ਨਹੀਂ ਹਨ ਅਤੇ ਅਸੀਂ ਉਹਨਾਂ ਨੂੰ ਅਸ਼ਲੀਲ ਇਸੇਲਈ ਤਾਂ ਕਹਿੰਦੇ ਹਾਂ ਕਿ ਸਰੀਰ ਦੇ ਕੁਝ ਅੰਗਾਂ ਨੂੰ ਅਸ਼ਲੀਲ ਕਹਿੰਦੇ ਹਾਂ, ਅਤੇ ਉਹ ਸਾਡੇ ਅੰਗ ਵੀ ਹਨ। ਅਤੇ ਜੋ ਹੈ, ਉਸਦੀ

ਕਿੰਨੀ ਹੀ ਨਿੰਦਿਆ ਕਰੇ, ਉਸ ਤੋਂ ਕੋਈ ਛੁਟਕਾਰਾ ਨਹੀਂ। ਜੋ ਹੈ,ਉਹ ਹੈ, ਹਕੀਕਤ ਹੈ। ਇਸਲਈ ਉਹ ਅਸ਼ਲੀਲ ਸ਼ਬਦਾਂ ਦੀ ਸਹਿਜ ਵਰਤੋਂ ਕਰਦਾ ਹੈ। ਲੋਕ ਗੁੱਸੇ ਵਿਚ ਆ ਗਏ। ਅਤੇ ਇਕ ਆਦਮੀ ਨੇ ਖੜ੍ਹੇ ਹੋ ਕੇ ਕਿਹਾ ਕਿ ਕੀ ਤੂੰ ਸਮਝ ਰਿਹਾ ਹੈਂ ਕਿ ਅਸ਼ਲੀਲ ਸ਼ਬਦਾਂ ਦਾ ਕਵਿਤਾ ਵਿਚ ਇਸਤਮਾਲ ਕਰ ਲਿਆ, ਤਾਂ ਕੋਈ ਵਡਾ ਹੌਸਲਾ ਕੀਤਾ ਹੈ!

ਤਾਂ ਜਿੰਸਬਰਗ ਨੇ ਕਿਹਾ ਕਿ ਹੁਣ ਹੌਸਲੇ ਦੀ ਹੀ ਗੱਲ ਆ ਗਈ, ਤਾਂ ਤੂੰ ਆ ਜਾ ਮੰਚ ਉਤੇ ਅਤੇ ਨਗਨ ਹੋ ਜਾ, ਜਾਂ ਮੈ ਨਗਨ ਹੋ ਜਾਂਦਾ ਹਾਂ। ਉਹ ਆਦਮੀ ਘਬਰਾਇਆ; ਕਿਉਂਕਿ ਉਸਨੇ ਇਹ ਨਹੀਂ ਸੋਚਿਆ ਸੀ ਕਿ ਮਾਮਲਾ ਇਥੇ ਆ ਜਾਏਗਾ। ਅਤੇ ਜਿੰਸਬਰਗ ਕੱਪੜੇ ਲਾਹ ਕੇ ਨਗਨ ਖੜ੍ਹਾ ਹੋ ਗਿਆ। ਅਤੇ ਉਸਨੇ ਕਿਹਾ ਕਿ ਜੋ ਕਵਿਤਾ ਮੈਂ ਕਹਿ ਰਿਹਾ ਹਾਂ, ਉਹ ਕਵਿਤਾ ਵਿਚ ਨਹੀਂ ਕਹਿ ਰਿਹਾ ਹਾਂ, ਬਲਕਿ ਮੈਂ ਮਨੁੱਖ ਨੂੰ ਉਸਦੀ ਪੂਰੀ ਅਸਲੀਅਤ ਵਿਚ ਸਵੀਕਾਰ ਕਰਦਾ ਹਾਂ। ਮੇਰੇ ਮਨ ਵਿਚ ਕੋਈ ਨਿੰਦਿਆ ਨਹੀਂ ਹੈ।

ਅਤੇ ਕਿੰਨੇ ਹੀ ਵਸਤਰ ਢਕੋ, ਆਦਮੀ ਅੰਦਰ ਨੰਗਾ ਹੈ। ਵਸਤਰ ਢਕਣ ਵਿਚ ਕੁਝ ਭੈ ਹੈ। ਤਾਂ ਉਸ ਔਰਤ ਨੂੰ ਮੈਂ ਕਿਹਾ ਕਿ ਨਹੀਂ, ਅਜੇਹੀ ਚਿੰਤਾ ਦੀ ਕੋਈ ਗੱਲ ਨਹੀਂ ਹੈ। ਵਸਤਰ ਛਡਣਾ ਜ਼ਰੂਰੀ ਨਹੀਂ ਹੈ। ਧਿਆਨ ਬਿਨਾਂ ਵਸਤਰ ਛਡਿਆਂ ਵੀ ਹੋ ਜਾਂਦਾ ਹੈ; ਹੋ ਗਿਆ ਹੈ ਕਈਆਂ ਨੂੰ। ਬੁੱਧ ਨੇ ਕਦੇ ਵਸਤਰ ਨਹੀਂ ਛਡੇ ਅਤੇ ਧਿਆਨ ਹੋ ਗਿਆ। ਮਹਾਂਵੀਰ ਨੇ ਛਡੇ ਅਤੇ ਧਿਆਨ ਹੋ ਗਿਆ। ਕੋਈ ਵਸਤਰ ਛਡਣ ਨਾਲ ਧਿਆਨ ਦੇ ਹੋਣ ਨਾ ਹੋਣ ਦੀ ਗੱਲ ਨਹੀਂ ਹੈ। ਉਹ ਔਰਤ ਬਹੁਤ ਖ਼ੁਸ਼ ਹੋ ਗਈ। ਉਸਨੇ ਕਿਹਾ, ਤਦ ਬਿਲਕੁਲ ਠੀਕ ਹੈ।

ਕੀ ਬਿਲਕੁਲ ਠੀਕ ਹੈ? ਕਿਹੜੀ ਚੀਜ ਬਿਲਕੁਲ ਠੀਕ ਹੈ? ਧਿਆਨ ਦੇ ਬਹਾਨੇ ਭੈ ਹੈ, ਬਚ ਗਏ। ਅਜੇਹੀ ਜਟਲਤਾ ਹੈ ਆਦਮੀ ਦੇ ਮਨ ਦੀ। ਛੋਟੇ–ਛੋਟੇ ਭੈ ਵੀ ਛਡੋ। ਛੋਟੇ–ਛੋਟੇ ਵੀ ਹੌਸਲੇ ਕਰੋ। ਇਕ–ਇਕ ਕਦਮ ਚੁਕਦੇ–ਚੁਕਦੇ ਹਜ਼ਾਰਾਂ ਮੀਲ ਦੀ ਯਾਤਰਾ ਵੀ ਪੂਰੀ ਹੋ ਜਾਂਦੀ ਹੈ।

ਸੱਤਵਾਂ ਪ੍ਰਵਚਨ

ਘਾਤਕ ਪਰਛਾਵਾਂ

●

ਹੇ ਸ਼ਿਸ਼, ਉਸ ਘਾਤਕ ਪਰਛਾਵੇਂ ਤੋਂ ਸਾਵਧਾਨ ਰਹਿ। ਉਸ ਸਮੇਂ ਤਕ ਕੋਈ ਵੀ ਉੱਚੀ ਆਤਮਾ ਦਾ ਪ੍ਰਕਾਸ਼ ਨੀਵੀਂ ਆਤਮਾ ਦੇ ਹਨੇਰੇ ਨੂੰ ਨਹੀਂ ਮਿਟਾ ਸਕਦਾ, ਜਿਸ ਸਮੇਂ ਤਕ ਉਸ 'ਚੋਂ ਸਾਰੇ ਹੰਕਾਰੀ ਵਿਚਾਰ ਨਿਕਲ ਨਹੀਂ ਗਏ ਹਨ ਅਤੇ ਯਾਤਰੀ ਇਹ ਨਹੀਂ ਕਹਿੰਦਾ ਕਿ ਮੈਂ ਇਸ ਛਿਨਭੰਗਰ ਸਰੀਰ ਨੂੰ ਤਿਆਗ ਦਿਤਾ ਹੈ, ਮੈਂ ਕਾਰਨ ਦਾ ਨਾਸ ਕਰ ਦਿਤਾ ਹੈ। ਇਸਲਈ ਜੋ ਪਰਛਾਵੇਂ ਪੈਂਦੇ ਹਨ, ਉਹ ਹੁਣ ਟਿਕ ਨਹੀਂ ਸਕਦੇ। ਕਿਉਂਕਿ ਹੁਣ ਉੱਚੀ ਆਤਮਾ ਤੇ ਨੀਵੀਂ ਆਤਮਾ ਦੇ ਵਿਚਾਲੇ ਅੰਤਮ ਮਹਾਂਯੁੱਧ ਅਰੰਭ ਹੋ ਗਿਆ ਹੈ। ਇਸ ਮਹਾਂਯੁੱਧ ਵਿਚ ਸਮੁੱਚਾ ਰਣ-ਖੇਤਰ ਸਮਾ ਗਿਆ ਹੈ, ਉਹ ਜਿਵੇਂ ਹੈ ਹੀ ਨਹੀਂ।

ਲੇਕਿਨ, ਜਦ ਇਕ ਵਾਰ ਤੂੰ ਛਾਂਤੀ (ਧੀਰਜ) ਦੇ ਦੁਆਰ ਨੂੰ ਪਾਰ ਕਰ ਜਾਂਦਾ ਹੈਂ, ਤਦ ਤੀਜਾ ਕਦਮ ਵੀ ਉਠ ਜਾਂਦਾ ਹੈ। ਤੇਰਾ ਸਰੀਰ ਤੇਰਾ ਸੇਵਕ ਹੈ। ਅਤੇ ਹੁਣ ਚੌਥੇ ਕਦਮ ਦੀ ਤਿਆਰੀ ਕਰ। ਇਹ ਲੋਭ ਦਾ ਦੁਆਰ ਹੈ ਜੋ ਅੰਤਰ-ਸਥਿਤ ਮਨੁੱਖ ਨੂੰ ਫਸਾਉਂਦਾ ਹੈ।

ਇਸ ਤੋਂ ਪਹਿਲਾਂ ਕਿ ਤੂੰ ਮੰਜ਼ਲ ਦੇ ਨੇੜੇ ਪੁੱਜੇਂ, ਇਸ ਤੋਂ ਪਹਿਲਾਂ ਕਿ ਤੇਰੇ ਹੱਥ ਚੌਥੇ ਦੁਆਰ ਦਾ ਕੁੰਡਾ ਖੋਲ੍ਹਣ ਲਈ ਉੱਠਣ, ਤੂੰ ਆਪਣੀ ਆਤਮਾ ਦੀਆਂ ਉਹਨਾਂ ਸਾਰੀਆਂ ਮਾਨਸਿਕ ਤਬਦੀਲੀਆਂ ਨੂੰ ਪਛਾਣਨਾ ਹੈ ਅਤੇ ਵਿਚਾਰ ਬਿਰਤੀਆਂ ਨੂੰ ਮਾਰਨਾ ਹੈ, ਜੋ ਸੂਖਮ ਅਤੇ ਛਲਪੂਰਨ ਢੰਗ ਨਾਲ ਆਤਮਾ ਦੇ ਜੋਤ ਭਰੇ ਮੰਦਰ ਵਿਚ ਬਿਨਾਂ ਪੁੱਛੇ ਵੜ ਜਾਂਦੇ ਹਨ।

ਜੇ ਤੂੰ ਉਹਨਾਂ ਦੇ ਹੱਥੋਂ ਨਹੀਂ ਮਰਨਾ ਹੈ, ਤਾਂ ਤੈਨੂੰ ਆਪਣੀਆਂ ਸਿਰਜਣਾਵਾਂ ਨੂੰ, ਆਪਣੇ ਵਿਚਾਰਾਂ ਦੀ ਸੰਤਾਨ ਨੂੰ ਨਿਰਦੋਸ਼ ਬਣਾਉਣਾ ਪੈਣਾ ਹੈ, ਜੋ ਅਦ੍ਰਿਸ਼ਟ ਤੇ ਅਣਜਾਣੇ ਢੰਗ ਨਾਲ ਮਨੁੱਖ-ਮਾਤਰ ਦੇ ਦਰਮਿਆਨ, ਉਸ ਦੀਆਂ ਪਦਾਰਥਕ-ਕਮਾਈਆਂ ਦੇ ਦਰਮਿਆਨ ਘਰ ਬਣਾ ਲੈਂਦੀਆਂ ਹਨ ਅਤੇ ਜੋ ਮੁਕੰਮਲ ਜਿਹਾ ਭਾਸਦਾ ਹੈ, ਉਸਦੀ ਸ਼ੂੰਨਯਤਾ ਨੂੰ ਅਤੇ ਜੋ ਸੂੰਨਯ ਜਿਹਾ ਭਾਸਦਾ ਹੈ, ਉਸਦੀ ਪੂਰਨਤਾ ਨੂੰ ਤੂੰ ਸਮਝਣਾ ਹੈ। ਓ ਨਿਰਭੈ ਖੋਜੀ, ਆਪਣੇ ਹੀ ਦ੍ਰਿਸ਼ਟ ਦੇ ਖੂਹ ਦੀ ਗਹਿਰਾਈ ਵਿਚ ਝਾਕ ਅਤੇ ਤਦ ਉੱਤਰ ਦੇ। ਹੇ ਬਾਹਰਲੇ ਪਰਛਾਵਿਆਂ ਦੇ ਦ੍ਰਸ਼ਟਾ, ਆਪਣੀ ਹੀ ਆਤਮਾ ਦੀਆਂ ਸ਼ਕਤੀਆਂ ਨੂੰ ਜਾਣ।

ਜੇ ਇਹ ਨਹੀਂ ਕਰਦਾ ਹੈਂ, ਤਾਂ ਤੂੰ ਨਸ਼ਟ ਹੋ ਜਾਏਂਗਾ।

●

ਹਨੇਰੇ ਦਾ ਆਪਣਾ ਕੋਈ ਵਜੂਦ ਨਹੀਂ, ਵਜੂਦ ਤਾਂ ਪ੍ਰਕਾਸ਼ ਦਾ ਹੈ। ਪਰ ਹਨੇਰਾ ਵੀ ਦਿਖਾਈ ਪੈਂਦਾ ਹੈ ਅਤੇ ਅਸਲੀ ਪ੍ਰਤੀਤ ਹੁੰਦਾ ਹੈ। ਅਤੇ ਕੌਣ ਕਹੇਗਾ ਕਿ ਹਨੇਰਾ ਨਹੀਂ ਹੈ? ਅਨੁਭਵ ਵਿਚ ਤਾਂ ਇਉਂ ਆਉਂਦਾ ਹੈ ਕਿ ਪ੍ਰਕਾਸ਼ ਨਾਲੋਂ ਵੀ ਜ਼ਿਆਦਾ ਅਸਲੀ ਹਨੇਰਾ ਹੈ, ਕਿਉਂਕਿ ਪ੍ਰਕਾਸ਼ ਨੂੰ ਤਾਂ ਜਗਾਉਣਾ ਪੈਂਦਾ ਹੈ, ਫਿਰ ਵੀ ਬੁਝ-ਬੁਝ ਜਾਂਦਾ ਹੈ; ਹਨੇਰੇ ਨੂੰ ਬਾਲਣਾ ਵੀ ਨਹੀਂ ਪੈਂਦਾ, ਫਿਰ ਵੀ ਬਣਿਆ ਰਹਿੰਦਾ ਹੈ। ਅਤੇ ਪ੍ਰਕਾਸ਼ ਤਾਂ ਕਿੰਨਾ ਹੀ ਵਡਾ ਦਿਖਾਈ ਪਵੇ, ਸੀਮਿਤ ਜਾਪਦਾ ਹੈ; ਹਨੇਰਾ ਅਸੀਮ ਹੈ। ਅਤੇ ਅਜੇਹਾ ਲਗਦਾ ਹੈ ਕਿ ਹਨੇਰੇ ਦੇ ਸਾਗਰ ਵਿਚ ਪ੍ਰਕਾਸ਼ ਕਦੇ ਜਗਦਾ ਤੇ ਬੁਝ ਜਾਂਦਾ ਹੈ, ਲੇਕਿਨ ਸਾਗਰ ਬਰਕਰਾਰ ਰਹਿੰਦਾ ਹੈ, ਜਦਕਿ ਅਸਲ ਵਿਚ ਹਨੇਰਾ ਨਹੀਂ ਹੈ। ਫਿਰ ਹਨੇਰਾ ਦਿਖਾਈ ਕਿਵੇਂ ਪੈਂਦਾ ਹੈ? ਅਤੇ ਜੇ ਹਨੇਰਾ ਨਹੀਂ ਹੈ, ਤਾਂ ਹਨੇਰਾ ਹੈ ਕੀ? ਜੇ ਉਸਦਾ ਵਜੂਦ ਨਹੀਂ ਹੈ, ਤਾਂ ਉਸਦੀ ਇਹ ਪ੍ਰਤੀਤੀ, ਉਸਦੀ ਇਹ ਭਰਮਾਊ ਪ੍ਰਤੀਤੀ ਵੀ ਕਿਉਂ ਹੁੰਦੀ ਹੈ?

ਇਸਨੂੰ ਜ਼ਰਾ ਸਮਝ ਲੈਣਾ, ਤਾਂ ਇਸ ਸਮੂਹ ਵਿਚ ਪ੍ਰਵੇਸ਼ ਹੋ ਸਕੇ।

ਪ੍ਰਕਾਸ਼ ਹੈ। ਅਤੇ ਹਨੇਰਾ ਸਿਰਫ਼ ਪ੍ਰਕਾਸ਼ ਦੀ ਅਣਹੋਂਦ ਹੈ, ਉਸਦੀ ਗੈਰ-ਮੌਜੂਦਗੀ ਹੈ, ਉਸਦੀ ਗੈਰਹਾਜ਼ਰੀ ਹੈ। ਇਸਲਈ ਅਸੀਂ ਪ੍ਰਕਾਸ਼ ਨੂੰ ਬਾਲ ਸਕਦੇ ਹਾਂ, ਹਨੇਰੇ ਨੂੰ ਨਹੀਂ ਬਾਲ ਸਕਦੇ। ਇਸਲਈ ਅਸੀਂ ਪ੍ਰਕਾਸ਼ ਨੂੰ ਬੁਝਾ ਸਕਦੇ ਹਾਂ, ਹਨੇਰੇ ਨੂੰ ਨਹੀਂ ਬੁਝਾ ਸਕਦੇ। ਇਸਲਈ ਅਸੀਂ ਪ੍ਰਕਾਸ਼ ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਜਾ ਸਕਦੇ ਹਾਂ, ਹਨੇਰੇ ਨੂੰ ਇਕ ਥਾਂ ਤੋਂ ਦੂਜੀ ਥਾਂ ਨਹੀਂ ਲਿਜਾ ਸਕਦੇ। ਜੋ ਹੈ ਹੀ ਨਹੀਂ, ਉਸਨੂੰ ਲੈ ਜਾਣ ਦਾ ਵੀ ਕੋਈ ਉਪਾਅ ਨਹੀਂ। ਜੋ ਹੈ ਹੀ ਨਹੀਂ, ਉਸਨੂੰ ਬਣਾਉਣ ਦਾ ਵੀ ਕੋਈ ਉਪਾਅ ਨਹੀਂ। ਜੋ ਹੈ ਹੀ ਨਹੀਂ, ਉਸਨੂੰ ਮਿਟਾਉਣ ਦਾ ਵੀ ਕੋਈ ਉਪਾਅ ਨਹੀਂ। ਕਿਉਂਕਿ ਹਨੇਰੇ ਦੇ ਨਾਲ ਅਸੀਂ ਕੁਝ ਵੀ ਨਹੀਂ ਕਰ ਸਕਦੇ, ਇਸਲਈ ਹਨੇਰਾ ਨਹੀਂ ਹੈ। ਜੋ ਹੈ, ਉਸਦੇ ਨਾਲ ਹੀ ਕੁਝ ਕੀਤਾ ਜਾ ਸਕਦਾ ਹੈ।

ਅਤੇ ਅਸੀਂ ਜੇ ਹਨੇਰੇ ਦੇ ਨਾਲ ਕੁਝ ਕਰਨਾ ਹੋਵੇ, ਤਾਂ ਪ੍ਰਕਾਸ਼ ਦੇ ਨਾਲ ਹੀ ਕੁਝ ਕਰਨਾ ਪੈਂਦਾ ਹੈ। ਜੇ ਹਨੇਰਾ ਚਾਹੀਦਾ ਹੀ ਹੈ, ਤਾਂ ਪ੍ਰਕਾਸ਼ ਬੁਝਾਉਣਾ ਪੈਂਦਾ ਹੈ, ਹਨੇਰਾ ਨਹੀਂ ਬਾਲਣਾ ਪੈਂਦਾ। ਜੇ ਹਨੇਰਾ ਨਹੀਂ ਚਾਹੀਦਾ ਤਾਂ ਪ੍ਰਕਾਸ਼ ਬਾਲਣਾ ਪੈਂਦਾ ਹੈ; ਹਨੇਰੇ ਨੂੰ ਹਟਾਉਣਾ ਨਹੀਂ ਪੈਂਦਾ। ਹਨੇਰੇ ਦੇ ਨਾਲ ਕੁਝ ਕਰਨ ਦਾ ਉਪਾਅ ਹੀ ਨਹੀਂ। ਜੋ ਹੈ ਹੀ ਨਹੀਂ, ਉਸਦੇ ਨਾਲ ਕੁਝ ਕੀਤਾ ਵੀ ਨਹੀਂ ਜਾ ਸਕਦਾ। ਹਨੇਰਾ ਹੈ ਅਣਹੋਂਦ; ਉਹ ਪ੍ਰਕਾਸ਼ ਦੇ ਨਾ ਹੋਣ ਦਾ ਨਾਂ ਹੈ, ਅੱਖਾਂ ਜਦ ਪ੍ਰਕਾਸ਼ ਨੂੰ ਨਹੀਂ ਪਾਂਦੀਆਂ, ਤਾਂ ਉਸ ਵਿਚ ਨਹੀਂ ਪਾਣ ਦੀ ਜੋ ਪ੍ਰਤੀਤੀ ਹੈ, ਉਹ ਹੈ ਹਨੇਰਾ। ਹਨੇਰਾ ਖ਼ਾਲੀ ਥਾਂ ਹੈ। ਅਤੇ ਸਾਡੇ ਅੰਦਰ ਬੜਾ ਹਨੇਰਾ ਹੈ।

ਬਾਹਰ ਦੇ ਹਨੇਰੇ ਨੂੰ ਤਾਂ ਅਸੀਂ ਬਾਹਰ ਦੇ ਪ੍ਰਕਾਸ਼ ਨਾਲ ਮਿਟਾ ਲੈਂਦੇ ਹਾਂ, ਅੰਦਰ ਦੇ ਹਨੇਰੇ ਨੂੰ ਅੰਦਰ ਦੇ ਪ੍ਰਕਾਸ਼ ਨਾਲ ਹੀ ਮਿਟਾ ਸਕਾਂਗੇ। ਬਹੁਤ ਲੋਕ ਨਾਸਮਝੀ ਵਿਚ ਪੈ ਜਾਂਦੇ ਹਨ। ਉਹ ਅੰਦਰ ਦੇ ਹਨੇਰੇ ਨੂੰ ਸਿੱਧਾ ਹੀ ਮਿਟਾਉਣ ਦੀ ਕੋਸ਼ਿਸ਼ ਵਿਚ ਲਗ ਜਾਂਦੇ ਹਨ, ਤਦ ਅੜਿਚਣ ਖੜ੍ਹੀ ਹੋ ਜਾਂਦੀ ਹੈ। ਜਦ ਉਹ ਅੰਦਰ ਦੇ ਹਨੇਰੇ ਨੂੰ ਸਿੱਧਾ ਹੀ ਕੱਟਣ-ਵੱਢਣ ਲਗਦੇ ਹਨ, ਤਾਂ ਉਲਝਣ ਵਿਚ ਪੈ ਜਾਂਦੇ ਹਨ, ਤਣਾਉ ਨਾਲ ਭਰ ਜਾਂਦੇ ਹਨ, ਹੋਰ ਵੀ ਅਸ਼ਾਂਤ ਹੋ ਜਾਂਦੇ ਹਨ। ਅੰਦਰ ਦੇ ਹਨੇਰੇ ਨੂੰ ਮਿਟਾਉਣ ਦਾ ਇਹੀ ਉਪਾਅ ਹੈ ਇਕ ਅੰਦਰ ਦਾ ਪ੍ਰਕਾਸ਼ ਜਗਾਇਆ ਜਾਵੇ। ਸਿੱਧੇ ਹਨੇਰੇ ਦੀ ਗੱਲ ਹੀ ਨਾ ਕਰੋ, ਸਿੱਧੇ ਹਨੇਰੇ ਦੀ ਚਿੰਤਾ ਹੀ ਨਾ ਕਰੋ।

ਇਉਂ ਸਮਝੋ, ਕੋਈ ਮੇਰੇ ਕੋਲ ਆਉਂਦਾ ਹੈ ਅਤੇ ਕਹਿੰਦਾ ਹੈ, ਕ੍ਰੋਧ ਬਹੁਤ ਹੈ, ਕੀ ਕਰਾਂ? ਉਸਨੂੰ ਮੈਂ ਕਹਿੰਦਾ ਹਾਂ, ਕ੍ਰੋਧ ਦੀ ਤੂੰ ਗੱਲ ਹੀ ਨਾ ਕਰ। ਤੂੰ ਕ੍ਰੋਧ ਨੂੰ ਰਹਿਣ ਦੇ, ਤੂੰ ਸ਼ਾਂਤ ਕਿਵੇਂ ਹੋ ਸਕਦਾ ਹੈਂ, ਇਸਦੀ ਗੱਲ ਕਰ। ਅਤੇ ਜਿਸ ਦਿਨ ਤੂੰ ਸ਼ਾਂਤ ਹੋਣ ਲਗੇਂਗਾ, ਕ੍ਰੋਧ ਆਪਣੇ-ਆਪ ਅਲੋਪ ਹੋ ਜਾਏਗਾ। ਕ੍ਰੋਧ ਸਿਰਫ ਅਣਹੋਂਦ ਹੈ। ਕੋਈ ਕਹਿੰਦਾ ਹੈ, ਕਾਮਵਾਸਨਾ ਤੋਂ ਕਿਵੇਂ ਛੁਟਕਾਰਾ ਹੋਵੇ। ਉਸਨੂੰ ਮੈਂ ਕਹਿੰਦਾ ਹਾਂ ਉਸਨੂੰ ਤੂੰ ਛੋਹ ਹੀ ਨਾ। ਤੂੰ ਪ੍ਰੇਮ ਨੂੰ ਪਸਾਰ। ਜਿੰਨਾ ਪ੍ਰੇਮ ਵਿਰਾਟ ਹੁੰਦਾ ਜਾਏਗਾ, ਉਨਾ ਹੀ ਕਾਮ ਕਮਜ਼ੋਰ ਅਤੇ ਸ਼ੂੰਨਯ ਹੁੰਦਾ ਜਾਏਗਾ।

ਨਕਾਰ ਵਿਚ ਨਾ ਪਵੋ, ਵਿਧਾਇਕਤਾ ਦੀ ਖੋਜ ਕਰੋ। ਜੋ ਅਸਲ ਵਿਚ ਹੈ, ਉਸਦੀ ਹੀ ਚਿੰਤਾ ਵਿਚ ਲਗੋ, ਤਾਂ ਕੁਝ ਹੋ ਸਕੇਗਾ।

ਲੇਕਿਨ ਸਾਡੇ ਵਿਚੋਂ ਬਹੁਤ ਲੋਕ ਇਸੇਲਈ ਭਟਕਦੇ ਹਨ ਕਿ ਅਸੀਂ ਨਕਾਰ ਦੇ ਨਾਲ ਹੀ ਉਲਝ ਜਾਂਦੇ ਹਾਂ, ਅਸੀਂ ਪਰਛਾਵਿਆਂ ਨਾਲ ਲੜਦੇ ਹਾਂ ਅਤੇ ਫਿਰ ਹਾਰ ਜਾਂਦੇ ਹਾਂ। ਤਾਂ ਮਨ ਵਿਚ ਸਿੱਧਾ ਲਗਦਾ ਹੈ ਕਿ ਜਦ ਪਰਛਾਵੇਂ ਕੋਲੋਂ ਹਾਰ ਗਏ ਤਾਂ ਪਰਛਾਵਾਂ ਬਹੁਤ ਸ਼ਕਤੀਸ਼ਾਲੀ ਹੋਣਾ ਚਾਹੀਦਾ ਹੈ।

ਸੁਭਾਵਕ ਹੀ ਸਿੱਧਾ ਤਰਕ ਅਤੇ ਗਣਿਤ ਹੈ ਕਿ ਜਿਸ ਕੋਲੋਂ ਅਸੀਂ ਹਾਰ ਗਏ, ਉਹ ਮਜ਼ਬੂਤ ਹੋਣਾ ਚਾਹੀਦਾ ਹੈ। ਲੇਕਿਨ ਪਰਛਾਵੇਂ ਕੋਲੋਂ ਤੁਸੀਂ ਹਾਰਦੇ ਨਹੀਂ ਹੋ, ਪਰਛਾਵੇਂ ਤੋਂ ਜਿੱਤ ਵੀ ਨਹੀਂ ਸਕਦੇ। ਪਰਛਾਵਾਂ ਹੈ ਹੀ ਨਹੀਂ। ਪਰਛਾਵੇਂ

ਨਾਲ ਲੜ ਕੇ ਤੁਸੀਂ ਆਪਣੀ ਹੀ ਸ਼ਕਤੀ ਨਸ਼ਟ ਕਰਦੇ ਹੋ। ਅਤੇ ਖ਼ੁਦ ਦੀ ਸ਼ਕਤੀ ਨਸ਼ਟ ਹੋ ਜਾਂਦੀ ਹੈ, ਤਾਂ ਪਛਾੜੇ ਹੋਏ, ਹਾਰੇ ਹੋਏ ਡਿਗ ਜਾਂਦੇ ਹੋ। ਪਰਛਾਵੇਂ ਨੂੰ ਨਾ ਕੋਈ ਚੋਟ ਪਹੁੰਚਦੀ ਹੈ ਅਤੇ ਨਾ ਪਰਛਾਵਾਂ ਤੁਹਾਨੂੰ ਕੋਈ ਚੋਟ ਪੁਜਾਉਂਦਾ ਹੈ, ਪਰ ਹਾਰ ਹੋ ਜਾਂਦੀ ਹੈ। ਆਪਣੀ ਹੀ ਸ਼ਕਤੀ ਖੋ ਕੇ ਆਦਮੀ ਹਾਰ ਜਾਂਦਾ ਹੈ। ਅਤੇ ਧਰਮ ਹੈ ਵਿਧਾਇਕਤਾ। ਜਦ ਤਕ ਕੋਈ ਨਕਾਰ ਨਾਲ ਚਲਦਾ ਹੈ, ਤਦ ਤਕ ਧਾਰਮਕ ਵਿਗਿਆਨ ਦੀ ਪਰਕਿਰਿਆ ਉਸਦੇ ਹੱਥ ਨਹੀਂ ਆਉਂਦੀ।

ਇਸ ਸੂਤਰ ਨੂੰ ਹੁਣ ਅਸੀਂ ਸਮਝੀਏ।

'ਹੇ ਸ਼ਿਸ਼, ਉਸ ਘਾਤਕ ਪਰਛਾਵੇਂ ਤੋਂ ਸਾਵਧਾਨ ਰਹਿ। ਉਸ ਸਮੇਂ ਤਕ ਕੋਈ ਵੀ ਉੱਚੀ ਆਤਮਾ ਦਾ ਪ੍ਰਕਾਸ਼ ਨੀਵੀਂ ਆਤਮਾ ਦੇ ਹਨੇਰੇ ਨੂੰ ਨਹੀਂ ਮਿਟਾ ਸਕਦਾ, ਜਿਸ ਸਮੇਂ ਤਕ ਉਸ ਚੋਂ ਸਾਰੇ ਹੰਕਾਰੀ ਵਿਚਾਰ ਨਹੀਂ ਨਿਕਲ ਗਏ ਹਨ ਅਤੇ ਯਾਤਰੀ ਇਹ ਨਹੀਂ ਕਹਿੰਦਾ ਕਿ ਮੈਂ ਇਸ ਛਿਨ-ਭੰਗਰ ਸਰੀਰ ਨੂੰ ਤਿਆਗ ਦਿਤਾ ਹੈ।'

ਆਦਮੀ ਦੇ ਅੰਦਰ ਉਸ ਪ੍ਰਕਾਸ਼ ਨੂੰ ਜਗਾਉਣ ਦੇ ਲਈ ਕਰੀਏ?

ਇਕ ਗੱਲ ਹੋਰ ਸਮਝ ਲੈਣਾ।

ਪਹਿਲੀ ਤਾਂ ਗੱਲ ਇਹ ਹੈ : ਹਨੇਰੇ ਨਾਲ ਨਾ ਲੜੋ, ਪ੍ਰਕਾਸ਼ ਨੂੰ ਜਗਾਉਣ ਦੀ ਚੇਸ਼ਟਾ ਕਰੋ। ਦੂਜੀ ਗੱਲ, ਜੋ ਪ੍ਰਕਾਸ਼ ਜਗਾਇਆ ਜਾਂਦਾ ਹੈ, ਉਹ ਬੁਝ ਜਾਏਗਾ। ਸਾਰੀਆਂ ਬਣੀਆਂ ਹੋਈਆਂ ਚੀਜ਼ਾਂ ਨਸ਼ਟ ਹੋ ਜਾਂਦੀਆਂ ਹਨ। ਅਤੇ ਜੋ ਪ੍ਰਕਾਸ਼ ਪੈਦਾ ਕੀਤਾ ਜਾਂਦਾ ਹੈ, ਉਹ ਕਲ੍ਹ ਮਰੇਗਾ। ਜਨਮ ਦੇ ਬਾਅਦ ਮੌਤ ਹੈ। ਅੰਦਰ ਦਾ ਪ੍ਰਕਾਸ਼ ਜੇਕਰ ਅਸੀਂ ਜਗਾਇਆ—ਤਾਂ ਕਿੰਨੀ ਦੇਰ ਚਲੇਗਾ? ਜਿਸਦੇ ਦੀਪਣ ਵਿਚ ਅਸੀਂ ਹਾਂ, ਉਹ ਕਿੰਨੀ ਦੇਰ ਚਲੇਗਾ? ਅਤੇ ਜਿਸਨੂੰ ਅਸੀਂ ਪੈਦਾ ਕੀਤਾ, ਉਹ ਸਾਥੋਂ ਵਡਾ ਨਹੀਂ ਹੋ ਸਕਦਾ, ਉਹ ਸਾਥੋਂ ਛੋਟਾ ਹੋਵੇਗਾ। ਅਤੇ ਅਸੀਂ ਹੀ ਮਿਟ ਜਾਂਦੇ ਹਾਂ, ਤਾਂ ਸਾਡਾ ਬਾਲਿਆ ਹੋਇਆ ਦੀਵਾ ਕਿੰਨਾ ਟਿਕੇਗਾ? ਅਤੇ ਜੋ ਸਾਡਾ ਹੀ ਪੈਦਾ ਕੀਤਾ ਹੋਇਆ ਹੈ, ਉਹ ਸਾਨੂੰ ਰਹਿਨੁਮਾਈ ਨਹੀਂ ਦੇ ਸਕਦਾ।

ਤਾਂ ਦੂਜੀ ਗੱਲ ਸਮਝ ਲੈਣਾ ਕਿ ਅੰਦਰ ਦਾ ਪ੍ਰਕਾਸ਼ ਬਲਦਾ ਨਹੀਂ ਹੈ। ਅੰਦਰ ਦਾ ਪ੍ਰਕਾਸ਼ ਹੈ ਹੀ; ਕੱਜਿਆ ਹੋਇਆ ਹੈ, ਢਕਿਆ ਹੈ; ਉਘਾੜਨਾ ਹੈ, ਅਣਢਕਿਆ ਕਰਨਾ ਹੈ। ਜਿਵੇਂ ਕਿ ਪੱਥਰ ਦੀ ਓਟ ਵਿਚ ਇਕ ਝਰਨਾ ਛੁਪਿਆ ਹੋਵੇ ਅਤੇ ਧੱਕਾ ਮਾਰ ਰਿਹਾ ਹੋਵੇ ਪੱਥਰ ਨੂੰ, ਕਿ ਪਾਸੇ ਹਟ ਦੁਆਰ ਤੋਂ, ਤਾਂ ਮੈਂ ਫੁੱਟ ਪਵਾਂ, ਉਵੇਂ ਹੀ ਅੰਦਰ ਦਾ ਪ੍ਰਕਾਸ਼ ਹੈ। ਦੁਆਰ 'ਤੇ ਕੋਈ ਪੱਥਰ ਹੈ, ਉਹ ਅਟਕਾ ਰਿਹਾ ਹੈ।

ਇਕ ਬੜੀ ਮਜ਼ੇਦਾਰ ਗੱਲ ਹੈ ਕਿ ਹਨੇਰਾ ਪ੍ਰਕਾਸ਼ ਨੂੰ ਜ਼ਰਾ ਵੀ ਨਹੀਂ ਰੋਕ ਸਕਦਾ। ਇਸਲਈ ਅਸਲੀ ਦੁਸ਼ਮਣ ਹਨੇਰਾ ਨਹੀਂ ਹੈ। ਤੁਸੀਂ ਦੀਵਾ ਬਾਲੋ, ਤਾਂ ਹਨੇਰਾ ਇਹ ਨਹੀਂ ਕਹਿ ਸਕਦਾ ਕਿ ਨਹੀਂ ਬਲਣ ਦਿਆਂਗੇ। ਹਨੇਰਾ ਦੀਵੇ ਨੂੰ ਬੁਝਾ ਵੀ ਨਹੀਂ ਸਕਦਾ। ਕਦੇ ਸੁਣਿਆ ਹੈ ਕਿ ਹਨੇਰੇ ਨੇ ਦੀਵੇ ਨੂੰ ਬੁਝਾ ਦਿਤਾ, ਕਿ ਹਨੇਰੇ ਨੇ ਹਮਲਾ ਕੀਤਾ ਹੋਵੇ ਅਤੇ ਦੀਵਾ ਮਿਟ ਗਿਆ ਹੋਵੇ? ਕਦੇ ਸੁਣਿਆ ਹੈ ਕਿ ਹਨੇਰੇ ਨੇ ਰੁਕਾਵਟ ਪਾਈ? ਇਕ ਘਰ ਵਿਚ ਜਾਓ, ਜੋ ਹਜ਼ਾਰ ਸਾਲ ਤੋਂ

ਹਨੇਰੇ ਵਿਚ ਦਬਿਆ ਹੋਵੇ ਅਤੇ ਉਥੇ ਵੀ ਇਕ ਛੋਟਾ–ਜਿਹਾ ਦੀਵਾ ਜਗਾਉ ਤਾਂ ਹਜ਼ਾਰ ਸਾਲ ਪੁਰਾਣਾ ਹਨੇਰਾ ਵੀ ਉਸ ਨਵੇਂ ਦੀਵੇ ਦੀ ਜੋਤ ਨੂੰ ਬੁਝਾ ਨਹੀਂ ਸਕੇਗਾ; ਰੋਕ ਵੀ ਨਹੀਂ ਸਕੇਗਾ ਜਗਣ ਤੋਂ। ਹਨੇਰਾ ਨਹੀਂ ਰੋਕਦਾ ਹੈ। ਫਿਰ ਕੌਣ ਰੋਕ ਰਿਹਾ ਹੈ ਪੱਥਰ ਦੀ ਤਰ੍ਹਾਂ ਅੰਦਰ ਪ੍ਰਕਾਸ਼ ਨੂੰ ਜਗਣ ਤੋਂ, ਜਾਂ ਪ੍ਰਕਾਸ਼ ਨੂੰ ਪਰਗਟ ਹੋਣ ਤੋਂ? ਕੌਣ ਅੜਿਆ ਹੈ ਝਰਨੇ 'ਤੇ?

ਹਨੇਰਾ ਨਹੀਂ, ਹੰਕਾਰ–'ਮੈਂ' ਦਾ ਭਾਵ। ਅਤੇ ਕਿਉਂ 'ਮੈਂ' ਦਾ ਭਾਵ ਰੁਕਾਵਟ ਬਣਦਾ ਹੋਵੇਗਾ? ਜਦ ਤਕ ਸਾਨੂੰ ਖ਼ਿਆਲ ਹੈ ਕਿ 'ਮੈਂ ਹਾਂ', ਤਦ ਤਕ ਅਸੀਂ ਵਿਰਾਟ ਨਾਲੋਂ ਆਪਣੇ–ਆਪ ਨੂੰ ਤੋੜ ਕੇ ਚਲਦੇ ਹਾਂ। ਅਤੇ ਉਹ ਪ੍ਰਕਾਸ਼ ਵਿਰਾਟ ਦਾ ਹੈ। ਪ੍ਰਕਾਸ਼ ਸਾਡਾ ਨਹੀਂ ਹੈ। ਅਸੀਂ ਤਾਂ ਜਦ ਤਕ ਹਾਂ, ਤਦ ਤਕ ਉਹ ਪ੍ਰਕਾਸ਼ ਪਰਗਟ ਨਹੀਂ ਹੋ ਸਕੇਗਾ। ਅਸੀਂ ਹੀ ਰੁਕਾਵਟ ਹਾਂ। ਬੁੱਧ ਨੇ ਬਹੁਤ ਵਾਰ ਕਿਹਾ ਹੈ, ਤੁਹਾਡੇ ਇਲਾਵਾ ਹੋਰ ਕੋਈ ਰੁਕਾਵਟ ਨਹੀਂ ਹੈ। ਅਤੇ ਤੁਸੀਂ ਸਮਝ ਰਹੇ ਹੋ ਆਪਣੇ–ਆਪ ਨੂੰ ਸਾਧਕ। ਅਤੇ ਤੁਹਾਡੇ ਇਲਾਵਾ ਹੋਰ ਕੋਈ ਰੁਕਾਵਟ ਨਹੀਂ ਹੈ। ਅਤੇ ਤੁਸੀਂ ਸੋਚ ਰਹੇ ਹੋ, ਮੈਂ ਸਾਧ ਲਵਾਂਗਾ ਸੱਚ ਨੂੰ! ਅਤੇ ਤੁਸੀਂ ਹੀ ਹੋ ਅੜਿੱਚਣ। ਤੁਸੀਂ ਹੀ ਅੜੇ ਹੋ ਰਾਹ ਵਿਚ, ਦਰਮਿਆਨ ਵਿਚ; ਤੁਸੀਂ ਹੀ ਝਰਨੇ ਨੂੰ ਫੁੱਟਣ ਨਹੀਂ ਦਿੰਦੇ। 'ਮੈਂ' ਦਾ ਭਾਵ, 'ਮੈਂ ਹਾਂ', ਇਸ ਐਲਾਨ ਵਿਚ ਹੀ ਵਿਰਾਟ ਦਬ ਗਿਆ ਹੈ। ਅਤੇ ਵਿਰਾਟ ਦੇ ਰਾਹ ਬੜੇ ਮੌਨ ਹਨ। ਅਤੇ ਵਿਰਾਟ ਦੇ ਰਾਹ ਬੜੇ ਨਿਮਰ ਹਨ। ਅਤੇ ਵਿਰਾਟ ਜ਼ਬਰਦਸਤੀ ਨਹੀਂ ਕਰਦਾ ਹੈ। ਵਿਰਾਟ ਹਮਲਾਵਰ ਨਹੀਂ। ਵਿਰਾਟ ਉਡੀਕ ਕਰਦਾ ਹੈ। ਅਤੇ ਸਾਡੇ 'ਮੈਂ' ਦੀ ਜੋ ਅਵਾਜ਼ ਹੈ, ਉਹ ਰੁਕਾਵਟ ਬਣ ਜਾਂਦੀ ਹੈ।

ਇਹ ਸੂਤਰ ਕਹਿੰਦਾ ਹੈ, ਹੰਕਾਰ ਦੇ ਵਿਚਾਰ ਜਦ ਤਕ ਨਿਕਲ ਨਹੀਂ ਗਏ ਹਨ, ਤਦ ਤਕ ਉਹ ਪ੍ਰਕਾਸ਼ ਨਹੀਂ ਹਾਸਲ ਹੋਵੇਗਾ, ਜਿਸ ਨਾਲ ਹਨੇਰਾ ਮਿਟ ਜਾਵੇ।

ਹੰਕਾਰ ਹੈ ਕੀ? ਕੀ ਹੈ ਤੁਹਾਡੇ ਅੰਦਰ ਜਿਸਨੂੰ ਤੁਸੀਂ ਕਹਿੰਦੇ ਹੋ 'ਮੈਂ' ਹਾਂ? ਸ਼ਬਦ ਦੇ ਇਲਾਵਾ ਹੋਰ ਕੀ ਹੈ? ਕਦੇ ਤੁਸੀਂ ਸੋਚਿਐ, ਕਿਸ ਨੂੰ ਤੁਸੀਂ ਪੁਕਾਰਦੇ ਹੋ 'ਮੈਂ'? ਕੌਣ ਹੈ ਇਹ ਉਸਦਾ ਕੋਈ ਵੀ ਪਤਾ ਨਹੀਂ–ਸਿਰਫ਼ ਇਕ ਲੇਬਲ! ਅੰਦਰ ਕੀ ਹੈ, ਉਸਦਾ ਸਾਨੂੰ ਕੋਈ ਪਤਾ ਨਹੀਂ। ਉਪਰ ਤੋਂ ਇਕ ਨਾਂ ਹੈ। ਬੱਚਾ ਪੈਦਾ ਹੁੰਦਾ ਹੈ, ਤਾਂ ਸਾਨੂੰ ਨਾਂ ਦੇਣਾ ਪੈਂਦਾ ਹੈ। ਕਹਿਣਾ ਪੈਂਦਾ ਹੈ ਰਾਮ, ਕ੍ਰਿਸ਼ਨ ਕੁਝ ਨਾਂ ਦੇਣਾ ਪੈਂਦਾ ਹੈ। ਬੱਚਾ ਬਿਨਾਂ ਨਾਂ ਦੇ ਪੈਦਾ ਹੁੰਦਾ ਹਾਂ। ਅਤੇ ਇਸ ਦੁਨੀਆਂ ਵਿਚ ਬਿਨਾਂ ਨਾਂ ਤੋਂ ਬੜੀ ਮੁਸ਼ਕਲ ਹੋ ਜਾਂਦੀ ਹੈ। ਉਸਦਾ ਕੋਈ ਨਾਂ ਨਾ ਹੋਵੇ ਤਾਂ ਬੜੀਆਂ ਕਠਨਾਈਆਂ ਖੜ੍ਹੀਆਂ ਹੋ ਜਾਂਦੀਆਂ ਹਨ। ਇਕ ਨਾਂ ਉਸਨੂੰ ਦਿੰਦੇ ਹਾਂ ਕਿ ਤੇਰਾ ਨਾਂ ਹੋਇਆ ਰਾਮ। ਇਸ ਨਾਂ ਨਾਲ ਦੂਜੇ ਉਸਨੂੰ ਪੁਕਾਰਦੇ ਹਨ। ਲੇਕਿਨ ਉਸਨੂੰ ਖ਼ੁਦ ਨੂੰ ਪੁਕਾਰਨ ਦੇ ਲਈ ਲਈ ਇਕ ਨਾਂ ਚਾਹੀਦਾ ਹੈ ਅਲੱਗ। ਕਿਉਂਕਿ ਜੇ ਉਹ ਵੀ ਕਹੇ ਰਾਮ, ਤਾਂ ਲੋਕ ਸਮਝਣਗੇ, ਪਤਾ ਨਹੀਂ, ਕਿਸੇ ਦੂਜੇ ਨੂੰ ਪੁਕਾਰਦਾ ਹੈ।

ਸੁਆਮੀ ਰਾਮ ਅਜੇਹਾ ਕਰਦੇ ਸੀ। ਸੁਆਮੀ ਰਾਮ ਨੇ 'ਮੈਂ' ਕਹਿਣਾ ਬੰਦ ਕਰ ਦਿਤਾ ਅਤੇ ਉਹ ਸਿੱਧੇ ਰਾਮ ਦੀ ਵਰਤੋਂ ਕਰਨ ਲਗੇ ਸਨ। ਉਹ ਕਹਿੰਦੇ ਸਨ, ਰਾਮ ਨੂੰ ਬੜੀ ਪਿਆਸ ਲਗੀ, ਤਾਂ ਸੁਣਨ ਵਾਲਾ ਸਮਝ ਹੀ ਨਹੀਂ ਪਾਂਦਾ ਸੀ ਕਿ ਉਹ

ਕਹਿ ਰਹੇ ਹਨ ਮੈਨੂੰ ਪਿਆਸ ਲਗੀ ਹੈ। ਤਾਂ ਸੁਣਨ ਵਾਲਾ ਪੁਛਦਾ, ਕਿਸ ਨੂੰ? ਉਹ ਕਹਿੰਦੇ, ਰਾਮ ਨੂੰ। ਤਾਂ ਉਹ ਆਸੇ-ਪਾਸੇ ਦੇਖਦਾ ਕਿ ਕਿਸਦੀ ਗੱਲ ਚੱਲ ਰਹੀ ਹੈ

ਰਾਮ ਇਕ ਦਿਨ ਪਿੰਡ ਤੋਂ ਪਰਤੇ ਤਾਂ ਉਹਨਾਂ ਨੇ ਕਿਹਾ ਕਿ ਅੱਜ ਰਾਮ ਨੂੰ ਰਾਹ ਵਿਚ ਬੜੀਆਂ ਗਾਲ੍ਹਾਂ ਪੈ ਰਹੀਆਂ ਸੀ। ਜਿਸਦੇ ਘਰ ਮਹਿਮਾਨ ਸਨ, ਉਹਨਾਂ ਨੇ ਕਿਹਾ, ਕਿਸ ਨੂੰ? ਤਾਂ ਉਹਨਾਂ ਨੇ ਕਿਹਾ, ਰਾਮ ਨੂੰ। ਤਾਂ ਘਰ ਵਾਲਿਆਂ ਨੇ ਪੁਛਿਆ ਕਿ ਮਹਾਰਾਜ, ਸਿੱਧਾ-ਸਿੱਧਾ ਕਿਉਂ ਨਹੀਂ ਕਹਿੰਦੇ ਕਿ ਤੁਹਾਨੂੰ ਗਾਲ੍ਹਾਂ ਪੈ ਗਈਆਂ। ਰਾਮ ਨੇ ਕਿਹਾ, ਲੇਕਿਨ ਰਾਮ ਨੂੰ ਹੀ ਪੈ ਰਹੀਆਂ ਸੀ, ਮੈਂ ਤਾਂ ਖਲੋਤਾ ਸੁਣ ਰਿਹਾ ਸੀ ਤੇ ਅੰਦਰ-ਅੰਦਰ ਹੱਸ ਰਿਹਾ ਸੀ ਕਿ ਚੰਗਾ ਫਸਿਆ। ਰਾਮ ਖ਼ੂਬ ਫਸਿਆ! ਅਤੇ ਰਾਮ ਨੂੰ ਮੈਂ ਕਹਿ ਰਿਹਾ ਸੀ ਅੰਦਰੋ-ਅੰਦਰ ਕਿ ਜਦ ਪ੍ਰਸੰਸਾ ਚਾਹੇਂਗਾ ਤਾਂ ਗਾਲ੍ਹਾਂ ਵੀ ਪੈਣਗੀਆਂ।

ਪਰ ਜੇ ਹਰ ਆਦਮੀ ਆਪਣੇ ਨਾਂ ਦੀ ਵਰਤੋਂ ਕਰਨ ਲਗੇ ਤਾਂ ਅੜਿੱਚਣ ਖੜ੍ਹੀ ਹੋਵੇਗੀ। ਚਰਚਾ ਮੁਸ਼ਕਲ ਹੋਵੇਗੀ। ਸਮਝ ਉਲਝ ਜਾਏਗੀ। ਜਟਲਤਾ ਵਧੇਗੀ। ਇਸਲਈ ਖ਼ੁਦ ਨੂੰ ਪੁਕਾਰਨ ਦੇ ਲਈ ਇਕ ਸਰਵਵਾਚੀ ਨਾਂ ਹੈ 'ਮੈਂ'। ਇਹ ਦੋਨੋਂ ਹੀ ਨਾਂ ਹਨ। ਨਾਂ ਦੂਜਿਆਂ ਨੂੰ ਬੁਲਾਉਣ ਦੇ ਲਈ, 'ਮੈਂ' ਖ਼ੁਦ ਨੂੰ ਸੰਕੇਤ ਕਰਨ ਦੇ ਲਈ। ਲੇਕਿਨ ਬਸ ਨਾਂ ਹੀ ਹੈ। ਅੰਦਰ ਕੀ ਹੈ ਉਸਦਾ ਸਾਨੂੰ ਕੋਈ ਪਤਾ ਨਹੀਂ। ਫਿਰ ਇਸ 'ਮੈਂ' ਸ਼ਬਦ ਦੇ ਆਸਪਾਸ ਅਸੀਂ ਸਾਰੇ ਜੀਵਨ ਨੂੰ ਕਸ ਲੈਂਦੇ ਹਾਂ, ਤਿਆਰ ਕਰ ਲੈਂਦੇ ਹਾਂ। ਫਿਰ ਮੈਂ ਰਾਜਾ ਹਾਂ, ਮੈਂ ਰੰਕ ਹਾਂ, ਮੈਂ ਸੰਨਿਆਸੀ ਹਾਂ, ਗ੍ਰਹਿਸਥ ਹਾਂ, ਧਨੀ ਹਾਂ, ਗਰੀਬ ਹਾਂ, ਸੁਖੀ ਹਾਂ, ਦੁਖੀ ਹਾਂ, ਵਡਾ ਹਾਂ, ਛੋਟਾ ਹਾਂ। ਫਿਰ ਅਸੀਂ ਇਸ 'ਮੈਂ' ਸ਼ਬਦ ਦੇ ਆਸਪਾਸ ਬੁਣਦੇ ਤੁਰੇ ਜਾਂਦੇ ਹਾਂ, ਜਿਵੇਂ ਮਕੜੀ ਜਾਲ ਬਣਾਉਂਦੀ ਹੈ। ਜਾਲ ਬਹੁਤ ਵਡਾ ਹੋ ਜਾਂਦਾ ਹੈ। ਇਸ ਛੋਟੇ-ਜਿਹੇ ਸ਼ਬਦ ਦੇ ਆਸਪਾਸ ਸਾਰਾ ਜੀਵਨ ਮੁੱਕ ਜਾਂਦਾ ਹੈ, ਪੂਰਾ ਜੀਵਨ ਲਗ ਜਾਂਦਾ ਹੈ।

ਇਹ ਜੋ 'ਮੈਂ' ਹੈ, ਇਹੀ ਰੁਕਾਵਟ ਹੈ ਉਸਨੂੰ ਜਾਣਨ ਵਿਚ, ਅਸਲ ਵਿਚ ਜੋ ਤੁਸੀਂ ਹੋ। ਪਰ ਇਹ ਸ਼ਬਦ ਹੀ ਤੁਹਾਡੇ ਲਈ ਕਾਫ਼ੀ ਹੋ ਗਿਆ ਅਤੇ ਤੁਸੀਂ ਸੋਚਦੇ ਹੋ ਕਿ ਜਾਣ ਲਿਆ ਖ਼ੁਦ ਨੂੰ, ਖ਼ੁਦ ਨੂੰ ਜਾਣਨਾ ਹੋਰ ਕੀ ਹੈ ਮੈਂ ਮੈਂ ਹਾਂ। ਲੇਕਿਨ ਕੁਝ ਵੀ ਨਹੀਂ ਜਾਣਿਆ। ਸਿਰਫ਼ ਇਕ ਸ਼ਬਦ ਸੀ ਅਤੇ ਤੁਸੀਂ ਸੋਚ ਰਹੇ ਹੋ, ਤੁਸੀਂ ਜਾਣ ਲਿਆ। ਉਪਰਲੀ ਗੱਲ ਹੈ। ਅੰਦਰ ਕੀ ਦਬਿਆ ਹੈ ਇਸ 'ਮੈਂ' ਵਿਚ?

ਇਸ 'ਮੈਂ' ਦੇ ਅੰਦਰ ਦਬਿਆ ਹੈ 'ਪ੍ਰਕਾਸ਼'। ਉਸਨੂੰ ਕੋਈ ਆਤਮਾ ਕਹੇ, ਪਰਮਾਤਮਾ ਕਹੇ ਜਾਂ ਕੋਈ ਹੋਰ ਨਾਂ ਦੇਵੇ, ਪਰ ਇਸ 'ਮੈਂ' ਦੇ ਅੰਦਰ ਦਬਿਆ ਹੈ ਪ੍ਰਕਾਸ਼। ਇਸ ਲੇਬਲ ਦੇ ਪਿਛੇ ਛੁਪਿਆ ਹੈ ਝਰਨਾ। ਜੇ ਇਹ ਲੇਬਲ ਹਟਾ ਲਵੇ, ਤਾਂ ਸੱਤਾ ਦਾ ਅਨੁਭਵ ਹੋਵੇਗਾ। ਇਹ ਨਾਂ ਹਟ ਜਾਵੇ, ਤਾਂ ਵਜੂਦ ਦਾ ਪਤਾ ਲਗੇ। ਇਸ ਨਾਂ ਨਾ ਅੜਿੱਚਣ ਹੋ ਗਈ। ਇਸ ਨਾਂ ਦੀ ਵਜ੍ਹਾ ਨਾਲ ਅੰਦਰ ਜਾਣਾ ਹੀ ਨਹੀਂ ਹੋ ਪਾਂਦਾ। ਬਸ ਇਥੇ ਹੀ ਰੁਕ ਜਾਂਦੇ ਹਾਂ, ਸੋਚਦੇ ਹਾਂ ਗੱਲ ਖ਼ਤਮ ਹੋ ਗਈ, ਸਮਝ ਲਿਆ।

ਸਾਡੀ ਹਾਲਤ ਅਜੇਹੀ ਹੈ, ਜਿਵੇਂ ਮੀਲ ਦੇ ਪੱਥਰ ਕੋਲ ਕੋਈ ਰੁਕ ਜਾਵੇ ਅਤੇ ਸੋਚ ਲਵੇ ਕਿ ਮੰਜ਼ਲ ਆ ਗਈ। ਮੀਲ ਦਾ ਪੱਥਰ ਸਿਰਫ ਇਸ਼ਾਰਾ ਹੈ। ਦਰਵਾਜ਼ੇ 'ਤੇ ਕੋਈ ਬੈਠ ਜਾਵੇ ਅਤੇ ਸੋਚੇ ਕੇ ਮੰਦਰ ਦੇ ਅੰਦਰ ਪਹੁੰਚ ਗਏ। ਦਰਵਾਜ਼ਾ ਸਿਰਫ ਅੰਦਰ ਪਹੁੰਚਣ ਦਾ ਦੁਆਰ ਸੀ। ਉਥੇ ਰੁਕਣਾ ਨਹੀਂ ਸੀ। ਉਥੋਂ ਤੋਂ ਅੱਗੇ ਜਾਣਾ ਸੀ। ਨਾਂ ਤਾਂ ਤੁਹਾਡੇ ਵਜੂਦ ਦੀ ਬਾਹਰਲੀ ਪਰਤ ਹੈ, ਦਾਇਰਾ ਹੈ। ਉਸ ਦਾਇਰੇ 'ਤੇ ਹੀ ਠਹਿਰੇ ਹਾਂ, ਕੇਂਦਰ ਦਾ ਖਿਆਲ ਹੀ ਭੁੱਲ ਗਏ ਹਾਂ। ਅਤੇ ਉਸ ਦਾਇਰੇ ਨੂੰ ਕੇਂਦਰ ਮੰਨ ਕੇ ਅਸੀਂ ਇਕ ਸੰਸਾਰ ਕਰ ਲਿਆ ਹੈ।

ਹੰਕਾਰ ਤੋਂ ਕੀ ਭਾਵ ਹੈ? ਅਤੇ ਜਦ ਤਕ ਇਹ ਹੰਕਾਰ ਦਾ ਪੱਥਰ ਨਹੀਂ ਹਟੇਗਾ, ਤਦ ਤਕ ਅੰਦਰ ਛੁਪੇ ਹੋਏ ਖਜ਼ਾਨੇ ਦਾ ਕੋਈ ਪਤਾ ਨਹੀਂ ਲਗੇਗਾ।

ਅੰਦਰ ਅਨੰਤ ਪ੍ਰਕਾਸ਼ ਹੈ, ਪਰ ਅਸੀਂ ਪਿੱਠ ਕਰੀ ਬੈਠੇ ਹਾਂ। ਅਤੇ ਜੋ ਅਸੀਂ ਨਹੀਂ ਹਾਂ, ਉਹ ਸਮਝਦੇ ਹਾਂ ਕਿ ਅਸੀਂ ਹਾਂ ਅਤੇ ਜੋ ਅਸੀਂ ਹਾਂ, ਉਸਦਾ ਸਾਨੂੰ ਕੋਈ ਖਿਆਲ ਨਹੀਂ! ਕੀ ਸਮਝਿਆ ਹੈ ਤੁਸੀਂ? ਜੇ ਕੋਈ ਤੁਹਾਥੋਂ ਪੁਛੇ ਕਿ ਜ਼ਰਾ ਦੱਸੋ ਆਪਣੇ ਸਬੰਧ ਵਿਚ, ਕੀ ਦੱਸੋਗੇ ਤੁਸੀਂ? ਬੜੀ ਮੁਸ਼ਕਲ ਵਿਚ ਪੈ ਜਾਉਗੇ। ਕੋਈ ਪੁਛਦਾ ਨਹੀਂ, ਇਸਲਈ ਕਿਉਂਕਿ ਇਹ ਬੜਾ ਅਸ਼ਿੱਸ਼ਟ ਹੋ ਜਾਏਗਾ, ਅਭੱਦਰ ਜਾਪੇਗਾ। ਕਿਸੇ ਨੂੰ ਅੜਿੱਚਣ ਵਿਚ ਪਾਉਣਾ ਠੀਕ ਵੀ ਨਹੀਂ ਹੈ।

ਕੋਈ ਜੇਕਰ ਪੁਛੇ ਤੁਹਾਥੋਂ ਕਿ ਕੀ ਹੋ ਤੁਸੀਂ, ਤਾਂ ਕੀ ਦੱਸੋਗੇ? ਜਾਣ-ਪਛਾਣ ਵਜੋਂ ਦੱਸੋਗੇ ਨਾਂ? ਕਿੰਨਾ ਮੁੱਲ ਹੈ ਨਾਂ ਦਾ? ਨਾਂ ਤਾਂ ਦੂਜਾ ਵੀ ਦੇ ਸਕਦੇ ਸੀ ਮਾਂ-ਬਾਪ, ਤਾਂ ਕੋਈ ਅੜਿੱਚਣ ਨਹੀਂ ਸੀ। ਤੀਜਾ ਵੀ ਦਿੰਦੇ, ਤਾਂ ਉਸ ਨਾਲ ਵੀ ਕੰਮ ਚਲ ਜਾਂਦਾ। ਇਸ ਨਾਂ ਵਿਚ ਤੁਹਾਡੇ ਹੋਣ ਦਾ ਕੀ ਜ਼ੋਰ ਹੈ? ਇਹ ਨਾਂ ਤਾਂ ਬਿਲਕੁਲ ਸੰਜੋਗੀ ਹੈ, ਐਕਸੀਡੈਂਟਲ ਹੈ, ਇਸ ਨਾਂ ਨਾਲ ਤੁਹਾਡਾ ਕੀ ਸਬੰਧ ਹੈ? ਇਸ ਨਾਂ ਦੇ ਬਿਨਾਂ ਤੁਸੀਂ ਨਹੀਂ ਹੋ ਸਕਦੇ। ਇਸ ਨਾਂ ਨੂੰ ਅਲੱਗ ਕਰ ਲਵੋ, ਤਾਂ ਕੀ ਤੁਸੀਂ ਮਿਟ ਜਾਉਗੇ?

ਗਹਿਰੀ ਨੀਂਦ ਵਿਚ ਇਹ ਨਾਂ ਮਿਟ ਜਾਂਦਾ ਹੈ, ਤੁਹਾਨੂੰ ਵੀ ਪਤਾ ਨਹੀਂ ਹੁੰਦਾ। ਯਾਦਦਾਸ਼ਤ ਨੂੰ ਜ਼ਰਾ ਚੋਟ ਲਗ ਜਾਵੇ, ਤੁਹਾਨੂੰ ਯਾਦ ਵੀ ਨਹੀਂ ਰਹਿੰਦਾ ਕਿ ਤੁਹਾਡਾ ਖ਼ੁਦ ਦਾ ਕੀ ਨਾਂ ਹੈ? ਇਸ ਨਾਂ ਨਾਲ ਤੁਹਾਡਾ ਕੀ ਲੈਣਾ-ਦੇਣਾ?

ਅਤੇ ਜੇ ਤੁਹਾਡਾ ਨਾਂ ਹੀ ਆਪਣਾ ਨਹੀਂ ਹੈ, ਤਾਂ ਫਿਰ ਹੋਰ ਕੀ ਹੋਵੇਗਾ ਤੁਹਾਡਾ? ਦੱਸੋਗੇ ਕਿਸਦੇ ਬੇਟੇ ਹੋ? ਕਿਸਦੇ ਭਾਈ ਹੋ? ਕਿਸਦੇ ਪਤੀ ਹੋ? ਕਿਸਦੀ ਪਤਨੀ ਹੋ? ਇਹ ਦੱਸੋਗੇ?

ਇਹ ਸਬੰਧ ਹਨ। ਇਹਨਾਂ ਦਾ ਤੁਹਾਡੇ ਨਾਲ ਕੋਈ ਲੈਣਾ-ਦੇਣਾ ਨਹੀਂ। ਇਹਨਾਂ ਸਬੰਧਾਂ ਦੇ ਬਿਨਾਂ ਤੁਸੀਂ ਹੋ ਸਕਦੇ ਹੋ। ਇਹਨਾਂ ਸਬੰਧਾਂ ਦੇ ਬਿਨਾਂ ਤੁਸੀਂ ਸੀ। ਇਹ ਕਲ੍ਹ ਖੋ ਜਾਣਗੇ, ਤਾਂ ਤੁਸੀਂ ਮਿਟ ਨਹੀਂ ਜਾਉਗੇ। ਤੁਹਾਡਾ ਆਪਣਾ ਹੋਣਾ ਹੈ। ਉਹ ਹੋਣਾ ਕੀ ਹੈ? ਉਹ ਵਜੂਦ ਕੀ ਹੈ। ਸਬੰਧਾਂ ਵਿਚ ਜੋ ਬੱਧਾ ਹੈ, ਉਹ ਅੰਦਰ ਜੋ ਸਬੰਧਾਂ ਨਾਲ ਜੁੜਿਆ ਹੈ, ਉਹ ਕੌਣ ਹੈ? ਉਸਦਾ ਉਸਨੂੰ ਕੋਈ ਪਤਾ ਨਹੀਂ ਲਗਦਾ। ਤੁਸੀਂ ਦੁਕਾਨਦਾਰ ਹੋ, ਕਿ ਡਾਕਟਰ ਹੋ, ਕਿ ਅਧਿਆਪਕ ਹੋ, ਕਿ ਚੋਰ ਹੋ,

ਕਿ ਸਾਧੂ ਹੋ; ਇਸ ਤੋਂ ਵੀ ਕੋਈ ਪਤਾ ਨਹੀਂ ਲਗਦਾ। ਇਸ ਤੋਂ ਇਹੀ ਪਤਾ ਲਗਦਾ ਹੈ ਕਿ ਤੁਸੀਂ ਕੀ ਕਰਦੇ ਹੋ। ਇਹ ਪਤਾ ਨਹੀਂ ਲਗਦਾ ਕਿ ਤੁਸੀਂ ਕੀ ਹੋ। ਇਕ ਆਦਮੀ ਡਾਕਟਰੀ ਕਰਦਾ ਹੈ, ਇਕ ਆਦਮੀ ਚੋਰੀ ਕਰਦਾ ਹੈ—ਇਹ ਉਹਨਾਂ ਦੇ ਕੰਮ ਹਨ। ਅਤੇ ਜਿਹੜਾ ਚੋਰੀ ਕਰਦਾ ਹੈ, ਉਹ ਡਾਕਟਰ ਬਣ ਸਕਦਾ ਹੈ। ਅੱਜ ਜਿਹੜਾ ਡਾਕਟਰ ਹੈ, ਉਹ ਕਲ੍ਹ ਚੋਰ ਹੋ ਸਕਦਾ ਹੈ। ਇਸ ਨਾਲ ਵਜੂਦ ਦਾ ਕੋਈ ਪਤਾ ਨਹੀਂ ਲਗਦਾ ਕਿ ਉਹ ਕੀ ਹੈ? ਤਾਂ ਤੁਸੀਂ ਦੱਸੋਗੇ ਆਪਣਾ ਪਤਾ—ਨਾਮ-ਧਾਮ, ਪਤਾ-ਟਿਕਾਣਾ, ਕੰਮ; ਲੇਕਿਨ ਇਸ ਵਿਚ ਕੋਈ ਵੀ ਤੁਸੀਂ ਨਹੀਂ ਹੋ, ਇਹ ਸਭ ਝੂਠਾ ਮਾਮਲਾ ਹੈ। ਲੇਕਿਨ ਇਸਨੂੰ ਅਸੀਂ ਮੰਨ ਕੇ ਚਲਦੇ ਹਾਂ ਤੇ ਇਹੀ ਸਾਡਾ ਹੋਣਾ ਹੈ, ਅਤੇ ਇਹੀ ਪੱਥਰ ਬਣ ਜਾਂਦਾ ਹੈ। ਇਸ ਝੂਠੀ ਹੋਂਦ ਦੇ ਕਾਰਨ ਅਸਲੀ ਹੋਂਦ ਪਰਗਟ ਨਹੀਂ ਪੋ ਪਾਂਦੀ। ਅਤੇ ਜਿਹੜਾ ਨਕਲੀ ਨਾਲ ਰਾਜ਼ੀ ਹੋ ਗਿਆ ਹੈ, ਉਸਦੇ ਅਸਲੀ ਹੋਣ ਦੇ ਲਈ ਕੋਈ ਥਾਂ ਨਹੀਂ। ਕਿਉਂਕਿ ਮੰਨ ਲਿਆ ਕਿ ਖ਼ੁਦ ਨੂੰ ਪਾ ਹੀ ਲਿਐ, ਜਾਣ ਹੀ ਲਿਐ, ਹੁਣ ਜਾਣਨ ਨੂੰ ਕੁਝ ਬਾਕੀ ਨਹੀਂ।

ਜੇ ਸੁਕਰਾਤ ਤੋਂ ਲੈ ਕੇ ਅੱਜ ਤਕ ਸਾਰੇ ਜਾਣਨ ਵਾਲਿਆਂ ਨੇ ਇਕ ਹੀ ਗੱਲ ਕਹੀ ਹੈ ਕਿ ਖ਼ੁਦ ਨੂੰ ਜਾਣੋ—ਤਾਂ ਬੜੀ ਅਜੀਬ-ਜਿਹੀ ਲਗਦੀ ਹੈ। ਸਾਰੇ ਹੀ ਤਾਂ ਖ਼ੁਦ ਨੂੰ ਜਾਣਦੇ ਹਨ। ਅਜੇਹਾ ਕੋਈ ਆਦਮੀ ਦੇਖਿਐ, ਜੋ ਖ਼ੁਦ ਨੂੰ ਨਾ ਜਾਣਦਾ ਹੋਵੇ? ਫਿਰ, ਇਹ ਸੁਕਰਾਤ ਦਾ ਦਿਮਾਗ ਹਿੱਲ ਗਿਆ ਹੈ? ਉਪਨਿਸ਼ਦ ਦੇ ਰਿਸ਼ੀ ਪਾਗਲ ਹਨ? ਅਤੇ ਇਹ ਬੁੱਧ ਤੇ ਮਹਾਂਵੀਰ ਨੇ ਇਕ ਹੀ ਰਟਣ ਲਾ ਰਖੀ ਹੈ ਕਿ ਖ਼ੁਦ ਨੂੰ ਜਾਣੋ। ਅਤੇ ਇਥੇ ਇਕ ਆਦਮੀ ਅਜੇਹਾ ਨਹੀਂ, ਜਿਹੜਾ ਖ਼ੁਦ ਨੂੰ ਨਾ ਜਾਣਦਾ ਹੋਵੇ। ਜ਼ਰੂਰ ਕਿਤੇ ਕੋਈ ਗੜਬੜ ਹੋ ਰਹੀ ਹੈ। ਸਾਡੇ ਜਾਣਨ ਵਿਚ ਕਿਤੇ ਕੋਈ ਭੁਲੇਖਾ ਹੈ, ਤਦੇ ਤਾਂ ਇੰਨਾ ਚਿੱਲਾਂਦੇ ਹਾਂ। ਅਤੇ ਸਾਨੂੰ ਵੀ ਹੈਰਾਨੀ ਹੁੰਦੀ ਹੈ ਸੁਣ ਕੇ ਕਿ ਕੀ ਬਕਵਾਸ ਲਾ ਰਖੀ ਹੈ ਕਿ ਖ਼ੁਦ ਨੂੰ ਜਾਣੋ। ਖ਼ੁਦ ਨੂੰ ਤਾਂ ਅਸੀਂ ਜਾਣਦੇ ਹੀ ਹਾਂ ਕਿ ਮੇਰਾ ਇਹ ਨਾਂ ਹੈ, ਮੇਰਾ ਘਰ ਦਾ ਪਤਾ ਇਹ ਹੈ, ਮੈਂ ਇਸ ਬਾਪ ਦਾ ਬੇਟਾ ਹਾਂ, ਇਸਦਾ ਭਾਈ ਹਾਂ, ਇਸਦਾ ਪਤੀ ਹਾਂ, ਇਹ ਮੇਰੀ ਦੁਕਾਨ ਹੈ, ਇਹ ਮੇਰਾ ਫੋਨ ਨੰਬਰ ਹੈ। ਇਹ ਮੇਰਾ ਹੋਣਾ ਹੈ। ਹੁਣ ਹੋਰ ਕੀ ਖ਼ੁਦ ਨੂੰ ਜਾਣਾਂ।

ਤੁਹਾਡਾ ਫੋਨ ਨੰਬਰ ਤੁਸੀਂ ਨਹੀਂ ਹੋ। ਤੁਹਾਡੀ ਦੁਕਾਨ 'ਚ ਲੱਗੀ ਤਖ਼ਤੀ ਤੁਸੀਂ ਨਹੀਂ ਹੋ। ਤੁਹਾਡੇ ਨਾਂ ਦੇ ਪਿਛੇ ਲਗੀਆਂ ਉਪਾਧੀਆਂ ਤੁਸੀਂ ਨਹੀਂ ਹੋ। ਤੁਹਾਡੇ ਨਾਂ ਦੇ ਜੋ ਅੱਗੇ ਲਗੇ, ਕੁਝ ਵੀ ਨਾਂ ਦੇ ਅੱਗੇ-ਪਿਛੇ ਤੁਸੀਂ ਨਹੀਂ ਹੋ। ਨਾਂ ਵੀ ਤੁਸੀਂ ਨਹੀਂ ਹੋ। ਕੰਮ-ਚਲਾਊ ਹਨ ਇਹ ਸ਼ਬਦ। ਅਤੇ ਇਸ ਦੁਨੀਆਂ ਵਿਚ ਅੜਿੱਚਣ ਹੋਵੇਗੀ, ਇਸਲਈ ਕੰਮ-ਚਲਾਊ ਇੰਤਜ਼ਾਮ ਕਰਨਾ ਪੈਂਦਾ ਹੈ।

ਹੰਕਾਰ ਕੰਮ-ਚਲਾਊ ਇੰਤਜ਼ਾਮ ਹੈ, ਇਕ ਉਪਾਅ ਹੈ, ਅਤੇ ਅਸੀਂ ਉਸੇ ਨੂੰ ਸੱਚ ਮੰਨ ਕੇ ਅੜ ਜਾਂਦੇ ਹਾਂ। ਬਸ ਫਿਰ ਉਹ ਜੋ ਅੰਦਰ ਛੁਪਿਆ ਹੈ, ਉਸਦੇ ਪਰਗਟ ਹੋਣ ਦੇ ਲਈ ਅਸੀਂ ਹੀ ਰੁਕਾਵਟ ਬਣ ਜਾਂਦੇ ਹਾਂ।

ਤਾਂ ਪਹਿਲੀ ਗੱਲ ਤਾਂ ਜਾਣਨੀ ਜ਼ਰੂਰੀ ਇਹ ਹੈ ਕਿ ਤੁਸੀਂ ਖ਼ੁਦ ਨੂੰ ਹੁਣ ਤਕ ਜੋ-ਜੋ ਮੰਨਦੇ ਰਹੇ, ਉਹ-ਉਹ ਤੁਸੀਂ ਨਹੀਂ ਹੋ। ਇਹ ਵਿਚਾਰ ਗਹਿਰਾ ਹੋ ਜਾਵੇ, ਤਾਂ ਹੰਕਾਰ ਨੂੰ ਛਡ ਦੇਣ ਵਿਚ ਵੀ ਕੋਈ ਅੜਿੱਚਣ ਨਹੀਂ ਹੈ। ਕਿਉਂਕਿ ਹੱਥ

ਵਿਚ ਲੇਬਲ ਦੇ ਸਿਵਾਇ ਕੁਝ ਵੀ ਨਹੀਂ ਹੈ। ਬਿਲਕੁਲ ਕਾਗਜ਼ੀ ਨੋਟ ਹਨ, ਚਲਦੇ ਹਨ, ਕੰਮ ਦਿੰਦੇ ਹਨ, ਲੇਕਿਨ ਸੱਤਵ ਉਹਨਾਂ ਵਿਚ ਜ਼ਰਾ ਵੀ ਨਹੀਂ ਹੈ। ਇਸ ਝੂਠ ਦੇ ਪ੍ਰਤੀ ਜਾਗੋ।

ਸੂਤਰ ਕਹਿੰਦਾ ਹੈ, ਹੰਕਾਰੀ ਵਿਚਾਰ ਜਦ ਤਕ ਨਹੀਂ ਨਿਕਲ ਗਏ, ਉਸ ਸਮੇਂ ਤਕ ਕੋਈ ਵੀ ਉਚੀ ਆਤਮਾ ਦਾ ਪ੍ਰਕਾਸ਼ ਨੀਵੀਂ ਆਤਮਾ ਦੇ ਹਨੇਰੇ ਨੂੰ ਨਹੀਂ ਮਿਟਾ ਸਕਦਾ, ਅਤੇ ਯਾਤਰੀ ਇਹ ਨਹੀਂ ਕਹਿੰਦਾ ਕਿ ਮੈਂ ਇਸ ਛਿਨਭੰਗਰ ਸਰੀਰ ਨੂੰ ਤਿਆਗ ਦਿਤਾ ਹੈ, ਮੈਂ ਕਾਰਨ ਦਾ ਨਾਸ ਕਰ ਦਿਤਾ ਹੈ। ਇਸਲਈ ਪਰਛਾਵੇਂ ਪੈਂਦੇ ਹਨ, ਉਹ ਹੁਣ ਟਿਕ ਨਹੀਂ ਸਕਦੇ ਹਨ।

ਕਾਰਨ ਹੈ ਹੰਕਾਰ। ਅਤੇ ਹੰਕਾਰ ਹੀ ਕਾਰਨ ਹੈ ਇਸ ਭਾਵ ਦਾ ਕਿ ਮੈਂ ਸਰੀਰ ਹਾਂ। ਇਸਨੂੰ ਜ਼ਰਾ ਖ਼ਿਆਲ ਵਿਚ ਲੈ ਲੈਣਾ।

ਮੈਂ ਹੈ ਸਿਰਫ ਨਾਂ, ਇਕ ਸ਼ਬਦ ਜ਼ਰੂਰੀ, ਲੇਕਿਨ ਬਿਲਕੁਲ ਝੂਠਾ ਅਤੇ ਇਸ ਝੂਠ ਦੇ ਕੋਲ ਆਪਣੀ ਕੋਈ ਵੀ ਸੰਪਦਾ ਨਹੀਂ ਹੈ, ਕੋਈ ਆਤਮਾ ਨਹੀਂ ਹੈ, ਆਤਮਾ ਦਾ ਇਸਨੂੰ ਕੋਈ ਪਤਾ ਨਹੀਂ ਹੈ। ਔਪਰ ਇਹ ਨਾਂ, ਇਹ ਸ਼ਬਦ ਥੋਥੇ ਹਨ, ਰਸਮੀ ਉਪਾਅ–ਭਰ ਹਨ। ਇਹ ਹੰਕਾਰ ਵੀ ਤਾਂ ਕਿਤੇ ਆਪਣੇ ਪੈਰ ਟਿਕਾਏਗਾ। ਇਸਨੂੰ ਵੀ ਤਾਂ ਕੋਈ ਥਾਂ ਚਾਹੀਦਾ ਹੈ, ਜਿਸ ਉਤੇ ਇਹ ਖੜ੍ਹਾ ਹੋ ਸਕੇ। ਇਹ ਹੰਕਾਰ ਕਿਥੇ ਖੜ੍ਹਾ ਹੋਵੇ ਤੇ ਕਿਥੇ ਪੈਰ ਟਿਕਾਵੇ ? ਇਹ ਸਰੀਰ ਉਤੇ ਪੈਰ ਟਿਕਾ ਦੇਵੇਗਾ। ਸਰੀਰ ਹੈ 'ਪਦਾਰਥ', ਇਹ ਉਸ ਉਤੇ ਪੈਰ ਟਿਕਾ ਦਿੰਦਾ ਹੈ। ਸਰੀਰ ਕਦੇ ਵੀ ਇਨਕਾਰ ਨਹੀਂ ਕਰਦਾ। ਇਹ ਸਰੀਰ ਉਤੇ ਪੈਰ ਟਿਕਾ ਦਿੰਦਾ ਹੈ ਅਤੇ ਕਹਿੰਦਾ ਹੈ, ਇਹ ਮੈਂ ਹਾਂ। ਮੈਂ ਯਾਨੀ ਮੇਰਾ ਸਰੀਰ। ਅਤੇ ਤਦ ਇਕ ਅਨੋਖਾ ਜਾਲ ਤਿਆਰ ਹੁੰਦਾ ਹੈ—ਇਕ ਝੂਠ। ਸਰੀਰ ਬਹੁਤ ਅਸਲੀ ਹੈ। ਇਕ ਅਸਲੀ ਚੀਜ਼ ਦੇ ਉਪਰ ਝੂਠ ਖੜ੍ਹਾ ਹੋ ਜਾਂਦਾ ਹੈ।

ਧਿਆਨ ਰਹੇ, ਝੂਠ ਨੇ ਵੀ ਚੱਲਣਾ ਹੋਵੇ, ਤਾਂ ਕਿਸੇ ਨਾ ਕਿਸੇ ਅਸਲੀਅਤ ਦਾ ਆਸਰਾ ਲੈਣਾ ਜ਼ਰੂਰੀ ਹੈ, ਖ਼ੁਦ ਨਹੀਂ ਚੱਲ ਸਕਦਾ, ਉਸਦੇ ਕੋਲ ਕੁਝ ਵੀ ਨਹੀਂ ਹੈ। ਝੂਠ ਦਾ ਮਤਲਬ ਹੀ ਇਹ ਹੈ ਕਿ ਉਸਦੇ ਕੋਲ ਕੁਝ ਵੀ ਨਹੀਂ ਹੈ, ਉਸਨੂੰ ਸਹਾਰਾ ਲੈਣਾ ਪੈਂਦਾ ਹੈ। ਇਸਲਈ ਝੂਠ ਬੋਲਣ ਵਾਲਾ ਹਮੇਸ਼ਾ ਪੂਰੇ ਉਪਾਅ ਕਰਦਾ ਹੈ ਤੁਹਾਨੂੰ ਸਮਝਾਉਣ ਦੇ, ਕਿ ਮੈਂ ਸੱਚ ਬੋਲ ਰਿਹਾ ਹਾਂ। ਜੇ ਭਰੋਸਾ ਆ ਜਾਵੇ ਕਿ ਇਹ ਝੂਠ ਹੈ, ਤਾਂ ਝੂਠ ਉਥੇ ਹੀ ਡਿੱਗ ਪੈਂਦਾ ਹੈ।

ਏਮੈਨੂਅਲ ਕਾਂਟ ਨੇ ਬੜੀ ਕੀਮਤ ਦੀ ਗੱਲ ਕਹੀ ਹੈ। ਉਸਨੇ ਕਿਹਾ ਹੈ ਕਿ ਜੇਕਰ ਸਾਰੀ ਦੁਨੀਆਂ ਵਿਚ ਸਾਰੇ ਹੀ ਲੋਕ ਝੂਠ ਬੋਲਣ ਲਗਣ, ਤਾਂ ਝੂਠ ਬਿਲਕੁਲ ਬੇਕਾਰ ਹੋ ਜਾਵੇ। ਝੂਠ ਤਦੇ ਤਕ ਚਲਦਾ ਹੈ, ਜਦ ਤਕ ਕੁਝ ਲੋਕ ਸੱਚ ਬੋਲ ਰਹੇ ਹੋਣ, ਜਾਂ ਆਸ ਰਹਿੰਦੀ ਹੈ ਕਿ ਕੋਈ ਨਾ ਕੋਈ ਸੱਚ ਬੋਲਦਾ ਹੈ। ਜੇ ਸਾਰੇ ਹੀ ਲੋਕ ਤੈਅ ਕਰ ਲੈਣ ਕਿ ਅਸੀਂ ਝੂਠ ਹੀ ਬੋਲਾਂਗੇ, ਅਤੇ ਜੋ ਵੀ ਬੋਲਾਂਗੇ ਉਹ ਝੂਠ ਹੀ ਹੋਵੇਗਾ, ਤਾਂ ਫਿਰ ਝੂਠ ਦੇ ਚੱਲਣ ਦਾ ਕੋਈ ਉਪਾਅ ਨਹੀਂ ਰਹਿ ਜਾਏਗਾ। ਪਰ ਬੜੀਆਂ ਅੜਿੱਚਣਾਂ ਹੋਣਗੀਆਂ, ਕੰਮ ਚੱਲਣਾ ਹੀ ਮੁਸ਼ਕਲ ਹੋ ਜਾਏਗਾ।

ਸੁਣਿਆ ਹੈ ਮੈਂ ਕਿ ਮੁੱਲਾ ਨਸਰੁੱਦੀਨ ਇਕ ਦਿਨ ਟ੍ਰੇਨ ਵਿਚ ਸਵਾਰ ਹੋਇਆ। ਜਿਸ ਧੰਦੇ ਵਿਚ ਉਹ ਲੱਗਾ ਸੀ, ਉਸੇ ਧੰਦੇ ਦਾ ਇਕ ਹੋਰ ਆਦਮੀ ਵੀ ਉਸੇ ਡੱਬੇ ਵਿਚ ਚਲਦੀ-ਚਲਦੀ ਗੱਡੀ 'ਚ ਸਵਾਰ ਹੋਇਆ। ਉਹ ਮੁੱਲਾ ਦਾ ਸ਼ਰੀਕ ਸੀ, ਉਸੇ ਧੰਦੇ ਵਿਚ। ਮੁੱਲਾ ਨੇ ਮਨ ਵਿਚ ਸੋਚਿਆ ਕਿ ਜੇ ਮੈਂ ਇਸ ਤੋਂ ਪੁਛਾਂਗਾ ਕਿ ਕਿਥੇ ਜਾ ਰਿਹਾ ਹੈਂ, ਤਾਂ ਇਹ ਜ਼ਰੂਰ ਝੂਠ ਬੋਲੇਗਾ। ਫਿਰ ਵੀ ਮੁੱਲਾ ਨੇ ਕਿਹਾ ਦੇਖੀਏ ਤੇ ਪੁਛਿਆ, ਕਿਥੇ ਰਿਹਾ ਹੈਂ? ਉਸ ਆਦਮੀ ਨੇ ਕਿਹਾ, ਦਿੱਲੀ ਜਾ ਰਿਹਾ ਹਾਂ। ਮੁੱਲਾ ਨੇ ਮਨ ਵਿਚ ਸੋਚਿਆ ਜ਼ਰੂਰਰ ਕਲਕੱਤਾ ਜਾ ਰਿਹਾ ਹੋਵੇਗਾ। ਇਹ ਆਦਮੀ ਵਿਰੋਧੀ ਹੈ ਧੰਦੇ ਵਿਚ, ਅਤੇ ਸਿਵਾਇ ਝੂਠ ਦੇ ਕਦੇ ਸੱਚ ਦੱਸਦਾ ਨਹੀਂ, ਜ਼ਰੂਰ ਕਲਕੱਤਾ ਜਾ ਰਿਹਾ ਹੋਵੇਗਾ; ਪੱਕਾ ਹੈ ਮਾਮਲਾ। ਲੇਕਿਨ ਤਦੇ ਉਸਨੂੰ ਖਿਆਲ ਆਇਆ ਕਿ ਗੱਡੀ ਤਾਂ ਦਿੱਲੀ ਜਾ ਰਹੀ ਹੈ। ਮੁਸਕਰਾਇਆ ਉਹ, ਹੱਸ ਕੇ ਬੋਲਿਆ ਕਿ ਕਿਉਂ ਝੂਠ ਬੋਲਦਾ ਹੈਂ? ਦਿੱਲੀ ਜਾ ਰਿਹਾ ਹੈਂ ਅਤੇ ਝੂਠ ਬੋਲਦਾ ਹੈਂ ਕਿ ਦਿੱਲੀ ਜਾ ਰਿਹੈਂ, ਤਾਂ ਜੋ ਮੈਂ ਸਮਝਾਂ ਕਿ ਕਲਕੱਤੇ ਜਾ ਰਿਹਾ ਹੈਂ!

ਬੜੀ ਅੜਿੱਚਣ ਹੋ ਜਾਵੇ, ਜੇਕਰ ਸਾਰੇ ਹੀ ਲੋਕ ਝੂਠ ਬੋਲ ਰਹੇ ਹੋਣ। ਤਾਂ ਹਿਸਾਬ ਲਾਉਣਾ ਮੁਸ਼ਕਲ ਹੋ ਜਾਵੇ, ਅਤੇ ਕਿਸੇ ਗੱਲ ਦਾ ਕੋਈ ਭਰੋਸਾ ਵੀ ਨਾ ਰਹੇ। ਦੁਨੀਆਂ ਚਲਦੀ ਹੈ ਥੋੜ੍ਹੇ-ਜਿਹੇ ਸੱਚ ਦੇ ਸਹਾਰੇ। ਝੂਠ ਵੀ ਚਲਦਾ ਹੈ ਸੱਚ ਦੇ ਸਹਾਰੇ। ਹੰਕਾਰ ਬਿਲਕੁਲ ਸਰਾਸਰ ਝੂਠ ਹੈ, ਉਸਦਾ ਕੋਈ ਵੀ ਵਜੂਦ ਨਹੀਂ ਹੈ। ਸਰੀਰ ਦਾ ਵਜੂਦ ਹੈ, ਆਤਮਾ ਦਾ ਵਜੂਦ ਹੈ; ਹੰਕਾਰ ਦਾ ਕੋਈ ਵਜੂਦ ਨਹੀਂ। ਹੰਕਾਰ ਮਹਿਜ਼ ਇਕ ਖਿਆਲ ਹੈ। ਜਾਂ ਤਾਂ ਹੰਕਾਰ ਆਤਮਾ ਵਿਚ ਆਪਣੇ ਪੈਰ ਗੱਡੇ ਤਾਂ ਚੱਲ ਸਕਦਾ ਹੈ। ਲੇਕਿਨ ਆਤਮਾ ਵਿਚ ਉਹ ਪੈਰ ਗੱਡ ਨਹੀਂ ਸਕਦਾ; ਕਿਉਂਕਿ ਆਤਮਾ ਦੇ ਪ੍ਰਕਾਸ਼ ਵਿਚ-ਉਹ ਕਿਉਂਕਿ ਹਨੇਰਾ ਹੈ-ਟਿਕੇਗਾ ਨਹੀਂ। ਇਸਲਈ ਸਰੀਰ ਦੇ ਇਲਾਵਾ ਕੋਈ ਉਪਾਅ ਨਹੀਂ ਹੈ। ਹੰਕਾਰ ਆਪਣੀਆਂ ਜੜ੍ਹਾਂ ਸਰੀਰ ਵਿਚ ਪਾ ਦਿੰਦਾ ਹੈ। ਸਰੀਰ ਦੇ ਸਹਾਰੇ ਹੰਕਾਰ ਸੱਚਾ ਹੋ ਜਾਂਦਾ ਹੈ, ਅਸਲ ਹੋ ਜਾਂਦਾ ਹੈ, ਹਕੀਕਤ ਹੋ ਜਾਂਦਾ ਹੈ।

ਹੰਕਾਰ ਦੀ ਪ੍ਰਤੀਤੀ ਹੈ ਇਹ ਕਿ ਮੈਂ ਸਰੀਰ ਹਾਂ। ਇਹ ਤੁਹਾਡੀ ਪ੍ਰਤੀਤੀ ਨਹੀਂ ਹੈ। ਇਹ ਤੁਹਾਡੇ ਹੰਕਾਰ ਦੀ ਪ੍ਰਤੀਤੀ ਹੈ ਕਿ ਮੈਂ ਸਰੀਰ ਹਾਂ। ਇਸਲਈ ਜਿਸ ਦਿਨ ਹੰਕਾਰ ਛੁੱਟਦਾ ਹੈ, ਉਸੇ ਦਿਨ ਇਹ ਖਿਆਲ ਵੀ ਛੁਟ ਜਾਂਦਾ ਹੈ ਕਿ ਮੈਂ ਸਰੀਰ ਹਾਂ। ਤਦ ਤਾਂ ਉਹੀ ਰਹਿ ਜਾਂਦਾ ਹੈ, ਜੋ ਤੁਸੀਂ ਹੋ। ਉਹ ਸਰੀਰ ਵਿਚ ਹੈ, ਸਰੀਰ ਵਿਚ ਰਮਿਆ ਹੈ, ਵਸਿਆ ਹੈ, ਸਰੀਰ ਉਸਦਾ ਘਰ ਹੈ, ਦੇਹ ਹੈ, ਵਾਸਾ ਹੈ, ਇਕ ਪੜਾਅ, ਇਕ ਮੁਕਾਮ ਹੈ। ਅਜੇ ਹੈ ਇਸ ਘਰ ਵਿਚ, ਕਲ੍ਹ ਨਹੀਂ ਹੋਵੇਗਾ। ਅਤੇ ਬਹੁਤ ਘਰਾਂ ਵਿਚ ਰਿਹਾ, ਬਹੁਤ ਘਰ ਬਦਲੇ, ਅਤੇ ਬਹੁਤ ਘਰ ਬਦਲਣੇ ਪੈਣਗੇ। ਅਤੇ ਜਦ ਵੀ ਪਾਟੇ-ਪੁਰਾਣੇ ਹੋ ਜਾਂਦੇ ਹਨ ਵਸਤਰ, ਤਾਂ ਅਸੀਂ ਸੁੱਟ ਦਿੰਦੇ ਹਾਂ ਤੇ ਨਵੇਂ ਵਸਤਰ ਧਾਰਨ ਕਰ ਲੈਂਦੇ ਹਾਂ।

ਰਾਮਕ੍ਰਿਸ਼ਨ ਮਰਨ ਦੇ ਕਰੀਬ ਸਨ। ਉਹਨਾਂ ਦੀ ਪਤਨੀ ਬਹੁਤ ਰੋਣ-ਪਿੱਟਣ, ਚਿੱਲਾਉਣ ਲੱਗੀ। ਤਾਂ ਰਾਮਕ੍ਰਿਸ਼ਨ ਨੇ ਕਿਹਾ, ਤੂੰ ਕਿਉਂ ਘਬਰਾਉਂਦੀ ਹੈਂ? ਕਿਉਂਕਿ ਮੈਂ ਨਹੀਂ ਮਰ ਰਿਹਾ ਹਾਂ, ਇਹ ਤਾਂ ਵਸਤਰ ਪਾਟੇ-ਪੁਰਾਣੇ ਹੋ ਗਏ ਹਨ। ਦੇਖਦੀ ਹੈਂ, ਗਲੇ ਵਿਚ ਕੈਂਸਰ ਹੋ ਗਿਆ ਹੈ ਅਤੇ ਇਹ ਸਰੀਰ ਸੜ ਗਿਆ ਹੈ। ਹੁਣ ਇਸ ਸਰੀਰ ਵਿਚ ਰਹਿਣਾ ਇਕ

ਢਹਿੰਦੇ ਹੋਏ ਘਰ ਵਿਚ ਰਹਿਣਾ ਹੈ, ਜੋ ਕਿਸੇ ਵੀ ਛਿਨ ਢਹਿ ਸਕਦਾ ਹੈ। ਇਸਲਈ ਛਡਦਾ ਹਾਂ ਇਸ ਢਹਿੰਦੀ-ਕਿਰਦੀ ਦੇਹ ਨੂੰ। ਮੈਂ ਨਹੀਂ ਮਰ ਰਿਹਾ ਹਾਂ, ਸਿਰਫ ਵਸਤਰ ਬਦਲ ਰਿਹਾ ਹਾਂ।

ਸ਼ਾਰਦਾ ਨੇ ਰਾਮਕ੍ਰਿਸ਼ਨ ਦੀਆਂ ਅੱਖਾਂ ਵਿਚ ਦੇਖਿਆ। ਕਿਉਂਕਿ ਇਹ ਜੋ ਆਦਮੀ ਸੀ, ਇਹ ਕੋਈ ਸਿਧਾਂਤ ਦੀ ਗੱਲ ਨਹੀਂ ਕਹਿ ਰਿਹਾ ਸੀ, ਕੋਈ ਸ਼ਾਸਤਰ ਪੜ੍ਹ ਕੇ ਨਹੀਂ ਕਹਿ ਰਿਹਾ ਸੀ ਕਿ ਮੈਂ ਆਤਮਾ ਹਾਂ। ਅਨੁਭਵ ਨਾਲ ਹੀ ਕਹਿ ਰਿਹਾ ਸੀ, ਅੱਖਾਂ ਵਿਚ ਉਹ ਅਨੁਭਵ ਦੀ ਝਲਕ ਸੀ। ਅਤੇ ਜਦ ਵੀ ਅੰਦਰ ਪ੍ਰਕਾਸ਼ ਫੁੱਟਦਾ ਹੈ, ਤਾਂ ਉਸਦੀ ਝਲਕ ਸੁਭਾਵਕ ਹੀ ਅੱਖਾਂ ਤਕ ਆ ਜਾਂਦੀ ਹੈ। ਅਤੇ ਮਰਦੇ ਛਿਨ ਵਿਚ ਰਾਮਕ੍ਰਿਸ਼ਨ ਨੇ ਕਿਹਾ ਕਿ ਮੈਂ ਨਹੀਂ ਮਰਾਂਗਾ, ਤੂੰ ਚਿੰਤਾ ਨਾ ਕਰ, ਮੇਰੀ ਕੋਈ ਮੌਤ ਨਹੀਂ, ਸਿਰਫ ਕੱਪੜੇ ਬਦਲ ਰਿਹਾ ਹਾਂ। ਅਤੇ ਇਹ ਕੱਪੜੇ ਤਾਂ ਤੂੰ ਵੀ ਕਹੇਂਗੀ ਕਿ ਅਕਾਰਨ ਹੋ ਗਏ ਹਨ, ਬੋਝ ਹੋ ਗਏ ਹਨ, ਬਦਲ ਦਿਉ।

ਅਤੇ ਰਾਮਕ੍ਰਿਸ਼ਨ ਦੀ ਮੌਤ ਹੋ ਗਈ। ਅਤੇ ਇਕ ਹੀ ਸੁਰ ਉਹਨਾਂ ਅੱਖਾਂ ਵਿਚ ਦੇਖੀ, ਝਲਕ ਉਸ ਪ੍ਰਕਾਸ਼ ਦੀ ਜੋ ਹੰਕਾਰ ਦੇ ਹਟ ਜਾਣ 'ਤੇ ਦਿਖਾਈ ਦਿੰਦੀ ਹੈ। ਲੇਕਿਨ ਸਾਰਿਆਂ ਨੂੰ ਹੀ ਦਿਖਾਈ ਪਵੇਗੀ ਰਾਮਕ੍ਰਿਸ਼ਨ ਦੀਆਂ ਅੱਖਾਂ ਵਿਚ ਝਲਕ, ਅਜੇਹਾ ਜ਼ਰੂਰੀ ਨਹੀਂ ਹੈ। ਸ਼ਾਰਦਾ ਨੂੰ ਦਿਖਾਈ ਪੈ ਸਕੀ; ਕਿਉਂਕਿ ਉਸਦਾ ਬੜਾ ਗਹਿਰਾ ਪ੍ਰੇਮ ਸੀ। ਅਤੇ ਰਾਮਕ੍ਰਿਸ਼ਨ ਉੱਤੇ ਭਰੋਸਾ ਕੀਤਾ ਸੀ ਸਦਾ। ਉਹ ਭਰੋਸਾ ਕਾਰਨ ਬਣ ਗਿਆ। ਅਤੇ ਰਾਮਕ੍ਰਿਸ਼ਨ ਜਦ ਕਹਿ ਰਹੇ ਹਨ ਕਿ ਮੈਂ ਮਰਾਂਗਾ ਨਹੀਂ, ਤਾਂ ਗੱਲ ਖ਼ਤਮ ਹੋ ਗਈ ਕਿ ਉਹ ਨਹੀਂ ਮਰਨਗੇ।

ਰਾਮਕ੍ਰਿਸ਼ਨ ਮਰ ਗਏ ਅਤੇ ਸ਼ਾਰਦਾ ਵਿਧਵਾ ਨਾ ਹੋਈ। ਸਾਰੇ ਸਬੰਧੀ, ਵਾਕਫ, ਸਭ ਇਕੱਠੇ ਹੋ ਗਏ ਅਤੇ ਕਿਹਾ, ਚੂੜੀਆਂ ਭੰਨ ਸੁੱਟ, ਵਸਤਰ ਬਦਲ ਲੈ। ਅੱਪਰ ਸ਼ਾਰਦਾ ਨੇ ਕਿਹਾ, ਉਹ ਕਹਿ ਕੇ ਗਏ ਹਨ ਕਿ ਮੈਂ ਨਹੀਂ ਮਰਾਂਗਾ, ਅਤੇ ਉਹ ਮਰੇ ਨਹੀਂ ਹਨ। ਮੈਂ ਮਹਿਸੂਸ ਕਰਦੀ ਹਾਂ ਕਿ ਢਹਿੰਦੀ-ਕਿਰਦੀ ਦੇਹ ਛੁੱਟ ਗਈ ਹੈ, ਉਹ ਹੈਨ। ਸ਼ਾਰਦਾ ਵਾਹਦ ਇਸਤ੍ਰੀ ਹੈ ਭਾਰਤ ਵਿਚ ਜੋ ਪਤੀ ਦੇ ਮਰਨ 'ਤੇ ਵਿਧਵਾ ਨਹੀਂ ਹੋਈ। ਉਹ ਬਹੁਤ ਵਰ੍ਹੇ ਜੀਵੀਂ, ਲੇਕਿਨ ਚੂੜੀਆਂ ਬਾਹਾਂ ਵਿਚ ਰਹੀਆਂ ਅਤੇ ਉਸ ਦੀਆਂ ਅੱਖਾਂ ਵਿਚ ਕਦੇ ਹੰਝੂ ਨਜ਼ਰ ਨਹੀਂ ਆਏ। ਉਹ ਜਿਵੇਂ ਰੋਜ਼ਾਨਾ ਰਾਮਕ੍ਰਿਸ਼ਨ ਦੀ ਮੌਜੂਦਗੀ ਵਿਚ ਸੀ, ਉਵੇਂ ਹੀ ਰਹੀ। ਲੋਕ ਤਾਂ ਇਹ ਸਮਝਣ ਲਗੇ ਕਿ ਪਾਗਲ ਹੋ ਗਈ ਹੈ, ਕਿਉਂਕਿ ਜਿਸ ਵੇਲੇ ਠੀਕ ਰਾਮਕ੍ਰਿਸ਼ਨ ਦੇ ਸੌਣ ਦਾ ਸਮਾਂ ਹੁੰਦਾ, ਉਸ ਵੇਲੇ ਉਹ ਮਸਹਿਰੀ ਵੀ ਲਾਉਂਦੀ, ਉਹਨਾਂ ਨੂੰ ਸੰਵਾਂਦੀ ਵੀ। ਜਦ ਉਹਨਾਂ ਦੇ ਭੋਜਨ ਦਾ ਵੇਲਾ ਹੁੰਦਾ, ਤਾਂ ਉਹਨਾਂ ਨੂੰ ਸੱਦਣ ਵੀ ਆਉਂਦੀ, ਉਹਨਾਂ ਦਾ ਖਾਣਾ ਵੀ ਪਰੋਸਦੀ, ਥਾਲ ਵੀ ਪਰੋਸਦੀ, ਬੈਠ ਕੇ ਪੱਖਾ ਵੀ ਝੱਲਦੀ।

ਇਕ ਦਫਾ ਵਿਵੇਕਾਨੰਦ ਨੇ ਉਸ ਤੋਂ ਪੁਛਿਆ ਕਿ ਮਾਂ, ਇਹ ਵੀ ਮੰਨ ਲਵੇ ਕਿ ਦੇਹ ਮਿਟ ਗਈ, ਉਹ ਹੈਨ: ਲੇਕਿਨ ਇਥੇ ਤਾਂ ਨਹੀਂ ਹਨ? ਤਾਂ ਸ਼ਾਰਦਾ ਹੱਸਣ ਲੱਗੀ। ਉਸਨੇ ਕਿਹਾ, ਦੇਹ ਦੀ ਵਜ੍ਹਾ ਨਾਲ ਇਥੇ ਤੇ ਉਥੇ ਦਾ ਸਵਾਲ ਸੀ। ਜਦ

ਦੇਹ ਮਿਟ ਗਈ, ਤਾਂ ਹੁਣ ਹਰ ਥਾਂ ਹਨ। ਹੁਣ ਤਾਂ ਜਿਥੇ ਵੀ ਦੇਖਾਂ, ਉਹਨਾਂ ਨੂੰ ਦੇਖ ਪਾ ਸਕਦੀ ਹਾਂ, ਜਿਥੇ ਵੀ ਉਹਨਾਂ ਨੂੰ ਨਿਉਂਦਾ ਦੇ ਸਕਾਂ, ਉਥੋਂ ਤੋਂ ਹੀ ਉਹ ਸੱਦੇ ਗਏ ਹੋਏ ਹਨ। ਦੇਹ ਦੀ ਵਜ੍ਹਾ ਨਾਲ ਅੜਿੱਚਣ ਸੀ ਕਿ ਉਹ ਕਿਤੇ ਹੁੰਦੇ ਸਨ; ਹੁਣ ਹਰ ਥਾਂ ਹਨ।

ਪਰ ਸਾਡੇ ਅੰਦਰ ਵੀ ਵਜੂਦ ਹੈ। ਉਸ ਵਜੂਦ ਉਤੇ ਇਕ ਭਾਰਾ ਪਰਦਾ ਪਰਦਾ ਹੈ—ਇਕ ਝੂਠ ਦਾ ਪਰਦਾ। ਅਤੇ ਉਹ ਪਰਦਾ ਅਸਲੀ ਹੋ ਗਿਆ ਹੈ, ਸਰੀਰ ਦੀ ਸਹਾਇਤਾ ਨਾਲ। ਸਰੀਰ ਦੁਸ਼ਮਣ ਨਹੀਂ ਹੈ ਤੁਹਾਡਾ, ਦੁਸ਼ਮਣ ਹੰਕਾਰ ਹੈ। ਜਿਵੇਂ ਤੁਸੀਂ ਦੇਖਿਐ ਨਾ, ਬਿਰਛਾਂ ਉਤੇ ਇਕ ਪੀਲੇ ਰੰਗ ਦੀ ਬੇਲ ਫੈਲ ਜਾਂਦੀ ਹੈ। ਉਹ ਬਿਨਾਂ ਜੜ੍ਹਾਂ ਦੇ ਹੁੰਦੀ ਹੈ, ਉਸਨੂੰ ਅਮਰਬੇਲ ਕਹਿੰਦੇ ਹਨ। ਹੰਕਾਰ ਅਮਰਬੇਲ ਹੈ। ਉਸਦੀ ਕੋਈ ਜੜ੍ਹ ਨਹੀਂ ਹੈ। ਲੇਕਿਨ ਕਿਸੇ ਵੀ ਬਿਰਛ ਉਤੇ ਅਮਰਬੇਲ ਫੈਲ ਜਾਂਦੀ ਹੈ, ਤਾਂ ਬਿਰਛ ਦਾ ਰਸ ਚੂਸਣ ਲਗਦੀ ਹੈ; ਉਸੇ ਨੂੰ ਚੂਸ ਕੇ ਜੀਂਦੀ ਹੈ। ਬਿਰਛ ਹੌਲੀ-ਹੌਲੀ ਸੁੱਕਦਾ ਜਾਂਦਾ ਹੈ ਅਤੇ ਬੇਲ ਫੈਲਦੀ ਰਹਿੰਦੀ ਹੈ। ਅਤੇ ਉਸਦੀ ਕੋਈ ਜੜ੍ਹ ਨਹੀਂ ਹੈ।

ਹੰਕਾਰ ਅਮਰਬੇਲ ਹੈ। ਉਹ ਸਰੀਰ ਨੂੰ ਪਕੜ ਲੈਂਦਾ ਹੈ; ਉਸੇ ਨੂੰ ਚੂਸਣ ਲਗਦਾ ਹੈ ਅਤੇ ਅਸੀਂ ਸਰੀਰ ਦੇ ਖ਼ਿਲਾਫ਼ ਹੋ ਜਾਂਦੇ ਹਾਂ। ਅਸੀਂ ਸੋਚਦੇ ਹਾਂ ਕਿ ਸੰਸਾਰ ਸਾਨੂੰ ਦਿੱਕਤ ਵਿਚ ਪਾ ਰਿਹਾ ਹੈ। ਸਰੀਰ ਦੀ ਵਜ੍ਹਾ ਨਾਲ ਸਾਨੂੰ ਆਤਮਾ ਦਾ ਪਤਾ ਨਹੀਂ ਲਗਦਾ। ਭੁੱਲ ਹੈ ਤੁਹਾਡੀ। ਸਰੀਰ ਕੋਈ ਰੁਕਾਵਟ ਨਹੀਂ ਪਾ ਰਿਹਾ ਹੈ। ਸਰੀਰ ਤਾਂ ਵਾਹਨ ਹੈ। ਤੁਸੀਂ ਜਿਥੇ ਲੈ ਜਾਵੋ—ਨਰਕ ਲੈ ਜਾਉ ਤਾਂ ਨਰਕ ਚਲਿਆ ਜਾਂਦਾ ਹੈ, ਸਵਰਗ ਲੈ ਜਾਉ ਤਾਂ ਸਵਰਗ। ਤੁਸੀਂ ਮੁਕਤ ਹੋਣਾ ਚਾਹੋ, ਤਾਂ ਮੁਕਤੀ ਦੇ ਦੁਆਰ ਤਕ ਤੁਹਾਨੂੰ ਪੁਜਾ ਦੇਵੇਗਾ। ਸਰੀਰ ਤਾਂ ਸਿਰਫ਼ ਸਾਧਨ ਹੈ। ਅਸਲੀ ਅੜਿੱਚਣ ਸਰੀਰ ਤੋਂ ਨਹੀਂ, ਹੰਕਾਰ ਤੋਂ ਹੈ। ਪਰ ਦਿਸਦੀ ਹੈ ਸਰੀਰ ਵਿਚ; ਕਿਉਂਕਿ ਹੰਕਾਰ ਦੀ ਅਮਰਬੇਲ ਸਰੀਰ ਨੂੰ ਗ੍ਰਸ ਲੈਂਦੀ ਹੈ ਅਤੇ ਸਰੀਰ ਤੋਂ ਰਸ ਪਾਂਦੀ ਹੈ। ਝੂਠ ਨੂੰ ਕੋਈ ਨਾ ਕੋਈ ਸੱਚਾ ਸਹਾਰਾ ਚਾਹੀਦਾ ਹੈ।

'ਹੰਕਾਰ ਜਦ ਤਕ ਨਿਕਲ ਨਾ ਜਾਵੇ ਅਤੇ ਯਾਤਰੀ ਇਹ ਨਾ ਕਹਿ ਸਕੇ ਕਿ ਮੈਂ ਛਿਨਭੰਗਰ ਸਰੀਰ ਦਾ ਤਿਆਰ ਕਰ ਦਿਤਾ ਹੈ...'

ਤਿਆਗ ਦਾ ਅਰਥ ਹੈ ਕਿ ਹੁਣ ਮੈਂ ਨਹੀਂ ਮੰਨਦਾ ਕਿ ਇਹ ਛਿਨਭੰਗਰ ਸਰੀਰ ਮੈਂ ਹਾਂ। ਤਿਆਗ ਦਾ ਮਤਲਬ ਇਹ ਨਾ ਸਮਝਣਾ ਕਿ ਤੁਸੀਂ ਸਰੀਰ ਨੂੰ ਛਡ ਦਿਉ, ਕਿ ਸਰੀਰ ਤੋਂ ਵੱਖ ਹੋ ਜਾਉ। ਇਹ ਬੋਧ ਕਿ ਮੈਂ ਸਰੀਰ ਨਹੀਂ ਹਾਂ, ਤਿਆਗ ਹੋ ਗਿਆ। ਇਹ ਪ੍ਰਤੀਤੀ ਕਿ ਮੈਂ ਸਰੀਰ ਨਹੀਂ ਹਾਂ, ਤਿਆਗ ਹੋ ਗਿਆ।

'ਮੈਂ ਕਾਰਨ ਦਾ ਹੀ ਨਾਸ ਕਰ ਦਿਤਾ ਹੈ।'

ਕਾਰਨ ਹੈ ਹੰਕਾਰ।

'...ਇਸਲਈ ਜੋ ਪਰਛਾਵੇਂ ਪੈਂਦੇ ਹਨ, ਉਹ ਹੁਣ ਟਿਕ ਨਹੀਂ ਸਕਦੇ। ਕਿਉਂਕਿ ਹੁਣ ਉਂਚੀ ਆਤਮਾ ਤੇ ਨੀਵੀਂ

ਆਤਮਾ ਦੇ ਵਿਚਾਲੇ ਅੰਤਮ ਮਹਾਂਯੁੱਧ ਅਰੰਭ ਹੋ ਗਿਆ ਹੈ। ਇਸ ਮਹਾਂਯੁੱਧ ਵਿਚ ਸਮੁੱਚਾ ਰਣ-ਖੇਤਰ ਸਮਾ ਗਿਆ ਹੈ। ਉਹ ਜਿਵੇਂ ਹੈ ਹੀ ਨਹੀਂ।

ਇਹ ਇਕ ਬਹੁਤ ਵਿਚਾਰਨਯੋਗ ਗੱਲ ਹੈ, ਅਤੇ ਜਟਲ ਵੀ। ਇਸ ਜਗਤ ਵਿਚ ਹਰੇਕ ਚੀਜ਼ 'ਚ ਦ੍ਵੰਧ ਹੈ। ਇਸ ਜਗਤ ਵਿਚ ਹਰੇਕ ਚੀਜ਼ ਆਪਣੇ ਉਲਟ ਦੇ ਨਾਲ ਹੈ। ਹੋਣ ਦਾ ਇਹੀ ਉਪਾਅ ਹੈ। ਜਨਮ ਹੈ ਮੌਤ ਦੇ ਨਾਲ। ਅਸੀਂ ਕਿੰਨਾ ਹੀ ਚਾਹੀਏ ਕਿ ਜਨਮ ਹੋਵੇ ਅਤੇ ਮੌਤ ਨਾ ਹੋਵੇ, ਇਹ ਹੋ ਨਹੀਂ ਸਕਦਾ। ਜਨਮ ਇਕ ਸਿਰਾ ਹੈ ਉਸੇ ਚੀਜ਼ ਦਾ, ਮੌਤ ਦੂਜਾ ਸਿਰਾ ਹੈ ਉਸੇ ਚੀਜ਼ ਦਾ। ਕੋਈ ਉਪਾਅ ਨਹੀਂ ਹੈ ਇਸ ਦ੍ਵੰਧ ਵਿਚੋਂ ਇਕ ਨੂੰ ਬਚਾਉਣ ਦਾ ਅਤੇ ਦੂਜੇ ਨੂੰ ਖ਼ਤਮ ਕਰਨ ਦਾ।

ਹੁਣ ਤਾਂ ਵਿਗਿਆਨਕ ਵੀ ਕਹਿੰਦੇ ਹਨ ਕਿ ਹਰ ਚੀਜ਼ ਦੇ ਨਾਲ ਉਲਟ ਚੀਜ਼ ਲਾਜ਼ਮੀ ਹੈ। ਅਤੇ ਉਹ ਤਾਂ ਇਥੋਂ ਤਕ ਕਹਿ ਗਏ ਹਨ ਕਿ ਬਹੁਤ ਨਾ ਸਮਝ ਵਿਚ ਆਉਣ ਵਾਲੀਆਂ ਗੱਲਾਂ ਵਿਗਿਆਨ ਨੂੰ ਸਮਝ ਆਉਣ ਲੱਗੀਆਂ ਹਨ। ਹੁਣੇ ਇਕ ਵਿਚਾਰਕ ਨੇ ਤਜਵੀਜ਼ ਕੀਤੀ ਹੈ... ਕਿ ਸਮਾਂ ਵਧਦਾ ਹੈ ਅੱਗੇ ਵਲ ਨੂੰ; ਅਤੀਤ ਜਾਂਦਾ ਹੈ, ਵਰਤਮਾਨ ਆਉਂਦਾ ਹੈ; ਵਰਤਮਾਨ ਜਾਂਦਾ ਹੈ, ਭਵਿੱਖ ਆਉਂਦਾ ਹੈ। ਇਹ ਸਮਾਂ ਜੇਕਰ ਹੈ, ਤਾਂ ਇਸਦੇ ਉਲਟ ਸਮਾਂ ਵੀ ਹੋਣਾ ਚਾਹੀਦਾ ਹੈ। ਨਹੀਂ ਤਾਂ ਇਹ ਨਹੀਂ ਹੋ ਸਕਦਾ। ਇਸਦਾ ਦੂਜਾ ਸਿਰਾ ਹੋਣਾ ਚਾਹੀਦਾ ਹੈ, ਰਿਵਰਸ ਟਾਈਮ—ਜਿਥੇ ਪਹਿਲਾਂ ਭਵਿੱਖ ਹੁੰਦਾ ਹੋਵੇ, ਫਿਰ ਵਰਤਮਾਨ ਹੁੰਦਾ ਹੋਵੇ, ਫਿਰ ਅਤੀਤ ਹੁੰਦਾ ਹੋਵੇ। ਇਸ ਤੋਂ ਉਲਟੀ ਧਾਰਾ ਹੋਣੀ ਚਾਹੀਦੀ ਹੈ। ਸਾਨੂੰ ਪਤਾ ਨਾ ਹੋਵੇ, ਲੇਕਿਨ ਜ਼ਰੂਰ ਕੋਈ ਉਲਟੀ ਧਾਰਾ ਹੋਣੀ ਚਾਹੀਦੀ ਹੈ। ਉਸ ਉਲਟੀ ਧਾਰਾ ਦੇ ਬਿਨਾਂ ਇਹ ਸਮਾਂ ਨਹੀਂ ਹੋ ਸਕੇਗਾ।

ਪਦਾਰਥ ਹੈ, ਤਾਂ ਭੌਤਿਕ ਵਿਗਿਆਨ ਫਿਜ਼ਿਕਸ ਦਾ ਨਵਾਂ ਸਿਧਾਂਤ ਹੈ, ਕਿ ਐਂਟੀ-ਮੈਟਰ, ਉਲਟ-ਪਦਾਰਥ ਵੀ ਹੋਣਾ ਚਾਹੀਦਾ ਹੈ। ਕੀ ਹੋਵੇਗਾ ਉਲਟ ਪਦਾਰਥ? ਬੜਾ ਕਠਨ ਹੈ, ਲੇਕਿਨ ਇਕ ਗੱਲ ਖ਼ਿਆਲ ਵਿਚ ਲੈਣੀ ਜ਼ਰੂਰੀ ਹੈ ਕਿ ਵਿਗਿਆਨ ਵੀ ਇਸ ਗੱਲ ਨੂੰ ਕਬੂਲ ਰਿਹਾ ਹੈ ਕਿ ਜਗਤ ਕਿਸੇ ਵੀ ਚੀਜ਼ 'ਚ ਇਕ ਧਰੁਵ ਨਹੀਂ ਹੋ ਸਕਦਾ। ਦੋ ਧਰੁਵ ਲਾਜ਼ਮੀ ਹਨ। ਜਿਵੇਂ ਅਸੀਂ ਸੋਚੀਏ, ਪੁਰਸ਼ ਹੀ ਪੁਰਸ਼ ਹੋਣ ਜਗਤ ਵਿਚ, ਇਸਤ੍ਰੀਆਂ ਨਾ ਹੋਣ, ਇਹ ਹੋ ਨਹੀਂ ਸਕਦਾ। ਇਹ ਪੋਲਰ ਅਪੋਜ਼ਿਟ ਹਨ। ਇਹ ਦੋ ਧਰੁਵ ਹਨ। ਅਤੇ ਇਹ ਦੋਨੋਂ ਇਕੱਠੇ ਹੀ ਹੋ ਸਕਦੇ ਹਨ, ਜਿਵੇਂ ਰਿਣ ਤੇ ਧਨ ਬਿਜਲੀ ਇਕੱਠੀ ਹੋ ਸਕਦੀ ਹੈ।

ਲਾਓਤਸੇ ਨੇ ਚੀਨ ਵਿਚ ਹਜ਼ਾਰਾਂ ਸਾਲ ਪਹਿਲਾਂ ਜੋ ਵਿਚਾਰ ਪੇਸ਼ ਕੀਤਾ ਸੀ, ਉਹ ਬਹੁਤ ਠੀਕ-ਠੀਕ ਵਿਕਸਤ ਹੁੰਦਾ ਚਲਿਆ ਗਿਆ ਹੈ। ਅਤੇ ਅਨੇਕ-ਅਨੇਕ ਆਯਾਮਾਂ ਵਿਚ ਸਹੀ ਸਿੱਧ ਹੋਇਆ ਹੈ। ਚੀਨ ਵਿਚ ਉਹ ਕਹਿੰਦੇ ਹਨ 'ਯਿਨ' ਅਤੇ 'ਯਾਂਗ'। 'ਯਿਨ' ਹੈ ਇਸਤ੍ਰੀ ਦਾ ਨਾਂ ਅਤੇ 'ਯਾਂਗ' ਹੈ ਪੁਰਸ਼ ਦਾ ਨਾਂ। ਜਾਂ 'ਯਿਨ' ਨੂੰ ਅਸੀਂ ਆਖੀਏ ਨਿਸ਼ੇਧ, ਅਤੇ 'ਯਾਂਗ' ਨੂੰ ਅਸੀਂ ਆਖੀਏ ਵਿਧਾਇਕਤਾ। ਜਾਂ 'ਯਿਨ' ਨੂੰ ਅਸੀਂ ਕਹੀਏ ਪ੍ਰਿਥਵੀ ਅਤੇ 'ਯਾਂਗ' ਨੂੰ ਅਸੀਂ ਕਹੀਏ

ਸਵਰਗ—ਕੋਈ ਵੀ ਦੋ। ਲੇਕਿਨ 'ਯਿਨ' ਅਤੇ 'ਯਾਂਗ' ਦੋ ਨਾਲ ਵਜੂਦ ਬਣਿਆ ਹੈ। ਅਤੇ ਇਕ ਦੇ ਹੁੰਦਿਆਂ ਹੀ ਅਸੀਂ ਸ਼ੂੰਨਯ ਵਿਚ ਸਮਾ ਜਾਂਦੇ ਹਾਂ। ਇਕ ਦਾ ਕੋਈ ਵਜੂਦ ਨਹੀਂ ਹੁੰਦਾ।

ਬ੍ਰਹਮ ਇਸਲਈ ਸ਼ੂੰਨਯ ਹੈ, ਉਹ ਇਕੱਲਾ ਹੈ। ਜਿਵੇਂ ਹੀ ਅਸੀਂ ਦੋ ਤੋਂ ਹਟੇ ਕਿ ਅਸੀਂ ਬ੍ਰਹਮ ਵਿਚ ਲੀਨ ਹੋ ਜਾਂਦੇ ਹਾਂ। ਉਹ ਹੈ, ਲੇਕਿਨ ਸ਼ੂੰਨਯ ਵਾਂਗ। ਉਸਦੇ ਹੋਣ ਨੂੰ ਪਦਾਰਥ ਜਿਹਾ ਨਹੀਂ ਕਿਹਾ ਜਾ ਸਕਦਾ। ਜਦ ਤਕ ਅਸੀਂ ਹਾਂ ਪਦਾਰਥ ਵਿਚ, ਤਦ ਤਕ ਉਲਟ ਹੋਵੇਗਾ। ਤਾਂ ਜੇਕਰ ਤੁਹਾਡੇ ਅੰਦਰ ਆਤਮਾ ਹੈ, ਤਾਂ ਤੁਹਾਡੇ ਅੰਦਰ ਉਲਟ—ਆਤਮਾ ਵਰਗੀ ਚੀਜ਼ ਵੀ ਹੋਵੇਗੀ; ਨਹੀਂ ਤਾਂ ਆਤਮਾ ਨਹੀਂ ਹੋ ਸਕਦੀ। ਜੇ ਤੁਹਾਡੇ ਅੰਦਰ ਉਚ—ਆਸਾ ਹੈ ਤਾਂ ਨੀਚ—ਆਸਾ ਵੀ ਹੋਵੇਗਾ। ਜੇ ਤੁਹਾਡੇ ਅੰਦਰ ਸ੍ਰੇਸ਼ਠ ਹੈ, ਤਾਂ ਘਟੀਆ ਵੀ ਹੋਵੇਗਾ। ਅਤੇ ਜੇ ਤੁਹਾਡੇ ਅੰਦਰ ਸਵਰਗ ਵਲ ਉਡਾਣ ਦੀ ਕਾਮਨਾ ਹੈ, ਤਾਂ ਨਰਕ ਵਲ ਨੂੰ ਜਾਣ ਵਾਲੀਆਂ ਜੜ੍ਹਾਂ ਵੀ ਹੋਣਗੀਆਂ। ਤੁਸੀਂ ਇਕ ਕੁਰਖੇਤਰ ਹੋ; ਉਸ ਵਿਚ ਤੁਹਾਡੇ ਅੰਦਰ ਪਾਂਡਵ ਵੀ ਹੋਣਗੇ ਅਤੇ ਕੌਰਵ ਵੀ ਹੋਣਗੇ। ਤੁਸੀਂ ਹੋ ਹੀ ਨਹੀਂ ਸਕਦੇ ਇਸ ਦ੍ਵੰਧ ਦੇ ਬਿਨਾਂ।

ਜਿਵੇਂ ਰਾਜ ਮਕਾਨ ਬਣਾਉਂਦਾ ਹੈ, ਦਰਵਾਜ਼ੇ ਚਿਣਦਾ ਹੈ, ਤਾਂ ਗੋਲ ਦਰਵਾਜ਼ੇ ਬਣਾਉਂਦਾ ਹੈ, ਉਲਟ ਇੱਟਾਂ ਲਾ ਦਿੰਦਾ ਹੈ। ਉਲਟ ਇੱਟਾਂ ਇਕ—ਦੂਜੀ ਨਾਲ ਟਕਰਾ ਜਾਂਦੀਆਂ ਹਨ। ਤਾਂ ਉਹਨਾਂ ਦੀ ਟੱਕਰ ਨਾਲ ਹੀ ਮੰਡਲ ਤਿਆਰ ਹੋ ਜਾਂਦਾ ਹੈ ਸ਼ਕਤੀ ਦਾ। ਉਸ ਸ਼ਕਤੀ ਉਤੇ ਵਡਾ ਭਵਨ ਖੜ੍ਹਾ ਹੋ ਜਾਂਦਾ ਹੈ। ਉਹ ਭਵਨ ਡਿਗੇਗਾ ਨਹੀਂ, ਕਿਉਂਕਿ ਉਹ ਵਿਚਕਾਰ ਜੋ ਉਲਟ ਇੱਟਾਂ ਜੋ ਹੇਠਾਂ ਲੱਗੀਆਂ ਹੋਈਆਂ ਹਨ, ਉਹ ਇਕ—ਦੂਜੀ ਨਾਲ ਟਕਰਾ ਕੇ ਸ਼ਕਤੀ ਦਾ ਇਕ ਘੇਰਾ ਬਣਾ ਰਹੀਆਂ ਹਨ। ਵਡਾ ਭਵਨ ਉਸ ਉਤੇ ਟਿਕਿਆ ਰਹੇਗਾ। ਉਹੀ ਵਿਰੋਧ ਉਸ ਵਡੇ ਭਵਨ ਦਾ ਅਧਾਰ ਹੈ।

ਤੁਹਾਡੇ ਅੰਦਰ ਵੀ ਇਕ ਵਿਰੋਧ ਹੈ। ਉਸ ਵਿਰੋਧ ਦੇ ਕਾਰਨ ਹੀ ਤੁਸੀਂ ਸੰਸਾਰ ਵਿਚ ਹੋ। ਇਸਲਈ ਬੁੱਧ ਕਹਿੰਦੇ ਹਨ, ਜਿਸ ਦਿਨ ਵਿਰੋਧ ਨਹੀਂ ਹੋਵੇਗਾ, ਉਸ ਦਿਨ ਤੁਸੀਂ ਮੈਥੋਂ ਇਹ ਨਾ ਪੁਛੋ ਕਿ ਆਤਮਾ, ਤੁਹਾਡੀ ਆਤਮਾ ਮੋਕਸ਼ ਵਿਚ ਹੋਵੇਗੀ ਕਿ ਨਹੀਂ ਹੋਵੇਗੀ। ਮੈਂ ਤੁਹਾਨੂੰ ਕਹਿੰਦਾ ਹਾਂ, ਨਹੀਂ ਹੋਵੇਗੀ; ਕਿਉਂਕਿ ਤੁਹਾਡੀ ਆਤਮਾ ਦੇ ਹੋਣ ਖ਼ਾਤਰ ਵੀ ਦ੍ਵੰਧ ਲਾਜ਼ਮੀ ਹੈ। ਨਿਰਦ੍ਵੰਧ ਅਵਸਥਾ ਵਿਚ ਹੋਣ ਦਾ ਕੋਈ ਅਰਥ ਨਹੀਂ ਹੈ, ਨਾ—ਹੋਣ ਦਾ ਕੋਈ ਅਰਥ ਨਹੀਂ ਹੈ। ਦੋਨੋਂ ਗੱਲਾਂ ਵਿਅਰਥ ਹਨ। ਇਸਲਈ ਬੁੱਧ ਨੇ ਨਿਰਵਾਣ ਸ਼ਬਦ ਚੁਣਿਆ। ਨਿਰਵਾਣ ਦਾ ਅਰਥ ਹੁੰਦਾ ਹੈ, ਦੀਵੇ ਦਾ ਬੁਝ ਜਾਣਾ। ਦ੍ਵੰਧ ਹੀ ਖੋ ਗਿਆ, ਤਾਂ ਤੁਸੀਂ ਵੀ ਖੋ ਜਾਉਗੇ। ਜਿਵੇਂ ਕੋਈ ਦਰਵਾਜ਼ੇ ਵਿਚ ਲੱਗੀ ਇੱਟ ਇਹ ਪੁਛੇ ਕਿ ਜੇ ਇਹ ਉਲਟ ਜੋ ਵਿਰੋਧ ਅਸਾਂ ਇੱਟਾਂ ਵਿਚ ਹੈ, ਜੇ ਇਹ ਨਾ ਰਹੇ ਤਾਂ ਦਰਵਾਜ਼ਾ ਹੋਵੇਗਾ ਕਿ ਨਹੀਂ ਹੋਵੇਗਾ? ਦ੍ਵੰਧ ਗਿਆ, ਦਰਵਾਜ਼ਾ ਗਿਆ। ਅਕਾਸ਼ ਬਚੇਗਾ, ਜੋ ਦਰਵਾਜ਼ੇ ਵਿਚ ਸੀ; ਦਰਵਾਜ਼ਾ ਨਹੀਂ ਬਚੇਗਾ। ਤੁਹਾਡੇ ਅੰਦਰ ਜੋ ਇਕ ਹੈ, ਉਹ ਬਚੇਗਾ; ਜੋ ਦੋ ਦੀ ਵਜ੍ਹਾ ਨਾਲ ਦਿਖਾਈ ਪੈਂਦਾ ਸੀ,ਉਹ ਖੋ ਜਾਏਗਾ। ਉਸ ਇਕ ਦਾ ਤੁਹਾਨੂੰ ਕੋਈ ਪਤਾ ਨਹੀਂ। ਤੁਹਾਨੂੰ ਇਹਨਾਂ ਦੋ ਦਾ ਜ਼ਰੂਰ ਪਤਾ ਹੈ। ਤੁਹਾਡੇ ਅੰਦਰ ਕੋਈ ਲਗਾਤਾਰ ਉਚੀ ਅਵਾਜ਼ ਪ੍ਰਤੀਤ ਹੁੰਦੀ ਹੈ। ਚੋਰੀ ਕਰਨ ਜਾਂਦੇ ਹੋ, ਕੋਈ ਅੰਦਰ

ਸ਼ੰਕਤ ਹੋਣ ਲਗਦਾ ਹੈ। ਹੱਤਿਆ ਕਰਨ ਜਾਂਦੇ ਹੋ, ਅੰਦਰ ਦ੍ਵੰਧ ਖੜ੍ਹਾ ਹੋ ਜਾਂਦਾ ਹੈ। ਦਾਨ ਦੇਣ ਜਾਂਦੇ ਹੋ, ਤਾਂ ਵੀ ਇਕ ਨੀਵੇਂ ਦੀ ਅਵਾਜ਼ ਹੈ, ਜੋ ਰੋਕਣ ਲਗਦੀ ਹੈ ਕਿ ਠਹਿਰ ਅਜੇ।

ਮੈਂ ਸੁਣਿਆ ਹੈ ਕਿ ਮਾਰਕਟ੍ਵੇਨ ਇਕ ਵਾਰ ਚਰਚ ਗਿਆ। ਉਹ ਜੋ ਚਰਚ ਦਾ ਪੁਰੋਹਤ ਸੀ, ਬੋਲ ਰਿਹਾ ਸੀ। ਵਾਣੀ ਉਸਦੀ ਮਿੱਠੀ ਸੀ, ਸ਼ਬਦ ਉਸਦੇ ਪਿਆਰੇ ਸਨ, ਬੜਾ ਕਾਵਿ ਸੀ, ਅਤੇ ਧਰਮ ਦੀ ਬੜੀ ਸਰਲ ਵਿਆਖਿਆ ਸੀ। ਮਾਰਕਟ੍ਵੇਨ ਬੜਾ ਪ੍ਰਭਾਵਤ ਹੋ ਗਿਆ। ਉਸਨੇ ਖੀਸੇ ਵਿਚ ਹੱਥ ਪਾ ਕੇ ਸੋਚਿਆ ਕਿ ਦਸ ਡਾਲਰ ਦਾਨ ਕਰ ਦਿਆਂ। ਡਾਲਰ ਖੀਸੇ ਵਿਚ ਹੋ ਸਨ। ਪਰ ਦਸ ਮਿਨਟ ਵਿਆਖਿਆਨ ਅੱਗੇ ਚਲਿਆ, ਤਾਂ ਮਾਰਕਟ੍ਵੇਨ ਨੇ ਸੋਚਿਆ, ਦਸ ਦੇਣ ਦੀ ਕੀ ਜ਼ਰੂਰਤ ਹੈ, ਪੰਜ ਨਾਲ ਵੀ ਕੰਮ ਚਲ ਸਕਦਾ ਹੈ ਅਤੇ ਫਿਰ ਅਜੇ ਕਿਸੇ ਨੂੰ ਦੱਸਿਆ ਵੀ ਤਾਂ ਨਹੀਂ ਹੈ ਕਿ ਦਸ ਦੇਣੇ ਹਨ, ਤਾਂ ਕੋਈ ਅਪਰਾਧ ਵੀ ਨਹੀਂ ਕਰ ਰਹੇ ਹਾਂ। ਪੰਜ ਨਾਲ ਹੀ ਕੰਮ ਸਰ ਜਾਏਗਾ। ਅਤੇ ਵਿਆਖਿਆਨ ਲੰਮਾ ਚਲਿਆ, ਤਾਂ ਢਾਈ–ਦੋ 'ਤੇ ਉਤਰਦਾ ਗਿਆ ਮਾਰਕਟ੍ਵੇਨ। ਅਤੇ ਉਸਨੇ ਲਿਖਿਆ ਹੈ, ਜਦ ਮੇਰੇ ਸਾਹਮਣੇ ਬਰਤਨ ਆਇਆ ਦਾਨ ਵਾਲਾ, ਤਾਂ ਮੇਰਾ ਚਿੱਤ ਹੋਇਆ ਕਿ ਇਕ–ਅੱਧ–ਦੋ ਡਾਲਰ ਇਸਦੇ ਵਿਚੋਂ ਚੁੱਕ ਲਵਾਂ। ਹੁਣ ਤਕ ਮੈਂ ਉਥੇ ਪਹੁੰਚ ਚੁੱਕਾ ਸੀ। ਕਿਸੇ ਤਰ੍ਹਾਂ ਆਪਣੇ–ਆਪ ਨੂੰ ਰੋਕ ਕੇ ਭੱਜਿਆ ਕਿ ਕਿਤੇ ਚੁੱਕ ਹੀ ਨਾ ਲਵਾਂ! ਦੇਣ ਦੀ ਤਾਂ ਗੱਲ ਹੀ ਖ਼ਤਮ ਹੋ ਗਈ।

ਉਹ ਜੋ ਤੁਹਾਨੂੰ ਅੰਦਰ ਜਦ ਵੀ ਸ਼ੁਭ ਕਰਨ ਦਾ ਕੁਝ ਹੁੰਦਾ ਹੈ, ਤਾਂ ਇਕ ਉਲਟ ਸ਼ਕਤੀ ਬੋਲਦੀ ਹੈ। ਜਦ ਅਸ਼ੁਭ ਕਰਨ ਦਾ ਹੁੰਦਾ ਹੈ, ਤਦ ਵੀ ਇਕ ਵਿਰੋਧੀ ਸ਼ਕਤੀ ਬੋਲਦੀ ਹੈ। ਇਹ ਦੋ ਤੁਹਾਡੇ ਅੰਦਰ ਅਵਾਜ਼ਾਂ ਹਨ। ਇਹਨਾਂ ਅਵਾਜ਼ਾਂ ਨੂੰ ਜਿਹੜਾ ਪਛਾਣਨ ਲਗਦਾ ਹੈ, ਉਸਨੂੰ ਆਪਣੇ ਅੰਦਰ ਦਾ ਦ੍ਵੰਧ ਤੇ ਯੁੱਧਖੇਤਰ ਸਪੱਸ਼ਟ ਹੋ ਜਾਂਦਾ ਹੈ ਅਤੇ ਜਿਵੇਂ ਹੀ ਵਿਅਕਤੀ ਆਪਣੇ ਹੰਕਾਰ ਨੂੰ ਛਡਦਾ ਹੈ, ਮਹਿਸੂਸ ਕਰਦਾ ਹੈ ਕਿ ਮੈਂ ਸਰੀਰ ਨਹੀਂ ਹਾਂ, ਉਵੇਂ ਹੀ ਯੁੱਧ ਸਪੱਸ਼ਟ ਹੁੰਦਾ ਹੈ। ਜਦ ਇਕ ਨਵੇਂ ਤਲ 'ਤੇ ਉਸਨੂੰ ਦਿਖਾਈ ਪੈਂਦਾ ਹੈ ਕਿ ਮੇਰਾ ਹੋਣਾ ਹੀ ਦੋ ਵਿਚ ਵੰਡ ਹੋਣਾ ਹੈ। ਕੁਝ ਹੈ ਮੇਰੇ ਅੰਦਰ ਜੋ ਨੀਵੇਂ ਵਲ ਨੂੰ ਜਾ ਰਿਹਾ ਹੈ, ਅਤੇ ਕੁਝ ਹੈ ਮੇਰੇ ਅੰਦਰ ਜੋ ਉਪਰ ਵਲ ਨੂੰ ਜਾ ਰਿਹਾ ਹੈ। ਅਤੇ ਉਹਨਾਂ ਦੋਹਾਂ ਦੇ ਖਿਚਾਅ ਦੇ ਵਿਚਕਾਰ 'ਮੈਂ' ਹਾਂ ਅਤੇ ਉਹਨਾਂ ਦੋਹਾਂ ਦੇ ਖਿਚਾਅ ਦੀ ਵਜ੍ਹਾ ਨਾਲ ਮੇਰਾ ਸੰਤਾਪ ਹੈ; ਮੇਰੀ ਚਿੰਤਾ, ਦੁਖ, ਪੀੜ।

'ਇਸ ਮਹਾਂਯੁੱਧ ਵਿਚ ਸਮੁੱਚਾ ਰਣ–ਖੇਤਰ ਸਮਾ ਗਿਆ ਹੈ। ਉਹ ਜਿਵੇਂ ਹੈ ਹੀ ਨਹੀਂ।'

ਰਣ–ਖੇਤਰ ਨਹੀਂ ਬਚਿਆ ਹੈ, ਸਿਰਫ ਸੈਨਾਵਾਂ ਛਾ ਗਈਆਂ ਹਨ ਦੋਹੀਂ ਪਾਸੀਂ। ਪਰ ਇਹ ਤੁਹਾਨੂੰ ਦਿਖਾਈ ਨਹੀਂ ਪਏਗਾ, ਕਿਉਂਕਿ ਤੁਸੀਂ ਤਾਂ ਸਰੀਰ ਵਿਚ ਇੰਨੇ ਉਲਝੇ ਹੋਏ ਹੋ ਕਿ ਤੁਹਾਨੂੰ ਇਹ ਪਤਾ ਲਗਣਾ ਵੀ ਮੁਸ਼ਕਲ ਹੈ ਕਿ ਸਰੀਰ ਦੇ ਪਿਛੇ ਛੁਪੀ ਆਤਮਾ ਦੇ ਵਜੂਦ ਵਿਚ ਕੀ ਵਾਪਰ ਰਿਹਾ ਹੈ। ਤੁਸੀਂ ਤਾਂ ਸਰੀਰ ਦੇ ਤਲ 'ਤੇ ਲਗੇ ਹੋ। ਉਥੇ ਹੀ ਤੁਹਾਡਾ ਸੰਘਰਸ਼ ਸੰਸਾਰ ਵਿਚ ਚੱਲ ਰਿਹਾ ਹੈ; ਕਿਸੇ ਨਾਲ ਧਨ ਦੇ ਲਈ, ਕਿਸੇ ਨਾਲ ਅਹੁਦੇ ਦੀ ਖ਼ਾਤਰ।

ਅੰਦਰ ਦਾ ਸੰਘਰਸ਼ ਤਾਂ ਉਹਨਾਂ ਨੂੰ ਹੀ ਪਤਾ ਲਗਦਾ ਹੈ, ਜੋ ਸਰੀਰ ਤੋਂ ਹਟਦੇ ਹਨ, ਅੱਖ ਚੁਕਦੇ ਹਨ ਅੰਦਰ ਵਲ ਨੂੰ, ਦੇਖਦੇ ਹਨ ਕਿ ਬਾਹਰ ਵੀ ਸੰਘਰਸ਼ ਹੈ, ਅੰਦਰ ਵੀ ਸੰਘਰਸ਼ ਹੈ। ਬਾਹਰ ਦਾ ਸੰਘਰਸ ਤਾਂ ਬਹੁਤ ਨਿਗੂਣਾ ਹੈ, ਅੰਦਰ ਦਾ ਸੰਘਰਸ਼ ਬਹੁਤ ਵਿਰਾਟ ਹੈ। ਉਹ ਸਦੀਵੀਂ ਯੁੱਧ ਹੈ, ਜਿਥੇ ਦੋ ਸ਼ਕਤੀਆਂ ਤੁਹਾਨੂੰ ਖਿੱਚ ਰਹੀਆਂ ਹਨ—ਇਕ ਉਪਰ ਵਲ ਨੂੰ, ਇਕ ਹੇਠਾਂ ਵਲ ਨੂੰ। ਅਤੇ ਜਦ ਤੁਸੀਂ ਉਪਰ ਵਲ ਜਾਣਾ ਚਾਹੁੰਦੇ ਹਾਂ, ਤਾਂ ਹੇਠਾਂ ਵਲ ਸੰਤੁਲਣ ਬਨਾਉਣ ਦੇ ਲਈ ਤੁਹਾਨੂੰ ਫੌਰਨ ਖਿਚਾਅ ਸ਼ੁਰੂ ਹੋ ਜਾਂਦਾ ਹੈ।

ਇਹ ਬੜੀ ਮਜ਼ੇਦਾਰ ਗੱਲ ਹੈ, ਜਦ ਤਕ ਤੁਸੀਂ ਉਪਰ ਵਲ ਨਹੀਂ ਜਾਣਾ ਚਾਹੁੰਦੇ ਹੋ ਤਦ ਤਕ ਹੇਠਾਂ ਦਾ ਖਿਚਾਅ ਜ਼ਿਆਦਾ ਨਹੀਂ ਹੁੰਦਾ। ਜਿਸ ਦਿਨ ਤੁਸੀਂ ਸੰਤ ਹੋਣਾ ਚਾਹੋਗੇ, ਉਸ ਦਿਨ ਤੁਹਾਨੂੰ ਪਤਾ ਲਗੇਗਾ ਕਿ ਤੁਹਾਡੇ ਅੰਦਰ ਦਾ ਸ਼ੈਤਾਨ ਬਹੁਤ ਬਲਵਾਨ ਹੈ। ਜਦ ਤਕ ਸੰਤ ਨਹੀਂ ਹੋਣਾ ਹੈ, ਤਦ ਤਕ ਸ਼ੈਤਾਨ ਦਾ ਪਤਾ ਨਹੀਂ ਲਗੇਗਾ। ਕਿਉਂਕਿ ਇਸਦੀ ਕੋਈ ਜ਼ਰੂਰਤ ਨਹੀਂ ਹੈ। ਸ਼ੈਤਾਨ ਨੂੰ ਚੁਣੌਤੀ ਤਾਂ ਤਦ ਮਿਲਦੀ ਹੈ, ਜਦ ਤੁਸੀਂ ਸੰਤ ਹੋਣ ਦੀ ਕੋਸ਼ਿਸ਼ ਕਰਦੇ ਹੋ। ਤਦ ਤੁਹਾਨੂੰ ਪਤਾ ਲਗਦਾ ਹੈ ਕਿ ਕਿੰਨੀ ਸ਼ੈਤਾਨੀ ਅੰਦਰ ਛੁਪੀ ਹੋਈ ਹੈ।

ਕਥਾਵਾਂ ਹਨ ਬੋਧੀ ਕਿ ਬੁੱਧ ਜਦ ਠੀਕ ਆਪਣੇ ਅੰਦਰ ਪ੍ਰਵੇਸ਼ ਕਰਨ ਲਗੇ, ਤਾਂ ਮਾਰ ਨੇ, ਕਾਮ ਨੇ ਉਹਨਾਂ ਉਪਰ ਹਮਲਾ ਕੀਤਾ। ਜੀਸਸ ਜਦ ਪਰਮ ਗਿਆਨ ਦੇ ਨਜ਼ਦੀਕ ਪੁੱਜਣ ਲਗੇ, ਉਦੋਂ ਦੀ ਘਟਨਾ ਹੈ, ਕਿ ਸ਼ੈਤਾਨ ਉਹਨਾਂ ਨੂੰ ਬਹੁਤ ਲਾਲਚ ਦੇਣ ਲੱਗਾ। ਅਤੇ ਜੀਸਸ ਨੂੰ ਕਹਿਣਾ ਪਿਆ ਕਿ ਸ਼ੈਤਾਨ ਹਟ, ਤੇਰੇ ਲਾਲਚ ਮੇਰੇ ਲਈ ਬੇਅਰਥੇ ਹਨ। ਸਾਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਕੋਈ ਵਹਿਮ ਹੋ ਗਿਆ ਹੋਣੈ ਕਿ ਸ਼ੈਤਾਨ ਕਿਥੇ ਹੈ? ਕੌਣ ਜੀਸਸ ਦੇ ਪਿਛੇ ਖੜ੍ਹਾ ਹੋਵੇਗਾ? ਆਪਣੇ-ਆਪ ਹੀ ਕੋਈ ਵਹਿਮ ਹੋ ਗਿਆ ਹੋਵੇਗਾ। ਬੁੱਧ ਨੂੰ ਕੌਣ ਮਾਰ ਹਮਲਾ ਕਰਨ ਆਉਂਦਾ ਹੈ? ਕੌਣ ਕਾਮਦੇਵ ਤੀਰ ਲਈ ਖੜ੍ਹਾ ਹੈ। ਖ਼ੁਦ ਦਾ ਹੀ ਕੋਈ ਵਹਿਮ ਹੋ ਗਿਆ ਹੋਵੇਗਾ।

ਜਿਥੇ ਅਸੀਂ ਹਾਂ, ਉਥੇ ਅਜੇਹਾ ਸੋਚਣਾ ਸੁਭਾਵਕ ਹੈ; ਕਿਉਂਕਿ ਸਾਨੂੰ ਅੰਦਰ ਦੇ ਯੁੱਧ ਦਾ ਕੋਈ ਵੀ ਪਤਾ ਨਹੀਂ, ਅੰਦਰ ਦੇ ਤਣਾਉ ਦਾ ਕੋਈ ਪਤਾ ਨਹੀਂ। ਉਹ ਤਾਂ ਉਹਨਾਂ ਨੂੰ ਹੀ ਪਤਾ ਲਗਦਾ ਹੈ ਜਿਹੜੇ ਉਸ ਤਣਾਉ ਵਿਚ ਇਕ ਦਿਸ਼ਾ ਨੂੰ ਪਕੜਨਾ ਸ਼ੁਰੂ ਕਰਦੇ ਹਨ, ਦੂਜੀ ਦਿਸ਼ਾ ਨਾਲ ਦੀ ਨਾਲ ਬਲਵਾਨ ਹੋ ਜਾਂਦੀ ਹੈ।

ਜੇ ਤੁਸੀਂ ਜ਼ਮੀਨ ਉਤੇ ਲੇਟੇ ਹੋਏ ਹੋ, ਤਾਂ ਤੁਹਾਨੂੰ ਥਕਾਵਟ ਦਾ ਪਤਾ ਨਹੀਂ ਲਗਦਾ। ਇਸਲਈ ਰਾਤੀਂ ਅਸੀਂ ਲੇਟ ਜਾਂਦੇ ਹਾਂ, ਲੇਟਣ ਨਾਲ ਥਕਾਵਟ ਮਿਟ ਜਾਂਦੀ ਹੈ। ਕਿਉਂ? ਤੁਹਾਨੂੰ ਪਤਾ ਹੈ, ਲੇਟਣ ਵਿਚ ਹੁੰਦਾ ਕੀ ਹੈ? ਲੇਟਣ ਦਾ ਮਤਲਬ ਹੈ ਕਿ ਜ਼ਮੀਨ ਦੀ ਖਿੱਚ-ਸ਼ਕਤੀ ਨਾਲ ਦਿਨ-ਭਰ ਤੁਹਾਡਾ ਜੋ ਸੰਘਰਸ਼ ਚੱਲ ਰਿਹਾ ਸੀ, ਉਹ ਤੁਸੀਂ ਛਡ ਦਿਤਾ; ਹੁਣ ਤੁਸੀਂ ਲੜ ਨਹੀਂ ਰਹੇ ਹੋ। ਹੁਣ ਤੁਸੀਂ ਜ਼ਮੀਨ 'ਤੇ ਲੇਟ ਗਏ ਹੋ, ਖਿੱਚ-ਸ਼ਕਤੀ ਦੇ ਨਾਲ ਹੁਣ ਤੁਸੀਂ ਦੁਸ਼ਮਣੀ ਨਹੀਂ ਕਰ ਰਹੇ ਹੋ। ਜਦ ਤੁਸੀਂ ਖਲੋਤੇ ਹੋ, ਤਦ ਤੁਸੀਂ ਜ਼ਮੀਨ ਨਾਲ ਲੜ ਰਹੇ ਹੋ। ਜ਼ਮੀਨ ਹੇਠਾਂ ਖਿੱਚ ਰਹੀ ਹੈ, ਤੁਸੀਂ ਖੜ੍ਹੇ ਹੋਣ ਦੀ ਕੋਸ਼ਿਸ਼ ਕਰ ਰਹੇ ਹੋ।

ਤੁਹਾਨੂੰ ਪਤਾ ਹੈ, ਕਮਰ ਦਾ ਦਰਦ ਸਿਰਫ਼ ਆਦਮੀ ਦੀ ਜਾਤ ਵਿਚ ਹੁੰਦਾ ਹੈ, ਜਾਨਵਰਾਂ ਵਿਚ ਕਿਤੇ ਨਹੀਂ ਹੁੰਦਾ। ਸਿੱਧੇ ਖੜ੍ਹੇ ਹੋਣ ਦਾ ਉਪੱਦਰ ਹੈ ਕਮਰ ਦਾ ਦਰਦ।

ਜਿਹੜੇ ਲੋਕ ਸਰੀਰ ਨੂੰ ਅਨੁਭਵ ਕਹਦੇ ਹਨ, ਜਿਵੇਂ ਸਰੀਰ–ਸ਼ਾਸਤਰੀ ਹਨ ਉਹ ਕਹਿੰਦੇ ਹਨ, ਆਦਮੀ ਦੀ ਰੀੜ੍ਹ ਅਜੇ ਤਕ ਪੂਰੀ ਸਿੱਧੀ ਨਹੀਂ ਹੋ ਸਕੀ ਹੈ; ਜ਼ਮੀਨ ਖਿੱਚਦੀ ਹੈ ਉਸਨੂੰ। ਅਤੇ ਇਸਲਈ ਜੋ ਯੋਗ ਵਿਚ ਰੀੜ੍ਹ ਨੂੰ ਸਿੱਧੀ ਕਰਨ ਦੇ ਬੜੇ ਉਪਾਅ ਕੀਤੇ ਹਨ, ਤਾਂ ਉਸਦੇ ਪਿਛੇ ਕਾਰਨ ਹੈ। ਉਹ ਸੰਘਰਸ਼ ਦੇ ਹੇਠਾਂ ਦੀ ਖਿੱਚ–ਸ਼ਕਤੀ ਨਾਲ। ਜਦ ਤੁਸੀਂ ਰਾਤੀਂ ਲੇਟ ਜਾਂਦੇ ਹੋ, ਸੰਘਰਸ਼ ਤੁਸੀਂ ਛਡ ਦਿਤਾ, ਫਿਰ ਕੋਈ ਥਕਾਵਟ ਨਹੀਂ ਆਉਂਦੀ। ਅਤੇ ਕੋਈ ਆਦਮੀ ਦੌੜਦਾ ਰਿਹਾ ਹੋਵੇ ਦਿਨ–ਭਰ, ਅਤੇ ਇਹ ਕਹੇ ਕਿ ਮੈਂ ਬਿਲਕੁਲ ਥੱਕਿਆ ਹੋਇਆ ਹਾਂ। ਅਤੇ ਤੁਸੀਂ ਸਦਾ ਲੇਟੇ ਰਹੇ ਹੋਵੋ, ਤਾਂ ਤੁਸੀਂ ਕਹੋਗੇ ਕਿ ਵਹਿਮ ਵਿਚ ਪੈ ਗਿਆ ਹੈਂ, ਥੱਕਣ ਦਾ ਕੋਈ ਸਵਾਲ ਹੀ ਨਹੀਂ, ਅਸੀਂ ਵੀ ਤਾਂ ਹਾਂ।

ਬੁੱਧ ਅਤੇ ਮਹਾਂਵੀਰ ਖੜ੍ਹੇ ਹੋ ਕੇ ਚੱਲ ਰਹੇ ਹਨ ਅਤੇ ਅੰਦਰ ਦੀ ਦੁਨੀਆਂ ਵਿਚ; ਅਸੀਂ ਉਥੇ ਲੇਟੇ ਹੋਏ ਹਾਂ। ਉਹ ਥੱਕਦੇ ਹਨ, ਉਹਨਾਂ ਨੂੰ ਉਲਟ ਦਾ ਅਨੁਭਵ ਹੋ ਰਿਹਾ ਹੈ। ਜੀਸਸ ਜਦ ਭਗਵਾਨ ਹੋਣ ਲਗਦੇ ਹਨ, ਤਦ ਨਾਲ ਦੀ ਨਾਲ ਸ਼ੈਤਾਨ ਦਾ ਅਨੁਭਵ ਹੁੰਦਾ ਹੈ। ਸ਼ੈਤਾਨ ਦਾ ਮਤਲਬ ਇਹ ਹੈ ਕਿ ਆਪਣੇ ਹੀ ਅੰਦਰ ਦੀ ਹੇਠਾਂ ਦੀ ਤਾਕਤ ਆਖਰੀ ਉਪਾਅ ਕਰਦੀ ਹੈ ਕਿ ਕਿਥੇ ਜਾਂਦਾ ਹੈਂ? ਅਤੇ ਇਹ ਦ੍ਵੰਧ ਵੀ ਤਦ ਤਕ ਨਹੀਂ ਮਿਟਦਾ, ਜਦ ਤਕ ਕੋਈ ਉਪਰ ਜਾਣਾ ਚਾਹੁੰਦਾ ਹੈ, ਤਦ ਤਕ ਨੀਵੇਂ ਦਾ ਖਿਚਾਅ ਜਾਰੀ ਰਹਿੰਦਾ ਹੈ। ਇਸਲਈ ਸਾਡੇ ਕੋਲ ਤਿੰਨ ਸ਼ਬਦ ਹਨ। ਇਕ ਸ਼ਬਦ ਹੈ, 'ਸਵਰਗ', ਉਹ ਉਪਰ ਦੀ ਦਿਸ਼ਾ ਦਾ ਸੂਚਕ ਹੈ—ਉੱਚੀ ਆਤਮਾ ਜਿਥੇ ਜਾਣਾ ਚਾਹੁੰਦੀ ਹੈ, ਜਿਹੋ–ਜਿਹੀ ਹੋਣਾ ਚਾਹੁੰਦੀ ਹੈ। ਦੂਜਾ ਸ਼ਬਦ ਹੈ ਸਾਡੇ ਕੋਲ 'ਨਰਕ', ਉਹ ਨੀਵੀਂ ਆਤਮਾ ਦੀ ਤੀਰਥ–ਯਾਤਰਾ ਦਾ ਸੂਚਕ ਹੈ—ਜਿਥੇ ਸਾਡੀਆਂ ਨੀਵੀਆਂ ਬਿਰਤੀਆਂ ਜਾਣਾ ਚਾਹੁੰਦੀਆਂ ਹਨ। ਇਕ ਹੋਰ ਸ਼ਬਦ ਹੈ ਸਾਡੇ ਪਾਸ 'ਮੋਕਸ਼'—ਉਸ ਅਵਸਥਾ ਦਾ ਸੂਚਕ ਹੈ, ਜਿਥੇ ਅਸੀਂ ਨਾਂ ਉਪਰ ਜਾਣਾ ਚਾਹੁੰਦੇ ਹਾਂ, ਜਿਥੇ ਨਾ ਨੀਵੇਂ ਜਾਣਾ ਚਾਹੁੰਦੇ ਹਾਂ, ਅਸੀਂ ਕਿਤੇ ਜਾਣਾ ਹੀ ਨਹੀਂ ਚਾਹੁੰਦੇ। ਉਸ ਮੱਧ ਦੇ ਬਿੰਦੂ 'ਤੇ ਛੁਟਕਾਰਾ ਹੈ।

ਮੁਸਲਮਾਨ ਫ਼ਕੀਰ ਔਰਤ ਸੀ ਰਾਬੀਆ। ਇਕ ਦਿਨ ਲੋਕਾਂ ਨੇ ਬਜ਼ਾਰ ਵਿਚ ਦੇਖਿਆ, ਇਕ ਹੱਥ ਵਿਚ ਅੱਗ ਚੁੱਕੀ ਹੋਈ ਹੈ, ਲਪਟਾਂ ਹਨ, ਮਸ਼ਾਲ ਹੈ; ਅਤੇ ਇਕ ਹੱਥ ਵਿਚ ਠੰਡੇ ਪਾਣੀ ਦੀ ਮਟਕੀ ਫੜੀ, ਰਾਬੀਆ ਦੌੜਦੀ ਹੋਈ ਜਾ ਰਹੀ ਹੈ। ਲੋਕਾਂ ਨੇ ਪੁਛਿਆ, ਰਾਬੀਆ, ਕੀ ਕਰ ਰਹੀ ਹੈਂ? ਦਿਮਾਗ ਤਾਂ ਖ਼ਰਾਬ ਨਹੀਂ ਹੋ ਗਿਆ? ਤਾਂ ਰਾਬੀਆ ਨੇ ਕਿਹਾ ਕਿ ਤੁਹਾਡੇ ਨਰਕ ਨੂੰ ਬੁਝਾਉਣ ਅਤੇ ਤੁਹਾਡੇ ਸਵਰਗ ਨੂੰ ਜਲਾਉਣ।

ਜਾਂ ਤਾਂ ਤੁਸੀਂ ਹੇਠਾਂ ਜਾਂਦੇ ਹੋ ਜਾਂ ਤੁਸੀਂ ਉਪਰ ਜਾਂਦੇ ਹੋ, ਪਰ ਤੁਸੀਂ ਜਾਂਦੇ ਜ਼ਰੂਰ ਹੋ। ਉਸੇ ਵਿਚ ਝਗੜਾ ਹੈ ਅਤੇ ਉਸੇ ਵਿਚ ਸੰਘਰਸ਼ ਹੈ। ਲੇਕਿਨ ਧਿਆਨ ਰਹੇ ਮੱਧ ਵਿਚ ਕੋਈ ਇਕਦਮ ਨਾਲ ਜਾ ਵੀ ਨਹੀਂ ਸਕਦਾ। ਉਪਰ ਜਾਵੇ, ਤਾਂ ਹੇਠਾਂ ਜਾਣ ਵਾਲੀਆਂ ਸ਼ਕਤੀਆਂ ਦਾ ਅਨੁਭਵ ਹੋਣਾ ਸ਼ੁਰੂ ਹੁੰਦਾ ਹੈ। ਅਤੇ ਜਦ ਉਪਰ ਤੇ ਹੇਠਾਂ ਜਾਣ ਦਾ ਤਣਾਉ ਪੂਰਾ ਹੁੰਦਾ ਹੈ ਅਤੇ ਕੋਈ ਤਣਾਉ ਦਾ ਅੱਗੇ ਉਪਾਅ ਨਹੀਂ ਰਹਿ ਜਾਂਦਾ। ਜਦ ਤਾਰ ਬਿਲਕੁਲ ਪੂਰੇ ਖਿੱਚੇ ਜਾਂਦੇ ਹਨ ਆਪਣੀ ਅੰਦਰਲੀ ਸਥਿਤੀ ਵਿਚ, ਤਦੋ ਤੁਹਾਨੂੰ, ਆਪਣੇ ਅੰਦਰਲੇ ਜੀਵਨ ਦਾ ਜੋ ਢਾਂਚਾ ਹੈ, ਉਸਦੀ ਪੂਰੀ ਪ੍ਰਤੀਤੀ ਹੁੰਦੀ ਹੈ ਕਿ ਉਹ ਨਰਕ ਤੇ ਸਵਰਗ ਦੋਹਾਂ ਤੋਂ ਮਿਲ ਕੇ ਬਣਿਆ ਹੈ। ਤਦੋ ਤੁਹਾਨੂੰ ਪ੍ਰਤੀਤੀ ਹੁੰਦੀ ਹੈ ਕਿ ਉਹ ਅੰਦਰ ਸ਼ੈਤਾਨ ਤੇ ਭਗਵਾਨ ਦੋਵੇਂ ਇਕੱਠੇ ਖੜ੍ਹੇ ਹਨ। ਇਹਨਾਂ ਦੋਹਾਂ ਦੀ ਪੂਰੀ ਜੋ ਇਕ ਹੋਣ ਦੀ ਪ੍ਰਤੀਤੀ ਹੈ, ਉਸ ਪ੍ਰਤੀਤੀ ਦੇ ਬਾਅਦ ਹੀ

ਦੋਹਾਂ ਤੋਂ ਛੁਟਕਾਰਾ ਹੋ ਸਕਦਾ ਹੈ। ਦੋਹਾਂ ਤੋਂ ਛੁਟਕਾਰਾ ਹੀ ਅਸਲ ਵਿਚ ਭਗਵੱਤਾ 'ਚ ਪ੍ਰਵੇਸ਼ ਹੈ, ਅਸਲ ਵਿਚ ਬ੍ਰਹਮ 'ਚ ਪ੍ਰਵੇਸ਼ ਹੈ।

ਇਹ ਸੂਤਰ ਕਹਿੰਦਾ ਹੈ : ਲੇਕਿਨ ਜਦ ਇਕ ਵਾਰ ਤੂੰ ਧੀਰਜ ਦੇ ਦੁਆਰ ਨੂੰ ਪਾਰ ਕਰ ਜਾਂਦਾ ਹੈਂ, ਤਦ ਤੀਜਾ ਕਦਮ ਵੀ ਉਠ ਜਾਂਦਾ ਹੈ। ਤੇਰਾ ਸਰੀਰ ਤੇਰਾ ਸੇਵਕ ਹੈ। ਅਤੇ ਹੁਣ ਚੌਥੇ ਕਦਮ ਦੀ ਤਿਆਰੀ ਕਰ। ਇਹ ਲੋਭ ਦਾ ਦੁਆਰ ਹੈ, ਜੋ ਅੰਤਰ-ਸਥਿਤ ਮਨੁੱਖ ਨੂੰ ਫਸਾਉਂਦਾ ਹੈ।

ਚੌਥਾ ਦੁਆਰ ਹੈ ਵਿਰਾਗ, ਅਤੇ ਇਸਨੂੰ ਸੂਤਰ ਕਹਿ ਰਿਹਾ ਹੈ ਕਿ ਇਹ ਦੁਆਰ ਲੋਭ ਨਾਲ ਬਹੁਤ ਗਹਿਰੇ ਰੂਪ ਨਾਲ ਸਬੰਧਤ ਹੈ। ਹੈਰਾਨੀ ਹੋਵੇਗੀ ਇਥੇ! ਵਿਰਾਗ ਦਾ ਲੋਭ ਨਾਲ ਕੀ ਸਬੰਧ? ਉਲਟੇ ਜਾਪਦੇ ਹਨ। ਕਿਤੇ ਕੋਈ ਭੁੱਲ ਤਾਂ ਨਹੀਂ ਹੋ ਗਈ ਸੂਤਰ ਵਿਚ। ਵਿਰਾਗ ਦਾ ਦੁਆਰ ਲੋਭ ਦਾ ਦੁਆਰ ਕਿਉਂ ਹੈ?

ਵਿਰਾਗ ਦਾ ਦੁਆਰ ਲੋਭ ਦਾ ਦੁਆਰ ਹੈ, ਭੁੱਲ ਜ਼ਰਾ ਵੀ ਨਹੀਂ ਹੈ। ਲੇਕਿਨ ਜ਼ਰਾ ਜਟਲ ਅਤੇ ਸੂਖਮ ਹੈ ਗੱਲ। ਸੰਸਾਰ ਤੋਂ ਉਪਰਾਮ ਹੋ ਗਿਆ ਮਨ; ਸੰਸਾਰ ਦੀ ਵਿਅਰਥਤਾ ਜਾਣ ਲਈ, ਸਭ ਦੇਖ ਲਿਆ, ਕਿਤੇ ਕੁਝ ਪਾਇਆ ਨਹੀਂ; ਰਾਖ ਹੀ ਹੱਥ ਆਈ, ਹੱਥ ਖ਼ਾਲੀ ਦੇ ਖ਼ਾਲੀ ਰਹੇ, ਕੁਝ ਭਰ ਨਾ ਸਕਿਆ, ਮਨ ਦਾ ਕਾਸਾ ਖ਼ਾਲੀ ਰਿਹਾ; ਕੋਈ ਵਾਸਨਾ, ਕੋਈ ਕਾਮਨਾ, ਕੋਈ ਮੰਗ ਪੂਰੀ ਨਾ ਹੋਈ। ਉਲਟੇ ਜਿੰਨਾ ਮੰਗਿਆ, ਉਨੇ ਦੁਖ ਆਏ; ਜਿੰਨਾ ਚਾਹਿਆ, ਉਨੀ ਪੀੜ ਮਿਲੀ; ਜਿੰਨੇ ਦੌੜੇ ਉਨੇ ਭਟਕੇ; ਯਾਤਰਾ ਬਹੁਤ ਕੀਤੀ, ਮੰਜ਼ਲ ਕੋਈ ਨਾ ਮਿਲੀ। ਅਜੇਹਾ ਸਾਰਾ ਅਨੁਭਵ ਵਿਰਾਗ ਲੈ ਆਉਂਦਾ ਹੈ। ਇਹ ਦੁਆਰ ਹੈ ਵਿਰਾਗ ਦਾ। ਸੰਸਾਰ ਵਿਅਰਥ ਹੋ ਗਿਆ।

ਐਪਰ ਧਿਆਨ ਰਹੇ, ਸੰਸਾਰ ਦੇ ਵਿਅਰਥ ਹੋ ਜਾਣ ਨਾਲ ਜ਼ਰੂਰੀ ਨਹੀਂ ਕਿ ਲੋਭ ਵਿਅਰਥ ਹੋ ਗਿਆ ਹੋਵੇ। ਲੋਭ ਨਵਾਂ ਰੂਪ ਵੀ ਲੈ ਸਕਦਾ ਹੈ। ਵਿਰਾਗੀ ਦੇ ਵੀ ਲੋਭ ਹੋ ਸਕਦੇ ਹਨ। ਇਸਲਈ ਵਿਰਾਗ ਦੇ ਦੁਆਰ 'ਤੇ ਸੰਸਾਰ ਦਾ ਲੋਭ ਛੁੱਟ ਗਿਆ, ਹੁਣ ਕਿਤੇ ਪਰਲੋਕ ਦਾ ਲੋਭ ਨਾ ਪਕੜ ਲਵੇ! ਇਸਲਈ ਵਿਰਾਗ ਦੇ ਦੁਆਰ 'ਤੇ ਬਹੁਤ ਸੁਚੇਤ ਹੋਣਾ ਜ਼ਰੂਰੀ ਹੈ। ਦੇਖਣਾ ਚਾਰ-ਚੁਫੇਰੇ ਦਿਖਾਈ ਪੈ ਜਾਏਗੀ, ਇਹ ਗੱਲ ਸੱਚ ਹੈ। ਪੁਛਣਾ ਕਿਸੇ ਤਪੱਸਵੀ ਨੂੰ, ਕਿਸਲਈ ਤਪ ਕਰ ਰਿਹਾ ਹੈਂ? ਫੌਰਨ ਲੋਭ ਦਾ ਪਤਾ ਲਗ ਜਾਏਗਾ। ਕਹਿੰਦਾ ਹੈ ਮੈਨੂੰ ਸਦੀਵੀਂ ਆਤਮਾ ਚਾਹੀਦੀ ਹੈ, ਕਿ ਮੈਨੂੰ ਸਵਰਗ ਚਾਹੀਦਾ ਹੈ, ਕਿ ਮੈਨੂੰ ਪਰਮ ਅਨੰਦ ਚਾਹੀਦਾ ਹੈ, ਕੁਝ ਚਾਹੀਦੈ, ਜਾਂ ਮੈਨੂੰ ਪਰਮਾਤਮਾ ਚਾਹੀਦਾ ਹੈ, ਕੁਝ ਚਾਹੀਦਾ ਹੈ। ਚਾਹ, ਭਾਵੇਂ ਧਨ ਦੀ ਹੋਵੇ, ਭਾਵੇਂ ਧਰਮ ਦੀ, ਚਾਹ ਤਾਂ ਚਾਹ ਹੈ।

ਲੋਭ ਤਾਂ ਲੋਭ ਹੈ; ਲੋਭ ਦਾ ਵਿਸ਼ਾ ਕੀ ਹੈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਲੋਭ ਦੀ ਬਿਰਤੀ ਤਾਂ ਉਹੀ ਹੈ। ਕਲ੍ਹ ਤਕ ਮੈਂ ਚਾਹੁੰਦਾ ਸੀ, ਇਥੇ ਪਦ ਮਿਲੇ; ਹੁਣ ਮੈਂ ਕਹਿੰਦਾ ਹਾਂ ਪਰਮ-ਪਦ ਮਿਲੇ, ਮੈਨੂੰ ਪਰਮਾਤਮਾ ਚਾਹੀਦਾ ਹੈ। ਕਲ੍ਹ ਤਕ ਮੈਂ ਕਹਿੰਦਾ ਸੀ ਕਿ ਇਥੇ ਧਨ ਮਿਲੇ, ਪਰ ਮੈਂ ਪਾਇਆ ਕਿ ਇਥੋਂ ਦਾ ਧਨ ਤਾਂ ਛਿਨਭੰਗਰ ਹੈ; ਹੁਣ ਮੈਂ ਕਹਿੰਦਾ ਹਾਂ ਕਿ ਮੈਨੂੰ ਅਜੇਹਾ ਧਨ ਮਿਲੇ ਜੋ ਸਦੀਵੀ ਹੋਵੇ। ਇਹ ਲੋਭ ਘਟਿਆ ਜਾਂ ਵਧਿਆ?

ਸੰਸਾਰੀ ਦਾ ਲੋਭ ਬੜਾ ਛੋਟਾ ਹੁੰਦਾ ਹੈ, ਕੌਡੀਆਂ ਨਾਲ ਭਰ ਜਾਂਦਾ ਹੈ। ਸਰਲ ਲੋਭ ਹੈ, ਜਟਲ ਨਹੀਂ ਹੈ। ਸਾਧੂ ਦਾ ਲੋਭ ਜਟਲ ਹੈ, ਕੌਡੀਆਂ ਨਾਲ ਨਹੀਂ ਭਰਦਾ। ਉਹ ਕਹਿੰਦਾ ਹੈ, ਇਹ ਕੌਡੀਆਂ ਹਨ, ਇਹਨਾਂ ਨੂੰ ਇਕੱਠੀਆਂ ਕਰਕੇ ਮੈਂ

ਕੀ ਕਰਾਂਗਾ? ਇਕੱਠਾ ਉਹ ਵੀ ਕਰਨਾ ਚਾਹੁੰਦਾ ਹੈ, ਪਰ ਕੌਡੀਆਂ ਇਕੱਠੀਆਂ ਕਰਨੀਆਂ ਨਹੀਂ ਚਾਹੁੰਦਾ! ਕੋਈ ਹੀਰੇ ਮਿਲਦੇ ਹੋਣ, ਤਾਂ ਇਕੱਠ ਕਰੇ। ਲੇਕਿਨ ਇਸ ਵਿਚ ਲੋਭੀ ਕੌਣ ਵਡਾ ਹੈ? ਜਿਹੜਾ ਕੌਡੀਆਂ ਇਕੱਠੀਆਂ ਕਰ ਰਿਹਾ ਹੈ ਉਹ? ਜਾਂ ਜਿਹੜਾ ਇਸਲਈ ਕੌਡੀਆਂ ਛਡ ਰਿਹਾ ਹੈ ਕਿ ਕੌਡੀਆਂ ਨੇ, ਮੈਨੂੰ ਹੀਰੇ ਚਾਹੀਦੇ ਹਨ ਉਹ?

ਇਹ ਲੋਭ ਨਵਾਂ ਹੋ ਗਿਆ ਅਤੇ ਇਸਨੇ ਨਵਾਂ ਆਯਾਮ ਲੈ ਲਿਆ।

ਜੇ ਅਸੀਂ ਸ਼ਾਸਤਰਾਂ ਨੂੰ ਦੇਖੀਏ, ਤਾਂ ਸੌ 'ਚੋ ਨੜ੍ਹਿਨਵੇਂ ਸ਼ਾਸਤਰ ਲੋਭ ਦੇ ਸ਼ਾਸਤਰ ਹਨ। ਇਹਨਾਂ ਵਿਚ ਲੋਭ ਭਰਿਆ ਪਿਆ ਹੈ; ਲੋਭ ਅਧਿਆਤਮਕ ਹੈ। ਪਰ ਕੀ ਅਧਿਆਤਮਕ ਲੋਭ ਹੋ ਸਕਦਾ ਹੈ? ਕੀ ਲੋਭ ਵੀ ਅਧਿਆਤਮਕ ਹੋ ਸਕਦਾ ਹੈ? ਲੋਭ ਹੀ ਤਾਂ ਸੰਸਾਰ ਹੈ। ਲੇਕਿਨ ਧੋਖਾ ਹੈ; ਕਿਉਂਕਿ ਅਸੀਂ ਪਦਾਰਥ ਬਦਲ ਲੈਂਦੇ ਹਾਂ। ਜਿਹੜਾ ਆਦਮੀ ਧਨ ਮੰਗਦਾ ਹੈ, ਅਸੀਂ ਉਸਨੂੰ ਕਹਿੰਦੇ ਹਾਂ, ਕੀ ਨਿਗੂਣਾ ਮੰਗ ਰਿਹਾ ਹੈਂ! ਜਿਹੜਾ ਕਹਿੰਦਾ ਹੈ, ਮੈਨੂੰ ਤਾਂ ਪਰਮਾਤਮਾ ਤੂੰ ਹੀ ਚਾਹੀਦਾ ਹੈਂ—ਇਸਨੂੰ ਅਸੀਂ ਕਹਿੰਦੇ ਹਾਂ, ਦੇਖੋ ਧਨ ਨਹੀਂ ਮੰਗਦਾ, ਪਰਮਾਤਮਾ ਨੂੰ ਹੀ ਮੰਗਦਾ ਹੈ। ਸੰਤਾਂ ਦੀਆਂ, ਅਖੌਤੀ ਬਹੁਤ ਸੰਤਾਂ ਦੀਆਂ ਕਥਾਵਾਂ ਹਨ ਕਿ ਉਹ ਪਰਮਾਤਮਾ ਦੇ ਸਾਹਮਣੇ ਖੜ੍ਹੇ ਹੋ ਕੇ ਧਨ ਨਹੀਂ ਮੰਗਦੇ, ਪਦਵੀ ਨਹੀਂ ਮੰਗਦੇ, ਤੰਦਰੁਸਤੀ ਨਹੀਂ ਮੰਗਦੇ; ਉਹ ਕਹਿੰਦੇ ਹਨ, ਸਾਨੂੰ ਤਾਂ ਤੂੰ ਹੀ ਚਾਹੀਦੈਂ। ਪਰ ਮੰਗਦੇ ਹਨ। ਇਹ ਲੋਭ ਛੋਟਾ ਹੋਇਆ ਜਾਂ ਵਡਾ ਹੋਇਆ? ਅਤੇ ਇਹ ਜ਼ਿਆਦਾ ਕੁਸ਼ਲ ਤੇ ਚਲਾਕ ਲੋਕ ਹਨ; ਕਿਉਂਕਿ ਉਹ ਪਰਮਾਤਮਾ ਨੂੰ ਮੰਗ ਰਹੇ ਹਨ, ਬਾਕੀ ਸਭ ਤਾਂ ਉਸਦੇ ਪਿਛੇ ਮਿਲ ਹੀ ਜਾਏਗਾ। ਉਸ ਬਾਕੀ ਦੇ ਲਈ ਕੀ ਮੰਗਣਾ?

ਮੈਂ ਸੁਣਿਆ ਹੈ ਕਿ ਇਕ ਸਮਰਾਟ ਯਾਤਰਾ 'ਤੇ ਗਿਆ ਸੀ। ਅਤੇ ਜਦ ਉਹ ਵਾਪਸ ਮੁੜ ਰਿਹਾ ਸੀ ਯੁੱਧ ਜਿੱਤ ਕੇ, ਬਹੁਤ-ਸਾਰਾ ਧਨ ਲੁੱਟ ਕੇ, ਤਾਂ ਉਸਨੇ ਆਪਣੀਆਂ ਸਾਰੀਆਂ ਰਾਣੀਆਂ ਨੂੰ ਖ਼ਬਰ ਭਿਜਵਾਈ, ਤੁਸੀਂ ਕੀ ਚਾਹੁੰਦੀਆਂ ਹੋ? ਤਾਂ ਕਿਸੇ ਰਾਣੀ ਨੇ ਕਿਹਾ ਕਿ ਕੋਹਿਨੂਰ ਲੈਂਦਾ ਆਵੀਂ, ਕਿਸੇ ਨੇ ਕਿਹਾ ਇਹ ਲੈ ਆਵੀਂ, ਉਹ ਲੈ ਆਵੀਂ। ਹਜ਼ਾਰ ਚੀਜ਼ਾਂ ਸਨ ਦੁਨੀਆਂ ਦੀਆਂ; ਜਿਸਦੀ ਜੋ ਵਾਸਨਾ ਸੀ। ਲੇਕਿਨ ਇਕ ਰਾਣੀ ਨੇ ਕਿਹਾ ਕਿ ਮੈਂ ਤਾਂ ਸਿਰਫ਼ ਤੈਨੂੰ ਹੀ ਚਾਹੁੰਦੀ ਹਾਂ। ਸਮਰਾਟ ਆਪਣੇ ਨਾਲ ਇਕ ਫ਼ਕੀਰ ਨੂੰ ਲੈ ਗਿਆ ਸੀ, ਉਸ ਤੋਂ ਉਹ ਕਦੇ-ਕਦੇ ਸਲਾਹ ਲੈਂਦਾ ਸੀ। ਉਸਨੇ ਫ਼ਕੀਰ ਨੂੰ ਕਿਹਾ ਕਿ ਰਾਣੀ ਤਾਂ ਇਹ ਹੈ ਇਕ ਸੱਚੀ, ਜਿਸਨੇ ਕੁਝ ਵੀ ਨਹੀਂ ਮੰਗਿਆ। ਉਹ ਫ਼ਕੀਰ ਹੱਸਣ ਲੱਗਾ। ਉਸਨੇ ਕਿਹਾ ਕਿ ਇਸਦੀ ਤਰਕੀਬ ਸਾਥੋਂ ਪੁਛ। ਇਹ ਰਾਣੀ ਸਾਡੇ ਜਿਹੀ ਹੈ, ਇਹ ਹੁਸ਼ਿਆਰ ਹੈ। ਬਾਕੀ ਸਭ ਨੇ ਵਿਅਰਥ ਦੀਆਂ ਚੀਜ਼ਾਂ ਮੰਗੀਆਂ, ਇਸਨੇ ਤੈਨੂੰ ਹੀ ਮੰਗਿਆ ਹੈ। ਅਤੇ ਬਾਕੀ ਸਭ ਜੋ ਤੂੰ ਲੁੱਟ ਕੇ ਲੈ ਜਾ ਰਿਹਾ ਹੈਂ, ਉਹ ਤੇਰੇ ਨਾਲ ਆਪਣੇ-ਆਪ ਆ ਜਾਂਦਾ ਹੈ। ਉਸਦੀ ਕੋਈ ਗੱਲ ਨਹੀਂ ਹੈ।

ਫ਼ਕੀਰ ਨੇ ਕਿਹਾ, ਇਹ ਰਾਣੀ ਸਾਡੇ ਵਰਗੀ ਹੈ, ਇਸਦਾ ਗਣਿਤ ਸਾਥੋਂ ਸਮਝ। ਅਸੀਂ ਪਰਮਾਤਮਾ ਨੂੰ ਹੀ ਮੰਗਦੇ ਹਾਂ, ਅਸੀਂ ਹੋਰ ਸੰਸਾਰ ਵਗੈਰਾ ਨਹੀਂ ਮੰਗਦੇ। ਸਭ ਸੰਸਾਰ ਉਸਦੇ ਹਨ ਅਤੇ ਉਹੀ ਮਿਲ ਗਿਆ, ਤਾਂ ਫਿਰ ਪਾਣ ਨੂੰ ਕੁਝ ਬਚਦਾ ਨਹੀਂ ਹੈ। ਐਪਰ ਲੋਭ ਬਦਲਦਾ ਨਹੀਂ ਹੈ, ਲੋਭ ਦੇ ਵਿਸ਼ੇ ਬਦਲ ਜਾਂਦੇ ਹਨ।

ਵਿਰਾਗ ਦੇ ਦੁਆਰ 'ਤੇ ਸੁਚੇਤ ਹੋਣਾ ਜ਼ਰੂਰੀ ਹੈ, ਕਿ ਸੰਸਾਰ ਹੀ ਨਾ ਛੁੱਟੇ, ਲੋਭ ਵੀ ਛੁੱਟ ਜਾਵੇ। ਨਹੀਂ ਤਾਂ ਵਿਰਾਗ ਦਾ ਦੁਆਰ ਨਵੇਂ ਲੋਭ ਦਾ ਅਰੰਭ, ਨਵੇਂ ਸੰਸਾਰ ਦਾ ਜਨਮ ਬਣ ਜਾਂਦਾ ਹੈ। ਤਦ ਉਸਦੀ ਚਿੰਤਾ ਪਕੜ ਲੈਂਦੀ ਹੈ। ਕੋਈ

ਆਦਮੀ ਰਾਤ-ਭਰ ਨਹੀਂ ਸੁੱਤਾ; ਕਿਉਂਕਿ ਧਨ ਨਹੀਂ ਮਿਲਿਆ, ਜਿੰਨਾ ਚਾਹੀਦਾ ਸੀ। ਕੋਈ ਆਦਮੀ ਰਾਤ-ਭਰ ਨਹੀਂ ਸੁੱਤਾ; ਕਿਉਂਕਿ ਅਜੇ ਤਕ ਭਗਵਾਨ ਦੇ ਦਰਸ਼ਨ ਨਹੀਂ ਹੋਏ। ਪਰ ਫ਼ਰਕ ਕੀ ਹੈ? ਚਿੰਤਾ ਤਾਂ ਦੋਹਾਂ ਨੂੰ ਪਕੜ ਲੈਂਦੀ ਹੈ, ਦੁਖ ਤਾਂ ਦੋਹਾਂ ਨੂੰ ਪਕੜ ਲੈਂਦਾ ਹੈ। ਰੋਂਦੇ ਦੋਵੇਂ ਹਨ, ਤੜਫਦੇ ਦੋਵੇਂ ਹਨ। ਫ਼ਰਕ ਕੀ ਹੈ? ਆਦਮੀ ਉਹੀ ਦਾ ਉਹੀ ਹੈ, ਸਿਰਫ ਦਿਸ਼ਾ ਬਦਲ ਲਈ ਲੋਭ ਦੀ। ਹੁਣ ਇਹ ਜੋ ਲੋਭ ਹੈ ਉਹ ਜ਼ਿਆਦਾ ਸੂਖਮ, ਜ਼ਿਆਦਾ ਖ਼ਤਰਨਾਕ ਹੈ। ਮਿਕਦਾਰ ਇਸਦੀ ਬਹੁਤ ਬਰੀਕ ਹੈ, ਲੇਕਿਨ ਇਹ ਰੋਮ-ਰੋਮ ਵਿਚ ਵਿੰਨ੍ਹੀ ਜਾਏਗੀ।

ਅਸਲੀ ਸੰਨਿਆਸੀ ਉਹ ਨਹੀਂ ਹੈ, ਜੋ ਸੰਸਾਰ ਦਾ ਲੋਭ ਛਡ ਕੇ ਮੋਕਸ਼ ਦਾ ਲੋਭ ਕਰਨ ਲਗਦਾ ਹੈ। ਅਸਲੀ ਸੰਨਿਆਸੀ ਉਹ ਹੈ, ਜਿਹੜਾ ਲੋਭ ਦੀ ਵਿਅਰਥਤਾ ਸਮਝ ਲੈਂਦਾ ਹੈ ਅਤੇ ਲੋਭ ਨਹੀਂ ਕਰਦਾ ਹੈ। ਜਿਹੜਾ ਇਹ ਵੀ ਲੋਭ ਨਹੀਂ ਕਰਦਾ ਕਿ ਮੋਕਸ਼ ਮਿਲਣਾ ਚਾਹੀਦਾ ਹੈ। ਜਿਹੜਾ ਇਹ ਵੀ ਲੋਭ ਨਹੀਂ ਕਰਦਾ ਕਿ ਅਨੰਦ ਮਿਲਣਾ ਚਾਹੀਦਾ ਹੈ। ਕਿਉਂਕਿ ਜਿਥੇ ਤਕ ਚਾਹੀਦਾ ਹੈ ਲੱਗਾ ਹੋਵੇ, ਉਥੇ ਤਕ ਕੁਝ ਮਿਲੇਗਾ ਵੀ ਨਹੀਂ। ਚਾਹਤ ਹੀ ਤਾਂ ਉਪੱਦਰ ਹੈ। ਅਸੀਂ ਉਸ ਨੂੰ ਜੋੜਦੇ ਤੁਰੇ ਜਾਂਦੇ ਹਾਂ ਨਵੀਆਂ-ਨਵੀਆਂ ਚੀਜ਼ਾਂ ਨਾਲ; ਪਰ ਉਸਨੂੰ ਨਾਲ ਰਖਦੇ ਹਾਂ। ਅਤੇ ਜਦ ਕੁਝ ਵੀ ਨਹੀਂ ਚਾਹੀਦਾ, ਤਦ ਕੋਈ ਦੁਖ ਨਹੀਂ ਹੈ। ਇਸਲਈ ਬੁੱਧ ਨੇ ਤਾਂ ਅਨੰਦ ਸ਼ਬਦ ਦਾ ਉਪਯੋਗ ਕਰਨ ਤੋਂ ਖ਼ੁਦ ਨੂੰ ਰੋਕਿਆ ਹੈ।

ਬੁੱਧ ਤੋਂ ਕਿਸੇ ਨੇ ਪੁਛਿਆ ਹੈ ਕਿ ਤੁਸੀਂ ਕਦੇ ਨਹੀਂ ਕਹਿੰਦੇ ਹੋ ਅਨੰਦ ਦੀ ਕੋਈ ਗੱਲ। ਤਾਂ ਬੁੱਧ ਨੇ ਕਿਹਾ, ਤੁਹਾਡੇ ਲੋਭ ਨੂੰ ਜਗਾਉਣ ਦੀ ਮੇਰੀ ਇੱਛਿਆ ਨਹੀਂ; ਮੈਂ ਕਹਾਂ ਅਨੰਦ, ਤੁਸੀਂ ਸਮਝੋਗੇ ਸੁਖ। ਕਿਉਂਕਿ ਤੁਸੀਂ ਸੁਖ ਹੀ ਜਾਣਦੇ ਹੋ। ਮੈਂ ਤਾਂ ਤੁਹਾਨੂੰ ਵਧ ਤੋਂ ਵਧ ਇੰਨਾ ਹੀ ਕਹਿ ਸਕਦਾ ਹਾਂ ਕਿ ਉਥੇ ਦੁਖ ਨਹੀਂ ਹੋਵੇਗਾ। ਅਨੰਦ ਹੋਵੇਗਾ, ਇਹ ਮੈਂ ਤੁਹਾਨੂੰ ਨਹੀਂ ਕਹਿ ਸਕਦਾ। ਤੁਹਾਡੇ ਲੋਭ ਦਾ ਡਰ ਹੈ। ਇੰਨਾ ਹੀ ਕਹਿ ਸਕਦਾ ਹਾਂ ਕਿ ਉਥੇ ਦੁਖ ਨਹੀਂ ਹੋਵੇਗਾ। ਇਸਲਈ ਬੁੱਧ ਨੇ ਮੋਕਸ਼ ਦੀ ਪਰਿਭਾਸ਼ਾ ਕੀਤੀ ਹੈ 'ਦੁਖ-ਨਿਰੋਧ', ਅਨੰਦ ਦੀ ਪ੍ਰਾਪਤੀ ਨਹੀਂ। ਸੁਭਾਵਕ ਹੀ ਬੁੱਧ ਨੂੰ ਮੰਨਣ ਵਾਲੇ ਬਹੁਤੇ ਲੋਕ ਨਹੀਂ ਮਿਲ ਸਕੇ ਇਸ ਮੁਲਕ ਵਿਚ। ਅੱਜ ਤਾਂ ਬੁੱਧ ਦਾ ਭਿਕਸ਼ੂ ਲਭਣਾ ਮੁਸ਼ਕਲ ਹੈ।

ਲੇਕਿਨ ਸ਼ੰਕਰ ਨੂੰ ਹਜ਼ਾਰਾਂ ਸੰਨਿਆਸੀ ਮਿਲ ਸਕੇ। ਅਤੇ ਅੱਜ ਤਾਂ ਸਾਰੇ ਸੰਨਿਆਸੀ ਕਰੀਬ-ਕਰੀਬ ਸ਼ੰਕਰ ਦੇ ਹੋ ਗਏ ਹਨ। ਕੀ ਗੱਲ ਹੋਵੇਗੀ? ਅਤੇ ਗੱਲ ਉਹੀ ਕਹਿ ਰਹੇ ਹਨ, ਬੁੱਧ ਵੀ ਤੇ ਸ਼ੰਕਰ ਵੀ। ਸ਼ੰਕਰ ਦੇ ਜਿਹੜੇ ਵਿਰੋਧੀ ਹਨ, ਰਾਮਾਨੁਜ ਅਤੇ ਦੂਸਰੇ, ਉਹ ਤਾਂ ਕਹਿੰਦੇ ਹਨ, ਸ਼ੰਕਰ ਵੀ ਛੁਪਿਆ ਹੋਇਆ ਬੋਧੀ ਹੈ, ਢਕਿਆ ਹੋਇਆ ਬੋਧੀ ਹੈ। ਇਹ ਆਦਮੀ ਹਿੰਦੂ ਹੈ ਹੀ ਨਹੀਂ। ਇਹ ਛੁਪਿਆ ਹੋਇਆ ਬੋਧੀ ਹੈ; ਸਿਰਫ ਹਿੰਦੂ ਸ਼ਬਦਾਂ ਵਿਚ ਬੋਧੀ ਧਰਮ ਦੀਆਂ ਗੱਲਾਂ ਕਰ ਰਿਹਾ ਹੈ। ਉਹਨਾਂ ਦੀ ਗੱਲ ਵਿਚ ਸੱਚਾਈ ਹੈ; ਕਿਉਂਕਿ ਸ਼ੰਕਰ ਉਹੀ ਕਹਿ ਰਹੇ ਹਨ, ਜੋ ਬੁੱਧ ਨੇ ਕਿਹਾ। ਪਰ ਇਕ ਫਰਕ ਹੈ। ਅਤੇ ਬੁੱਧ ਜਿਥੇ ਕਹਿੰਦੇ ਹਨ ਦੁਖ-ਨਿਰੋਧ, ਉਥੇ ਸ਼ੰਕਰ ਕਹਿੰਦੇ ਹਨ ਪਰਮ-ਅਨੰਦ। ਸਾਡੇ ਲੋਭ ਨੂੰ ਸ਼ੰਕਰ ਦੇ ਨਾਲ ਸੌਖ ਹੈ, ਬੁੱਧ ਦੇ ਨਾਲ ਸੌਖ ਨਹੀਂ ਹੈ। ਬੁੱਧ ਕਹਿੰਦੇ ਹਨ ਦੁਖ-ਨਿਰੋਧ, ਸਮਝ ਵਿਚ ਆ ਜਾਂਦਾ ਹੈ ਠੀਕ ਹੈ; ਪਰ ਸਿਰਫ ਦੁਖ-ਨਿਰੋਧ! ਇੰਨਾ ਉਪੱਦਰ, ਅਤੇ ਇੰਨੀ ਚੇਸ਼ਟਾ, ਇੰਨੀ ਸਾਧਨਾ, ਇੰਨੇ ਪਹਾੜ ਦੁਰਗਮ ਪਾਰ ਕਰਨੇ ਅਤੇ ਸਿਰਫ ਦੁਖ-ਨਿਰੋਧ! ਬਸ ਕੰਡਾ ਨਿਕਲ ਜਾਏਗਾ ਹੋਰ ਕੁਝ ਵੀ ਨਹੀਂ! ਤਾਂ ਮਨ ਇਥੇ ਹੀ ਟੁੱਟ ਜਾਂਦਾ ਹੈ, ਅਸੀਂ ਬੈਠ ਜਾਂਦੇ ਹਾਂ, ਕੋਈ ਲੋਭ ਨਹੀਂ ਖਿੱਚਦਾ।

ਔਪਰ ਬੁੱਧ ਇਸ ਚੌਥੇ ਦੁਆਰ ਦਾ ਖਿਆਲ ਰਖ ਕੇ ਕਹਿ ਰਹੇ ਹਨ ਦੁਖ–ਨਿਰੋਧ। ਨਹੀਂ ਤਾਂ ਚੌਥੇ ਦੁਆਰ 'ਤੇ ਜਦ ਸੰਸਾਰ ਤੋਂ ਵਿਰਾਗ ਹੋਵੇਗਾ, ਤਦ ਪਰਮਾਤਮਾ ਨਾਲ ਰਾਗ ਹੋ ਜਾਏਗਾ। ਸੰਸਾਰ ਤੋਂ ਵਿਰਾਗ ਹੋਵੇਗਾ, ਮੋਕਛ ਨਾਲ ਰਾਗ ਹੋ ਜਾਏਗਾ। ਅਤੇ ਤਦ ਅਸੀਂ ਫਿਰ ਘੁੰਮ ਕੇ ਅੰਦਰ ਦੇ ਸੰਸਾਰ ਵਿਚ ਪਰਤ ਆਵਾਂਗੇ। ਇਹ ਰਾਹ ਪਹਾੜੀ ਹੈ ਤੇ ਚੱਕਰਦਾਰ ਹੈ। ਅਤੇ ਇਸ ਵਿਚ ਤੁਸੀਂ ਕਿਤੋਂ ਵੀ ਨਵੇਂ ਚੱਕਰ ਤਿਆਰ ਕਰ ਲੈ ਸਕਦੇ ਹੋ, ਅਤੇ ਸਿਖਰ ਤਕ ਪਹੁੰਚਣ ਤੋਂ ਰੁਕ ਸਕਦੇ ਹੋ।

ਇਸਲਈ ਬਹੁਤ ਸੋਚ ਕੇ ਕਿਹਾ ਹੈ ਸੂਤਰ ਵਿਚ ਕਿ ਵਿਰਾਗ ਦਾ ਚੌਥਾ ਦੁਆਰ ਲੋਭ ਦਾ ਦੁਆਰ ਹੈ, ਜੋ ਅੰਤਰ–ਸਥਿਤ ਮਨੁੱਖ ਨੂੰ ਫਸਾਉਂਦਾ ਹੈ।

ਅੰਤਰ–ਸਥਿਤ ਮਨੁੱਖ ਨੂੰ ਫਸਾਉਂਦਾ ਹੈ।

ਦੋ ਤਰ੍ਹਾਂ ਦੇ ਮਨੁੱਖ ਹਨ। ਬਾਹਰਮੁਖੀ ਮਨੁੱਖ, ਐਕਸਟ੍ਰੋਵਰਟ, ਜੁੰਗ ਨੇ ਜਿਨ੍ਹਾਂ ਨੂੰ ਕਿਹਾ ਹੈ, ਉਹਨਾਂ ਨੂੰ ਸੰਸਾਰ ਫਸਾਉਂਦਾ ਹੈ। ਅੰਤਰ–ਸਥਿਤ, ਇੰਟ੍ਰੋਵਰਟ, ਅੰਤਰਮੁਖੀ ਮਨੁੱਖ ਜਿਨ੍ਹਾਂ ਨੂੰ ਜੁੰਗ ਨੇ ਕਿਹਾ ਹੈ, ਉਹਨਾਂ ਨੂੰ ਇਹ ਅੰਦਰ ਦਾ ਲੋਭ, ਅਨੰਦ ਸ਼ਾਂਤੀ, ਮੋਕਛ, ਬ੍ਰਹਮ, ਇਹ ਫਾਹ ਲੈਂਦੇ ਹਨ। ਅੰਤਰ–ਸਥਿਤ ਮਨੁੱਖ ਨੂੰ ਫਸਾ ਲੈਂਦਾ ਹੈ ਚੌਥੇ ਦੁਆਰ 'ਤੇ ਲੋਭ।

'ਇਸ ਤੋਂ ਪਹਿਲਾਂ ਕਿ ਤੂੰ ਮੰਜ਼ਲ ਦੇ ਨੇੜੇ ਪੁੱਜੇਂ, ਇਸ ਤੋਂ ਪਹਿਲਾਂ ਕਿ ਤੇਰੇ ਹੱਥ ਚੌਥੇ ਦੁਆਰ ਦਾ ਕੁੰਡਾ ਖੋਲ੍ਹਣ ਲਈ ਉੱਠਣ, ਤੂੰ ਆਪਣੀ ਆਤਮਾ ਦੀਆਂ ਉਹਨਾਂ ਸਾਰੀਆਂ ਮਾਨਸਿਕ ਤਬਦੀਲੀਆਂ ਨੂੰ ਪਛਾਣਨਾ ਹੈ ਅਤੇ ਵਿਚਾਰ–ਬਿਰਤੀਆਂ ਨੂੰ ਮਾਰਨਾ ਹੈ, ਜੋ ਸੂਖਮ ਅਤੇ ਛਲਪੂਰਨ ਢੰਗ ਨਾਲ ਆਤਮਾ ਦੇ ਜੋਤ ਭਰੇ ਮੰਦਰ ਵਿਚ ਬਿਨਾਂ ਪੁੱਛੇ ਵੜ ਜਾਂਦੀਆਂ ਹਨ।'

ਇਸ ਚੌਥੇ ਦੁਆਰ 'ਤੇ ਹੱਥ ਲਾਉਣ ਤੋਂ ਪਹਿਲਾਂ, ਮਨ ਵਿਚ ਉਹਨਾਂ ਸਾਰੀਆਂ ਚੀਜ਼ਾਂ ਨੂੰ ਠੀਕ ਤਰ੍ਹਾਂ ਨਾਲ ਸਮਝ ਲੈਣਾ ਹੈ, ਜੋ ਤਰਕੀਬ ਨਾਲ, ਛਲਪੂਰਨ ਢੰਗ ਨਾਲ ਮੰਦਰ ਵਿਚ ਪ੍ਰਵੇਸ਼ ਕਰਨਾ ਚਾਹੁਣਗੀਆਂ। ਲੋਭ ਨਵੇਂ ਨਾਂ ਲੈ ਲਵੇਗਾ, ਵਾਸਨਾਵਾਂ ਨਵੇਂ ਵਸਤਰ ਪਹਿਨ ਲੈਣਗੀਆਂ ਅਤੇ ਤੁਹਾਡੇ ਨਾਲ ਮੰਦਰ ਵਿਚ ਵੜ ਜਾਣਾ ਚਾਹੁਣਗੀਆਂ। ਲੇਕਿਨ ਉਹਨਾਂ ਦੇ ਨਾਲ ਮੰਦਰ ਇਕਦਮ ਛੁਪਨ ਹੋ ਜਾਏਗਾ। ਤੁਸੀਂ ਫਿਰ ਦੂਸਰੇ ਘਰ ਵਿਚ ਪ੍ਰਵੇਸ਼ ਕਰ ਗਏ, ਜੋ ਤੁਹਾਡਾ ਹੀ ਬਣਾਇਆ ਹੋਇਆ ਹੈ। ਮੰਦਰ ਵਿਚ ਪ੍ਰਵੇਸ਼ ਤਾਂ ਉਸੇ ਦਾ ਹੁੰਦਾ ਹੈ, ਜਿਹੜਾ ਮਨ ਨੂੰ ਬਾਹਰ ਹੀ ਛਡ ਜਾਂਦਾ ਹੈ। ਜੇ ਤੁਸੀਂ ਮਨ ਨੂੰ ਮੰਦਰ ਦੇ ਦੁਆਰ 'ਤੇ ਨਹੀਂ ਰਖ ਗਏ, ਤਾਂ ਤੁਸੀਂ ਮੰਦਰ ਵਿਚ ਕਦੇ ਦਾਖ਼ਲ ਨਹੀਂ ਹੁੰਦੇ ਹੋ। ਉਂਜ ਤੁਸੀਂ ਜਾ–ਆ ਸਕਦੇ ਹੋ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਅਤੇ ਮਨ ਸੂਖਮ ਰਾਹ ਲਭਦਾ ਹੈ। ਸੂਖਮ ਰਾਹ ਮਨ ਦੇ ਬੜੇ ਜਟਲ ਹਨ ਅਤੇ ਪਕੜ ਵਿਚ ਨਹੀਂ ਆਉਂਦੇ। ਜੇ ਕੋਈ ਤੁਹਾਨੂੰ ਕਹੇ ਕਿ ਹੰਕਾਰ ਛਡ ਦਿਉ, ਤਾਂ ਤੁਸੀਂ ਹੰਕਾਰ ਛਡਣ ਲਗਦੇ ਹੋ ਤੇ ਨਿਮਰਤਾ ਪਕੜਨ ਲਗਦੇ ਹੋ। ਅਤੇ ਇਕ ਦਿਨ ਅਜੇਹਾ ਆ ਜਾਂਦਾ ਹੈ ਕਿ ਤੁਸੀਂ ਕਹਿੰਦੇ ਹੋ ਕਿ ਇਸ ਪ੍ਰਿਥਵੀ ਉਤੇ ਮੈਥੋਂ ਵਧ ਨਿਮਰ ਕੋਈ ਵੀ ਨਹੀਂ ਹੈ। ਹੰਕਾਰ ਪਿਛੇ ਤੋਂ ਦੀ ਆ ਗਿਆ ਵਾਪਸ।

ਸੁਣਿਆ ਹੈ ਮੈਂ, ਜੰਗਲ ਵਿਚ ਰਹਿਣ ਵਾਲੇ ਇਕ ਤਪੱਸਵੀ ਸੰਨਿਆਸੀ ਦੇ ਕੋਲ ਇਕ ਵਿਅਕਤੀ ਗਿਆ ਅਤੇ

ਉਸਨੇ ਕਿਹਾ ਕਿ 'ਹੋ ਤਾਂ ਤੁਸੀਂ ਸੰਨਿਆਸੀ, ਕਿੰਨੇ ਭੀੜ-ਭੜੱਕੇ ਤੋਂ ਦੂਰ ਜੰਗਲ ਵਿਚ ਆ ਗਏ! ਅਤੇ ਮੈਂ ਸੁਣਿਆ ਹੈ, ਕਿ ਤੁਸੀਂ ਕਿਸੇ ਨੂੰ ਸ਼ਿੱਸ਼ ਵੀ ਨਹੀਂ ਬਣਾਉਂਦੇ। ਤੁਹਾਨੂੰ ਕੋਈ ਸ਼ਿੱਸ਼ਾਂ ਦਾ ਮੋਹ ਨਹੀਂ ਹੈ। ਸੁਣਿਆ ਹੈ ਮੈਂ, ਤੁਸੀਂ ਕੋਈ ਪ੍ਰਸਿੱਧੀ ਦੀ ਚਾਹਨਾ ਵੀ ਨਹੀਂ ਰਖਦੇ, ਕੋਈ ਯਸ਼ ਦੀ ਕਾਮਨਾ ਵੀ ਨਹੀਂ ਕਰਦੇ। ਹੋਰ ਵੀ ਮੈਂ ਸੰਨਿਆਸੀ ਦੇਖੇ ਹਨ। ਦੋ-ਚਾਰ ਸੰਨਿਆਸੀਆਂ ਦੀ ਗੱਲ ਉਸਨੇ ਆਖੀ। ਅਤੇ ਉਹ ਜਿਹੜਾ ਤਿਆਗੀ ਪੁਰਸ਼ ਸੀ, ਉਸਦੀ ਰੀੜ ਸਿੱਧੀ ਹੋ ਗਈ, ਉਸ ਦੀਆਂ ਅੱਖਾਂ ਵਿਚ ਚਮਕ ਆ ਗਈ, ਚੇਹਰੇ ਉੱਤੇ ਰੌਣਕ ਆ ਗਈ। ਉਸਨੇ ਕਿਹਾ ਕਿ ਬਿਲਕੁਲ ਠੀਕ ਆਖਦਾ ਹੈਂ। ਉਇ, ਉਹ ਵੀ ਕੋਈ ਸੰਨਿਆਸੀ ਨੇ, ਜਿਹੜੇ ਯਸ਼ ਚਾਹੁੰਦੇ ਹਨ, ਪਦਵੀ-ਪ੍ਰਸਿਧੀ ਚਾਹੁੰਦੇ ਹਨ! ਇਕ ਮੈਨੂੰ ਦੇਖ, ਜੋ ਇਕਾਂਤ ਜੰਗਲ ਵਿਚ ਬੈਠਾ ਹਾਂ। ਨਾ ਪਦਵੀ ਦੀ ਕੋਈ ਚਾਹਨਾ ਹੈ, ਨਾ ਯਸ਼ ਦੀ ਕੋਈ ਚਾਹਨਾ ਹੈ; ਕੋਈ ਆਵੇ ਤਾਂ ਠੀਕ, ਕੋਈ ਨਾ ਆਵੇ ਤਾਂ ਠੀਕ।

ਹੁਣ ਇਹ ਆਦਮੀ ਸੂਖਮ ਰਾਹ ਤੋਂ ਵੀ ਵਾਪਸ ਪਰਤ ਆਇਆ। ਇਸਨੂੰ ਵੀ ਇਸਨੇ ਪਦਵੀ ਬਣਾ ਲਿਆ ਕਿ ਇਧਰ ਮੈਂ ਬੈਠਾ ਹਾਂ ਇਕੱਲੇ ਵਿਚ। ਇਸ ਉਚਾਈ ਉੱਤੇ ਕੋਈ ਵੀ ਨਹੀਂ ਬੈਠਾ ਹੈ, ਜਿਥੇ ਮੈਂ ਬੈਠਾ ਹਾਂ—ਭੀੜ-ਭੜੱਕੇ ਤੋਂ ਦੂਰ। ਕੋਈ ਇੱਛਿਆ ਹੀ ਨਹੀਂ ਹੈ ਕਿ ਕੋਈ ਮੇਰੇ ਸਬੰਧ ਵਿਚ ਜਾਣੇ। ਲੇਕਿਨ ਅੰਦਰ ਇਹ ਇੱਛਿਆ ਜ਼ਰੂਰ ਹੋਵੇਗੀ ਕਿ ਲੋਕ ਜਾਣਨ ਕਿ ਮੇਰੀ ਕੋਈ ਇੱਛਿਆ ਨਹੀਂ ਹੈ, ਕਿ ਕੋਈ ਮੇਰੇ ਸਬੰਧ ਵਿਚ ਜਾਣੇ। ਇਹ ਸੂਖਮ ਹੈ ਅਤੇ ਘੁੰਮ ਕੇ ਚੱਕਰਦਾਰ ਆਦਮੀ ਨੂੰ ਵਾਪਸ ਉਥੇ ਖੜ੍ਹਾ ਕਰ ਦਿੰਦੀ ਹੈ।

'ਜੇ ਤੂੰ ਉਹਨਾਂ ਦੇ ਹੱਥੋਂ ਨਹੀਂ ਮਰਨਾ ਹੈ, ਤਾਂ ਤੈਨੂੰ ਆਪਣੀਆਂ ਸਿਰਜਣਾਵਾਂ ਨੂੰ, ਆਪਣੇ ਵਿਚਾਰਾਂ ਦੀਆਂ ਸੰਤਾਨਾਂ ਨੂੰ ਨਿਰਦੋਸ਼ ਬਣਾਉਣਾ ਪੈਣਾ ਹੈ, ਜੋ ਅਦ੍ਰਿਸ਼ਟ ਤੇ ਅਣਜਾਣੇ ਢੰਗ ਨਾਲ ਮਨੁੱਖ-ਮਾਤਰ ਦੇ ਦਰਮਿਆਨ, ਉਸ ਦੀਆਂ ਪਦਾਰਥਕ ਕਮਾਈਆਂ ਦੇ ਦਰਮਿਆਨ ਘਰ ਬਣਾ ਲੈਂਦੀਆਂ ਹਨ ਅਤੇ ਜੋ ਮੁਕੰਮਲ ਜਿਹਾ ਭਾਸਦਾ ਹੈ, ਉਸਦੀ ਸੁੰਨਯਤਾ ਨੂੰ ਅਤੇ ਜੋ ਸੁੰਨਯ ਜਿਹਾ ਭਾਸਦਾ ਹੈ, ਉਸਦੀ ਪੂਰਨਤਾ ਨੂੰ ਸਮਝਣਾ ਹੈ। ਓ ਨਿਰਭੈ ਖੋਜੀ ਆਪਣੇ ਹੀ ਹਿਰਦੇ ਦੇ ਖੂਹ ਦੀ ਗਹਿਰਾਈ ਵਿਚ ਝਾਕ ਅਤੇ ਤਦ ਉੱਤਰ ਦੇ। ਹੇ ਬਾਹਰਲੇ ਪਰਛਾਵਿਆਂ ਦੇ ਦ੍ਰਸ਼ਟਾ, ਆਪਣੀ ਹੀ ਆਤਮਾ ਦੀਆਂ ਸ਼ਕਤੀਆਂ ਨੂੰ ਜਾਣ।'

'ਜੇ ਇਹ ਨਹੀਂ ਕਰਦਾ ਹੈਂ, ਤਾਂ ਤੂੰ ਨਸ਼ਟ ਹੋ ਜਾਏਂਗਾ।'

ਅਤੇ ਇਹ ਜੋ ਸਾਰੇ ਆਪਣੇ ਹੀ ਵਿਚਾਰਾਂ ਦੀ ਸੰਤਾਨ-ਪਰੰਪਰਾ ਹੈ, ਜੋ ਆਪਣੇ ਹੀ ਲੋਭ ਦੀਆਂ ਸੂਖਮ ਤਰੰਗਾਂ ਹਨ, ਆਪਣੀ ਹੀ ਵਾਸਨਾ ਦੇ ਸੂਖਮ ਜਾਲ ਹਨ, ਇਹਨਾਂ ਦੇ ਸਬੰਧ ਵਿਚ ਜੇਕਰ ਤੂੰ ਠੀਕ ਤਰ੍ਹਾਂ ਨਾਲ ਸੁਚੇਤ ਨਹੀਂ ਹੋ ਜਾਂਦਾ ਹੈਂ, ਤਾਂ ਵਿਰਾਗ ਦੇ ਦੁਆਰ ਤੋਂ ਮੁੜ ਕੇ ਲੋਭ ਦੇ ਖੱਡ ਵਿਚ ਡਿਗ ਜਾਏਂਗਾ। ਨਹੀਂ ਜਾਗਦਾ ਹੈਂ, ਨਹੀਂ ਸੁਚੇਤ ਹੁੰਦਾ ਹੈਂ, ਤਾਂ ਨਸ਼ਟ ਹੋ ਜਾਏਂਗਾ। ਅਤੇ ਇਸ ਸਬੰਧ ਵਿਚ ਜੋ ਵੀ ਤੂੰ ਕਹਿਣਾ ਹੋਵੇ, ਸੋਚ ਕੇ ਨਾ ਕਹਿ, ਆਪਣੇ ਹਿਰਦੇ ਦੀ ਗਹਿਰਾਈ ਵਿਚ ਝਾਕ, ਜਿਵੇਂ ਕੋਈ ਖੂਹ ਵਿਚ ਝਾਕੇ ਅਤੇ ਉਥੋਂ ਤੋਂ ਉੱਤਰ ਦੇ।

ਇਸਨੂੰ ਥੋੜ੍ਹਾ ਸਮਝ ਲਈਏ।

ਦੋ ਤਰ੍ਹਾਂ ਨਾਲ ਅਸੀਂ ਉੱਤਰ ਦਿੰਦੇ ਹਾਂ। ਇਕ ਉੱਤਰ ਤਾਂ ਸਿੱਧਾ ਖੋਪੜੀ ਨਾਲ ਦੇ ਦਿਤਾ ਜਾਂਦਾ ਹੈ; ਉਸਦਾ ਕੋਈ

ਮੁੱਲ ਨਹੀਂ ਹੈ, ਵਿਅਰਥ ਹੈ। ਕਿਸੇ ਨੇ ਤੁਹਾਥੋਂ ਪੁਛਿਆ ਕਿ ਤੁਸੀਂ ਈਸ਼ਵਰ ਨੂੰ ਮੰਨਦੇ ਹੋ? ਤੁਸੀਂ ਛੇਤੀ ਨਾਲ ਉੱਤਰ ਦੇ ਦਿਓਗੇ; ਕਹੋਗੇ ਹਾਂ ਜਾਂ ਨਾ। ਆਸਤਕ ਹੋਵੋਗੇ, ਤਾਂ ਕਹਿ ਦਿਓਗੇ ਕਿ ਮੰਨਦਾ ਹਾਂ, ਈਸ਼ਵਰ ਹੈ। ਨਾਸਤਕ ਹੋਵੋਗੇ, ਤਾਂ ਕਹਿ ਦਿਓਗੇ ਕਿ ਨਹੀਂ ਮੰਨਦਾ ਹਾਂ, ਈਸ਼ਵਰ ਨਹੀਂ ਹੈ। ਲੇਕਿਨ ਕੀ ਕਦੇ ਤੁਸੀਂ ਰੁਕ ਕੇ ਆਪਣੇ ਹਿਰਦੇ ਗਹਿਰਾਈ ਵਿਚ ਝਾਕਿਐ ਕਿ ਈਸ਼ਵਰ ਨੂੰ ਮੈਂ ਮੰਨਦਾ ਹਾਂ? ਕਦ ਤੁਸੀਂ ਅੱਖ ਬੰਦ ਕੀਤੀ ਅਤੇ ਆਪਣੇ ਅੰਦਰ ਉਤਰੇ, ਅਤੇ ਖੋਜਿਆ ਕਿ ਮੇਰੇ ਪ੍ਰਾਣਾਂ ਦੀ ਗਹਿਰਾਈ ਵਿਚ ਕੀ ਭਾਵ ਹੈ? ਤਾਂ ਸ਼ਾਇਦ ਤੁਸੀਂ ਛੇਤੀ ਉੱਤਰ ਨਾ ਦੇ ਪਾਵੇ, ਤਾਂ ਸ਼ਾਇਦ ਤੁਸੀਂ ਕਹੋ ਕਿ ਠਹਿਰੋ, ਕੁਝ ਵਕ੍ਹੇ ਮੈਨੂੰ ਖੋਜਣ ਦਿਉ, ਤਦ ਮੈਂ ਉੱਤਰ ਦੇਵਾਂਗਾ, ਕਿਉਂਕਿ ਅਜੇ ਮੈਨੂੰ ਪਤਾ ਹੀ ਨਹੀਂ ਕਿ ਮੇਰੇ ਪ੍ਰਾਣਾਂ ਦੀ ਗਹਿਰਾਈ ਵਿਚ ਕੀ ਭਾਵ ਹੈ? ਈਸ਼ਵਰ ਦੀ ਕੋਈ ਗੁੰਜਾਰ ਹੈ ਉਥੇ?

ਜੇ ਮੈਂ ਤੁਹਾਨੂੰ ਕਹਾਂ ਕਿ ਵਿਰਾਗ ਦੇ ਦੁਆਰ 'ਤੇ ਸਮਝ ਲੈਣਾ ਠੀਕ ਤਰ੍ਹਾਂ ਨਾਲ ਕਿ ਕਿਤੇ ਲੋਭ ਨਾ ਪਕੜ ਲਵੇ, ਤਾਂ ਆਪਣੇ ਅੰਦਰ ਝਾਕਣਾ ਕਿ ਤੁਸੀਂ ਜੋ ਵੈਰਾਗ ਦੀ ਚੇਸ਼ਟਾ ਵੀ ਕਰ ਰਹੇ ਹੋ, ਉਸ ਵਿਚ ਹੀ ਤਾਂ ਕਿਤੇ ਲੋਭ ਨਹੀਂ ਛੁਪਿਆ ਹੈ? ਜੋ ਪਰਮਾਤਮਾ ਦੀ ਥੋੜ੍ਹੀ ਵੀ ਖੋਜ ਕਰ ਰਹੇ ਹੋ, ਤਾਂ ਉਸ ਵਿਚ ਤਾਂ ਕਿਤੇ ਲੋਭ ਨਹੀਂ ਛੁਪਿਆ ਹੈ? ਜੇਕਰ ਉਸੇ ਵਿਚ ਵੀ ਲੋਭ ਛੁਪਿਆ ਹੈ, ਤਾਂ ਸਮਝਣਾ ਕਿ ਉਹੀ ਰੁਕਾਵਟ ਹੈ। ਪਰਮਾਤਮਾ ਦੀ ਤਰਫੋਂ ਕੋਈ ਰੁਕਾਵਟ ਨਹੀਂ ਹੈ ਕਿ ਤੁਸੀਂ ਉਸਨੂੰ ਜਾਣ ਲਵੋ। ਉਹ ਉਘੜਿਆ ਹੋਇਆ ਹੈ। ਅਜੇ ਪਰਦਾ ਤੁਹਾਡੀ ਅੱਖ ਉਤੇ ਹੈ, ਉਸ ਉਤੇ ਨਹੀਂ। ਅਤੇ ਅਨੰਦ ਦੀ ਕੋਈ ਅਤਿਚੰਣ ਨਹੀਂ ਹੈ। ਉਹ ਚਾਰ-ਚੁਫੇਰ ਭਰਿਆ ਹੈ ਤੁਹਾਡੇ; ਰੋਮ-ਰੋਮ ਤੋਂ ਪ੍ਰਵੇਸ਼ ਕਰਨ ਨੂੰ ਤਿਆਰ ਹੈ, ਅੰਪਰ ਕੋਈ ਰੋਮ ਤਕ ਤੁਹਾਡਾ ਖੁਲ੍ਹਾ ਨਹੀਂ ਹੈ, ਦੁਆਰ ਸਭ ਬੰਦ ਹਨ।

ਲੋਭ ਜਿਸ-ਜਿਸ ਦੀ ਮੰਗ ਕਰਦਾ ਹੈ, ਉਸ-ਉਸ ਦੇ ਲਈ ਹੀ ਰੁਕਾਵਟ ਹੈ। ਲੋਭ ਜੋ ਮੰਗਦਾ ਹੈ, ਉਸੇ ਦੇ ਲਈ ਉਪੱਦਰ ਹੋ ਜਾਂਦਾ ਹੈ, ਉਸੇ ਦੇ ਲਈ ਰੁਕਾਵਟ ਖੜ੍ਹੀ ਹੋ ਜਾਂਦੀ ਹੈ।

'...ਆਪਣੇ ਅੰਤਸ ਦੀ ਗਹਿਰਾਈ ਵਿਚ ਝਾਕ ਅਤੇ ਤਦ ਉੱਤਰ ਦੇ।'

ਇਹ ਉੱਤਰ ਵੀ ਕਿਸੇ ਦੂਜੇ ਨੂੰ ਨਹੀਂ ਦੇਣਾ ਹੈ, ਇਹ ਉੱਤਰ ਆਪਣੇ-ਆਪ ਨੂੰ ਹੀ ਦੇ ਲੈਣਾ ਹੈ ਕਿ ਮੇਰੀ ਮਨੋਦਸ਼ਾ ਕੀ ਹੈ। ਮੰਦਰ ਵੀ ਜਾ ਰਿਹਾ ਹਾਂ, ਤਾਂ ਮੰਦਰ ਹੀ ਜਾ ਰਿਹਾ ਹਾਂ, ਜਾਂ ਮੰਦਰ ਵੀ ਇਕ ਸੌਦੇ ਦੀ ਥਾਂ ਹੈ, ਜਿਥੇ ਮੈਂ ਪਰਲੋਕ ਦੇ ਕੁਝ ਸੌਦੇ ਕਰ ਰਿਹਾ ਹਾਂ, ਕੁਝ ਦੂਰ-ਰਸੀ ਯੋਜਨਾਵਾਂ ਬਣਾ ਰਿਹਾ ਹਾਂ? ਇਹ ਜੇਕਰ ਸਾਫ਼-ਸਾਫ਼ ਨਾ ਹੋਵੇ, ਤਾਂ ਮਿਹਨਤ ਅਜਾਈਂ ਜਾਂਦੀ ਹੈ ਅਤੇ ਸਾਧਕ ਵਿਅਰਥ ਹੀ ਨਸ਼ਟ ਹੋ ਜਾਂਦਾ ਹੈ।

ਅੱਠਵਾਂ ਪ੍ਰਵਚਨ

ਵਜੂਦ ਨਾਲ ਇਕਮਿਕਤਾ

ਚੌਥੇ ਰਾਹ ਵਿਰਾਗ ਉਤੇ ਵਾਸਨਾ ਜਾਂ ਇੱਛਿਆ ਦਾ ਮਾਮੂਲੀ ਜਿਹਾ ਬੁੱਲਾ ਵੀ ਆਤਮਾ ਦੀਆਂ ਸਾਫ਼-ਸਫ਼ੇਦ ਕੰਧਾਂ 'ਤੇ ਪੈਣ ਵਾਲੇ ਥਿਰ ਪ੍ਰਕਾਸ਼ ਨੂੰ ਹਿਲਾ ਦੇਵੇਗਾ। ਅੰਤਹਕਰਣ ਵਿਚ, ਜੋ ਤੇਰੀ ਉਚੀ ਅਤੇ ਨੀਵੀਂ ਆਤਮਾ ਦੇ ਵਿਚਾਲੇ ਪੰਧ ਜਾਂ ਪੁਲ ਹੈ, ਜੋ ਬਿਰਤੀਆਂ ਦਾ ਮਹਾਂਪੰਧ ਹੈ ਅਤੇ ਜੋ ਹੰਕਾਰ' ਨੂੰ ਝੰਜੋੜ ਕੇ ਜਗਾਉਣ ਵਾਲਾ ਹੈ, ਮਾਯਾ ਦੇ ਭਰਮਾਊ ਸੁਖਾਂ ਦੇ ਲਈ ਰਾਗ ਜਾਂ ਅਫ਼ਸੋਸ ਦੀ ਛੋਟੀ-ਜਿਹੀ ਲਹਿਰ ਵੀ, ਬਿਜਲੀ ਦੀ ਲਿਸ਼ਕ-ਜਿਹੀ ਭਾਸਦੀ ਲਹਿਰ ਵੀ, ਤੇਰੇ ਤਿੰਨ ਪੁਰਸਕਾਰਾਂ ਨੂੰ ਤੈਥੋਂ ਖੋਹ ਲਵੇਗੀ, ਜੋ ਤੂੰ ਮਿਹਨਤ ਨਾਲ ਜਿੱਤੇ ਹਨ।

ਕਿਉਂਕਿ ਤੂੰ ਜਾਣ ਕਿ ਉਸ ਸਦੀਵਤਾ ਵਿਚ ਕੋਈ ਛੋਟ ਨਹੀਂ ਹੈ।

ਮਹਾਂਪ੍ਰਭੂ ਦਾ, ਪੂਰਨਤਾ ਦੇ ਤਥਾਗਤਾਂ' ਦਾ ਜੋ ਆਪਣੇ ਪੁਰਖਿਆਂ ਦੀਆਂ ਪੈੜਾਂ ਉਤੇ ਚਲਦੇ ਆਏ ਹਨ, ਵਚਨ ਹੈ: ਅੱਠ ਘੋਰ ਦੁਖ ਸਦਾ ਲਈ ਵਿਦਾ ਹੋ ਜਾਂਦੇ ਹਨ। ਜੇ ਨਹੀਂ, ਤਾਂ ਤੂੰ ਜਾਣ ਕਿ ਤੂੰ ਗਿਆਨ ਨੂੰ, ਨਿਰਵਾਣ ਨੂੰ ਪਹੁੰਚ ਨਹੀਂ ਸਕਦਾ।

ਵਿਰਾਗ ਦਾ ਸਦਗੁਣ ਬਹੁਤ ਕਠੋਰ ਤੇ ਨਿਰਦਯੀ ਹੈ। ਜੇ ਤੂੰ ਇਸ ਰਾਹ ਦਾ ਸੁਆਮੀ ਹੋਣਾ ਚਾਹੁੰਦਾ ਹੈਂ, ਤਾਂ ਤੈਨੂੰ ਪਹਿਲਾਂ ਤੋਂ ਬਹੁਤ ਵਧ ਕੇ ਆਪਣੇ ਮਨ ਅਤੇ ਦ੍ਰਿਸ਼ਟੀ ਨੂੰ ਘਾਤਕ ਕਰਮ ਤੋਂ ਮੁਕਤ ਰਖਣਾ ਪੈਂਦਾ ਹੈ।

ਤੈਨੂੰ ਆਪਣੇ-ਆਪ ਨੂੰ ਸ਼ੁੱਧ ਆਲਯ (ਪਰਮਾਤਮਾ) ਨਾਲ ਪੂਰਨ ਤ੍ਰਿਪਤ ਕਰ ਲੈਣਾ ਅਤੇ ਕੁਦਰਤ ਦੇ ਆਤਮ-ਭਾਵ ਨਾਲ ਇਕ ਹੋਣਾ ਪੈਂਦਾ ਹੈ। ਇਸਦੇ ਨਾਲ ਇਕ ਹੋ ਕੇ ਤੂੰ ਅਜਿੱਤ ਹੈਂ, ਵਖਰਾ ਰਹਿ ਕੇ ਤੂੰ ਸਮਵ੍ਰਿੱਤੀਂ' ਦਾ ਖੇਡ-ਸਥਾਨ ਬਣ ਜਾਂਦਾ ਹੈਂ, ਜੋ ਸੰਸਾਰ ਦੇ ਸਮੁੱਚੇ ਭੁਲੇਖਿਆਂ ਦਾ ਮੂਲ ਸੋਮਾ ਹੈ।

ਮੰਜ਼ਿਲ ਜਿਵੇਂ-ਜਿਵੇਂ ਸਿਖਰ 'ਤੇ ਪਹੁੰਚਦੀ ਹੈ, ਉਵੇਂ-ਉਵੇਂ ਕਠਨ ਹੁੰਦੀ ਜਾਂਦੀ ਹੈ। ਮੰਜ਼ਿਲ ਜਿਵੇਂ-ਜਿਵੇਂ ਕੋਲ ਆਉਂਦੀ ਹੈ, ਉਵੇਂ-ਉਵੇਂ ਭਟਕਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ। ਕਿਉਂਕਿ ਜਿੰਨੀ ਹੋਵੇ ਉਦਾਸੀ, ਉਨਾ ਹੀ ਡਿਗਣ ਦਾ ਡਰ ਹੈ। ਨਰਕ ਤੋਂ ਡਿਗਣ ਦਾ ਕੋਈ ਉਪਾਅ ਨਹੀਂ, ਕਿਉਂਕਿ ਉਸ ਤੋਂ ਹੇਠਾਂ ਦੀ ਥਾਂ ਨਹੀਂ ਹੈ। ਲੇਕਿਨ ਸਵਰਗ ਤੋਂ ਡਿਗਣ ਦੀ ਸਾਰੀ ਸਹੂਲਤ ਹੈ, ਕਿਉਂਕਿ ਸਭ-ਕੁਝ ਉਸਦੇ ਹੇਠਾਂ ਹੈ। ਮੋਕਸ਼ ਤੋਂ ਵੀ ਡਿਗਣ ਦਾ ਉਪਾਅ ਨਹੀਂ ਹੈ, ਕਿਉਂਕਿ ਮੋਕਸ਼ ਦੇ ਹੇਠਾਂ-ਉਪਰ, ਦੋਹੀਂ ਪਾਸੀਂ ਕੁਝ ਵੀ ਨਹੀਂ ਹੈ। ਨਰਕ ਦੇ ਉਪਰ ਹੈ ਸਭ-ਕੁਝ, ਇਸਲਈ ਨਰਕ ਤੋਂ ਕੋਈ ਡਿਗ ਨਹੀਂ ਸਕਦਾ। ਸਵਰਗ ਤੋਂ ਸਭ-ਕੁਝ ਹੇਠਾਂ ਹੈ, ਇਸਲਈ ਸਵਰਗ ਤੋਂ ਕੋਈ ਵੀ ਡਿਗ ਸਕਦਾ ਹੈ। ਮੋਕਸ਼ ਤੋਂ ਡਿਗਣ ਦਾ ਫਿਰ ਕੋਈ ਉਪਾਅ ਨਹੀਂ—ਨਾ ਵਧਣ ਦਾ, ਨਾ ਡਿਗਣ ਦਾ; ਕਿਉਂਕਿ ਉਸਦੇ ਹੇਠਾਂ-ਉਪਰ ਦੋਨੋਂ ਹੀ ਦਿਸ਼ਾਵਾਂ ਨਹੀਂ ਹਨ।

ਸਾਧਕ ਜਿਵੇਂ-ਜਿਵੇਂ ਮੋਕਸ਼ ਦੇ ਵਲ ਪਹੁੰਚਦਾ ਹੈ, ਉਵੇਂ-ਉਵੇਂ ਸਵਰਗੀ ਹੁੰਦਾ ਚਲਿਆ ਜਾਂਦਾ ਹੈ, ਉਵੇਂ-ਉਵੇਂ ਉਸਦੇ ਸੁਖ ਸੂਖਮ, ਉਵੇਂ-ਉਵੇਂ ਉਸਦੀ ਪ੍ਰਤੀਤੀ ਬੇਹਦ ਤਰਲ, ਸ਼ੁੱਧ, ਉਵੇਂ-ਉਵੇਂ ਉਸਦਾ ਅਨੁਭਵ ਬਹੁਮੁੱਲਾ, ਨਾਜ਼ਕ ਹੁੰਦਾ ਚਲਿਆ ਜਾਂਦਾ ਹੈ। ਅਤੇ ਜਿੰਨਾ ਨਾਜ਼ਕ ਹੁੰਦਾ ਹੈ ਅਨੁਭਵ, ਜਿੰਨਾ ਸੂਖਮ ਹੁੰਦਾ ਹੈ, ਉਸਨੂੰ ਉਨੀ ਹੀ ਛੋਟੀ-ਜਿਹੀ ਘਟਨਾ ਵੀ ਨਸ਼ਟ ਕਰ ਸੁੱਟਦੀ ਹੈ। ਜਿੰਨੀ ਮੁੱਲਵਾਨ ਹੁੰਦੀ ਹੈ ਚੀਜ਼, ਉਨੀ ਹੀ ਨਾਜ਼ਕ ਹੋ ਜਾਂਦੀ ਹੈ। ਅਤੇ ਇਸ ਯਾਤਰਾ ਵਿਚ ਤਾਂ ਖ਼ੁਦ ਨੂੰ ਰੋਜ਼ ਹੀ ਨਾਜ਼ਕ ਬਣਾਉਂਦੇ ਹਾਂ—ਸੰਵੇਦਨਸ਼ੀਲ, ਸੈਂਸਿਟਿਵ। ਜ਼ਰਾ-ਜਿੰਨਾ ਬੁੱਲਾ ਸਭ ਤੋੜ ਕੇ ਰਖ ਸਕਦਾ ਹੈ। ਅਤੇ ਜਦ ਹਵਾ ਦੀ ਹਨੇਰੀ ਉਠਦੀ ਹੈ ਤਾਂ ਸੜਕ ਦੇ ਕੰਢੇ ਪੱਥਰਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ, ਲੇਕਿਨ ਬਿਰਛਾਂ ਦੀਆਂ ਟਹਿਣੀਆਂ 'ਚ ਲਗੇ ਫੁੱਲ ਝੜ ਜਾਂਦੇ ਹਨ। ਪੱਥਰ ਆਪਣੀ ਥਾਂ ਬਣੇ ਰਹਿੰਦੇ ਹਨ, ਪੱਥਰ ਨਸ਼ਟ ਨਹੀਂ ਹੁੰਦੇ, ਪਰ ਫੁੱਲ ਨਸ਼ਟ ਹੋ ਜਾਂਦੇ ਹਨ। ਜ਼ਰਾ-ਕੁ ਬੁੱਲਾ ਹਵਾ ਦਾ ਅਤੇ ਫੁੱਲ ਡਿਗ ਪੈਂਦੇ ਹਨ। ਫਿਰ ਜਿੰਨਾ ਨਾਜ਼ਕ ਹੋਵੇ ਫੁੱਲ, ਉਨੀ ਛੇਤੀ ਡਿਗ ਜਾਂਦਾ ਹੈ, ਅਤੇ ਜਿੰਨੀ ਉਚੀ ਟਹਿਣੀ 'ਤੇ ਹੋਵੇ, ਉਨੀ ਛੇਤੀ ਡਿਗ ਪੈਂਦਾ ਹੈ।

ਇਹ ਇਸ ਸੂਤਰ ਦੇ ਸਬੰਧ ਵਿਚ ਹੀ ਵਿਚਾਰਨ-ਯੋਗ ਹੈ।

'ਚੌਥੇ ਰਾਹ ਵਿਰਾਗ ਉੱਤੇ ਵਾਸਨਾ ਜਾਂ ਇੱਛਿਆ ਦਾ ਮਾਮੂਲੀ ਜਿਹਾ ਬੁੱਲਾ ਵੀ ਆਤਮਾ ਦੀਆਂ ਕੰਧਾਂ 'ਤੇ ਪੈਣ ਵਾਲੇ ਥਿਰ ਪ੍ਰਕਾਸ਼ ਨੂੰ ਹਿਲਾ ਦੇਵੇਗਾ।'

ਚੌਥੇ ਦੁਆਰ ਵਿਰਾਗ ਉੱਤੇ ਵਾਸਨਾ ਦਾ ਮੱਧਮ ਜਿਹਾ ਬੁੱਲਾ ਵੀ; ਉਹ ਜੋ ਨਵੇਂ ਪ੍ਰਕਾਸ਼ ਦੀ ਝਲਕ ਆ ਰਹੀ ਹੈ, ਉਸਨੂੰ ਹਿਲਾ ਦੇਵੇਗਾ; ਉਸ ਪ੍ਰਕਾਸ਼ ਨੂੰ ਡਾਂਵਾਂਡੋਲ ਕਰ ਦੇਵੇਗਾ, ਉਸ ਪ੍ਰਕਾਸ਼ ਨੂੰ ਅੱਖੋਂ ਉਹਲੇ ਕਰ ਦੇਵੇਗਾ, ਕੰਬਾ ਦੇਵੇਗਾ। ਅਤੇ ਅੰਦਰ ਦਾ ਪ੍ਰਕਾਸ਼ ਕੰਬ ਗਿਆ, ਤਾਂ ਅੱਗੇ ਨਹੀਂ ਜਾਇਆ ਜਾ ਸਕਦਾ; ਪਿਛੇ ਗਿਰਨਾ ਸ਼ੁਰੂ ਹੋ ਜਾਂਦਾ ਹੈ। ਪ੍ਰਕਾਸ਼ ਦੀ ਸਥਿਰਤਾ ਹੀ ਅੱਗੇ ਜਾਣ ਦਾ ਰਾਹ ਹੈ। ਅੰਦਰ ਦਾ ਪ੍ਰਕਾਸ਼ ਜਿੰਨਾ ਡਾਵਾਂਡੋਲ ਹੁੰਦਾ ਹੈ, ਉੱਨਾ ਅਸੀਂ ਨੀਵੇਂ ਗਿਰ ਜਾਂਦੇ ਹਾਂ। ਜਿਸ ਦਿਨ ਅੰਦਰ ਦਾ ਪ੍ਰਕਾਸ਼ ਅਣਕੰਬ ਹੋ ਜਾਂਦਾ ਹੈ, ਕੁਝ ਵੀ ਉਸਨੂੰ ਕੰਬਾ ਨਹੀਂ ਪਾਂਦਾ, ਕੰਬਣ ਦੀ ਸੰਭਾਵਨਾ ਨਹੀਂ ਰਹਿ ਜਾਂਦੀ, ਉਸੇ ਦਿਨ ਅਸੀਂ ਪਰਮ ਸਥਿਤੀ ਨੂੰ ਪਹੁੰਚ ਜਾਂਦੇ ਹਾਂ। ਤਾਂ ਅੰਦਰ ਦੀ ਜੋਤ ਮਾਪਦੰਡ ਹੈ ਕਿ ਉਹ ਕਿੰਨੀ ਕੰਬਦੀ ਹੈ, ਕਿੰਨੀ ਠਹਿਰੀ ਹੈ।

ਵਾਸਨਾਗਤ ਜਗਤ ਵਿਚ ਛੋਟੀਆਂ-ਮੋਟੀਆਂ ਵਾਸਨਾਵਾਂ ਤੋਂ ਕੁਝ ਪਤਾ ਵੀ ਨਹੀਂ ਲਗਦਾ। ਕਿਉਂਕਿ ਤੁਸੀਂ ਇੰਨੇ ਵੱਡੇ ਰੋਗਾਂ ਨਾਲ ਭਰੇ ਹੁੰਦੇ ਹੋ ਕਿ ਛੋਟੇ ਰੋਗਾਂ ਦਾ ਕੀ ਪਤਾ ਲਗੇ! ਤੁਹਾਡੇ ਵੀ ਅਨੁਭਵ ਵਿਚ ਹੋਵੇਗਾ ਕਿ ਜੇਕਰ ਵੱਡਾ ਰੋਗ ਆ ਜਾਵੇ, ਤਾਂ ਛੋਟਾ ਰੋਗ ਭੁੱਲ ਜਾਂਦਾ ਹੈ। ਜੇ ਪੈਰ ਵਿਚ ਕੰਡਾ ਚੁਭਿਆ ਹੋਵੇ ਅਤੇ ਕੋਈ ਛੁਰੀ ਲੈ ਕੇ ਸਾਹਮਣੇ ਖੜ੍ਹਾ ਹੋ ਜਾਵੇ, ਤਾਂ ਤੁਹਾਨੂੰ ਫਿਰ ਕੰਡੇ ਦਾ ਬਿਲਕੁਲ ਪਤਾ ਨਹੀਂ ਲਗਦਾ ਹੈ। ਤੁਸੀਂ ਕਾਲੇ ਹੀ ਵਸਤਰ ਪਹਿਨ ਰਖੇ ਹੋਣ ਅਤੇ ਕੋਈ ਕਾਲਖ ਨਾਲ ਤੁਹਾਨੂੰ ਲਿੰਪ ਦੇਵੇ, ਤੁਹਾਡੇ ਵਸਤਰਾਂ ਉੱਤੇ, ਕੋਈ ਪਤਾ ਨਹੀਂ ਲਗਦਾ। ਅੰਪਰ ਜਿੰਨੇ ਹੋਣ ਸਫ਼ੈਦ ਵਸਤਰ, ਜ਼ਰਾ-ਜਿੰਨੀ ਧੂੜ ਵੀ ਦਿਖਾਈ ਪੈਣੀ ਸ਼ੁਰੂ ਹੋ ਜਾਂਦੀ ਹੈ। ਪਿੱਠਭੂਮੀ ਜਿੰਨੀ ਹੋਵੇ ਉਜਲੀ, ਉੱਨਾ ਹੀ ਅਣਉਜਲਾ ਭਿਆਨਕ ਜਾਪਦਾ ਹੈ। ਕਿਉਂਕਿ ਸਭ ਪ੍ਰਤੀਤੀਆਂ ਤੁਲਣਾਤਮਕ ਹਨ। ਜਿਵੇਂ ਜਿਵੇਂ ਅੱਗੇ ਵਧਦਾ ਹੈ ਸਾਧਕ ਅਤੇ ਵਿਰਾਗ ਦੇ ਕਰੀਬ ਪਹੁੰਚਦਾ ਹੈ, ਉਵੇਂ-ਉਵੇਂ ਰਾਗ ਦੀ ਛੋਟੀ-ਜਿਹੀ ਝਲਕ ਵੀ ਭਿਆਨਕ ਤੂਫ਼ਾਨ ਦੀ ਤਰ੍ਹਾਂ ਪ੍ਰਤੀਤ ਹੁੰਦੀ ਹੈ ਅਤੇ ਸਭ ਉਖੇੜ ਕੇ ਧਰ ਦਿੰਦੀ ਹੈ। ਕਿਉਂਕਿ ਪੌਦੇ ਵਿਰਾਗ ਦੇ ਅਜੇ ਬਹੁਤ ਨਵੇਂ ਹਨ, ਉਹਨਾਂ ਦੀਆਂ ਜੜ੍ਹਾਂ ਅਜੇ ਬਹੁਤ ਗਹਿਰੀਆਂ ਨਹੀਂ; ਅਜੇ ਇਹ ਬਿਲਕੁਲ ਬੱਚੇ ਹਨ।

ਸੁਣਿਆ ਹੈ ਮੈਂ, ਇਕ ਸੂਫ਼ੀ ਫ਼ਕੀਰ ਜੁਨੈਦ ਜ਼ਿੰਦਗੀ-ਭਰ ਰੋਂਦਾ ਰਿਹਾ। ਖ਼ੁਦ ਨੂੰ ਕੁੱਟ-ਮਾਰ ਕਰਦਾ ਸੀ, ਰੋਂਦਾ ਸੀ। ਰਾਹਾਂ 'ਤੇ ਨਿਕਲਦਾ ਸੀ ਤਾਂ ਖ਼ੁਦ ਨੂੰ ਚਾਂਟੇ ਮਾਰਦਾ ਸੀ। ਲੋਕ ਪੁਛਦੇ ਸਨ ਕਿ 'ਕਿਉਂ ਇੰਨਾ ਪਸ਼ਚਾਤਾਪ ਕਰਦਾ ਹੈਂ? ਕੀ ਪਾਪ ਕੀਤਾ ਹੈ ਤੂੰ? ਕਿਉਂਕਿ ਜਿਵੇਂ ਦਾ ਅਸੀਂ ਤੈਨੂੰ ਜਾਣਦੇ ਹਾਂ, ਤੈਥੋਂ ਵਧ ਪਵਿੱਤਰ ਆਦਮੀ ਲੱਭਣਾ ਮੁਸ਼ਕਲ ਹੈ। ਅਤੇ ਜੇ ਤੂੰ ਇੰਨਾ ਦੁਖੀ ਹੈਂ, ਪਸ਼ਚਾਤਾਪ ਨਾਲ ਭਰਿਆ ਹੈਂ, ਤਾਂ ਸਾਡੀ ਕੀ ਗਤ ਹੋਵੇਗੀ? ਅਤੇ ਅਸੀਂ ਇੰਨੇ ਪਾਪ ਕਰ

ਰਹੇ ਹਾਂ, ਸਾਨੂੰ ਜ਼ਰਾ ਵੀ ਪਛਤਾਵਾ ਨਹੀਂ ਹੈ। ਤੂੰ ਪਾਪ ਕੀ ਕੀਤਾ ਹੈ? ਇਹ ਪਿੰਡ ਤੈਨੂੰ ਬਚਪਨ ਤੋਂ ਜਾਣਦਾ ਹੈ—ਨਾ ਤੂੰ ਕਦੇ ਚੋਰੀ ਕੀਤੀ, ਨਾ ਕਦੇ ਕ੍ਰੋਧ ਕੀਤਾ, ਨਾ ਕਿਸੇ ਨੂੰ ਗਾਲ੍ਹ ਦਿਤੀ, ਨਾ ਕਿਸੇ ਦਾ ਅਪਮਾਨ ਕੀਤਾ। ਤੈਥੋਂ ਜ਼ਿਆਦਾ ਪਵਿੱਤਰ ਆਦਮੀ ਪ੍ਰਿਥਵੀ ਉੱਤੇ ਵੀ ਸ਼ਾਇਦ ਦੂਜਾ ਨਾ ਹੋਵੇ।' ਲੇਕਿਨ ਜੁਨੈਦ ਆਪਣੇ-ਆਪ ਨੂੰ ਸਜ਼ਾ ਦਿੰਦਾ ਰਿਹਾ।

ਮਰਨ ਵੇਲੇ, ਉਸਦੇ ਸ਼ਿਸ਼ ਹਜ਼ਾਰਾਂ ਸਨ, ਉਹ ਇਕੱਠੇ ਹੋਏ, ਉਹਨਾਂ ਨੇ ਕਿਹਾ, ਹੁਣ ਤਾਂ ਦੱਸ ਦੇ ਕਿ ਕਿਸਨੂੰ ਸਜ਼ਾ ਦੇ ਰਿਹਾ ਸੀ? ਤਾਂ ਉਸਨੇ ਕਿਹਾ ਕਿ ਇਕ ਵਾਰ ਮੇਰੇ ਮਨ ਵਿਚ ਅਜੇਹਾ ਖ਼ਿਆਲ ਆ ਗਿਆ ਸੀ ਕਿ ਮੈਂ ਬੜਾ ਪਵਿੱਤਰ ਹਾਂ; ਉਹੀ ਪਾਪ ਹੋ ਗਿਆ। ਅਤੇ ਪਰਮਾਤਮਾ ਦੇ ਸਾਹਮਣੇ ਖੜ੍ਹਾ ਹੋ ਕੇ ਹੁਣ ਮੈਂ ਅੱਖਾਂ ਵੀ ਨਹੀਂ ਚੁੱਕ ਸਕਾਂਗਾ, ਕਿਉਂਕਿ ਮੈਂ ਇਕ ਪਾਪ ਕੀਤਾ ਹੈ। ਕਿ ਮੈਂ ਪਵਿੱਤਰ ਹਾਂ—ਇਹ ਖ਼ਿਆਲ ਮੈਨੂੰ ਇਕ ਵਾਰ ਆ ਗਿਆ ਸੀ, ਉਸਦੀ ਹੀ ਸਜ਼ਾ ਮੈਂ ਆਪਣੇ-ਆਪ ਨੂੰ ਦੇ ਰਿਹਾ ਹਾਂ। ਲੋਕਾਂ ਨੇ ਕਿਹਾ, ਪਾਗਲ ਹੋ ਗਿਆ ਹੈਂ? ਜੇ ਇੰਨੇ-ਕੁ ਪਾਪ ਨਾਲ ਤੂੰ ਪਰਮਾਤਮਾ ਦੇ ਸਾਹਮਣੇ ਅੱਖਾਂ ਨਹੀਂ ਚੁੱਕ ਸਕੇਂਗਾ, ਤਾਂ ਸਾਡਾ ਕੀ ਹੋਵੇਗਾ? ਜੁਨੈਦ ਨੇ ਕਿਹਾ, ਤੁਸੀਂ ਮਜ਼ੇ ਨਾਲ ਅੱਖਾਂ ਚੁੱਕ ਸਕੋਗੇ। ਤੁਹਾਡੇ ਪਾਪ ਇੰਨੇ ਹਨ ਕਿ ਤੁਹਾਨੂੰ ਸ਼ਰਮ ਵੀ ਨਹੀਂ ਆਏਗੀ। ਅਤੇ ਸ਼ਰਮ ਵੀ ਕਿੰਨੀ ਕਰੋਗੇ? ਮੈਂ ਵੀ ਤੁਹਾਡੇ ਜਿਹਾ ਹੁੰਦਾ, ਤਾਂ ਕੋਈ ਚਿੰਤਾ ਨਹੀਂ ਸੀ; ਬਸ ਉਹ ਇਕ ਅਟਕ ਗਿਆ ਹੈ। ਸਫੇਦ ਵਸਤਰ 'ਤੇ ਉਹ ਕਾਲਾ ਦਾਗ ਅਜੇਹਾ ਦਿਖਾਈ ਦਿੰਦਾ ਹੈ ਕਿ ਮੈਂ ਉਸਨੂੰ ਭੁੱਲ ਨਹੀਂ ਪਾਂਦਾ, ਉਸਦੀ ਹੀ ਪੀੜ ਹੈ।

ਇਸਨੂੰ ਖ਼ਿਆਲ ਰਖਣਾ ਕਿ ਜਿਵੇਂ-ਜਿਵੇਂ ਤੁਸੀਂ ਵਧਦੇ ਹੋ ਅੰਤਰਯਾਤਰਾ ਵਿਚ, ਉਵੇਂ-ਉਵੇਂ ਛੋਟੀਆਂ-ਛੋਟੀਆਂ ਚੀਜ਼ਾਂ ਬੜੀਆਂ ਮੁੱਲਵਾਨ ਹੋ ਜਾਂਦੀਆਂ ਹਨ। ਨਿਗੂਣਾ ਵੀ ਵਿਰਾਟ ਦੀ ਯਾਤਰਾ 'ਤੇ ਬੜਾ ਵਿਰਾਟ ਪ੍ਰਤੀਤ ਹੋਣ ਲਗਦਾ ਹੈ। ਅਤੇ ਜਦ ਤਕ ਉਸ ਤੋਂ ਛੁਟਕਾਰਾ ਨਾ ਹੋ ਜਾਵੇ, ਤਦ ਤਕ ਤੁਸੀਂ ਵਾਪਸ ਸੁੱਟੇ ਜਾ ਸਕਦੇ ਹੋ। ਰਾਹ ਸੰਕੀਰਨ ਹੈ, ਉਚਾਈ ਜ਼ਿਆਦਾ ਹੈ, ਅਤੇ ਤੁਸੀਂ ਨਵੇਂ ਤੇ ਨਾਜ਼ਕ ਹੋ ਇਸ ਯਾਤਰਾ ਉਤੇ। ਜ਼ਰਾ-ਜਿੰਨੀ ਭੁੱਲ ਭਿਆਨਕ ਹੋ ਸਕਦੀ ਹੈ।

'ਵਿਰਾਗ ਉਤੇ ਵਾਸਨਾ ਦਾ ਮਾਮੂਲੀ ਜਿਹਾ ਬੁੱਲਾ ਵੀ ਆਤਮਾ ਦੀਆਂ ਸਾਫ਼-ਸਫੇਦ ਕੰਧਾਂ 'ਤੇ ਪੈਣ ਵਾਲੇ ਥਿਰ ਪ੍ਰਕਾਸ਼ ਨੂੰ ਹਿਲਾ ਦੇਵੇਗਾ। ਅੰਤਹਕਰਣ ਵਿਚ ਜੋ ਤੇਰੀ ਉਚੀ ਅਤੇ ਨੀਵੀਂ ਆਤਮਾ ਦੇ ਵਿਚਾਲੇ ਪੁਲ ਹੈ, ਜੋ ਬਿਰਤੀਆਂ ਦਾ ਮਹਾਂਪੰਥ ਹੈ ਅਤੇ ਜੋ ਹੰਕਾਰ ਨੂੰ ਝੰਜੋੜ ਕੇ ਜਗਾਉਣ ਵਾਲਾ ਹੈ, ਮਾਯਾ ਦੇ ਭਰਮਾਊ ਸੁਖਾਂ ਦੇ ਲਈ ਰਾਗ ਜਾਂ ਅਫਸੋਸ ਦੀ ਛੋਟੀ ਜਿਹੀ ਲਹਿਰ ਵੀ, ਬਿਜਲੀ ਦੀ ਲਿਸ਼ਕ ਜਿਹੀ ਭਾਸਦੀ ਲਹਿਰ ਵੀ, ਤੇਰੇ ਤਿੰਨ ਪੁਰਸਕਾਰਾਂ ਨੂੰ ਤੈਥੋਂ ਖੋਹ ਲਵੇਗੀ, ਜੋ ਤੂੰ ਮਿਹਨਤ ਨਾਲ ਜਿੱਤੇ ਹਨ।'

ਵਿਰਾਗ ਦੇ ਦੁਆਰ 'ਤੇ ਖੜ੍ਹੇ ਹੋ ਕੇ ਹੰਕਾਰ ਦੀ ਜ਼ਰਾ-ਜਿੰਨੀ ਝਲਕ ਸਭ ਨਸ਼ਟ ਕਰ ਦੇਵੇਗੀ।

ਅਤੇ ਵਿਰਾਗ ਦੇ ਦੁਆਰ 'ਤੇ ਹੰਕਾਰ ਆਉਂਦਾ ਹੈ। ਰਾਗੀ ਦਾ ਹੰਕਾਰ ਹੈ, ਵਿਰਾਗੀ ਦਾ ਹੰਕਾਰ ਹੈ। ਰਾਗੀ ਦਾ ਹੰਕਾਰ ਬਹੁਤ ਸਥੂਲ ਹੈ, ਸਾਫ ਦਿਖਾਈ ਦਿੰਦਾ ਹੈ। ਵਿਰਾਗੀ ਦਾ ਹੰਕਾਰ ਬਹੁਤ ਸੂਖਮ ਹੈ, ਸਾਫ ਦਿਖਾਈ ਨਹੀਂ ਦਿੰਦਾ। ਅਤੇ

ਇਸਲਈ ਜ਼ਿਆਦਾ ਖ਼ਤਰਨਾਕ ਹੈ। ਜਿਹੜਾ ਵੈਰੀ ਦਿਖਾਈ ਦਿੰਦਾ ਹੋਵੇ, ਜ਼ਿਆਦਾ ਖ਼ਤਰਨਾਕ ਨਹੀਂ ਹੈ, ਉਸਦੇ ਕੁਝ ਉਪਾਅ ਕੀਤੇ ਜਾ ਸਕਦੇ ਹਨ। ਅਦ੍ਰਿਸ਼ਟ ਵੈਰੀ ਬਹੁਤ ਖ਼ਤਰਨਾਕ ਹੈ, ਕਿਉਂਕਿ ਉਹ ਦਿਸਦਾ ਨਹੀਂ।

ਕ੍ਰਿਸ਼ਨਮੂਰਤੀ ਨੇ ਸਾਧੂਆਂ ਨੂੰ, ਸੰਨਿਆਸੀਆਂ ਨੂੰ ਪਾਯਸ–ਈਗੋਇਸਟ ਕਿਹਾ ਹੈ, ਪਵਿੱਤਰ ਹੰਕਾਰੀ। ਠੀਕ ਹੈ, ਉਹ ਡਰ ਹੈ। ਅਤੇ ਅਪਵਿੱਤਰ ਹੰਕਾਰ ਇੰਨਾ ਖ਼ਤਰਨਾਕ ਨਹੀਂ ਹੈ; ਕਿਉਂਕਿ ਉਹ ਜੋ ਅਪਵਿੱਤਰਤਾ ਹੈ, ਉਹ ਵੀ ਤਾਂ ਪਤਾ ਲਗਦੀ ਰਹਿੰਦੀ ਹੈ। ਪਵਿੱਤਰ ਹੰਕਾਰ ਬਹੁਤ ਖ਼ਤਰਨਾਕ ਹੈ; ਕਿਉਂਕਿ ਪਵਿੱਤਰਤਾ ਵਿਚ ਹੰਕਾਰ ਬਿਲਕੁਲ ਛੁਪ ਜਾਂਦਾ ਹੈ। ਜ਼ਹਿਰ ਦੇ ਚਾਰ–ਚੁਫੇਰੇ ਸ਼ੱਕਰ ਦੀ ਇਕ ਪਰਤ ਹੋ ਜਾਂਦੀ ਹੈ ਅਤੇ ਤਦ ਉਸ ਜ਼ਹਿਰ ਨੂੰ ਪੀ ਜਾਣਾ ਬਹੁਤ ਅਸਾਨ ਹੈ। ਅਪਵਿੱਤਰ ਹੰਕਾਰ ਤਾਂ ਸ਼ੁੱਧ ਜ਼ਹਿਰ ਹੈ। ਉਸਦੇ ਆਲੇ–ਦੁਆਲੇ ਖੰਡ ਦੀ ਪਰਤ ਵੀ ਨਹੀਂ, ਉਸਦਾ ਤਾਂ ਪੀਣ ਵਾਲੇ ਨੂੰ ਵੀ ਪਤਾ ਲਗਦਾ ਹੈ। ਪਵਿੱਤਰ ਹੰਕਾਰ ਦਾ ਪਤਾ ਵੀ ਨਹੀਂ ਲਗਦਾ।

ਧਰਮਾਂ ਵਿਚ ਜੋ ਸੰਘਰਸ਼ ਚਲਦਾ ਹੈ, ਉਹ ਪਵਿੱਤਰ ਹੰਕਾਰੀਆਂ ਦਾ ਸੰਘਰਸ਼ ਹੈ। ਸ਼ੁੱਧ ਜ਼ਹਿਰ ਹੈ, ਲੇਕਿਨ ਪਰਤ ਉੱਤੇ ਪਵਿੱਤਰਤਾ ਹੈ। ਤਿਆਗੀ ਹੈ ਕੋਈ, ਤਾਂ ਉਹ ਵੀ ਉੱਨੀ ਹੀ ਆਕੜ ਨਾਲ ਚਲਦਾ ਹੈ, ਉਸਦੀ ਆਕੜ ਬਹੁਤ ਸੂਖਮ ਹੈ, ਭੋਗੀ ਵੀ ਉੱਨੀ ਆਕੜ ਨਾਲ ਚਲਦਾ। ਜਿਸਦੇ ਕੋਲ ਧਨ ਹੈ, ਉਹ ਕੀ ਆਕੜ ਨਾਲ ਤੁਰਨਗੇ—ਉਸਦੇ ਮੁਕਾਬਲੇ ਜਿਸਨੇ ਧਨ ਨੂੰ ਲੱਤ ਮਾਰ ਦਿਤੀ। ਸੁਭਾਵਕ ਹੈ ਕਿ ਜਿਸਦੇ ਕੋਲ ਧਨ ਹੈ, ਜਿਸਦੇ ਧਨ ਨੂੰ ਲੱਤ ਮਾਰ ਦਿਤੀ, ਉਸ ਤੋਂ ਛੋਟਾ ਹੰਕਾਰ ਹੈ। ਅਤੇ ਧਨ ਤਾਂ ਬਹੁਤਿਆਂ ਦੇ ਕੋਲ ਹੁੰਦਾ ਹੈ; ਧਨ ਨੂੰ ਲੱਤ ਮਾਰਨੀ ਬਹੁਤਿਆਂ ਦੀ ਹਿੰਮਤ ਨਹੀਂ ਹੁੰਦੀ ਉਹ ਜੋ ਸਭ ਛੱਡ ਗਿਆ ਹੈ, ਉਸਨੂੰ ਇਕ ਨਵੀਂ ਚੀਜ਼ ਪਕੜ ਲੈਂਦੀ ਹੈ ਕਿ ਮੈਂ ਸਭ ਛੱਡ ਦਿਤਾ ਹੈ। ਤਿਆਗ ਵੀ ਭੋਗ ਬਣ ਜਾਂਦਾ ਹੈ, ਅਤੇ ਨਿਮਰਤਾ ਹੰਕਾਰ ਹੋ ਜਾਂਦੀ ਹੈ ਅਤੇ ਪਵਿੱਤਰਤਾ ਵੀ ਪਾਪ ਬਣ ਜਾਂਦੀ ਹੈ।

ਵਿਰਾਗ ਦੇ ਛਿਨ ਵਿਚ ਇਹ ਭਾਵ ਪਕੜੇਗਾ ਕਿ 'ਮੈਂ ਛਡਿਆ, ਦੂਜੇ ਨਹੀਂ ਛਡ ਪਾ ਰਹੇ ਹਨ; ਮੈਂ ਤਿਆਗਿਆ, ਦੂਜੇ ਨਹੀਂ ਤਿਆਗ ਪਾ ਰਹੇ ਹਨ—ਮੈਥੋਂ ਵਡਾ ਤਿਆਗੀ ਕੌਣ! ਮੈਂ ਸੰਸਾਰ ਨੂੰ ਲੱਤ ਮਾਰ ਦਿਤੀ! ਜੋ ਇੰਨਾ ਕਠਨ ਸੀ, ਅਤਿ ਕਠਨ ਨੂੰ ਮੈਂ ਪੂਰਾ ਕੀਤਾ ਹੈ।' ਇਹ 'ਮੈਂ' ਤਿਆਰ ਹੋਇਆ।

ਸੂਤਰ ਕਹਿੰਦਾ ਹੈ : ਜੇ ਇਹ ਮੈਂ ਤਿਆਰ ਹੋਇਆ, ਤਾਂ ਉਹ ਜੋ ਤਿੰਨ ਦੁਆਰ ਤੂੰ ਮਿਹਨਤ ਨਾਲ ਪਾਰ ਕੀਤੇ ਸੀ, ਉਸੇ ਵੇਲੇ ਖੋ ਜਾਣਗੇ। ਤੂੰ ਵਾਪਸ ਆਪਣੀ ਜਗ੍ਹਾ ਖੜ੍ਹਾ ਹੋ ਜਾਏਂਗਾ, ਜਿਥੇ ਤੂੰ ਸੀ। ਇਸ ਵਿਚ ਪਲ ਦੀ ਦੇਰ ਨਹੀਂ ਲਗਣੀ। ਜੋ ਮਿਹਨਤ ਨਾਲ ਪਾਇਆ ਹੈ, ਉਹ ਬਿਲਕੁਲ ਅਸਾਨੀ ਨਾਲ ਖੋਇਆ ਜਾ ਸਕਦਾ ਹੈ।

ਧਿਆਨ ਰਖਣਾ : ਮਿਹਨਤ ਨਾਲ ਪਾਇਆ ਹੋਇਆ, ਜ਼ਰੂਰੀ ਨਹੀਂ ਕਿ ਮਿਹਨਤ ਨਾਲ ਹੀ ਖੋਇਆ ਜਾਵੇ। ਜਿਸ ਮਕਾਨ ਨੂੰ ਬਣਾਉਣ 'ਚ ਵਰ੍ਹੇ ਲਗੇ ਹੋਣ, ਉਸਨੂੰ ਦਿਨ–ਭਰ ਵਿਚ ਡੇਗਿਆ ਜਾ ਸਕਦਾ ਹੈ; ਛਿਨ ਵਿਚ ਡੇਗਿਆ ਜਾ ਸਕਦਾ ਹੈ। ਅਤੇ ਇਹ ਜੋ ਅੰਦਰ ਦਾ ਭਵਨ ਹੈ, ਜਿਸਨੂੰ ਜਨਮਾਂ ਤੋਂ ਬਣਾਇਆ ਹੋਵੇ, ਉਸਨੂੰ ਪਲ ਵਿਚ ਢਾਹ–ਡੇਗੀ

ਕੀਤਾ ਜਾ ਸਕਦਾ ਹੈ। ਇਕ ਛੋਟੀ-ਜਿਹੀ ਗੱਲ, ਅਤੇ ਸਭ ਨਸ਼ਟ ਹੋ ਜਾਂਦਾ ਹੈ। ਤਾਂ ਜਿੰਨਾ ਤੁਸੀਂ ਅੱਗੇ ਵਧਦੇ ਹੋ, ਉਨੀ ਹੀ ਸੂਖਮ ਵਿਚ ਵਿਨਾਸ ਦੀ ਸੰਭਾਵਨਾ ਵਧ ਜਾਂਦੀ ਹੈ। ਜਿੰਨੀ ਸਿਰਜਣਾ ਦੀ ਸੰਭਾਵਨਾ ਵਧਦੀ ਹੈ ਉਨੀ ਹੀ ਵਿਨਾਸ ਦੀ ਸੰਭਾਵਨਾ ਵਧ ਜਾਂਦੀ ਹੈ।

ਇਸਨੂੰ ਇਉਂ ਸਮਝੋ ਕਿ ਤੁਹਾਡੀਆਂ ਸਾਰੀਆਂ ਸੰਭਾਵਨਾਵਾਂ ਨਾਲ-ਨਾਲ ਵਧਦੀਆਂ ਹਨ। ਇਸ ਸੂਤਰ ਨੂੰ, ਇਸ ਨਿਯਮ ਨੂੰ ਬਹੁਤ ਗਹਿਰਾਈ ਨਾਲ ਪਕੜ ਲੈਣਾ। ਤੁਹਾਡੇ ਵਿਚ ਇਕ ਹੀ ਦਿਸ਼ਾ ਨਹੀਂ ਵਧਦੀ, ਨਾਲ ਹੀ ਦੂਜੀ ਦਿਸ਼ਾ ਵੀ ਵਧਦੀ ਹੈ। ਜਿਵੇਂ ਤੁਸੀਂ ਜਿੰਨਾ ਸੁਖ ਪਾਣ ਵਿਚ ਸਮਰੱਥ ਹੋ ਜਾਂਦੇ ਹੋ, ਉਨਾ ਹੀ ਦੁਖ ਪਾਣ ਵਿਚ ਵੀ ਸਮਰੱਥ ਹੋ ਜਾਂਦੇ ਹੋ। ਸੁਖ ਦੇ ਨਾਲ ਦੁਖ ਦੀ ਸਮਰੱਥਾ ਵਧ ਜਾਂਦੀ ਹੈ। ਪਸ਼ੂ ਬਹੁਤੇ ਦੁਖੀ ਨਹੀਂ ਦਿਖਾਈ ਪੈਂਦੇ, ਕਿਉਂਕਿ ਬਹੁਤੇ ਸੁਖੀ ਹੋਣ ਦਾ ਉਹਨਾਂ 'ਚ ਉਪਾਅ ਨਹੀਂ ਹੈ। ਇਕ ਅਮੀਰ ਆਦਮੀ ਨੇ ਜਦ ਸੁਖ ਦੀ ਸਮਰੱਥਾ ਵਧਾ ਲਈ, ਤਦ ਉਸਦੀ ਦੁਖ ਦੀ ਸਮਰੱਥਾ ਵੀ ਵਧ ਗਈ।

ਉਹ ਜੋ ਉਲਟ ਹੈ, ਉਹ ਨਾਲ-ਨਾਲ ਵਧਦਾ ਹੈ; ਉਹ ਕੰਢੇ-ਕੰਢੇ ਚਲਦਾ ਹੈ। ਤੁਸੀਂ ਇਕ ਨੂੰ ਨਹੀਂ ਵਧਾ ਸਕਦੇ: ਉਹ ਦੂਜਾ ਖਾਈ ਦੀ ਤਰ੍ਹਾਂ ਹਮੇਸ਼ਾ ਸਿਖਰ ਦੇ ਕੋਲ ਮੌਜੂਦ ਹੈ। ਜਿੰਨੀ ਤੁਹਾਡੀ ਨੀਤੀ ਵਧਦੀ ਹੈ, ਉਨੀ ਅਨੀਤੀ ਵੀ ਤੁਹਾਡੇ ਕੰਢੇ ਖੜ੍ਹੀ ਹੈ। ਜਿੰਨਾ ਤੁਹਾਡਾ ਪੁੰਨ ਵਧਦਾ ਹੈ, ਉਨਾ ਪਾਪ ਵੀ ਤੁਹਾਡੇ ਕੰਢੇ ਖੜ੍ਹਾ ਹੈ। ਪਾਪੀ ਨਹੀਂ ਗਿਰ ਸਕਦਾ, ਤੁਸੀਂ ਗਿਰ ਸਕਦੇ ਹੋ। ਜਿੰਨੀ ਹੋਵੇ ਸ੍ਰੇਸ਼ਠਤਾ, ਉਨੀ ਨੀਚਤਾ ਦਾ ਡਰ ਹੈ। ਜਿੰਨੀ ਸਿਰਜਣ ਦੀ ਸਮਰੱਥਾ ਵਧਦੀ ਹੈ, ਉਨੀ ਤਬਾਹੀ ਵੀ ਵਧ ਜਾਂਦੀ ਹੈ। ਦੋਵੇਂ ਚੀਜ਼ਾਂ ਨਾਲ ਚਲਦੀਆਂ ਹਨ, ਦੋਵੇਂ ਵਿਰੋਧੀ ਚੀਜ਼ਾਂ ਨਾਲ ਚਲਦੀਆਂ ਹਨ। ਜਿੰਨੀ ਤੁਹਾਡੀ ਸ਼ਾਂਤੀ ਵਧਦੀ ਹੈ—ਇਹ ਸੁਣ ਕੇ ਹੈਰਾਨੀ ਹੋਵੇਗੀ—ਉਨੀ ਹੀ ਤੁਹਾਡੀ ਕ੍ਰੋਧ ਦੀ ਸਮਰੱਥਾ ਵਧ ਜਾਂਦੀ ਹੈ। ਇਹ ਬੜਾ ਉਲਟਾ ਜਾਪੇਗਾ।

ਅਤੇ ਅਸੀਂ ਰਿਸ਼ੀਆਂ-ਮੁਨੀਆਂ ਦੀਆਂ ਕਥਾਵਾਂ ਪੜ੍ਹੀਆਂ ਹਨ, ਜਿਨ੍ਹਾਂ ਵਿਚ ਉਹ ਭਿਆਨਕ ਕ੍ਰੋਧੀ ਹਨ, ਤਾਂ ਉਸਦਾ ਕਾਰਨ ਤੁਹਾਨੂੰ ਸਮਝ ਲੈਣਾ ਚਾਹੀਦਾ ਹੈ। ਜੇਕਰ ਦੁਰਵਾਸਾ ਵਰਗੇ ਰਿਸ਼ੀਆਂ ਦੀ ਕਥਾ ਹੈ, ਤਾਂ ਉਸਦਾ ਕਾਰਨ ਹੈ। ਜਿੰਨੀ ਉਹਨਾਂ ਦੀ ਸ਼ਾਂਤੀ ਵਧ ਗਈ, ਉਨੀ ਹੀ ਉਹਨਾਂ ਦੀ ਕ੍ਰੋਧ ਦੀ ਸਮਰੱਥਾ ਵਧ ਗਈ। ਉਹ ਕ੍ਰੋਧ ਨਾ ਕਰਨ, ਇਹ ਵਖਰੀ ਗੱਲ ਹੈ; ਬਚਾ ਲੈ ਜਾਣ, ਇਹ ਜੁਦਾ ਗੱਲ ਹੈ। ਕਰਨ, ਤਾਂ ਉਹਨਾਂ ਜਿਹਾ ਕ੍ਰੋਧ ਫਿਰ ਦੂਜਾ ਨਹੀਂ ਕਰ ਸਕਦਾ ਹੈ। ਤਾਂ ਉਹਨਾਂ ਦਾ ਕ੍ਰੋਧ ਨਤੀਜੇਕਾਰੀ ਹੋਵੇਗਾ। ਤੁਹਾਡੇ ਕ੍ਰੋਧ ਨਤੀਜੇਕਾਰੀ ਨਹੀਂ ਹੁੰਦਾ। ਇਸਲਈ ਅਸੀਂ ਇਹ ਮਿੱਠੀ ਗੱਲ ਸੈਂਕੜੇ ਕਥਾਵਾਂ ਵਿਚ ਜੋੜੀ ਕਿ ਰਿਸ਼ੀ ਦਾ ਸਰਾਪ ਖਤਰਨਾਕ ਹੈ। ਤੁਹਾਡੇ ਸਰਾਪ ਦਾ ਕੋਈ ਮੁੱਲ ਨਹੀਂ ਹੈ: ਕਿਉਂਕਿ ਤੁਸੀਂ ਤਾਂ ਸਰਾਪ ਦਿੰਦੇ ਹੀ ਰਹਿੰਦੇ ਹੋ, ਰਿਸ਼ੀ ਦਿੰਦਾ ਨਹੀਂ। ਰਿਸ਼ੀ ਤੋਂ ਸੰਭਾਵਨਾ ਹੀ ਅਸੀਂ ਨਹੀਂ ਮੰਨਦੇ ਕਿ ਉਹ ਸਰਾਪ ਦੇਵੇਗਾ। ਲੇਕਿਨ ਜੇਕਰ ਕਦੇ ਰਿਸ਼ੀ ਤੋਂ ਸਰਾਪ ਹੋਵੇਗਾ, ਤਾਂ ਉਹ ਫਲਦਾਈ ਹੋਵੇਗਾ: ਉਸਨੂੰ ਰੋਕਣ ਦੀ ਕੋਈ ਸਮਰੱਥਾ ਫਿਰ ਕਿਤੇ

ਵੀ ਨਹੀਂ।

ਤਾਂ ਅਜੇਹੀਆਂ ਕਥਾਵਾਂ ਹਨ ਸਾਡੇ ਕੋਲ, ਬਹੁਤ ਮੁੱਲਵਾਨ, ਬਹੁਤ ਪ੍ਰਤੀਕ- ਆਤਮਕ—ਕਿ ਰਿਸ਼ੀ ਨੇ ਜੇ ਸਰਾਪ ਦੇ ਦਿਤਾ, ਤਾਂ ਫਿਰ ਭਗਵਾਨ ਵੀ ਉਸਨੂੰ ਬਦਲ ਨਹੀਂ ਸਕਦਾ, ਉਹ ਝੱਲਣਾ ਹੀ ਪਏਗਾ, ਕਿਉਂਕਿ ਉਹ ਇੰਨੀ ਉਚਾਈ ਤੋਂ ਦਿਤਾ ਗਿਆ ਹੈ। ਅਤੇ ਜਿਹੜਾ ਆਦਮੀ ਇੰਨੀ ਉਚਾਈ ਤੋਂ ਡਿਗਣ ਲਈ ਰਾਜ਼ੀ ਹੋਇਆ ਹੈ, ਜੋ ਇੰਨਾ ਖੋ ਰਿਹਾ ਹੈ ਆਪਣੇ ਸਰਾਪ ਦੇ ਪਿਛੇ, ਉਸਦੇ ਸਰਾਪ ਦਾ ਫਲ ਹੋਵੇਗਾ।

ਜਦ ਤੁਸੀਂ ਸਰਾਪ ਦਿੰਦੇ ਹੋ ਤਾਂ ਉਸਦਾ ਕੋਈ ਫਲ ਨਹੀਂ ਹੁੰਦਾ। ਕਿਉਂਕਿ ਤੁਸੀਂ ਕੁਝ ਖੋ ਨਹੀਂ ਰਹੇ ਹੋ, ਤੁਸੀਂ ਦਾਅ 'ਤੇ ਕੁਝ ਲਾ ਹੀ ਨਹੀਂ ਰਹੇ, ਤੁਹਾਡੀ ਗਾਲ੍ਹ ਨਪੁੰਸਕ ਹੈ।

ਤੁਹਾਡਾ ਅਸ਼ੀਰਵਾਦ ਵੀ ਵਿਅਰਥ ਹੈ, ਤੁਹਾਡਾ ਸਰਾਪ ਵੀ ਵਿਅਰਥ ਹੈ। ਜਦ ਅਸ਼ੀਰਵਾਦ ਦੀ ਸਮਰੱਥਾ ਵਧਦੀ ਹੈ, ਤਦ ਸਰਾਪ ਦੀ ਸਮਰੱਥਾ ਵੀ ਵਧ ਜਾਂਦੀ ਹੈ। ਉਸ ਵੇਲੇ ਸਾਵਧਾਨ ਰਹਿਣਾ ਜ਼ਰੂਰੀ ਹੈ।

ਸਾਰੇ ਹੀ ਧਰਮਾਂ ਨੇ ਕਿਹਾ ਹੈ ਕਿ ਸਾਧਕ ਨੂੰ ਦੂਜੇ ਦੇ ਸਬੰਧ ਵਿਚ ਬੁਰਾ ਵਿਚਾਰ ਭੁੱਲ ਕੇ ਵੀ ਨਹੀਂ ਕਰਨਾ ਚਾਹੀਦਾ, ਕਿਉਂਕਿ ਉਹ ਨਾਲ ਦੀ ਨਾਲ ਨਤੀਜੇਕਾਰੀ ਹੋ ਸਕਦਾ ਹੈ। ਤੁਸੀਂ ਕਰਦੇ ਰਹੋ, ਉਸ ਨਾਲ ਕੋਈ ਹਰਜ ਨਹੀਂ ਹੁੰਦਾ। ਤੁਹਾਨੂੰ ਹੁੰਦਾ ਹੋਵੇਗਾ, ਕਿਸੇ ਹੋਰ ਨੂੰ ਨਹੀਂ ਹੋ ਸਕਦਾ। ਤੁਸੀਂ ਕਿੰਨਾ ਹੀ ਸੋਚੋ ਕਿ ਫਲਾਣਾ ਆਦਮੀ ਮਰ ਜਾਵੇ ਤਾਂ ਚੰਗਾ ਹੈ। ਕੋਈ ਤੁਹਾਡੇ ਸੋਚਣ ਨਾਲ ਮਰਨ ਵਾਲਾ ਨਹੀਂ। ਲੇਕਿਨ ਰਿਸ਼ੀ ਦੇ ਮਨ ਵਿਚ ਇਹ ਭਾਵ ਆ ਜਾਵੇ ਤਾਂ ਮੌਤ ਵਾਪਰ ਸਕਦੀ ਹੈ। ਕਿਉਂਕਿ ਰਿਸ਼ੀ ਦੇ ਮਨ ਵਿਚ ਇਹ ਭਾਵ ਆ ਹੀ ਨਹੀਂ ਸਕਦਾ। ਆ ਜਾਵੇ, ਤਾਂ ਇਹ ਵਾਪਰ ਜਾਏਗਾ। ਕਿਉਂਕਿ ਰਿਸ਼ੀ ਇਸ ਭਾਵ ਦੇ ਨਾਲ ਹੇਠਾਂ ਡਿਗ ਰਿਹਾ ਹੈ। ਅਤੇ ਬਹੁਤ-ਸਾਰੀ ਊਰਜਾ ਉਸਦੇ ਹੇਠਾਂ ਡਿਗਣ ਨਾਲ ਮੁਕਤ ਹੋ ਰਹੀ ਹੈ, ਰਿਲੀਜ਼ ਹੋ ਰਹੀ ਹੈ। ਉਹ ਊਰਜਾ ਤੁਹਾਡੀ ਮੌਤ ਬਣ ਸਕਦੀ ਹੈ। ਉਹ ਦਾਅ 'ਤੇ ਖ਼ੁਦ ਨੂੰ ਲਾ ਰਿਹਾ ਹੈ। ਤੁਸੀਂ ਜਦ ਕਿਸੇ ਨੂੰ ਸਰਾਪ ਦਿੰਦੇ ਹੋ, ਦਾਅ 'ਤੇ ਤਾਂ ਕੁਝ ਵੀ ਨਹੀਂ ਲਾਉਂਦੇ, ਸਿਰਫ ਮਨ ਦੀ ਖੇਡ ਹੈ। ਰਿਸ਼ੀ ਆਪਣੀ ਜ਼ਿੰਦਗੀ-ਭਰ ਦੀ ਕਮਾਈ, ਸ਼ਾਇਦ ਅਨੇਕਾਂ ਜਨਮਾਂ ਦੀ ਕਮਾਈ, ਦਾਅ 'ਤੇ ਲਾ ਰਿਹਾ ਹੈ। ਉਹ ਇੰਨੀ ਉਚਾਈ ਤੋਂ ਡਿਗ ਰਿਹਾ ਹੈ ਕਿ ਉਸਦੇ ਡਿਗਣ ਵਿਚ ਸ਼ਕਤੀ ਹੈ।

ਤੁਹਾਨੂੰ ਪਤਾ ਹੈ, ਜਿੰਨੀ ਗਤੀ ਹੋਵੇ, ਉੱਨੀ ਸ਼ਕਤੀ ਹੋ ਜਾਂਦੀ ਹੈ। ਜੇ ਇਕ ਛੋਟੇ-ਜਿਹੇ ਕੰਕਰ ਨੂੰ ਵੀ ਅਸੀਂ ਪ੍ਰਕਾਸ਼ ਦੀ ਗਤੀ ਨਾਲ ਸੁੱਟ ਸਕੀਏ, ਤਾਂ ਦੁਨੀਆਂ ਦੀ ਕੋਈ ਤਾਕਤ ਵੀ ਉਸਨੂੰ ਰੋਕ ਨਹੀਂ ਸਕੇਗੀ, ਉਹ ਸਾਰੀਆਂ ਚੀਜ਼ਾਂ ਨੂੰ ਛੇਦ ਕੇ ਬਾਹਰ ਨਿਕਲ ਜਾਏਗਾ। ਇਕ ਛੋਟਾ-ਜਿਹਾ ਕੰਕਰ, ਇਕ ਟੁਕੜਾ ਰੇਤ ਦਾ, ਜੇਕਰ ਪ੍ਰਕਾਸ਼ ਦੀ ਗਤੀ ਨਾਲ ਸੁੱਟਿਆ ਜਾਵੇ, ਤਾਂ ਉਸਦੇ ਕੋਲ ਉਹੀ ਸ਼ਕਤੀ ਹੋਵੇਗੀ, ਜੋ ਐਟਮ ਬੰਬ ਦੇ ਕੋਲ ਹੈ। ਬਸ ਗਤੀ ਦੇ ਨਾਲ ਸ਼ਕਤੀ ਵਧ ਜਾਂਦੀ ਹੈ। ਜੇ ਬੰਦੂਕ ਦੀ ਗੋਲੀ ਤੁਹਾਨੂੰ ਮਾਰ ਸੁੱਟਦੀ ਹੈ, ਤਾਂ ਸਿਰਫ ਉਸਦੇ ਅੰਦਰ ਛੁਪਿਆ ਹੋਇਆ ਵਜੂਦ ਹੀ ਨਹੀਂ ਹੈ,

ਜਿਸ ਗਤੀ ਨਾਲ ਸੁੱਟੀ ਜਾਂਦੀ ਹੈ, ਉਹ ਗਤੀ ਵੀ ਹੈ। ਕੋਈ ਇਥੋਂ ਹੌਲੀ-ਜਿਹੀ ਤੁਹਾਨੂੰ ਸੁੱਟ ਕੇ ਮਾਰੇ, ਤਾਂ ਗੋਲੀ ਹੇਠਾਂ ਡਿਗ ਪਏਗੀ, ਕੁਝ ਹੋਵੇਗਾ ਨਹੀਂ। ਬਾਰੂਦ ਨਹੀਂ ਹੈ ਅਸਲੀ ਚੀਜ਼, ਅਸਲੀ ਚੀਜ਼ ਗਤੀ ਹੈ-ਕਿੰਨੀ ਗਤੀ ਨਾਲ ਸੁੱਟੀ ਗਈ ਹੈ।

ਜਦ ਰਿਸ਼ੀ ਡਿਗਦਾ ਹੈ, ਤਾਂ ਉਸ ਵਿਚ ਗਤੀ ਹੁੰਦੀ ਹੈ-ਬੜੀ ਉਚਾਈ ਤੋਂ ਡਿਗਣ ਦੀ ਗਤੀ। ਅਤੇ ਜਦ ਤੁਸੀਂ ਡਿਗਦੇ ਹੋ ਤਾਂ ਜ਼ਮੀਨ ਉਤੇ ਧੜੰਮ ਕਰਕੇ ਡਿਗ ਪੈਂਦੇ ਹੋ, ਕੋਈ ਗਤੀ ਨਹੀਂ ਹੁੰਦੀ; ਜਿਥੇ ਖੜ੍ਹੇ ਸੀ, ਉਥੇ ਹੀ ਡਿਗਦੇ ਹੋ। ਤੁਹਾਡਾ ਸਰਾਪ ਗਤੀਹੀਣ ਹੈ।

ਇਸਲਈ ਦੁਰਵਾਸਾ ਦਾ ਖ਼ਤਰਾ ਹੈ। ਅਤੇ ਉਹ ਕੁਝ ਕਹਿੰਦੇ ਹਨ, ਤਾਂ ਫਿਰ ਉਸ ਤੋਂ ਬਚਣ ਦਾ ਕੋਈ ਉਪਾਅ ਨਹੀਂ ਹੈ। ਕਿਉਂਕਿ ਉਹ ਕੁਝ ਕਹਿ ਕੇ ਆਪਣੀ ਤਾਕਤ ਖੋ ਰਿਹਾ ਹੈ। ਉਹ ਤਾਕਤ ਕਿਥੇ ਜਾਏਗੀ? ਇਕ ਗੋਲੀ ਦੀ ਤਰ੍ਹਾਂ ਉਸਦੀ ਤਾਕਤ ਤੁਹਾਡੀ ਤਰਫ਼ ਆ ਰਹੀ ਹੈ। ਇਸਲਈ ਸਾਰੇ ਧਰਮਾਂ ਨੇ ਕਿਹਾ ਹੈ ਕਿ ਇਸ ਤੋਂ ਪਹਿਲਾਂ ਕਿ ਕੋਈ ਵਿਅਕਤੀ ਧਾਰਮਕ ਉਚਾਈਆਂ ਵਲ ਵਧੇ, ਉਸਨੂੰ ਸ਼ੀਲ ਨੂੰ ਸਾਧ ਲੈਣਾ ਚਾਹੀਦਾ ਹੈ; ਨਹੀਂ ਤਾਂ ਉਹ ਖ਼ਤਰਨਾਕ ਹੈ।

ਬੁੱਧ ਨੇ ਤਾਂ ਨਿਯਮ ਬਣਾਇਆ ਸੀ ਕਿ ਉਹਨਾਂ ਦੇ ਭਿਕਸ਼ੂ ਹਰ ਪ੍ਰਾਰਥਨਾ ਦੇ ਬਾਅਦ ਲਾਜ਼ਮੀ ਤੌਰ 'ਤੇ ਪ੍ਰਾਰਥਨਾ ਵੀ ਕਰਨ ਕਿ ਮੈਨੂੰ ਜੋ ਇਸ ਪ੍ਰਾਰਥਨਾ ਤੋਂ ਮਿਲਿਆ ਹੈ, ਉਹ ਸਾਰੇ ਜਗਤ ਨੂੰ ਵੰਡਿਆ ਜਾਵੇ, ਮੇਰੇ ਕੋਲ ਨਾ ਰਹੇ। ਇਸ ਭਾਵ ਨੂੰ ਉਹ ਗਹਿਰਾ ਕਰਦਾ ਜਾਵੇ ਕਿ ਜੋ ਵੀ ਮੈਂ ਪਾਵਾਂ ਅਧਿਆਤਮ ਵਿਚ, ਜੋ ਵੀ ਸ਼ਕਤੀ ਹੋਵੇ, ਉਹ ਸਭ ਨੂੰ ਵੰਡੀ ਜਾਵੇ, ਉਹ ਮੇਰੇ ਕੋਲ ਨਾ ਰਹੇ, ਉਹ ਮੇਰੇ ਲਈ ਨਾ ਹੋਵੇ। ਇਹ ਕਰੁਣਾ ਪ੍ਰਾਰਥਨਾ ਦੇ ਨਾਲ-ਨਾਲ ਵਧਦੀ ਰਹੇ, ਤਾਂ ਬਚਾਅ ਰਹੇਗਾ। ਨਹੀਂ ਤਾਂ ਪ੍ਰਾਰਥਨਾ ਇਕੱਲੀ ਕਿਸੇ ਦਿਨ ਖ਼ਤਰਨਾਕ ਹੋ ਸਕਦੀ ਹੈ। ਕਿਉਂਕਿ ਸ਼ਕਤੀ ਹੱਥ ਵਿਚ ਹੋਵੇਗੀ ਅਤੇ ਕਰੁਣਾ ਦਾ ਕੋਈ ਬੋਧ ਨਹੀਂ ਹੋਵੇਗਾ। ਤਾਂ ਬੁੱਧ ਨੇ ਕਿਹਾ ਹੈ ਕਿ ਪ੍ਰਾਰਥਨਾ ਤੋਂ ਜੋ ਵੀ ਮਿਲੇ, ਤੁਸੀਂ ਉਸਨੂੰ ਰੋਜ਼ ਹੀ ਵੰਡ ਦੇਣਾ; ਤੁਸੀਂ ਉਸਨੂੰ ਇਕੱਠਾ ਹੀ ਨਾ ਕਰਨਾ; ਉਹ ਮੋਹ ਹੀ ਨਾ ਕਰਨਾ। ਨਹੀਂ ਤਾਂ ਕਿਸੇ ਦਿਨ ਸ਼ਕਤੀ ਹੱਥ ਵਿਚ ਹੋਵੇਗੀ ਅਤੇ ਖ਼ਤਰਾ ਕੋਲ ਹੋਵੇਗਾ। ਬਾਰੂਦ ਹੱਥ ਵਿਚ ਹੋਵੇਗਾ ਤੇ ਅੱਗ ਵੀ ਕੋਲ ਹੋਵੇਗੀ। ਅਤੇ ਜਿਵੇਂ-ਜਿਵੇਂ ਸਿਖਰ 'ਤੇ ਵਧੋਗੇ, ਬਾਰੂਦ ਤੇ ਅੱਗ ਕੋਲ-ਕੋਲ ਆਉਂਦੇ ਜਾਣਗੇ। ਠੇਠ ਸਿਖਰ ਦੇ ਕੋਲ ਪਹੁੰਚ ਕੇ ਬਾਰੂਦ ਤੇ ਅੱਗ ਬਿਲਕੁਲ ਕੋਲ-ਕੋਲ ਹੋਣਗੇ। ਉਸ ਵੇਲੇ ਬਚਣਾ ਕਠਨ ਹੋ ਸਕਦਾ ਹੈ।

ਪਰ ਜਿੰਨਾ ਕਠਨ ਹੋਵੇ, ਉੱਨਾ ਹੀ ਬਚਾਉਣ ਦਾ ਮਜ਼ਾ ਵੀ ਹੈ। ਅਤੇ ਜਿੰਨਾ ਕਠਨ ਹੋਵੇ ਉੱਨਾ ਰਸ ਵੀ ਹੈ। ਅਤੇ ਜਿੰਨਾ ਕਠਨ ਹੋਵੇ, ਉੱਨਾ ਹੀ ਉਸ ਕਠਨਾਈ ਦੇ ਪਾਰ ਉਠਣ 'ਚ ਤੁਸੀਂ ਹੋਰ ਵਡੇ ਸਿਖਰ ਉਤੇ ਸਥਾਪਤ ਹੋ ਜਾਂਦੇ ਹੋ। ਅਤੇ ਜੇ ਡਿਗਦੇ ਹੋ, ਤਾਂ ਖਾਈ ਵਿਚ ਜਾ ਪੈਂਦੇ ਹੋ। ਜੇ ਨਹੀਂ ਡਿਗਦੇ, ਤਾਂ ਸਿਖਰ ਬਹੁਤ ਕਰੀਬ ਆ ਜਾਂਦਾ ਹੈ।

ਧਿਆਨ ਰਹੇ, ਇਹ ਅਨੁਪਾਤ ਵਿਚ ਹੈ। ਜਿਸ ਥਾਂ ਤੋਂ ਤੁਸੀਂ ਜਿੰਨੇ ਨੀਵੇਂ ਡਿਗ ਸਕਦੇ ਹੋ, ਉਸ ਥਾਂ ਤੋਂ ਤੁਸੀਂ ਉੱਨੇ ਹੀ

ਉਪਰ ਉਠ ਸਕਦੇ ਹੋ। ਇਹ ਅਨੁਪਾਤ ਬਰਾਬਰ ਹੈ। ਜੇਕਰ ਇਕ ਪਹਾੜ ਤੋਂ, ਇਸ ਅਧਿਆਤਮਕ ਸਿਖਰ ਤੋਂ ਤੁਸੀਂ ਹਜ਼ਾਰ ਮੀਲ ਹੇਠਾਂ ਡਿਗ ਸਕਦੇ ਹੋ, ਜੇ ਭੁੱਲ ਕਰੋ; ਅਤੇ ਭੁੱਲ ਤੋਂ ਜੇਕਰ ਬਚ ਜਾਵੇ, ਤਾਂ ਹਜ਼ਾਰਾਂ ਮੀਲ ਉਪਰ ਉਠ ਜਾਂਦੇ ਹੋ। ਇਹ ਦੋਨੋਂ ਗੱਲਾਂ ਨਾਲ-ਨਾਲ ਹਨ।

ਕਿਹਾ ਜਾਂਦਾ ਹੈ ਕਿ ਮਹਾਂਪੁਰਸ਼ ਭੁੱਲ ਨਹੀਂ ਕਰਦੇ; ਇਹ ਬਿਲਕੁਲ ਗਲਤ ਹੈ। ਮਹਾਂਪੁਰਸ਼ ਛੋਟੀ ਭੁੱਲ ਨਹੀਂ ਕਰਦੇ ਹਨ। ਕਰਦੇ ਹਨ, ਤਾਂ ਮਹਾਨ ਭੁੱਲ ਕਰਦੇ ਹਨ। ਲੋਕ ਕਹਿੰਦੇ ਹਨ ਕਿ ਛੋਟੇ ਆਦਮੀ, ਅਤੇ ਵਡੇ ਆਦਮੀ ਵਿਚ ਇਹੀ ਫਰਕ ਹੈ ਕਿ ਛੋਟਾ ਆਦਮੀ ਭੁੱਲ ਕਰਦਾ ਹੈ, ਵਡਾ ਆਦਮੀ ਭੁੱਲ ਨਹੀਂ ਕਰਦਾ; ਇਹ ਬਿਲਕੁਲ ਗਲਤ ਹੈ। ਛੋਟੇ ਅਤੇ ਵਡੇ ਆਦਮੀ ਵਿਚ ਇਹੀ ਫਰਕ ਹੈ। ਛੋਟਾ ਆਦਮੀ ਛੋਟੀਆਂ ਭੁੱਲਾਂ ਨਾ ਕਰੇ, ਤਾਂ ਥੋੜ੍ਹਾ-ਜਿਹਾ ਅਗੇ ਵਧਦਾ ਹੈ। ਵਡਾ ਆਦਮੀ ਵਡੀਆਂ ਭੁੱਲਾਂ ਨਾ ਕਰੇ, ਤਾਂ ਬੜਾ ਅੱਗੇ ਵਧਦਾ ਹੈ। ਤੁਹਾਡੀ ਭੁੱਲ ਜਿੰਨਾ ਤੁਹਾਨੂੰ ਡੇਗਦੀ ਹੈ, ਉਨਾ ਹੀ ਤੁਹਾਡੀ ਨਾ ਭੁੱਲ ਤੁਹਾਨੂੰ ਉੱਚਾ ਚੁੱਕ ਸਕਦੀ ਹੈ। ਇਸ ਤੋਂ ਜ਼ਿਆਦਾ ਨਹੀਂ ਹੋ ਸਕਦਾ ਹੈ। ਦੋਵੇਂ ਚੀਜ਼ਾਂ ਨਾਲ-ਨਾਲ ਵਧਦੀਆਂ ਚਲੀਆਂ ਜਾਂਦੀਆਂ ਹਨ। ਉਸ ਦੂਜੇ ਦਾ ਖਿਆਲ ਰਖਣਾ, ਜੋ ਤੁਹਾਡੇ ਨਾਲ ਚੱਲ ਰਿਹਾ ਹੈ। ਅਤੇ ਜਿੰਨੇ ਤੁਸੀਂ ਸ਼ਕਤੀਮਾਨ ਹੋ ਰਹੇ ਹੋ, ਉਨਾ ਹੀ ਉਹ ਦੂਜਾ ਵੀ ਸ਼ਕਤੀਮਾਨ ਹੋ ਰਿਹਾ ਹੈ।

'ਇਸ ਵਿਰਾਗ ਦੇ ਛਿਨ ਵਿਚ ਜਰਾ-ਜਿੰਨਾ ਭੁੱਲਾ ਹੰਕਾਰ ਦਾ ਭੰਜੋਤ ਕੇ ਜਗਾ ਦੇਵੇਗਾ। ਬਿਜਲੀ ਦੀ ਲਿਸ਼ਕ ਜਿਹੀ ਭਾਸਦੀ ਹਲਕੀ ਲਹਿਰ ਵੀ ਤੇਰੇ ਤਿੰਨ ਪੁਰਸਕਾਰਾਂ ਨੂੰ ਤੈਥੋਂ ਖੋਹ ਲਵੇਗੀ, ਜੋ ਤੂੰ ਮਿਹਨਤ ਨਾਲ ਜਿੱਤੇ ਹਨ।'

'ਕਿਉਂਕਿ ਤੂੰ ਜਾਣ ਕਿ ਉਸ ਸਦੀਵਤਾ ਵਿਚ ਕੋਈ ਛੋਟ ਨਹੀਂ ਹੈ।'

ਉਸਦਾ ਨਿਯਮ ਸਦੀਵੀ ਹੈ, ਉਸ ਵਿਚ ਕੋਈ ਛੂਟ ਨਹੀਂ ਹੈ।

ਜੇ ਤੁਸੀਂ ਬੈਲਗੱਡੀ ਉਤੋਂ ਡਿਗਦੇ ਹੋ, ਤਾਂ ਵੀ ਧਰਤੀ ਦੀ ਕਸ਼ਿਸ਼ ਦਾ ਨਿਯਮ ਕੰਮ ਕਰਦਾ ਹੈ; ਲੇਕਿਨ ਚੋਟ ਉਨੀ ਹੀ ਲਗਦੀ ਹੈ, ਜਿੰਨੀ ਉਚਾਈ 'ਤੇ ਬੈਲਗੱਡੀ ਵਿਚ ਬੈਠੇ ਸੀ। ਅਤੇ ਜਦ ਹਵਾਈ ਜਹਾਜ਼ ਤੋਂ ਡਿਗਦੇ ਹੋ, ਤਦ ਵੀ ਉਹੀ ਨਿਯਮ ਕੰਮ ਕਰਦਾ ਹੈ ਕਸ਼ਿਸ਼ ਦਾ; ਲੇਕਿਨ ਤਦ ਬਚਣ ਦਾ ਕੋਈ ਉਪਾਅ ਨਹੀਂ ਹੈ। ਕਿਉਂਕਿ ਤੁਸੀਂ ਬੈਠੇ ਹਵਾਈ ਜਹਾਜ਼ ਵਿਚ ਸੀ, ਬੈਲਗੱਡੀ ਵਿਚ ਨਹੀਂ। ਇਸਲਈ ਬੈਲਗੱਡੀ ਦਾ ਗਡਵਾਨ ਅੱਖਾਂ ਬੰਦ ਕਰਕੇ ਵੀ ਦੋਪਹਿਰ ਨੂੰ ਸਫਰ ਕਰਦਾ ਹੈ। ਉਥੇ ਕੋਈ ਬਹੁਤ ਡਰ ਨਹੀਂ ਹੈ। ਅਤੇ ਭਟਕੇ ਵੀ, ਤਾਂ ਬਹੁਤਾ ਨਹੀਂ ਭਟਕ ਸਕਦਾ। ਨਾ ਵੀ ਪਹੁੰਚੇ, ਤਾਂ ਵੀ ਮੰਜ਼ਲ ਬਹੁਤੀ ਦੂਰ ਨਹੀਂ ਹੋਵੇਗੀ। ਪਹੁੰਚ ਹੀ ਜਾਏਗਾ। ਉਹ ਜੋ ਬੈਲਗੱਡੀ ਦਾ ਗਡਵਾਨ ਹੈ, ਸੋ ਵੀ ਜਾਂਦਾ ਹੈ, ਤਾਂ ਵੀ ਬੈਲ ਚਲਾ ਲੈਂਦੇ ਹਨ। ਤੁਹਾਡੇ ਜਾਗੇ ਹੋਣ ਦੀ ਬਹੁਤੀ ਲੋੜ ਨਹੀਂ ਹੈ। ਦੁਕਾਨ ਤੁਹਾਡੇ ਬੈਲ ਵੀ ਚਲਾ ਲੈਂਦੇ ਹਨ, ਬਜ਼ਾਰ ਤੁਹਾਡੇ ਬੈਲ ਵੀ ਚਲਾ ਲੈਂਦੇ ਹਨ। ਤੁਹਾਡੀਆਂ ਇੰਦਰੀਆਂ ਵੀ ਕੰਮ ਨੂੰ ਕਰ ਲੈਂਦੀਆਂ ਹਨ।

ਜਦ ਤੁਸੀਂ ਘਰ ਪਰਤਦੇ ਹੋ ਤਾਂ ਤੁਹਾਨੂੰ ਯਾਦ ਰਖਣ ਦੀ ਜ਼ਰੂਰਤ ਨਹੀਂ ਕਿ ਰਾਹ ਕਿਥੋਂ ਤੋਂ ਕਿਥੇ ਜਾ ਰਿਹਾ ਹੈ। ਸੋਚਣ

ਦੀ ਵੀ ਜ਼ਰੂਰਤ ਨਹੀਂ, ਪੈਰ ਖ਼ੁਦ ਹੀ ਜਾਂਦੇ ਹਨ। ਖੜ੍ਹ ਕੇ ਸੋਚਣਾ ਨਹੀਂ ਪੈਂਦਾ ਕਿ ਹੁਣ ਖੱਬੇ ਮੁੜੀਏ ਕਿ ਸੱਜੇ ਮੁੜੀਏ, ਪੈਰ ਹੀ ਮੁੜ ਜਾਂਦੇ ਹਨ। ਜਦ ਤੁਸੀਂ ਗੱਡੀ ਡ੍ਰਾਈਵ ਕਰਦੇ ਹੋ, ਤਾਂ ਹੱਥ ਹੀ ਕੰਮ ਚਲਾ ਲੈਂਦੇ ਹਨ, ਅੱਖ ਦੀ ਵੀ ਲੋੜ ਨਹੀਂ ਪੈਂਦੀ। ਮਨ ਦੀ, ਵਿਚਾਰ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਅਤੇ ਆਤਮਾ ਨੂੰ ਜਗਾਉਣ ਦਾ ਤਾਂ ਕੋਈ ਸਵਾਲ ਹੀ ਨਹੀਂ ਹੈ। ਲੇਕਿਨ ਜਿੰਨੀ ਉਚਾਈ 'ਤੇ ਤੁਸੀਂ ਹੋ, ਉੰਨਾ ਹੀ ਸੁਚੇਤ ਹੋਣਾ ਪਵੇਗਾ।

ਜਿਹੜੇ ਲੋਕ ਹੁਣੇ ਚੰਦ ਉੱਤੇ ਭੇਜੇ ਗਏ ਹਨ ਪੁਲਾੜ ਯਾਤਰਾ ਦੇ ਲਈ, ਉਹਨਾਂ ਸਾਰਿਆਂ ਨੂੰ ਧਿਆਨ ਦੀ ਸਿੱਖਿਆ ਦੇਣੀ ਪਈ ਹੈ। ਰੂਸ ਵਿਚ ਪਹਿਲੀ ਦਫ਼ਾ ਧਿਆਨ ਦੇ ਪ੍ਰਤੀ ਉਤਸੁਕਤਾ ਆਈ ਹੈ ਪੁਲਾੜ ਯਾਤਰਾ ਦੇ ਕਾਰਨ। ਕਿਉਂਕਿ ਪੁਲਾੜ ਯਾਤਰੂ ਨੂੰ ਤਾਂ ਬਿਲਕੁਲ ਧਿਆਨੀ ਹੀ ਹੋਣਾ ਚਾਹੀਦਾ ਹੈ, ਨਹੀਂ ਤਾਂ ਜ਼ਰਾ-ਜਿੰਨੀ ਚੁੱਕ, ਇੰਚ-ਭਰ ਦੀ ਚੁੱਕ ਅਤੇ ਅਨੰਤ ਦਾ ਫ਼ਾਸਲਾ ਹੋ ਜਾਏਗਾ। ਫਿਰ ਦੁਬਾਰਾ ਮਿਲਣ ਦਾ ਕੋਈ ਉਪਾਅ ਨਹੀਂ ਹੋਵੇਗਾ। ਚੰਦ ਉੱਤੇ ਉਤਰਨ ਦੀ ਘਟਨਾ ਸਿਰਫ਼ ਯਾਂਤ੍ਰਿਕ ਵਿਕਾਸ ਦਾ ਹੀ ਸਿੱਟਾ ਨਹੀਂ ਹੈ, ਧਿਆਨ ਦਾ ਵੀ ਉਸ ਵਿਚ ਇੰਨਾ ਹੀ ਹੱਥ ਹੈ। ਕਿਉਂਕਿ ਪੁਲਾੜ ਯਾਤਰੂ ਨੂੰ ਪਲ-ਪਲ ਦਾ ਬੋਧ ਰਖਣਾ ਜ਼ਰੂਰੀ ਹੈ। ਅਤੇ ਇਕ ਪਲ ਦੀ ਚੁੱਕ ਸਭ ਚੁੱਕ ਹੋ ਸਕਦੀ ਹੈ। ਅਤੇ ਜ਼ਰਾ-ਜਿੰਨੀ ਵੀ ਭਟਕਾਅ, ਕਿ ਸਾਨੂੰ ਪਤਾ ਵੀ ਨਹੀਂ ਲਗੇਗਾ ਕਿ ਸਾਡੇ ਯਾਤਰੂ ਕਿਥੇ ਗਏ ਤੇ ਉਹਨਾਂ ਦਾ ਕੀ ਬਣਿਆ। ਉਥੇ ਭੁੱਲ ਚੁੱਕ ਨਹੀਂ ਚਲੇਗੀ।

ਜਿੰਨੀ ਉਚਾਈ ਵਧਦੀ ਹੈ, ਉੰਨਾ ਹੀ ਭੁੱਲ-ਚੁੱਕ ਤੋਂ ਸਾਵਧਾਨ ਹੋਣਾ ਜ਼ਰੂਰ ਹੈ, ਅਤੇ ਭੁੱਲ-ਚੁੱਕ ਉੰਨੀ ਹੀ ਮਹਿੰਗੀ ਹੋ ਜਾਂਦੀ ਹੈ। ਉੱਚੇ ਚੜ੍ਹਨ ਵਾਲਾ ਆਪਣੇ ਹੱਥੀਂ ਖ਼ਤਰਾ ਮੁੱਲ ਲੈ ਰਿਹਾ ਹੈ। ਲੇਕਿਨ ਖ਼ਤਰਿਆਂ ਤੋਂ ਬਿਨਾਂ ਕੋਈ ਪ੍ਰਾਪਤੀ ਵੀ ਨਹੀਂ ਹੈ।

'ਅਤੇ ਉਹ ਜੋ ਨਿਯਮ ਹੈ, ਤੂੰ ਜਾਣ ਕਿ ਉਸ ਸਦੀਵੀ ਨਿਯਮ ਵਿਚ ਕੋਈ ਛੋਟ ਨਹੀਂ ਹੈ।'

ਇਹ ਕਦੇ ਨਾ ਸੋਚੀਂ ਕਿ ਤੂੰ ਛਡ ਦਿਤਾ ਜਾਏਂਗਾ, ਤੂੰ ਅਪਵਾਦ ਹੋ ਜਾਏਂਗਾ। ਇਹ ਭੁਲੇਖਾ ਮਨ ਨੂੰ ਪਕੜਦਾ ਹੈ ਕਿ ਇੰਨੀ-ਕੁ ਭੁੱਲ ਹੈ, ਪਰਮਾਤਮਾ ਖਿਮਾ ਕਰ ਦੇਵੇਗਾ। ਜਿੰਨੀ ਉਚਾਈ ਹੋਵੇ, ਉੰਨੀ ਖਿਮਾ ਅਸੰਭਵ ਹੋ ਜਾਏਗੀ। ਤੁਹਾਨੂੰ ਖਿਮਾ ਕੀਤਾ ਜਾ ਸਕਦਾ ਹੈ। ਜੀਸਸ ਜਾਂ ਬੁੱਧ ਨੂੰ ਖਿਮਾ ਨਹੀਂ ਕੀਤਾ ਜਾ ਸਕਦਾ। ਤੁਸੀਂ ਇੰਨੀਆਂ ਭੁੱਲਾਂ ਕਰ ਰਹੇ ਹੋ ਕਿ ਖਿਮਾ ਨਾ ਹੋਵੇ, ਤਾਂ ਤੁਸੀਂ ਜਿਉਂ ਹੀ ਨਹੀਂ ਸਕਦੇ। ਖਿਮਾ ਦਾ ਮਤਲਬ ਸਿਰਫ਼ ਇੰਨਾ ਹੀ ਹੈ ਕਿ ਤੁਸੀਂ ਜਿਥੇ ਖੜ੍ਹੇ ਹੋ, ਉਥੇ ਭੁੱਲ ਨਾਲ ਕੋਈ ਵਡਾ ਨੁਕਸਾਨ ਨਹੀਂ ਹੁੰਦਾ। ਤੁਸੀਂ ਜ਼ਮੀਨ ਉੱਤੇ ਹੀ ਖੜ੍ਹੇ ਹੋ। ਬੁੱਧ ਅਕਾਸ਼ ਵਿਚ ਉੱਡ ਰਹੇ ਹਨ। ਉਥੋਂ ਤੋਂ ਡਿਗਣਾ ਖ਼ਤਰਨਾਕ ਹੈ।

ਅਤੇ ਜਿੰਨੀ ਤੁਹਾਡੀ ਯੋਗਤਾ ਵਧਦੀ ਜਾਂਦੀ ਹੈ, ਇਹ ਵਜੂਦ ਤੁਹਾਥੋਂ ਉੰਨੀ ਹੀ ਜ਼ਿਆਦਾ ਯੋਗਤਾ ਦੀ ਮੰਗ ਕਰਦਾ ਹੈ। ਇਹ ਕਸੌਟੀ ਹੈ।

ਸੁਣਿਆ ਹੈ ਮੈਂ ਕਿ ਇਉਂ ਹੋਇਆ ਇਕ ਵਾਰ ਅਵਨੀਂਦ੍ਰਨਾਥ ਠਾਕੁਰ ਵਡੇ ਕਲਾਕਾਰ ਸਨ, ਰਵੀਂਦਰਨਾਥ ਦੇ ਚਾਚਾ
ਸਨ। ਨੰਦ ਲਾਲ ਬਸੂ ਉਹਨਾਂ ਦੇ ਸ਼ਿਸ਼ ਸਨ ਅਤੇ ਅਵਨੀਂਦ੍ਰਨਾਥ ਦੇ ਬਾਅਦ ਭਾਰਤ ਵਿਚ ਉਹਨਾਂ ਦਾ ਕੋਈ ਮੁਕਾਬਲਾ
ਨਹੀਂ ਸੀ। ਅਤੇ ਨੰਦਲਾਲ ਅਵਨੀਂਦ੍ਰਨਾਥ ਦੇ ਕੋਲ ਸਿੱਖਦੇ ਸੀ ਚਿੱਤਰਕਲਾ। ਤਾਂ ਇਕ ਦਿਨ ਰਵੀਂਦਰਨਾਥ ਬੈਠ ਕੇ
ਗਪਸ਼ਪ ਕਰ ਰਹੇ ਸਨ ਅਵਨੀਂਦ੍ਰਨਾਥ ਨਾਲ। ਨੰਦਲਾਲ ਕ੍ਰਿਸ਼ਨ ਦਾ ਇਕ ਚਿੱਤਰ ਬਣਾ ਕੇ ਲਿਆਏ। ਚਿੱਤਰ ਐਸਾ
ਅਨੋਖਾ ਸੀ ਕਿ ਰਵੀਂਦਰਨਾਥ ਨੇ ਕਿਹਾ ਕਿ ਮੈਂ ਅਜੇਹਾ ਕ੍ਰਿਸ਼ਨ ਦਾ ਕੋਈ ਚਿੱਤਰ ਕਦੇ ਨਹੀਂ ਦੇਖਿਆ ਹੈ, ਸ਼ਾਇਦ
ਬੇਮਿਸਾਲ ਹੈ। ਐਪਰ ਅਵਨੀਂਦ੍ਰਨਾਥ ਨੇ, ਚਿੱਤਰ ਨੂੰ ਦੇਖਿਆ, ਅਤੇ ਚਿੱਤਰ ਨੂੰ ਸੁੱਟ ਦਿਤਾ ਬਾਹਰ, ਮਕਾਨ ਦੇ। ਅਤੇ
ਕਿਹਾ, ਨੰਦਲਾਲ, ਇਸ ਨਾਲੋਂ ਚੰਗਾ ਤਾਂ ਬੰਗਾਲ ਦੇ ਪਟੀਏ ਕ੍ਰਿਸ਼ਨ ਦਾ ਚਿੱਤਰ ਬਣਾ ਲੈਂਦੇ ਹਨ!

ਬੰਗਾਲ ਵਿਚ ਕ੍ਰਿਸ਼ਨ ਅਸ਼ਟਮੀ ਦੇ ਸਮੇਂ ਦੋ-ਦੋ, ਚਾਰ-ਚਾਰ ਪੈਸੇ 'ਚ ਪਿੰਡ ਦੇ ਗਰੀਬ ਚਿੱਤਰਕਾਰ ਕ੍ਰਿਸ਼ਨ ਦਾ
ਚਿੱਤਰ ਬਣਾਉਂਦੇ ਹਨ, ਉਹ ਚਿੱਤਰਕਾਰ ਪਟੀਏ ਅਖਵਾਉਂਦੇ ਹਨ, ਕ੍ਰਿਸ਼ਨ-ਪਟ ਬਣਾਉਂਦੇ ਹਨ।

ਤੈਥੋਂ ਚੰਗਾ ਉਹ ਬਣਾ ਲੈਂਦੇ ਨੇ-ਇਸ ਤੋਂ ਜ਼ਿਆਦਾ ਅਪਮਾਨ ਹੋਰ ਕੁਝ ਹੋ ਨਹੀਂ ਸਕਦਾ, ਦੋ ਪੈਸੇ ਦਾ ਚਿੱਤਰ
ਬਨਾਉਣ ਵਾਲਾ ਪਟੀਆ! ਇਹ ਵੀ ਤੂੰ ਕੋਈ ਕ੍ਰਿਸ਼ਨ ਦਾ ਚਿੱਤਰ ਬਣਾ ਕੇ ਲਿਆਇਆ ਹੈਂ, ਜਾਹ ਪਟਿਆਵਾਂ ਕੋਲੋਂ
ਸਿੱਖ!

ਰਵੀਂਦਰਨਾਥ ਤਾਂ ਦੰਗ ਰਹਿ ਗਏ। ਅਤੇ ਰਵੀਂਦਰਨਾਥ ਨੇ ਲਿਖਿਆ ਹੈ ਕਿ ਮੈਨੂੰ ਲੱਗਾ ਕਿ ਇਹ ਕੀ ਕਰ ਰਹੇ ਹਨ
ਅਵਨੀਂਦ੍ਰਨਾਥ! ਜਿਥੋਂ ਤਕ ਮੇਰੀ ਸਮਝ ਹੈ, ਇਹਨਾਂ ਦਾ ਵੀ ਕੋਈ ਚਿੱਤਰ ਇਸ ਚਿੱਤਰ ਦੇ ਮੁਕਾਬਲੇ ਦਾ ਨਹੀਂ ਹੈ। ਪਰ
ਉਹ ਗੁਰੂ ਹਨ ਤੇ ਨੰਦਲਾਲ ਸ਼ਿਸ਼ ਹਨ। ਵਿਚਾਲੇ ਬੋਲਣਾ ਮੁਨਾਸਬ ਵੀ ਨਹੀਂ ਹੈ। ਨੰਦਲਾਲ ਵਾਪਸ ਚਲੇ ਗਏ, ਉਹ
ਚਿੱਤਰ ਜਿਥੇ ਪਿਆ ਸੀ, ਉਥੇ ਹੀ ਪਿਆ ਰਿਹਾ।

ਅਵਨੀਂਦ੍ਰਨਾਥ ਬਾਹਰ ਗਏ ਅਤੇ ਚਿੱਤਰ ਚੁੱਕ ਲਿਆਏ, ਉਹਨਾਂ ਦੀਆਂ ਅੱਖਾਂ 'ਚੋ ਹੰਝੂ ਕਿਰਨ ਲਗ ਪਏ। ਤਦ
ਤਾਂ ਰਵੀਂਦਰਨਾਥ ਹੋਰ ਹੈਰਾਨ ਹੋਏ। ਉਹਨਾਂ ਨੇ ਕਿਹਾ, ਤੁਸੀਂ ਕਰ ਕੀ ਰਹੇ ਹੋ? ਸ਼ਿਸ਼ ਤੁਹਾਡਾ ਚਲਿਆ ਗਿਆ, ਤਾਂ ਮੈਂ
ਬੋਲ ਸਕਦਾ ਹਾਂ ਕਿ ਮੈਨੂੰ ਭਰੋਸਾ ਨਹੀਂ ਕਿ ਤੁਸੀਂ ਵੀ ਕ੍ਰਿਸ਼ਨ ਦਾ ਇਸ ਤੋਂ ਸੁੰਦਰ ਚਿੱਤਰ ਬਣਾਇਆ ਹੋਵੇ। ਅਵਨੀਂਦ੍ਰਨਾਥ
ਨੇ ਕਿਹਾ, ਉਹ ਮੈਂ ਵੀ ਜਾਣਦਾ ਹਾਂ। ਤਦ ਗੱਲ ਹੋਰ ਜਟਿਲ ਹੋ ਗਈ। ਅਤੇ ਰਵੀਂਦਰਨਾਥ ਨੇ ਪੁਛਿਆ, ਤਾਂ ਫਿਰ ਇੰਨੇ
ਜ਼ਿਆਦਾ ਕਠੋਰ ਹੋਣ ਦੀ ਕੀ ਲੋੜ ਸੀ ਉਸ ਗਰੀਬ ਲੜਕੇ ਉਤੇ? ਉਹਨਾਂ ਨੇ ਕਿਹਾ ਕਿ ਉਹ ਲੜਕਾ ਗਰੀਬ ਹੁੰਦਾ ਤਾਂ
ਮੈਂ ਇੰਨਾ ਕਠੋਰ ਨਾ ਹੁੰਦਾ। ਉਸਦੀ ਪ੍ਰਤਿਭਾ ਅਨੋਖੀ ਹੈ, ਅਤੇ ਅਜੇ ਹੋਰ ਸੰਭਾਵਨਾਵਾਂ ਨਾਲ ਉਸਨੂੰ ਕਸਿਆ ਜਾ ਸਕਦਾ
ਹੈ। ਜੇ ਮੈਂ ਕਹਿ ਦਿਆਂ ਕਿ ਠੀਕ, ਤਾਂ ਰੁਕ ਜਾਏਗਾ। ਤੈਨੂੰ ਪਤਾ ਨਹੀਂ ਕਿ ਕਿੰਨੀ ਪੀੜ ਮੈਨੂੰ ਹੁੰਦੀ ਹੈ ਕਿ ਉਸਨੂੰ ਮੈਂ ਕਹਿ
ਨਹੀਂ ਸਕਦਾ ਠੀਕ, ਉਸਨੂੰ ਮੈਂ ਕਦੇ ਨਹੀਂ ਕਹਾਂਗਾ ਠੀਕ। ਕਿਉਂਕਿ ਮੇਰਾ ਠੀਕ ਕਹਿਣਾ ਉਸਦੀ ਹੱਤਿਆ ਹੈ। ਸਧਾਰਨ

ਸ਼ਿਸ਼ਾਂ ਨੂੰ ਤਾਂ ਮੈਂ ਠੀਕ ਕਹਿ ਹੀ ਦਿੰਦਾ। ਇਹ ਤਾਂ ਨਿਆਰਾ ਹੈ ਚਿੱਤਰ, ਇਸ ਨਾਲੋਂ ਸਧਾਰਨ ਚਿੱਤਰਾਂ ਨੂੰ ਵੀ ਠੀਕ ਕਹਿ ਦਿੰਦਾ। ਉਹਨਾਂ ਕੋਲੋਂ ਜ਼ਿਆਦਾ ਦੀ ਆਸ ਵੀ ਨਹੀਂ ਹੈ।

ਜਿਵੇਂ-ਜਿਵੇਂ ਵਿਅਕਤੀ ਉਪਰ ਉਠਦਾ ਹੈ, ਉਵੇਂ-ਉਵੇਂ ਵਜੂਦ ਵਧੇਰੇ ਆਸ ਕਰਦਾ ਹੈ, ਉਵੇਂ-ਉਵੇਂ ਚਾਰ-ਚੁਫੇਰੇ ਤੋਂ ਸ਼ਕਤੀਆਂ ਕਸਦੀਆਂ ਜਾਂਦੀਆਂ ਹਨ। ਕੋਈ ਪਿੱਠ ਥਾਪੜਨ ਨਹੀਂ ਆਉਂਦਾ। ਜਿੰਨੇ ਤੁਸੀਂ ਉਪਰ ਜਾਂਦੇ ਹੋ, ਉਨਾ ਹੀ ਵਜੂਦ ਤੁਹਾਥੋਂ ਜ਼ਿਆਦਾ ਮੰਗਦਾ ਹੈ। ਜਿੰਨੇ ਵਡੇ ਸਿਖਰ 'ਤੇ ਤੁਸੀਂ ਹੁੰਦੇ ਹੋ, ਉਂਨੀ ਵਜੂਦ ਦੀ ਮੰਗ ਵਧਦੀ ਚਲੀ ਜਾਂਦੀ ਹੈ। ਕਿਉਂਕਿ ਵਜੂਦ ਤੁਹਾਡੇ ਅੰਦਰ ਤੋਂ ਉਸ ਸਭ ਨੂੰ ਕਢ ਲੈਣਾ ਚਾਹੁੰਦਾ ਹੈ, ਜੋ ਛੁਪਿਆ ਹੈ। ਜਿਨ੍ਹਾਂ ਦੀ ਕੋਈ ਯੋਗਤਾ ਨਹੀਂ ਹੈ, ਉਹ ਖਿਮਾ ਕੀਤੇ ਜਾ ਸਕਦੇ ਹਨ। ਜਿਵੇਂ ਹੀ ਯੋਗਤਾ ਵਧਦੀ ਹੈ, ਉਵੇਂ ਹੀ ਜ਼ਰਾ-ਜਿੰਨੀ ਭੁੱਲ ਨਾ-ਖਿਮਾਯੋਗ ਹੋ ਜਾਂਦੀ ਹੈ।

ਨੰਦਲਾਲ ਤਿੰਨ ਸਾਲ ਦੇ ਲਈ ਲਾਪਤਾ ਹੋ ਗਏ। ਅਵਨੀਂਦ੍ਰਨਾਥ ਜਿਹੜਾ ਵੀ ਆਉਂਦਾ, ਉਸ ਤੋਂ ਪੁਛਦੇ, ਨੰਦਲਾਲ ਕਿਥੇ ਹੈ ਕਿਸੇ ਨੂੰ ਪਤਾ ਨਹੀਂ ਕਿ ਨੰਦਲਾਲ ਕਿਥੇ ਚਲੇ ਗਏ। ਤਿੰਨ ਸਾਲ ਬਾਅਦ ਪਰਤੇ, ਤਾਂ ਪਛਾਣਨਾ ਮੁਸ਼ਕਲ ਸੀ। ਉਹ ਪਿੰਡ-ਪਿੰਡ ਬੰਗਾਲ ਵਿਚ ਘੁੰਮਦੇ ਰਹੇ। ਜਿਥੇ-ਜਿਥੇ ਉਹਨਾਂ ਨੂੰ ਪਤਾ ਲਗਿਆ ਕਿ ਕੋਈ ਪਟੀਆ ਹੈ, ਉਸ ਕੋਲ ਜਾ ਕੇ ਸਿਖਦੇ ਕਿ ਕ੍ਰਿਸ਼ਨ ਦਾ ਚਿੱਤਰ ਕਿਵੇਂ ਬਣਾਉਂਦੇ ਹਨ? ਤਿੰਨ ਸਾਲ ਬਾਅਦ ਜਦ ਪਰਤੇ, ਤਾਂ ਉਹਨਾਂ ਦੀ ਹਾਲਤ ਇਕ ਗਰੀਬ ਪਟੀਏ ਦੀ ਹੋ ਗਈ ਸੀ। ਉਹਨਾਂ ਨੂੰ ਪਛਾਣਨਾ ਮੁਸ਼ਕਲ ਸੀ ਕਿ ਲੜਕਾ ਉਹੀ ਹੈ। ਅਵਨੀਂਦ੍ਰਨਾਥ ਬੁੱਢੇ ਹੋ ਗਏ ਸਨ, ਉਹਨਾਂ ਨੂੰ ਅੱਖਾਂ ਤੋਂ ਘਟ ਦਿਸਦਾ ਸੀ। ਲੇਕਿਨ ਨੰਦਲਾਲ ਆ ਕੇ ਸਾਹਮਣੇ ਖੜ੍ਹਾ ਹੋ ਗਿਆ। ਅਤੇ ਨੰਦਲਾਲ ਨੇ ਕਿਹਾ ਕਿ ਤੁਹਾਡੀ ਬੜੀ ਕਿਰਪਾ ਹੈ, ਜੋ ਤੁਸੀਂ ਮੈਨੂੰ ਕਿਹਾ। ਜੇ ਉਸ ਦਿਨ ਤੁਸੀਂ ਅਜੇਹਾ ਨਾ ਕਰਦੇ, ਤਾਂ ਮੇਰੇ ਅੰਦਰ ਜੋ ਛੁਪਿਆ ਸੀ, ਉਹ ਛੁਪਿਆ ਹੀ ਰਹਿ ਜਾਂਦਾ। ਤੁਹਾਡੀ ਕਠੋਰ ਕਰੁਣਾ ਦੇ ਲਈ ਧੰਨਵਾਦ ਦੇਣ ਆਇਆ ਹਾਂ।

ਅਸੀਂ ਸੋਚਦੇ ਹਾਂ ਕਿ ਕਰੁਣਾ ਕਠੋਰ ਨਹੀਂ ਹੋ ਸਕਦੀ। ਅਸੀਂ ਸੋਚਦੇ ਹਾਂ ਕਿ ਕਿਰਪਾ ਕਠੋਰ ਨਹੀਂ ਹੋ ਸਕਦੀ। ਕਠੋਰ ਨਹੀਂ ਹੁੰਦੀ ਉਹਨਾਂ ਲਈ, ਜਿਨ੍ਹਾਂ ਵਿਚ ਕੋਈ ਯੋਗਤਾ ਨਹੀਂ ਹੁੰਦੀ। ਉਹਨਾਂ ਨੂੰ ਛਡਿਆ ਜਾ ਸਕਦਾ ਹੈ, ਵਜੂਦ ਉਹਨਾਂ ਨੂੰ ਖਿਮਾ ਕਰਦਾ ਹੈ। ਜਿਵੇਂ-ਜਿਵੇਂ ਯੋਗਤਾ ਵਧਦੀ ਹੈ, ਵਜੂਦ ਕਠੋਰ ਹੁੰਦਾ ਜਾਂਦਾ ਹੈ, ਕਿਉਂਕਿ ਵਜੂਦ ਕਰੁਣਾਵਾਨ ਹੁੰਦਾ ਜਾਂਦਾ ਹੈ।

ਇਹ ਸਾਰੇ ਸ਼ਬਦ ਜੋ ਮੈਂ ਇਸਤਮਾਲ ਕਰ ਰਿਹਾ ਹਾਂ, ਇਹ ਸਭ ਪ੍ਰਤੀਕ ਸ਼ਬਦ ਹਨ, ਇਸਦਾ ਖਿਆਲ ਰਖਣਾ। ਕਿਉਂਕਿ ਇਕ ਮਿੱਤਰ ਨੇ ਅੱਜ ਹੀ ਪੁਛਿਆ ਹੈ ਕਿ ਤੁਸੀਂ ਕਹਿੰਦੇ ਹੋ ਕਿ ਪਰਮਾਤਮਾ ਦੀ ਤਰਫ ਹੱਥ ਜੋੜ ਕੇ ਸਿਰ ਝੁਕਾ ਦਿਉ, ਮੈਨੂੰ ਪਤਾ ਨਹੀਂ ਕਿ ਕੌਣ ਪਰਮਾਤਮਾ ਹੈ, ਕਿਸ ਦੇ ਪ੍ਰਤੀ ਸਿਰ ਝੁਕਾਵਾਂ? ਅਤੇ ਜਿਸਦਾ ਮੈਨੂੰ ਪਤਾ ਹੀ ਨਹੀਂ ਹੈ, ਕੀ ਉਹ ਪਰਮਾਤਮਾ ਮੇਰੀ ਕੋਈ ਮਦਦ ਕਰ ਸਕੇਗਾ ਫਿਰ?

ਸਵਾਲ ਇਸਦਾ ਨਹੀਂ ਹੈ ਕਿ ਪਰਮਾਤਮਾ ਦਾ ਪਤਾ ਹੈ ਜਾਂ ਨਹੀਂ, ਸਵਾਲ ਸਿਰਫ ਇਸਦਾ ਹੈ ਕਿ ਤੁਸੀਂ ਹੱਥ ਜੋੜੇ
ਅਤੇ ਸਿਰ ਝੁਕਾਇਆ। ਇਹ ਗੱਲ ਮੁੱਲਵਾਨ ਨਹੀਂ ਹੈ ਕਿ ਕਿਸਦੇ ਲਈ ਝੁਕਾਇਆ; ਉਹ ਨਿਗੂਣਾ ਹੈ, ਉਹ ਬਹਾਨਾ ਹੈ
ਸਿਰਫ। ਤੁਸੀਂ ਝੁਕੇ, ਇਹੀ ਮੁੱਲਵਾਨ ਹੈ। ਪਰਮਾਤਮਾ ਤੁਹਾਡੀ ਮਦਦ ਨਹੀਂ ਕਰੇਗਾ, ਕਿਉਂਕਿ ਉਹ ਹੀ ਮਦਦ ਕਰਦਾ
ਹੁੰਦਾ, ਤਾਂ ਕਦੋਂ ਦਾ ਕਰ ਦਿੰਦਾ। ਤੁਸੀਂ ਹੀ ਆਪਣੀ ਮਦਦ ਕਰੋਗੇ। ਲੇਕਿਨ ਜਿੰਨਾ ਤੁਸੀਂ ਝੁਕਦੇ ਹੋ, ਉਨੀ ਤੁਸੀਂ ਆਪਣੀ
ਮਦਦ ਕਰ ਰਹੇ ਹੋ। ਅਤੇ ਤੁਸੀਂ ਝੁਕ ਨਹੀਂ ਸਕਦੇ ਬਿਨਾਂ ਪਰਮਾਤਮਾ ਦੀ ਧਾਰਨਾ ਦੇ, ਇਸਲਈ ਕਹਿੰਦਾ ਹਾਂ ਝੁਕੋ। ਨਹੀਂ
ਪਤਾ ਹੈ ਉਸਦਾ, ਤਾਂ ਅਗਿਆਤ ਦੇ ਲਈ ਝੁਕੋ। ਇਹ ਵੀ ਪਤਾ ਨਹੀਂ ਹੈ, ਤਾਂ ਸਿਰਫ ਝੁਕੋ, ਭੁੱਲ ਜਾਉ, ਉਸਦੀ ਗੱਲ
ਹੀ ਭੁੱਲ ਜਾਉ, ਸਿਰਫ ਝੁਕੋ।

ਸਮਰਪਣ ਕਿਸਦੇ ਪ੍ਰਤੀ, ਇਸਦਾ ਮੁੱਲ ਨਹੀਂ ਹੈ। ਸਮਰਪਣ ਦਾ ਮੁੱਲ ਹੈ। ਝੁਕ ਜਾਣ ਦਾ ਮੁੱਲ ਹੈ।

ਝੁਕਿਆ ਹੋਇਆ ਆਦਮੀ ਅਨੇਕਾਂ ਸ਼ਕਤੀਆਂ ਨੂੰ ਪਾਣ ਦਾ ਹੱਕਦਾਰ ਹੋ ਜਾਂਦਾ ਹੈ; ਆਕੜਿਆ ਹੋਇਆ ਆਦਮੀ
ਹੀ ਹੱਥ ਨਾਲ ਬੰਦ ਹੋ ਜਾਂਦਾ ਹੈ, ਉਸਨੂੰ ਕੋਈ ਸ਼ਕਤੀ ਹਾਸਲ ਨਹੀਂ ਹੁੰਦੀ। ਪਰਮਾਤਮਾ ਤਾਂ ਬਹਾਨਾ ਹੈ, ਸ਼ਬਦ ਹੈ। ਤੁਹਾਨੂੰ
ਝੁਕਾਉਣਾ ਅਸਲੀ ਗੱਲ ਹੈ। ਕਿਸ ਬਹਾਨੇ ਤੁਸੀਂ ਝੁਕ ਜਾਂਦੇ ਹੋ, ਇਹ ਨਿਗੂਣਾ ਹੈ। ਕੋਈ ਬਹਾਨਾ ਲਭ ਲਵੋ ਅਤੇ ਝੁਕੋ।

ਲੇਕਿਨ ਬੜਾ ਮਜ਼ਾ ਹੈ, ਬਿਨਾਂ ਬਹਾਨੇ ਦੇ ਆਕੜੇ ਰਹਿੰਦੇ ਹੋ। ਜਦ ਝੁਕਣ ਦੀ ਗੱਲ ਆਉਂਦੀ ਹੈ, ਪੁਛਦੇ ਹੋ,
ਪਰਮਾਤਮਾ, ਕਿਸਦੇ ਲਈ ਝੁਕਣਾ! ਆਕੜੇ ਕਿਸਦੇ ਲਈ ਹੋ? ਕਿਸ ਕਾਰਨ ਆਕੜੇ ਹੋ? ਕੀ ਹੈ, ਜਿਸ ਨਾਲ ਆਕੜੇ
ਹੋ? ਇਹ ਵੀ ਕੋਈ ਨਹੀਂ ਪੁਛਦਾ ਕਿ ਮੈਂ ਕਿਸ ਕਾਰਨ ਆਕੜਿਆ ਹਾਂ! ਕੀ ਹੈ ਤੇਰੇ ਅੰਦਰ ਜਿਸ ਨਾਲ ਮੈਂ ਆਕੜਿਆ
ਹੋਇਆ ਹਾਂ? ਇਹ ਮਿੱਟੀ ਦੀ ਦੇਹ ਨਾਲ ਆਕੜੇ ਹੋਏ ਹੋ? ਇਸ ਜੀਵਨ ਨਾਲ ਆਕੜੇ ਹੋਏ ਹੋ, ਜੋ ਹੁਣੇ ਹੈ ਤੇ ਹੁਣੇ ਨਹੀਂ
ਹੋ ਜਾਏਗਾ? ਬੁੱਧੀ ਨਾਲ ਆਕੜੇ ਹੋਏ ਹੋ—ਕਿਉਂਕਿ ਦੋ–ਦੋ ਚਾਰ ਹੈ, ਅਜੇਹਾ ਜੋੜ ਲੈਂਦੇ ਹੋ? ਕਿਸ ਗੱਲ ਦੀ ਆਕੜ
ਹੈ? ਜ਼ਰਾ ਸੋਚੋ, ਬਜਾਇ ਇਸਦੇ ਕਿ ਕਿਸਦੇ ਸਾਹਮਣੇ ਝੁਕੀਏ, ਅਜੇਹਾ ਸੋਚੋ ਕਿ ਕਿਸਦੇ ਕਾਰਨ ਆਕੜ ਰਹੇ ਹੋ, ਕੀ ਹੈ
ਅੰਦਰ ਜਿਸ ਨਾਲ ਆਕੜ ਰਹੇ ਹੋ?

ਤਦ ਦਿਖਾਈ ਪਏਗਾ, ਅੰਦਰ ਕੁਝ ਵੀ ਤਾਂ ਨਹੀਂ ਹੈ, ਜਿਸਦੇ ਕਾਰਨ ਆਕੜ ਰਹੇ ਹੋ। ਇਹ ਦਿਖਾਈ ਪੈ ਜਾਵੇ, ਤਾਂ
ਝੁਕਣਾ ਹੋ ਜਾਏਗਾ। ਫਿਰ ਸਵਾਲ ਨਹੀਂ ਕਿ ਕਿਸਦੇ ਅੱਗੇ ਝੁਕੀਏ। ਅਤੇ ਜੇਕਰ ਥੋੜ੍ਹੀ–ਜਿਹੀ ਸਮਝ ਹੋਵੇ, ਤਾਂ ਪਤਾ
ਲਗੇਗਾ, ਆਕੜ ਹੀ ਸਾਰੇ ਦੁੱਖਾਂ ਦਾ ਕਾਰਨ ਹੈ ਅਤੇ ਝੁਕ ਜਾਣਾ ਸਭ ਸੁਖਾਂ ਦਾ ਦੁਆਰ ਹੈ। ਕਿਉਂਕਿ ਝੁਕਿਆ ਹੋਇਆ
ਆਦਮੀ ਖੁਲ੍ਹ ਜਾਂਦਾ ਹੈ।

ਇਹ ਇਵੇਂ ਹੀ ਹੈ ਜਿਵੇਂ ਕੋਈ ਨਦੀ ਵਿਚ ਖੜ੍ਹਾ ਹੈ ਆਕੜ ਕੇ ਅਤੇ ਪਿਆਸ ਲਗੀ ਹੈ ਅਤੇ ਕਹਿੰਦਾ ਹੈ, ਪਿਆਸ
ਲਗੀ ਹੈ। ਝੁਕਣਾ ਪਏਗਾ, ਹੱਥ ਦੀ ਚੂਲੀ ਬਣਾਏਗਾ, ਤਾਂ ਪਾਣੀ ਚੂਲੀ ਵਿਚ ਪਾ ਜਾਏਗਾ। ਕੋਈ ਨਦੀ ਕਿਰਪਾ ਨਹੀਂ

ਕਰੇਗੀ, ਤੁਹਾਡੇ ਝੁਕਣ ਨਾਲ ਹੀ ਨਦੀ ਦੀ ਕਿਰਪਾ ਸੰਭਵ ਹੋ ਸਕੇਗੀ। ਤੁਸੀਂ ਆਕੜੇ ਹੀ ਖੜ੍ਹੇ ਰਹੋ ਕਿ ਕਿਵੇਂ ਝੁਕੀਏ, ਜੇ ਨਦੀ ਨੇ ਦੇਣਾ ਹੈ, ਤਾਂ ਦੇ ਦੇਵੇਗੀ। ਅਤੇ ਇਹ ਵੀ ਸ਼ਰਤ ਕੀ ਲਾਉਣੀ ਹੈ, ਜੇ ਪਰਮਾਤਮਾ ਇੰਨਾ ਦੇਣ ਵਾਲਾ ਹੈ, ਤਾਂ ਕੀ ਸ਼ਰਤ ਲਾਉਣੀ ਕਿ ਝੁਕ। ਇਹ ਵੀ ਕੀ ਛੋਟੀ ਸ਼ਰਤ ਲਾਉਣੀ ਕਿ ਝੁਕ, ਦੇਣਾ ਹੈ ਤਾਂ ਦੇ ਦੇਵੇ। ਨਦੀ ਵਗਦੀ ਰਹੇਗੀ। ਅਜੇਹਾ ਨਹੀਂ ਹੈ ਕਿ ਤੁਹਾਨੂੰ ਪਾਣੀ ਨਹੀਂ ਦੇਣਾ ਚਾਹੁੰਦੀ। ਦੇਣ, ਨਾ ਦੇਣ ਦਾ ਕੋਈ ਸਬੰਧ ਨਹੀਂ ਹੈ। ਜਿਹੜਾ ਝੁਕਦਾ ਹੈ, ਉਹ ਪਾਣੀ ਪਾ ਜਾਂਦਾ ਹੈ। ਜਿਹੜਾ ਨਹੀਂ ਝੁਕਦਾ, ਉਹ ਪਿਆਸਾ ਰਹਿ ਜਾਂਦਾ ਹੈ।

ਇਸ ਅਰਥ ਵਿਚ ਜਦ ਤੁਹਾਨੂੰ ਕਹਿੰਦਾ ਹਾਂ ਕਿ ਹੱਥ ਜੋੜ ਕੇ ਝੁਕ ਜਾਉ, ਤਾਂ ਸਮਝਣਾ ਕਿ ਸਭ ਪ੍ਰਤੀਕ ਹੈ। ਮੈਨੂੰ ਵੀ ਪਤਾ ਹੈ ਕਿ ਤੁਹਾਨੂੰ ਪਰਮਾਤਮਾ ਦਾ ਪਤਾ ਨਹੀਂ ਹੈ। ਪਤਾ ਹੀ ਹੁੰਦਾ, ਤਾਂ ਤੁਸੀਂ ਇਥੇ ਆਉਂਦੇ ਕਿਉਂ? ਅਤੇ ਜਦ ਤੁਹਾਨੂੰ ਪਤਾ ਹੀ ਲਗ ਜਾਏਗਾ, ਤਦ ਝੁਕੋਗੇ? ਤਦ ਝੁਕਣ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਏਗੀ। ਕਿਉਂਕਿ ਪਤਾ ਹੀ ਤਦ ਲਗਦਾ ਹੈ, ਜਦ ਆਦਮੀ ਪੂਰੀ ਤਰ੍ਹਾਂ ਝੁਕ ਗਿਆ ਹੋਵੇ। ਉਸ ਤੋਂ ਪਹਿਲਾਂ ਤਾਂ ਪਤਾ ਨਹੀਂ ਲਗਦਾ। ਜੇ ਤੁਸੀਂ ਇਹ ਸ਼ਰਤ ਰਖਦੇ ਹੋ ਕਿ ਜਦ ਪਤਾ ਲਗ ਜਾਏਗਾ, ਤਦ ਝੁਕਾਂਗੇ, ਤਾਂ ਤੁਹਾਨੂੰ ਕਦੇ ਪਤਾ ਨਹੀਂ ਲਗੇਗਾ। ਤੁਸੀਂ ਝੁਕ ਜਾਉ, ਪਤੇ ਦਾ ਬਿਲਕੁਲ ਹੀ ਵਿਚਾਰ ਨਾ ਕਰੋ; ਝੁਕਦਿਆਂ ਹੀ ਪਤਾ ਲਗਣਾ ਸ਼ੁਰੂ ਹੋ ਜਾਂਦਾ ਹੈ।

'ਮਹਾਂਪ੍ਰਭੂ ਦਾ, ਪੂਰਨਤਾ ਦੇ ਤਥਾਗਤ ਦਾ, ਜੋ ਆਪਣੇ ਪੂਰਵ ਤਥਾਗਤਾਂ ਦੀਆਂ ਪੈੜਾਂ ਉਤੇ ਤੁਰਦੇ ਚਲੇ ਆਏ ਹਨ, ਵਚਨ ਹਨ : ਅੰਨ੍ਹ ਘੋਰ ਦੁਖ ਸਦਾ ਲਈ ਵਿਦਾ ਹੋ ਜਾਂਦੇ ਹਨ। ਜੇ ਨਹੀਂ, ਤਾਂ ਤੂੰ ਜਾਣ ਕਿ ਤੂੰ ਗਿਆਨ ਨੂੰ, ਨਿਰਵਾਣ ਨੂੰ ਪਹੁੰਚ ਨਹੀਂ ਸਕਦਾ।'

ਤਥਾਗਤ ਬੜਾ ਕੀਮਤੀ ਸ਼ਬਦ ਹੈ ਅਤੇ ਜਟਲ ਵੀ। ਬੁੱਧਾਂ ਦੇ ਲਈ ਤਥਾਗਤ ਸ਼ਬਦ ਦਾ ਪ੍ਰਯੋਗ ਹੋਇਆ ਹੈ, ਕੁੱਲ ਬੁੱਧਾਂ ਦੇ ਲਈ, ਜਾਗ੍ਰਤ ਪੁਰਸ਼ਾਂ ਦੇ ਲਈ। ਤਥਾਗਤ ਦਾ ਲਫ਼ਜ਼ੀ ਅਰਥ ਹੁੰਦਾ ਹੈ ਜੋ ਆਪਣੇ ਤੋਂ ਪਹਿਲੇ ਬੁੱਧਾਂ ਦੀਆਂ ਪੈੜਾਂ ਉਤੇ ਤੁਰੇ।

ਜਟਲਤਾ ਇਹ ਹੈ ਕਿ ਪੈੜਾਂ ਬਣਦੀਆਂ ਨਹੀਂ, ਉਸ ਲੋਕ ਵਿਚ ਕੋਈ ਪੈੜਾਂ ਨਹੀਂ ਬਣਦੀਆਂ। ਸਾਰੇ ਬੁੱਧ ਨਿਆਰੇ ਹਨ, ਅਤੇ ਆਪਣੇ ਹੀ ਵਰਗੇ ਹੁੰਦੇ ਹਨ। ਕਿਸੇ ਹੋਰ ਜਿਹੇ ਨਹੀਂ ਹੁੰਦੇ। ਕਿਸੇ ਦੋ ਬੁੱਧਾਂ ਦੇ ਦਰਮਿਆਨ ਕਿਸੇ ਤਰ੍ਹਾਂ ਦੀ ਤੁਲਣਾ ਸੰਭਵ ਨਹੀਂ ਹੈ। ਜੀਸਸ ਬੁੱਧ ਹਨ, ਮਹਾਂਵੀਰ ਬੁੱਧ ਹਨ, ਗੌਤਮ ਬੁੱਧ ਹਨ, ਕ੍ਰਿਸ਼ਨ ਬੁੱਧ ਹਨ, ਸਭ ਜਾਗੇ ਹੋਏ ਪੁਰਸ਼ ਹਨ। ਦੋਹਾਂ ਵਿਚ ਕੋਈ ਤਾਲਮੇਲ ਨਹੀਂ ਹੈ। ਕਿਥੇ ਕ੍ਰਿਸ਼ਨ, ਕਿਥੇ ਮਹਾਂਵੀਰ! ਕਿਥੇ ਬੁੱਧ, ਕਿਥੇ ਜੀਸਸ! ਕੀ ਮੇਲ ਹੈ? ਕੀ ਤਾਲਮੇਲ ਹੈ? ਪੈੜਾਂ ਵੀ ਕਿਥੇ ਇਕਸਾਰ ਹਨ?

ਜੀਸਸ ਸੂਲੀ 'ਤੇ ਲਮਕਦੇ ਹਨ। ਈਸਾਈ ਕਹਿੰਦੇ ਹਨ ਮਨੁੱਖਤਾ ਦੇ ਪਾਪਾਂ ਦਾ ਉੱਧਾਰ ਕਰਨ ਦੇ ਲਈ ਆਪਣੇ–ਆਪ ਨੂੰ ਕੁਰਬਾਨ ਕਰ ਦਿੰਦੇ ਹਨ, ਖ਼ੁਦ ਨੂੰ ਮਿਟਾ ਦਿੰਦੇ ਹਨ, ਤਾਂ ਜੋ ਮਨੁੱਖ ਉਪਰ ਉਠ ਸਕੇ। ਈਸਾਈ ਕਹਿੰਦੇ ਹਨ ਕਿ

ਆਦਮ ਦਾ ਪਾਪ ਸੀ, ਇਸਲਈ ਮਨੁੱਖ ਵਿਗੜਿਆ, ਅਤੇ ਜਦ ਤਕ ਆਦਮੀ ਸਜ਼ਾ ਨਾ ਪਾ ਜਾਵੇ, ਤਦ ਤਕ ਆਦਮ ਨੂੰ ਖਿਮਾ ਨਹੀਂ ਕੀਤਾ ਜਾ ਸਕਦਾ। ਅਤੇ ਸਭ ਆਦਮੀ ਦੀਆਂ ਸੰਤਾਨਾਂ ਆਦਮ ਦਾ ਹੀ ਵਿਸਥਾਰ ਹਨ, ਇਸਲਈ ਉਹਨਾਂ ਦਾ ਪਾਪ ਵਿਚ ਹਿੱਸਾ ਹੈ।

ਤੁਸੀਂ ਆਪਣੇ ਹੀ ਪਾਪ ਦੇ ਲਈ ਜ਼ਿੰਮੇਦਾਰ ਨਹੀਂ; ਮਨੁੱਖ-ਮਾਤਰ ਦੇ ਪਾਪ ਲਈ ਜ਼ਿੰਮੇਦਾਰ ਹੋ। ਬੜੀ ਕੀਮਤੀ ਗੱਲ ਹੈ। ਅਤੇ ਉਹਨਾਂ ਮਨੁੱਖਾਂ ਦੇ ਲਈ ਨਹੀਂ, ਜੋ ਅੱਜ ਮੌਜੂਦ ਹਨ; ਉਹਨਾਂ ਮਨੁੱਖਾਂ ਦੇ ਪਾਪ ਦੇ ਲਈ ਵੀ, ਜੋ ਕਲ੍ਹ ਸੀ, ਪਰਸੋਂ ਸੀ ਅਤੇ ਕਦੇ ਅੱਗੇ ਹੋਣਗੇ। ਮਨੁੱਖਤਾ ਜ਼ਿੰਮੇਦਾਰ ਹੈ। ਤਾਂ ਕਿਸੇ ਆਦਮ ਨੇ ਭੁੱਲ ਕੀਤੀ-ਸਾਰੀ ਮਨੁੱਖਤਾ ਜ਼ਿੰਮੇਦਾਰ ਹੋ ਗਈ! ਤਾਂ ਕਿਸੇ ਦੂਜੇ ਆਦਮੀ ਨੂੰ ਭੁੱਲ ਦਾ ਪ੍ਰਤੀਕਾਰ ਕਰਨਾ ਪਵੇ ਅਤੇ ਪੂਰੀ ਸਜ਼ਾ ਭੁਗਤ ਲੈਣੀ ਪਵੇ, ਤਾਂ ਜੀਸਸ ਆਪਣੇ-ਆਪ ਨੂੰ ਕੁਰਬਾਨ ਕਰ ਦਿੰਦੇ ਹਨ। ਜਿਸ ਆਗਿਆ ਦੀ ਉਲੰਘਣਾ ਕੀਤੀ ਆਦਮ ਨੇ, ਜੀਸਸ ਉਸਨੂੰ ਪਰਮਾਤਮਾ ਦੀ ਆਗਿਆ ਮੰਨ ਕੇ ਖ਼ੁਦ ਨੂੰ ਸਮਰਪਤ ਕਰ ਦਿੰਦੇ ਹਨ, ਮਰਨ ਨੂੰ ਤਿਆਰ ਹੋ ਜਾਂਦੇ ਹਨ! ਈਸਾਈ ਕਹਿੰਦੇ ਹਨ, ਜੀਸਸ ਵਰਗਾ ਬੁੱਧ ਕੋਈ ਵੀ ਨਹੀਂ ਹੋਇਆ। ਅਸੀਂ ਸੋਚ ਹੀ ਨਹੀਂ ਸਕਦੇ।

ਕੋਈ ਜੈਨੀ ਨਹੀਂ ਸੋਚ ਸਕਦਾ ਹੈ ਕਿ ਮਹਾਂਵੀਰ ਸੂਲੀ ਉਤੇ ਲਮਕਾਏ ਜਾਣ, ਕਿਉਂਕਿ ਜੈਨੀ ਕਹਿੰਦੇ ਹਨ ਕਿ ਸੂਲੀ ਤਾਂ ਵਾਪਰੇਗੀ ਕਰਮਾਂ ਦੇ ਫਲ ਕਾਰਨ। ਜੇ ਕੋਈ ਪਾਪ ਕੀਤਾ ਹੋਵੇ, ਮਹਾਂਪਾਪ ਕੀਤਾ ਹੋਵੇ, ਤਾਂ ਹੀ ਸੂਲੀ ਹੋ ਸਕਦੀ ਹੈ। ਮਹਾਂਵੀਰ ਨੂੰ ਸੂਲੀ ਕਿਵੇਂ ਹੋ ਸਕਦੀ ਹੈ? ਜਿਸਦੇ ਸਭ ਕਰਮ ਮੁੱਕ ਗਏ ਹਨ, ਉਹੀ ਤਾਂ ਬੁੱਧ ਹੁੰਦਾ ਹੈ। ਜਿਸਦਾ ਕੋਈ ਕਰਮ ਨਹੀਂ ਬਚਿਆ, ਉਹੀ ਤਾਂ ਬੁੱਧ ਹੁੰਦਾ ਹੈ। ਅਤੇ ਜਿਸਦਾ ਕੋਈ ਕਰਮ ਨਹੀਂ ਬਚਿਆ, ਉਸਨੂੰ ਸੂਲੀ! ਕਲਪਨਾ ਵਿਚ ਵੀ ਨਹੀਂ ਆ ਸਕਦਾ ਕਿ ਉਸਨੂੰ ਸੂਲੀ ਲਗ ਸਕਦੀ ਹੈ।

ਜੇਕਰ ਜੈਨੀਆਂ ਤੋਂ ਪੁਛੋ ਜਾਂ ਕਰਮ ਦੇ ਸਿਧਾਂਤ ਨੂੰ ਮੰਨਣ ਵਾਲਿਆਂ ਤੋਂ ਪੁਛੋ ਕਿ ਗਾਂਧੀ ਨੂੰ ਗੋਡਸੇ ਨੇ ਗੋਲੀ ਮਾਰੀ, ਤਾਂ ਉਪਰ ਤੋਂ ਦੇਖਣ 'ਤੇ ਤਾਂ ਗੋਡਸੇ ਜ਼ਿੰਮੇਦਾਰ ਹੈ, ਲੇਕਿਨ ਕਰਮ ਦੇ ਸਿਧਾਂਤ ਤੋਂ ਦੇਖਣ 'ਤੇ ਗਾਂਧੀ ਕਿਤੇ ਨਾ ਕਿਤੇ ਜ਼ਿੰਮੇਦਾਰ ਹੋਣੇ ਚਾਹੀਦੇ ਹਨ, ਕੁਝ ਨਾ ਕੁਝ ਗੋਡਸੇ ਨੂੰ ਉਹਨਾਂ ਨੇ ਮਾਰਿਆ ਹੋਵੇ ਕਦੇ, ਨਹੀਂ ਤਾਂ ਇਹ ਪ੍ਰਤੀਕਾਰ ਕੇਹਾ? ਤਾਂ ਉਪਰ ਦੀ ਵਿਵਸਥਾ ਵਿਚ ਤਾਂ ਗੋਡਸੇ ਜ਼ਿੰਮੇਦਾਰ ਹੈ, ਕਾਨੂੰਨ ਦੀ ਵਿਵਸਥਾ ਵਿਚ, ਲੇਕਿਨ ਕਰਮ ਦੀ ਵਿਵਸਥਾ ਵਿਚ ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਜਨਮ ਦੇ, ਕਿਸੇ ਨਾ ਕਿਸੇ ਤਲ ਵਿਚ, ਗਾਂਧੀ ਨੂੰ ਜ਼ਿੰਮੇਦਾਰ ਹੋਣਾ ਚਾਹੀਦਾ ਹੈ।

ਜੈਨੀਆਂ ਤੋਂ ਪੁਛੋ, ਤਾਂ ਉਹ ਕਹਿਣਗੇ ਕਿ ਮਹਾਂਵੀਰ ਦੇ ਚਰਨਾਂ ਵਿਚ ਕੰਡਾ ਵੀ ਨਹੀਂ ਚੁਭਦਾ ਹੈ, ਸੂਲੀ ਤਾਂ ਬਹੁਤ ਦੂਰ ਦੀ ਗੱਲ ਹੈ। ਕਿਉਂਕਿ ਕੰਡਾ ਤਾਂ ਤਦੇ ਚੁਭਦਾ ਹੈ, ਜਦ ਕੰਡੇ ਨੂੰ ਤੁਸੀਂ ਕਦੇ ਸਤਾਇਆ ਹੋਵੇ। ਬੜਾ ਮੁਸ਼ਕਲ ਹੈ। ਕਿਥੇ ਇਹਨਾਂ ਦੀਆਂ ਪੈੜਾਂ ਇਕਸਾਰ ਹੋਣਗੀਆਂ?

ਜੀਸਸ ਉਦਾਸ ਹਨ, ਕਹਿੰਦੇ ਹਨ ਕਿ ਕਦੇ ਹੱਸੇ ਨਹੀਂ। ਈਸਾਈ ਕਹਿੰਦੇ ਹਨ ਕਿ ਜੀਸਸ ਕਦੇ ਹੱਸੇ ਨਹੀਂ, ਕਿਉਂਕਿ

ਹੱਸਣਾ ਵੀ ਕੇਹੀ ਨਿਗੁਣੀ ਗੱਲ ਹੈ! ਉਦਾਸ ਹਨ—

ਸਾਰੀ ਮਨੁੱਖਤਾ ਦਾ ਦੁਖ, ਸਾਰੀ ਮਨੁੱਖਤਾ ਦੀ ਪੀੜ, ਇੰਨਾ ਮਹਾਂਨਰਕ ਜਿਥੇ ਬਣਿਆ ਹੈ, ਉਥੇ ਜੀਸਸ ਹੱਸਣ!

ਅਤੇ ਇਧਰ ਕ੍ਰਿਸ਼ਨ ਹਨ ਕਿ ਬੰਸਰੀ ਵਜਾ ਰਹੇ ਹਨ। ਬਹੁਤ ਮੁਸ਼ਕਲ ਹੈ, ਕਿਤੇ ਕੋਈ ਤਾਲਮੇਲ ਨਹੀਂ ਬੈਠਦਾ। ਇਧਰ ਕ੍ਰਿਸ਼ਨ ਹਨ ਕਿ ਬੰਸਰੀ ਵਜਾ ਰਹੇ ਹਨ, ਰਾਸ ਰਚਾ ਰਹੇ ਹਨ। ਸੋਲ੍ਹਾਂ ਹਜ਼ਾਰ ਪਤਨੀਆਂ ਹਨ ਉਹਨਾਂ ਦੀਆਂ।

ਜੀਸਸ ਅਣਵਿਆਹੁਤਾ ਹਨ। ਪਤਨੀ ਦੀ ਗੱਲ ਸੋਚਣੀ ਮੁਸ਼ਕਲ ਹੈ ਜੀਸਸ ਦੇ ਸਾਹਮਣੇ।

ਇਧਰ ਸੋਲ੍ਹਾਂ ਹਜ਼ਾਰ ਪਤਨੀਆਂ ਦਾ ਖਿਆਲ ਹੈ। ਜਿਨ੍ਹਾਂ ਨੇ ਸੋਚਿਆ ਹੋਵੇਗਾ, ਬੜੇ ਗ਼ਜ਼ਬ ਦੇ ਲੋਕ ਰਹੇ ਹੋਣਗੇ। ਅਤੇ ਸੋਲ੍ਹਾਂ ਹਜ਼ਾਰ ਜਿਸ ਦੀਆਂ ਪਤਨੀਆਂ ਹੋਣ, ਉਹ ਬੁੱਧ ਪੁਰਸ਼ ਹੋਣਾ ਹੀ ਚਾਹੀਦਾ ਹੈ। ਇਕ ਪਤਨੀ ਪਾਗਲ ਕਰ ਦਿੰਦੀ ਹੈ, ਸੋਲ੍ਹਾਂ ਹਜ਼ਾਰ ਪਤਨੀਆਂ! ਸਿਰਫ ਬੁੱਧ ਪੁਰਸ਼ ਹੀ ਇਹਨਾਂ ਦੇ ਦਰਮਿਆਨ ਹੋ ਸਕਦਾ ਹੈ ਕਿ ਪਾਗਲ ਨਾ ਹੋਵੇ। ਇਸ ਤੋਂ ਵਡੀ ਕਸੌਟੀ ਵਜੂਦ ਨਹੀਂ ਲੈ ਸਕਦਾ ਕਿਸੇ ਦੀ ਕਿ ਸੋਲ੍ਹਾਂ ਹਜ਼ਾਰ ਪਤਨੀਆਂ ਕਿਸੇ ਨੂੰ ਦੇ ਦੇਵੇ। ਇਕ-ਇਕ ਪਤਨੀ ਦਾ ਅਨੁਭਵ ਸਭ ਨੂੰ ਹੀ ਹੈ। ਕਿਸੇ-ਕਿਸੇ ਨੂੰ ਦੋ ਦਾ ਹੈ, ਤਿੰਨ ਦਾ ਵੀ ਹੈ। ਉਹ ਜਾਣਦੇ ਹਨ ਕਿ ਕਿਹੋ-ਜਿਹਾ ਹੈ, ਕਿਹੋ-ਜਿਹੀ ਅੜਿੱਚਣ ਹੋ ਜਾਂਦੀ ਹੈ। ਸੋਲ੍ਹਾਂ ਹਜ਼ਾਰ!

ਹਿੰਮਤੀ ਲੋਕ ਸਨ, ਜੋ ਉਹਨਾਂ ਨੇ ਸੋਚੀ ਗੱਲ। ਅਤੇ ਕ੍ਰਿਸ਼ਨ ਇਹਨਾਂ ਦੇ ਦਰਮਿਆਨ ਬੰਸਰੀ ਵਜਾ ਰਹੇ ਹਨ। ਇਕ ਪਤਨੀ ਦੇ ਨਾਲ ਬੰਸਰੀ ਵਜਾ ਕੇ ਦੇਖਣਾ!

ਨਾਚ ਚੱਲ ਰਿਹਾ ਹੈ—ਇਹ ਕੋਈ ਹੋਰ ਹੀ ਹੈ। ਜੀਸਸ ਨਾਲ ਉਸਦਾ ਕੋਈ ਮੇਲ ਨਹੀਂ, ਮਹਾਂਵੀਰ ਨਾਲ ਉਸਦਾ ਕੋਈ ਮੇਲ ਨਹੀਂ। ਇਹ ਸਾਰਾ ਵਜੂਦ ਇਕ ਨਾਚ ਜਾਪ ਰਿਹਾ ਹੈ। ਜਿਵੇਂ ਦੁਖ ਉਪਰ ਦਾ ਹੈ ਤੇ ਵਿਅਰਥ ਹੈ। ਦੁਖ ਸਿਰਫ ਨਾਸਮਝੀ ਹੈ। ਪਾਪ, ਪੁੰਨ, ਪਸ਼ਚਾਤਾਪ—ਸਭ ਉਪਰ ਦੀਆਂ ਗੱਲਾਂ ਹਨ। ਮਹੋਤਸਵ ਅੰਦਰੂਨੀ ਹੈ, ਗਹਿਰਾ ਹੈ।

ਇਸਲਈ ਤਥਾਗਤ ਸ਼ਬਦ ਸਮਝਣਯੋਗ ਹੈ। ਤਥਾਗਤ ਦਾ ਮਤਲਬ ਹੈ : ਸਭ ਬੁੱਧ-ਪੁਰਸ਼ ਇਕੋ-ਜਿਹੇ ਹਨ। ਲੇਕਿਨ ਬਾਹਰ ਤੋਂ ਤਾਂ ਬੜੇ ਭਿੰਨ ਹਨ, ਉਪਰ ਤੋਂ ਉਹਨਾਂ ਨੂੰ ਨਾਲ-ਨਾਲ ਰਖਣਾ ਹੀ ਮੁਸ਼ਕਲ ਹੈ। ਕ੍ਰਿਸ਼ਨ ਤੇ ਕ੍ਰਾਈਸਟ ਨੂੰ ਇਕ ਹੀ ਘਰ ਵਿਚ ਠਹਿਰਾਉ—ਬੜੀ ਮੁਸ਼ਕਲ ਹੋਵੇਗੀ।

ਉਪਰ ਤੋਂ ਦੇਖਣ ਤੇ ਤਾਂ ਬੁੱਧ-ਪੁਰਸ਼ਾਂ ਵਿਚ ਕੋਈ ਮੇਲ ਨਹੀਂ, ਹਰੇਕ ਬੁੱਧ -ਪੁਰਸ਼ ਅਦੁੱਤੀ, ਨਿਆਰਾ ਅਤੇ ਆਪਣੇ ਜਿਹਾ ਹੈ, ਲੇਕਿਨ ਗਹਿਰੇ ਵਿਚ ਉਹ ਇਕੋ ਹੀ ਪੈੜਾਂ 'ਤੇ ਤੁਰੇ ਹਨ।

ਗਹਿਰੇ ਵਿਚ ਉਹਨਾਂ ਦੀਆਂ ਪੈੜਾਂ ਬਿਲਕੁਲ ਇਕ ਹਨ, ਲੇਕਿਨ ਇੰਨੀ ਗਹਿਰੀ ਅੱਖ ਹੋਵੇ ਤਾਂ ਹੀ ਦਿਖਾਈ ਪੈਂਦੇ ਹਨ। ਉਪਰ ਦੇ ਪਰਦਿਆਂ ਦਾ ਫਰਕ ਹੈ, ਵਸਤਰਾਂ ਦਾ ਫਰਕ ਹੈ, ਵਿਅਕਤੀਆਂ ਦਾ ਫਰਕ ਹੈ: ਆਤਮਾ ਦਾ ਫਰਕ ਨਹੀਂ ਹੈ।

'ਮਹਾਂਪ੍ਰਭੂ ਦਾ, ਪੂਰਨਤਾ ਦੇ ਤਥਾਗਤ ਦਾ, ਜੋ ਪੁਰਖਿਆਂ ਦੀਆਂ ਪੈੜਾਂ ਉੱਤੇ ਚਲਦੇ ਆਏ ਹਨ...'

ਇਸਲਈ ਬੁੱਧ-ਪੁਰਸ਼ ਸਦਾ ਨਵਾਂ ਹੈ ਅਤੇ ਸਦਾ ਪੁਰਾਣਾ ਹੈ। ਨਵਾਂ ਹੈ, ਜੇਕਰ ਤੁਸੀਂ ਉਸਨੂੰ ਉਪਰ ਤੋਂ ਦੇਖੋ ਅਤੇ ਪੁਰਾਣਾ ਹੈ ਜੇ ਅੰਦਰ ਤੋਂ ਜਾਣੋ। ਬੇਹਦ ਨਵੀਨ ਹੈ, ਮੌਲਿਕ ਹੈ, ਅਤੇ ਬੜਾ ਕਦੀਮੀ ਹੈ, ਪਰਾਚੀਨ ਹੈ। ਉਹ ਜੋ ਵੀ ਕਹਿ ਰਿਹਾ ਹੈ, ਉਹ ਸਦਾ ਬੁੱਧ-ਪੁਰਸ਼ਾਂ ਨੇ ਕਿਹਾ ਹੈ। ਇਹ ਉਲਟ ਦਿਖਾਈ ਪੈਣ ਵਾਲੀਆਂ ਗੱਲਾਂ ਜੇਕਰ ਇਕੱਠੀਆਂ ਸਮਝ ਵਿਚ ਆ ਜਾਣ, ਤਾਂ ਤਥਾਗਤ ਸ਼ਬਦ ਦਾ ਅਰਥ ਸਮਝ ਵਿਚ ਆਏਗਾ।

ਅੰਦਰ ਦੇ ਲੋਕ ਵਿਚ ਬੁੱਧ ਤੇ ਮਹਾਂਵੀਰ ਬਿਲਕੁਲ ਇਕ-ਜਿਹੇ ਹਨ। ਕੀ ਹੈ ਉਹਨਾਂ ਦੀ ਇਕ-ਜਿਹੀ ਸਥਿਤੀ?

ਇਥੇ ਅਸੀਂ ਇੰਨੇ ਲੋਕ ਬੈਠੇ ਹਾਂ, ਸਭ ਅਲੱਗ-ਅਲੱਗ ਹਾਂ। ਉਪਰ ਤੋਂ ਭਾਵੇਂ, ਇਕ-ਜਿਹੇ ਵੀ ਹੋਈਏ, ਕਿਉਂਕਿ ਸਰੀਰ ਇੱਕ ਹੀ ਜਿਹਾ ਹੈ, ਵਸਤਰ ਇਕ-ਜਿਹੇ ਹਨ, ਉਪਰ ਤੋਂ ਤਾਂ ਬਹੁਤ-ਸਾਰੀਆਂ ਗੱਲਾਂ ਇਕ-ਜਿਹੀਆਂ ਹਨ, ਲੇਕਿਨ ਅੰਦਰ ਉਹ ਜੋ ਵਿਚਾਰ ਚੱਲ ਰਹੇ ਹਨ, ਉਹ ਸਭ ਦੇ ਵਖੋ-ਵਖਰੇ ਹਨ। ਉਹ ਅੰਦਰ ਵਿਚਾਰ ਸਭ ਨੂੰ ਭਿੰਨ ਕਰ ਦਿੰਦਾ ਹੈ। ਬੁੱਧ, ਕ੍ਰਿਸ਼ਨ, ਕ੍ਰਾਈਸਟ, ਮਹਾਂਵੀਰ, ਉਹਨਾਂ ਦੇ ਅੰਦਰ ਵਿਚਾਰ ਨਹੀਂ ਹਨ, ਸ਼ੂੰਨਯ ਹੈ। ਉਹ ਸ਼ੂੰਨਯ ਸਭ ਨੂੰ ਇਕ-ਜਿਹਾ ਕਰ ਦਿੰਦਾ ਹੈ, ਅੰਦਰ ਤੋਂ।

ਉਸ ਸ਼ੂੰਨਯ ਦੇ ਪ੍ਰਗਟਾਅ ਵਿਚ ਫਰਕ ਪੈਂਦਾ ਹੈ। ਜਦ ਉਹ ਸ਼ੂੰਨਯ ਪਰਗਟ ਹੁੰਦਾ ਹੈ, ਤਾਂ ਸ਼ਖ਼ਸੀਅਤ ਦੀਆਂ ਪਰਤਾਂ ਤੋਂ ਆਉਂਦਾ ਹੈ। ਜਿਵੇਂ ਕਿ ਅਸੀਂ ਪ੍ਰਕਾਸ਼ ਬਾਲੀਏ ਅਤੇ ਹਰ ਪ੍ਰਕਾਸ਼ ਦੇ ਆਸਪਾਸ ਵਖੋ-ਵਖਰੇ ਰੰਗ ਦੇ ਕੱਚ ਦੇ ਘੇਰੇ ਖੜੇ ਕਰ ਦੇਈਏ। ਇਕ ਨੀਲਾ ਕੱਚ ਦਾ ਘੇਰਾ ਹੋਵੇ, ਇਕ ਲਾਲ ਕੱਚ ਦਾ ਘੇਰਾ ਹੋਵੇ, ਇਕ ਹਰਾ ਕੱਚ ਦਾ ਘੇਰਾ ਹੋਵੇ, ਇਕੋ-ਜਿਹਾ ਦੀਵਾ ਬਲੇ। ਅਤੇ ਪ੍ਰਕਾਸ਼ ਦਾ ਰੰਗ ਇਕ ਹੈ। ਉਹ ਅੰਦਰ ਜਗੇ, ਲੇਕਿਨ ਚੌਹਾਂ ਘੇਰਿਆਂ ਦੇ ਬਾਹਰ ਵਖੋ-ਵਖਰਾ ਪ੍ਰਕਾਸ਼ ਦਿਖਾਈ ਪਏਗਾ।

ਬੁੱਧ ਦੇ ਅੰਦਰ ਜੋ ਪ੍ਰਕਾਸ਼ ਜਗ ਰਿਹਾ ਹੈ ਅਤੇ ਕ੍ਰਾਈਸਟ ਦੇ ਅੰਦਰ ਜੋ ਪ੍ਰਕਾਸ਼ ਜਗ ਰਿਹਾ ਹੈ, ਉਹ ਇਕ ਹੈ। ਉਹ ਦੋਨੋਂ ਤਥਾਗਤ ਹਨ, ਉਥੇ ਸਭ ਸ਼ੂੰਨਯ ਹੋ ਗਿਆ। ਦੋ ਸ਼ੂੰਨਯ ਵਿਚ ਕੋਈ ਫਰਕ ਨਹੀਂ ਹੁੰਦਾ। ਦੋ ਵਿਚਾਰਾਂ ਵਿਚ ਫਰਕ ਹੁੰਦਾ ਹੈ, ਦੋ ਮਨਾਂ ਵਿਚ ਫਰਕ ਹੁੰਦਾ ਹੈ। ਦੋ ਸਮਾਧੀਆਂ ਵਿਚ ਫਰਕ ਨਹੀਂ ਹੁੰਦਾ। ਅਸੀਂ ਜੇਕਰ ਸਾਰੇ ਇਥੇ ਸ਼ਾਂਤ ਹੋ ਜਾਈਏ ਤਾਂ ਸਾਡੇ ਅੰਦਰ ਫਿਰ ਕੋਈ ਫਰਕ ਨਹੀਂ ਰਹਿ ਜਾਏਗਾ। ਸਭ ਫਰਕ ਉਪਰਲੇ ਹਨ, ਅੰਦਰਲਾ ਕੋਈ ਫਰਕ ਨਹੀਂ ਹੈ ਬੁੱਧ-ਪੁਰਸ਼ ਵਿਚ। ਸਾਡੇ ਵਿਚ ਸਭ ਤਾਲਮੇਲ ਉਪਰਲਾ ਹੈ, ਅੰਦਰਲਾ ਬਿਲਕੁਲ ਫਰਕ ਹੈ। ਉਪਰ ਤੋਂ ਅਸੀਂ ਕਰੀਬ-ਕਰੀਬ ਇਕ-ਜਿਹੇ ਜੀਂਦੇ ਹਾਂ। ਅੰਦਰ ਬਹੁਤ ਫਰਕ ਹੈ। ਇਸਲਈ ਦੋ ਮਿੱਤਰ ਵੀ ਬਨਾਉਣਾ ਮੁਸ਼ਕਲ ਹੈ ਜਗਤ ਵਿਚ, ਕਿਉਂਕਿ ਦੋਹਾਂ ਵਿਚ ਬੜਾ ਫਰਕ ਹੈ। ਅੰਦਰ ਦੇ ਵਿਚਾਰ ਝਗੜਾ ਪੈਦਾ ਕਰਦੇ ਹਨ। ਦੋ ਬੁੱਧ-ਪੁਰਸ਼ਾਂ ਨੂੰ ਮਿਲਣ ਦੀ ਵੀ ਜ਼ਰੂਰਤ ਨਹੀਂ ਹੈ।

ਸੁਣਿਆ ਹੈ ਮੈਂ ਕਿ ਮਹਾਂਵੀਰ ਅਤੇ ਬੁੱਧ ਇਕ ਵਾਰ ਇਕ ਹੀ ਪਿੰਡ ਵਿਚ, ਇਕ ਹੀ ਧਰਮਸ਼ਾਲਾ ਵਿਚ ਠਹਿਰੇ ਅਤੇ ਮਿਲੇ ਨਹੀਂ। ਬੜਾ ਅਸ਼ੋਭਨੀਕ ਜਾਪਦਾ ਹੈ, ਮਿਲਦੇ ਤਾਂ ਚੰਗਾ ਹੁੰਦਾ, ਮਨੁੱਖਤਾ ਦਾ ਲਾਭ ਹੁੰਦਾ। ਅਜੇਹਾ ਵੀ ਨਹੀਂ ਕਿ ਮਿਲਾਉਣ ਦੀ ਕੋਸ਼ਿਸ਼ ਨਹੀਂ ਕੀਤੀ ਹੋਵੇਗੀ ਲੋਕਾਂ ਨੇ। ਬੜੀ ਕੋਸ਼ਿਸ਼ ਕੀਤੀ ਹੋਵੇਗੀ ਅਤੇ ਲੋਕ ਬੜੇ ਪਰੇਸ਼ਾਨ ਵੀ ਹੋਏ ਹੋਣਗੇ ਕਿ ਮਿਲਦੇ ਕਿਉਂ ਨਹੀਂ? ਮਿਲ ਲੈਣਾ ਚਾਹੀਦਾ। ਸਾਡੀ ਸਮਝ ਦੇ ਬਾਹਰ ਹੈ ਗੱਲ ਕਿ ਮਿਲਣ ਦਾ ਕੋਈ ਅਰਥ ਹੀ ਨਹੀਂ; ਕਿਉਂਕਿ ਉਹ ਅੰਦਰ ਇੰਨੇ ਇਕ–ਜਿਹੇ ਹਨ ਕਿ ਕਿਸ ਨਾਲ ਮਿਲਣਾ? ਕੀ ਮਿਲਣਾ ਕੀ ਅਰਥ? ਅੰਦਰ ਦੋ ਸ਼ੂਨਯ ਹਨ, ਉਹ ਮਿਲ ਵੀ ਜਾਣ, ਤਾਂ ਇਕ ਹੀ ਸ਼ੂਨਯ ਬਣੇਗਾ। ਦੋ ਸ਼ੂਨਯ ਮਿਲ ਕੇ ਦੋ ਸ਼ੂਨਯ ਨਹੀਂ ਬਣਦੇ, ਦੋ ਸ਼ੂਨਯ ਮਿਲ ਕੇ ਇਕ ਹੀ ਸ਼ੂਨਯ ਬਣਦਾ ਹੈ। ਹਜ਼ਾਰ ਸ਼ੂਨਯ ਵੀ ਮਿਲਾ ਦਿਉ, ਤਾਂ ਇਕ ਹੀ ਸ਼ੂਨਯ ਬਣਦਾ ਹੈ। ਅਜੇਹਾ ਨਹੀਂ ਕਿ ਹਜ਼ਾਰ ਸ਼ੂਨਯ ਬਣ ਜਾਂਦੇ ਹਨ।

ਸ਼ੂਨਯ ਦਾ ਮਤਲਬ ਹੈ ਕਿ ਉਹ ਕੋਈ ਇਕ ਇਕਾਈ ਨਹੀਂ ਹੈ, ਖ਼ਾਲੀਪਣ ਹੈ। ਦੋ ਖ਼ਾਲੀਪਣ ਮਿਲਣਗੇ, ਤਾਂ ਕੀ ਹੋਵੇਗਾ? ਇਕ ਖ਼ਾਲੀਪਣ ਹੋ ਜਾਏਗਾ। ਜੇ ਬੁੱਧ ਤੇ ਮਹਾਂਵੀਰ ਨੂੰ ਅਸੀਂ ਕੋਲ ਬਿਠਾ ਦੇਈਏ, ਤਾਂ ਉਥੇ ਦੋ ਆਦਮੀ ਨਹੀਂ ਹਨ; ਉਥੇ ਇਕ ਆਦਮੀ ਹੋ ਜਾਏਗਾ। ਜੇ ਅਸੀਂ ਸਾਰੇ ਤਥਾਗਤਾਂ ਨੂੰ ਇਕੱਠਾ ਕਰ ਲਈਏ, ਤਾਂ ਉਥੇ ਹਜ਼ਾਰ ਤਥਾਗਤ ਨਹੀਂ ਹੋਣਗੇ; ਉਥੇ ਇਕ ਹੀ ਸ਼ੂਨਯ ਰਹਿ ਜਾਏਗਾ। ਇਸ ਅਰਥ ਵਿਚ ਤਥਾਗਤ ਨੂੰ ਕਿਹਾ ਜਾਂਦਾ ਹੈ ਕਿ ਉਹ ਨਿਆਰਾ ਵੀ ਹੈ ਤੇ ਆਪਣੇ ਪੂਰਵਜਾਂ ਦੀਆਂ ਪੈੜਾਂ ਉਤੇ ਵੀ ਚਲਦਾ ਹੈ।

'ਉਹਨਾਂ ਸਭ ਤਥਾਗਤਾਂ ਦਾ ਵਚਨ ਹੈ, ਅੱਠ ਘੋਰ ਦੁਖ ਸਦਾ ਲਈ ਵਿਦਾ ਹੋ ਜਾਂਦੇ ਹਨ। ਜੇ ਨਹੀਂ, ਤਾਂ ਤੂੰ ਜਾਣ, ਤੂੰ ਗਿਆਨ ਨੂੰ, ਨਿਰਵਾਣ ਨੂੰ ਪਹੁੰਚ ਨਹੀਂ ਸਕਦਾ।'

ਜੇਕਰ ਵਿਰਾਗ ਤੋਂ ਬਾਅਦ ਵੀ ਤੇਰੇ ਦੁਖ ਬਣੇ ਰਹਿੰਦੇ ਹਨ, ਤਾਂ ਸਮਝੀਂ ਕਿ ਤੂੰ ਚੁੱਕ ਗਿਆ। ਵਿਰਾਗੀ ਨੂੰ ਦੁਖ ਨਹੀਂ ਹੋਣਾ ਚਾਹੀਦਾ। ਰਾਗੀ ਦਾ ਦੁਖ ਸਮਝ ਵਿਚ ਆਉਂਦਾ ਹੈ। ਕਿਉਂਕਿ ਰਾਗ ਜਦ ਪੂਰਾ ਨਹੀਂ ਹੁੰਦਾ, ਤਾਂ ਦੁਖ ਹੁੰਦਾ ਹੈ। ਰਾਗ ਜਦ ਅਸਫਲ ਹੁੰਦਾ ਹੈ, ਤਾਂ ਦੁਖ ਹੁੰਦਾ ਹੈ। ਰਾਗ ਵਿਚ ਉਮੀਦ ਹੈ—ਪੂਰਤੀ ਨਾ ਹੋਣ 'ਤੇ ਦੁਖ ਹੁੰਦਾ ਹੈ। ਪੂਰਤੀ ਹੋ ਜਾਵੇ ਤਾਂ ਵੀ ਦੁਖ ਹੁੰਦਾ ਹੈ; ਕਿਉਂਕਿ ਰਾਗ ਦੀ ਉਮੀਦ ਲਗਾਤਾਰ ਪਸਰਦੀ ਚਲੀ ਜਾਂਦੀ ਹੈ। ਵਿਰਾਗੀ ਨੂੰ ਦੁਖ ਨਹੀਂ ਹੋਣਾ ਚਾਹੀਦਾ। ਜੇਕਰ ਵਿਰਾਗੀ ਨੂੰ ਵੀ ਦੁਖ ਹੁੰਦਾ ਹੈ, ਤਾਂ ਜਾਣਨਾ ਕਿ ਚੁੱਕ ਗਿਆ ਹੈ। ਬੁੱਧਪੁਰਸ਼ਾਂ ਨੇ ਕਿਹਾ ਹੈ ਕਿ ਸਭ ਦੁਖ ਸਦਾ ਲਈ ਵਿਦਾ ਹੋ ਜਾਂਦੇ ਹਨ; ਵਿਰਾਗ ਜੇਕਰ ਸਹੀ ਹੋ ਜਾਵੇ। ਅਤੇ ਵਿਰਾਗ ਦੇ ਛਿਨ ਵਿਚ ਜੇਕਰ ਭੁੱਲ ਨਾਲ ਭਟਕਾਅ ਨਾ ਹੋ ਜਾਵੇ ਤੇ ਹੰਕਾਰ ਨਾ ਪਕੜ ਲਵੇ, ਅਤੇ ਕੋਈ ਸੂਖਮ ਵਾਸਨਾ ਖੇਡ ਨਾ ਦਿਖਾਉਣ ਲਗੇ, ਤਾਂ ਸਭੇ ਦੁਖ ਵਿਸਰਜਤ ਹੋ ਜਾਂਦੇ ਹਨ। ਅਤੇ ਜੇ ਤੇਰੇ ਦੁਖ ਵਿਸਰਜਤ ਨਹੀਂ ਹੋਏ, ਤਾਂ ਸਮਝੀਂ ਕਿ ਤੂੰ ਚੁੱਕ ਗਿਆ ਅਤੇ ਨਿਰਵਾਣ ਨੂੰ ਨਹੀਂ ਪਹੁੰਚ ਸਕਦਾ।

'ਵਿਰਾਗ ਦਾ ਸਦਗੁਣ ਬਹੁਤ ਕਠੋਰ ਤੇ ਨਿਰਦਯੀ ਹੈ। ਜੇ ਇਸ ਰਾਹ ਦਾ ਸੁਆਮੀ ਹੋਣਾ ਚਾਹੁੰਦਾ ਹੈਂ, ਤਾਂ ਤੈਨੂੰ ਪਹਿਲਾਂ ਤੋਂ ਬਹੁਤ ਵਧ ਕੇ ਆਪਣੇ ਮਨ ਅਤੇ ਦ੍ਰਿਸ਼ਟੀ ਨੂੰ ਘਾਤਕ ਕਰਮ ਤੋਂ ਮੁਕਤ ਰਖਣਾ ਪੈਣਾ ਹੈ।'

ਵਿਰਾਗ ਦਾ ਸਦਗੁਣ ਬਹੁਤ ਕਠੋਰ ਅਤੇ ਬੇਰਹਿਮ ਹੈ, ਉਥੇ ਕੋਈ ਅਪਵਾਦ ਨਹੀਂ ਹੋ ਸਕਦਾ। ਯਕੀਨਨ ਹੀ ਹੋਣਾ

ਵੀ ਇਹੀ ਚਾਹੀਦਾ ਹੈ। ਜਦ ਸਾਰੇ ਹੀ ਦੁਖਾਂ ਨੂੰ ਛਡਣ ਦੇ ਲਈ ਕੋਈ ਤਿਆਰ ਹੈ, ਸਾਰੇ ਹੀ ਦੁਖਾਂ ਤੋਂ ਮੁਕਤ ਹੋਣ ਦੀ ਆਸ ਰਖ ਰਿਹਾ ਹੈ, ਤਾਂ ਉਸਨੂੰ ਕਠੋਰ ਪ੍ਰੀਖਿਆ ਵਿਚੋਂ ਗੁਜ਼ਰਨਾ ਪਏਗਾ। ਦੁਖ ਛਡਣ ਦੀ ਜੋ ਆਸ ਰਖ ਰਿਹਾ ਹੈ, ਸਭ ਦੁਖਾਂ ਦੇ ਬਾਹਰ ਹੋ ਜਾਣ ਦੀ ਚੇਸ਼ਟਾ ਕਰ ਰਿਹਾ ਹੈ, ਉਸਨੂੰ ਕਠੋਰ ਪ੍ਰੀਖਿਆ 'ਤੋਂ ਲੰਘਣਾ ਪਏਗਾ।

ਉਹ ਕਠੋਰ ਪ੍ਰੀਖਿਆ ਕੀ ਹੈ?

ਉਹ ਕਠੋਰ ਪ੍ਰੀਖਿਆ ਦੋ ਚੀਜ਼ਾਂ ਦੇ ਵਿਚਾਲੇ ਹੈ। ਇਕ ਤਾਂ ਦੁਖਾਂ ਤੋਂ ਛੁਟਕਾਰਾ ਤਦ ਤਕ ਅਸੰਭਵ ਹੈ, ਜਦ ਤਕ ਵਾਸਨਾ ਤੋਂ ਪੂਰਨ ਛੁਟਕਾਰਾ ਨਾ ਹੋਵੇ। ਸੂਖਮ ਵਾਸਨਾ ਰਹਿ ਜਾਵੇ, ਤਾਂ ਸੂਖਮ ਦੁਖ ਰਹਿ ਜਾਣਗੇ। ਵਾਸਨਾ ਹੋਵੇਗੀ, ਤਾਂ ਕਿਤੇ ਨਾ ਕਿਤੇ ਦੁਖ ਹੋਵੇਗਾ। ਮੰਗ ਹੋਵੇਗੀ, ਤਾਂ ਪੀੜ ਹੋਵੇਗੀ। ਚਾਹਨਾ ਹੋਵੇਗੀ ਤਾਂ ਕੰਡਾ ਚੁਭਿਆ ਹੀ ਰਹੇਗਾ ਛਾਤੀ ਵਿਚ। ਉਹ ਜਿਹੜੇ ਵਾਸਨਾ ਦੇ ਵਸਤਰ ਅਸੀਂ ਪਹਿਨੇ ਹੋਏ ਹਨ, ਉਹਨਾਂ ਸਭ ਨੂੰ ਬਿਲਕੁਲ ਹੀ ਛਡ ਦੇਣਾ ਪਏਗਾ। ਉਹਨਾਂ ਨੇ ਹੀ ਸਾਨੂੰ ਕਸਿਆ ਹੋਇਆ ਹੈ ਅਤੇ ਦੁਖ ਦੇ ਰਹੇ ਹਨ।

ਸੁਣਿਆ ਹੈ ਮੈਂ, ਇਉਂ ਹੋਇਆ ਕਿ ਮੁੱਲਾ ਨਸਰੁੱਦੀਨ ਨੇ ਇਕ ਦਰਜ਼ੀ ਨੂੰ ਕੱਪੜੇ ਬਨਾਉਣ ਨੂੰ ਦਿਤੇ ਸੀ। ਬੜੀ ਮੁਸ਼ਕਲ ਨਾਲ ਵਰ੍ਹਿਆਂ ਵਿਚ ਪੈਸੇ ਜੋੜ ਕੇ ਬੜਾ ਕੀਮਤੀ ਕੱਪੜਾ ਖਰੀਦਿਆ ਸੀ। ਦਰਜ਼ੀ ਨੇ ਕੱਪੜੇ ਵੀ ਬਣਾ ਦਿਤੇ, ਬੜੀ ਦੇਰ ਲਾਈ, ਬੜੇ ਚੱਕਰ ਲੁਆਏ। ਆਖਰ ਇਕ ਦਿਨ ਕੱਪੜੇ ਬਣ ਕੇ ਤਿਆਰ ਹੋ ਗਏ। ਉਤਸਵ ਦਾ ਕੋਈ ਦਿਨ ਨੇੜੇ ਆ ਰਿਹਾ ਸੀ ਤੇ ਨਸਰੁੱਦੀਨ ਬਹੁਤ ਖ਼ੁਸ਼ ਸੀ। ਉਹ ਕੱਪੜੇ ਲੈਣ ਗਿਆ, ਲੇਕਿਨ ਕੱਪੜੇ ਪਹਿਨ ਕੇ ਬੜੀ ਮੁਸ਼ਕਲ 'ਚ ਪੈ ਗਿਆ; ਬਹੁਤ ਉਦਾਸ ਹੋ ਗਿਆ। ਉਸਨੇ ਕਿਹਾ, ਇਹ ਤੂੰ ਕੀ ਕੀਤਾ? ਬਰਬਾਦ ਕਰ ਦਿਤਾ ਸਾਰਾ ਕੱਪੜਾ। ਇਹ ਕਾਲਰ ਤਾਂ ਦੇਖ ਮੇਰੇ ਸਿਰ ਤਕ ਜਾ ਰਿਹਾ ਹੈ।

ਉਸ ਦਰਜ਼ੀ ਨੇ ਕਿਹਾ, ਇਸ ਵਿਚ ਕਾਲਰ ਦਾ ਕਸੂਰ ਨਹੀਂ ਹੈ। ਜ਼ਰਾ ਸਿਰ ਨੂੰ ਉੱਚਾ ਕਰ। ਉਸਨੇ ਖਿੱਚ ਕੇ ਨਸਰੁੱਦੀਨ ਦੀ ਗਰਦਨ ਸਿੱਧੀ ਕਰ ਦਿਤੀ ਲੇਕਿਨ ਗਰਦਨ ਤਾਂ ਉਪਰ ਰਹਿ ਗਈ, ਪਰ ਫਸ ਗਈ ਅੰਦਰ। ਹੁਣ ਉਹ ਹੇਠਾਂ ਨਾ ਕਰ ਸਕਿਆ—ਕਿਉਂਕਿ ਉਹ ਕਾਲਰ! ਉਸਨੇ ਕਿਹਾ ਕਿ ਇਕ ਬਾਂਹ ਛੋਟੀ ਤੇ ਇਕ ਬਾਂਹ ਲੰਮੀ! ਉਸਨੇ ਕਿਹਾ ਤੇਰਾ ਸਰੀਰ ਹੀ ਗੜਬੜ ਹੈ, ਤਾਂ ਮੈਂ ਕੀ ਕਰ ਸਕਾਂਗਾ? ਜ਼ਰਾ ਇਸ ਬਾਂਹ ਨੂੰ ਅੱਗੇ ਖਿੱਚ। ਉਸਨੇ ਇਕ ਬਾਂਹ ਖਿੱਚ ਕੇ ਅੱਗੇ ਕਰ ਦਿਤੀ। ਅਤੇ ਨਸਰੁੱਦੀਨ ਨੇ ਕਿਹਾ ਕਿ ਇਹ ਹੇਠਾਂ ਜੋ ਕਮੀਜ਼ ਹੈ, ਇਹ ਹੇਠਾਂ ਤਕ ਪੂਰੀ ਨਹੀਂ ਪਹੁੰਚ ਰਹੀ। ਤਾਂ ਉਸਨੇ ਕਿਹਾ, ਜ਼ਰਾ ਅੱਗੇ ਝੁਕ। ਤਾਂ ਨਸਰੁੱਦੀਨ ਅੱਗੇ ਝੁਕ ਗਿਆ। ਪਜਾਮੇ ਦੀ ਟੰਗ ਇਕ ਲੰਮੀ ਸੀ, ਇਕ ਛੋਟੀ ਸੀ। ਅਤੇ ਉਹ ਠੀਕ ਕਰਦਾ ਗਿਆ ਤੇ ਨਸਰੁੱਦੀਨ ਵਿਗੜਦਾ ਗਿਆ। ਕੱਪੜਾ ਠੀਕ ਹੁੰਦਾ ਚਲਿਆ ਗਿਆ, ਤਾਂ ਨਸਰੁੱਦੀਨ ਦੀ ਦਸ਼ਾ ਬੜੀ ਖਰਾਬ ਹੋ ਗਈ। ਉਹ ਅਸ਼ਟਾਵੱਕਰ ਦੀ ਹਾਲਤ ਵਿਚ ਹੋ ਗਿਆ, ਅੱਠ ਥਾਵਾਂ ਤੋਂ ਝੁਕ ਗਿਆ। ਅਤੇ ਦਰਜ਼ੀ ਨੇ ਕਿਹਾ, ਜ਼ਰਾ ਸ਼ੀਸ਼ੇ ਵਿਚ ਤਾਂ ਦੇਖ, ਪਿੰਡ ਦੀਆਂ ਸਾਰੀਆਂ ਸੁੰਦਰੀਆਂ ਪਾਗਲ ਹੋ ਜਾਣਗੀਆਂ। ਮਹੀਨੇ–ਭਰ ਦੀ ਮਿਹਨਤ ਹੈ ਮੇਰੀ ਇਹਨਾਂ ਕੱਪੜਿਆਂ ਉਤੇ! ਨਸਰੁੱਦੀਨ ਨੇ ਦੇਖਿਆ, ਹਾਲਤ ਬੜੀ ਅਜੀਬ ਸੀ; ਪਰ ਇਸ ਆਸ ਨਾਲ ਕਿ ਸੁੰਦਰੀਆਂ ਪਾਗਲ ਹੋ ਜਾਣਗੀਆਂ, ਉਹ ਖ਼ੁਸ਼ ਹੋਇਆ। ਉਸਨੇ ਕਿਹਾ, ਕੀ ਕਹਿੰਦਾ ਹੈਂ? ਦਰਜ਼ੀ ਨੇ ਕਿਹਾ, ਮੈਂ ਇੰਨੀ ਮਿਹਨਤ ਕਦੇ ਕਿਸੇ ਕੱਪੜਿਆਂ 'ਤੇ ਨਹੀਂ ਕੀਤੀ।

ਨਸਰੁੱਦੀਨ ਨਿਕਲਿਆ, ਤਾਂ ਆਪਣੀ ਸ਼ਕਲ ਤੇ ਆਸਣ ਨੂੰ ਸਾਂਭਦਾ ਹੋਇਆ—ਇਕ ਬਾਂਹ ਲੰਮੀ ਤਾਂ ਲੰਮੀ ਕਰਕੇ, ਗਰਦਨ ਉਚੀ ਕਰਕੇ, ਇਕ ਲੱਤ ਛੋਟੀ ਤਾਂ ਅੰਦਰ ਸੰਗੋੜ ਕੇ, ਇਕ ਲੱਤ ਲੰਮੀ ਤਾਂ ਅੱਗੇ ਕਰਕੇ, ਕੱਪੜੇ ਛੋਟੇ ਤਾਂ ਅੱਗੇ ਨੂੰ ਝੁਕਿਆ ਹੋਇਆ—ਇਸ ਆਸ ਵਿਚ ਕਿ ਸੁੰਦਰੀਆਂ ਪਾਗਲ ਹੋ ਜਾਣਗੀਆਂ?

ਸਭਨਾਂ ਦੀ ਗਤਿ ਅਜੇਹੀ ਹੀ ਹੈ, ਆਪੋ—ਆਪਣੀ ਸ਼ਕਲ ਸਾਂਭੀ ਹੋਈ ਹੈ। ਵਾਸਨਾ ਵਿਚ ਜੀਣ ਵਾਲਾ ਆਦਮੀ ਅਸ਼ਟਾਵੱਕਰ ਹੋ ਜਾਂਦਾ ਹੈ।

ਨਸਰੁੱਦੀਨ ਘਰ ਵਲ ਨੂੰ ਤੁਰਿਆ ਇਸ ਆਸ ਵਿਚ ਕਿ ਹੁਣ ਦੇਖੋ ਕਿ ਕੌਣ ਸੁੰਦਰੀ ਪਾਗਲ ਹੋਵੇਗੀ। ਕਈ ਲੋਕਾਂ ਨੇ ਚੌਂਕ ਕੇ ਜ਼ਰੂਰ ਦੇਖਿਆ। ਇਸਤ੍ਰੀਆਂ ਨੇ ਵੀ ਚੌਂਕ ਕੇ ਦੇਖਿਆ। ਅਜੇਹੇ ਅਜੀਬ ਆਦਮੀ ਨੂੰ ਕੌਣ ਚੌਂਕ ਕੇ ਨਹੀਂ ਦੇਖੇਗਾ! ਨਸਰੁੱਦੀਨ ਸਮਝਿਆ ਦਰਜੀ ਠੀਕ ਹੀ ਕਹਿ ਰਿਹਾ ਹੈ। ਇਕ ਅਜਨਬੀ ਆਦਮੀ ਨੇ ਜੋ ਨਸਰੁੱਦੀਨ ਨੂੰ ਨਹੀਂ ਜਾਣਦਾ ਸੀ... ਕਿਉਂਕਿ ਬਾਕੀ ਪਿੰਡ ਦੇ ਲੋਕ ਤਾਂ ਜਾਣਦੇ ਸਨ ਕਿ ਇਸ ਵਿਚ ਕੁਝ ਅਨੋਖਾ ਨਹੀਂ ਹੈ, ਇਸ ਆਦਮੀ ਤੋਂ ਅਜੇਹੀ ਹੀ ਆਸ ਹੈ... ਇਕ ਅਜਨਬੀ, ਜਿਹੜਾ ਪਿੰਡ 'ਚ ਨਵਾਂ—ਨਵਾਂ ਆਇਆ ਸੀ, ਉਸਨੇ ਕਿਹਾ ਕਿ ਠਹਿਰ ਨਸਰੁੱਦੀਨ, ਤੇਰੇ ਦਰਜੀ ਦਾ ਪਤਾ ਕੀ ਹੈ? ਕਿਸਨੇ ਬਣਾਇਆ ਹੈ ਇਹ? ਨਸਰੁੱਦੀਨ ਨੇ ਕਿਹਾ, ਕੀ! ਮੇਰੇ ਦਰਜੀ ਦਾ ਪਤਾ ਪੁਛ ਕੇ ਕੀ ਕਰੇਂਗਾ? ਉਸਨੂੰ ਲਗਿਆ ਕਿ ਇਹ ਆਦਮੀ ਮੁਕਾਬਲਾ ਕਰਨਾ ਚਾਹੁੰਦਾ ਹੈ। ਉਸ ਅਜਨਬੀ ਨੇ ਕਿਹਾ ਕਿ ਮੈਂ ਜਾਣਨਾ ਚਾਹੁੰਦਾ ਹਾਂ ਕਿ ਤੇਰੇ ਦਰਜੀ ਦਾ ਪਤਾ, ਕਿਉਂਕਿ ਤੇਰੇ ਵਰਗੇ ਅਸ਼ਟਾਵੱਕਰ ਦੇ ਲਈ ਜਿਸਨੇ ਕੱਪੜੇ ਬਣਾ ਦਿਤੇ, ਉਸਦੀ ਲਿਆਕਤ ਦਾ ਮੁਕਾਬਲਾ ਨਹੀਂ—ਹੀ ਮੱਸਟ ਬੀ ਏ ਜੀਨੀਅਸ। ਇੰਨਾ ਵਿੰਗਾ—ਟੇਢਾ ਸਰੀਰ ਅਤੇ ਉਸਨੇ ਕੱਪੜੇ ਬਿਲਕੁਲ ਠੀਕ—ਠੀਕ ਬਿਠਾ ਦਿਤੇ—ਅਸਚਰਜ? ਉਸਦੇ ਮੈਂ ਦਰਸ਼ਨ ਕਰਨਾ ਚਾਹੁੰਦਾ ਹਾਂ। ਉਸਨੂੰ ਪਤਾ ਹੈ ਕਿ ਇਹ ਵਿਚਾਰਾ ਅਸ਼ਟਾਵੱਕਰ ਨਹੀਂ ਹੈ, ਕੱਪੜਿਆਂ ਦੀ ਵਜ੍ਹਾ ਨਾਲ ਅਸ਼ਟਾਵੱਕਰ ਹੈ।

ਤੁਹਾਡੀ ਜੋ ਵਿਗੜੀ ਹੋਈ ਦਸ਼ਾ ਹੈ, ਉਹ ਵਾਸਨਾਵਾਂ ਦਾ ਜੋ ਘੇਰਾ ਹੈ ਚਾਰ—ਚੁਫੇਰੇ, ਉਸਦੇ ਹੀ ਕਾਰਨ ਹੈ। ਕੋਈ ਵਾਸਨਾ ਟੰਗ ਖਿੱਚ ਰਹੀ ਹੈ, ਕੋਈ ਵਾਸਨਾ ਸਿਰ ਚੁੱਕ ਰਹੀ ਹੈ, ਕੋਈ ਵਾਸਨਾ ਇਕ ਬਾਂਹ ਖਿੱਚ ਰਹੀ ਹੈ; ਤੁਸੀਂ ਖੁਦ ਨੂੰ ਸੰਭਾਲਿਆ ਹੋਇਐ ਬੜੀ ਮੁਸ਼ਕਲ ਸੂਰਤ ਵਿਚ। ਯੋਗੀ ਵੀ ਕੀ ਅਜੇਹੇ ਆਸਣ ਕਰਨਗੇ, ਜੋ ਤੁਸੀਂ ਕਰ ਰਹੇ ਹੋ! ਅਤੇ ਸਾਂਭਿਆ ਹੋਇਐ ਇਸ ਆਸ ਨਾਲ ਕਿ ਕੋਈ ਨਾ ਕੋਈ ਵਾਸਨਾ ਇਸ ਢੰਗ ਨਾਲ ਸ਼ਾਇਦ ਪੂਰੀ ਹੋਵੇਗੀ।

ਇਹ ਜੋ ਮਨੁੱਖ ਦੀ ਜੋ ਦਸ਼ਾ ਹੈ... ਅਤੇ ਜਨਮਾਂ—ਜਨਮਾਂ ਤਕ ਆਦਮੀ ਅਸ਼ਟਾਵੱਕਰ ਰਿਹਾ ਹੈ, ਇਸਲਈ ਵਿਰਾਗ ਦਾ ਸਦਗੁਣ ਬਹੁਤ ਕਠੋਰ ਤੇ ਬੇਰਹਿਮ ਜਾਪਦਾ ਹੈ। ਕਿਉਂਕਿ ਤੁਹਾਡੇ ਅੰਗ—ਅੰਗ ਫਿਰ ਤੋਂ ਸਿੱਧੇ ਕੀਤੇ ਜਾ ਰਹੇ ਹਨ। ਤੁਹਾਡੀ ਵਿਗੜੀ ਹੋਈ ਹਾਲਤ ਨੂੰ ਮੁੜਕੇ ਆਮ ਵਰਗੀ ਕਰਨਾ ਹੈ। ਜੋ ਤੁਸੀਂ ਝੁਕ ਗਏ ਹੋ ਥਾਂ—ਥਾਂ ਤੋਂ, ਉਥੇ—ਉਥੇ ਜੋ ਜੋੜ ਸਖ਼ਤ ਹੋ ਗਏ ਹਨ, ਉਹਨਾਂ ਜੋੜਾਂ ਨੂੰ ਤੋੜਨਾ ਹੈ। ਅਤੇ ਆਦਤਾਂ ਬਣ ਗਈਆਂ ਹਨ ਮਜ਼ਬੂਤ ਵਾਸਨਾ ਦੀਆਂ ਕਿ ਵਿਰਾਗ ਦੇ ਦੁਆਰ ਉਤੇ ਵੀ ਖੜ੍ਹੇ ਹੋ ਕੇ, ਉਹ ਵਾਸਨਾ ਦੀਆਂ ਆਦਤਾਂ ਤੁਹਾਨੂੰ ਆਪਣੇ ਢੰਗ ਨਾਲ ਝੁਕਾਉਂਦੀਆਂ ਹਨ। ਇਸਲਈ ਬੇਰਹਿਮ ਤੇ ਸਖ਼ਤ ਲਗਦਾ ਹੈ। ਜਿਵੇਂ ਕਿਸੇ ਆਦਮੀ ਦੇ ਸਰੀਰ ਦੀਆਂ ਹੱਡੀਆਂ ਸਭ ਗਲਤ ਢੰਗ ਨਾਲ ਜੁੜ ਗਈਆਂ ਹੋਣ, ਤਾਂ ਫਿਰ ਉਹਨਾਂ ਨੂੰ ਮੁੜ ਕੇ ਤੋੜਨਾ ਪਵੇ ਤੇ ਫਿਰ ਤੋਂ ਜੋੜਨਾ ਪਵੇ, ਅਤੇ ਜੋੜ ਦੇ ਬਾਅਦ ਪਲੱਸਤਰ

ਬੰਨ੍ਹਣੇ ਪੈਣ ਕਿ ਕਿਤੇ ਉਹ ਫਿਰ ਗਲਤ ਟੇਢੀਆਂ-ਵਿੰਗੀਆਂ ਨਾ ਜੁੜ ਜਾਣ।

ਕਰੀਬ-ਕਰੀਬ ਇਹੀ ਕੰਮ ਵਿਰਾਗ ਨੂੰ ਕਰਨਾ ਪੈਂਦਾ ਹੈ। ਕਿਉਂਕਿ ਤੁਹਾਡੀ ਜਨਮਾਂ-ਜਨਮਾਂ 'ਚ ਸਾਰੀ ਵਿਵਸਥਾ ਗੜਬੜ ਜੁੜ ਗਈ ਹੈ। ਜੋ ਜਿਥੇ ਹੋਣਾ ਚਾਹੀਦਾ ਹੈ, ਉਥੇ ਨਹੀਂ ਹੈ ਅਤੇ ਜਿਥੇ ਨਹੀਂ ਹੋਣਾ ਚਾਹੀਦਾ, ਉਥੇ ਹੈ। ਜਿਨ੍ਹਾਂ ਅੰਗਾਂ ਦਾ ਜੋ ਰੂਪ ਤੁਸੀਂ ਸਮਝ ਰਹੇ ਹੋ, ਜਿਹੋ-ਜਿਹਾ ਤੁਹਾਡੇ ਕੋਲ ਹੈ, ਉਹ ਉਹਨਾਂ ਦਾ ਸੁਭਾਵਕ ਰੂਪ ਨਹੀਂ ਹੈ-ਪਰਵਰਟਿਡ, ਵਿਗੜਿਆ ਹੋਇਆ ਰੂਪ ਹੈ। ਸਭ ਚੀਜ਼ਾਂ ਵਿਗੜ ਗਈਆਂ ਹਨ; ਰਾਗ ਨੇ ਸਭ ਵਿਗਾੜ ਦਿਤਾ ਹੈ। ਅਤੇ ਰਾਗ ਦੀ ਦੌੜ ਵਿਚ ਆਦਮੀ ਵਿਗੜਨ ਨੂੰ ਤਿਆਰ ਹੈ।

ਸਿਕੰਦਰ ਅਫਲਾਤੂਨ ਦਾ ਸ਼ਿਸ਼ ਸੀ। ਅਫਲਾਤੂਨ ਤੋਂ ਉਹ ਦਰਸ਼ਨ ਸਿੱਖਦਾ ਸੀ। ਲੇਕਿਨ ਸਿਕੰਦਰ ਸੀ ਸਮਰਾਟ ਅਤੇ ਅਫਲਾਤੂਨ ਇਕ ਗਰੀਬ ਦਾਰਸ਼ਨਿਕ ਸੀ। ਇਕ ਦਿਨ ਸਿਕੰਦਰ ਨੇ ਉਸਨੂੰ ਕਿਹਾ ਕਿ ਤੂੰ ਘੋੜਾ ਬਣ ਜਾ, ਅਤੇ ਮੈਂ ਤੇਰੇ ਉਪਰ ਸਵਾਰੀ ਕਰਨਾ ਚਾਹੁੰਦਾ ਹਾਂ। ਤਾਂ ਅਫਲਾਤੂਨ ਨੂੰ ਉਸਨੇ ਘੋੜਾ ਬਣਾ ਦਿਤਾ, ਜਿਵੇਂ ਬੱਚੇ ਬਣਾ ਲੈਂਦੇ ਹਨ। ਅਤੇ ਅਫਲਾਤੂਨ ਉਤੇ ਸਵਾਰੀ ਕੀਤੀ। ਉਸਦੇ ਦਸ-ਪੰਜ ਦਰਬਾਰੀ ਜੋ ਮੌਜੂਦ ਸਨ, ਉਹਨਾਂ ਨੂੰ ਉਸਨੇ ਕਿਹਾ, ਦੇਖੋ ਗਿਆਨੀ ਦੀ ਦਸ਼ਾ! ਇਹ ਗਿਆਨੀ ਮੈਨੂੰ ਸਿਖਾਉਣ ਚਲਿਆ ਹੈ। ਤਾਂ ਅਫਲਾਤੂਨ ਨੇ ਕਿਹਾ ਕਿ ਮੇਰੀਆਂ ਹੀ ਵਾਸਨਾਵਾਂ ਦੀ ਵਜ੍ਹਾ ਨਾਲ ਮੇਰੀ ਇਹ ਦਸ਼ਾ ਹੈ, ਜੋ ਤੇਰਾ ਘੋੜਾ ਬਣਿਆ ਹਾਂ। ਮੈਂ ਤੈਨੂੰ ਗਿਆਨ ਸਿਖਾ ਕੇ ਵੀ ਸੌਦਾ ਹੀ ਕਰ ਰਿਹਾ ਹਾਂ, ਉਸ ਤੋਂ ਵੀ ਮੈਂ ਕੁਝ ਪਾਣਾ ਹੀ ਚਾਹੁੰਦਾ ਹਾਂ। ਉਹ ਪਾਣ ਦੀ ਚਾਹਤ ਹੀ ਇਸ ਹਾਲਤ ਵਿਚ ਲੈ ਆਈ ਕਿ ਤੂੰ ਮੇਰੇ ਸਿਰ 'ਤੇ ਬੈਠ ਗਿਆ ਹੈਂ। ਮੇਰੀ ਚਾਹ ਨੇ ਹੀ ਮੈਨੂੰ ਘੋੜਾ ਬਣਾ ਦਿਤਾ, ਤੂੰ ਨਹੀਂ। ਤੂੰ ਕੀ ਕਰ ਸਕਦਾ ਹੈਂ ਮੇਰੀ ਵਾਸਨਾ ਨੇ ਹੀ ਮੈਨੂੰ ਨੀਵੇਂ ਡੇਗਿਆ ਹੈ, ਤੂੰ ਮੈਨੂੰ ਨੀਵੇਂ ਨਹੀਂ ਡੇਗ ਸਕਦਾ ਹੈਂ।

ਇਸ ਜਗਤ ਵਿਚ ਜੋ ਵੀ ਤੁਹਾਡੀ ਦਸ਼ਾ ਹੈ, ਉਹ ਤੁਹਾਡੀ ਹੀ ਵਾਸਨਾ ਦੇ ਕਾਰਨ ਹੈ। ਅਤੇ ਇਸਲਈ ਵਿਰਾਗ ਬਹੁਤ ਕਠੋਰ ਜਾਪਦਾ ਹੈ। ਕਿਉਂਕਿ ਉਹ ਤੁਹਾਡੀ ਪੂਰੀ ਦਸ਼ਾ ਨੂੰ ਤੋੜੇਗਾ, ਤੁਹਾਨੂੰ ਮੁੜ ਕੇ ਬਣਾਏਗਾ, ਤੁਹਾਨੂੰ ਮਿਟਾਏਗਾ, ਤੋੜੇਗਾ, ਅਤੇ ਨਵੀਂ ਉਸਾਰੀ ਕਰੇਗਾ। ਅਤੇ ਜੇਕਰ ਜ਼ਰਾ-ਜਿੰਨੀ ਵੀ ਪੁਰਾਣੀ ਆਦਤ ਪ੍ਰਵੇਸ਼ ਕਰ ਗਈ, ਤਾਂ ਤੁਸੀਂ ਇਸ ਦੁਆਰ ਤਕ ਜੋ ਪ੍ਰਾਪਤੀ ਕੀਤੀ ਹੈ-ਦਾਨ, ਸ਼ੀਲ, ਕ਼ਾਂਤੀ-ਉਹ ਸਭ ਖੋ ਜਾਏਗੀ ਅਤੇ ਤੁਸੀਂ ਵਾਪਸ ਉਸ ਥਾਂ ਖੜ੍ਹੇ ਹੋ ਜਾਉਗੇ, ਜਿਥੋਂ ਤੁਸੀਂ ਯਾਤਰਾ ਸ਼ੁਰੂ ਕੀਤੀ ਸੀ। ਇਸਲਈ ਵਿਰਾਗ ਦੇ ਨਾਲ ਅਤੀ ਸਾਵਧਾਨ ਹੋਣਾ ਜ਼ਰੂਰੀ ਹੈ।

'ਤੈਨੂੰ ਆਪਣੇ-ਆਪ ਨੂੰ ਸ਼ੁਧ-ਆਲਯ (ਪਰਮਾਤਮਾ) ਨਾਲ ਪੂਰਨ ਤ੍ਰਿਪਤ ਕਰ ਲੈਣਾ ਅਤੇ ਕੁਦਰਤ ਦੇ ਆਤਮਭਾਵ ਦੇ ਨਾਲ ਇਕ ਹੋਣਾ ਪੈਣਾ ਹੈ। ਇਸਦੇ ਨਾਲ ਇਕ ਹੋ ਕੇ ਤੂੰ ਅਜਿੱਤ ਹੈਂ। ਵਖਰਾ ਰਹਿ ਕੇ ਤੂੰ ਸਮਵ੍ਰਿਤੀ ਦਾ ਖੇਡ-ਸਥਾਨ ਬਣ ਜਾਂਦਾ ਹੈਂ, ਜੋ ਸੰਸਾਰ ਦੇ ਸਮੁੱਚੇ ਭੁਲੇਖਿਆਂ ਦਾ ਮੂਲ ਸੋਮਾ ਹੈ।'

ਸ਼ੁਧ-ਆਲਯ ਪਰਮਾਤਮਾ ਦੇ ਨਾਲ ਆਪਣੇ-ਆਪ ਨੂੰ ਪੂਰਨ ਤ੍ਰਿਪਤ ਕਰ ਲੈਣਾ ਹੈ।

ਵਾਸਨਾ ਦਾ ਅਰਥ ਹੈ, ਜੋ ਮਿਲਿਆ ਹੈ, ਉਸ ਤੋਂ ਅਸੀਂ ਤ੍ਰਿਪਤ ਨਹੀਂ। ਜੋ ਹੈ, ਉਸ ਤੋਂ ਅਸੀਂ ਤ੍ਰਿਪਤ ਨਹੀਂ। ਅਸੀਂ ਵਜੂਦ ਨੂੰ ਕਹਿੰਦੇ ਹਾਂ ਕਿ ਇੰਨਾ ਕਾਫੀ ਨਹੀਂ, ਇਹ ਹੋਰ ਚਾਹੀਦੈ, ਇਹ ਹੋਰ ਚਾਹੀਦੈ। ਵਜੂਦ ਤੋਂ ਸਾਡੀ ਮੰਗ ਹੈ ਕਿ ਅਸੀਂ ਤ੍ਰਿਪਤ ਹੋਵਾਂਗੇ ਤਦ, ਜਦ ਇਹ ਸਭ ਹੋ ਜਾਵੇ। ਵਜੂਦ ਨੇ ਜੋ ਦਿਤਾ ਹੈ, ਉਸ ਨਾਲ ਅਸੀਂ ਰਾਜ਼ੀ ਨਹੀਂ। ਅਤੇ ਵਜੂਦ ਨੇ

ਸਭ ਦਿਤਾ ਹੈ—ਜੀਵਨ ਦਿਤਾ ਹੈ, ਅਤੇ ਜੀਵਨ ਦੇ ਨਿਆਰੇ ਰਹੱਸ ਦਿਤੇ ਹਨ, ਅਤੇ ਜੀਵਨ ਦੀ ਬੜੀ ਗਹਿਰਾਈ ਦਿਤੀ ਹੈ, ਅਤੇ ਜੀਵਨ ਦਾ ਪਰਮ-ਅਨੰਦ ਛੁਪਾ ਰਖਿਆ ਹੈ ਤੁਹਾਡੇ ਅੰਦਰ। ਲੇਕਿਨ ਉਹ ਤਦ ਖੁਲ੍ਹੇਗਾ ਜਦ ਤੁਸੀਂ ਰਾਜ਼ੀ ਹੋ ਜਾਵੋ ਵਜੂਦ ਨਾਲ। ਤੁਹਾਨੂੰ ਤਾਂ ਉਸਨੂੰ ਦੇਖਣ ਦੀ ਵਿਹਲ ਹੀ ਨਹੀਂ ਕਿ ਵਜੂਦ ਨੇ ਕੀ ਦਿਤਾ ਹੈ! ਤੁਸੀਂ ਤਾਂ ਮੰਗ ਕਰੀ ਜਾ ਰਹੇ ਹੋ ਕਿ ਇਹ ਦੇ, ਇਹ ਦੇ, ਇਹ ਦੇ। ਇਸ ਦੇਣ ਦੀ ਮੰਗ ਵਿਚ ਹੀ ਉਹ ਛੁਪ ਗਿਆ ਹੈ ਜੋ ਦਿਤਾ ਹੀ ਹੋਇਆ ਹੈ। ਅਤੇ ਤੁਹਾਨੂੰ ਪਤਾ ਨਹੀਂ, ਜੋ ਤੁਸੀਂ ਮੰਗ ਰਹੇ ਹੋ, ਉਹ ਕੁਝ ਵੀ ਨਹੀਂ ਹੈ, ਜੋ ਤੁਹਾਨੂੰ ਮਿਲਿਆ ਹੀ ਹੋਇਆ ਹੈ, ਉਸਦੇ ਸਾਹਮਣੇ; ਜੋ ਤੁਸੀਂ ਮੰਗ ਰਹੇ ਹੋ, ਉਹ ਕੁਝ ਵੀ ਨਹੀਂ।

ਇਕ ਬਹੁਤ ਅਰਬਪਤੀ ਔਰਤ ਨੇ ਇਕ ਗਰੀਬ ਚਿੱਤਰਕਾਰ ਤੋਂ ਆਪਣਾ ਚਿੱਤਰ ਬਣਵਾਇਆ, ਪੋਟ੍ਰੇਟ ਬਣਵਾਇਆ। ਚਿੱਤਰ ਬਣ ਗਿਆ, ਤਾਂ ਉਹ ਅਮੀਰ ਔਰਤ ਆਪਣਾ ਚਿੱਤਰ ਲੈਣ ਆਈ। ਉਹ ਬਹੁਤ ਖ਼ੁਸ਼ ਸੀ। ਚਿੱਤਰਕਾਰ ਨੂੰ ਉਸਨੇ ਕਿਹਾ, ਕਿ ਕੀ ਉਸਦਾ ਇਨਾਮ ਦਿਆਂ? ਚਿੱਤਰਕਾਰ ਗਰੀਬ ਆਦਮੀ ਸੀ। ਗਰੀਬ ਆਦਮੀ ਵਾਸਨਾ ਵੀ ਕਰੇ ਤਾਂ ਕਿੰਨੀ ਵਡੀ ਕਰੇ, ਮੰਗੇ ਵੀ ਤਾਂ ਕਿੰਨਾ ਮੰਗੇ?

ਸਾਡੀ ਮੰਗ, ਸਭ ਗਰੀਬ ਆਦਮੀ ਦੀ ਮੰਗ ਹੈ ਪਰਮਾਤਮਾ ਪਾਸੋਂ। ਅਸੀਂ ਜੋ ਮੰਗ ਰਹੇ ਹਾਂ, ਉਹ ਨਿਗੂਣਾ ਹੈ। ਜਿਸ ਤੋਂ ਮੰਗ ਰਹੇ ਹਾਂ, ਉਸ ਤੋਂ ਇਹ ਗੱਲ ਮੰਗਣੀ ਨਹੀਂ ਚਾਹੀਦੀ।

ਤਾਂ ਉਸਨੇ ਸੋਚਿਆ ਮਨ ਵਿਚ ਕਿ ਸੌ ਡਾਲਰ ਮੰਗਾਂ, ਦੋ ਸੌ ਡਾਲਰ ਮੰਗਾਂ, ਪੰਜ ਸੌ ਡਾਲਰ ਮੰਗਾਂ। ਫਿਰ ਉਸਦੀ ਹਿੰਮਤ ਡਿਗਣ ਲਗੀ। ਇੰਨਾ ਦੇਵੇਗੀ, ਨਹੀਂ ਦੇਵੇਗੀ! ਫਿਰ ਉਸਨੇ ਸੋਚਿਆ ਕਿ ਬਿਹਤਰ ਇਹ ਹੋਵੇ ਕਿ ਇਸੇ 'ਤੇ ਛਡ ਦਿਆਂ, ਸ਼ਾਇਦ ਜਿਆਦਾ ਦੇਵੇ। ਡਰ ਤਾਂ ਲਗਿਆ ਮਨ ਵਿਚ ਕਿ ਇਸ ਉਤੇ ਛਡ ਦਿਆਂ, ਪਤਾ ਨਹੀਂ ਦੇਵੇ ਜਾਂ ਨਾ ਦੇਵੇ, ਜਾਂ ਕਿਤੇ ਘਟ ਦੇਵੇ ਅਤੇ ਇਕ ਦਫਾ ਛਡ ਦਿਤਾ ਤਾਂ ਫਿਰ! ਤਾਂ ਉਸਨੇ ਫਿਰ ਵੀ ਹਿੰਮਤ ਕੀਤੀ। ਉਸਨੇ ਕਿਹਾ ਕਿ ਤੁਹਾਡੀ ਜੋ ਮਰਜੀ। ਤਾਂ ਉਸਦੇ ਹੱਥ ਵਿਚ ਉਸਦਾ ਜੋ ਬੈਗ ਸੀ, ਪਰਸ ਸੀ, ਉਸਨੇ ਕਿਹਾ, ਤਾਂ ਅੱਛਾ ਤਾਂ ਇਹ ਪਰਸ ਤੂੰ ਰਖ ਲੈ। ਇਹ ਬੜਾ ਕੀਮਤੀ ਪਰਸ ਹੈ।

ਪਰਸ ਤਾਂ ਕੀਮਤੀ ਸੀ, ਲੇਕਿਨ ਚਿੱਤਰਕਾਰ ਦੀ ਛਾਤੀ ਬੈਠ ਗਈ ਕਿ ਪਰਸ ਨੂੰ ਰਖ ਕੇ ਕਰਾਂਗਾ ਵੀ ਕੀ? ਮੰਨਿਆ ਕਿ ਕੀਮਤੀ ਹੈ ਤੇ ਸੁੰਦਰ ਹੈ, ਪਰ ਇਸ ਨਾਲ ਕੁਝ ਆਉਂਦਾ-ਜਾਂਦਾ ਨਹੀਂ। ਇਸ ਤੋਂ ਤਾਂ ਬਿਹਤਰ ਸੀ ਕੁਝ ਸੌ ਡਾਲਰ ਹੀ ਮੰਗ ਲੈਂਦੇ। ਤਾਂ ਉਸਨੇ ਕਿਹਾ, ਨਹੀਂ-ਨਹੀਂ, ਮੈਂ ਪਰਸ ਦਾ ਕੀ ਕਰਾਂਗਾ, ਤੁਸੀਂ ਕੋਈ ਸੌ ਡਾਲਰ ਦੇ ਦਿਉ। ਉਸ ਔਰਤ ਨੇ ਕਿਹਾ, ਤੇਰੀ ਮਰਜੀ। ਉਸਨੇ ਪਰਸ ਖੋਲ੍ਹਿਆ, ਉਸ ਵਿਚ ਇਕ ਲੱਖ ਡਾਲਰ ਸਨ, ਉਸਨੇ ਸੌ ਡਾਲਰ ਕਢ ਕੇ ਚਿੱਤਰਕਾਰ ਨੂੰ ਦੇ ਦਿਤੇ ਅਤੇ ਪਰਸ ਲੈ ਕੇ ਉਹ ਚਲੀ ਗਈ।

ਸੁਣਿਆ ਹੈ ਕਿ ਚਿੱਤਰਕਾਰ ਹੁਣ ਵੀ ਛਾਤੀ ਪਿੱਟ ਰਿਹਾ ਹੈ ਅਤੇ ਰੋ ਰਿਹਾ ਹੈ—ਮਰ ਗਏ, ਮਾਰੇ ਗਏ, ਆਪਣੇ-ਆਪ ਤੋਂ ਹੀ ਮਾਰੇ ਗਏ!

ਆਦਮੀ ਕਰੀਬ-ਕਰੀਬ ਇਸ ਹਾਲਤ ਵਿਚ ਹੈ। ਪਰਮਾਤਮਾ ਨੇ ਜੋ ਦਿਤਾ ਹੈ, ਉਹ ਬੰਦ ਹੈ, ਛੁਪਿਆ ਹੈ। ਅਤੇ ਅਸੀਂ ਮੰਗੀ ਜਾ ਰਹੇ ਹਾਂ—ਦੋ-ਦੋ ਪੈਸੇ, ਦੋ-ਦੋ ਕੌਡੀ ਦੀ ਗੱਲ। ਅਤੇ ਉਹ ਜੀਵਨ ਦੀ ਜੋ ਸੰਪਦਾ ਉਸਨੇ ਸਾਨੂੰ ਦਿਤੀ ਹੈ,

ਉਸ ਪਰਸ ਨੂੰ ਅਸੀਂ ਖੋਲ੍ਹ ਕੇ ਦੇਖਿਆ ਵੀ ਨਹੀਂ ਹੈ।

ਸਵੀਕਾਰ, ਵਜੂਦ ਦਾ ਸਵੀਕਾਰ—ਇਹ ਅਰਥ ਹੈ ਪੂਰਨ ਤ੍ਰਿਪਤੀ ਦਾ।

ਜੋ ਮਿਲਿਆ ਹੈ, ਉਹ ਜੋ ਤੁਸੀਂ ਮੰਗ ਸਕਦੇ ਹੋ, ਉਸ ਤੋਂ ਅਨੰਤ ਗੁਣਾ ਜ਼ਿਆਦਾ ਹੈ। ਲੇਕਿਨ ਮੰਗ ਤੋਂ ਫੁਰਸਤ ਹੋਵੇ, ਤਾਂ ਦਿਖਾਈ ਪਵੇ, ਉਹ ਜੋ ਮਿਲਿਆ ਹੈ।

ਭਿਖਾਰੀ ਆਪਣੇ ਘਰ ਆਵੇ, ਤਾਂ ਪਤਾ ਲਗੇ ਕਿ ਘਰ ਵਿਚ ਕੀ ਛੁਪਿਆ ਹੈ। ਉਹ ਆਪਣਾ ਭੀਖ ਦਾ ਕਾਸਾ ਲਈ ਬਜ਼ਾਰ ਵਿਚ ਹੀ ਖੜ੍ਹਾ ਹੈ! ਉਹ ਹੌਲੀ-ਹੌਲੀ ਭੁੱਲ ਹੀ ਜਾਂਦਾ ਹੈ, ਭੀਖ ਦਾ ਕਾਸਾ ਹੀ ਹੱਥ ਵਿਚ ਰਹਿ ਜਾਂਦਾ ਹੈ। ਇਸ ਭੀਖ ਦੇ ਕਾਸੇ ਨੂੰ ਫੜੀ ਭਟਕਦੇ-ਭਟਕਦੇ ਜਨਮਾਂ-ਜਨਮਾਂ ਵਿਚ ਵੀ ਕੁਝ ਨਹੀਂ ਮਿਲਿਆ। ਕੁਝ ਮਿਲੇਗਾ ਨਹੀਂ।

'ਤੈਨੂੰ ਆਪਣੇ ਸ਼ੁੱਧ-ਆਲਯ ਤੋਂ ਪੂਰਨਤ੍ਰਿਪਤੀ ਕਰ ਲੈਣੀ ਪੈਣੀ ਹੈ—ਪਰਮ ਸੱਤਾ ਤੋਂ, ਅਤੇ ਕੁਦਰਤ ਦੇ ਆਤਮਭਾਵ ਨਾਲ ਇਕ ਹੋ ਜਾਣਾ ਹੈ।'

ਮੰਗ ਛਡ, ਇਹ ਮੰਗ ਹੀ ਕੁਦਰਤ ਨਾਲੋਂ ਤੋੜਦੀ ਹੈ। ਇਹ ਜੋ ਹੈ, ਉਸਦੇ ਨਾਲ ਹੀ ਰਾਜ਼ੀ ਹੋ ਜਾ। ਰਾਜ਼ੀ ਹੁੰਦਿਆਂ ਹੀ ਰਹੱਸ ਖੁਲ੍ਹਣੇ ਸ਼ੁਰੂ ਹੋ ਜਾਂਦੇ ਹਨ; ਕਿਉਂਕਿ ਅੱਖ ਤਦ ਅੱਗੇ ਮੰਗਣ ਦੇ ਲਈ ਨਹੀਂ ਉਲਝਦੀ; ਖੁਲ੍ਹ ਜਾਂਦੀ ਹੈ, ਮੁਕਤ ਹੋ ਜਾਂਦੀ ਹੈ। ਫਿਰ ਅਸੀਂ ਦੇਖ ਸਕਦੇ ਹਾਂ—ਜੋ ਹੈ।

'ਇਸਦੇ ਨਾਲ ਇਕ ਹੋ ਕੇ ਤੂੰ ਅਜਿੱਤ ਹੈਂ, ਫਿਰ ਤੇਰੀ ਕੋਈ ਹਾਰ ਨਹੀਂ। ਵਖਰਾ ਰਹਿ ਕੇ ਤੂੰ ਸਮਵ੍ਰਿੱਤੀ ਦਾ ਖੇਡ-ਸਥਾਨ ਬਣ ਜਾਂਦਾ ਹੈਂ, ਜੋ ਸੰਸਾਰ ਦੇ ਸਮੁੱਚੇ ਭੁਲੇਖਿਆਂ ਦਾ ਮੂਲ ਸੋਮਾ ਹੈ।'

ਸਮਵ੍ਰਿੱਤੀ ਦਾ ਅਰਥ ਹੈ: ਮਾਯਾ।

ਜਿਵੇਂ ਸ਼ੰਕਰ ਨੇ ਕਿਹਾ ਹੈ ਕਿ ਦੋ ਤਰ੍ਹਾਂ ਦੇ ਸੱਚ ਹਨ—ਪਰਮਾਰਥਕ ਸੱਚ ਅਤੇ ਵਿਵਹਾਰਕ ਸੱਚ। ਉਵੇਂ ਬੁੱਧ ਨੇ ਕਿਹਾ ਹੈ ਕਿ ਦੋ ਤਰ੍ਹਾਂ ਦੇ ਸੱਚ ਹਨ—ਪਰਮਾਰਥਕ ਸੱਚ ਅਤੇ ਸਮਵ੍ਰਿੱਤੀ ਸੱਚ। ਸਮਵ੍ਰਿੱਤੀ ਸੱਚ ਦਾ ਉਹੀ ਅਰਥ ਹੈ, ਜੋ ਸ਼ੰਕਰ ਦੀ ਭਾਸ਼ਾ ਵਿਚ ਮਾਯਾ ਦਾ ਹੈ। ਜਿਵੇਂ ਹੀ ਆਦਮੀ ਨੇ ਮੰਗਿਆ ਕਿ ਉਹ ਮਾਯਾ ਦੇ ਜਗਤ ਵਿਚ ਪ੍ਰਵੇਸ਼ ਕਰ ਗਿਆ। ਮੰਗ ਦੇ ਨਾਲ ਹੀ ਤੁਸੀਂ ਮੰਗਤੇ ਬਣ ਗਏ। ਹੁਣ ਤੁਸੀਂ ਸੁਫਨਿਆਂ ਵਿਚ ਭਟਕੋਗੇ।

ਮੰਗ ਸੁਫਨਿਆਂ ਦਾ ਦੁਆਰ ਹੈ।

ਜਿਵੇਂ ਹੀ ਤੁਸੀਂ ਮੰਗਣਾ ਬੰਦ ਕਰ ਦਿਤਾ, ਤੁਸੀਂ ਸਮਰਾਟ ਹੋ ਗਏ, ਮਾਯਾ ਦੇ ਬਾਹਰ ਹੋ ਗਏ। ਜੋ ਹੈ ਪਰਮਾਰਥਕ ਸੱਚ, ਉਹ ਪਰਗਟ ਹੋਣਾ ਸ਼ੁਰੂ ਹੋ ਜਾਏਗਾ।

ਅਤੇ ਜਦ ਤਕ ਅਸੀਂ ਕਹਿੰਦੇ ਹਾਂ, ਅਜੇਹਾ ਹੋਣਾ ਚਾਹੀਦਾ ਹੈ, ਤਦ ਤਕ ਅਸੀਂ ਸੁਫਨੇ ਬਣਾ ਰਹੇ ਹਾਂ, ਤਦ ਤਕ ਅਸੀਂ ਮਾਯਾ ਵਿਚ ਜਿਉਂ ਰਹੇ ਹਾਂ।

ਨੌਂਵਾਂ ਪ੍ਰਵਚਨ

ਸੁਆਮੀ ਬਣ

ਮਨੁੱਖ ਵਿਚ ਆਲਯ ਅਰਥਾਤ ਵਿਸ਼ਵਾਤਮਾ ਜਾਂ ਪਰਮਾਤਮਾ ਦੇ ਸੁੱਧ ਤੇ ਉਜਲ ਸੱਤਵ ਨੂੰ ਛਡ ਕੇ ਸਭ-ਕੁਝ ਮਰਨਹਾਰਾ ਹੈ। ਮਨੁੱਖ ਉਸਦੀ ਸਫੇਦ ਕਿਰਨ ਹੈ, ਪ੍ਰਕਾਸ਼ ਦੀ ਇਕ ਰੇਖਾ ਜੋ ਅੰਦਰ ਅਪੂਰਵ ਰੂਪ ਨਾਲ ਨਿਰਦੋਸ਼ ਅਤੇ ਬੇਦਾਗ ਹੈ—ਨੀਵੀਂ ਭੂਮੀ 'ਤੇ ਇਕ ਮਿੱਟੀ ਸਰੂਪ। ਉਹ ਪ੍ਰਕਾਸ਼-ਰੇਖਾ ਤੇਰਾ ਜੀਵਨ-ਗੁਰੂ ਅਤੇ ਤੇਰੀ ਸੱਚੀ ਆਤਮਾ ਹੈ—ਦ੍ਰਸ਼ਟਾ ਅਤੇ ਖ਼ਾਮੋਸ਼ ਚਿੰਤਕ। ਅਤੇ ਤੇਰੀ ਨੀਵੀਂ ਆਤਮਾ ਦਾ ਸ਼ਿਕਾਰ ਆਤਮਾ ਸਿਰਫ ਭੁੱਲ ਕਰਨ ਵਾਲੇ ਸਰੀਰ ਵਿਚ ਜ਼ਖਮੀ ਹੁੰਦੀ ਹੈ। ਇਹਨਾਂ ਦੋਨਾਂ ਉੱਤੇ ਕਾਬੂ ਅਤੇ ਮਾਲਕੀ ਕਾਇਮ ਕਰ ਅਤੇ ਤੂੰ ਨੇੜੇ ਜਾਂਦੇ ਹੋਏ ਸੰਤੁਲਣ ਦੇ ਦੁਆਰ ਦੇ ਅੰਦਰ ਜਾਣ ਵਿਚ ਸੁਰੱਖਿਅਤ ਹੈਂ।

ਦੂਜੇ ਤਟ ਨੂੰ ਜਾਣ ਵਾਲੇ ਓ ਦਲੇਰ ਯਾਤਰੀ, ਪ੍ਰਸੰਨ ਰਹਿ। ਕਾਮਦੇਵ ਦੀ ਕਨਸੋਅ 'ਤੇ ਕੰਨ ਨਾ ਧਰ। ਅਤੇ ਅਨੰਤ ਅਕਾਸ਼ ਵਿਚ ਜੋ ਲੁਭਾਉਣ ਵਾਲੀਆਂ ਸ਼ਕਤੀਆਂ ਹਨ, ਜੋ ਦੁਸ਼ਟਭਾਵ ਵਾਲੀਆਂ ਆਤਮਾਵਾਂ ਹਨ, ਜੋ ਵੈਰ ਭਾਵ ਰਖਣ ਵਾਲੀਆਂ ਲੁਮਯੀਂ' ਹਨ, ਉਹਨਾਂ ਤੋਂ ਦੂਰ ਹੀ ਰਹਿ।

ਦ੍ਰਿੜ੍ਹ ਬਣ। ਹੁਣ ਤੂੰ ਮੱਧ ਦੇ ਦੁਆਰ ਦੇ ਨਜ਼ਦੀਕ ਆ ਰਿਹਾ ਹੈਂ, ਜੋ ਕਲੇਸ਼ ਦਾ ਦੁਆਰ ਵੀ ਹੈ, ਜਿਸ ਵਿਚ ਦਸ ਹਜ਼ਾਰ ਨਾਗਪਾਸ ਹਨ।

ਓ ਪੂਰਨਤਾ ਦੇ ਸਾਧਕ ਆਪਣੇ ਵਿਚਾਰਾਂ ਦਾ ਸੁਆਮੀ ਬਣ, ਜੇ ਤੂੰ ਇਸਦੀ ਦੇਹਲੀ ਪਾਰ ਕਰਨੀ ਹੈ।

ਅਤੇ ਜੇ ਤੂੰ ਆਪਣੀ ਮੰਜ਼ਲ 'ਤੇ ਪੁਜਣਾ ਹੈ, ਤਾਂ ਅੰਮ੍ਰਿਤ ਸੱਚ ਦੇ ਖੋਜੀ ਆਪਣੀ ਆਤਮਾ ਦਾ ਸੁਆਮੀ ਬਣ।

ਉਸ ਇਕ ਸ਼ੁੱਧ ਪ੍ਰਕਾਸ਼ ਉੱਤੇ ਆਪਣੀ ਆਤਮ-ਦ੍ਰਿਸ਼ਟੀ ਨੂੰ ਇਕਾਗਰ ਕਰ, ਜੋ ਪ੍ਰਕਾਸ਼ ਸਾਰੇ ਪ੍ਰਭਾਵਾਂ ਤੋਂ ਮੁਕਤ ਹੈ। ਅਤੇ ਆਪਣੀ ਸਵਰਨ-ਕੁੰਜੀ ਦਾ ਪ੍ਰਯੋਗ ਕਰ।

ਕਠਨ ਕਰਮ ਪੂਰਾ ਹੋ ਗਿਆ। ਤੇਰੀ ਮਿਹਨਤ ਪੂਰੀ ਹੋਈ। ਅਤੇ ਉਹ ਪਸਰਿਆ ਹੋਇਆ ਪਤਾਲ ਜਿਸਨੇ ਤੈਨੂੰ ਨਿਗਲਣ ਨੂੰ ਮੂੰਹ ਵੈਲਾਇਆ ਹੋਇਆ ਸੀ, ਲਗਪਗ ਪੂਰ ਦਿਤਾ ਗਿਆ ਹੈ...

ਕੇਂਦਰ ਤੋਂ ਦੇਖੋ, ਤਾਂ ਮਨੁੱਖ ਪਰਮਾਤਮਾ ਹੈ। ਅਤੇ ਮਨੁੱਖ ਨੂੰ ਉਸਦੇ ਦਾਇਰੇ ਦੀ ਤਰਫੋਂ ਦੇਖੋ, ਤਾਂ ਮਨੁੱਖ ਸੰਸਾਰ ਹੈ।

ਬਾਹਰ ਤੋਂ ਪਕੜੋ ਮਨੁੱਖ ਨੂੰ, ਤਾਂ ਪਦਾਰਥ ਹੈ; ਅੰਦਰ ਤੋਂ ਅਮਰ ਜੋਤੀ ਹੈ।

ਮਨੁੱਖ ਦੋ ਦਾ ਮੇਲ ਹੈ—ਆਕਾਰ ਦਾ ਤੇ ਨਿਰਾਕਾਰ ਦਾ

ਅਤੇ ਇਹੀ ਮਨੁੱਖ ਦੀ ਪੀੜ ਵੀ ਹੈ; ਇਹੀ ਉਸਦੀ ਖ਼ੁਸ਼ੀ ਹੈ। ਮਨੁੱਖ ਦੀ ਪੀੜ ਇਹੀ ਹੈ ਕਿ ਉਹ ਇਕ ਨਹੀਂ, ਦੋ ਨਾਲ ਬਣਿਆ ਹੋਇਆ ਹੈ, ਦੋ ਉਲਟ ਤੱਤਾਂ ਨਾਲ। ਇਸਲਈ ਉਸਦੇ ਅੰਦਰ ਲਗਾਤਾਰ ਤਣਾਉ ਹੈ, ਖਿਚਾਅ ਹੈ। ਪਦਾਰਥ ਖਿੱਚਦਾ ਹੈ ਆਪਣੇ ਵਲ, ਆਤਮਾ ਖਿੱਚਦੀ ਹੈ ਆਪਣੇ ਵਲ। ਅਤੇ ਮਨੁੱਖਤਾ ਦੋਨਾਂ ਦੇ ਵਿਚਾਲੇ ਫਸ ਜਾਂਦੀ ਹੈ, ਜਕੜ ਜਾਂਦੀ ਹੈ, ਉਲਝ ਜਾਂਦੀ ਹੈ।

ਜੇਕਰ ਇਕ ਹੀ ਤੱਤ ਹੋਵੇ, ਤਾਂ ਕੋਈ ਤਣਾਉ ਨਾ ਹੋਵੇ। ਮਰੇ ਹੋਏ ਆਦਮੀ ਵਿਚ ਫਿਰ ਕੋਈ ਤਣਾਉ ਨਹੀਂ ਹੁੰਦਾ; ਉਸਦੀ ਦੇਹ ਫਿਰ ਸ਼ਾਂਤ ਹੋ ਜਾਂਦੀ ਹੈ। ਸਮਾਧੀ-ਸਥਿਤ ਆਦਮੀ ਵਿਚ ਵੀ ਫਿਰ ਕੋਈ ਤਣਾਉ ਨਹੀਂ ਹੁੰਦਾ; ਆਤਮਾ ਹੀ ਬਚਦੀ ਹੈ। ਮ੍ਰਿਤਕ ਦੇਹ ਪਈ ਹੋਵੇ, ਤਾਂ ਸਰੀਰ ਬਚਿਆ ਹੈ, ਸਮਾਧੀ-ਸਥਿਤ ਵਿਅਕਤੀ ਪਿਆ ਹੋਵੇ, ਤਾਂ ਉਸਦੇ ਲਈ ਅੰਦਰ ਹੁਣ ਆਤਮਾ ਹੀ ਬਚੀ ਹੈ, ਸਰੀਰ ਭੁੱਲ ਗਿਆ ਹੈ। ਜਦ ਤਕ ਦੋਨੋਂ ਹਨ—ਅਤੇ ਦੋਨਾਂ ਦੇ ਵਿਚਾਲੇ ਅਸੀਂ ਡਾਵਾਂਡੋਲ ਹਾਂ—ਤਦ ਤਕ ਚਿੰਤਾ, ਤਣਾਉ, ਸੰਤਾਪ, ਬੇਚੈਨੀ ਹੈ। ਅਤੇ ਕਿਤੇ ਵੀ ਕੋਈ ਕੰਢਾ ਲਗਦਾ ਪ੍ਰਤੀਤ ਨਹੀਂ ਹੋਵੇਗਾ। ਅਤੇ ਦੋਨੋਂ ਹੀ ਖਿੱਚਦੇ ਹਨ ਆਪਣੇ ਵਲ। ਸੁਭਾਵਕ ਤੌਰ 'ਤੇ ਠੀਕ ਹੈ ਖਿੱਚਣਾ। ਪਦਾਰਥ ਖਿੱਚਦਾ ਹੈ ਹੇਠਾਂ ਵਲ ਨੂੰ; ਆਤਮਾ ਉਠ ਜਾਣਾ ਚਾਹੁੰਦੀ ਹੈ ਉਪਰ ਵਲ।

ਇਉਂ ਸਮਝੋ ਕਿ ਜਿਵੇਂ ਇਕ ਮਿੱਟੀ ਦਾ ਦੀਵਾ ਹੋਵੇ ਅਤੇ ਜਗਦੀ ਹੋਵੇ ਇਕ ਜੋਤ ਉਸ ਵਿਚ ਤਾਂ ਮਿੱਟੀ ਦਾ ਦੀਵਾ ਤਾਂ ਜ਼ਮੀਨ ਦਾ ਹਿੱਸਾ ਹੈ, ਅਤੇ ਜੋਤ ਦੌੜਦੀ ਰਹਿੰਦੀ ਹੈ ਉਪਰ ਵਲ, ਉਹ ਸੂਰਜ ਦਾ ਹਿੱਸਾ ਹੈ। ਮਿੱਟੀ ਦਾ ਦੀਵਾ ਪਿਆ ਹੈ ਹੇਠਾਂ ਜ਼ਮੀਨ ਨਾਲ ਬੱਧਾ ਹੋਇਆ।

ਆਦਮੀ ਦੀ ਦੇਹ ਮਿੱਟੀ ਦੀ ਹੈ। ਉਸਦੇ ਅੰਦਰ ਦਾ ਨਿਵਾਸੀ ਜੋਤਪੂਰਨ ਹੈ। ਉਹ ਅੰਦਰ ਦਾ ਨਿਵਾਸੀ ਉਪਰ ਉਠਣਾ ਚਾਹੁੰਦਾ ਹੈ, ਅਤੇ ਦੇਹ ਹੇਠਾਂ। ਅਤੇ ਆਦਮੀ ਇਹਨਾਂ ਦੋਨਾਂ ਦਾ ਜੋੜ ਹੈ। ਇਸਲਈ ਆਦਮੀ ਜਦ ਤਕ ਆਦਮੀ ਹੈ, ਬੇਚੈਨ ਰਹੇਗਾ। ਆਦਮੀ ਰਹਿੰਦੇ ਹੋਏ ਕੋਈ ਵੀ ਹੱਲ ਨਹੀਂ ਹੈ।

ਦੋ ਤਰ੍ਹਾਂ ਨਾਲ ਹੱਲ ਮਿਲਦਾ ਹੈ। ਜਾਂ ਤਾਂ ਆਦਮੀ ਰਾਜ਼ੀ ਹੋ ਜਾਵੇ, ਸਰੀਰ ਨੂੰ ਪੂਰੀ ਤਰ੍ਹਾਂ ਮੰਨ ਲਵੇ, ਉਪਰ ਦੀ ਯਾਤਰਾ ਛਡ ਦੇਵੇ। ਤਾਂ ਜਿਹੜੇ ਲੋਕ ਬਹੁਤ ਨੀਵਾਂ ਜੀਵਨ ਜੀਂਦੇ ਹਨ, ਉਹਨਾਂ ਦੇ ਬਾਹਰ ਕਿੰਨਾ ਹੀ ਉਪੱਦਰ ਹੁੰਦਾ ਰਹੇ, ਦੂਜਿਆਂ ਵਿਚ ਉਹ ਕਿੰਨੀਆਂ ਹੀ ਤਕਲੀਫਾਂ ਖੜ੍ਹੀਆਂ ਕਰਦੇ ਹੋਣ, ਅੰਦਰ ਇਕ ਅਰਥ ਵਿਚ ਉਹ ਸ਼ਾਂਤ ਹੁੰਦੇ ਹਨ। ਕੈਦਖਾਨਿਆਂ ਵਿਚ ਜਾਉ ਅਤੇ ਅਪਰਾਧੀਆਂ ਦੀਆਂ ਅੱਖਾਂ ਵਿਚ ਦੇਖੋ, ਸਾਧੂ–ਆਸ਼ਰਮਾਂ ਵਿਚ ਬੈਠੇ ਹੋਏ ਸਾਧੂਆਂ ਦੀਆਂ ਅੱਖਾਂ ਤੋਂ ਵਧ ਸ਼ਾਂਤ ਅਪਰਾਧੀਆਂ ਦੀਆਂ ਅੱਖਾਂ ਮਿਲਣਗੀਆਂ। ਕਾਰਨ ਹੈ ਉਸਦਾ, ਉਹਨਾਂ ਨੇ ਲੜਾਈ ਛਡ ਦਿਤੀ ਅਤੇ ਨੀਵੇਂ ਡਿਗਣ ਨੂੰ ਤਿਆਰ ਹੋ ਗਏ। ਉਹ ਜੋ ਉਪਰ ਦੀ ਅਵਾਜ਼ ਹੈ, ਦਬਾ ਦਿਤੀ ਅੰਤ ਹੇਠਾਂ ਦੀ ਸੁਰ ਨਾਲ ਆਪਣਾ ਪੂਰਾ ਤਾਲਮੇਲ ਬਿਠਾ ਲਿਆ। ਅਤੇ ਜਾਂ ਫਿਰ ਉਸ ਵਿਅਕਤੀ ਦੀਆਂ ਅੱਖਾਂ ਵਿਚ ਸ਼ਾਂਤੀ ਮਿਲਦੀ ਹੈ, ਜਿਸਨੇ ਨੀਵੇਂ ਨੂੰ ਜਿੱਤ ਲਿਆ ਅਤੇ ਉਪਰ ਦੀ ਯਾਤਰਾ ਹੀ ਉਸਦਾ ਸਮੱਗਰ ਜੀਵਨ ਬਣ ਗਈ।

ਇਕ ਦੇ ਨਾਲ ਸ਼ਾਂਤੀ ਹੈ; ਦੋ ਦੇ ਨਾਲ ਅਸ਼ਾਂਤੀ ਹੈ।

ਅਤੇ ਅਸੀਂ ਦੋ ਵਿਚ ਹਾਂ। ਆਦਮੀ ਦਾ ਹੋਣਾ ਹੀ ਦੋ ਦੇ ਦਰਮਿਆਨ ਹੈ। ਇਸ ਸੂਤਰ ਨੂੰ ਇਸ ਦ੍ਰਿਸ਼ਟੀ ਤੋਂ ਸਮਝਣ ਦੀ ਕੋਸ਼ਿਸ਼ ਕਰਨਾ।

'ਮਨੁੱਖ ਵਿਚ ਆਲਯ ਦੇ ਸ਼ੁੱਧ ਅਤੇ ਉਜਲੇ ਸੱਤਵ ਨੂੰ ਛਡ ਕੇ ਸਭ–ਕੁਝ ਮਰਨਹਾਰਾ ਹੈ।'

ਆਲਯ ਬੁੱਧ ਦਾ ਬੜਾ ਪਿਆਰਾ ਸ਼ਬਦ ਹੈ। ਆਲਯ ਦਾ ਅਰਥ ਤਾਂ ਹੁੰਦਾ ਹੈ ਘਰ। ਲੇਕਿਨ ਬੁੱਧ ਬੜੇ ਵਿਰਾਟ ਅਰਥਾਂ ਵਿਚ ਉਸਦਾ ਪ੍ਰਯੋਗ ਕਰਦੇ ਹਨ। ਉਹ ਕਹਿੰਦੇ ਹਨ ਕਿ ਸਮੁੱਚੀ ਚੇਤਨਾ ਦਾ ਇਕ ਘਰ ਹੈ, ਇਕ ਆਲਯ ਹੈ, ਇਕ ਸਟੋਰ–ਹਾਊਸ ਹੈ। ਸਾਰੇ ਜਗਤ ਵਿਚ ਜਿੰਨੀਆਂ ਚੇਤਨਾਵਾਂ ਹਨ, ਉਹ ਸਭ ਇਕੱਠੇ ਇਕ ਹੀ ਘਰ ਦੀਆਂ ਕਿਰਨਾਂ ਹਨ, ਇਕ ਹੀ ਸੂਰਜ ਦੀਆਂ ਕਿਰਨਾਂ ਹਨ। ਅਤੇ ਉਹਨਾਂ ਸਭਨਾਂ ਦਾ ਇਕ ਕੇਂਦਰ ਹੈ, ਉਸ ਕੇਂਦਰ ਦਾ ਨਾਂ ਆਲਯ ਹੈ।

ਮਨੁੱਖ ਵਿਚ ਆਲਯ ਅਰਥਾਤ ਵਿਸ਼ਵਾਤਮਾ ਜਾਂ ਪਰਮਾਤਮਾ ਦੇ ਸ਼ੁੱਧ ਤੇ ਉੱਜਲ ਸੱਤਵ ਨੂੰ ਛਡ ਕੇ, ਉਸ ਆਲਯ ਤੋਂ ਤੁਹਾਨੂੰ ਜੋ ਮਿਲਿਆ ਹੈ ਉਸਨੂੰ ਛਡ ਕੇ, ਬਾਕੀ ਸਭ ਤੁਹਾਡੇ ਅੰਦਰ ਮਿੱਟੀ ਹੈ। ਅਤੇ ਜੇ ਤੁਹਾਨੂੰ ਇਸ ਕਿਰਨ

ਦਾ ਕੋਈ ਪਤਾ ਨਾ ਲਗੇ, ਤਾਂ ਤੁਸੀਂ ਆਪਣੀ ਮਿੱਟੀ ਦੀ ਦੇਹ ਨੂੰ ਹੀ ਆਪਣਾ ਵਜੂਦ ਸਮਝਦੇ ਰਹਿੰਦੇ ਹੋ। ਅਤੇ ਤਦ ਜੀਵਨ ਮਿੱਟੀ ਦਾ ਡਿਗਣਾ ਤੇ ਮਿੱਟੀ ਦਾ ਉਠਣਾ ਹੋ ਜਾਂਦਾ ਹੈ।

ਅਤੇ ਕਿਰਨ ਨੂੰ ਲਭਣਾ ਅਤਿ ਕਠਨ ਇਸਲਈ ਹੋ ਗਿਆ ਹੈ—ਕਿ ਮਿੱਟੀ ਬਹੁਤ ਹੈ ਅਤੇ ਕਿਰਨ ਬਹੁਤ ਸੂਖਮ ਤੇ ਛੋਟੀ ਹੈ। ਅਨੁਪਾਤ ਮਿੱਟੀ ਦਾ ਬਹੁਤ ਜ਼ਿਆਦਾ ਹੈ। ਉਹ ਜੋ ਜੀਵਨ ਦੀ ਕਿਰਨ ਹੈ, ਬੜੀ ਮੱਧਮ ਤੇ ਬੜੀ ਛੋਟੀ ਹੈ। ਉਹ ਜੋ ਤੁਹਾਡੇ ਅੰਦਰ ਤੁਹਾਡੀ ਆਤਮਾ ਹੈ, ਅਤਿ ਸੂਖਮ ਹੈ। ਤੁਹਾਡੀ ਦੇਹ ਸਥੂਲ ਹੈ। ਜੋ ਸਥੂਲ ਹੈ, ਉਹ ਦਿਖਾਈ ਪੈਂਦਾ ਹੈ, ਹਰ ਛਿਨ ਅਨੁਭਵ ਵਿਚ ਆਉਂਦਾ ਹੈ। ਜੋ ਸੂਖਮ ਹੈ, ਉਸਦੀ ਅਵਾਜ਼ ਵੀ ਸੁਣਾਈ ਨਹੀਂ ਪੈਂਦੀ। ਉਸਨੂੰ ਸੁਣਨ ਲਈ ਵੀ ਕੰਨਾਂ ਦੀ ਤਿਆਰੀ ਚਾਹੀਦੀ ਹੈ। ਉਸਨੂੰ ਸੁਣਨ ਲਈ ਬਹੁਤ ਧਿਆਨ ਪੂਰਵਕ ਖੋਜ ਕਰਨੀ ਪਏਗੀ। ਅਤੇ ਜਿਸ ਪਾਸੇ ਧਿਆਨ ਜਾਂਦਾ ਹੈ, ਉਹ ਸਾਨੂੰ ਸੁਣਾਈ ਪੈਂਦਾ ਹੈ। ਤੁਸੀਂ ਮੈਨੂੰ ਸੁਣ ਰਹੇ ਹੋ, ਤਾਂ ਤੁਹਾਨੂੰ ਹੋਰ ਕੁਝ ਵੀ ਸੁਣਾਈ ਨਹੀਂ ਪਏਗਾ। ਇਕ ਪੰਛੀ ਜੇਕਰ ਚੀਂ–ਚੀਂ ਕਰ ਰਿਹਾ ਹੋਵੇ, ਤਾਂ ਸੁਣਾਈ ਨਹੀਂ ਪਏਗਾ। ਫਿਰ ਜੇਕਰ ਧਿਆਨ ਦਿਉ, ਤਾਂ ਉਸੇ ਵੇਲੇ ਸੁਣਾਈ ਪੈਣ ਲਗੇਗਾ।

ਆਪਣੇ ਦਿਲ ਦੀ ਧੜਕਣ ਵੀ ਸਥੂਲ ਹੈ; ਉਹ ਬਿਲਕੁਲ ਸੂਖਮ ਨਹੀਂ ਹੈ। ਉਹ ਜੋ ਅੰਦਰ ਆਤਮਾ ਦੀ ਕਿਰਨ ਹੈ, ਉਹ ਤਾਂ ਅਤਿ ਸੂਖਮ ਹੈ। ਕਿਰਨ ਦੀ ਤਾਂ ਚੋਟ ਵੀ ਕੀ ਹੁੰਦੀ ਹੈ। ਅਤੇ ਤੁਸੀਂ ਇਨੇ ਵਾਧੂ ਦੇ ਸ਼ੋਰਗੁਲ ਵਿਚ ਉਲਝੇ ਹੋ, ਅਤੇ ਇੰਨੀਆਂ ਸੂਖਮ ਅਵਾਜ਼ਾਂ ਤੁਹਾਡੇ ਚਾਰ–ਚੁਫੇਰ ਹਨ ਕਿ ਜਦ ਤਕ ਇਸ ਸਭ ਤੋਂ ਧਿਆਨ ਨਾ ਖਿੱਚ ਲਿਆ ਜਾਵੇ, ਅਤੇ ਮੰਨ ਅੰਦਰ ਨਾ ਬੈਠ ਜਾਵੇ, ਤਦ ਤਕ ਸ਼ਾਇਦ ਉਹ ਜੋ ਅੰਦਰ ਦੀ ਕਿਰਨ ਹੈ, ਉਸਦੀ ਕੋਈ ਪ੍ਰਤੀਤੀ ਨਹੀਂ ਹੋਵੇਗੀ।

ਇਸਲਈ ਆਤਮਾ ਦੀ ਅਸੀਂ ਗੱਲ ਕਰਦੇ ਰਹਿੰਦੇ ਹਾਂ, ਪਰ ਆਤਮਾ ਦਾ ਸਾਨੂੰ ਕੋਈ ਪਤਾ ਨਹੀਂ ਲਗਦਾ। ਅਤੇ ਅਸੀਂ ਜਾਣਦੇ ਇਹੀ ਹਾਂ ਕਿ ਸਰੀਰ ਹੀ ਹਾਂ। ਅਤੇ ਮਿੱਟੀ ਮਿੱਟੀ ਵਿਚ ਰਲ ਜਾਏਗੀ। ਡਰ ਲਗਦਾ ਹੈ ਮਿਟਣ ਤੋਂ, ਭੈ ਹੁੰਦਾ ਹੈ, ਤਾਂ ਮੰਨਣ ਦਾ ਮਨ ਹੁੰਦਾ ਹੈ ਕਿ ਆਤਮਾ ਹੋਵੇ। ਅਜੇਹਾ ਅਸੀਂ ਚਾਹੁੰਦੇ ਹਾਂ ਕਿ ਆਤਮਾ ਹੋਵੇ ਅਤੇ ਅਸੀਂ ਨਾ ਮਰੀਏ। ਲੇਕਿਨ ਚਾਹ ਦਾ ਸਵਾਲ ਨਹੀਂ ਹੈ। ਜਿਸਦਾ ਸਾਨੂੰ ਪਤਾ ਹੀ ਨਹੀਂ ਹੈ, ਉਹ ਹੋਵੇ ਵੀ, ਤਾਂ ਉਸਦੇ ਹੋਣ ਨਾਲ ਕੀ ਫਰਕ ਪੈਂਦਾ ਹੈ? ਅਤੇ ਜਿਸਦਾ ਸਾਨੂੰ ਪਤਾ ਹੈ, ਉਹ ਨਾ ਵੀ ਹੋਵੇ, ਤਾਂ ਵੀ ਮੁਸੀਬਤ ਤਾਂ ਉਸ ਤੋਂ ਹੋਵੇਗੀ।

ਗਿਆਨ ਹੀ ਵਜੂਦ ਹੈ।

ਜਿਸਦਾ ਸਾਨੂੰ ਪਤਾ ਨਹੀਂ, ਉਹ ਨਾ ਦੇ ਬਰਾਬਰ ਹੈ। ਹੋਵੇਗਾ ਜਾਂ ਨਹੀਂ ਹੋਵੇਗਾ, ਕੀ ਫਰਕ ਪੈਂਦਾ ਹੈ? ਅਤੇ ਜਿਸਦਾ ਸਾਨੂੰ ਗਿਆਨ ਹੈ, ਨਾ ਵੀ ਹੈ, ਤਾਂ ਵੀ ਉਹ ਸਾਡੇ ਜੀਵਨ ਨੂੰ ਪ੍ਰਭਾਵਤ ਕਰੇਗਾ। ਇਕ ਸੁਫਨੇ ਨੂੰ ਵੀ ਤੁਸੀਂ ਸੱਚ ਮੰਨ ਲਵੋ, ਤਾਂ ਤੁਹਾਡਾ ਜੀਵਨ ਉਸ ਤੋਂ ਪ੍ਰਭਾਵਤ ਹੋ ਜਾਏਗਾ। ਅਤੇ ਤੁਸੀਂ ਇਸ ਸਾਰੇ ਜੀਵਨ ਨੂੰ ਵੀ ਸੁਫਨਾ ਮੰਨ ਲਵੋ, ਤਾਂ ਤੁਸੀਂ ਇਸ ਤੋਂ ਅਣਪ੍ਰਭਾਵਤ ਹੋ ਜਾਉਗੇ।

ਤੁਹਾਡੀ ਮਾਨਤਾ ਵਿਚ ਤੁਹਾਡਾ ਵਜੂਦ ਹੈ, ਅਤੇ ਜਿਹੋ-ਜਿਹੀ ਤੁਸੀਂ ਮੰਨ ਲੈਂਦੇ ਹੋ, ਹੋ ਜਾਂਦਾ ਹੈ।

ਇਹ ਜੋ ਅੰਦਰ ਦੀ ਕਿਰਨ ਹੈ, ਇਹ ਇੰਨੀ ਸੂਖਮ ਹੈ ਕਿ ਜਦ ਤਕ ਸਥੂਲ ਤੋਂ ਸਾਡਾ ਧਿਆਨ ਪੂਰੀ ਤਰ੍ਹਾਂ ਨਾ ਹਟੇ, ਤਦ ਤਕ ਇਹ ਸੁਣਾਈ ਨਹੀਂ ਪਏਗੀ। ਇਸਨੂੰ ਸੁਣਨ ਦੇ ਕਈ ਉਪਾਅ ਹੋ ਸਕਦੇ ਹਨ; ਕਈ ਉਪਾਅ ਹਨ। ਮੇਰੀ ਦ੍ਰਿਸ਼ਟੀ ਵਿਚ ਜਿਹੜਾ ਉਪਾਅ ਸਭ ਤੋਂ ਵਧ ਉਪਯੋਗੀ ਹੋ ਸਕਦਾ ਹੈ, ਉਹ ਇਹ ਹੈ ਕਿ ਪਹਿਲਾਂ ਤੁਸੀਂ ਆਪਣੇ ਆਸ-ਪਾਸ ਪੂਰਾ ਤੂਫਾਨ ਉਠਾ ਲਵੋ। ਇਸਲਈ ਧਿਆਨ ਦੇ ਜਿਹੜੇ ਪ੍ਰਯੋਗ ਮੈਂ ਤੁਹਾਨੂੰ ਕਰਵਾ ਰਿਹਾ ਹਾਂ, ਉਹ ਸਭ ਤੂਫਾਨੀ ਹਨ। ਪੂਰਾ ਤੂਫਾਨ ਉਠਾ ਲਵੋ, ਜਿੰਨਾ ਸ਼ੋਰਗੁਲ ਹੋ ਸਕਦਾ ਹੋਵੇ, ਕਰ ਲਵੋ। ਸਥੂਲ ਦੀਆਂ ਜਿੰਨੀਆਂ ਅਵਾਜ਼ਾਂ ਹੋ ਸਕਦੀਆਂ ਹਨ, ਉਹ ਸਭ ਹੋ ਜਾਣ ਦਿਉ। ਬਾਹਰ ਕੁਝ ਵੀ ਸ਼ਾਂਤ ਨਾ ਰਹਿ ਜਾਵੇ, ਸਭ-ਕੁਝ ਉਪੱਦਰ ਹੋ ਜਾਵੇ, ਸੁਦਾਅ ਚਾਰ-ਚੁਫੇਰੇ ਖੜ੍ਹਾ ਹੋ ਜਾਵੇ, ਤਦ ਅਚਾਨਕ ਰੁਕ ਜਾਣਾ ਕੰਟ੍ਰਾਸਟ ਵਿਚ, ਇਸ ਤੂਫਾਨ ਦੀ ਪਿੱਠਭੂਮੀ ਵਿਚ ਸ਼ਾਇਦ ਛਿਨ-ਭਰ ਲਈ ਤੁਹਾਨੂੰ ਸ਼ਾਂਤੀ ਦੀ ਕਿਰਨ ਦਿਖਾਈ ਪੈ ਜਾਵੇ। ਉਲਟ ਵਿਚ ਦੇਖਣਾ ਅਸਾਨ ਹੁੰਦਾ ਹੈ। ਲੇਕਿਨ ਤਦ ਉਲਟ ਨੂੰ ਅਤੀ ਤਕ ਲੈ ਜਾਣਾ ਜ਼ਰੂਰੀ ਹੈ।

ਜਿਹੜੇ ਲੋਕ ਵਿਸਰਾਮ ਦੀ ਕਲਾ ਦੇ ਸਬੰਧ ਵਿਚ ਖੋਜ ਕਰਦੇ ਹਨ, ਆਰਟ ਆਫ ਰਿਲੈਕਸੇਸ਼ਨ ਦੇ ਸਬੰਧ ਵਿਚ, ਉਹਨਾਂ ਨੇ ਇਕ ਮੌਲਿਕ ਸੂਤਰ ਖੋਜਿਆ ਹੈ, ਇਹ ਅਤਿ ਵਿਗਿਆਨਕ ਹੈ। ਜੇ ਕੋਈ ਤੁਹਾਨੂੰ ਕਹੇ ਕਿ ਸਰੀਰ ਨੂੰ ਢਿੱਲਾ ਛਡ ਦਿਉ, ਵਿਸਰਾਮ ਵਿਚ ਛਡ ਦਿਉ, ਤੁਸੀਂ ਕੀ ਕਰੋਗੇ? ਕਿਵੇਂ ਛਡ ਦਿਉਗੇ? ਐਵੇਂ ਲੇਟ ਜਾਣ ਦਾ ਨਾਂ ਵਿਸਰਾਮ ਨਹੀਂ ਹੈ। ਵਿਸਰਾਮ ਇਕ ਬੜੀ ਹੀ ਨਿਆਰੀ ਅਵਸਥਾ ਹੈ, ਜਿਸਦਾ ਤੁਹਾਨੂੰ ਪਤਾ ਹੀ ਨਹੀਂ। ਤੁਸੀਂ ਜਾਗਣਾ ਜਾਣਦੇ ਹੋ, ਜੋ ਕਿ ਮਿਹਨਤ ਹੈ; ਤੁਸੀਂ ਸੌਣਾ ਜਾਣਦੇ ਹੋ, ਜੋ ਕਿ ਥੱਕਣਾ ਹੈ। ਵਿਸਰਾਮ ਦਾ ਤੁਹਾਨੂੰ ਪਤਾ ਨਹੀਂ ਹੈ। ਜਾਗਣਾ ਮਿਹਨਤ ਹੈ, ਸੌਣਾ ਥੱਕ ਜਾਣਾ ਹੈ। ਇਸਲਈ ਮਜ਼ਦੂਰ ਗਹਿਰਾ ਸੌਂ ਲੈਂਦਾ ਹੈ। ਇਸਲਈ ਨਹੀਂ ਕਿ ਉਸਨੂੰ ਗਹਿਰਾ ਵਿਸਰਾਮ ਪਤਾ ਹੈ; ਇਸਲਈ ਕਿ ਉਹ ਗਹਿਰਾ ਥੱਕ ਜਾਂਦਾ ਹੈ। ਅਮੀਰ ਨਹੀਂ ਸੌਂ ਪਾਂਦਾ, ਕਿਉਂਕਿ ਉਹ ਥੱਕ ਨਹੀਂ ਪਾਂਦਾ। ਸਾਡੀ ਨੀਂਦ ਥਕਾਣ ਹੈ, ਸਿਰਫ ਧਿਆਨੀ ਦੀ ਨੀਂਦ ਵਿਸਰਾਮ ਹੁੰਦੀ ਹੈ। ਅਸੀਂ ਜਿੰਨੇ ਥੱਕ ਜਾਂਦੇ ਹਾਂ, ਉਨੀ ਨੀਂਦ ਵਿਚ ਪੈ ਜਾਂਦੇ ਹਾਂ। ਸਰੀਰ ਜਵਾਬ ਦੇ ਦਿੰਦਾ ਹੈ, ਉਥੇ ਹੋਰ ਮਿਹਨਤ ਨਹੀਂ ਕੀਤੀ ਜਾ ਸਕਦੀ, ਸਰੀਰ ਡਿਗ ਪੈਂਦਾ ਹੈ।

ਥਕਾਣ ਅਤੇ ਮਿਹਨਤ ਦੇ ਵਿਚਾਲੇ, ਮੱਧ ਵਿਚ ਇਕ ਬਿੰਦੂ ਹੈ, ਜੋ ਵਿਸਰਾਮ ਹੈ।

ਲੇਕਿਨ ਅਸੀਂ ਵਿਸਰਾਮ ਵਿਚ ਜਾਈਏ ਕਿਵੇਂ? ਅਸੀਂ ਦੋਨਾਂ ਵਿਚ ਘੁੰਮ ਸਕਦੇ ਹਾਂ—ਮਿਹਨਤ ਕਰ ਸਕਦੇ ਹਾਂ, ਥੱਕ ਸਕਦੇ ਹਾਂ। ਦਰਮਿਆਨ ਵਿਚ ਇਕ ਹੋਰ ਥਾਂ ਹੈ ਅਤੇ ਉਸਦਾ ਕਿਵੇਂ ਪਤਾ ਕਰੀਏ? ਕਦ ਵਿਸਰਾਮ ਦਾ ਛਿਨ ਹੈ।

ਤਾਂ ਵਿਸਰਾਮ ਦੀ ਕਲਾ ਕਹਿੰਦੀ ਹੈ ਕਿ ਪਹਿਲਾਂ ਲੇਟ ਜਾਉ ਅਤੇ ਸਾਰੇ ਸਰੀਰ ਨੂੰ ਜਿੰਨਾ ਤਾਣ ਸਕੋ, ਤਣਾਉ ਨਾਲ ਭਰ ਸਕੋ, ਭਰੋ। ਜਿਵੇਂ ਇਹ ਬਾਂਹ ਹੈ ਮੇਰੀ, ਇਸਨੂੰ ਜੇ ਮੈਂ ਵਿਸਰਾਮ ਵਿਚ ਲਿਜਾਣਾ ਹੈ, ਤਾਂ ਪਹਿਲਾਂ ਮੈਂ ਇਸਨੂੰ ਖਿੱਚਾਂ

ਇਸਦੀ ਨਸ–ਨਸ ਨੂੰ, ਇਸਨੂੰ ਇੰਨਾ ਤਣਾਉ ਨਾਲ ਭਰ ਦਿਆਂ ਕਿ ਇਸ ਤੋਂ ਅੱਗੇ ਤਣਾਉ ਵਿਚ ਜਾਣ ਦਾ ਕੋਈ ਉਪਾਅ ਨਾ ਰਹੇ। ਜਿੰਨਾ ਮੈਂ ਖਿੱਚ ਸਕਾਂ ਇਸ ਬਾਂਹ ਨੂੰ, ਜਿੰਨਾ ਤਾਣ ਸਕਾਂ ਇਸਦਾ ਰੋਮ–ਰੋਮ, ਇਸਦੀ ਚਮੜੀ ਦਾ ਟੁਕੜਾ–ਟੁਕੜਾ, ਇਸਦੇ ਅੰਦਰ ਦੀਆਂ ਨਾੜਾਂ, ਮਾਸ, ਚਰਬੀ, ਖ਼ੂਨ, ਸਭ ਧੂਹਿਆ ਜਾਵੇ। ਅਤੇ ਮੈਂ ਉਸ ਥਾਂ ਆ ਜਾਵਾਂ, ਜਦ ਮੈਂ ਸਮਝ ਰਿਹਾ ਹਾਂ ਕਿ ਹੁਣ ਇਸ ਤੋਂ ਅੱਗੇ ਹੋਰ ਤਣਾਉ ਪੈਦਾ ਨਹੀਂ ਕਤਾ ਜਾ ਸਕਦਾ, ਤਦ ਇਸਨੂੰ ਇਕਦਮ ਨਾਲ ਢਿੱਲਾ ਛਡ ਦਿਆਂ, ਉਹ ਜੋ ਦਬੇ ਹੋਏ ਸਨ ਮਸਲੱਜ਼, ਇਕਦਮ ਢਿਲੇ ਹੋ ਜਾਣਗੇ ਅਤੇ ਉਹਨਾਂ ਦਾ ਪੜਾਅਵਾਰ ਢਿਲੇ ਹੋਣਾ ਤੁਸੀਂ ਮਹਿਸੂਸ ਕਰ ਸਕਦੇ ਹੋ। ਜੇਕਰ ਧਿਆਨ ਪੂਰਵਕ ਬਾਂਹ ਨੂੰ ਤੁਸੀਂ ਮਹਿਸੂਸ ਕਰੋ, ਤਾਂ ਤੁਸੀਂ ਪਾਉਗੇ ਕਿ ਪੌੜੀ–ਪੌੜੀ ਬਾਂਹ ਵਿਸਰਾਮ ਵਿਚ ਜਾ ਰਹੀ ਹੈ, ਅਤੇ ਤਦ ਇਕ ਥਾਂ 'ਤੇ ਆ ਕੇ ਬਾਂਹ ਰੁਕ ਜਾਏਗੀ, ਜਿਸ ਤੋਂ ਹੇਠਾਂ ਨਹੀਂ ਜਾਇਆ ਜਾ ਸਕਦਾ। ਉਹ ਵਿਸਰਾਮ ਦਾ ਛਿਨ ਹੋਵੇਗਾ। ਅਤੇ ਇਸ ਵਿਸਰਾਮ ਨੂੰ ਜਾਣਨਾ ਹੋਵੇ, ਤਾਂ ਤਣਾਉ ਦੀ ਪਿੱਠਭੂਮੀ ਬਣਾਉਣੀ ਪੈਂਦੀ ਹੈ।

ਠੀਕ ਇਹੀ ਸੂਤਰ ਧਿਆਨ ਦੇ ਲਈ ਹੈ ਕਿ ਪਹਿਲਾਂ ਤੁਹਾਡੇ ਅੰਦਰ ਜਿੰਨਾ ਤੂਫਾਨ ਹੋਵੇ ਮਨ ਵਿਚ, ਉਸਨੂੰ ਪੂਰਾ ਉਠਾ ਲਵੋ। ਜਿੰਨਾ ਕਰਨਾ, ਕਿਰਿਆ, ਪੂਰਾ ਉਠਾ ਲਵੋ। ਕੁਝ ਰੱਤੀ–ਭਰ ਵੀ ਛਡਣਾ ਨਾ, ਜੋ ਵੀ ਹੋ ਸਕਦਾ ਹੈ ਤੁਹਾਡੇ ਅੰਦਰ ਪਾਗਲਪਣ, ਸਾਰਾ ਕੱਢ ਲੈਣਾ। ਇਕ ਤੂਫਾਨ ਹੋ ਜਾਵੇ, ਇਕ ਵਾਵਰੋਲਾ, ਇਕ ਹਨੇਰੀ ਅਤੇ ਤਦ ਇਕਦਮ ਨਾਲ ਠਹਿਰ ਜਾਣਾ ਉਸੇ ਵੇਲੇ; ਪੌੜੀ–ਪੌੜੀ, ਇਕ–ਇਕ ਕਦਮ ਉਸ ਥਾਂ ਆ ਜਾਉਗੇ ਜਿਥੇ ਤੁਸੀਂ ਪਾਉਗੇ ਕਿ ਹੁਣ ਵਿਸਰਾਮ ਹੈ।

ਉਸ ਵਿਸਰਾਮ ਦੇ ਛਿਨ ਵਿਚ ਹੀ ਕਦੀ ਤੁਹਾਨੂੰ ਅੰਦਰ ਦੀ ਕਿਰਨ ਦੀ ਪਹਿਲੀ ਦਫਾ ਛੋਹ ਲਗੇਗੀ। ਨਹੀਂ ਕਿਹਾ ਜਾ ਸਕਦਾ ਕਿ ਕਦੋਂ ਹੋਵੇਗਾ। ਇਹ ਅਤੀ ਸੂਖਮ ਹੈ, ਇਸਲਈ ਬਹੁਤੇ ਮੋਟੇ ਨਿਯਮ ਕੰਮ ਨਹੀਂ ਆਉਂਦੇ। ਲੇਕਿਨ ਹੋਵੇਗਾ। ਹੋਇਆ ਹੈ, ਬਹੁਤਿਆਂ ਨੂੰ ਹੋਇਆ ਹੈ, ਤੁਹਾਨੂੰ ਵੀ ਹੋਵੇਗਾ। ਐਪਰ ਹੋਵੇਗਾ, ਉਸ ਦਿਨ, ਜਿਸ ਦਿਨ ਤਾਲਮੇਲ ਬੈਠ ਜਾਏਗਾ। ਤੁਹਾਡਾ ਤੂਫਾਨ ਬਿਲਕੁਲ ਸ਼ਾਂਤ ਹੋਵੇਗਾ, ਅਤੇ ਕੇਂਦਰ ਬਿਲਕੁਲ ਸ਼ਾਂਤੀ ਵਿਚ ਖੜ੍ਹਾ ਹੋਵੇਗਾ। ਅਚਾਨਕ ਕਿਰਨ ਛੋਹ ਜਾਏਗੀ, ਤੁਸੀਂ ਪਹਿਲੀ ਦਫਾ ਆਤਮਾ ਹੋ ਜਾਉਗੇ। ਸੀ ਸਦਾ ਤੋਂ, ਪਰ ਜਿਸਦਾ ਪਤਾ ਹੀ ਨਹੀਂ ਹੈ, ਉਸਦੇ ਹੋਣ ਦਾ ਕੀ ਮਤਲਬ ਹੈ। ਅਤੇ ਜਿਸ ਛਿਨ ਉਹ ਕਿਰਨ, ਜੋ ਸਦਾ ਤੋਂ ਮੌਜੂਦ ਹੈ, ਤੁਹਾਨੂੰ ਦਿਖਾਈ ਪਵੇਗੀ ਤੇ ਅਨੁਭਵ ਵਿਚ ਆ ਜਾਏਗੀ, ਉਸ ਦਿਨ ਹੀ ਦੇਹ ਮਿਟ ਗਈ। ਨਹੀਂ ਕਿ ਤੁਸੀਂ ਮਰ ਜਾਉਗੇ; ਦੇਹ ਚਲੇਗੀ, ਜਾਗੇਗੀ, ਸੌਵੇਗੀ, ਪਰ ਹੁਣ ਤੁਸੀਂ ਦੇਹ ਨਹੀਂ ਹੋ। ਤੁਹਾਡੀ ਇਕਮਿਕਤਾ ਬਦਲ ਗਈ ਹੈ।

ਕਲ੍ਹ ਤਕ ਦੇਹ ਤੋਂ ਲਗਦਾ ਸੀ 'ਮੈਂ' ਹਾਂ, ਅੱਜ ਉਹ ਗੱਲ ਖੋ ਗਈ ਹੈ। ਅੱਜ ਦੇਹ ਦੇ ਅੰਦਰ ਜੋ ਕਿਰਨ ਹੈ ਛੁਪੀ ਹੋਈ ਰਹੱਸ ਦੀ, ਉਹੀ ਤੁਸੀਂ ਹੋ ਗਏ ਹੋ। ਹੁਣ ਇਹ ਦੇਹ ਰਹਿਣਾ ਚਾਹੇ ਇਸਦੀ ਜਰੂਰਤ ਹੈ, ਇਸਦਾ ਉਪਯੋਗ ਹੈ, ਇਸ ਦੀਆਂ

ਲੋੜਾਂ ਹਨ, ਤਾਂ ਉਹ ਵੀ ਪੂਰੀਆਂ ਕਰੇਗੇ। ਲੇਕਿਨ ਹੁਣ ਇਸ ਦੇਹ ਦਾ ਉਪਯੋਗ ਇਕ ਘਰ ਤੋਂ ਜ਼ਿਆਦਾ ਨਹੀਂ ਰਿਹਾ। ਅਤੇ ਇਹ ਘਰ ਵੀ ਇਕ ਵਿਸਰਾਮ-ਘਰ ਹੈ, ਜਿਥੇ ਥੋੜ੍ਹੀ ਦੇਰ ਲਈ ਰੁਕਣਾ ਹੈ। ਅਤੇ ਅਸਲੀ ਘਰ ਤਾਂ ਹੁਣ ਉਹ ਹੋ ਗਿਆ, ਜਿਥੋਂ ਕਿਰਨ ਆਈ। ਅਤੇ ਜਿਥੇ ਕਿਰਨ ਵਾਪਸ ਜਾਵੇ, ਆਪਣੇ ਮੂਲ ਸੋਮੇ ਵਿਚ, ਉੱਗਣ-ਸਥਾਨ ਵਿਚ ਪਰਤ ਜਾਵੇ। ਤਾਂ ਹੀ ਸਾਨੂੰ ਜੀਵਨ ਦੇ ਮੂਲ ਅਧਾਰ ਅਤੇ ਪਰਮ ਰਹੱਸ ਦਾ ਅਨੁਭਵ ਹੋ ਸਕਦਾ ਹੈ।

ਇਸਲਈ ਬੁੱਧ ਨੇ ਉਸਨੂੰ ਆਲਯ ਕਿਹਾ ਹੈ, ਉਸਨੂੰ ਅਸਲੀ ਘਰ ਕਿਹਾ ਹੈ, ਜਿਥੇ ਪਰਤੇਗੀ ਮੂਲ ਸੋਮੇ, ਮੂਲ ਉਦਗਮ ਵਿਚ, ਜਿਵੇਂ ਗੰਗਾ ਗੰਗੋਤ੍ਰੀ ਵਿਚ ਪਰਤ ਜਾਵੇ। ਇਉਂ ਜਿਸ ਦਿਨ ਤੁਹਾਡੀ ਕਿਰਨ ਦੇ ਸਹਾਰੇ ਨੂੰ ਪਕੜ ਕੇ ਤੁਸੀਂ ਉਸ ਮਹਾਂਸੂਰਜ ਵਿਚ ਪਹੁੰਚ ਜਾਉਗੇ, ਜਿਥੋਂ ਇਸ ਕਿਰਨ ਦਾ ਆਉਣਾ ਹੋਇਆ ਸੀ, ਜਿਵੇ ਕੋਈ ਭਟਕਿਆ ਹੋਇਆ ਯਾਤਰੀ ਅਨੇਕਾਂ-ਅਨੇਕਾਂ ਵਰ੍ਹਿਆਂ ਦੀ ਭਟਕਣ ਤੋਂ ਬਾਅਦ ਅਚਾਨਕ ਆਪਣੇ ਘਰ ਆ ਜਾਵੇ, ਤਾਂ ਜਿਹੋ-ਜਿਹਾ ਅਨੰਦ ਨਾਲ ਨਾਚ ਉਠੇ, ਫਿਰ ਉਹੋ-ਜਿਹਾ ਨਾਚ ਤੁਹਾਡੇ ਜੀਵਨ ਵਿਚ ਪਰਗਟ ਹੋਣ ਲਗੇਗਾ। ਤੁਹਾਨੂੰ ਆਪਣਾ ਅਸਲੀ ਘਰ ਮਿਲ ਗਿਆ। ਪਰਮਾਤਮਾ ਅਸਲੀ ਘਰ ਹੈ, ਅਤੇ ਅਸੀਂ ਉਸ ਦੀਆਂ ਭਟਕੀਆਂ ਹੋਈਆਂ ਕਿਰਨਾਂ ਹਾਂ। ਪਰ ਅਸੀਂ ਉਹੀ ਹਾਂ—ਕਿੰਨੇ ਹੀ ਭਟਕ ਜਾਈਏ! ਅਤੇ ਕਿਰਨ ਸੂਰਜ ਤੋਂ ਕਿੰਨੀ ਹੀ ਦੂਰ ਚਲੀ ਜਾਵੇ, ਸੂਰਜ ਹੀ ਹੈ।

ਇਹ ਸੂਤਰ ਕਹਿੰਦਾ ਹੈ ਕਿ ਮਨੁੱਖ ਵਿਚ ਆਲਯ ਦੇ ਸ਼ੁੱਧ ਅਤੇ ਉੱਜਲ ਸੱਤਵ ਨੂੰ ਛੱਡ ਕੇ ਸਭ-ਕੁਝ ਮਰਨਹਾਰਾ ਹੈ, ਸਭ-ਕੁਝ ਮਿੱਟੀ ਹੈ। ਮਨੁੱਖ ਹੀ ਉਸਦੀ ਸਫੇਦ ਕਿਰਨ ਹੈ, ਪ੍ਰਕਾਸ਼ ਦੀ ਇਕ ਰੇਖਾ ਜੋ ਅੰਦਰ ਅਪੂਰਵ ਰੂਪ ਨਾਲ ਨਿਰਦੋਸ਼ ਅਤੇ ਬੇਦਾਗ ਹੈ—ਨੀਵੀਂ ਭੂਮੀ ਉਤੇ ਮਿੱਟੀ ਦਾ ਇਕ ਰੂਪ।

ਲੇਕਿਨ ਆਪਣੇ ਸੁਭਾਅ ਵਿਚ ਅਪੂਰਵ ਰੂਪ ਨਾਲ ਨਿਰਦੋਸ਼, ਬੇਦਾਗ!

ਕਿਰਨ ਦੀਆਂ ਕੁਝ ਖ਼ੂਬੀਆਂ ਹਨ। ਇਕ ਖ਼ੂਬੀ ਤਾਂ ਪ੍ਰਕਾਸ਼ ਦੀ ਕਿਰਨ ਦੀ ਇਹ ਹੈ ਕਿ ਤੁਸੀਂ ਉਸਨੂੰ ਗੰਦੀ ਨਹੀਂ ਕਰ ਸਕਦੇ। ਉਸਨੂੰ ਗੰਦੀ ਕਰਨ ਦਾ ਕੋਈ ਵੀ ਉਪਾਅ ਨਹੀਂ ਹੈ। ਕਦੇ ਤੁਸੀਂ ਖ਼ਿਆਲ ਕੀਤਾ, ਇਕ ਸਾਫ਼-ਸੁਥਰੇ ਸਰੋਵਰ ਵਿਚ, ਨਿਰਮਲ ਸਰੋਵਰ ਵਿਚ ਸੂਰਜ ਦਾ ਅਕਸ ਬਣਦਾ ਹੈ। ਸੂਰਜ ਦੀਆਂ ਕਿਰਨਾਂ ਨਿਰਮਲ ਸਰੋਵਰ ਦੀ ਹਿੱਕ ਉੱਤੇ ਨਚਦੀਆਂ ਹਨ, ਲਹਿਰ-ਲਹਿਰ ਸੋਨਾ ਬਣ ਜਾਂਦੀ ਹੈ। ਉਹੀ ਸੂਰਜ ਇਕ ਗੰਦੀ ਛੱਪੜੀ ਵਿਚ ਵੀ ਨੱਚਦਾ ਹੈ। ਗੰਦੀ ਛੱਪੜੀ ਵਿਚ ਹੈ ਬੋਅ, ਗੰਦਗੀ ਹੈ, ਚਿੱਕੜ-ਕਬਾੜ ਹੈ, ਕੋਲ ਜਾਣ ਦਾ ਚਿੱਤ ਨਾ ਕਰੇ, ਇੰਨਾ ਕੋਝ ਹੈ; ਸਭ ਗੰਦਾ ਹੈ। ਸੂਰਜ ਦੀ ਕਿਰਨ ਉਸ ਉੱਤੇ ਵੀ ਨੱਚਦੀ ਹੈ, ਉਸ ਗੰਦੀ ਛੱਪੜੀ ਵਿਚ। ਕੀ ਤੁਸੀਂ ਸੋਚਦੇ ਹੋ ਕਿ ਸ਼ੁੱਧ ਸਰੋਵਰ ਉੱਤੇ ਨੱਚਦੀ ਕਿਰਨ ਸ਼ੁੱਧ ਅਤੇ ਗੰਦੀ ਛੱਪੜੀ ਉਤੇ ਨੱਚਦੀ ਕਿਰਨ ਅਸ਼ੁੱਧ ਹੋ ਜਾਂਦੀ ਹੋਵੇਗੀ? ਕੀ ਕਿਰਨ ਵਿਚ ਗੰਦਗੀ ਪ੍ਰਵੇਸ਼ ਕਰ ਸਕਦੀ ਹੈ? ਕੀ ਗੰਦੀ ਛੱਪੜੀ ਕਿਰਨ ਨੂੰ ਗੰਦੀ ਕਰ ਪਾਂਦੀ ਹੋਵੇਗੀ? ਕੀ ਗੰਦੀ ਛੱਪੜੀ ਵਿਚ ਸੂਰਜ ਦਾ ਜੋ ਅਕਸ ਬਣਦਾ ਹੈ, ਉਹ ਗੰਦਾ ਹੋ ਜਾਂਦਾ ਹੋਵੇਗਾ?

ਪ੍ਰਕਾਸ਼ ਦਾ ਸੁਭਾਅ ਹੈ ਨਿਰਦੋਸ਼ ਹੋਣਾ; ਉਸਨੂੰ ਅਸ਼ੁੱਧ ਨਹੀਂ ਕੀਤਾ ਜਾ ਸਕਦਾ। ਤੁਹਾਡੇ ਅੰਦਰ ਵੀ ਉਹ ਜੋ ਪਰਮ ਪ੍ਰਕਾਸ਼ ਦੀ ਕਿਰਨ ਹੈ, ਉਹ ਬੇਦਾਗ ਤੇ ਬੇਦੋਸ਼ ਹੈ, ਭਾਵੇਂ ਕਿੰਨੇ ਹੀ ਕੀਤੇ ਹੋਣ ਪਾਪ, ਤਾਂ ਵੀ। ਅਤੇ ਭਾਵੇਂ ਕਿੰਨੀ ਹੀ ਗੰਦਗੀ ਇਕੱਠੀ ਕੀਤੀ ਹੋਵੇ ਜਨਮਾਂ–ਜਨਮਾਂ ਦੀ। ਉਹ ਸਭ ਮਿੱਟੀ ਦੇ ਨਾਲ ਹੀ ਜੁੜੀ ਹੈ, ਛੱਪੜੀ ਦੇ ਨਾਲ। ਉਸ ਪ੍ਰਕਾਸ਼ ਦੀ ਕਿਰਨ ਉੱਤੇ ਉਸਦਾ ਜ਼ਰਾ ਵੀ ਕੋਈ ਪ੍ਰਭਾਵ ਨਹੀਂ ਹੈ। ਉਹ ਤਾਂ ਸ਼ੁੱਧ ਹੀ ਹੈ, ਸ਼ੁੱਧ ਹੋਣਾ ਉਸਦਾ ਸੁਭਾਅ ਹੈ।

ਇਸਨੂੰ ਠੀਕ ਤਰ੍ਹਾਂ ਸਮਝ ਲੈਣਾ।

ਕੁਝ ਚੀਜ਼ਾਂ ਹਨ ਜੋ ਸ਼ੁੱਧ ਹੋ ਸਕਦੀਆਂ ਹਨ, ਅਸ਼ੁੱਧ ਹੋ ਸਕਦੀਆਂ ਹਨ। ਉਹਨਾਂ ਦਾ ਸੁਭਾਅ ਨਹੀਂ ਹੈ ਸ਼ੁੱਧ ਹੋਣਾ। ਤੁਸੀਂ ਪਾਣੀ ਨੂੰ ਗੰਦਾ ਕਰ ਸਕਦੇ ਹੋ, ਸ਼ੁੱਧ ਕਰ ਸਕਦੇ ਹੋ। ਸ਼ੁੱਧ ਹੋਣਾ ਉਸਦਾ ਸੁਭਾਅ ਨਹੀਂ ਹੈ। ਉਹ ਸ਼ੁੱਧ ਵੀ ਹੋ ਸਕਦਾ ਹੈ, ਅਸ਼ੁੱਧ ਵੀ ਹੋ ਸਕਦਾ ਹੈ। ਉਸ ਵਿਚ ਬਦਲਾਅ ਸੰਭਵ ਹੈ।

ਪ੍ਰਕਾਸ਼ ਨੂੰ ਤੁਸੀਂ ਗੰਦਾ ਨਹੀਂ ਕਰ ਸਕਦੇ। ਸ਼ੁੱਧ ਹੋਣਾ ਉਸਦਾ ਸੁਭਾਅ ਹੈ, ਅਸ਼ੁੱਧ ਹੋਣ ਦਾ ਕੋਈ ਉਪਾਅ ਨਹੀਂ ਹੈ।

ਅਸ਼ੁੱਧ ਆਤਮਾ ਜਿਹੀ ਕੋਈ ਚੀਜ਼ ਨਹੀਂ ਹੁੰਦੀ। ਸ਼ੁੱਧ ਹੋਣਾ ਆਤਮਾ ਦਾ ਸੁਭਾਅ ਹੈ, ਸ਼ੁੱਧ ਹੀ ਆਤਮਾ ਹੈ। ਸੋ ਇਕ ਤਾਂ ਇਹ ਗੱਲ ਖ਼ਿਆਲ 'ਚ ਰਖ ਲੈਣਾ ਕਿ ਕੁਝ ਵੀ ਕੀਤਾ ਹੋਵੇ, ਕੁਝ ਵੀ ਹੋਇਆ ਹੋਵੇ, ਆਤਮਾ ਅਸ਼ੁੱਧ ਨਹੀਂ ਹੁੰਦੀ। ਪਰ ਉਸਦਾ ਇਹ ਮਤਲਬ ਨਹੀਂ ਕਿ ਤੁਸੀਂ ਕੁਝ ਵੀ ਕਰ ਸਕਦੇ ਹੋ। ਇਸਦਾ ਮਤਲਬ ਅਜੇਹਾ ਲਿਆ ਗਿਆ ਹੈ।

ਇਸਲਈ ਸਾਡੇ ਦੇਸ ਵਿਚ ਜਿਥੇ ਕਿ ਆਤਮਾ ਦੀ ਇੰਨੀ ਚਰਚਾ ਹੈ, ਆਦਮੀ ਇੰਨਾ ਗੰਦਾ ਹੈ। ਉਹਨਾਂ ਦੇਸਾਂ ਤੋਂ ਵੀ ਜ਼ਿਆਦਾ ਗੰਦਾ ਹੈ ਜਿਨ੍ਹਾਂ ਦੇਸਾਂ ਵਿਚ ਆਤਮਾ ਦੀ ਇੰਨੀ ਚਮਕ ਨਹੀਂ ਹੈ। ਉਹਨਾਂ ਦੇਸਾਂ ਤੋਂ ਵੀ ਵਧ ਗੰਦਾ ਹੈ ਜਿਥੇ ਕਿ ਆਤਮਾ ਦਾ ਯਕੀਨ ਵੀ ਨਹੀਂ ਹੈ।

ਅਜੀਬ ਗੱਲ ਜਾਪਦੀ ਹੈ। ਅਤੇ ਜਦ ਪੱਛਮ ਦੇ ਲੋਕ ਭਾਰਤ ਦੀਆਂ ਕਿਤਾਬਾਂ ਤੋਂ ਪ੍ਰਭਾਵਤ ਹੋ ਕੇ ਭਾਰਤ ਆਉਂਦੇ ਹਨ, ਤਾਂ ਭਾਰਤ ਦਾ ਆਦਮੀ ਉਹਨਾਂ ਦੇ ਸਾਰੇ ਪ੍ਰਭਾਵ ਪੂੰਝ ਸੁਟਦਾ ਹੈ। ਉਥੋਂ ਆਉਂਦੇ ਹਨ ਸੋਚ ਕੇ ਕਿ ਰਿਸ਼ੀ–ਮੁਨੀਆਂ ਦੇ ਦੇਸ 'ਚ ਜਾਂਦੇ ਹਾਂ ਅਤੇ ਮੁੜਦੇ ਹਨ ਸਾਰੀਆਂ ਆਸਾਂ ਖੋ ਕੇ। ਕਿਉਂਕਿ ਇਥੇ ਜਿਸ ਆਦਮੀ ਨਾਲ ਮਿਲਣਾ ਹੁੰਦਾ ਹੈ ਉਸਦਾ ਰਿਸ਼ੀ–ਮੁਨੀ ਨਾਲ ਕੋਈ ਲੈਣਾ–ਦੇਣਾ ਨਹੀਂ।

ਇਥੇ ਜੋ ਆਦਮੀ ਹੈ ਇਹ ਇੰਨਾ ਅਪਵਿੱਤਰ ਕਿਵੇਂ ਹੋ ਗਿਆ? ਇੰਨਾ ਛੋਟਾ, ਇੰਨਾ ਅਸ਼ੁੱਧ ਕਿਉਂ ਹੈ?

ਇਸਦਾ ਕਾਰਨ ਇਹ ਮਹਾਨ ਸੂਤਰ ਹੈ। ਇਹ ਹੈਰਾਨ ਦੀ ਗੱਲ ਲਗੇਗੀ ਕਿ ਮੈਂ ਕਹਿੰਦਾ ਹਾਂ ਕਿ ਇਸਦਾ ਕਾਰਨ ਇਹ ਮਹਾਨ ਸੂਤਰ ਹੈ। ਮਹਾਨ ਸੂਤਰ ਨਹੀਂ, ਸਾਡੇ ਹੱਥਾਂ ਵਿਚ ਤਾਂ ਕੁਝ ਵੀ ਪੈ ਜਾਵੇ, ਅਸੀਂ ਉਸ ਵਿਚੋਂ ਜੋ ਗਲਤ ਹੈ,ਉਹ ਕੱਢ ਲਵਾਂਗੇ। ਇਸ ਮੁਲਕ ਨੂੰ ਇਸ ਗੱਲ ਦਾ ਸੂਤਰ ਬੁੱਧ ਨੇ ਦਿਤਾ, ਮਹਾਂਵੀਰ ਨੇ ਦਿਤਾ, ਕ੍ਰਿਸ਼ਨ ਨੇ ਦਿਤਾ ਕਿ ਤੁਸੀਂ ਬੇਦਾਗ ਹੋ, ਤੁਸੀਂ ਪਵਿਤਰ ਹੋ ਅਤੇ ਸ਼ੁੱਧ ਹੋਣਾ ਤੁਹਾਡਾ ਨਿੱਜ ਆਪਣੇ–ਆਪ ਦਾ ਸੁਭਾਅ ਹੈ। ਕੋਈ ਉਪਾਅ ਨਹੀਂ ਹੈ

ਤੁਹਾਡੇ ਅਸ਼ੁੱਧ ਹੋਣ ਦਾ। ਅਸੀਂ ਕਿਹਾ, ਤਦ ਬਿਲਕੁਲ ਠੀਕ ਹੈ। ਇਹ ਕਿਹਾ ਸੀ, ਇਸਲਈ ਕਿ ਤੁਸੀਂ ਆਸ ਨਾਲ ਭਰੋ। ਇਹ ਕਿਹਾ ਸੀ ਇਸਲਈ ਕਿ ਤੁਸੀਂ ਇਸ ਆਸ ਦੀ ਕਿਰਨ ਨੂੰ ਪਕੜ ਕੇ ਉਸ ਸ਼ੁੱਧ-ਸੁਭਾਅ ਦੀ ਯਾਤਰਾ ਕਰੋ, ਅਸੀਂ ਕਿਹਾ, ਤਦ ਬਿਲਕੁਲ ਠੀਕ ਹੈ। ਜੇ ਸੁਭਾਅ ਹੀ ਸ਼ੁੱਧ ਹੈ ਹੀ, ਤਾਂ ਫਿਰ ਪਾਪ ਕਰ ਲੈਣ ਵਿਚ ਹਰਜ਼ ਕੀ ਹੈ?

ਇਸਨੂੰ ਅਸੀਂ ਕੋਈ ਜਾਣ ਕੇ ਅਜੇਹਾ ਸੋਚਿਆ ਹੋਵੇ, ਅਜੇਹਾ ਨਹੀਂ। ਇਹ ਸਾਡੇ ਅਚੇਤਨ ਮਨ ਨੇ ਗ੍ਰਹਿਣ ਕੀਤਾ ਹੈ। ਅਸੀਂ ਪਾਪ ਕਰਨ ਵਿਚ ਸਰਲ ਹੋ ਗਏ। ਜਦ ਅਸ਼ੁੱਧ ਹੁੰਦਾ ਹੀ ਨਹੀਂ ਹੈ, ਤਾਂ ਫਿਰ ਅਸ਼ੁੱਧੀ ਦਾ ਡਰ ਕੀ ਰਖਣਾ! ਜਦ ਸ਼ੁੱਧ ਹੈ ਹੀ ਤਾਂ ਫਿਰ ਇਹ ਪਾਪ ਕਰਨ ਦੀ ਸਹੂਲਤ ਮਿਲੀ ਹੈ, ਇਸਨੂੰ ਕਿਉਂ ਖੋਣਾ? ਇਹ ਅਚੇਤਨ ਵਿਚ ਬੈਠ ਗਈ ਗੱਲ। ਤਾਂ ਇਹ ਮੁਲਕ ਆਤਮਾ ਦਾ ਪਰਮ-ਗਿਆਨ ਲੈ ਕੇ ਵੀ ਮਨੁੱਖ ਦੀ ਦ੍ਰਿਸ਼ਟੀ ਤੋਂ ਬਹੁਤ ਹੀਣਾ ਤੇ ਦੀਨ ਹੋ ਗਿਆ।

ਇਸ ਸੂਤਰ ਦਾ ਇਹ ਮਤਲਬ ਤੁਸੀਂ ਨਾ ਲੈਣਾ ਕਿ ਤੁਸੀਂ ਸ਼ੁੱਧ ਹੋ ਹੀ, ਇਸਲਈ ਗੱਲ ਖ਼ਤਮ ਹੋ ਗਈ। ਇਸ ਸੂਤਰ ਤੋਂ ਤੁਸੀਂ ਇੰਨਾ ਹੀ ਮਤਲਬ ਲੈਣਾ ਕਿ ਤੁਹਾਡੇ ਅੰਦਰ ਜੋ ਅਗਿਆਤ ਕਿਰਨ ਹੈ, ਜੋ ਕਿ ਤੁਸੀਂ ਨਹੀਂ ਹੋ। ਤੁਸੀਂ ਤਾਂ ਜੋ ਹੋ ਉਹ ਅਸ਼ੁੱਧ ਹੀ ਹੈ। ਤੁਸੀਂ ਤਾਂ ਗੰਦੀ ਛੱਪੜੀ ਹੋ! ਅਤੇ ਉਸ ਕਿਰਨ ਦਾ ਤੁਹਾਨੂੰ ਕੋਈ ਵੀ ਪਤਾ ਨਹੀਂ ਹੈ, ਜਿਸਦੀ ਇਸ ਸੂਤਰ ਵਿਚ ਚਰਚਾ ਹੈ। ਉਪਨਿਸ਼ਦ ਜਿਸਦਾ ਗੀਤ ਗਾਉਂਦੇ ਹਨ, ਗੀਤਾ ਜਿਸਦਾ ਗੁਣਗਾਨ ਕਰਦੀ ਹੈ, ਉਹ ਆਤਮਾ ਦੀ ਕਿਰਨ ਤੁਸੀਂ ਅਜੇ ਨਹੀਂ ਹੋ। ਤੁਸੀਂ ਹੋ ਸਕਦੇ ਹੋ, ਪਰ ਹੋਣ ਦੀ ਇਕ ਸੂਰਤ ਇਹ ਹੈ ਕਿ ਇਹ ਗੰਦੀ ਛੱਪੜੀ ਨਾਲੋਂ ਤੁਹਾਡੀ ਇਕਮਿਕਤਾ ਟੁੱਟੇ। ਜੇ ਇਹ ਗੰਦੀ ਛੱਪੜੀ ਭਰਦੀ ਚਲੀ ਜਾਂਦੀ ਹੈ, ਤਾਂ ਇਕਮਿਕਤਾ ਟੁੱਟਣੀ ਮੁਸ਼ਕਲ ਹੈ, ਉਹ ਹੋਰ ਵਧਦੀ ਚਲੀ ਜਾਂਦੀ ਹੈ। ਜੇ ਇਸਨੂੰ ਮੈਂ ਇਉਂ ਕਹਾਂ ਕਿ ਤੁਸੀਂ ਜਿਹੋ-ਜਿਹੇ ਹੋ, ਗੰਦੇ ਹੋ; ਤੁਸੀਂ ਜਿਹੋ-ਜਿਹੇ ਹੋ ਸਕਦੇ ਹੋ, ਉਹ ਜੋ ਤੁਹਾਡੀ ਆਪਣੀ ਨਿੱਜ ਦੀ ਹੀ ਹੋਣੀ ਹੈ, ਉਹ ਸਦਾ ਸ਼ੁੱਧ ਹੈ, ਤਾਂ ਠੀਕ ਹੋਵੇਗਾ। ਤਦ ਸਾਨੂੰ ਦੋ ਬਿੰਦੂ ਮਿਲ ਜਾਣਗੇ। ਜਿਹੋ-ਜਿਹਾ ਮੈਂ ਹਾਂ, ਉਹ ਗੰਦਾ ਹਾਂ, ਪਰ ਜਿਹੋ-ਜਿਹੀ ਮੇਰੀ ਹੋਣੀ ਹੈ, ਮੇਰੀ ਨਿੱਜ ਆਪਣੀ ਪ੍ਰਕਿਰਤੀ ਹੈ, ਉਹ ਅਸ਼ੁੱਧ ਨਹੀਂ ਹੈ।

ਇਸਲਈ ਜੋ ਮੈਂ ਹੁਣ ਦਿਖਾਈ ਦੇ ਰਿਹਾ ਹਾਂ, ਉਸਨੂੰ ਮੈਂ ਛਡਣਾ ਹੈ। ਅਤੇ ਜੋ ਮੈਂ ਹੁਣ ਹਾਂ ਅਤੇ ਦਿਖਾਈ ਨਹੀਂ ਪੈ ਰਿਹਾ ਹਾਂ, ਉਸਨੂੰ ਮੈਂ ਪਾਣਾ ਹੈ। ਨਹੀਂ ਤਾਂ ਇਸ ਦੇਸ਼ ਵਿਚ ਅਜੇਹਾ ਹੋਇਆ ਹੈ, ਸਾਧੂ, ਸੰਨਿਆਸੀ, ਗਿਆਨੀ ਸਮਝਾਉਂਦੇ ਰਹਿੰਦੇ ਹਨ। ਚੋਰ, ਪਾਪੀ, ਬੇਈਮਾਨ, ਬਲੈਕੀਏ, ਉਹ ਸਭ ਬੈਠੇ ਸੁਣਦੇ ਰਹਿੰਦੇ ਹਨ, ਅਤੇ ਮਨ ਵਿਚ ਉਹ ਕਹਿੰਦੇ ਹਨ ਕਿ ਬਿਲਕੁਲ ਠੀਕ ਹੈ ਮਹਾਰਾਜ। ਕਿਥੇ ਅਸ਼ੁੱਧ! ਆਤਮਾ ਬਿਲਕੁਲ ਸ਼ੁੱਧ ਹੈ।

ਮੈਂ ਇਕ ਸੰਨਿਆਸੀ ਨੂੰ ਜਾਣਦਾ ਹਾਂ। ਭਾਰਤ ਵਿਚ ਜੋ ਥੋੜ੍ਹੇ-ਜਿਹੇ ਕੁਝ ਮਹਾਂ ਗਿਆਨੀ ਹੋਏ ਉਹਨਾਂ 'ਚੋਂ ਇਕ ਹਨ ਕੁੰਦਕੁੰਦ। ਉਹ ਉਹਨਾਂ ਕੁੰਦਕੁੰਦ ਦੇ ਸ਼ਾਸਤਰਾਂ ਉੱਤੇ ਪ੍ਰਵਚਨ ਕਰਦੇ ਹਨ। ਉਹ ਇਕ ਸੰਨਿਆਸੀ ਹਨ। ਉਹਨਾਂ ਦਾ ਪ੍ਰਵਚਨ ਸੁਣਨ ਜਿਹੜੇ ਲੋਕ ਇਕੱਠੇ ਹੁੰਦੇ ਹਨ, ਉਹਨਾਂ ਦੇ ਚੇਹਰੇ ਹੀ ਦਸ ਸਕਦੇ ਹਨ ਕਿ ਇਹਨਾਂ ਦਾ ਕੁੰਦਕੁੰਦ ਨਾਲ

ਕੋਈ ਲੈਣਾ-ਦੇਣਾ ਨਹੀਂ ਹੈ। ਸਭ ਚੋਰਾਂ ਦੀ ਜਮਾਤ-ਚੰਗੇ ਚੋਰਾਂ ਦੀ, ਕਿਉਂਕਿ ਬੁਰੇ ਚੋਰ ਤਾਂ ਜੇਲ੍ਹਾਂ ਵਿਚ ਪਏ ਹਨ, ਉਹਨਾਂ ਨੂੰ ਤਾਂ ਕੋਈ ਮੌਕਾ ਨਹੀਂ ਹੈ। ਚੰਗੇ ਚੋਰਾਂ ਦੀ ਜਮਾਤ ਇਕੱਠੀ ਹੋ ਜਾਂਦੀ ਹੈ। ਕਾਫ਼ੀ ਦਾਨ-ਦੱਛਣਾ ਕਰਦੇ ਹਨ, ਮੰਦਰ ਬਣਾਉਂਦੇ ਹਨ, ਆਸ਼ਰਮ ਖੁਲ੍ਹਵਾਉਂਦੇ ਹਨ, ਤੀਰਥਯਾਤਰਾ ਹੁੰਦੀ ਹੈ। ਮੈਥੋਂ ਉਹਨਾਂ ਦਾ ਇਕ ਭਗਤ ਪੁਛ ਰਿਹਾ ਸੀ ਕਿ ਇੰਨੇ ਧਨਾਢ ਸਭ ਇਥੇ ਕੁੰਦਕੁੰਦ ਨੂੰ ਸੁਣਨ ਆਉਂਦੇ ਹਨ? ਕੁੰਦਕੁੰਦ ਵਿਚ ਇਹਨਾਂ ਦਾ ਕੀ ਰਸ ਹੋ ਸਕਦਾ ਹੈ?

ਤਾਂ ਮੈਂ ਉਹਨਾਂ ਨੂੰ ਕਿਹਾ, ਕੁੰਦਕੁੰਦ ਵਿਚ ਇਕ ਹੀ ਰਸ ਹੈ, ਕਿਉਂਕਿ ਕੁੰਦਕੁੰਦ ਦਾ ਐਲਾਨ ਹੈ ਕਿ ਤੁਸੀਂ ਸਦਾ ਸ਼ੁੱਧ ਹੋ, ਤੁਸੀਂ ਅਸ਼ੁੱਧ ਹੋ ਹੀ ਨਹੀਂ ਸਕਦੇ। ਇਹ ਸਭ ਚੋਰ ਇਕ ਹੋ ਕੇ ਸੁਣ ਕੇ ਬੜਾ ਧਰਵਾਸ ਪਾਂਦੇ ਹਨ, ਸਦਾ ਸ਼ੁੱਧ, ਬਿਲਕੁਲ ਠੀਕ। ਤਾਂ ਉਹ ਸੌ ਰੁਪਏ ਦੀ ਚੋਰੀ ਕਰਦੇ ਹਨ, ਉਸ ਵਿਚੋਂ ਦਸ ਰੁਪੈ ਦਾਨ-ਪੁੰਨ ਵੀ ਕਰਦੇ ਹਨ ਕਿ ਕੁੰਦਕੁੰਦ ਠੀਕ ਕਿਹੈ ਤੂੰ, ਤੇਰੀ ਵਾਣੀ ਤੋਂ ਸਾਨੂੰ ਭਰੋਸਾ ਹੋਇਆ। ਨਾਹਕ ਪਰੇਸ਼ਾਨ ਹੋਈ ਜਾਂਦੇ ਸੀ, ਚਿੰਤਾ ਵਿਚ ਪੈਂਦੇ ਸੀ, ਪੀੜ ਝੱਲਦੇ ਸੀ, ਮਨ 'ਚ ਗਿਲਾਨੀ ਹੁੰਦੀ ਸੀ। ਤੂੰ ਸਭ ਪੂੰਝ ਛਡੀ, ਸਭ ਧੋ ਦਿਤੀ। ਉਹ ਸੌ ਰੁਪਏ ਦੀ ਚੋਰੀ ਕੀਤੀ ਹੈ, ਉਸ ਵਿਚੋਂ ਦਸ ਫ਼ੀ ਸਦੀ ਦਾਨ ਕਰ ਦਿੰਦੇ ਹਾਂ। ਅਤੇ ਦਸ ਫ਼ੀ ਸਦੀ ਦਾਨ ਕਰਕੇ, ਫਿਰ ਸੌ ਰੁਪਏ ਦੀ ਚੋਰੀ ਕਰਨ ਲਈ ਤਿਆਰ ਹੋ ਜਾਂਦੇ ਹਨ। ਕਿਉਂਕਿ ਹੁਣ ਕੋਈ ਡਰ ਵੀ ਨਹੀਂ ਰਿਹਾ, ਹੁਣ ਕੋਈ ਚਿੰਤਾ ਨਹੀਂ ਹੈ, ਕੁੰਦਕੁੰਦ ਉਤੇ ਪੱਕਾ ਭਰੋਸਾ ਹੈ। ਅਤੇ ਕੁੰਦਕੁੰਦ ਠੀਕ ਕਹਿੰਦੇ ਹਨ। ਅਤੇ ਇਹ ਚੋਰ ਬਿਲਕੁਲ ਗਲਤ ਸਮਝ ਲੈਂਦੇ ਹਨ। ਪਰ ਕਠਨਾਈ ਹੈ, ਕੁੰਦਕੁੰਦ ਕੁਝ ਵੀ ਕਹਿਣ, ਇਸ ਨਾਲ ਕੀ ਹੁੰਦਾ ਹੈ? ਉਹ ਜੋ ਸਮਝਣ ਵਾਲਾ ਆਦਮੀ ਹੈ, ਉਹ ਕੀ ਸਮਝੇਗਾ, ਅੰਤਮ ਨਤੀਜਾ ਉਸ ਤੋਂ ਹੋਣ ਵਾਲਾ ਹੈ।

ਇਹ ਸੂਤਰ, ਇਸਲਈ ਮੈਂ ਕਹਿੰਦਾ ਹਾਂ, ਜ਼ਰਾ ਸਾਵਧਾਨੀ ਪੂਰਵਕ ਸਮਝਣਾ। ਇਸਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ ਠੀਕ ਹੋ ਬਿਲਕੁਲ। ਤੁਸੀਂ ਤਾਂ ਬਿਲਕੁਲ ਗਲਤ ਹੋ। ਅਤੇ ਜੋ ਠੀਕ ਹੈ, ਤੁਹਾਡੇ ਅੰਦਰ, ਉਸਦਾ ਤੁਹਾਨੂੰ ਕੋਈ ਪਤਾ ਨਹੀਂ ਹੈ। ਇਸਲਈ ਫਿਰ ਉਸਨੂੰ ਮੈਂ ਕਹਾਂ ਕਿ ਤੁਸੀਂ ਹੋ, ਤਾਂ ਠੀਕ ਨਹੀਂ ਹੋਵੇਗਾ। ਅਜੇਹਾ ਮੁਨਾਸਬ ਹੋਵੇਗਾ ਕਹਿਣਾ ਕਿ ਤੁਸੀਂ ਜਦ ਬਿਲਕੁਲ ਮਿਟ ਜਾਓਗੇ, ਤਦੇ ਤੁਹਾਨੂੰ ਉਸਦਾ ਪਤਾ ਲਗੇਗਾ, ਜੋ ਸਦਾ ਸ਼ੁੱਧ ਹੈ। ਇਹ ਜੋ ਗੰਦੀ ਛੱਪੜੀ ਹੈ, ਜਦ ਅਲੋਪ ਹੋ ਜਾਏਗੀ, ਤਦ ਉਹ ਕਿਰਨ ਸ਼ੁੱਧ ਹੋਵੇਗੀ। ਲੇਕਿਨ ਇਸੇ ਛੱਪੜੀ ਨਾਲ ਜੁੜ ਕੇ ਉਹ ਤਾਂ ਖੋ ਗਈ, ਛੱਪੜੀ ਹੀ ਰਹਿ ਗਈ ਹੈ।

...'ਉਹੀ ਪ੍ਰਕਾਸ਼-ਰੇਖਾ ਤੇਰਾ ਜੀਵਨ-ਗੁਰੂ ਅਤੇ ਤੇਰੀ ਸੱਚੀ-ਆਤਮਾ ਹੈ-ਦ੍ਰਸ਼ਟਾ ਅਤੇ ਖ਼ਾਮੋਸ਼ ਚਿੰਤਕ।'

ਗੁਰੂ ਦੀ ਭਾਲ ਆਦਮੀ ਕਰਦਾ ਹੈ, ਸੁਭਾਵਕ ਤੌਰ 'ਤੇ ਬਾਹਰ ਭਾਲਦਾ ਹੈ। ਕਿਉਂਕਿ ਅਸੀਂ ਭਾਲਦੇ ਹੀ ਹਾਂ ਬਾਹਰ। ਕੁਝ ਵੀ ਭਾਲਣਾ ਹੋਵੇ ਤਾਂ ਬਾਹਰ ਭਾਲਦੇ ਹਾਂ। ਧਨ ਭਾਲਣਾ ਹੋਵੇ ਤਾਂ ਬਾਹਰ ਭਾਲਦੇ ਹਾਂ, ਧਰਮ ਭਾਲਣਾ ਹੋਵੇ ਤਾਂ ਬਾਹਰ ਭਾਲਦੇ ਹਾਂ। ਗੁਰੂ ਵੀ ਭਾਲਣਾ ਹੋਵੇ, ਤਾਂ ਬਾਹਰ ਭਾਲਦੇ ਹਾਂ। ਸਾਡੀ ਖੋਜ ਹੀ ਬਾਹਰ ਹੈ। ਅੱਖਾਂ ਹੀ ਸਾਡੀਆਂ ਬਾਹਰ

ਦੌੜਦੀਆਂ ਹਨ। ਹੱਥ ਸਾਡੇ ਬਾਹਰ ਫੈਲਦੇ ਹਨ, ਪੈਰ ਸਾਡੇ ਬਾਹਰ ਦੌੜਦੇ ਹਨ। ਅੰਦਰ ਦਾ ਸਾਨੂੰ ਕੁਝ ਪਤਾ ਨਹੀਂ ਹੈ। ਗੁਰੂ ਨੂੰ ਵੀ ਅਸੀਂ ਬਾਹਰ ਖੋਜਦੇ ਹਾਂ। ਕੋਈ ਉਪਾਅ ਵੀ ਨਹੀਂ, ਕਿਉਂਕਿ ਅੰਦਰ ਦੇ ਮਨ ਦੀ ਕੌਣ ਸਾਨੂੰ ਦੱਸੇ।

ਅਤੇ ਗੁਰੂ ਅੰਦਰ ਹੈ। ਇਹ ਜੀਵਨ ਦੀ ਜੋ ਕਿਰਨ ਹੈ—ਇਹੀ ਤੇਰਾ ਜੀਵਨ, ਇਹੀ ਤੇਰਾ ਗੁਰੂ ਹੈ। ਕਿਉਂਕਿ ਇਸ ਕਿਰਨ ਦਾ ਤੈਨੂੰ ਪਤਾ ਲਗ ਜਾਵੇ, ਤਾਂ ਰਾਹ ਮਿਲ ਗਿਆ। ਇਸੇ ਕਿਰਨ ਦੇ ਰਾਹ 'ਤੇ ਤੂੰ ਚਲਦਾ ਜਾਵੇ, ਤਾਂ ਤੂੰ ਮਹਾਂਸੂਰਜ ਤਕ ਪਹੁੰਚ ਜਾਏਂਗਾ। ਇਸ ਕਿਰਨ ਦਾ ਚੇਤਾ ਆ ਜਾਵੇ ਤਾਂ ਅਸੀਂ ਸੂਰਜ ਦੇ ਹੋ ਗਏ। ਇਹ ਜੀਵਨ–ਕਿਰਨ ਹੈ ਤੇਰਾ ਗੁਰੂ, ਤੇਰੀ ਸੱਚੀ ਆਤਮਾ ਲੇਕਿਨ ਗੁਰੂ ਨੂੰ ਸਾਨੂੰ ਬਾਹਰ ਖੋਜਣਾ ਪੈਂਦਾ ਹੈ; ਕਿਉਂਕਿ ਅਸੀਂ ਸਭ–ਕੁਝ ਹੀ ਬਾਹਰ ਖੋਜਦੇ ਹਾਂ। ਜੀਵਨ ਦੀਆਂ ਜਟਲਤਾਵਾਂ ਵਿਚ ਇਕ ਜਟਲਤਾ ਇਹ ਵੀ ਹੈ ਕਿ ਗੁਰੂ ਅੰਦਰ ਹੈ ਤੇ ਸਾਨੂੰ ਬਾਹਰ ਖੋਜਣਾ ਪੈਂਦਾ ਹੈ। ਇਸਦਾ ਕੀ ਅਰਥ ਹੋਇਆ ? ਇਸਦਾ ਇਹ ਵੀ ਅਰਥ ਹੋ ਸਕਦਾ ਹੈ ਕਿ ਤਦ ਫਿਰ ਗੁਰੂ ਨਾ ਖੋਜਿਆ ਜਾਵੇ, ਤਾਂ ਫਿਰ ਗੁਰੂ ਦੀ ਕੋਈ ਜ਼ਰੂਰਤ ਨਹੀਂ ?

ਇਕ ਮਿੱਤਰ ਨੇ ਸਵਾਲ ਪੁਛਿਆ ਹੈ ਕਿ ਕ੍ਰਿਸ਼ਨਮੂਰਤੀ ਕਹਿੰਦੇ ਹਨ, ਗੁਰੂ ਦੀ ਕੋਈ ਜ਼ਰੂਰਤ ਨਹੀਂ ਹੈ। ਲੇਕਿਨ ਜੇ ਕ੍ਰਿਸ਼ਨਮੂਰਤੀ ਦੀ ਇਹ ਗੱਲ ਮੰਨ ਲਈ, ਤਾਂ ਕ੍ਰਿਸ਼ਨਮੂਰਤੀ ਤੁਹਾਡੇ ਤਾਂ ਘਟ–ਘਟ ਗੁਰੂ ਹੋ ਹੀ ਗਏ। ਕ੍ਰਿਸ਼ਨਮੂਰਤੀ ਕਹਿੰਦੇ ਹਨ ਇਹ, ਤੁਸੀਂ ਨਹੀਂ ਕਹਿੰਦੇ ਹੋ। ਅਤੇ ਕ੍ਰਿਸ਼ਨਮੂਰਤੀ ਨੂੰ ਤੁਸੀਂ ਮੰਨ ਲਵੋ, ਤਾਂ ਗੁਰੂ ਹੋਣ ਵਿਚ ਹੋਰ ਹੁੰਦਾ ਕੀ ਹੈ ? ਬਚਦਾ ਕੀ ਹੈ ? ਮੇਰੇ ਕੋਲ ਲੋਕ ਆਉਂਦੇ ਹਨ, ਉਹ ਕਹਿੰਦੇ ਹਨ, ਅਸੀਂ ਕਿਸੇ ਨੂੰ ਗੁਰੂ ਨਹੀਂ ਬਣਾ ਸਕਦੇ ਹਾਂ, ਕਿਉਂਕਿ ਅਸੀਂ ਤਾਂ ਕ੍ਰਿਸ਼ਨਮੂਰਤੀ ਨੂੰ ਮੰਨਦੇ ਹਾਂ। ਤਾਂ ਗੁਰੂ ਤਾਂ ਬਣਾ ਲਿਆ, ਗੁਰੂ ਬਣਾਉਣ ਦਾ ਹੋਰ ਅਰਥ ਕੀ ਹੁੰਦਾ ਹੈ ? ਕਿਸੇ ਨੂੰ ਮੰਨਿਆ, ਕਿਉਂਕਿ ਆਪਣੇ ਉਤੇ ਭਰੋਸਾ ਨਹੀਂ ਹੈ, ਇਸਲਈ ਕਿਸੇ ਦਾ ਸਹਾਰਾ ਲਿਆ, ਇੰਨਾ ਹੀ ਗੁਰੂ ਦਾ ਅਰਥ ਹੁੰਦਾ ਹੈ। ਜਿਸ ਦਿਨ ਆਪਣਾ ਹੀ ਭਰੋਸਾ ਆ ਜਾਂਦਾ ਹੈ, ਉਸ ਦਿਨ ਤਾਂ ਗੁਰੂ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ। ਪਰ ਅਜੇ ਉਹ ਭਰੋਸਾ ਨਹੀਂ ਹੈ। ਤਾਂ ਫਿਰ ਬਾਹਰ ਗੁਰੂ ਦੀ ਖੋਜ ਦਾ ਕੀ ਅਰਥ ਹੈ ?

ਇਕ ਤਾਂ ਇਹ ਗੱਲ ਹੈ ਜੋ ਕ੍ਰਿਸ਼ਨਮੂਰਤੀ ਕਹਿੰਦੇ ਹਨ ! ਗੁਰੂ ਦੀ ਕੋਈ ਜ਼ਰੂਰਤ ਨਹੀਂ ਹੈ। ਉਹ ਬਿਲਕੁਲ ਠੀਕ ਕਹਿੰਦੇ ਹਨ; ਕਿਉਂਕਿ ਜੀਵਨ ਗੁਰੂ ਅੰਦਰ ਹੈ। ਪਰ ਉਹ ਵੀ ਲੋਕਾਂ ਨੂੰ ਸਮਝਾ ਰਹੇ ਹਨ ਕਿ ਇਸਦੀ ਕੋਈ ਜ਼ਰੂਰਤ ਨਹੀਂ। ਇਸ ਅਰਥ ਵਿਚ ਤਾਂ ਗੁਰੂ ਹੋ ਹੀ ਜਾਂਦੇ ਹਨ, ਅਧਿਆਪਕ ਹੋ ਹੀ ਜਾਂਦੇ ਹਨ। ਅਤੇ ਉਹ ਕਿੰਨਾ ਹੀ ਕਹਿਣ ਕਿ ਮੈਂ ਕੋਈ ਸਿੱਖਿਆ ਨਹੀਂ ਦਿੰਦਾ—ਫਿਰ ਕੀ ਦਿੰਦੇ ਹਨ ? ਅਤੇ ਉਹ ਕਿੰਨਾ ਹੀ ਕਹਿਣ ਕਿ ਮੈਥੋਂ ਕੁਝ ਗ੍ਰਹਿਣ ਨਾ ਕਰ ਲੈਣਾ, ਪਰ ਉਹ ਜਿਹੜੇ ਸੁਣਨ ਆਉਂਦੇ ਹਨ, ਉਹ ਗ੍ਰਹਿਣ ਕਰਕੇ ਜਾਂਦੇ ਹਨ। ਉਹ ਜਿਹੜਾ ਸੁਣਨ ਆਇਆ ਹੈ, ਉਹ ਸ਼ਿੱਸ਼ ਹੈ, ਇਸਲਈ ਆਇਆ ਹੈ। ਉਸਨੂੰ ਗੁਰੂ ਦੀ ਭਾਲ ਹੈ, ਅਤੇ ਉਹ ਚਾਹੁੰਦਾ ਹੈ ਕਿ ਕੋਈ ਉਸਨੂੰ ਦੱਸ ਦੇਵੇ ਰਾਹ, ਜੋ ਉਸਨੂੰ ਪਤਾ ਨਹੀਂ ਹੈ। ਅਤੇ ਇਹ ਸੱਚ ਹੈ ਗਹਿਰੇ ਅਰਥਾਂ ਵਿਚ ਕਿ ਗੁਰੂ ਅੰਦਰ ਹੈ, ਕੋਈ ਦੂਜਾ ਕੀ ਰਾਹ ਦਸੇਗਾ, ਉਸੇ ਤੋਂ ਰਾਹ

ਮਿਲੇਗਾ। ਲੇਕਿਨ ਆਦਮੀ ਕੀ ਕਰੇ,ਉਹ ਕਿਥੇ ਜਾਵੇ? ਉਸਨੂੰ ਖ਼ੁਦ ਨਹੀਂ ਮਿਲ ਰਿਹਾ, ਇਹ ਸਾਫ ਹੈ। ਅਤੇ ਖ਼ੁਦ ਮਿਲਦਾ ਹੁੰਦਾ, ਤਾਂ ਕਦੋਂ ਦਾ ਮਿਲ ਗਿਆ ਹੁੰਦਾ।

ਅੱਜ ਹੀ ਇਕ ਵਿਅਕਤੀ ਨੇ ਮੈਨੂੰ ਆ ਕੇ ਕਿਹਾ ਹੈ ਕਿ ਅਨੇਕਾਂ ਗਿਆਨੀ ਜਦ ਕਹਿੰਦੇ ਹਨ ਕਿ ਗੁਰੂ ਦੀ ਕੋਈ ਜ਼ਰੂਰਤ ਨਹੀਂ ਅਤੇ ਗੁਰੂ ਅੰਦਰ ਹੈ, ਤਾਂ ਫਿਰ ਅਸੀਂ ਕਿਉਂ ਕਿਸੇ ਨੂੰ ਗੁਰੂ ਮੰਨੀਏ? ਤਾਂ ਮੈਂ ਉਹਨਾਂ ਨੂੰ ਕਿਹਾ ਕਿ ਹੁਣ ਤਕ ਬਿਨਾਂ ਗੁਰੂ ਦੇ ਤੂੰ ਰਿਹਾ ਹੈਂ, ਮਿਲ ਗਿਆ? ਜੇਕਰ ਮਿਲ ਗਿਆ ਤਾਂ ਗੱਲ ਖ਼ਤਮ ਹੋ ਗਈ। ਅਤੇ ਨਹੀਂ ਮਿਲਿਆ ਗੁਰੂ ਤਾਂ ਹੁਣ ਤੂੰ ਕੀ ਕਰੇਂਗਾ? ਮਿਲਣਾ ਹੁੰਦਾ ਤਾਂ ਮਿਲ ਗਿਆ ਹੁੰਦਾ। ਹੁਣ ਤੂੰ ਕਰੇਂਗਾ ਕੀ? ਅਤੇ ਤੂੰ ਮੇਰੇ ਕੋਲ ਕਿਉਂ ਆਇਆ ਹੈਂ?

ਆਦਮੀ ਦੀ ਬੜੀ ਉਲਝਣ ਹੈ। ਉਹ ਆਦਮੀ ਮੈਨੂੰ ਕਹਿਣ ਲਗਾ : ਮੈਂ ਇਸਲਈ ਆਇਆ ਹਾਂ ਇਹੀ ਪੁੱਛਣ ਤੁਹਾਥੋਂ ਕਿ ਮੇਰਾ ਮੰਨਣਾ ਠੀਕ ਹੈ ਤਾਂ ਬਿਨਾਂ ਗੁਰੂ ਦੇ ਸਰ ਜਾਏਗਾ? ਕਿ ਜੇ ਮੈਂ ਗੁਰੂ ਨਾ ਬਣਾਵਾਂ, ਤਾਂ ਕੋਈ ਅੜਿੱਚਣ ਤਾਂ ਨਹੀਂ ਆਏਗੀ?' ਗੁਰੂ ਬਨਾਉਣਾ ਹੋਵੇ ਤਾਂ ਕਿਸੇ ਤੋਂ ਪੁੱਛਣ ਜਾਣਾ ਪੈਂਦਾ ਹੈ? ਨਾ ਬਨਾਉਣਾ ਹੋਵੇ, ਤਾਂ ਵੀ ਕਿਸੇ ਤੋਂ ਪੁੱਛਣ ਜਾਣਾ ਪੈਂਦਾ ਹੈ? ਗੁਰੂ ਤੋਂ ਬਚਣ ਦਾ ਉਪਾਅ ਨਹੀਂ ਦਿਸਦਾ ਹੈ।

ਕੋਈ ਗੁਰੂ ਦੇ ਪੱਖ ਵਿਚ ਹੈ, ਤਾਂ ਉਸਦੇ ਸ਼ਿਸ਼ ਬਣ ਜਾਂਦੇ ਹਨ ਲੋਕ। ਜਿਹੜਾ ਗੁਰੂ ਦੇ ਪੱਖ ਵਿਚ ਹੈ ਉਹ ਸਮਝਾਉਂਦਾ ਹੈ ਲੋਕਾਂ ਨੂੰ ਗੁਰੂ ਬਿਨਾਂ ਗਿਆਨ ਨਹੀਂ ਹੋਵੇਗਾ। ਉਹ ਵੀ ਸਮਝਾਉਂਦਾ ਹੈ, ਜਿਹੜਾ ਗੁਰੂ ਦੇ ਵਿਰੋਧ 'ਚ ਹੈ। ਉਹ ਵੀ ਕਹਿੰਦਾ ਹੈ ਕਿ ਬਸ ਗੁਰੂ ਹੀ ਇਕ ਨਾ ਬਨਾਉਣਾ, ਨਹੀਂ ਤਾਂ ਗਿਆਨ ਨਹੀਂ ਹੋਵੇਗਾ। ਉਹ ਵੀ ਸਮਝਾਉਂਦਾ ਹੈ।

ਮੇਰੀ ਦ੍ਰਿਸ਼ਟੀ ਹੈ ਕਿ ਤੁਸੀਂ ਗੁਰੂ ਤੋਂ ਬਚ ਨਹੀਂ ਸਕਦੇ। ਅੰਦਰ ਦਾ ਗੁਰੂ ਹੈ, ਉਸਦਾ ਤੁਹਾਨੂੰ ਪਤਾ ਨਹੀਂ ਹੈ। ਤੁਹਾਨੂੰ ਬਾਹਰ ਗੁਰੂ ਪਕੜਨਾ ਪਏਗਾ, ਲਭਣਾ ਪਏਗਾ। ਲੇਕਿਨ ਬਾਹਰ ਦਾ ਗੁਰੂ ਸਿਰਫ ਇਕ ਕੰਮ ਕਰ ਸਕਦਾ ਹੈ। ਉਹ ਗੁਰੂ ਨਹੀਂ ਹੋ ਸਕਦਾ, ਪਰ ਬਾਹਰ ਦੇ ਗੁਰੂ ਦੇ ਨੇੜੇ ਰਹਿ ਕੇ ਸ਼ਾਂਤ ਹੋ ਕੇ ਉਸਦੇ ਸਾਥ ਵਿਚ, ਉਸਦੀ ਮੌਜੂਦਗੀ ਵਿਚ, ਉਸਦੇ ਉਠਣ-ਬੈਠਣ ਵਿਚ, ਉਸਦੀ ਵਾਣੀ ਵਿਚ, ਉਸਦੇ ਮੌਨ ਵਿਚ, ਉਸ ਦੀਆਂ ਅੱਖਾਂ ਵਿਚ, ਉਸਦੇ ਹੱਥਾਂ ਵਿਚ, ਉਸਦੀ ਜੋ ਜੀਵਨ-ਧਾਰਾ ਵਹਿ ਰਹੀ ਹੈ ਤੁਹਾਡੇ ਕੋਲ, ਉਸ ਵਿਚ ਕਿਸੇ ਦਿਨ ਤੁਹਾਨੂੰ ਉਸਦੀ ਪਰਤਵੀਂ-ਗੂੰਜ ਮਿਲ ਸਕਦੀ ਹੈ, ਜੋ ਤੁਹਾਡੇ ਅੰਦਰ ਹੈ—ਝਲਕ। ਕਿਉਂਕਿ ਗੁਰੂ ਦਾ ਅਰਥ ਹੀ ਹੈ : ਉਹ ਵਿਅਕਤੀ ਜਿਸਨੇ ਅੰਦਰ ਦੇ ਗੁਰੂ ਨੂੰ ਪਾ ਲਿਆ। ਹੋਰ ਕੋਈ ਅਰਥ ਨਹੀਂ ਹੈ।

ਜਿਸਨੇ ਜੀਵਨ-ਗੁਰੂ ਨੂੰ ਪਾ ਲਿਆ, ਉਹ ਵਿਅਕਤੀ ਗੁਰੂ ਹੋ ਗਿਆ। ਉਹ ਆਪਣਾ ਤਾਂ ਗੁਰੂ ਹੋ ਹੀ ਗਿਆ, ਪਰ ਹੁਣ ਉਹ ਤੁਹਾਡੇ ਲਈ ਵੀ ਝਲਕ ਦਾ ਕੰਮ ਦੇ ਸਕਦਾ ਹੈ, ਸ਼ੀਸ਼ਾ ਬਣ ਸਕਦਾ ਹੈ। ਉਸਦੀ ਕੋਈ ਕਿਰਨ ਤੁਹਾਨੂੰ ਵੀ ਚੋਟ ਕਰ ਸਕਦੀ ਹੈ। ਉਸਦੀ ਵਾਣੀ ਦੇ ਸੁਰ ਨੱਚਣ ਲਗੇ। ਉਸਦੀ ਨਾਚ ਦੀ ਧੁਨ ਤੁਹਾਡੇ ਅੰਦਰ ਵੀ ਪ੍ਰਵੇਸ਼ ਕਰ ਜਾਵੇ, ਤਾਂ

ਤੁਹਾਡੀ ਵੀਣਾ ਵਿਚ ਵੀ ਝੰਕਾਰ ਹੋ ਸਕਦੀ ਹੈ।

ਵੀਣਾਵਾਦਕ ਕਹਿੰਦੇ ਹਨ ਕਿ ਜੇ ਇਕ ਸ਼ਾਂਤ ਕਮਰੇ ਵਿਚ ਇਕ ਵੀਣਾ ਰਖ ਦਿਤੀ ਜਾਵੇ ਇਕ ਕੋਨੇ ਵਿਚ ਅਤੇ ਦੂਜੇ ਕੋਨੇ 'ਚ ਦੂਜੀ ਵੀਣਾ ਦੇ ਤਾਰ ਛੇੜੇ ਜਾਣ ਤੇ ਫਿਰ ਝੰਕਾਰ ਵਧਦੀ ਹੀ ਜਾਵੇ, ਤਾਂ ਇਕ ਘਟੀ ਆਉਂਦੀ ਹੈ ਕਿ ਉਹ ਜਿਹੜੀ ਸ਼ਾਂਤ ਮੌਨ ਰਖੀ ਵੀਣਾ ਹੈ, ਉਸਦੇ ਤਾਰ ਕੰਬਣ ਲਗ ਪੈਂਦੇ ਹਨ। ਇਹ ਜੋ ਝੰਕਾਰ ਕਮਰੇ ਵਿਚ ਗੂੰਜਦੀ ਹੈ, ਇਹ ਝੰਕਾਰ ਉਸ ਵੀਣਾ ਨੂੰ ਵੀ ਪਕੜ ਲੈਂਦੀ ਹੈ, ਉਸਦੇ ਤਾਰ ਵੀ ਹੌਲੀ-ਜਿਹੀ ਕੰਬਣ ਲਗਦੇ ਹਨ। ਅਜੇਹੀ ਹੀ ਕੰਬਣੀ ਗੁਰੂ ਦੇ ਕੋਲ ਤੁਹਾਡੇ ਅੰਦਰ ਦੇ ਗੁਰੂ ਵਿਚ ਹੋ ਜਾਂਦੀ ਹੈ। ਇਸਲਈ ਗੁਰੂ ਦੇ ਪ੍ਰਤੀ ਸਮਰਪਣ ਦਾ ਇੰਨਾ ਮੁੱਲ ਹੈ। ਕਿਉਂਕਿ ਸਮਰਪਣ ਨਾ ਹੁੰਦਾ ਹੋਵੇ ਤਾਂ ਤੁਸੀਂ ਆਕੜੇ ਖੜ੍ਹੇ ਹੋ। ਵੀਣਾ ਦੇ ਤਾਰ ਢਿੱਲੇ ਹੀ ਨਹੀਂ ਛਡ ਰਹੇ ਹੋ ਕਿ ਉਹ ਕੰਬ ਸਕਣ। ਸਮਰਪਣ ਹੋਵੇ ਤਾਂ ਇਹ ਕੰਬਣਾ ਹੋ ਸਕਦਾ ਹੈ। ਸਮਰਪਣ ਹੋਵੇ, ਤਾਂ ਤੁਸੀਂ ਖੁਲ੍ਹ ਗਏ, ਤੁਹਾਡਾ ਝਰੋਖਾ ਖੁੱਲ੍ਹਾ ਹੈ।

ਅਤੇ ਬਰਾਬਰ-ਬਰਾਬਰ ਨੂੰ ਅੰਦੋਲਤ ਕਰਦਾ ਹੈ, ਸਮਾਨ-ਸਮਾਨ ਨੂੰ ਪ੍ਰਭਾਵਤ ਕਰਦਾ ਹੈ। ਸਮਾਨ ਨਾਲ ਸਮਾਨ ਗਤੀਮਾਨ ਹੋ ਜਾਂਦਾ ਹੈ। ਜੇਕਰ ਬਾਹਰ ਕੋਈ ਗੁਰੂ ਹੈ, ਤਾਂ ਉਹ ਤੁਹਾਡਾ ਗੁਰੂ ਨਹੀਂ ਹੈ ਅਸਲ ਵਿਚ, ਤੁਹਾਡਾ ਗੁਰੂ ਤੁਹਾਡੇ ਅੰਦਰ ਛੁਪਿਆ ਹੈ। ਲੇਕਿਨ ਇਹ ਬਾਹਰ ਦਾ ਗੁਰੂ ਤਾਂ ਅੰਦਰ ਛੁਪਿਆ ਹੈ, ਉਸ ਵਿਚ ਕੋਈ ਅਵਾਜ਼ ਤਾਂ ਹੋਵੇ, ਕੋਈ ਹਿੱਲਣ-ਜੁਲਣ ਹੋਵੇ, ਕੋਈ ਚੋਟ ਪਵੇ, ਕੋਈ ਝਣਕਾਰ ਹੋਵੇ। ਇਹ ਬਾਹਰ ਦਾ ਗੁਰੂ ਆਪਣੇ ਵਜੂਦ ਨਾਲ, ਆਪਣੇ ਹੋਣ ਦੇ ਢੰਗ ਨਾਲ ਹੀ ਅੰਦਰ ਦੇ ਗੁਰੂ ਖ਼ਾਤਰ ਪੁਕਾਰ, ਸੱਦਾ ਬਣ ਜਾਂਦਾ ਹੈ, ਇਕ ਚੁੰਬਕ ਬਣ ਜਾਂਦਾ ਹੈ। ਅਤੇ ਫਿਰ ਤੁਹਾਨੂੰ ਪਛਾਣ ਵੀ ਇਸਦੀ ਕੋਲ ਆਉਣੀ ਸ਼ੁਰੂ ਹੋ ਜਾਂਦੀ ਹੈ ਕਿ ਜੇ ਕਿਸੇ ਦਿਨ ਅੰਦਰ ਦਾ ਗੁਰੂ ਮਿਲੇਗਾ, ਤਾਂ ਕਿਹੋ-ਜਿਹਾ ਹੋਵੇਗਾ।

ਵਿਵੇਕਾਨੰਦ ਅਕਸਰ ਇਕ ਕਹਾਣੀ ਸੁਣਾਉਂਦੇ ਹੁੰਦੇ ਸਨ ਕਿ ਇਕ ਸ਼ੇਰਨੀ ਛਾਲ ਮਾਰ ਰਹੀ ਸੀ ਇਕ ਪਹਾੜ ਤੋਂ। ਗਰਭਵਤੀ ਸੀ, ਅਤੇ ਛਾਲ ਲਾਉਣ ਦੌਰਾਨ ਹੀ ਉਸਦੇ ਬੱਚਾ ਪੈਦਾ ਹੋ ਗਿਆ। ਅਤੇ ਹੇਠਾਂ ਭੇਡਾਂ ਦਾ ਇਕ ਝੁੰਡ ਲੰਘ ਰਿਹਾ ਸੀ, ਉਹ ਬੱਚਾ ਭੇਡਾਂ ਦੇ ਝੁੰਡ ਵਿਚ ਜਾ ਡਿਗਾ। ਫਿਰ ਭੇਡਾਂ ਨੇ ਪਾਲ-ਪਲੋਸ ਕੇ ਉਸਨੂੰ ਵਡਾ ਕਰ ਲਿਆ। ਅਤੇ ਉਸ ਸ਼ੇਰ ਦੇ ਬੱਚੇ ਨੇ ਸਦਾ ਇਹੀ ਜਾਣਿਆ, ਸ਼ੇਰ - ਬੱਚੇ ਨੇ ਕਿ ਉਹ ਭੇਡ ਹੈ। ਹੋਰ ਕੋਈ ਜਾਣਨ ਦਾ ਉਪਾਅ ਵੀ ਨਹੀਂ ਸੀ। ਕਿਉਂਕਿ ਜਿਨ੍ਹਾਂ ਦੇ ਕੋਲ ਅਸੀਂ ਹੁੰਦੇ ਹਾਂ, ਅਸੀਂ ਜਾਣਦੇ ਹਾਂ ਕਿ ਅਸੀਂ ਉਹਨਾਂ ਜਿਹੇ ਹੀ ਹਾਂ। ਮਾਂ-ਦੂਧ ਚੁੰਘਾਉਣ ਵਾਲੀ ਭੇਡ ਸੀ, ਸੰਗੀ-ਸਾਥੀ ਭੇਡਾਂ ਸਨ। ਸ਼ੇਰ ਨੂੰ ਪਤਾ ਵੀ ਕਿਵੇਂ ਲਗੇ ਕਿ ਮੈਂ ਭੇਡ ਨਹੀਂ ਹਾਂ।

ਉਹ ਭੇਡਾਂ ਵਰਗੀ ਅਵਾਜ਼ ਕਢਣੀ ਸਿੱਖ ਗਿਆ, ਭੇਡਾਂ ਵਾਂਗ ਹੀ ਦੌੜਦਾ ਸੀ। ਜ਼ਰਾ ਬੇਚੈਨੀ ਤਾਂ ਉਸਨੂੰ ਹੁੰਦੀ ਸੀ, ਕਿਉਂਕਿ ਉਹ ਭੇਡਾਂ ਨਾਲੋਂ ਬਹੁਤ ਵਡਾ ਹੋ ਗਿਆ। ਲੇਕਿਨ ਤਦ ਇਹੀ ਸਮਝਿਆ ਗਿਆ ਕਿ ਜ਼ਰਾ ਐਬਨਾਰਮਲ, ਗੈਰ-ਮਾਮੂਲੀ ਦੇਹ ਹੈ। ਭੇਡਾਂ ਵੀ ਉਸਨੂੰ ਭੇਡ ਹੀ ਸਮਝਦੀਆਂ ਸਨ; ਕਿਉਂਕਿ ਉਹਨਾਂ ਵਰਗੀ ਹੀ ਅਵਾਜ਼ ਕਰਦਾ। ਉਹਨਾਂ ਦੇ

ਨਾਲ ਹੀ ਵਡਾ ਹੋਇਆ, ਉਹਨਾਂ ਦੇ ਨਾਲ ਹੀ ਖੇਡਿਆ-ਕੁੱਦਿਆ; ਸ਼ੇਰ ਜਿਹਾ ਕੋਈ ਲੱਛਣ ਉਸ ਵਿਚ ਉਹਨਾਂ ਨੂੰ ਦਿਸਦਾ ਹੀ ਨਹੀਂ ਸੀ। ਨਾ ਹਮਲਾ ਕਰਦਾ ਸੀ, ਨਾ ਕੱਟਦਾ ਸੀ, ਨਾ ਖਾਂਦਾ ਸੀ। ਭੇਡਾਂ ਜੋ ਵੀ ਖਾਂਦੀਆਂ ਸਨ, ਉਹੀ ਖਾਂਦਾ ਸੀ। ਭੇਡਾਂ ਜੋ ਬੋਲਦੀਆਂ ਸਨ, ਉਹੀ ਬੋਲਦਾ ਸੀ। ਭੇਡ ਹੋਣਾ ਉਸਦੀ ਜ਼ਿੰਦਗੀ ਸੀ। ਕੁਝ ਏਬਨਾਰਮਲ ਸੀ, ਜ਼ਰਾ ਗੈਰ-ਸਧਾਰਨ ਸੀ। ਥੋੜ੍ਹੀ-ਕੁ ਲੰਬਾਈ ਜ਼ਿਆਦਾ ਸੀ, ਸਰੀਰ ਜ਼ਰਾ ਵਡਾ ਸੀ, ਰੰਗ-ਰੂਪ ਭਿੰਨ ਸੀ। ਪਰ ਅਸਧਾਰਨ ਬੱਚੇ ਤਾਂ ਸਭ ਜਾਤਾਂ ਵਿਚ ਪੈਦਾ ਹੋ ਜਾਂਦੇ ਹਨ। ਭੇਡਾਂ ਵਿਚ ਵੀ ਹੋ ਜਾਂਦੇ ਹਨ। ਅਸਧਾਰਨ ਹੋਣ ਦੀ ਵਜ੍ਹਾ ਨਾਲ ਉਸਨੂੰ ਕੁਝ ਪਰੇਸ਼ਾਨੀ ਵੀ ਹੁੰਦੀ ਸੀ, ਉਹ ਆਪਣੇ-ਆਪ ਨੂੰ ਦੀਨ-ਹੀਣ ਸਮਝਦਾ ਸੀ। ਤੁਸੀਂ ਵੀ ਜੇ ਪੰਜ ਫੁਟ ਲੰਮੇ ਲੋਕਾਂ ਵਿਚ ਦਸ ਫੁਟ ਦੇ ਹੋ ਜਾਵੋ, ਤਾਂ ਤੁਸੀਂ ਕਮਰ ਝੁਕਾ ਕੇ ਅਤੇ ਡਰੇ-ਡਰੇ ਤੁਰੋਗੇ। ਕਿਉਂਕਿ ਤੁਸੀਂ ਬੀਮਾਰ ਹੋ।

ਮੈਂ ਜਿਸ ਯੂਨੀਵਰਸਿਟੀ ਵਿਚ ਸੀ, ਮੇਰੇ ਇਕ ਪ੍ਰੋਫੈਸਰ ਨੂੰ ਬੀਮਾਰੀ ਹੋ ਗਈ ਸੀ। ਸਾਰੇ ਲੋਕ ਕਹਿੰਦੇ ਸਨ, ਬੀਮਾਰੀ ਹੈ; ਉਹ ਵੀ ਕਹਿੰਦੇ ਸਨ; ਬੀਮਾਰੀ ਹੈ। ਉਹ ਨੌਂ ਫੁਟ ਦੇ ਹੁੰਦੇ ਜਾ ਰਹੇ ਸਨ, ਹੌਲੀ-ਹੌਲੀ ਲੰਮੇ ਹੁੰਦੇ ਜਾ ਰਹੇ ਸਨ। ਬੜੇ ਪਰੇਸ਼ਾਨ ਰਹਿੰਦੇ, ਸੌਂ ਨਾ ਸਕਦੇ-ਚਿੰਤਾ, ਇਲਾਜ। ਮੈਂ ਉਹਨਾਂ ਨੂੰ ਪੁਛਿਆ ਕਿ ਤੈਨੂੰ ਤਕਲੀਫ ਕੀ ਹੈ? ਤਕਲੀਫ ਹੋਰ ਕੁਝ ਨਹੀਂ, ਇਹ ਲੰਮਾ ਹੁੰਦੇ ਜਾਣਾ ਹੀ ਤਕਲੀਫ ਹੈ। ਇਸ ਵਿਚ ਕੀ ਤਕਲੀਫ ਹੈ? ਕੋਈ ਤਕਲੀਫ ਹੈ ਤੈਨੂੰ? ਕੋਈ ਪੀੜ, ਪਰੇਸ਼ਾਨੀ, ਕੋਈ ਦਿੱਕਤ ਤੈਨੂੰ ਹੋ ਰਹੀ ਹੈ, ਜਿਸਦਾ ਤੂੰ ਇਲਾਜ ਕਰਵਾ ਲਵੇਂ? ਬਸ ਇਹ ਵਡਾ ਹੁੰਦੇ ਜਾਣਾ... ਕਿਉਂਕਿ ਜਿਹੜਾ ਦੇਖਦਾ ਹੈ, ਉਹ ਮੈਨੂੰ ਚੌਂਕ ਕੇ ਦੇਖਦਾ ਹੈ! ਪਤਨੀ ਕਹਿੰਦੀ ਹੈ, ਇਹ ਕੀ ਹੋ ਰਿਹਾ ਹੈ? ਕਿਤੇ ਜਾਂਦੀ ਹਾਂ ਤਾਂ ਲੋਕ ਪੁਛਦੇ ਹਨ, ਕਿ ਇਹ ਤੇਰੇ ਪਤੀ ਨੇ? ਉਹ ਝੁਕ ਕੇ ਤੁਰਦੇ ਸਨ ਬਿਲਕੁਲ ਕਿ ਕਿੰਨੇ ਨੀਵੇਂ ਹੋ ਜਾਣ!

ਉਹੋ-ਜਿਹੀ ਹਾਲਤ ਉਸ ਸ਼ੇਰ ਦੀ ਰਹੀ ਹੋਵੇਗੀ। ਬੜਾ ਪਰੇਸ਼ਾਨ ਸੀ, ਬੇਚੈਨ ਸੀ। ਅਤੇ ਇਕ ਦਿਨ ਮੁਸੀਬਤ ਆ ਗਈ। ਇਕ ਸ਼ੇਰ ਨੇ ਉਸ ਝੁੰਡ ਉਤੇ ਹਮਲਾ ਕਰ ਦਿਤਾ। ਭੇਡਾਂ ਬੱਕਰੀਆਂ ਤੇ ਭੇਡਾਂ ਦੇ ਵਿਚ ਇਹ ਸ਼ੇਰ ਵੀ ਘਿਸਟਦਾ-ਗਿਰਦਾ ਹੋਇਆ ਭੱਜਿਆ। ਉਹ ਜਿਹੜਾ ਦੂਜਾ ਸ਼ੇਰ ਸੀ, ਉਹ ਦੇਖ ਕੇ ਦੰਗ ਰਹਿ ਗਿਆ। ਅਜੇਹਾ ਨਜ਼ਾਰਾ ਉਸਨੇ ਕਦੇ ਦੇਖਿਆ ਹੀ ਨਹੀਂ ਸੀ ਕਿ ਇਹ ਕੀ ਹੋ ਰਿਹਾ ਹੈ! ਇਕ ਸ਼ੇਰ, ਅਤੇ ਭੇਡਾਂ ਦੇ ਵਿਚਾਲੇ ਭੱਜ ਰਿਹਾ ਹੈ! ਅਤੇ ਭੇਡਾਂ ਉਸ ਨਾਲ ਘਿਸਟਦੀਆਂ ਹੋਈਆਂ ਭੱਜ ਰਹੀਆਂ ਹਨ! ਕੋਈ ਉਸ ਤੋਂ ਪਰੇਸ਼ਾਨ ਵੀ ਨਹੀਂ! ਅਤੇ ਇਹ ਕਿਉਂ ਭੱਜ ਰਿਹਾ ਹੈ? ਅਤੇ ਭੇਡਾਂ ਨੇ ਇਸਦੇ ਨਾਲ ਇੰਨਾ ਤਾਲਮੇਲ ਕਿਵੇਂ ਬਣਾਇਆ ਹੋਇਆ ਹੈ ਉਹ ਸ਼ੇਰ ਭੇਡਾਂ ਨੂੰ ਮਾਰਨ ਦੀ ਤਾਂ ਗੱਲ ਹੀ ਭੁੱਲ ਗਿਆ, ਭੁੱਲ ਦੀ ਤਾਂ ਗੱਲ ਹੀ ਭੁੱਲ ਗਿਆ ਉਹ ਦੌੜਿਆ, ਬੜੀ ਮੁਸ਼ਕਲ ਨਾਲ ਇਸ ਸ਼ੇਰ ਨੂੰ ਪਕੜ ਸਕਿਆ। ਭੇਡ ਹੁੰਦੀ ਤਾਂ ਪਕੜਨਾ ਅਸਾਨ ਵੀ ਹੁੰਦਾ, ਉਹ ਸੀ ਤਾਂ ਸ਼ੇਰ। ਸੋ ਭਜਦਾ ਤਾਂ ਸ਼ੇਰ ਵਾਂਗ ਸੀ। ਮੁਸ਼ਕਲ ਨਾਲ ਪਕੜ ਸਕਿਆ, ਜਵਾਨ ਸੀ ਅਤੇ ਇਹ ਬੁੱਢਾ ਸੀ ਸ਼ੇਰ।

ਪਕੜ ਲਿਆ, ਤਾਂ ਉਹ ਮਿਆਂਕਣ ਲਗਾ, ਰੋਣ ਲਗਾ, ਹੱਥ ਜੋੜਨ ਲਗਾ ਕਿ ਖਿਮਾ ਕਰ ਦੇ, ਮਾਫ ਕਰ ਦੇ, ਹੁਣ

ਕਦੇ ਤੇਰੇ ਰਾਹ 'ਚ ਨਹੀਂ ਆਵਾਂਗਾ, ਮੈਨੂੰ ਜਾਣ ਦੇ। ਉਸਨੇ ਕਿਹਾ, ਤੂੰ ਪਾਗਲ ਹੋ ਗਿਆ ਹੈਂ? ਤੂੰ ਭੇਡ ਨਹੀਂ ਹੈਂ। ਉਸਨੇ ਕਿਹਾ, ਮੈਂ ਭੇਡ ਹਾਂ, ਜ਼ਰਾ ਅਸਧਾਰਨ, ਜ਼ਰਾ ਉਸਦੀ ਉਚਾਈ ਮੇਰੀ ਜ਼ਿਆਦਾ ਹੈ। ਰੰਗ–ਰੂਪ ਜਿਹੋ–ਜਿਹਾ ਹੋਣਾ ਚਾਹੀਦਾ ਹੈ, ਉਹੋ–ਜਿਹਾ ਨਹੀਂ ਹੈ, ਪਰ ਹਾਂ ਮੈਂ ਭੇਡ।

ਉਹ ਸ਼ੇਰ ਉਸਨੂੰ ਫੜ ਕੇ ਨਦੀ ਦੇ ਕੰਢੇ ਲੈ ਗਿਆ। ਉਹ ਰੋਂਦਾ, ਚੀਕਦਾ ਕਿ ਮੈਨੂੰ ਜਾਣ ਦੇ, ਮੇਰੇ ਸਭ ਸੰਗੀ–ਸਾਥੀ ਪਿਛੇ ਪਛੜ ਗਏ ਹਨ। ਉਸਨੂੰ ਘਬਰਾਹਟ ਹੋ ਗਈ ਕਿ ਹੁਣ ਮਾਰਿਆ ਗਿਆ, ਹੁਣ ਮੇਰੀ ਮੌਤ ਕਰੀਬ ਹੈ। ਲੇਕਿਨ ਉਹ ਬੁੱਢਾ ਸ਼ੇਰ ਉਸਨੂੰ ਕਿਸੇ ਤਰ੍ਹਾਂ ਲੈ ਗਿਆ ਨਦੀ ਦੇ ਕੰਢੇ ਅਤੇ ਕਿਹਾ, ਝਾਕ ਕੇ ਦੇਖ ਪਾਗਲਾ, ਨਦੀ ਵਿਚ ਆਪਣੇ ਚੇਹਰੇ ਨੂੰ। ਉਸ ਸ਼ੇਰ ਨੇ, ਭੇਡ ਬਣੇ ਸ਼ੇਰ ਨੇ ਬੜਾ ਡਰਦੇ–ਡਰਦੇ ਪਾਣੀ ਵਿਚ ਝਾਕ ਕੇ ਦੇਖਿਆ। ਛਿਨ–ਭਰ ਵਿਚ ਸਭ ਬਦਲ ਗਿਆ ਛਿਨ–ਭਰ ਵਿਚ! ਭੇਡ ਦੀ ਅਵਾਜ਼ ਖੋ ਗਈ। ਸ਼ੇਰ ਦੀ ਗਰਜ ਪਰਗਟ ਹੋਈ। ਜਿਵੇਂ ਹੀ ਦੇਖਿਆ ਆਪਣਾ ਚੇਹਰਾ ਹੇਠਾਂ, ਗਰਜ ਨਿਕਲ ਗਈ। ਜੋ ਕਦੇ ਉਸਨੇ ਜਾਣੀ ਨਹੀਂ ਸੀ ਕਿ ਉਸਦੇ ਅੰਦਰ ਛੁਪੀ ਹੈ, ਸ਼ੇਰ ਦੀ ਭਬਕ। ਇਕ ਛਿਨ ਵਿਚ ਉਹ ਸ਼ੇਰ ਹੋ ਗਿਆ। ਉਹ ਸ਼ੇਰ ਸੀ, ਸਿਰਫ ਭੁਲੇਖਾ ਟੁੱਟ ਗਿਆ।

ਗੁਰੂ ਦਾ ਇੰਨਾ ਹੀ ਅਰਥ ਹੈ ਕਿ ਉਹ ਪਕੜ ਕੇ ਤੁਹਾਨੂੰ ਕਿਸੇ ਪਾਣੀ ਵਿਚ ਦਿਖਾ ਦੇਵੇ ਕਿ ਤੁਸੀਂ ਕੀ ਹੋ। ਜਾਂ ਖੁਦ ਪਾਣੀ ਬਣ ਜਾਵੇ ਤੇ ਤੁਹਾਨੂੰ ਦਿਖਾ ਦੇਵੇ ਕਿ ਤੁਸੀਂ ਕੀ ਹੋ। ਇਕ ਝਲਕ ਤੁਹਾਨੂੰ ਆਪਣੀ ਮਿਲ ਜਾਵੇ, ਤੁਹਾਨੂੰ ਆਪਣਾ ਗੁਰੂ ਮਿਲ ਗਿਆ।

ਇਹ ਸੂਤਰ ਕਹਿੰਦਾ ਹੈ ਕਿ ਉਹ ਕਿਰਨ, ਉਹ ਪ੍ਰਕਾਸ਼ ਦੀ ਰੇਖਾ ਹੀ ਤੇਰਾ ਜੀਵਨ–ਗੁਰੂ, ਤੇਰੀ ਸੱਚੀ ਆਤਮਾ ਹੈ–ਦ੍ਰਸ਼ਟਾ ਅਤੇ ਖਾਮੋਸ਼ ਚਿੰਤਕ। ਅਤੇ ਤੇਰੀ ਨੀਵੀਂ ਆਤਮਾ ਦਾ ਸ਼ਿਕਾਰ ਆਤਮਾ ਸਿਰਫ ਭੁੱਲ ਕਰਨ ਵਾਲੇ ਸਰੀਰ ਵਿਚ ਜ਼ਖਮੀ ਹੁੰਦੀ ਹੈ। ਇਹਨਾਂ ਦੋਨਾਂ ਉਤੇ ਕਾਬੂ ਅਤੇ ਮਾਲਕੀ ਕਾਇਮ ਕਰ ਅਤੇ ਤੂੰ ਨੇੜੇ ਆਉਂਦੇ ਹੋਏ ਸੰਤੁਲਣ ਦੇ ਦੁਆਰ ਦੇ ਅੰਦਰ ਜਾਣ ਵਿਚ ਸੁਰੱਖਿਅਤ ਹੈਂ।

...*'ਅਤੇ ਤੇਰੀ ਨੀਵੀਂ ਆਤਮਾ ਦੀ ਸ਼ਿਕਾਰ ਆਤਮਾ ਸਿਰਫ ਭੁੱਲ ਕਰਨ ਵਾਲੇ ਸਰੀਰ ਵਿਚ ਜ਼ਖਮੀ ਹੁੰਦੀ ਹੈ।'*

...ਅਤੇ ਤੂੰ ਜਿੰਨੀਆਂ ਭੁੱਲਾਂ ਕੀਤੀਆਂ ਹਨ, ਅਤੇ ਤੂੰ ਜਿੰਨੇ ਪਾਪ ਕੀਤੇ ਹਨ, ਉਹਨਾਂ ਸਭ ਦਾ ਪਰਛਾਵਾਂ, ਅਕਸ ਤੇ ਨਿਸ਼ਾਨ ਤੇਰੇ ਸਰੀਰ ਵਿਚ ਹੀ ਛੁੱਟਦੇ ਹਨ, ਤੇਰੇ ਵਿਚ ਨਹੀਂ। ਉਹਨਾਂ ਦੀ ਪੀੜ ਦਾ, ਉਹਨਾਂ ਦੇ ਫਲ ਦਾ ਭੋਗ ਵੀ ਤੇਰੇ ਸਰੀਰ ਵਿਚ ਹੀ ਹੁੰਦਾ ਹੈ, ਤੇਰੇ ਵਿਚ ਨਹੀਂ। ਲੇਕਿਨ ਤੂੰ ਖੁਦ ਨੂੰ ਸਰੀਰ ਦੇ ਨਾਲ ਇਕ ਮੰਨਦਾ ਹੈਂ, ਇਸਲਈ ਤੂੰ ਅਕਾਰਨ, ਵਿਅਰਥ ਹੀ ਪੀੜਤ ਹੁੰਦਾ ਹੈਂ।

ਭੇਡ ਦੇ ਨਾਲ ਜਿਸਨੇ ਖੁਦ ਨੂੰ ਇਕ ਮੰਨਿਆ ਹੈ, ਉਹ ਭੇਡ ਵਾਂਗ ਹੀ ਪੀੜਤ ਹੋਵੇਗਾ। ਅਤੇ ਇਹ ਪੀੜ ਕਾਫੀ ਅਸਲੀ ਹੈ, ਇਸਲਈ ਕਹਿਣ ਤੋਂ ਕੁਝ ਅਰਥ ਨਹੀਂ ਹੈ ਕਿ ਉਹ ਝੂਠ ਹੈ। ਉਹ ਜਿਹੜਾ ਸ਼ੇਰ ਭੱਜਿਆ ਸੀ ਭੇਡਾਂ ਦੇ ਦਰਮਿਆਨ, ਕੀ ਉਸਦਾ ਡਰ ਕੁਝ ਘਟ ਸੀ? ਕੀ ਉਸਦੀ ਛਾਤੀ ਕੁਝ ਘਟ ਘਬਰਾ ਗਈ ਹੋਵੇਗੀ? ਅਤੇ ਜੇ ਭਜਦਾ ਹੀ ਜਾਂਦਾ ਤਾਂ, ਹਾਰਟਅਟੈਕ ਉਸਨੂੰ ਹੋ ਸਕਦਾ ਸੀ, ਜਿਵੇਂ ਕਿ ਕਿਸੇ ਵੀ ਭੇਡ ਨੂੰ ਹੋ ਸਕਦਾ ਸੀ। ਇਹ ਸਭ ਅਸਲੀ ਹੈ। ਇੰਨਾ

ਕਹਿਣ ਨਾਲ ਕਿ ਭੁਲੇਖਾ ਹੈ, ਕੁਝ ਹੱਲ ਨਹੀਂ ਹੁੰਦਾ। ਹੋਵੇਗਾ ਭੁਲੇਖਾ, ਪਰ ਜਦ ਭੁਲੇਖਾ ਚਲਦਾ ਹੈ, ਤਦ ਤਾਂ ਅਸਲੀਅਤ ਹੈ। ਅਤੇ ਤਦ ਤਾਂ ਉਸਦੀ ਪੀੜ ਉੱਨੀ ਹੀ ਸੱਚੀ ਹੈ, ਜਿੰਨੀ ਅਸਲੀ ਪੀੜ ਦੀ ਹੋਵੇਗੀ।

ਕਿਹੜੀ ਪੀੜ ਹੋ ਰਹੀ ਸੀ ਸ਼ੇਰ ਨੂੰ?

ਉਹ ਸ਼ੇਰ ਹੈ ਤੇ ਮੰਨੀ ਬੈਠਾ ਹੈ ਭੇਡ, ਇਸਲਈ ਦੁਖ ਪਾ ਰਿਹਾ ਹੈ।

ਉਹ ਦੁਖ ਕਿਥੇ ਛੁਪਿਆ ਹੈ? ਉਸਦੀ ਧਾਰਨਾ ਵਿਚ, ਉਸਦੀ ਇਕਮਿਕਤਾ ਵਿਚ।

ਤੁਸੀਂ ਜਿੰਨੇ ਪਾਪ ਕੀਤੇ, ਜਿੰਨੀਆਂ ਭੁੱਲਾਂ ਕੀਤੀਆਂ ਹਨ, ਜਿੰਨੀਆਂ ਬੁਰਾਈਆਂ ਕੀਤੀਆਂ ਹਨ, ਉਹ ਸਭ ਤੁਹਾਡੇ ਵਿਚ ਨਹੀਂ ਛੁਪੀਆਂ ਹਨ, ਤੁਹਾਡੇ ਭੁਲੇਖੇ ਵਿਚ ਛੁਪੀਆਂ ਹਨ। ਅਤੇ ਤੁਹਾਡਾ ਭੁਲੇਖਾ ਹੈ ਕਿ ਮੈਂ ਸਰੀਰ ਹਾਂ। ਸਾਰੀ ਛਾਪ ਸਰੀਰ 'ਤੇ ਪੈਂਦੀ ਹੈ। ਅਤੇ ਸਾਰੀ ਛਾਪ ਦਾ ਫਲ ਸਰੀਰ ਨੂੰ ਭੁਗਤਣਾ ਪੈਂਦਾ ਹੈ। ਅਤੇ ਸਰੀਰ ਦੇ ਨਾਲ ਮੇਰੀ ਇਕਮਿਕਤਾ ਹੈ, ਇਸਲਈ ਮੈਂ ਵੀ ਭੁਗਤਦਾ ਹੋਇਆ ਪ੍ਰਤੀਤ ਹੁੰਦਾ ਹਾਂ। ਉਹ ਪ੍ਰਤੀਤੀ ਹੈ, ਲੇਕਿਨ ਦੁਖ ਤਾਂ ਪੂਰਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ।

ਮਨਸਵਿਦ ਕਹਿੰਦੇ ਹਨ ਕਿ ਉਹਨਾਂ ਕੋਲ ਲੋਕ ਆਉਂਦੇ ਹਨ। ਜੇ ਉਹਨਾਂ ਨੂੰ ਕਿਹਾ ਜਾਵੇ ਕਿ ਤੁਹਾਨੂੰ ਮਾਨਸਕ ਬੀਮਾਰੀ ਹੈ, ਤਾਂ ਇਸ ਨਾਲ ਕੁਝ ਹੱਲ ਨਹੀਂ ਹੁੰਦਾ। ਪੁਰਾਣੇ ਦਿਨਾਂ ਵਿਚ, ਅੱਜ ਤੋਂ ਸੌ ਸਾਲ ਪਹਿਲਾਂ, ਫ੍ਰਾਯਡ ਤੋਂ ਪਹਿਲਾਂ, ਕੋਈ ਮਨ ਦਾ ਡਾਕਟਰ ਤਾਂ ਹੁੰਦਾ ਨਹੀਂ ਸੀ, ਸਰੀਰ ਦੇ ਹੀ ਡਾਕਟਰ ਸਨ। ਸਰੀਰ ਦਾ ਡਾਕਟਰ ਇੰਨਾ ਹੀ ਕਹਿ ਦਿੰਦਾ ਸੀ ਕਿ ਇਹ ਕੋਈ ਬੀਮਾਰੀ ਨਹੀਂ ਹੈ—ਜਾਂਚ ਕਰ ਲੈਂਦਾ ਸੀ ਸਰੀਰ ਦੀ। ਅਤੇ ਤੁਸੀਂ ਕਹਿੰਦੇ ਹੋ ਕਿ ਮੇਰੇ ਤਾਂ ਸਿਰ 'ਚ ਦਰਦ ਹੁੰਦਾ ਹੀ ਚਲਿਆ ਜਾਂਦਾ ਹੈ। ਅਤੇ ਸਿਰ 'ਚੋਂ ਕੋਈ ਦਰਦ ਨਾ ਹੋਵੇ ਅਸਲ ਵਿਚ, ਤਾਂ ਇਲਾਜ ਕਰਨ ਵਾਲਾ ਇੰਨਾ ਹੀ ਕਹਿ ਸਕਦਾ ਸੀ ਕਿ ਤੁਹਾਨੂੰ ਭੁਲੇਖਾ ਹੈ, ਤੁਹਾਨੂੰ ਖਿਆਲ ਹੈ ਕਿ ਦਰਦ ਹੈ। ਦਰਦ ਹੈ ਨਹੀਂ, ਇਸਲਈ ਕੋਈ ਇਲਾਜ ਹੋ ਨਹੀਂ ਸਕਦਾ ਹੈ, ਤੁਸੀਂ ਭੁਲੇਖਾ ਛਡ ਦਿਉ। ਪਰ ਭੁਲੇਖਾ ਕੋਈ ਕਿਵੇਂ ਛਡ ਦੇਵੇ? ਅਤੇ ਜਿਸਨੂੰ ਦਰਦ ਹੋ ਰਿਹਾ ਹੈ, ਤੁਹਾਡੇ ਕਹਿਣ ਨਾਲ ਭੁਲੇਖਾ ਹੋ ਜਾਂਦਾ ਹੈ ਦਰਦ ਤਾਂ ਹੋ ਰਿਹਾ ਹੈ। ਅਤੇ ਦਰਦ ਉੱਨਾ ਹੀ ਹੈ, ਜਿੰਨਾ ਕੋਈ ਅਸਲੀ ਦਰਦ ਹੋਵੇ।

ਫ੍ਰਾਯਡ ਤੋਂ ਬਾਅਦ ਮਨਸਵਿਦਾਂ ਨੇ ਇਹ ਗੱਲ ਕਹਿਣੀ ਬੰਦ ਕਰ ਦਿਤੀ ਕਿ ਭੁਲੇਖਾ ਹੈ। ਇਹ ਖਿਆਲ ਵਿਚ ਆਇਆ ਕਿ ਭੁਲੇਖਾ ਵੀ ਤਾਂ ਦਰਦ ਜਦ ਦਿੰਦਾ ਹੈ, ਤਾਂ ਉੱਨਾ ਹੀ ਦਿੰਦਾ ਹੈ, ਜਿੰਨਾ ਕੋਈ ਸੱਚ ਦੇਵੇ। ਇਸਲਈ ਇਹ ਕਹਿਣ ਨਾਲ ਕੋਈ ਹੱਲ ਨਹੀਂ ਹੈ। ਇਸ ਭੁਲੇਖੇ ਨੂੰ ਮਿਟਾਉਣ ਦਾ ਉਪਾਅ ਕਰਨਾ ਜ਼ਰੂਰੀ ਹੈ।

ਕੀ ਹੋਵੇਗਾ ਉਪਾਅ?

ਜਦ ਤਕ ਸਾਡੀ ਇਹ ਇਕਮਿਕਤਾ ਦੀ ਭਾਵ-ਦਸ਼ਾ ਬਣੀ ਹੋਈ ਹੈ ਕਿ ਮੈਂ ਸਰੀਰ ਹਾਂ, ਤਦ ਤਕ ਅਸੀਂ ਕੀ ਕਰੀਏ? ਕਿਵੇਂ ਖੋਜੀਏ ਕਿ ਇਹ ਭੁਲੇਖਾ ਹੈ? ਕੀ ਉਪਾਅ ਕਰੀਏ ਕਿ ਸਾਨੂੰ ਦਿਖਾਈ ਪੈਣ ਲਗੇ?

ਦੋ-ਤਿੰਨ ਗੱਲਾਂ ਉਪਯੋਗੀ ਹਨ।

ਪਹਿਲੀ ਗੱਲ : ਕਾਬੂ, ਮਾਲਕੀ ਕਾਇਮ ਕਰ।

ਸਾਡਾ ਖ਼ੁਦ ਉੱਤੇ ਕੋਈ ਕਾਬੂ ਹੀ ਨਹੀਂ ਹੈ, ਕੋਈ ਮਾਲਕੀਅਤ ਨਹੀਂ ਹੈ। ਕੋਈ ਮਾਲਕੀਅਤ ਨਾ ਹੋਵੇ, ਤਾਂ ਸਰੀਰ ਹੀ ਸਾਨੂੰ ਚਲਾਉਂਦਾ ਹੈ। ਅਸੀਂ ਸੋਚਦੇ ਭਾਵੇਂ ਹਾਂ ਕਿ ਅਸੀਂ ਸਰੀਰ ਨੂੰ ਚਲਾ ਰਹੇ ਹਾਂ, ਪਰ ਸਰੀਰ ਹੀ ਸਾਨੂੰ ਚਲਾਉਂਦਾ ਹੈ। ਅਤੇ ਇਹ ਬੜਾ ਮਜ਼ੇਦਾਰ ਮਾਮਲਾ ਹੈ, ਤੁਸੀਂ ਸਦਾ ਇਹੀ ਸੋਚਦੇ ਹੋ ਕਿ ਤੁਸੀਂ ਮਾਲਕ ਹੋ ਅਤੇ ਤੁਸੀਂ ਸਭ ਚਲਾ ਰਹੇ ਹੋ। ਤੁਸੀਂ ਇਕ ਚੌਵੀ ਘੰਟੇ ਦੀ ਡਾਇਰੀ ਲਿਖੋ ਕਿ ਤੁਸੀਂ ਸਰੀਰ ਨੂੰ ਚਲਾਇਆ ਕਿ ਸਰੀਰ ਨੇ ਤੁਹਾਨੂੰ ਚਲਾਇਆ, ਤਾਂ ਤੁਹਾਨੂੰ ਪਤਾ ਲਗੇਗਾ ਕਿ ਸਰੀਰ ਨੇ ਤੁਹਾਨੂੰ ਚਲਾਇਆ ਹੈ। ਅਤੇ ਤੁਸੀਂ ਸਰੀਰ ਨੂੰ ਜ਼ਰਾ ਵੀ ਨਹੀਂ—ਜ਼ਰਾ ਵੀ ਨਹੀਂ ਚਲਾ ਸਕੇ। ਤਾਂ ਜਿਹੜਾ ਸਰੀਰ ਤੁਹਾਨੂੰ ਚਲਾਉਂਦਾ ਹੈ, ਫਿਰ ਤਾਂ ਬਹੁਤ ਕਠਨ ਹੈ ਭੁਲੇਖੇ ਤੋਂ ਜਾਗਣਾ, ਕਿਉਂਕਿ ਜਿਸ ਵਿਚ ਭੁਲੇਖਾ ਹੈ ਉਹ ਤੁਹਾਡਾ ਮਾਲਕ ਬਣਿਆ ਹੈ। ਇਸਨੂੰ ਕਿਵੇਂ ਜਾਣੋਂ?

ਪੁਰਾਣੀ ਆਦਤ ਹੈ, ਸਰੀਰ ਇੰਨਾ ਅਸਾਨੀ ਨਾਲ ਚੁੱਪ ਨਹੀਂ ਹੋ ਜਾਏਗਾ। ਅਤੇ ਪਹਿਲਾਂ ਕਈ ਦਫਾ ਤੁਸੀਂ ਚੁੱਪ ਕਰਾਉਣਾ ਚਾਹਿਆ ਹੈ, ਉਹ ਚੁੱਪ ਨਹੀਂ ਹੋਇਆ। ਉਸਨੇ ਹੋਰ ਜ਼ਿਆਦਾ ਸ਼ੋਰ-ਗੁਲ ਮਚਾਇਆ। ਫਿਰ ਤੁਸੀਂ ਭੋਜਨ ਕਰ ਲਿਆ, ਤਾਂ ਉਹ ਜਾਣਦਾ ਹੈ ਕਿ ਜ਼ਰਾ ਸ਼ੋਰ-ਗੁਲ ਮਚਾਉ। ਤੁਹਾਡੇ ਛੋਟੇ-ਛੋਟੇ ਬੱਚੇ ਜਾਣਦੇ ਹਨ। ਤਾਂ ਸਰੀਰ ਤਾਂ ਪੁਰਾਣਾ ਤਜਰਬੇਕਾਰ ਹੈ।

ਛੋਟਾ ਬੱਚਾ ਬਾਪ ਨੂੰ ਕਹਿੰਦਾ ਹੈ ਕਿ ਅੱਜ ਖਿਡੌਣਾ ਲਿਆਈਂ। ਬਾਪ ਕਹਿੰਦਾ ਹੈ ਕਿ ਨਹੀਂ ਲਿਆ ਸਕਦੇ। ਛੋਟਾ ਬੱਚਾ ਜਾਣਦਾ ਹੈ ਕਿ ਬਾਪ ਦੀ ਹਿੰਮਤ ਕਿੰਨੀ ਹੈ। ਤਿੰਨ ਵਾਰੀ ਵਧ ਤੋਂ ਵਧ ਕਹੇਗਾ ਕਿ ਨਹੀਂ ਲਿਆ ਸਕਦੇ। ਚੌਥੀ ਦਫਾ ਝੁਕੇਗਾ। ਉਹ ਸ਼ੋਰਗੁਲ ਮਚਾਉਣਾ ਸ਼ੁਰੂ ਕਰ ਦਿੰਦਾ ਹੈ, ਪੈਰ ਪਟਕਾਉਂਦਾ ਹੈ, ਟੱਪਦਾ-ਕੁੱਦਦਾ ਹੈ। ਉਹ ਜਾਣਦਾ ਹੈ ਕਿ ਕਿੰਨੀ ਸੀਮਾ ਹੈ। ਬਾਪ ਰਤਾ ਝੁਕਦਾ ਹੈ। ਜਦ ਉਹ ਜ਼ਿਆਦਾ ਉਪੱਦਰ ਮਚਾਉਣ ਲਗਦਾ ਹੈ, ਉਹ ਕਹਿੰਦਾ ਹੈ ਕਿ ਭਰਾਵਾ ਠਹਿਰ, ਦੋ-ਚਾਰ ਦਿਨ ਰੁਕ। ਉਹ ਕਹਿੰਦਾ ਹੈ ਕਿ ਬਿਲਕੁਲ ਰੁਕ ਸਕਦੇ ਹਾਂ। ਉਸਨੇ ਫੜ ਲਿਆ ਹੱਥ। ਹੁਣ ਉਹ ਜਾਣਦਾ ਹੈ ਕਿ ਥੋੜ੍ਹਾ ਹੋਰ ਦਬਾਉਣ ਦੀ ਲੋੜ ਹੈ, ਅਤੇ ਇਹ ਰਾਜ਼ੀ ਹੋ ਜਾਣਗੇ। ਇਹ ਕਈ ਦਫਾ ਹੋ ਚੁੱਕਾ ਹੈ। ਅਤੇ ਫਿਰ ਵੀ ਬਾਪ ਦੀ ਨਾਸਮਝੀ ਹੈ ਕਿ ਫਿਰ ਵੀ ਉਹ ਪਹਿਲਾਂ ਨਾਂਹ ਕਹਿੰਦਾ ਹੈ, ਅਤੇ ਫਿਰ ਤਿੰਨ ਦਫੇ ਵਿਚ ਹਾਰ ਜਾਂਦਾ ਹੈ। ਇਸ ਵਿਚ ਉਸਦਾ ਸਭ ਮਾਣ-ਆਦਰ ਵੀ ਖੋ ਜਾਂਦਾ ਹੈ। ਇਸ ਨਾਲੋਂ ਤਾਂ ਪਹਿਲੀ ਦਫਾ ਹੀ ਹਾਮੀ ਭਰ ਦੇਣੀ ਬਿਹਤਰ ਹੈ।

ਫ੍ਰਾਇਡ ਨੇ ਕਿਹਾ ਹੈ, ਸਿਰਫ ਉਹਨਾਂ ਗੱਲਾਂ ਵਿਚ ਹੀ ਨਾਂਹ ਕਹਿਣਾ ਬੱਚਿਆਂ ਨੂੰ, ਜਿਨ੍ਹਾਂ ਵਿਚ ਤੁਸੀਂ ਨਾਂਹ ਕਾਇਮ ਰਖ ਸਕੋ, ਨਹੀਂ ਤਾਂ ਤੁਸੀਂ ਬੱਚਿਆਂ ਨੂੰ ਨਸ਼ਟ ਕਰ ਰਹੇ ਹੋ। ਜੇ ਤੁਹਾਨੂੰ ਪਹਿਲਾਂ ਹੀ ਪਤਾ ਹੁੰਦਾ ਕਿ ਤੁਸੀਂ ਨਾਂਹ ਕਾਇਮ ਨਾ ਰਖ ਸਕੋਗੇ ਅਤੇ ਇਹ ਬੱਚਾ ਜਿੱਤ ਜਾਏਗਾ ਤੇ ਤੁਹਾਥੋਂ ਹਾਮੀ ਭਰਵਾ ਲਏਗਾ, ਤਾਂ ਬਿਹਤਰ ਹੈ ਕਿ ਤੁਸੀਂ ਪਹਿਲੀ ਦਫਾ ਹੀ ਹਾਮੀ ਭਰ ਦੇਣਾ। ਉਸ ਵਿਚ ਤੁਸੀਂ ਮਾਲਕ ਤਾਂ ਰਹੋਗੇ। ਪਰ ਅਜੇਹੀਆਂ ਗੱਲਾਂ ਦੇ ਲਈ ਬੱਚਿਆਂ ਨੂੰ ਕਹਿਣਾ ਜੋ ਤੁਸੀਂ ਕਰਵਾ ਸਕੋ।

ਜਿਵੇਂ ਬੱਚਾ ਰੋ ਰਿਹਾ ਹੈ ਤੇ ਤੁਸੀਂ ਉਸਨੂੰ ਕਹਿੰਦੇ ਹੋ, ਚੁੱਪ ਹੋ ਜਾ। ਜੇ ਉਹ ਚੁੱਪ ਨਹੀਂ ਹੋਵੇਗਾ, ਤਾਂ ਤੁਸੀਂ ਕੀ ਕਰੋਗੇ?

ਅਤੇ ਬੱਚੇ ਨੂੰ ਇਕ ਦਫ਼ਾ ਪਤਾ ਲਗ ਗਿਆ ਕਿ ਤੁਸੀਂ ਕਹਿੰਦੇ ਹੋ ਚੁੱਪ ਹੋ ਜਾ, ਨਹੀਂ ਹੁੰਦਾ, ਤਾਂ ਤੁਸੀਂ ਨਹੀਂ ਕਰ ਸਕਦੇ, ਤਾਂ ਉਸਨੂੰ ਤੁਹਾਡੀ ਨਪੁੰਸਕਤਾ ਦਾ ਪਤਾ ਲਗ ਗਿਆ। ਫ਼੍ਰਾਯਡ ਨੇ ਕਿਹਾ ਹੈ ਕਿ ਬੱਚੇ ਨੂੰ ਅਜੇਹੀ ਗੱਲ ਨਾ ਕਹਿਣਾ, ਜੋ ਤੁਸੀਂ ਕਰਵਾ ਨਾ ਸਕੋ। ਬੱਚੇ ਨੂੰ ਕਹਿਣਾ ਕਮਰੇ 'ਚੋਂ ਬਾਹਰ ਨਿਕਲ ਜਾ ਜੇ ਨਾ ਨਿਕਲੇ ਤਾਂ ਉਸਨੂੰ ਚੁੱਕ ਕੇ ਬਾਹਰ ਰਖਿਆ ਜਾ ਸਕਦਾ ਹੈ, ਦਰਵਾਜ਼ਾ ਬੰਦ ਕੀਤਾ ਜਾ ਸਕਦਾ ਹੈ, ਪਰ ਉਸਨੂੰ ਕਹੋ ਰੋ ਨਾ, ਤਾਂ ਕੀ ਕਰੋਗੇ? ਤੁਸੀਂ ਜੋ ਕਰੋਗੇ ਉਸ ਨਾਲ ਹੋਰ ਜ਼ਿਆਦਾ ਹੋ ਸਕਦਾ ਹੈ। ਅਤੇ ਇਕ ਵਾਰ ਉਸਨੂੰ ਅਜੇਹਾ ਪਤਾ ਲਗ ਜਾਵੇ ਕਿ ਕੁਝ ਚੀਜ਼ਾਂ ਹਨ, ਜੋ ਤੁਸੀਂ ਕਹਿੰਦੇ ਹੋ ਅਤੇ ਕਰਵਾ ਨਹੀਂ ਸਕਦੇ, ਤਾਂ ਮਾਲਕ ਉਹ ਹੋ ਰਿਹਾ ਹੈ; ਤੁਸੀਂ ਹੌਲੀ-ਹੌਲੀ ਕਮਜ਼ੋਰ ਹੁੰਦੇ ਜਾ ਰਹੇ ਹੋ।

ਛੋਟੇ-ਛੋਟੇ ਬੱਚੇ ਹੀ ਸਮਝ ਲੈਂਦੇ ਹਨ, ਤਾਂ ਸਰੀਰ ਤਾਂ ਬਹੁਤ ਪਰਾਚੀਨ ਹੈ। ਹਜ਼ਾਰਾਂ ਵਾਰ ਸਰੀਰ ਵਿਚ ਤੁਸੀਂ ਰਹੇ ਅਤੇ ਸਰੀਰ ਦੀ ਨਿਸਚਿਤ ਪਰਕਿਰਿਆ ਬਣ ਗਈ ਹੈ। ਤੁਹਾਨੂੰ ਭੁੱਖ ਲਗੀ ਹੈ, ਤਾਂ ਸਰੀਰ ਹੋਰ ਸ਼ੋਰਗੁਲ ਮਚਾਏਗਾ ਕਿ ਹੁਣੇ ਚਾਹੀਦੈ, ਹੁਣੇ ਚਾਹੀਦੈ, ਹੁਣੇ ਚਾਹੀਦੈ।

ਤਪੱਸਿਆ ਦਾ ਅਰਥ ਸਰੀਰ ਨੂੰ ਕਸ਼ਟ ਦੇਣਾ ਨਹੀਂ ਹੈ। ਤਪੱਸਿਆ ਦਾ ਅਰਥ ਸਿਰਫ਼ ਕਬਜ਼ਾ ਬਦਲਣਾ ਹੈ। ਸਰੀਰ ਮਾਲਕ ਨਹੀਂ ਹੈ, ਮੈਂ ਮਾਲਕ ਹਾਂ। ਭੁੱਖ ਲਗੀ ਹੈ, ਮੈਨੂੰ ਪਤਾ ਲਗ ਗਿਆ। ਹੁਣ ਤੂੰ ਚੁੱਪ ਹੋ ਜਾ ਅਤੇ ਮੈਂ ਅੱਜ ਭੁੱਖ ਨਹੀਂ ਭਰਨੀ ਹੈ, ਪੂਰੀ ਨਹੀਂ ਕਰਨੀ ਹੈ, ਅੱਜ ਮੈਂ ਭੁਖਾ ਰਹਿਣਾ ਹੈ। ਫਿਰ ਇਸ ਗੱਲ ਉਤੇ ਟਿਕਣਾ। ਥੋੜ੍ਹੇ ਹੀ ਦਿਨਾਂ ਦੇ ਪ੍ਰਯੋਗ ਵਿਚ ਤੁਸੀਂ ਪਾਉਗੇ ਕਿ ਤੁਹਾਡੇ ਕਹਿੰਦਿਆਂ ਹੀ ਅੱਜ ਭੋਜਨ ਨਹੀਂ ਕਰਨਾ ਹੈ, ਸਰੀਰ ਚੁੱਪ ਹੋ ਜਾਏਗਾ।

ਲੇਕਿਨ ਸ਼ੁਰੂ ਵਿਚ ਨਹੀਂ ਹੋਵੇਗਾ ਇਹ। ਸਰੀਰ ਵਿਚ ਤਾਂ ਉਹ ਬਹੁਤ ਉਪਾਅ ਕਰੇਗਾ; ਮਨ ਵਿਚ ਪਤਾ ਨਹੀਂ ਕਿੰਨੀ ਤਰ੍ਹਾਂ ਦੇ ਵਿਚਾਰ ਪੈਦਾ ਕਰੇਗਾ। ਪਤਾ ਨਹੀਂ ਕਿੰਨੀਆਂ ਥਾਵਾਂ ਦੇ ਨਿਉਂਦੇ ਆ ਜਾਣਗੇ; ਪਤਾ ਨਹੀਂ ਕਿੰਨੀ ਥਾਂ ਰਾਜਭੋਗ ਹੋਣ ਲਗੇਗਾ। ਸਾਰੇ ਰਾਹ 'ਤੇ ਲੰਘੋਗੇ, ਤਾਂ ਸਭ ਦੁਕਾਨਾਂ ਖੋ ਜਾਣਗੀਆਂ; ਸਿਰਫ਼ ਹੋਟਲ ਦਿਖਾਈ ਪੈਣ ਲਗਣਗੇ। ਉਹ ਸਭ ਉਪਾਅ ਕਰੇਗਾ ਆਪਣੀ ਤਰਫ਼ੋਂ, ਸਾਰੀ ਚੇਸ਼ਟਾ ਕਰੇਗਾ; ਕਿਉਂਕਿ ਉਸਦੀ ਪੁਰਾਣੀ ਮਰਿਯਾਦਾ ਹੈ ਅਤੇ ਉਹ ਮਰਿਯਾਦਾ ਨੂੰ ਤੁਸੀਂ ਹਟਾ ਕੇ ਰਖ ਦੇ ਰਹੇ ਹੋ।

ਅੱਪਰ ਜੇ ਤੁਸੀਂ ਟਿਕੇ ਰਹੇ, ਅਤੇ ਤੁਸੀਂ ਹੌਸਲੇ ਦਾ ਇਸਤਮਾਲ ਕੀਤਾ, ਤਾਂ ਅੱਜ ਨਹੀਂ ਕਲ੍ਹ ਸਰੀਰ ਸਮਝ ਜਾਏਗਾ ਕਿ ਮਾਲਕੀਅਤ ਖੁੱਸ ਗਈ ਹੈ। ਅਤੇ ਉਹ ਤੁਹਾਡੇ ਪਿਛੇ ਚੱਲਣ ਲਗੇਗਾ। ਤਦ ਇਕ ਬੜੀ ਅਨੋਖੀ ਘਟਨਾ ਵਾਪਰਦੀ ਹੈ, ਜਿਸਨੂੰ ਉਹੀ ਲੋਕ ਜਾਣਦੇ ਹਨ, ਜਿਹੜੇ ਸਰੀਰ ਦੀ ਮਾਲਕੀਅਤ ਕਰ ਲੈਂਦੇ ਹਨ। ਤਦ ਤੁਹਾਡੇ ਕਹਿੰਦਿਆਂ ਹੀ ਸਰੀਰ ਚੁੱਪ ਹੋ ਜਾਂਦਾ ਹੈ। ਕਹਿੰਦਿਆਂ ਹੀ—ਤੁਸੀਂ ਕਿਹਾ ਕਿ ਅੱਜ ਖਾਣਾ ਨਹੀਂ, ਤਾਂ ਸਰੀਰ ਚੁੱਪ ਹੋ ਜਾਂਦਾ ਹੈ। ਕਿਉਂਕਿ ਉਹ ਜਾਣਦਾ ਹੈ ਕਿ ਇਸ ਆਦਮੀ ਤੋਂ ਭੋਜਨ ਹੁਣ ਮਿਲਣ ਦਾ ਕੋਈ ਉਪਾਅ ਨਹੀਂ ਰਿਹਾ।

ਸਰੀਰ ਦੀ ਆਪਣੀ ਸਮਝ ਹੈ। ਅਤੇ ਸਰੀਰ ਬੜਾ ਸਮਝਦਾਰ ਯੰਤਰ ਹੈ। ਤੁਹਾਡੇ ਰੇਜ਼ੇ-ਰੇਜ਼ੇ, ਰਗ-ਰਗ ਨੂੰ ਉਹ ਪਛਾਣਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਦੇ ਆਦਮੀ ਹੋ। ਤੁਹਾਡਾ ਹੀ ਸਰੀਰ ਹੈ, ਚਾਰ-ਚੁਫੇਰੇ ਤੁਹਾਡਾ ਘੇਰਾ ਹੈ। ਹਰ ਤਰ੍ਹਾਂ ਨਾਲ ਵਾਕਫ਼ ਹੈ ਤੁਹਾਡਾ। ਕੌਣ ਤੁਹਾਡੇ ਨਾਲ ਇੰਨਾ ਜ਼ਿਆਦਾ ਵਾਕਫ਼ ਹੈ, ਜਿੰਨਾ ਤੁਹਾਡਾ ਸਰੀਰ ਹੈ। ਉਹ ਇੰਚ-ਇੰਚ;

ਰੱਤੀ-ਰੱਤੀ ਜਾਣਦਾ ਹੈ ਕਿ ਕਿਸ ਤਰਕੀਬ ਨਾਲ ਤੁਸੀਂ ਝੁਕਦੇ ਹੋ; ਉਹ ਸਾਰਾ ਉਪਾਅ ਕਰਦਾ ਹੈ। ਸਰੀਰ ਦੀ ਵੀ ਪਾਲਿਟਿਕਸ ਹੈ ਤੁਹਾਡੇ ਨਾਲ। ਉਸਦੀ ਵੀ ਰਾਜਨੀਤੀ ਹੈ। ਅਤੇ ਉਥੇ ਵੀ ਦ੍ਵੰਧ ਤੇ ਸੰਘਰਸ਼ ਹੈ। ਇਸ ਦ੍ਵੰਧ ਤੇ ਸੰਘਰਸ਼ ਨੂੰ ਤੋੜਨਾ ਪਹਿਲੀ ਜ਼ਰੂਰਤ ਹੈ; ਤਦੇ ਇਕਮਿਕਤਾ ਟੁੱਟ ਸਕੇਗੀ।

'ਦੂਜੇ ਤਟ ਨੂੰ ਜਾਣ ਵਾਲੇ ਓ ਦਲੇਰ ਯਾਤਰੀ, ਪ੍ਰਸੰਨ ਰਹਿ। ਕਾਮਦੇਵ ਦੀ ਕਨਸੋਅ 'ਤੇ ਕੰਨ ਨਾ ਧਰ। ਅਤੇ ਅਨੰਤ ਅਕਾਸ਼ ਵਿਚ ਜੋ ਲੁਭਾਉਣ ਵਾਲੀਆਂ ਸ਼ਕਤੀਆਂ ਹਨ, ਜੋ ਦੁਸ਼ਟਭਾਵ ਵਾਲੀਆਂ ਆਤਮਾਵਾਂ ਹਨ, ਜੋ ਵੈਰ-ਭਾਵ ਰਖਣ ਵਾਲੀਆਂ ਲੁਮਯੀ ਹਨ, ਉਹਨਾਂ ਤੋਂ ਦੂਰ ਹੀ ਰਹਿ।'

ਪਹਿਲੀ ਗੱਲ, ਸਰੀਰ ਨੂੰ ਮਾਲਕੀਅਤ ਤੋਂ ਉਤਾਰੋ। ਇਸਦਾ ਮਤਲਬ ਇਹ ਨਹੀਂ ਕਿ ਸਰੀਰ ਦੇ ਦੁਸ਼ਮਣ ਹੋ ਜਾਵੋ, ਉਸਨੂੰ ਨਸ਼ਟ ਕਰ ਛਡੋ। ਇਸਦਾ ਮਤਲਬ ਇਹ ਹੈ ਕਿ ਉਸਨੂੰ, ਜਿਥੇ ਉਹ ਹੋਣਾ ਚਾਹੀਦਾ ਹੈ—ਸੇਵਕ—ਉਥੇ ਉਸਨੂੰ ਬਿਠਾ ਦਿਉ। ਉਹ ਉਥੋਂ ਦੇ ਹੀ ਕਾਬਲ ਹੈ, ਅਤੇ ਉਥੇ ਉਸਦੀ ਬੜੀ ਉਪਯੋਗਤਾ ਹੈ। ਅਤੇ ਇਕ ਵਾਰ ਤੁਸੀਂ ਉਸਦੇ ਮਾਲਕ ਹੋ ਜਾਵੋ, ਤਾਂ ਸਰੀਰ ਤੋਂ ਤੁਸੀਂ ਉਹ ਕੰਮ ਲੈ ਸਕਦੇ ਹੋ, ਜਿਸਦੇ ਬਿਨਾਂ ਆਤਮਾ ਦੀ ਕੋਈ ਯਾਤਰਾ ਨਹੀਂ ਹੋ ਸਕਦੀ। ਸਰੀਰ ਫਿਰ ਅਨੋਖਾ ਯੰਤਰ ਹੈ।

ਅਜੇ ਤਕ ਜਗਤ ਵਿਚ ਮਨੁੱਖ ਦੇ ਸਰੀਰ ਜਿਹਾ ਅਨੋਖਾ ਯੰਤਰ ਕੋਈ ਵੀ ਨਹੀਂ ਹੈ। ਬਹੁਤ ਸੂਖਮ, ਬਹੁਤ ਵਿਰਾਟ, ਸਭ ਉਸ ਵਿਚ ਸਮੋਇਆ ਹੈ। ਅਤੇ ਉਸ ਵਿਚ ਅਨੰਤ ਸ਼ਕਤੀਆਂ ਸੁੱਤੀਆਂ ਹੋਈਆਂ ਹਨ, ਜੋ ਸਾਰੀਆਂ ਜਾਗ ਜਾਣ, ਤਾਂ ਤੁਹਾਡੇ ਜੀਵਨ ਵਿਚ ਅਨੰਤ ਦੁਆਰ ਖੁਲ੍ਹ ਜਾਂਦੇ ਹਨ। ਤੁਸੀਂ ਆਪਣੇ-ਆਪ 'ਚ ਇਕ ਛੋਟਾ-ਮੋਟਾ ਵਿਸ਼ਵ ਹੋ। ਲੇਕਿਨ ਉਹ ਸਰੀਰ ਦਾ ਮਾਲਕ ਹੋਵੇ ਸਰੀਰ, ਤਾਂ ਤੁਸੀਂ ਸਿਰਫ ਗੁਲਾਮ ਹੋ। ਅਤੇ ਹਾਲਤ ਅਜੇਹੀ ਹੈ, ਜਿਵੇਂ ਬੈਲਗੱਡੀ ਅੱਗੇ ਹੋਵੇ ਅਤੇ ਬੈਲ ਪਿਛੇ ਜੋੜੇ ਹੋਣ, ਤਾਂ ਕਿਤੇ ਕੋਈ ਜਾਣਾ ਨਹੀਂ ਹੁੰਦਾ। ਤੁਸੀਂ ਬਹੁਤ ਤੜਫਦੇ ਹੋ, ਚਿੱਲਾਂਦੇ ਹੋ, ਕਿ ਕਿਤੇ ਜਾਣਾ ਜ਼ਰੂਰੀ ਹੈ, ਯਾਤਰਾ ਕਰਨੀ ਜ਼ਰੂਰੀ ਹੈ, ਮੰਜ਼ਲ 'ਤੇ ਪਹੁੰਚਣਾ ਚਾਹੀਦਾ ਹੈ, ਸਮਾਂ ਨਸ਼ਟ ਹੋ ਰਿਹਾ ਹੈ। ਪਰ ਕੰਮ ਤੁਸੀਂ ਅਜੇਹਾ ਕਰ ਰਹੇ ਹੋ ਕਿ ਸਮਾਂ ਨਸ਼ਟ ਹੋਵੇਗਾ ਹੀ। ਬੈਲ ਪਿਛੇ ਬੱਧੇ ਹਨ, ਗੱਡੀ ਅੱਗੇ ਜੋੜੀ ਹੈ; ਧੱਕਾ-ਮੁੱਕੀ 'ਚ ਗੱਡੀ ਉਲਟੇ ਟੁੱਟਦੀ ਹੈ, ਬੈਲ ਪਰੇਸ਼ਾਨ ਹੁੰਦੇ ਹਨ, ਕਿਤੇ ਕੋਈ ਯਾਤਰਾ ਨਹੀਂ ਹੁੰਦੀ ਹੈ।

ਆਤਮਾ ਪਿਛੇ ਬੱਧੀ ਹੈ ਸਰੀਰ ਦੇ, ਤਾਂ ਯਾਤਰਾ ਨਹੀਂ ਹੋ ਸਕਦੀ ਹੈ। ਆਤਮਾ ਅੱਗੇ ਹੋਣੀ ਚਾਹੀਦੀ ਹੈ, ਸਰੀਰ ਪਿਛੇ ਹੋਣਾ ਚਾਹੀਦਾ ਹੈ, ਤਾਂ ਫਿਰ ਬੜੀ ਯਾਤਰਾ ਹੋ ਸਕਦੀ ਹੈ। ਅਤੇ ਸਰੀਰ ਅਨੋਖਾ ਵਾਹਨ ਹੈ। ਉਸਦਾ ਉਪਯੋਗ ਕੀਤਾ ਜਾ ਸਕਦਾ ਹੈ।

ਦੂਜੀ ਗੱਲ ਖਿਆਲ ਰਖਣੀ ਜ਼ਰੂਰੀ ਹੈ ਕਿ ਇਸ ਕਬਜ਼ੇ ਦੇ ਪ੍ਰਯੋਗ ਵਿਚ ਉਦਾਸੀ ਨਾ ਘੇਰ ਲਵੇ; ਚਿੱਤ ਪ੍ਰਸੰਨ ਰਹੇ। ਕਿਉਂਕਿ ਸਰੀਰ ਦੀ ਜੋ ਸਭ ਤੋਂ ਗਹਿਰੀ ਤਰਕੀਬ ਹੈ, ਉਹ ਤੁਹਾਨੂੰ ਉਦਾਸ ਕਰਕੇ ਮਾਤ ਕਰਨ ਦੀ ਹੈ। ਜੇ ਤੁਸੀਂ ਭੁੱਖੇ ਹੋ ਅਤੇ ਉਪਵਾਸ ਕੀਤਾ ਹੈ ਤਾਂ ਤੁਹਾਡਾ ਮਨ ਉਦਾਸ ਹੋ ਜਾਏਗਾ। ਜੇਕਰ ਉਪਵਾਸਾ ਆਦਮੀ ਉਦਾਸਾ ਹੈ, ਤਾਂ ਸਮਝਣਾ ਕਿ ਉਪਵਾਸ ਵਿਅਰਥ ਹੋ ਗਿਆ। ਇਸ ਤੋਂ ਬਿਹਤਰ ਸੀ, ਉਹ ਭੋਜਨ ਕਰ ਲੈਂਦਾ ਅਤੇ ਪ੍ਰਸੰਨ ਰਹਿੰਦਾ। ਜੇ ਉਪਵਾਸਾ

ਆਦਮੀ ਉਦਾਸਾ ਹੈ ਤਾਂ ਸਮਝਣਾ ਗੱਲ ਵਿਅਰਥ ਹੋ ਗਈ, ਗੱਲ ਖ਼ਤਮ ਹੋ ਗਈ। ਕਿਉਂਕਿ ਉਦਾਸੀ ਸਰੀਰ ਦੀ ਤਰਕੀਬ ਹੈ ਤੁਹਾਥੋਂ ਬਦਲਾ ਲੈਣ ਦੀ। ਅਤੇ ਸਰੀਰ ਤੁਹਾਨੂੰ ਥਕਾ ਮਾਰੇਗਾ। ਅਤੇ ਉਦਾਸੀ ਕਿੰਨੇ ਦਿਨ ਤਕ ਝਲੋਗੇ?

ਇਸਲਈ ਜਦ ਸਰੀਰ ਉਤੇ ਕਾਬੂ ਕਰਨਾ ਹੋਵੇ, ਤਾਂ ਦੂਜਾ ਸੂਤਰ ਖ਼ਿਆਲ ਰਖਣਾ ਕਿ ਸਰੀਰ ਉਦਾਸੀ ਦੀਆਂ ਲਹਿਰਾਂ ਭੇਜੇਗਾ; ਸਰੀਰ ਹਰ ਪਾਸਿਉਂ ਤੁਹਾਨੂੰ ਉਦਾਸ ਕਰਨ ਦੀ ਕੋਸ਼ਿਸ਼ ਕਰੇਗਾ। ਤੁਸੀਂ ਉਦਾਸ ਨਾ ਹੋਣਾ, ਤੁਸੀਂ ਪ੍ਰਸੰਨ ਰਹਿਣਾ। ਤੁਸੀਂ ਜੇਕਰ ਪ੍ਰਸੰਨਤਾ ਕਾਇਮ ਰਖ ਸਕੋ, ਤਾਂ ਅਨੋਖੇ ਅਨੁਭਵ ਹੁੰਦੇ ਹਨ। ਤੁਹਾਨੂੰ ਪਤਾ ਨਹੀਂ ਹੈ, ਇਸਲਈ ਬੜੀਆਂ ਅੜਿੱਚਣਾਂ ਹੁੰਦੀਆਂ ਹਨ।

ਸਰੀਰ ਦੇ ਅੰਦਰ ਸ਼ਕਤੀ ਦੇ ਤਿੰਨ ਤਲ ਹਨ। ਇਕ ਤਲ ਤਾਂ ਰੋਜ਼ ਮਰ ਰਿਹਾ ਹੈ ਕੰਮ ਦੀ ਖ਼ਾਤਰ, ਉਹ ਬਹੁਤ ਛੋਟਾ-ਜਿਹਾ ਹੈ। ਰੋਜ਼ਾਨਾ ਜੋ ਤੁਹਾਨੂੰ ਕੰਮ ਕਰਨੇ ਪੈਂਦੇ ਹਨ—ਉਠਣਾ-ਬੈਠਣਾ, ਤੁਰਨਾ, ਦਫਤਰ ਜਾਣਾ, ਅਜੇਹੇ ਸਭ ਕੰਮਾਂ ਦੇ ਲਈ, ਇਕ ਛੋਟਾ-ਜਿਹਾ ਸੋਮਾ ਤੁਹਾਡੇ ਸਰੀਰ ਦੇ ਉਪਰ ਹੈ। ਉਹ ਛੇਤੀ ਥੱਕ ਜਾਂਦਾ ਹੈ, ਮੁੱਕ ਜਾਂਦਾ ਹੈ। ਕਿਉਂਕਿ ਇਸਦੀ ਪੂੰਜੀ ਬਹੁਤ ਘਟ ਹੈ।

ਸਮਝੋ ਇਸ ਤਰ੍ਹਾਂ ਕਿ ਤੁਸੀਂ ਦਿਨ-ਭਰ ਦੇ ਥੱਕੇ-ਟੁੱਟੇ ਪਰਤੇ ਹੋ। ਅਤੇ ਤੁਸੀਂ ਕਹਿੰਦੇ ਹੋ ਕਿ ਬਿਲਕੁਲ ਪੈ ਜਾਵਾਂ ਤੇ ਸੌਂ ਜਾਵਾਂ। ਹੁਣ ਇਕ ਸ਼ਬਦ ਵੀ ਬੋਲਣ ਦੀ ਇੱਛਿਆ ਨਹੀਂ ਹੈ, ਹੱਥ ਹਿਲਾਉਣ ਦੀ ਵੀ ਇੱਛਿਆ ਨਹੀਂ ਹੈ, ਬਸ ਸੌਂ ਜਾਣਾ ਚਾਹੁੰਦਾ ਹਾਂ। ਤਦੇ ਅਚਾਨਕ ਘਰ ਵਿਚ ਅੱਗ ਲਗ ਜਾਵੇ, ਤੁਹਾਡੀ ਸਾਰੀ ਉਦਾਸੀ ਖੋ ਜਾਂਦੀ ਹੈ, ਥਕਾਵਟ ਮਿਟ ਜਾਂਦੀ ਹੈ। ਤੁਸੀਂ ਇਕਦਮ ਸੁਚੇਤ ਹੋ ਜਾਂਦੇ ਹੋ, ਸ਼ਕਤੀ ਦਾ ਸੋਮਾ ਦੌੜ ਪੈਂਦਾ ਹੈ। ਇਹ ਸ਼ਕਤੀ ਕਿਥੋਂ ਆਈ—ਇਹ ਤੁਹਾਡੇ ਵਿਚ ਨਹੀਂ ਸੀ ਹੁਣ ਤਕ? ਇਹ ਦੂਜਾ ਸੋਮਾ ਹੈ ਸਰੀਰ ਦਾ, ਇਮਰਜੈਂਸੀ ਦਾ। ਫੌਰੀ ਲੋੜ ਜਦ ਆਣ ਪਵੇ, ਤਾਂ ਸਰੀਰ ਵਿਚ ਨਵਾਂ ਸੋਮਾ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ; ਸ਼ਕਤੀ ਦੌੜ ਜਾਂਦੀ ਹੈ। ਅਤੇ ਤੁਸੀਂ ਰਾਤ-ਭਰ ਅੱਗ ਬੁਝਾਉਣ ਵਿਚ ਲਗ ਸਕਦੇ ਹੋ ਅਤੇ ਥਕਾਵਟ ਨਹੀਂ ਆਏਗੀ।

ਇਸ ਤੋਂ ਵੀ ਗਹਿਰਾ ਇਕ ਸੋਮਾ ਹੈ ਜੋ ਅਨੰਤ ਸੋਮਾ ਹੈ। ਉਹ ਤਦੇ ਹਾਸਲ ਹੁੰਦਾ ਹੈ, ਜਦ ਦੋਨੋਂ ਸੋਮੇ ਮੁੱਕ ਜਾਂਦੇ ਹਨ, ਅਤੇ ਤੁਸੀਂ ਡਰਦੇ ਨਹੀਂ, ਅਤੇ ਪ੍ਰਸੰਨਤਾਪੂਰਵਕ ਹੋਰ ਵੀ ਅੱਗੇ ਮਿਹਨਤ ਕਰਦੇ ਚਲੇ ਜਾਂਦੇ ਹੋ। ਤਦ ਇਕ ਘੜੀ ਆਉਂਦੀ ਹੈ ਕਿ ਤੀਜਾ ਸੋਮਾ ਫੁੱਟਦਾ ਹੈ, ਜੋ ਕਿ ਕੱਸਮਿਕ ਹੈ, ਜੋ ਕਿ ਸਮਗ੍ਰ ਦਾ ਹੈ। ਉਹ ਤੁਹਾਡਾ ਨਹੀਂ ਹੈ; ਕਹਿਣਾ ਚਾਹੀਦਾ ਹੈ ਕਿ ਤੁਹਾਡੇ ਹੇਠਾਂ ਜੋ ਛੁਪਿਆ ਹੋਇਆ ਚੇਤੰਨਤਾ ਦਾ ਸਾਗਰ ਹੈ, ਉਸਦਾ ਹੈ। ਜਿਸ ਦਿਨ ਉਹ ਟੁੱਟ ਪੈਂਦਾ ਹੈ, ਉਸ ਦਿਨ ਫਿਰ ਮੁੱਕਣ ਦਾ ਕੋਈ ਉਪਾਅ ਨਹੀਂ। ਉਸ ਦਿਨ ਫਿਰ ਤੁਸੀਂ ਸਦੀਵੀ ਜੀਵਨ ਦੇ ਮਾਲਕ ਹੋ ਗਏ।

ਇਧਰ ਮੈਂ ਦੇਖਦਾ ਹਾਂ, ਧਿਆਨ ਵਿਚ ਲੋਕ ਆਉਂਦੇ ਹਨ, ਤਾਂ ਉਹ ਮੈਨੂੰ ਕਹਿੰਦੇ ਹਨ ਕਿ ਥੱਕ ਜਾਣਦਾ ਹੈ ਸਰੀਰ। ਮੈਂ ਉਹਨਾਂ ਨੂੰ ਕਹਿੰਦਾ ਹਾਂ, ਫਿਕਰ ਨਾ ਕਰੋ, ਤੁਸੀਂ ਚਲਦੇ ਜਾਉ। ਇਕ ਹੀ ਖ਼ਿਆਲ ਰਖਣਾ ਕਿ ਪ੍ਰਸੰਨਤਾ ਨਾਲ, ਉਦਾਸੀ ਨਾਲ ਨਹੀਂ। ਛੇਤੀ ਹੀ ਦੂਜੀ ਪਰਤ ਟੁੱਟ ਜਾਏਗੀ, ਉਹ ਛੇਤੀ ਟੁੱਟ ਜਾਂਦੀ ਹੈ। ਜੇ ਦੂਜੀ ਪਰਤ ਟੁੱਟ ਜਾਂਦੀ ਹੈ, ਤਦ ਉਹ ਧਿਆਨ ਦੇ ਬਾਅਦ ਥਕਾਵਟ ਮਹਿਸੂਸ ਨਹੀਂ ਕਰਦੇ, ਤਾਜ਼ਗੀ ਮਹਿਸੂਸ ਕਰਦੇ ਹਨ। ਜਦ ਇਹ ਦੂਜੀ ਪਰਤ ਵੀ ਥਕਾ

ਦਿਉਗੇ ਤੁਸੀਂ ਤਦ ਇਕ ਹੋਰ ਤੀਜੀ ਪਰਤ ਟੁੱਟੇਗੀ। ਉਸਦੇ ਬਾਅਦ ਤੁਹਾਡੇ ਕੋਲ ਸਦੀਵੀ ਊਰਜਾ ਹੈ, ਉਸ ਤੋਂ ਬਾਅਦ ਅਨੰਤ ਜੀਵਨ ਤੁਹਾਡਾ ਹੈ, ਉਸ ਤੋਂ ਬਾਅਦ ਤੁਸੀਂ ਉਥੇ ਆ ਗਏ, ਜਿਥੇ ਕੋਈ ਚੀਜ਼ ਕਦੇ ਨਹੀਂ ਮੁੱਕਦੀ। ਪ੍ਰਸੰਨਤਾ ਦਾ ਸਹਾਰਾ ਲੈ ਕੇ ਚਲੋਗੇ, ਤਾਂ ਹੀ ਇੰਨੇ ਗਹਿਰੇ ਉਤਰ ਸਕੋਗੇ। ਉਦਾਸ ਹੋ ਗਏ, ਤਾਂ ਤੁਸੀਂ ਵਾਪਸ ਮੁੜ ਜਾਉਗੇ।

ਇਸਲਈ ਬਹੁਤ ਗਹਿਰਾਈ 'ਚ ਤੁਸੀਂ ਇਸਨੂੰ ਪਕੜ ਲੈਣਾ ਕਿ ਧਰਮ ਦੀ ਸਾਧਨਾ ਤੁਹਾਡੀ ਪ੍ਰਸੰਨਤਾ ਹੋਵੇ, ਅਨੰਦ ਹੋਵੇ। ਅਨੰਦ ਅੰਤ ਵਿਚ ਨਹੀਂ, ਪਹਿਲੇ ਪੜਾਅ 'ਤੇ ਹੀ ਹੋਵੇ। ਅਖ਼ੀਰ ਵਿਚ ਮਿਲੇਗਾ, ਅਜੇਹਾ ਨਹੀਂ ਹੈ, ਅੱਜ ਵੀ ਹੋਵੇ। ਉਤਸਵਪੂਰਵਕ ਨੱਚਦੇ, ਗਾਉਂਦੇ, ਪ੍ਰਸੰਨ ਉਸ ਵਲ ਨੂੰ ਵਧੋ ਤਾਂ ਤੁਸੀਂ ਸਰੀਰ ਨੂੰ ਜਿੱਤ ਲਵੋਗੇ। ਕਿਉਂਕਿ ਸਰੀਰ ਦੀ ਜੋ ਬੁਨਿਆਦੀ ਤਰਕੀਬ ਹੈ, ਉਸਦੇ ਉਲਟ ਤੁਸੀਂ ਐਂਟੀਡੋਟ, ਕਾਟਵੀਂ ਦਵਾਈ ਤਿਆਰ ਕਰ ਲਈ। ਉਦਾਸ ਸਰੀਰ ਤੁਹਾਨੂੰ ਹਰਾ ਦਿੰਦਾ ਹੈ। ਪ੍ਰਸੰਨ ਰਹਿ ਕੇ ਤੁਸੀਂ ਸਰੀਰ ਦੇ ਮਾਲਕ ਹੋ ਸਕਦੇ ਹੋ।

ਇਹ ਸੂਤਰ ਕਹਿੰਦਾ ਹੈ : ਦੂਜੇ ਤਟ ਨੂੰ ਜਾਣ ਵਾਲੇ ਓ ਦਲੇਰ ਯਾਤਰੀ, ਪ੍ਰਸੰਨ ਰਹਿ।

ਇਹ ਬੜਾ ਮਜੇਦਾਰ ਸੂਤਰ ਹੈ। ਅਤੇ ਦੂਜੀ ਹੀ ਪੰਗਤੀ ਵਿਚ ਜਿਹੜੀ ਗੱਲ ਆਉਂਦੀ ਹੈ, ਤੁਸੀਂ ਸੋਚ ਵੀ ਨਹੀਂ ਸਕੋਗੇ ਕਿ ਉਹ ਬੜੀ ਉਲਟੀ ਹੈ। ਐਨ ਇਸਦੇ ਬਾਅਦ ਕਿ ਓ ਦਲੇਰ ਯਾਤਰੀ, ਪ੍ਰਸੰਨ ਰਹਿ, ਕਾਮਦੇਵ ਦੀ ਕਨਸੋਅ 'ਤੇ ਕੰਨ ਨਾ ਧਰ।

ਅਕਸਰ ਤਾਂ ਅਜੇਹਾ ਹੁੰਦਾ ਨਹੀਂ ਹੈ। ਉਹ ਲੋਕ ਪ੍ਰਸੰਨ ਨਜ਼ਰ ਆਉਂਦੇ ਹਨ, ਜਿਹੜੇ ਕਾਮਦੇਵ ਦੀ ਕਨਸੋਅ 'ਤੇ ਕੰਨ ਧਰਦੇ ਹਨ। ਕਾਮਦੇਵ ਤੋਂ ਜਿਹੜੇ ਬਚਦੇ ਹਨ, ਉਹਨਾਂ ਦੀ ਹਾਲਤ ਦੇਖੋ, ਉਹ ਪ੍ਰਸੰਨ ਨਹੀਂ ਦਿਸਦੇ ਹਨ। ਜਾਣਾ ਜੈਨ-ਸਾਧੂਆਂ ਨੂੰ ਦੇਖਣਾ, ਉਹ ਮਰਨ ਤੋਂ ਪਹਿਲਾਂ ਮਰ ਗਏ ਹਨ; ਕੋਈ ਪ੍ਰਸੰਨਤਾ ਨਹੀਂ ਹੈ। ਇਹਨਾਂ ਨੂੰ ਕੀ ਰੋਗ ਲਗ ਗਿਆ ਹੈ? ਇਹ ਕਾਮਦੇਵ ਨਾਲ ਲੜ ਰਹੇ ਹਨ।

ਮਨਸਵਿਦ ਕਹਿੰਦੇ ਹਨ ਕਿ ਜਿਸਦੀ ਕਾਮ-ਵਾਸਨਾ ਪਰਗਟ ਹੋ ਕੇ, ਖੁਲ੍ਹ ਕੇ ਵਗਦੀ ਹੈ, ਉਹ ਪ੍ਰਸੰਨ ਰਹਿੰਦਾ ਹੈ। ਜਿਸਦੀ ਕਾਮਵਾਸਨਾ ਰੁਕੀ ਹੋਈ ਛਾਊਂ-ਮਾਊਂ ਹੋ ਜਾਂਦੀ ਹੈ, ਉਹ ਅਪ੍ਰਸੰਨ ਤੇ ਉਦਾਸ ਹੋ ਜਾਂਦਾ ਹੈ। ਉਹ ਕਹਿੰਦੇ ਹਨ ਕਿ ਜਵਾਨ ਆਦਮੀ ਪ੍ਰਸੰਨ ਦਿਖਾਈ ਪੈਂਦਾ ਹੈ, ਕਿਉਂਕਿ ਉਸਦੀ ਕਾਮ-ਵਾਸਨਾ ਅਜੇ ਉਭਾਰ 'ਤੇ ਹੈ। ਬੁੱਢਾ ਆਦਮੀ ਉਦਾਸ ਹੋ ਜਾਂਦਾ ਹੈ, ਕਿਉਂਕਿ ਕਾਮ-ਵਾਸਨਾ ਦਾ ਤਾਪ ਉਤਰ ਗਿਆ ਹੈ। ਬੱਚੇ ਬਹੁਤ ਪ੍ਰਸੰਨ ਜਾਪਦੇ ਹਨ, ਕਿਉਂਕਿ ਅਜੇ ਕਾਮ-ਵਾਸਨਾ ਉਹਨਾਂ ਦੇ ਰੋਮ-ਰੋਮ ਵਿਚ ਜਾਗ ਰਹੀ ਹੈ, ਤਿਆਰ ਹੋ ਰਹੀ ਹੈ, ਫੈਲ ਰਹੀ ਹੈ। ਅਜੇ; ਰੋਮ-ਰੋਮ ਵਿਚ ਸ਼ਕਤੀ ਕਾਮ ਦੀ ਦੌੜ ਰਹੀ ਹੈ। ਇਸਲਈ ਉਹ ਇੰਨੇ ਅਨੰਦਤ ਹਨ, ਭੱਜ ਰਹੇ ਹਨ, ਦੌੜ ਰਹੇ ਹਨ, ਕੁੱਦ ਰਹੇ ਹਨ। ਤੁਸੀਂ ਉਹਨਾਂ ਨੂੰ ਇਕ ਥਾਂ ਬਿਠਾ ਨਹੀਂ ਸਕਦੇ ਹੋ। ਸ਼ਕਤੀ ਨੱਚ ਰਹੀ ਹੈ, ਬੱਚੇ ਪ੍ਰਸੰਨ ਹਨ—ਕਾਮ-ਵਾਸਨਾ ਦੇ ਉਠਦੇ ਹੋਏ ਜੁਆਰ ਦੀ ਪਹਿਲੀ ਝਲਕ। ਜਵਾਨ ਪ੍ਰਸੰਨ ਹਨ, ਨੱਚਦੇ, ਗੀਤ ਗਾਉਂਦੇ ਹਨ। ਬੁੱਢੇ ਉਦਾਸ ਹਨ। ਸਾਰੀ ਖੇਡ ਕਾਮ-ਵਾਸਨਾ ਦੀ ਹੈ। ਅਤੇ ਜਿਹੜੇ-ਜਿਹੜੇ ਕਾਮ-ਵਾਸਨਾ ਨਾਲ ਲੜਦੇ ਹੋਏ ਲੋਕ ਹਨ, ਉਹ ਪ੍ਰਸੰਨ ਨਹੀਂ ਦੇਖੇ ਜਾਂਦੇ ਹਨ।

ਇਹ ਸੂਤਰ ਬੜਾ ਅਜੀਬ ਹੈ। ਇਹ ਸੂਤਰ ਕਹਿੰਦਾ ਹੈ, ਓ ਦਲੇਰ ਯਾਤਰੀ, ਪ੍ਰਸੰਨ ਰਹਿ। ਅਤੇ ਨਾਲ ਹੀ ਉਸੇ ਵੇਲੇ

ਕਹਿੰਦਾ ਹੈ, ਕਾਮਦੇਵ ਦੀ ਕਨਸੋਅ 'ਤੇ ਕੰਨ ਨਾ ਧਰ!

ਧਿਆਨ ਰਖਣਾ, ਇਹ ਪ੍ਰਸੰਨਤਾ ਜੇਕਰ ਤੁਹਾਡੇ ਵਿਚ ਨਾ ਆ ਸਕੇ, ਤਾਂ ਤੁਹਾਨੂੰ ਕਾਮਦੇਵ ਦੀ ਕਨਸੋਅ 'ਤੇ ਕੰਨ ਧਰਨਾ ਹੀ ਪਏਗਾ। ਇਸ ਕਾਰਨ ਨਾਲ ਦੀ ਨਾਲ ਇਹ ਗੱਲ ਆਖੀ ਗਈ ਹੈ। ਜੇ ਤੁਸੀਂ ਉਦਾਸ ਹੋ ਗਏ ਹੋਵੋ ਅਤੇ ਸਰੀਰ ਨੇ ਤੁਹਾਨੂੰ ਉਦਾਸ ਕਰ ਦਿਤਾ, ਤਾਂ ਤੁਹਾਨੂੰ ਪਤਾ ਹੈ, ਜਦ ਤੁਸੀਂ ਉਦਾਸ ਹੁੰਦੇ ਹੋ, ਤਾਂ ਕਾਮ-ਵਾਸਨਾ ਵਧੇਰੇ ਮਨ ਨੂੰ ਘੇਰਦੀ ਹੈ। ਕਿਉਂਕਿ ਫਿਰ ਇਕ ਹੀ ਉਪਾਅ ਸਰੀਰ ਦੇ ਕੋਲ ਰਹਿ ਜਾਂਦਾ ਹੈ, ਪ੍ਰਸੰਨ ਹੋਣ ਦਾ-ਕਾਮ-ਵਾਸਨਾ। ਪ੍ਰਸੰਨ-ਚਿੱਤ ਹੋ, ਅਨੰਦ ਨਾਲ ਭਰੇ ਹੋਵੋ, ਤਾਂ ਕਾਮ-ਵਾਸਨਾ ਦਾ ਖਿਆਲ ਵੀ ਨਹੀਂ ਆਉਂਦਾ। ਕਿਉਂਕਿ ਅਨੰਦ ਦਾ ਖਿਆਲ ਤਾਂ ਤਦੇ ਆਉਂਦਾ ਹੈ, ਜਦ ਤੁਸੀਂ ਅਨੰਦਤ ਨਹੀਂ ਹੁੰਦੇ।

ਅਸੀਂ ਉਸੇ ਚੀਜ਼ ਨੂੰ ਮੰਗਦੇ ਹਾਂ, ਜੋ ਸਾਡੇ ਕੋਲ ਨਹੀਂ ਹੁੰਦੀ; ਜੋ ਕੋਲ ਹੀ ਹੁੰਦੀ ਹੈ, ਉਸਨੂੰ ਅਸੀਂ ਕਿਉਂ ਮੰਗਾਂਗੇ। ਦੁਖੀ ਅਤੇ ਉਦਾਸ ਲੋਕ ਕਾਮ-ਵਾਸਨਾ ਦੇ ਪ੍ਰਤੀ ਬਹੁਤ ਜ਼ਿਆਦਾ ਖਿਚੇ ਜਾਂਦੇ ਹਨ। ਥੋੜ੍ਹੀ-ਜਿਹੀ ਝਲਕ ਉਹਨਾਂ ਨੂੰ ਖੁਸ਼ੀ ਦੀ ਉਥੇ ਮਿਲਦੀ ਹੈ, ਉਹੀ ਉਹਨਾਂ ਦਾ ਆਕਰਸ਼ਣ ਬਣ ਜਾਂਦੀ ਹੈ। ਜੇ ਇਸ ਆਕਰਸ਼ਣ ਤੋਂ ਬਚਣਾ ਹੈ, ਤਾਂ ਕਾਮ-ਵਾਸਨਾ ਵਿਚ ਉਤਸੁਕ ਹੋਏ ਬਿਨਾਂ ਪ੍ਰਸੰਨ ਹੋਣਾ ਪਏਗਾ, ਅਨੰਦਤ ਹੋਣਾ ਪਏਗਾ। ਅਤੇ ਜੇ ਅਨੰਦ ਬਿਨਾਂ ਕਾਮ-ਵਾਸਨਾ ਦੇ ਮਿਲ ਜਾਵੇ, ਤਾਂ ਫਿਰ ਕਾਮ-ਵਾਸਨਾ ਖਿਚੇਗੀ ਵੀ ਨਹੀਂ। ਕਿਉਂਕਿ ਹੁਣ ਕੋਈ ਜ਼ਰੂਰਤ ਵੀ ਨਹੀਂ ਰਹੀ ਹੈ। ਸਿਰਫ ਪ੍ਰਸੰਨਚਿੱਤ ਵਿਅਕਤੀ ਹੀ ਬ੍ਰਹਮਚਰਜ ਨੂੰ ਪਹੁੰਚ ਸਕਦਾ ਹੈ, ਉਦਾਸ-ਚਿੱਤ ਵਿਅਕਤੀ ਕਦੇ ਨਹੀਂ ਪਹੁੰਚ ਸਕਦਾ, ਕਿਉਂਕਿ ਉਦਾਸੀ ਇੰਨਾ ਬੋਧ ਬਣ ਜਾਏਗੀ ਕਿ ਉਹ ਕਰੇਗਾ ਕੀ, ਉਸਨੂੰ ਹਟਾਉਣ ਖਾਤਰ ਫਿਰ! ਉਦਾਸੀ ਹਟਾਉਣ ਦਾ ਜੋ ਕੁਦਰਤੀ ਉਪਾਅ ਹੈ, ਉਹ ਕਾਮ-ਵਾਸਨਾ ਹੈ। ਇਸਲਈ ਕਾਮ-ਵਾਸਨਾ ਵਿਚੋਂ ਗੁਜ਼ਰ ਕੇ ਤੁਹਾਨੂੰ ਲਗਦਾ ਹੈ ਕਿ ਰਾਹਤ ਮਿਲੀ, ਵਿਸਰਾਮ ਮਿਲਿਆ, ਹੌਲੇ ਹੋ ਗਏ; ਮੁਸਕਰਾ ਸਕਦੇ ਹਾਂ।

ਇਹ ਸੂਤਰ ਬਹੁਤ ਗਹਿਰਾ ਹੈ ਅਤੇ ਮਨ ਦੀ ਬੜੀ ਗਹਿਰਾਈ ਦੀ ਗੱਲ ਹੈ। ਜੇ ਉਦਾਸ ਹੋ, ਤਾਂ ਕਾਮਦੇਵ ਤੁਹਾਨੂੰ ਹਰਾ ਲਵੇਗਾ; ਉਸਦੀ ਗੱਲ ਫਿਰ ਤੁਹਾਨੂੰ ਮੰਨਣੀ ਪਏਗੀ। ਜੇ ਪ੍ਰਸੰਨ ਹੋ, ਤਾਂ ਉਸਦੀ ਗੱਲ ਸੁਣਨ ਦੀ ਕੋਈ ਜ਼ਰੂਰਤ ਨਹੀਂ, ਉਸਦੀ ਕਨਸੋਅ ਤੋਂ ਧਿਆਨ ਹਟਾਇਆ ਜਾ ਸਕਦਾ ਹੈ। ਤੁਸੀਂ ਖੁਦ ਹੀ ਇੰਨੇ ਪ੍ਰਸੰਨ ਹੋ ਕਿ ਹੁਣ ਕਿਸੇ ਹੋਰ ਪ੍ਰਸੰਨਤਾ ਦੀ ਮੰਗ ਦਾ ਕੋਈ ਸਵਾਲ ਨਹੀਂ ਹੈ।

'ਦੂਜੇ ਤਟ ਨੂੰ ਜਾਣ ਵਾਲੇ ਓ ਦਲੇਰ ਯਾਤਰੀ, ਪ੍ਰਸੰਨ ਰਹਿ। ਕਾਮਦੇਵ ਦੀ ਕਨਸੋਅ 'ਤੇ ਕੰਨ ਨਾ ਧਰ। ਅਤੇ ਅਨੰਤ ਪ੍ਰਕਾਸ਼ ਵਿਚ ਜੋ ਲੁਭਾਉਣ ਵਾਲੀਆਂ ਸ਼ਕਤੀਆਂ ਹਨ, ਜੋ ਦੁਸ਼ਟ-ਭਾਵ ਵਾਲੀਆਂ ਆਤਮਾਵਾਂ ਹਨ, ਜੋ ਵੈਰ-ਭਾਵ ਰਖਣ ਵਾਲੀਆਂ ਲ੍ਹਾਮਯੀ ਹਨ, ਉਹਨਾਂ ਤੋਂ ਦੂਰ ਹੀ ਰਹਿ।'

ਤਿੱਬਤ ਦਾ ਸ਼ਬਦ ਹੈ ਲ੍ਹਾਮਯੀ। ਲ੍ਹਾਮਯੀ ਦਾ ਅਰਥ ਹੈ, ਅਜੇਹੀਆਂ ਆਤਮਾਵਾਂ, ਜਿਨ੍ਹਾਂ ਦੇ ਸਰੀਰ ਛੁੱਟ ਗਏ ਹਨ ਅਤੇ ਨਵੇਂ ਸਰੀਰ ਜਿਨ੍ਹਾਂ ਨੂੰ ਨਹੀਂ ਮਿਲੇ ਹਨ-ਪ੍ਰੇਤ-ਆਤਮਾਵਾਂ। ਪਰ ਖ਼ਾਸ ਤਰ੍ਹਾਂ ਦੀਆਂ ਪ੍ਰੇਤ-ਆਤਮਾਵਾਂ ਜੋ ਦੂਜਿਆਂ ਨੂੰ ਰਾਹੋਂ-ਕੁਰਾਹੇ ਪਾਉਣ 'ਚ ਅਨੰਦ ਲੈਂਦੀਆਂ ਹਨ। ਇਸਨੂੰ ਅਸੀਂ ਅਨੁਭਵ ਤੋਂ ਵੀ ਜਾਣ ਸਕਦੇ ਹਾਂ। ਸਰੀਰ ਦੇ ਅੰਦਰ

ਵੀ ਬਹੁਤ ਅਜੇਹੇ ਲੋਕ ਹਨ, ਸਰੀਰ ਵਿਚ ਵੀ ਅਜੇਹੀਆਂ ਬਹੁਤ ਆਤਮਾਵਾਂ ਹਨ, ਜੋ ਦੂਜਿਆਂ ਨੂੰ ਜੇ ਥੋੜ੍ਹਾ-ਜਿਹਾ ਭਟਕਾ ਸਕਣ, ਤਾਂ ਬੜੀਆਂ ਖ਼ੁਸ਼ ਹੁੰਦੀਆਂ ਹਨ।

ਤੁਹਾਨੂੰ ਵੀ ਪਤਾ ਨਹੀਂ ਹੋਵੇਗਾ ਕਿ ਕਈ ਵਾਰ ਤੁਸੀਂ ਵੀ ਇਹ ਕੰਮ ਕਰਦੇ ਹੋ ਅਤੇ ਲੁਮਾਜੀ ਹੋ ਜਾਂਦੇ ਹੋ। ਕੋਈ ਆਦਮੀ ਤੁਹਾਨੂੰ ਕਹਿੰਦਾ ਹੈ ਕਿ ਮੈਂ ਧਿਆਨ ਕਰ ਰਿਹਾ ਹਾਂ, ਅਜੇਹੇ-ਅਜੇਹੇ ਪੜਾਅ ਹਨ ਧਿਆਨ ਦੇ, ਕਿ ਨੱਚਦਾ ਹਾਂ, ਕੁੱਦਦਾ ਹਾਂ, ਸੁਆਸ ਲੈਂਦਾ ਹਾਂ, ਹੂ-ਹੂ ਕਰਦਾ ਹਾਂ। ਤੁਹਾਨੂੰ ਧਿਆਨ ਦਾ ਕੋਈ ਪਤਾ ਵੀ ਨਹੀਂ, ਤੁਸੀਂ ਕਹਿੰਦੇ ਹੋ, ਇਹ ਕੀ ਕਰ ਰਿਹਾ ਹੈਂ? ਪਾਗਲ ਹੋ ਜਾਏਂਗਾ। ਦਿਮਾਗ ਖ਼ਰਾਬ ਹੋ ਗਿਆ ਹੈ? ਜਿਵੇਂ ਕਿ ਤੁਸੀਂ ਧਿਆਨ ਕਰ ਚੁੱਕੇ ਹੋ! ਜਿਵੇਂ ਕਿ ਤੁਹਾਨੂੰ ਧਿਆਨ ਦੇ ਰਹੱਸਾਂ ਦਾ ਕੋਈ ਪਤਾ ਹੋਵੇ! ਅਤੇ ਜਿਵੇਂ ਕਿ ਤੁਸੀਂ ਇਸ ਰਾਹ ਤੋਂ ਵੀ ਗੁਜ਼ਰ ਚੁੱਕੇ ਹੋ ਤੇ ਪਾਗਲ ਹੋ ਚੁੱਕੇ ਹੋ, ਅਨੁਭਵੀ ਹੋ। ਇਸ ਤਰ੍ਹਾਂ ਤੁਸੀਂ ਉਸਨੂੰ ਕਹਿੰਦੇ ਹੋ, ਇਹ ਕੀ ਕਰ ਰਿਹਾ ਹੈਂ, ਪਾਗਲ ਹੋਣਾ ਹੈ? ਬਿਨਾਂ ਇਹ ਸਮਝੇ ਕਿ ਤੁਸੀਂ ਉਸਨੂੰ ਰਾਹੋਂ-ਕੁਰਾਹੇ ਕਰ ਰਹੇ ਹੋ। ਪਰ ਖ਼ਿਆਲ ਵੀ ਨਹੀਂ ਆਉਂਦਾ ਕਿ ਅਸੀਂ ਉਸਨੂੰ ਰਾਹੋਂ-ਕੁਰਾਹਾ ਕਰ ਰਹੇ ਹਾਂ, ਐਵੇਂ ਹੀ ਕਹਿ ਰਹੇ ਹਾਂ। ਅਤੇ ਜੇ ਉਹ ਆਦਮੀ ਤੁਹਾਡੇ ਨਾਲ ਸਹਿਮਤ ਹੋ ਜਾਵੇ, ਤਾਂ ਤੁਹਾਡਾ ਚਿੱਤ ਪ੍ਰਸੰਨ ਹੋਵੇਗਾ। ਅਤੇ ਸਹਿਮਤ ਨਾ ਹੋਵੇ, ਤਾਂ ਤੁਸੀਂ ਰਤਾ ਉਦਾਸ ਹੋਵੋਗੇ।

ਲੋਕ ਬੜੀ ਮਿਹਨਤ ਕਰਦੇ ਹਨ ਦੂਜਿਆਂ ਨੂੰ ਰਜ਼ਾਮੰਦ ਕਰਨ ਦੇ ਲਈ ਕਿ ਇਹ ਨਾ ਕਰੋ, ਅਤੇ ਇਹ ਕਰੋ! ਇੰਨੀ ਕੋਸ਼ਿਸ਼ ਉਹ ਖ਼ੁਦ ਨੂੰ ਰਜ਼ਾਮੰਦ ਕਰਨ ਲਈ ਨਹੀਂ ਕਰਦੇ ਕਿ ਮੈਂ ਉਹ ਕਰਾਂ, ਜਿੰਨੀ ਉਹ ਦੂਜਿਆਂ ਖ਼ਾਤਰ ਕਰਦੇ ਹਨ। ਬੜਾ ਸਿਰ ਖਪਾਉਂਦੇ ਹਨ, ਬੜੇ ਸੇਵਾਭਾਵੀ ਹਨ। ਦੂਜਿਆਂ ਦੇ ਕੰਮ 'ਚ ਲਗੇ ਰਹਿੰਦੇ ਹਨ। ਇਸ ਤਰ੍ਹਾਂ ਦੀਆਂ ਆਤਮਾਵਾਂ ਚਾਰ-ਚੁਫੇਰੇ ਮੌਜੂਦ ਹਨ।

ਤਿੱਬਤੀ ਖੋਜ ਇਸ ਸਬੰਧ ਵਿਚ ਬਹੁਤ ਗਹਿਰੀ ਹੈ। ਜਦ ਕੋਈ ਆਦਮੀ ਮਰਦਾ ਹੈ, ਤਾਂ ਸਧਾਰਨ ਆਦਮੀ ਜੇ ਹੋਵੇ, ਤਾਂ ਨਾਲ ਦੀ ਨਾਲ ਪੈਦਾ ਹੋ ਜਾਂਦਾ ਹੈ, ਬਹੁਤੀ ਦੇਰ ਨਹੀਂ ਲਗਦੀ ਉਸਨੂੰ ਨਵਾਂ ਸਰੀਰ ਗ੍ਰਹਿਣ ਕਰਨ ਵਿਚ, ਕਿਉਂਕਿ ਆਮ ਗਰਭ ਸਦਾ ਹਾਸਲ ਹੁੰਦੇ ਹਨ। ਜਦ ਕੋਈ ਗੈਰ-ਸਧਾਰਨ ਆਦਮੀ ਮਰਦਾ ਹੈ, ਕੋਈ ਮਹਾਂਪੁਰਸ਼ ਜਾਂ ਕੋਈ ਮਹਾਂਪਾਪੀ, ਤਦ ਉਸਨੂੰ ਜਨਮ ਲੈਣ ਵਿਚ ਕਾਫੀ ਸਮਾਂ ਲਗ ਜਾਂਦਾ ਹੈ, ਕਿਉਂਕਿ ਉਸਦੇ ਯੋਗ ਗਰਭ ਤਿਆਰ, ਰੇਡੀਮੇਡ ਨਹੀਂ ਹੁੰਦੇ ਹਨ; ਕਦੇ-ਕਦੇ ਤਿਆਰ ਹੁੰਦੇ ਹਨ। ਜਿਵੇਂ ਹਿਟਲਰ ਮਰ ਜਾਵੇ, ਤਾਂ ਸੈਂਕੜੇ ਵਰ੍ਹੇ ਲਗ ਜਾਣਗੇ ਉਸਨੂੰ ਮਾਂ-ਪਿਉ ਲਭਣ ਵਿਚ। ਉਸਦੇ ਯੋਗ ਗਰਭ ਪਾਣ ਦੇ ਲਈ ਉਸਨੂੰ ਉਡੀਕ ਕਰਨੀ ਪਏਗੀ। ਇਸ ਉਡੀਕ ਦੇ ਛਿਨ ਵਿਚ ਉਹ ਪ੍ਰੇਤ ਹੋਵੇਗਾ। ਕੋਈ ਗਿਆਨੀ ਮਰ ਜਾਵੇ ਅਤੇ ਅਜੇ ਉਸ ਥਾਂ ਨਾ ਪਹੁੰਚਿਆ ਹੋਵੇ, ਜਿਥੋਂ ਕਿ ਫਿਰ ਜਨਮ ਨਹੀਂ ਹੁੰਦਾ, ਤਾਂ ਉਸਨੂੰ ਵੀ ਉਡੀਕ ਕਰਨੀ ਪਏਗੀ, ਸੈਂਕੜੇ ਵਰ੍ਹੇ, ਤਦੇ ਉਸਦੇ ਯੋਗ ਗਰਭ ਮਿਲ ਸਕੇਗਾ।

ਹੇਠਲੇ ਸਿਰੇ 'ਤੇ ਅਤੇ ਉਪਰਲੇ ਸਿਰੇ 'ਤੇ ਉਡੀਕ ਕਰਨੀ ਹੁੰਦੀ ਹੈ। ਜਿਹੜੇ ਲੋਕ ਉਪਰਲੇ ਸਿਰੇ 'ਤੇ ਉਡੀਕ ਕਰਦੇ ਹਨ, ਉਹਨਾਂ ਨੂੰ ਅਸੀਂ ਦੇਵ ਕਹਿੰਦੇ ਰਹੇ ਹਾਂ। ਜਿਹੜੇ ਹੇਠਲੇ ਸਿਰੇ 'ਤੇ ਉਡੀਕ ਕਰਦੇ ਰਹਿੰਦੇ ਹਨ, ਉਹਨਾਂ ਨੂੰ ਅਸੀਂ ਪ੍ਰੇਤ ਕਹਿੰਦੇ ਰਹੇ ਹਾਂ। ਦੋਹਾਂ ਸਿਰਿਆਂ 'ਤੇ ਉਡੀਕ ਕਰਦੀਆਂ ਹੋਈਆਂ ਆਤਮਾਵਾਂ ਹਨ, ਜਿਨ੍ਹਾਂ ਨੇ ਅਜੇ ਗਰਭ ਲੈਣਾ ਹੈ। ਦੇਵ

ਸੁਭਾਵਕ ਤੌਰ 'ਤੇ ਅਨੰਦਤ ਹੁੰਦੇ ਹਨ ਕਿਸੇ ਦੀ ਸਹਾਇਤਾ ਕਰਨ ਵਿਚ। ਪ੍ਰੇਤ ਅਨੰਦਤ ਹੁੰਦੇ ਹਨ, ਕਿਸੇ ਨੂੰ ਭ੍ਰਿਸ਼ਟ ਕਰਨ ਵਿਚ, ਰਾਹੋਂ ਹਟਾਉਣ ਵਿਚ। ਇਹ ਦੋਵੇਂ ਆਤਮਾਵਾਂ ਤੁਹਾਡੇ ਆਸਪਾਸ ਕੰਮ ਕਰ ਰਹੀਆਂ ਹਨ।

ਇਹ ਸੂਤਰ ਕਹਿੰਦਾ ਹੈ ਕਿ ਪ੍ਰਸੰਨ ਰਹਿ, ਅਤੇ ਖਿਆਲ ਰਖ ਕਿ ਜੇ ਤੂੰ ਉਦਾਸ ਹੋਇਆ, ਤਾਂ ਤੇਰੇ ਆਸਪਾਸ ਐਸੀਆਂ ਲੁਾਮਖੀ ਆਤਮਾਵਾਂ ਹਨ, ਜੋ ਉਦਾਸੀ ਦੇ ਛਿਨ ਵਿਚ ਤੁਹਾਨੂੰ ਘੇਰ ਲੈ ਸਕਦੀਆਂ ਹਨ ਅਤੇ ਤੈਥੋਂ ਅਜੇਹੇ ਕੰਮ ਕਰਵਾ ਸਕਦੀਆਂ ਹਨ, ਜੋ ਤੂੰ ਆਪ ਖੁਦ ਕਦੇ ਨਾ ਕੀਤੇ ਹੁੰਦੇ। ਤੁਹਾਨੂੰ ਕਈ ਵਾਰ ਅਜੇਹਾ ਲਗਦਾ ਹੈ ਕਿ ਇਹ ਕੰਮ ਮੈਂ ਨਹੀਂ ਕਰਨਾ ਚਾਹੁੰਦਾ ਸੀ; ਫਿਰ ਵੀ ਕੀਤਾ। ਇਹ ਮੇਰੀ ਮਰਜ਼ੀ ਨਹੀਂ ਸੀ, ਤੈਅ ਵੀ ਕੀਤਾ ਸੀ ਕਿ ਨਹੀਂ ਕਰਾਂਗਾ, ਫਿਰ ਵੀ ਕੀਤਾ। ਅਤੇ ਕਈ ਵਾਰ ਅਜੇਹਾ ਵੀ ਹੁੰਦਾ ਹੈ ਕਿ ਤੁਸੀਂ ਕੋਈ ਚੰਗਾ ਕੰਮ ਕਰਨਾ ਬਿਲਕੁਲ ਪੱਕਾ ਕਰ ਲੈਂਦੇ ਹੋ ਅਤੇ ਫਿਰ ਐਨ ਮੌਕੇ 'ਤੇ ਬਦਲ ਜਾਂਦੇ ਹੋ।

ਇਕ ਔਰਤ ਕਲ੍ਹ ਸ਼ਾਮੀਂ ਮੇਰੇ ਕੋਲ ਪਹੁੰਚੀ ਸੀ; ਰੋ ਰਹੀ ਸੀ। ਬਹੁਤ ਭਾਵ ਵਿਚ ਸੀ। ਸੰਨਿਆਸ ਲੈਣਾ ਸੀ। ਮੈਂ ਉਸਨੂੰ ਕਿਹਾ, ਕਲ੍ਹ; ਕਲ੍ਹ ਦੁਪਹਿਰ ਨੂੰ। ਅੱਜ ਉਹ ਪਹੁੰਚੀ, ਉਹ ਬੋਲੀ ਕਿ ਮੈਂ ਮਹੀਨੇ–ਭਰ ਤੋਂ ਤਿਆਰ ਹਾਂ ਸੰਨਿਆਸ ਲੈਣ ਨੂੰ, ਅਤੇ ਕਲ੍ਹ ਤਾਂ ਮੈਂ ਬਹੁਤ ਰੌਅ ਵਿਚ ਸੀ। ਪਰ ਜਿਵੇਂ ਹੀ ਤੁਸੀਂ ਕਿਹਾ, ਕਲ੍ਹ ਆ ਕੇ ਲੈ ਲਵੀਂ, ਪਤਾ ਨਹੀਂ ਕੀ ਹੋਇਆ, ਮੇਰਾ ਭਾਵ ਹੀ ਚਲਿਆ ਗਿਆ। ਮੈਂ ਸੰਨਿਆਸ ਹੁਣ ਨਹੀਂ ਲੈਣਾ ਹੈ। ਅਤੇ ਰੋ ਰਹੀ ਹੈ ਅਜੇ ਵੀ, ਅਤੇ ਕਹਿ ਰਹੀ ਹੈ ਕਿ ਮੈਂ ਲੈਣਾ ਚਾਹੁੰਦੀ ਹਾਂ ਅਤੇ ਲੈਣ ਦੀ ਬਹੁਤ ਤਿਆਰੀ ਹੈ ਤੇ ਬਹੁਤ ਦਿਨਾਂ ਤੋਂ ਉਡੀਕ ਹੈ। ਅਤੇ ਪਤਾ ਨਹੀਂ ਕੀ ਹੋ ਗਿਆ ਹੈ ਮੇਰੇ ਅੰਦਰ ਕਿ ਹੁਣ ਮੈਂ... ਹਿੰਮਤ ਹੀ ਨਹੀਂ ਜੁੜ ਰਹੀ ਹੈ ਲੈਣ ਦੀ। ਅਤੇ ਨਾਲ ਹੀ ਉਸਨੂੰ ਇਹ ਵੀ ਲਗਦਾ ਹੈ ਕਿ ਲੈਣਾ ਹੈ। ਅਤੇ ਨਹੀਂ ਲੈ ਪਾ ਰਹੀ ਹੈ, ਇਸਲਈ ਰੋ ਵੀ ਰਹੀ ਹੈ।

ਸਾਨੂੰ ਖਿਆਲ ਵਿਚ ਨਹੀਂ ਹੈ, ਸਾਡੇ ਚਾਰ–ਚੁਫੇਰੇ ਵਿਚਾਰ ਦਾ ਇਕ ਵਿਰਾਟ ਜਗਤ ਹੈ, ਉਸ ਵਿਚ ਆਤਮਾਵਾਂ ਵੀ ਹਨ, ਉਸ ਵਿਚ ਵਿਚਾਰਾਂ ਦੇ ਪੁੰਜ ਵੀ ਹਨ। ਉਹਨਾਂ ਨੂੰ ਅਸੀਂ ਇਕਨਾਂ ਛਿਨਾਂ ਵਿਚ ਪਕੜ ਲੈਂਦੇ ਹਾਂ ਤੇ ਉਹਨਾਂ ਦੇ ਪ੍ਰਭਾਵ ਹੇਠ ਆ ਜਾਂਦੇ ਹਾਂ। ਅਤੇ ਉਸ ਪ੍ਰਭਾਵ ਹੇਠ ਫਿਰ ਅਸੀਂ ਜੋ ਕਰਦੇ ਹਾਂ, ਉਹ ਸਾਡਾ ਕੀਤਾ ਹੋਇਆ ਨਹੀਂ ਹੈ। ਸ਼ੁਭ–ਵਿਚਾਰ ਵੀ ਸਾਨੂੰ ਪਕੜਦੇ ਹਨ, ਸ਼ੁਭ–ਆਤਮਾਵਾਂ ਵੀ ਸਾਨੂੰ ਸਹਾਰਾ ਦਿੰਦੀਆਂ ਹਨ। ਅਸ਼ੁਭ ਵਿਚਾਰ ਵੀ ਘੇਰਦੇ ਹਨ, ਅਸ਼ੁਭ–ਆਤਮਾਵਾਂ ਵੀ ਰੁਕਾਵਟ ਪਾਉਂਦੀਆਂ ਹਨ।

ਪਰ ਜਿਹੜਾ ਅਤੀ ਪ੍ਰਸੰਨ ਹੈ, ਇਸ ਨਿਯਮ ਨੂੰ ਸਮਝ ਲੈਂਦਾ ਹੈ, ਉਹ ਸੁਰੱਖਿਅਤ ਹੈ। ਜਿਹੜਾ ਉਦਾਸ ਹੈ, ਉਹ ਅਸੁਰੱਖਿਅਤ ਹੈ। ਉਦਾਸੀ ਦੇ ਛਿਨ ਵਿਚ ਉਪੱਦਰਵੀ ਆਤਮਾਵਾਂ,ਉਪੱਦਰਵੀ ਵਿਚਾਰ ਘੇਰ ਲੈਂਦੇ ਹਨ। ਪ੍ਰਸੰਨਤਾ ਅਤੇ ਅਨੰਦ ਦੇ ਧੰਨਭਾਗੀ ਭਾਵ ਵਿਚ, ਜੋ ਸ੍ਰੇਸ਼ਠ ਹੈ, ਉਸ ਨਾਲ ਸਬੰਧ ਜੁੜਦਾ ਹੈ। ਜਿਹੜਾ ਸਦਾ ਅਨੰਦਤ ਰਹਿਣ ਦੀ ਕੋਸ਼ਿਸ਼ ਕਰੇ, ਇਸ ਜਗਤ ਵਿਚ ਜਿੰਨੀਆਂ ਦਿੱਬ ਸ਼ਕਤੀਆਂ ਹਨ, ਉਹਨਾਂ ਸਾਰੀਆਂ ਦਾ ਸਹਿਯੋਗ ਮਿਲ ਜਾਂਦਾ ਹੈ। ਜਿਹੜਾ ਸਦਾ ਉਦਾਸ ਬਣਿਆ ਰਹੇ, ਇਸ ਜਗਤ ਵਿਚ ਜੋ ਵੀ ਮੁਰਦਾਪੁਰਨ ਹੈ, ਜੋ ਵੀ ਭਾਰੀ ਵਜਨੀ ਤੇ ਪਥਰੀਲਾ ਹੈ, ਸਭ ਦਾ ਉਸਦੇ ਨਾਲ ਸਤਿਸੰਗ ਹੋ ਜਾਂਦਾ ਹੈ।

ਧਿਆਨ ਰਹੇ, ਸਾਧਕ ਸਦਾ ਪ੍ਰਸੰਨ ਰਹੇ, ਨਾ ਹੋਵੇ ਹਾਲਤ ਪ੍ਰਸੰਨ ਹੋਣ ਦੀ, ਤਾਂ ਵੀ ਕੋਈ ਕਾਰਨ ਭਾਲ ਲਵੇ, ਅਤੇ ਪ੍ਰਸੰਨ ਰਹੇ। ਪ੍ਰਸੰਨਤਾ ਨੂੰ ਸੂਤਰ ਬਣਾ ਲਵੇ।

'ਦ੍ਰਿੜ੍ਹ ਬਣ। ਹੁਣ ਤੂੰ ਮੱਧ ਦੇ ਦੁਆਰ ਦੇ ਨਜ਼ਦੀਕ ਆ ਰਿਹਾ ਹੈਂ, ਜੋ ਕਲੇਸ਼ ਦਾ ਦੁਆਰ ਵੀ ਹੈ, ਜਿਸ ਵਿਚ ਦਸ ਹਜ਼ਾਰ ਨਾਗਪਾਸ਼ ਹਨ।'

ਹੁਣ ਤੂੰ ਕਰੀਬ ਆ ਰਿਹਾ ਹੈਂ ਯਾਤਰਾ ਦੇ ਮੱਧ-ਬਿੰਦੂ ਉਤੇ। ਅਤੇ ਮੱਧ ਬਿੰਦੂ ਆਖ਼ਰੀ ਬਿੰਦੂ ਹੈ। ਜੇ ਤੂੰ ਉਸ ਪਾਰ ਹੋ ਗਿਆ, ਤਾਂ ਦੂਜੇ ਸਿਰੇ 'ਤੇ ਜਾਣਾ ਅਸਾਨ ਹੋ ਜਾਏਗਾ। ਅਤੇ ਮੱਧ ਬਿੰਦੂ 'ਤੇ ਅਟਕਾਅ ਬਣ ਗਿਆ, ਤਾਂ ਤੂੰ ਵਾਪਸ ਗਿਰ ਸਕਦਾ ਹੈਂ। ਅਤੇ ਇਸ ਮੱਧ ਬਿੰਦੂ ਉਤੇ ਦਸ ਹਜ਼ਾਰ ਨਾਗਪਾਸ਼ ਹਨ। ਦਸ ਹਜ਼ਾਰ ਉਲਝਣਾਂ ਖੜ੍ਹੀਆਂ ਹੋਣਗੀਆਂ। ਦਸ ਹਜ਼ਾਰ ਉਪੱਦਰ ਖੜ੍ਹੇ ਹੋਣਗੇ। ਜਿੰਨੇ ਉਪੱਦਰ ਤੂੰ ਕੀਤੇ ਹਨ, ਅਨੰਤ-ਅਨੰਤ ਜਨਮਾਂ ਵਿਚ, ਸਭ ਤੈਨੂੰ ਘੇਰਨਗੇ ਅਤੇ ਵਾਪਸ ਸੱਦ ਲੈਣਾ ਚਾਹੁਣਗੇ। ਜਿਨ੍ਹਾਂ-ਜਿਨ੍ਹਾਂ ਦਾ ਤੂੰ ਸਾਥ ਕੀਤਾ ਹੋਵੇ, ਜਿਨ੍ਹਾਂ-ਜਿਨ੍ਹਾਂ ਨਾਸਮਝੀਆਂ ਦਾ, ਉਹ ਸਭ ਨਾਸਮਝੀਆਂ ਇਕ ਵਾਰ ਆਖ਼ਰੀ ਕੋਸ਼ਿਸ਼ ਕਰਨਗੀਆਂ ਕਿ ਮੁੜ ਆ; ਇੰਨਾ ਪੁਰਾਣਾ ਸੰਗੀ-ਸਾਥੀ, ਕਿਥੇ ਚੱਲਿਆ ਹੈਂ?

ਮੇਰੇ ਕੋਲ ਲੋਕ ਆਉਂਦੇ ਹਨ, ਉਹ ਕਹਿੰਦੇ ਹਨ, ਅਸੀਂ ਇੰਨੇ ਅਸ਼ਾਂਤ ਤਦ ਨਹੀਂ ਸੀ, ਜਦ ਧਿਆਨ ਨਹੀਂ ਕਰਦੇ ਸੀ। ਹੁਣ ਧਿਆਨ ਕਰਦੇ ਹਾਂ, ਤਾਂ ਸ਼ਾਂਤੀ ਵੀ ਵਧ ਰਹੀ ਹੈ ਅਤੇ ਬੜੀ ਅਸ਼ਾਂਤੀ ਵੀ ਪ੍ਰਤੀਤ ਹੁੰਦੀ ਹੈ। ਇਹ ਅਸ਼ਾਂਤੀ ਤੁਹਾਡੀ ਪੁਰਾਣੀ ਸੰਗੀ-ਸਾਥਣ ਹੈ।

ਇਥੇ ਵੀ ਕਿਸੇ ਨੂੰ ਡਾਇਵੋਰਸ ਕਰਨਾ ਹੋਵੇ, ਤਲਾਕ ਦੇਣਾ ਹੋਵੇ, ਤਾਂ ਬੜੀਆਂ ਮੁਸੀਬਤਾਂ ਆਉਂਦੀਆਂ ਹਨ। ਉਸ ਅੰਦਰ ਦੇ ਲੋਕ ਵਿਚ ਤਾਂ ਤਲਾਕ ਹੋਰ ਮੁਸ਼ਕਲ ਹੋ ਜਾਂਦਾ ਹੈ, ਕਿਉਂਕਿ ਬਹੁਤ ਪੁਰਾਣੇ ਰਿਸ਼ਤੇ-ਨਾਤੇ ਹਨ, ਬਹੁਤ ਵਾਅਦੇ ਹਨ ਤੁਹਾਡੇ ਦਿਤੇ ਹੋਏ ਕਿ ਸਦਾ ਤੇਰਾ ਹਾਂ, ਸਦਾ ਤੇਰੇ ਨਾਲ ਰਹਾਂਗਾ। ਤਦ ਅਚਾਨਕ ਛਡਣ ਲਗਦੇ ਹੋ, ਤਾਂ ਫਿਰ ਜ਼ੋਰ ਨਾਲ ਪਕੜ ਲਏ ਜਾਂਦੇ ਹੋ, ਗੰਢੀਆਂ ਕਸੀਆਂ ਜਾਂਦੀਆਂ ਹਨ। ਮੱਧ ਬਿੰਦੂ ਉਤੇ ਦਸ ਹਜ਼ਾਰ ਨਾਗਪਾਸ਼ ਉਡੀਕ ਕਰ ਰਹੇ ਹਨ।

'ਓ ਪੂਰਨਤਾ ਦੇ ਸਾਧਕ, ਆਪਣੇ ਵਿਚਾਰਾਂ ਦਾ ਸੁਆਮੀ ਬਣ, ਜੇ ਤੂੰ ਇਸਦੀ ਦੇਹਲੀ ਪਾਰ ਕਰਨੀ ਹੈ।'

'ਅਤੇ ਜੇ ਤੂੰ ਆਪਣੀ ਮੰਜ਼ਲ 'ਤੇ ਪੁੱਜਣਾ ਹੈ, ਤਾਂ ਅੰਮ੍ਰਿਤ ਦੇ ਖੋਜੀ, ਆਪਣੀ ਆਤਮਾ ਦਾ ਸੁਆਮੀ ਬਣ।'

'ਉਸ ਸ਼ੁੱਧ ਪ੍ਰਕਾਸ਼ ਉਤੇ ਆਪਣੀ ਦ੍ਰਿਸ਼ਟੀ ਨੂੰ ਇਕਾਗਰ ਕਰ, ਜੋ ਪ੍ਰਕਾਸ਼ ਸਾਰੇ ਪ੍ਰਭਾਵਾਂ ਤੋਂ ਮੁਕਤ ਹੈ। ਅਤੇ ਆਪਣੀ ਸਵਰਨ-ਕੁੰਜੀ ਦਾ ਪ੍ਰਯੋਗ ਕਰ।'

'ਕਠਨ ਕਰਮ ਪੂਰਾ ਹੋ ਗਿਆ। ਤੇਰੀ ਮਿਹਨਤ ਪੂਰੀ ਹੋਈ। ਅਤੇ ਉਹ ਪਸਰਿਆ ਹੋਇਆ ਪਤਾਲ ਜਿਸਨੇ ਤੈਨੂੰ ਨਿਗਲਣ ਨੂੰ ਮੂੰਹ ਫੈਲਾਇਆ ਸੀ, ਲਗਪਗ ਪੂਰ ਦਿਤਾ ਗਿਆ ਹੈ...'

ਜੇ ਮੱਧ ਬਿੰਦੂ ਪਾਰ ਹੋ ਗਿਆ, ਤਾਂ ਵਿਸ਼ਾਲ ਖਾਈ, ਜਿਸਨੇ ਮੂੰਹ ਫੈਲਾਇਆ ਹੋਇਆ ਸੀ, ਉਹ ਲਗਪਗ ਪੂਰ ਦਿਤੀ ਗਈ ਹੈ। ਮੱਧ ਬਿੰਦੂ ਦੇ ਬਾਅਦ ਪਤਨ ਬਹੁਤ ਮੁਸ਼ਕਲ ਹੈ। ਬਹੁਤ ਚੇਸ਼ਟਾ ਕੀਤੀ ਜਾਵੇ, ਤਾਂ ਹੀ ਹੋ ਸਕਦਾ ਹੈ। ਮੱਧ

ਬਿੰਦੂ ਤੋਂ ਪਹਿਲਾਂ ਪਤਨ ਬਹੁਤ ਅਸਾਨ ਹੈ। ਬਹੁਤ ਚੇਸ਼ਟਾ ਕੀਤੀ ਜਾਵੇ, ਤਾਂ ਹੀ ਬਚ ਸਕਦਾ ਹੈ। ਮੱਧ ਬਿੰਦੂ ਤੋਂ ਬਾਅਦ ਪਤਨ ਬਹੁਤ ਮੁਸ਼ਕਲ ਹੈ। ਜੇ ਤੁਸੀਂ ਬਹੁਤ ਯਤਨ ਕਰੋ, ਤਾਂ ਹੀ ਵਾਪਸ ਗਿਰ ਸਕਦੇ ਹੋ। ਨਹੀਂ ਤਾਂ ਆਪਣੇ-ਆਪ ਤਾਂ ਮੱਧ ਬਿੰਦੂ ਦੇ ਬਾਅਦ ਕੋਈ ਵਾਪਸ ਨਹੀਂ ਗਿਰਦਾ। ਮੱਧ ਬਿੰਦੂ ਦੇ ਬਾਅਦ ਨਵਾਂ ਲੋਕ ਖੁਲ੍ਹ ਜਾਂਦਾ ਹੈ। ਪੁਰਾਣੇ ਸੰਗੀ-ਸਾਥੀ ਛੁੱਟ ਜਾਂਦੇ ਹਨ। ਇਕ ਅਤੀ ਤੋਂ ਜਦ ਤੁਸੀਂ ਦੂਜੀ ਅਤੀ ਵਿਚ ਪ੍ਰਵੇਸ਼ ਕਰਦੇ ਹੋ। ਇਸ ਮੱਧ ਬਿੰਦੂ ਨੂੰ ਪਾਰ ਕਰਨ ਦੇ ਲਈ ਸਰੀਰ ਦੇ ਸੁਆਮੀ ਬਣੋ, ਪਹਿਲੀ ਗੱਲ। ਫਿਰ ਵਿਚਾਰ ਦੇ ਸੁਆਮੀ ਬਣੋ, ਦੂਜੀ ਗੱਲ। ਫਿਰ ਆਤਮਾ ਦੇ ਸੁਆਮੀ ਬਣੋ, ਇਹ ਤੀਜੀ ਗੱਲ।

ਸਰੀਰ ਤੋਂ ਸ਼ੁਰੂ ਕਰਨਾ; ਕਿਉਂਕਿ ਉਸਦੀ ਹੀ ਮਾਲਕੀਅਤ ਨਾ ਹੋ ਸਕੇ, ਤਾਂ ਫਿਰ ਮਨ ਦੀ ਮਾਲਕੀਅਤ ਨਹੀਂ ਹੋ ਸਕੇਗੀ। ਮਨ ਦੀ ਮਾਲਕੀਅਤ ਨਾ ਹੋ ਸਕੇ, ਤਾਂ ਫਿਰ ਆਤਮਾ ਦੀ ਵੀ ਨਹੀਂ ਹੋ ਸਕੇਗੀ। ਸਰੀਰ-ਮੈਂ ਕਿਹਾ ਕਿ ਉਸਨੂੰ ਜਿੱਤੋ। ਫਿਰ ਜਿਸ ਦਿਨ ਤੁਹਾਨੂੰ ਲਗੇ ਕਿ ਹੁਣ ਸਰੀਰ ਉੱਤੇ ਮਾਲਕੀਅਤ ਹੋ ਗਈ, ਉਸ ਦਿਨ ਤੋਂ ਮਨ ਉੱਤੇ ਵੀ ਉਹੀ ਪ੍ਰਯੋਗ ਸ਼ੁਰੂ ਕਰ ਦਿਉ। ਮਨ ਵਿਚ ਇਕ ਵਿਚਾਰ ਆਵੇ ਕਿ ਕ੍ਰੋਧ ਕਰਨਾ ਹੈ, ਤਾਂ ਕਹਿ ਦਿਉ ਕਿ ਕ੍ਰੋਧ ਨਹੀਂ ਕਰਨਾ ਹੈ, ਚੁੱਪ ਹੋ ਜਾ ਮਨਾ! ਫਿਰ ਅੜੇ ਰਹਿਣਾ ਆਪਣਾ ਵਚਨ ਉੱਤੇ, ਫਿਰ ਮਨ ਕਿੰਨੀ ਹੀ ਕੋਸ਼ਿਸ਼ ਕਰੇ, ਦੂਰ ਖੜ੍ਹੇ ਰਹਿਣਾ, ਕ੍ਰੋਧ ਨਾ ਕਰਨਾ। ਅੱਜ ਨਹੀਂ ਕਲ੍ਹ ਤੁਸੀਂ ਪਾਉਗੇ ਕਿ ਮਨ ਤੁਹਾਡੀ ਸੁਣਨ ਨੂੰ ਰਾਜੀ ਹੋ ਗਿਆ। ਅਤੇ ਜਦ ਤੁਸੀਂ ਕਹੋਗੇ ਕਿ ਨਹੀਂ ਕਰਨਾ ਹੈ ਕ੍ਰੋਧ ਤਾਂ ਕ੍ਰੋਧ ਦਾ ਭਾਵ ਉਸੇ ਵੇਲੇ ਵਿਸਰਜਤ ਹੋ ਜਾਏਗਾ।

ਇਹ ਇਵੇਂ ਹੀ ਵਾਪਰਦਾ ਹੈ, ਜਿਵੇਂ ਮੇਰਾ ਇਹ ਹੱਥ ਉਪਰ ਹੈ ਅਤੇ ਮੈਂ ਕਹਾਂ ਕਿ ਮੈਂ ਨਹੀਂ ਰਖਣਾ ਹੈ ਉਪਰ ਹੱਥ, ਤਾਂ ਹੇਠਾਂ ਆ ਜਾਂਦਾ ਹੈ। ਇਹ ਹੱਥ ਮੇਰਾ ਹੈ। ਜੇ ਇਹ ਹੱਥ ਮੈਂ ਕਹਾਂ ਕਿ ਹੇਠਾਂ ਆ ਜਾ, ਅਤੇ ਉਪਰ ਹੀ ਅਟਕਿਆ ਰਹੇ, ਅਤੇ ਮੈਂ ਕਿੰਨਾ ਹੀ ਕਹਾਂ ਕਿ ਹੇਠਾਂ ਆ ਜਾ, ਅਤੇ ਹੇਠਾਂ ਨਾ ਆਵੇ ਤਾਂ ਉਸਦਾ ਮਤਲਬ ਹੋਇਆ ਕਿ ਹੱਥ ਮੇਰਾ ਨਹੀਂ ਹੈ।

ਤੁਸੀਂ ਕਹਿੰਦੇ ਹੋ ਕਿ ਵਿਚਾਰ ਤੁਹਾਡੇ ਹਨ। ਕਹਿਣਾ ਨਹੀਂ ਚਾਹੀਦਾ ਕਿ ਤੁਹਾਡੇ ਹਨ। ਕਿਉਂਕਿ ਤੁਸੀਂ ਇਕ ਵਿਚਾਰ ਨੂੰ ਬਾਹਰ ਕਰਨਾ ਚਾਹੋ, ਤਾਂ ਕਰ ਨਹੀਂ ਸਕਦੇ। ਤੁਸੀਂ ਕਹੋ ਕਿ ਇਹ ਵਿਚਾਰ ਮੇਰੇ ਅੰਦਰ ਨਾ ਆਵੇ, ਤੁਹਾਡੇ ਵੱਸ ਵਿਚ ਨਹੀਂ। ਤੁਸੀਂ ਕਹੋ, ਨਾ ਆਵੇ, ਤਾਂ ਹੋਰ ਜਿਆਦਾ ਆਉਂਦਾ ਹੈ। ਤੁਸੀਂ ਕਹੋ ਕਿ ਨਾ ਸਤਾ ਮੈਨੂੰ, ਤਾਂ ਹੋਰ ਸਤਾਉਂਦਾ ਹੈ। ਤੁਸੀਂ ਕਹਿੰਦੇ ਹੋ ਕਿ ਮੈਂ ਕ੍ਰੋਧ ਨਹੀਂ ਕਰਾਂਗਾ, ਤਾਂ ਹੋਰ ਕ੍ਰੋਧ ਨਾਲ ਭਰ ਜਾਂਦੇ ਹੋ। ਵਿਚਾਰ ਅਜੇ ਮਾਲਕ ਹੈ।

ਜੇ ਸਰੀਰ ਉੱਤੇ ਪ੍ਰਯੋਗ ਕੀਤਾ ਹੈ, ਹੌਲੀ-ਹੌਲੀ ਉਹੀ ਪ੍ਰਯੋਗ ਮਨ 'ਤੇ ਵੀ ਕਰਨਾ ਹੈ। ਜੇ ਤੁਸੀਂ ਹੌਸਲੇ ਨਾਲ ਅਤੇ ਪ੍ਰਸੰਨ-ਚਿੱਤ ਨਾਲ ਲਗੇ ਰਹੋ, ਤਾਂ ਮਨ ਦੇ ਵੀ ਮਾਲਕ ਹੋ ਜਾਉਗੇ।

ਅਤੇ ਤੀਜੀ ਗੱਲ ਹੈ ਆਤਮਾ ਦੀ ਮਾਲਕੀਅਤ। ਆਤਮਾ ਦੀ ਮਾਲਕੀਅਤ ਦੇ ਲਈ ਹੀ ਇਹ ਸਾਰੇ ਸੂਤਰ ਹਨ। ਲੇਕਿਨ ਇਥੇ ਇਸ ਸੰਦਰਭ ਵਿਚ ਆਤਮਾ ਦੀ ਮਾਲਕੀਅਤ ਦਾ ਮਤਲਬ ਇੰਨਾ ਹੀ ਹੈ ਕਿ ਤੁਹਾਡੇ ਪੂਰੇ ਸਰੀਰ ਦੀ ਮਾਲਕੀਅਤ; ਸਰੀਰ, ਮਨ, ਆਤਮਾ, ਇਹ ਤਿੰਨੋਂ, ਤੁਹਾਡੀ ਪੂਰੀ ਸ਼ਖਸੀਅਤ ਦੀ ਜੋ ਸਮੱਗ੍ਰਤਾ ਹੈ, ਇਸ ਸਮੱਗ੍ਰਤਾ ਦੀ ਮਾਲਕੀਅਤ। ਇਸ ਸਮੱਗ੍ਰ ਦੀ ਵੀ ਤੁਹਾਡੀ ਆਗਿਆ ਨਾਲ ਗਤੀ ਹੋਵੇ। ਅਤੇ ਅਜੇਹੀ ਸਥਿਤੀ ਆ ਜਾਂਦੀ ਹੈ, ਜਦ

ਤੁਹਾਡੀ ਹੀ ਆਗਿਆ ਨਾਲ ਸਮੱਗ੍ਰ ਦੀ ਗਤੀ ਹੋਣ ਲਗਦੀ ਹੈ। ਅਤੇ ਜੇ ਤੁਸੀਂ ਚਾਹੋ ਕਿ ਮੈਂ ਇਸੇ ਛਿਨ ਮਰ ਜਾਵਾਂ, ਤਾਂ ਇਸੇ ਛਿਨ ਮੌਤ ਵਾਪਰ ਜਾਏਗੀ; ਕਿਉਂਕਿ ਸਮੱਗ੍ਰ ਤੁਹਾਨੂੰ ਮੰਨਦਾ ਹੈ। ਇਸ ਸਮੱਗ੍ਰ ਦੀ ਮਾਲਕੀਅਤ ਦਾ ਉਨਾ ਅਸਾਨ ਸੂਤਰ ਨਹੀਂ ਹੈ, ਜਿੰਨਾ ਸਰੀਰ ਅਤੇ ਮਨ ਦਾ ਹੈ। ਪਰ ਜਿਹੜੇ ਲੋਕ ਸਰੀਰ ਤੇ ਮਨ ਦੇ ਮਾਲਕ ਹੋ ਜਾਂਦੇ ਹਨ, ਉਹਨਾਂ ਦੇ ਲਈ ਉਸੇ ਵੇਲੇ ਆਤਮਾ ਦੇ ਸੂਤਰ ਦੀ ਕੁੰਜੀ ਮਿਲ ਜਾਂਦੀ ਹੈ ਕਿ ਹੁਣ ਉਹ ਆਤਮਾ ਦੇ ਲਈ ਕੀ ਕਰਨ। ਉਹ ਉਹਨਾਂ ਨੂੰ ਆਪ ਦਿਸ ਪੈਂਦਾ ਹੈ। ਜੋ ਸਰੀਰ ਦੇ ਲਈ ਕੀਤਾ, ਉਹ ਬਾਹਰ ਸੀ; ਜੋ ਮਨ ਦੇ ਲਈ ਕੀਤਾ, ਉਹ ਵਿਚਕਾਰ ਸੀ, ਹੁਣ ਆਤਮਾ ਦੇ ਲਈ ਉਹੀ ਕਰਨਾ ਹੈ, ਜੋ ਬਹੁਤ ਗਹਿਰੇ ਵਿਚ ਹੈ। ਆਤਮਾ ਦੇ ਲਈ ਕਰਨ ਦਾ ਸਾਰ ਅਰਥ ਹੈ ਕਿ ਵਜੂਦ ਵੀ ਤੁਹਾਡੀ ਆਗਿਆ ਮੰਨਣ ਲਗੇ।

ਅਜੇ ਕੀ ਹੈ?

ਅਜੇ ਤੁਸੀਂ ਜੇ ਕਹੋ ਕਿ ਕੋਈ ਹਰਜ਼ ਨਹੀਂ ਜੇ ਮੌਤ ਆ ਜਾਵੇ, ਤਾਂ ਮੈਂ ਸਵੀਕਾਰ ਕਰ ਲਵਾਂਗਾ, ਪਰ ਤੁਹਾਡਾ ਵਜੂਦ ਅੰਦਰ ਕਹਿੰਦਾ ਹੈ ਕਿ ਨਹੀਂ, ਸਵੀਕਾਰ ਨਹੀਂ ਕਰਾਂਗੇ, ਕਿਵੇਂ ਮਰ ਸਕਦੇ ਹਾਂ? ਨਹੀਂ ਮਰਨਾ ਚਾਹੁੰਦੇ ਹਾਂ, ਤਾਂ ਮਾਲਕੀਅਤ ਉਸ ਉੱਤੇ ਤੁਹਾਡੀ ਨਹੀਂ ਹੈ। ਲੇਕਿਨ ਸਰੀਰ ਅਤੇ ਮਨ ਦੀ ਯਾਤਰਾ ਠੀਕ ਹੋ ਜਾਵੇ, ਤਾਂ ਉਸੇ ਸੂਤਰ ਨੂੰ ਸੂਖਮ ਵਿਚ ਅੰਦਰ ਪ੍ਰਯੋਗ ਕਰਨ ਨਾਲ ਵਜੂਦ ਦੀ ਵੀ ਮਾਲਕੀਅਤ ਹਾਸਲ ਹੁੰਦੀ ਹੈ।

ਇਸ ਮਾਲਕੀਅਤ ਦੇ ਹੁੰਦਿਆਂ ਹੀ ਤੁਹਾਨੂੰ ਉਹ ਪ੍ਰਕਾਸ਼ ਦੀ ਕਿਰਨ ਦਿਖਾਈ ਪੈਣੀ ਸ਼ੁਰੂ ਹੋ ਜਾਂਦੀ ਹੈ, ਜੋ ਤੁਸੀਂ ਹੋ। ਫਿਰ ਉਸ ਉੱਤੇ ਹੀ ਦ੍ਰਿਸ਼ਟੀ ਨੂੰ ਇਕਾਗਰ ਕਰਨਾ, ਅਤੇ ਉਸ ਕਿਰਨ ਦੀ ਧਾਰਾ ਵਿਚ ਹੀ ਖ਼ੁਦ ਨੂੰ ਛਡ ਦੇਣਾ। ਉਹ ਕਿਰਨ ਹੀ ਤੁਹਾਡਾ ਜੀਵਨ-ਗੁਰੂ ਹੈ। ਇਸ ਕਿਰਨ ਨੂੰ ਕਿਸ਼ਤੀ ਬਣਾ ਲੈਣਾ। ਅਤੇ ਉਹ ਕਿਸ਼ਤੀ ਪਰਮਾਤਮਾ ਦੀ ਤਰਫ਼ ਚੱਲਣੀ ਸ਼ੁਰੂ ਹੋ ਜਾਏਗੀ।

ਦੱਸਵਾਂ ਪ੍ਰਵਚਨ

ਅੱਗੇ ਵਧ

●

ਹੁਣ ਤੂੰ ਉਸ ਖਾਈ ਨੂੰ ਪਾਰ ਕਰ ਚੁੱਕਾ ਹੈਂ, ਜੋ ਮਨੁੱਖੀ ਵਾਸਨਾਵਾਂ ਦੇ ਦੁਆਰ ਨੂੰ ਘੇਰ ਕੇ ਖੜ੍ਹੀ ਹੈ। ਹੁਣ ਤੂੰ 'ਕਾਮ' ਅਤੇ ਉਸਦੀ ਧੌਂਸ ਸੈਨਾ ਉੱਤੇ ਜਿੱਤ ਪਾ ਚੁੱਕਾ ਹੈਂ।

ਤੂੰ ਆਪਣੇ ਹਿਰਦੇ ਤੋਂ ਅਸ਼ੁੱਧੀਆਂ ਨੂੰ ਕੱਢ ਦਿਤਾ ਹੈ ਅਤੇ ਕਲੰਕਪੂਰਨ ਵਾਸਨਾਵਾਂ ਤੋਂ ਉਹ ਹੁਣ ਮੁਕਤ ਹੈ। ਲੇਕਿਨ ਓ ਗੌਰਵਸ਼ਾਲੀ ਯੋਧੇ, ਤੇਰਾ ਕੰਮ ਅਜੇ ਪੂਰਾ ਨਹੀਂ ਹੋਇਆ ਹੈ। ਉਹ ਸ਼ਿੱਸ਼ (ਲਾਨੂ) ਪਵਿੱਤਰ ਦੀਪ'' ਨੂੰ ਘੇਰਨ ਵਾਲੀ ਕੰਧ ਨੂੰ ਉੱਚੀ ਚੁੱਕ। ਇਹੀ ਉਹ ਬੰਨ੍ਹ ਹੋਵੇਗਾ ਜੋ ਤੇਰੇ ਮਨ ਦੀ ਉਸ ਮਦ ਅਤੇ ਉਸ ਸੰਤੁਸ਼ਟੀ ਤੋਂ ਰਖਿਆ ਕਰੇਗਾ, ਜੋ ਵਡੀ ਪ੍ਰਾਪਤੀ ਦੇ ਵਿਚਾਰ ਤੋਂ ਪੈਦਾ ਹੁੰਦੀ ਹੈ।

ਹੰਕਾਰ ਦਾ ਭਾਵ ਕੰਮ ਨੂੰ ਵਿਗਾੜ ਕੇ ਰੱਖ ਦੇਵੇਗਾ; ਇਸਲਈ ਮਜ਼ਬੂਤ ਬੰਨ੍ਹ ਬਣਾ, ਨਹੀਂ ਤਾਂ ਕਿਤੇ ਲੜਾਕੂ ਲਹਿਰਾਂ ਦਾ ਭਿਆਨਕ ਹੜ੍ਹ ਜੋ ਮਹਾਂਸੰਸਾਰ ਦੇ ਮਾਯਾ ਦੇ ਸਮੁੰਦਰ ਤੋਂ ਆ ਕੇ ਇਸਦੇ ਕੰਢਿਆਂ 'ਤੇ ਚੜ੍ਹਾਈ ਅਤੇ ਚੋਟ ਕਰਦਾ ਹੈ, ਯਾਤਰੀ ਅਤੇ ਇਸਦੇ ਦੀਪ ਨੂੰ ਹੀ ਨਾ ਨਿਗਲ ਜਾਵੇ। ਤਾਂ ਇਹ ਤਦ ਵੀ ਵਾਪਰ ਸਕਦਾ ਹੈ, ਜਦ ਜਿੱਤ ਪ੍ਰਾਪਤ ਹੋ ਗਈ ਹੋਵੇ।

ਤੇਰਾ ਦੀਪ ਹਿਰਨ ਹੈ ਅਤੇ ਤੇਰੇ ਵਿਚਾਰ ਕੁੱਤੇ ਹਨ, ਜੋ ਜੀਵਨ ਦੇ ਵਲ ਉਸਦੀ ਯਾਤਰਾ ਦਾ ਪਿਛਾ ਕਰਕੇ ਉਸਦੀ ਪੇਸ਼ਕਦਮੀ ਨੂੰ ਰੋਕਦੇ ਹਨ। ਉਸ ਹਿਰਨ ਦੇ ਲਈ ਸ਼ੋਕ ਹੈ, ਜਿਸਨੂੰ ਭੌਂਕਦੇ ਕੁੱਤੇ ਉਸਦੇ ਧਿਆਨਮਾਰਗ ਨਾਂ ਦੇ ਸ਼ਰਨ–ਅਸਥਾਨ 'ਤੇ ਪੁੱਜਣ ਤੋਂ ਪਹਿਲਾਂ ਹੀ ਮਾਤ ਕਰ ਦਿੰਦੇ ਹਨ।

ਹੇ ਸੁਖ–ਦੁਖ ਦੇ ਜੇਤੂ, ਇਸ ਤੋਂ ਪਹਿਲਾਂ ਕਿ ਤੂੰ ਧਿਆਨ–ਮਾਰਗ 'ਚ ਸਥਿਤ ਹੋਵੇਂ ਅਤੇ ਉਸਨੂੰ ਆਪਣਾ ਕਹੇਂ, ਤੇਰੀ ਆਤਮਾ ਨੇ ਪੱਕੇ ਅੰਬ–ਜਿਹੀ ਹੋਣਾ ਹੈ, ਦੂਜਿਆਂ ਦੇ ਦੁਖ ਦੇ ਲਈ ਉਸਦੇ ਚਮਕਦਾਰ ਤੇ ਸੁਨਹਿਰੇ ਗੁੱਦੇ ਦੀ ਤਰ੍ਹਾਂ ਅਤੇ ਆਪਣੀ ਪੀੜ ਤੇ ਸ਼ੋਕ ਦੇ ਲਈ ਉਸਦੀ ਪਥਰੀਲੀ ਗੁਠਲੀ ਦੀ ਤਰ੍ਹਾਂ।

ਹੰਕਾਰ ਦੇ ਨਾਗਪਾਸ਼ ਤੋਂ ਬਚਣ ਦੇ ਲਈ ਆਪਣੀ ਆਤਮਾ ਨੂੰ ਕਠੋਰ ਬਣਾ, ਉਸਨੂੰ ਵੱਜਰ–ਆਤਮਾ'' ਨਾਂ ਪਾਣ ਦੇ ਯੋਗ ਬਣਾ।

ਕਿਉਂਕਿ ਜਿਸ ਤਰ੍ਹਾਂ ਧਰਤੀ ਦੇ ਧੜਕਦੇ ਹਿਰਦੇ ਦੀ ਗਹਿਰਾਈ ਵਿਚ ਗੱਡਿਆ ਪਿਆ ਹੀਰਾ ਧਰਤੀ ਦੇ ਪ੍ਰਕਾਸ਼ ਦੀਆਂ ਕਿਰਨਾਂ ਨੂੰ ਝਲਕਾ ਨਹੀਂ ਪਾਂਦਾ ਹੈ, ਉਸੇ ਤਰ੍ਹਾਂ ਦਾ ਤੇਰਾ ਮਨ ਅਤੇ ਆਤਮਾ ਹੈ, ਧਿਆਗ–ਮਾਰਗ ਵਿਚ ਡੁੱਬ ਕੇ ਉਸਨੂੰ ਵੀ ਮਾਯਾ ਦੇ ਜਗਤ ਦੀ ਭੁਲੇਖੇ–ਭਰੀ ਸੂੰਨਯਤਾ ਨੂੰ ਝਲਕਾਉਣਾ ਨਹੀਂ ਚਾਹੀਦਾ।

●

ਸਾਰੀਆਂ ਵਾਸਨਾਵਾਂ ਦੇ ਮੂਲ ਵਿਚ ਕਾਮ-ਵਾਸਨਾ ਹੈ। ਵਾਸਨਾ ਦਾ ਰੂਪ ਕੋਈ ਵੀ ਹੋਵੇ, ਗਹਿਰੇ ਵਿਚ ਖੋਜੋਗੇ ਤਾਂ ਕਾਮ ਨੂੰ ਵੀ ਪਾਉਗੇ।

ਹਿੰਦੂਆਂ ਨੇ ਤਾਂ ਜਗਤ ਦੀ ਸਿਰਜਣਾ ਵਿਚ ਹੀ ਕਾਮ ਨੂੰ ਮੂਲ ਮੰਨਿਆ ਹੈ; ਸਾਰੀ ਸ੍ਰਿਸ਼ਟੀ ਕਾਮਵਾਸਨਾ ਦਾ ਹੀ ਪਸਾਰਾ ਹੈ। ਭਾਵੇਂ ਕੋਈ ਧਨ ਚਾਹੁੰਦਾ ਹੋਵੇ, ਭਾਵੇਂ ਕੋਈ ਪਦਵੀ ਚਾਹੁੰਦਾ ਹੋਵੇ, ਚਾਹ-ਮਾਤਰ ਆਪਣੇ ਮੌਲਿਕ ਰੂਪ ਵਿਚ ਕਾਮਨਾ ਹੈ, ਕਾਮ-ਵਾਸਨਾ ਹੈ। ਧਨ ਵੀ ਇਸਲਈ ਚਾਹਿਆ ਜਾਂਦਾ ਹੈ, ਪਦਵੀ ਵੀ ਇਸਲਈ ਚਾਹੀ ਜਾਂਦੀ ਹੈ। ਇਹ ਮੁੜ-ਘੁੜ ਕੇ ਵੱਖੋ-ਵਖਰੇ ਦੁਆਰਾਂ ਰਾਹੀਂ ਇਕ ਹੀ ਵਾਸਨਾ ਵਲ ਲੈ ਜਾਂਦੇ ਹਨ। ਤਾਂ ਜਿਸਨੇ ਕਾਮ-ਵਾਸਨਾ ਉੱਤੇ ਜਿੱਤ ਪਾ ਲਈ, ਉਸਨੇ ਸਾਰੀਆਂ ਵਾਸਨਾਵਾਂ 'ਤੇ ਜਿੱਤ ਪਾ ਲਈ।

ਕਾਮ-ਵਾਸਨਾ ਕੀ ਹੈ?

ਜੇ ਅਸੀਂ ਵਿਗਿਆਨੀਆਂ ਤੋਂ ਪੁਛੀਏ ਤਾਂ ਉਹ ਕਹਿੰਦੇ ਹਨ,ਆਦਮੀ ਦੇ ਜੀਵਨ ਵਿਚ ਦੋ ਗੱਲਾਂ ਬਹੁਤ ਬੁਨਿਆਦੀ ਹਨ। ਇਕ ਤਾਂ ਇਹ ਕਿ ਜੀਵਨ ਬਚਣਾ ਚਾਹੁੰਦਾ ਹੈ, ਸਰਵਾਈਵ ਕਰਨਾ ਚਾਹੁੰਦਾ ਹੈ, ਜੀਵਨ ਨਸ਼ਟ ਨਹੀਂ ਹੋਣਾ ਚਾਹੁੰਦਾ, ਜੀਣ-ਤਾਂਘ ਹੈ। ਮੈਂ ਜੀਵਾਂ ਅਕਾਰਨ, ਇਸਦਾ ਕੋਈ ਕਾਰਨ ਨਹੀਂ ਹੈ। ਜੇ ਕੋਈ ਤੁਹਾਥੋਂ ਪੁਛੇ, ਤੁਸੀਂ ਕਿਉਂ ਜੀਣਾ ਚਾਹੁੰਦੇ ਹੋ, ਤਾਂ ਤੁਸੀਂ ਕੋਈ ਕਾਰਨ ਨਹੀਂ ਦਸ ਸਕੋਗੇ। ਜੀਣਾ ਚਾਹੁੰਦੇ ਹਾਂ, ਇਹ ਅਕਾਰਨ ਹੈ, ਬਸ ਇਉਂ ਹੈ। ਇਹ ਉਵੇਂ ਹੀ ਅਕਾਰਨ ਹੈ ਜਿਵੇਂ ਸੌ ਡਿਗਰੀ 'ਤੇ ਪਾਣੀ ਗਰਮ ਹੋ ਕੇ ਭਾਫ਼ ਬਣ ਜਾਂਦਾ ਹੈ। ਜੇ ਅਸੀਂ ਪੁਛੀਏ ਕਿ ਕਿਉਂ ਸੌ ਡਿਗਰੀ 'ਤੇ ਪਾਣੀ ਭਾਫ਼ ਬਣ ਜਾਂਦਾ ਹੈ, ਨੱਬੇ ਡਿਗਰੀ 'ਤੇ ਬਣਨ ਵਿਚ ਕੀ ਅੜਿੱਚਣ ਸੀ, ਜਾਂ ਇਕ ਸੌ ਦਸ ਡਿਗਰੀ 'ਤੇ ਬਣਦਾ, ਤਾਂ ਕੀ ਹਰਜ਼ ਹੋ ਜਾਂਦਾ? ਜੇ ਅਸੀਂ ਵਿਗਿਆਨਕ ਤੋਂ ਪੁਛੀਏ ਕਿ ਹਾਈਡ੍ਰੋਜਨ ਆਕਸੀਜਨ ਨਾਲ ਮਿਲ ਕੇ ਹੀ ਪਾਣੀ ਕਿਉਂ ਬਣਦਾ ਹੈ? ਕੋਈ ਉੱਤਰ ਨਹੀਂ ਹੈ। ਬਣਦਾ ਹੈ, ਕਿਉਂ ਦਾ ਕੋਈ ਸਵਾਲ ਹੀ ਨਹੀਂ ਹੈ। ਠੀਕ ਇਵੇਂ ਹੀ ਜੀਵਨ ਜੀਣਾ ਚਾਹੁੰਦਾ ਹੈ, ਕਿਉਂ ਦਾ ਕੋਈ ਸਵਾਲ ਨਹੀਂ ਹੈ। ਜੋ ਵੀ ਹੈ ਉਹ ਮਿਟਣਾ ਨਹੀਂ ਚਾਹੁੰਦਾ। ਹੋਣ ਵਿਚ ਹੀ ਬਣੇ ਰਹਿਣ ਦੀ

ਕਾਮਨਾ ਛੁਪੀ ਹੈ।

ਇਸ ਕਾਮਨਾ ਦੇ ਦੋ ਰੂਪ ਹੋ ਜਾਂਦੇ ਹਨ। ਤੁਸੀਂ ਵੀ ਹੋਣਾ ਚਾਹੁੰਦੇ ਹੋ, ਰਹਿਣਾ ਚਾਹੁੰਦੇ ਹੋ, ਬਚਣਾ ਚਾਹੁੰਦੇ ਹੋ, ਅਮਰਤਾ ਦੀ ਚਾਹਨਾ ਹੈ। ਨਾ ਮਿਟੀਏ, ਅਜੇਹਾ ਗਹਿਰੇ ਵਿਚ ਛੁਪਿਆ ਹੈ, ਇਸਲਈ ਆਦਮੀ ਹਰ ਤਰ੍ਹਾਂ ਨਾਲ ਆਪਣੀ ਸੁਰੱਖਿਆ ਕਰਦਾ ਹੈ। ਲੇਕਿਨ ਵਿਅਕਤੀ ਦੀ ਤਾਂ ਮੌਤ ਹੋਵੇਗੀ। ਕਿੰਨਾ ਹੀ ਉਪਾਅ ਹੋਵੇ, ਕਿੰਨੀ ਹੀ ਸੁਰੱਖਿਆ ਹੋਵੇ, ਵਿਅਕਤੀ ਮਰੇਗਾ। ਕਿਉਂਕਿ ਵਿਅਕਤੀ ਦਾ ਜਨਮ ਹੁੰਦਾ ਹੈ।

ਐਪਰ ਵਿਅਕਤੀ ਦੇ ਅੰਦਰ ਜੋ ਜੀਵਨ ਹੈ, ਉਹ ਬਚ ਸਕਦਾ ਹੈ। ਤੁਹਾਡੀ ਲਹਿਰ ਮਰੇਗੀ, ਲੇਕਿਨ ਤੁਹਾਡੇ ਅੰਦਰ ਜੋ ਸਾਗਰ ਹੈ ਜੀਵਨ ਦਾ, ਉਹ ਬਚ ਸਕਦਾ ਹੈ। ਕਾਮ-ਵਾਸਨਾ ਉਸੇ ਜੀਵਨ ਦੀ ਬਚਣ ਦੀ ਚੇਸ਼ਟਾ ਹੈ। ਤੁਸੀਂ ਮਿਟ ਜਾਉਗੇ, ਪਰ ਤੁਹਾਡੇ ਅੰਦਰ ਤੋਂ ਜੀਵਨ ਨਿਕਲ ਕੇ ਨਵੇਂ ਰੂਪ ਲੈ ਲਵੇਗਾ। ਅਤੇ ਇਸ ਤੋਂ ਪਹਿਲਾਂ ਕਿ ਤੁਸੀਂ ਮਿਟੋ, ਤੁਹਾਡੇ ਅੰਦਰ ਜੋ ਜੀਵਨ ਦੀ ਧਾਰਾ ਛੁਪੀ ਹੈ, ਉਹ ਨਵੇਂ ਸਰੀਰ ਖੋਜ ਲਵੇਗੀ। ਤੁਸੀਂ ਖੋ ਜਾਉਗੇ, ਪਰ ਤੁਹਾਡਾ ਕੁਝ ਮੌਲਿਕ ਵਜੂਦ ਦਾ ਹਿੱਸਾ, ਤੁਹਾਡੀ ਜੀਵਨ-ਧਾਰਾ ਦਾ ਕੋਈ ਅੰਸ਼ ਤੁਹਾਡੇ ਬੱਚਿਆਂ ਵਿਚ, ਬੱਚਿਆਂ ਦੇ ਬੱਚਿਆਂ ਵਿਚ ਯਾਤਰਾ ਕਰਦਾ ਰਹੇਗਾ।

ਕਾਮ-ਵਾਸਨਾ ਹੀ ਜੀਵਨ ਨੂੰ ਹਰ ਹਾਲਤ ਵਿਚ ਬਚਾਉਣ ਦੀ ਚਾਹਨਾ ਦਾ ਹਿੱਸਾ ਹੈ।

ਅਜੇਹਾ ਮਨੁੱਖ ਵਿਚ ਹੀ ਹੈ, ਅਜੇਹਾ ਨਹੀਂ ਹੈ, ਸਮੁੱਚੇ ਜੀਵਨ ਵਿਚ ਹੈ। ਬਿਰਛ ਵੀ ਆਪਣੇ ਬੀਜਾਂ ਨੂੰ ਸੁਰੱਖਿਅਤ ਭੂਮੀ ਤਕ ਪੁਜਾਉਣ ਦੀ ਕੋਸ਼ਿਸ਼ ਕਰਦਾ ਹੈ। ਜੇ ਤੁਸੀਂ ਬਿਰਛਾਂ ਦਾ ਅਧਿਐਨ ਕਰੋ, ਤਾਂ ਹੈਰਾਨ ਹੋ ਜਾਉਗੇ। ਵਡੇ ਬਿਰਛ ਆਪਣੇ ਬੀਜਾਂ ਨੂੰ ਆਪ ਤੋਂ ਦੂਰ ਪੁਜਾਉਣ ਦੀ ਕੋਸ਼ਿਸ਼ ਕਰਦੇ ਹਨ। ਕਿਉਂਕਿ ਜੇ ਬੀਜ ਬਿਰਛ ਦੇ ਹੇਠਾਂ ਹੀ ਡਿਗ ਪੈਣ, ਤਾਂ ਵਡੇ ਬਿਰਛ ਦੇ ਹੇਠਾਂ ਉਹਨਾਂ ਦੇ ਅੰਕੁਰਤ ਹੋਣ ਦਾ ਉਪਾਅ ਨਹੀਂ, ਉਸਦੀ ਛਾਂ ਵਿਚ ਹੀ ਮਰ ਜਾਣਗੇ।

ਤੁਸੀਂ ਸਿੰਮਲ ਦਾ ਫੁੱਲ ਦੇਖਿਆ ਹੈ? ਤੁਸੀਂ ਕਦੇ ਸੋਚਿਆ ਨਹੀਂ ਹੋਣਾ ਕਿ ਬੀਜ ਵਿਚ ਸਿੰਮਲ ਦੀ ਰੂੰ ਕਿਉਂ ਚਿਪਕੀ ਹੁੰਦੀ ਹੈ? ਉਸ ਬਿਰਛ ਦੀ ਕੋਸ਼ਿਸ਼ ਹੈ ਕਿ ਰੂੰ ਦੇ ਕਾਰਨ ਹਵਾ ਦੇ ਬੁੱਲੇ ਵਿਚ ਬੀਜ ਦੂਰ ਚਲਿਆ ਜਾਵੇ। ਹੇਠਾਂ ਡਿਗੇਗਾ, ਤਾਂ ਨਸ਼ਟ ਹੋ ਜਾਏਗਾ। ਬੀਜ ਨੂੰ ਦੂਰ ਪੁਜਾਉਣ ਦੀ ਕੋਸ਼ਿਸ਼ ਹੈ, ਉਹ ਜੋ ਸਿੰਮਲ ਦੀ ਰੂੰ ਹੈ। ਬੀਜ ਖੁਦ ਨਹੀਂ ਉੱਡ ਸਕੇਗਾ, ਰੂੰ ਦੇ ਆਸਰੇ ਉੱਡ ਜਾਏਗਾ। ਦੂਰ ਡਿਗੇਗਾ ਕਿਤੇ ਜਾ ਕੇ, ਜਿਥੇ ਅੰਕੁਰਤ ਹੋ ਸਕੇਗਾ। ਅਤੇ ਇਸਲਈ ਇਕ ਬਿਰਛ ਕਰੋੜਾਂ ਬੀਜ ਪੈਦਾ ਕਰਦਾ ਹੈ ਕਿ ਇਹ ਵਿਅਰਥ ਚਲਿਆ ਜਾਏਗਾ, ਦੋ ਵਿਅਰਥ ਚਲੇ ਜਾਣਗੇ, ਲੇਕਿਨ ਕਰੋੜਾਂ ਬੀਜਾਂ ਵਿਚੋਂ ਜੇਕਰ ਇਕ ਵੀ ਅੰਕੁਰਤ ਹੋ ਗਿਆ, ਤਾਂ ਜੀਵਨ ਖਿੜਦਾ ਰਹੇਗਾ।

ਮੈਂ ਇਕ ਮੱਛੀ ਦੀ ਨਸਲ ਦੇ ਸਬੰਧ ਵਿਚ ਹੁਣੇ ਪੜ੍ਹ ਰਿਹਾ ਸੀ, ਉਸ ਮੱਛੀ ਦਾ ਜੀਵਨ ਬਹੁਤ ਥੋੜ੍ਹਾ ਹੈ, ਪਰ ਆਪਣੇ ਜੀਵਨ ਵਿਚ ਉਹੀ ਮੱਛੀ ਦਸ ਕਰੋੜ ਆਂਡੇ ਦਿੰਦੀ ਹੈ। ਦਸ ਕਰੋੜ ਆਂਡੇ! ਅਤੇ ਮੱਛੀ ਦੇ ਆਂਡਿਆਂ ਦਾ ਜੀਵਨ ਬੜਾ

ਸੰਕਟਪੂਰਨ ਹੈ। ਦਸ ਕਰੋੜ ਆਂਡਿਆਂ ਵਿਚੋਂ ਦੋ ਹੀ ਮੱਛੀਆਂ ਪੈਦਾ ਹੋ ਪਾਂਦੀਆਂ ਹਨ।

ਆਦਮੀ ਦੇ ਅੰਦਰ ਵੀ ਇੰਨੇ ਹੀ ਬੀਜ ਪੈਦਾ ਹੁੰਦੇ ਹਨ। ਇਕ ਪੁਰਸ਼ ਚਾਰ-ਪੰਜ ਅਰਬ ਬੱਚਿਆਂ ਨੂੰ ਜਨਮ ਦੇ ਸਕਦਾ ਹੈ। ਇਕ ਸੰਭੋਗ ਵਿਚ ਲੱਖਾਂ ਜੀਵਾਣੂੰ ਉਪਯੋਗ ਵਿਚ ਆਉਂਦੇ ਹਨ, ਜੋ ਸਾਰੇ ਹੀ ਜੀਵਨ ਬਣ ਸਕਦੇ ਸਨ। ਲੇਕਿਨ ਜੀਵਨ ਵਿਚ ਤੁਹਾਡੇ ਦਸ-ਪੰਜ ਬੱਚੇ ਵਧ ਤੋਂ ਵਧ ਪੈਦਾ ਹੋ ਜਾਣਗੇ।

ਜੀਵਸ਼ਾਸਤਰੀ ਕਹਿੰਦੇ ਹਨ ਕਿ ਜੀਵਨ ਬਚਣ ਦੀ ਚਾਹਨਾ ਦੇ ਕਾਰਨ ਕੋਈ ਵੀ ਅਵਸਰ ਖੋਣਾ ਨਹੀਂ ਚਾਹੁੰਦਾ ਹੈ। ਅਤੇ ਇੰਨੀ ਵਿਸ਼ਾਲਤਾ ਨਾਲ ਖ਼ੁਦ ਨੂੰ ਫੈਲਾਉਂਦਾ ਹੈ ਕਿ ਜੇ ਹਜ਼ਾਰਾਂ-ਲੱਖਾਂ ਮਿਲ ਕੇ ਵੀ ਵਿਅਰਥ ਚਲੇ ਜਾਣ, ਤਾਂ ਵੀ ਜੀਵਨ ਬਚਿਆ ਰਹੇ। ਜੀਵਨ ਦੇ ਬਚਣ ਦੀ ਇਹ ਚਾਹਨਾ ਹੀ ਤੁਹਾਨੂੰ ਕਾਮ-ਵਾਸਨਾ ਜਿਹੀ ਪ੍ਰਤੀਤ ਹੁੰਦੀ ਹੈ। ਇਹ ਗਹਿਰੀ ਤੋਂ ਗਹਿਰੀ ਹੈ, ਇਸ ਤੋਂ ਹੀ ਤੁਸੀਂ ਜਨਮੇ ਹੋ, ਇਸ ਤੋਂ ਹੀ ਜੀਵਨ ਤੁਹਾਥੋਂ ਜਨਮਣ ਦੇ ਲਈ ਤਾਂਘਵਾਨ ਵੀ ਹੈ। ਕਾਮ-ਵਾਸਨਾ ਦੇ ਦੁਆਰ ਤੋਂ ਜੀਵਨ ਵਿਚ ਤੁਸੀਂ ਪ੍ਰਵੇਸ਼ ਕੀਤਾ ਹੈ। ਅਤੇ ਇਸ ਤੋਂ ਪਹਿਲਾਂ ਕਿ ਤੁਹਾਡੀ ਦੇਹ ਵਿਅਰਥ ਹੋ ਜਾਵੇ, ਉਹ ਜੀਵਨ ਜੋ ਤੁਸੀਂ ਆਵਾਸ ਬਣਾਇਆ ਸੀ, ਨਵੇਂ ਆਵਾਸ ਬਨਾਉਣ ਦੀ ਕੋਸ਼ਿਸ਼ ਕਰਦਾ ਹੈ। ਇਸਲਈ ਕਾਮ-ਵਾਸਨਾ ਇੰਨੀ ਜ਼ਬਰਦਸਤ ਹੈ। ਕਿੰਨਾ ਹੀ ਉਪਾਅ ਕਰੋ, ਉਹ ਮਨ ਨੂੰ ਘੇਰ ਲੈਂਦੀ ਹੈ। ਉਹ ਤੁਹਾਡੀ ਵਡੀ ਪ੍ਰਤੀਤ ਹੁੰਦੀ ਹੈ; ਤੁਹਾਡੇ ਸਭ ਸੰਕਲਪ, ਬ੍ਰਹਮਚਰਜ ਦੇ ਨਿਯਮ, ਤੁਹਾਡੀਆਂ ਸਭ ਕਸਮਾਂ, ਸਭ ਪ੍ਰਤਿੱਗਿਆਵਾਂ ਪਈਆਂ ਰਹਿ ਜਾਂਦੀਆਂ ਹਨ। ਅਤੇ ਕਾਮ-ਵਾਸਨਾ ਜਦ ਵੇਗ ਫੜਦੀ ਹੈ, ਤਾਂ ਤੁਸੀਂ ਪਾਂਦੇ ਹੋ ਕਿ ਛਾਏ ਗਏ, ਕੋਈ ਵਡੀ ਧਾਰਾ ਤੁਹਾਨੂੰ ਖਿੱਚੀ ਲਈ ਜਾਂਦੀ ਹੈ, ਅਤੇ ਤੁਸੀਂ ਵਹਿ ਜਾਂਦੇ ਹੋ। ਇੰਨੀ ਮੌਲਿਕ ਹੈ ਕਾਮ-ਵਾਸਨਾ।

ਅਤੇ ਸਮੁੱਚੇ ਅਧਿਆਤਮ ਦੀ ਖੋਜ ਇਸ ਕਾਮ-ਵਾਸਨਾ ਦੇ ਰੂਪ-ਪਰਤਣ ਵਿਚ ਹੈ, ਕਿਉਂਕਿ ਇਹ ਜੋ ਜੀਵਨ ਦੀ ਧਾਰਾ ਜੇਕਰ ਬਾਹਰ ਵਲ ਨੂੰ ਵਗਦੀ ਰਹੇ ਤਾਂ ਨਵੀਂ ਦੇਹ, ਨਵੇਂ ਸਰੀਰ ਪੈਦਾ ਹੁੰਦੇ ਰਹਿਣਗੇ। ਇਹੀ ਜੀਵਨ ਦੀ ਧਾਰਾ ਜੇਕਰ ਆਪਣੇ ਘਰ ਪਰਤ ਜਾਵੇ, ਤਾਂ ਤੁਹਾਨੂੰ ਪਰਮ-ਜੀਵਨ ਹਾਸਲ ਹੋ ਜਾਏਗਾ। ਇਸ ਜੀਵਨ-ਧਾਰਾ ਦੇ ਦੋ ਉਪਯੋਗ ਹਨ, ਜੀਵ ਬਾਯੋਲਾਜੀ ਦੇ ਅਰਥਾਂ ਵਿਚ ਸੰਤਾਨ, ਅਧਿਆਤਮ ਦੇ ਅਰਥਾਂ ਵਿਚ ਆਤਮਾ। ਇਸ ਤੋਂ ਸਰੀਰ ਵੀ ਪੈਦਾ ਹੋ ਸਕਦੇ ਹਨ, ਜੇ ਇਹ ਬਾਹਰ ਜਾਵੇ। ਅਤੇ ਇਸ ਤੋਂ ਤੁਹਾਡੀ ਆਤਮਾ ਦੀ ਕਿਰਨ ਵੀ ਨਿਖਰ ਕੇ ਪਰਗਟ ਹੋ ਸਕਦੀ ਹੈ, ਜੇ ਇਹ ਅੰਦਰ ਆਵੇ। ਇਹੀ ਧਾਰਾ ਬਾਹਰ ਜਾ ਕੇ ਨਵੇਂ ਸਰੀਰਾਂ ਦਾ ਜਨਮ ਬਣਦੀ ਹੈ; ਇਹ ਧਾਰਾ ਅੰਦਰ ਜਾ ਕੇ ਤੁਹਾਡਾ ਨਵਾਂ ਜਨਮ ਬਣਦੀ ਹੈ।

ਜਿਸ ਵਿਅਕਤੀ ਦੀ ਕਾਮ-ਵਾਸਨਾ ਉਪਰਮੁਖੀ ਹੋ ਜਾਂਦੀ ਹੈ, ਅੰਤਰਮੁਖੀ ਹੋ ਜਾਂਦੀ ਹੈ, ਉਹ ਦ੍ਵਿਜ ਹੋ ਜਾਂਦਾ ਹੈ; ਉਸਦਾ ਨਵਾਂ ਜਨਮ ਹੋ ਗਿਆ। ਇਕ ਜਨਮ ਤਾਂ ਮਿਲਦਾ ਹੈ ਮਾਂ-ਬਾਪ ਤੋਂ, ਉਹ ਸਰੀਰ ਦਾ ਜਨਮ ਹੈ। ਅਤੇ ਇਕ ਜਨਮ ਤੁਹਾਨੂੰ ਖ਼ੁਦ ਆਪਣੇ-ਆਪ ਨੂੰ ਦੇਣਾ ਪੈਂਦਾ ਹੈ, ਉਹ ਆਤਮਾ ਦਾ ਜਨਮ ਹੈ। ਇਸਲਈ ਕੁੱਲ ਧਰਮ ਕਾਮ-ਵਾਸਨਾ ਦੇ

ਪ੍ਰਤੀ ਉਤਸੁਕ ਹਨ। ਕਿਉਂਕਿ ਉਹੀ ਮੂਲ ਸ਼ਕਤੀ ਹੈ, ਜਿਸਦਾ ਉਪਯੋਗ ਕੀਤਾ ਜਾਣਾ ਚਾਹੀਦਾ ਹੈ। ਜੇ ਤੁਸੀਂ ਸੰਤਾਨ ਨੂੰ ਬਨਾਉਣ ਵਿਚ ਹੀ ਲਗੇ ਰਹੇ, ਤਾਂ ਜਿਸ ਸ਼ਕਤੀ ਨਾਲ ਤੁਹਾਡਾ ਪੁਨਰਜਨਮ ਹੋ ਸਕਦਾ ਸੀ, ਨਵ-ਜਨਮ ਹੋ ਸਕਦਾ ਸੀ ਅਤੇ ਜਿਸ ਤੋਂ ਤੁਸੀਂ ਉਸਦਾ ਅਨੁਭਵ ਕਰ ਸਕਦੇ ਸੀ, ਜੋ ਅੰਮ੍ਰਿਤ ਹੈ, ਉਸ ਤੋਂ ਤੁਸੀਂ ਵਾਂਝੇ ਹੋ ਜਾਉਗੇ। ਅਨੇਕਾਂ-ਅਨੇਕਾਂ ਜਨਮਾਂ ਵਿਚ ਤੁਸੀਂ ਭਟਕਦੇ ਰਹਿ ਸਕਦੇ ਹੋ। ਜਿਸ ਦਿਨ ਇਹ ਧਾਰਾ ਅੰਦਰ ਮੁੜ ਜਾਏਗੀ, ਉਸ ਦਿਨ ਦੇਹ ਵਿਚ ਭਟਕਣਾ ਬੰਦ ਹੋ ਜਾਏਗਾ। ਇਸਨੂੰ ਅਸੀਂ ਆਵਾਗੌਣ ਤੋਂ ਮੁਕਤੀ ਕਿਹਾ ਹੈ। ਅਤੇ ਜਦ ਤਕ ਇਹ ਧਾਰਾ ਬਾਹਰ ਚਲਦੀ ਰਹਿੰਦੀ ਹੈ, ਤਦ ਤਕ ਤੁਹਾਨੂੰ ਬਾਹਰ ਭਟਕਣਾ ਹੀ ਪਏਗਾ।

ਅਤਿ ਕਠਨ ਹੈ ਇਸ ਧਾਰਾ ਨੂੰ ਅੰਦਰ ਵਲ ਮੋੜਨਾ। ਲੇਕਿਨ ਅਸੰਭਵ ਨਹੀਂ ਹੈ। ਅਤੇ ਕਠਨਾਈ ਵੀ ਨਾਸਮਝੀ ਦੀ ਵਜ੍ਹਾ ਨਾਲ ਹੈ। ਸਮਝਪੂਰਵਕ ਇਸ ਧਾਰਾ ਨੂੰ ਅੰਦਰ ਲੈ ਜਾਇਆ ਜਾ ਸਕਦਾ ਹੈ। ਜੀਵਨ ਦੀਆਂ ਸਾਰੀਆਂ ਹੀ ਸ਼ਕਤੀਆਂ ਸਮਝਪੂਰਵਕ ਕੰਮ ਵਿਚ ਆ ਜਾਂਦੀਆਂ ਹਨ।

ਅੱਜ ਤੋਂ ਪਹਿਲਾਂ, ਇਸ ਸਦੀ ਦੇ ਪਹਿਲਾਂ ਵੀ ਅਸਮਾਨ ਵਿਚ ਬਿਜਲੀ ਚਮਕਦੀ ਸੀ, ਪਰ ਆਦਮੀ ਦੇ ਲਈ ਸਿਰਫ ਭੈ ਦਾ ਕਾਰਨ ਸੀ, ਡਰ ਪੈਂਦਾ ਹੁੰਦਾ ਸੀ। ਉਸਦੀ ਕੜਕ, ਉਸਦੀ ਚਮਕ, ਗਰਮੀ ਛਾਤੀ ਨੂੰ ਡਾਵਾਂਡੋਲ ਕਰ ਜਾਂਦੀ ਸੀ। ਆਦਮੀ ਸੋਚਦਾ ਸੀ ਕਿ ਪਰਮਾਤਮਾ ਨਾਰਾਜ਼ ਹੈ, ਅਤੇ ਸਾਥੋਂ ਕੋਈ ਪਾਪ, ਕੋਈ ਭੁੱਲ ਹੋਈ ਹੈ; ਇਸਲਈ ਉਹ ਬਿਜਲੀ ਕੜਕਾ ਕੇ ਸਾਨੂੰ ਡਰਾ ਰਿਹਾ ਹੈ। ਇੰਦਰ ਦਾ ਵੱਜਰ, ਇੰਦਰ ਦਾ ਸ਼ਸਤਰ ਸਮਝੀ ਜਾਂਦੀ ਸੀ। ਫਿਰ ਅਸੀਂ ਬਿਜਲੀ ਨੂੰ ਸਮਝ ਸਕੇ ਕਿ ਉਹ ਕੀ ਹੈ। ਅਸੀਂ ਉਸ ਸ਼ਕਤੀ ਦੇ ਰਾਜ਼ ਨੂੰ ਸਮਝ ਲਿਆ। ਅੱਜ ਉਸੇ ਬਿਜਲੀ ਤੋਂ ਕੋਈ ਭੈ ਨਹੀਂ ਰਿਹਾ। ਅੱਜ ਉਹੀ ਬਿਜਲੀ ਬੰਨ੍ਹੀ ਹੋਈ ਘਰ-ਘਰ ਪ੍ਰਕਾਸ਼ ਦੇ ਰਹੀ ਹੈ; ਅੱਜ ਉਹੀ ਬਿਜਲੀ ਬੰਨ੍ਹੀ ਹੋਈ ਹਜ਼ਾਰਾਂ ਮਸ਼ੀਨਾਂ ਚਲਾ ਰਹੀ ਹੈ। ਅੱਜ ਉਹੀ ਬਿਜਲੀ ਜੀਵਨ ਵਿਚ ਸਹਿਯੋਗੀ ਹੋ ਗਈ ਹੈ।

ਗਿਆਨ ਜਿੱਤ ਹੈ, ਅਗਿਆਨ ਹਾਰ ਹੈ।

ਅਗਿਆਨ ਵਿਚ ਸ਼ਕਤੀ ਤੋਂ ਡਰ ਲਗਦਾ ਹੈ; ਗਿਆਨ ਵਿਚ ਉਹੀ ਸ਼ਕਤੀ ਸਹਿਯੋਗੀ ਅਤੇ ਸੇਵਕ ਹੋ ਜਾਂਦੀ ਹੈ। ਜਿਵੇਂ ਅਸਮਾਨ ਵਿਚ ਲਿਸ਼ਕਦੀ ਬਿਜਲੀ ਕਦੇ ਸਾਨੂੰ ਡਰਾਉਂਦੀ ਸੀ, ਉਵੇਂ ਹੀ ਕਾਮ-ਵਾਸਨਾ ਦੀ ਲਿਸ਼ਕਦੀ ਸ਼ਕਤੀ ਵੀ ਸਾਨੂੰ ਡਰਾਉਂਦੀ ਹੈ, ਭੈਮਾਨ ਕਰਦੀ ਹੈ। ਕਿਉਂਕਿ ਅਸੀਂ ਅਜੇ ਵੀ ਉਸ ਸਬੰਧ ਵਿਚ ਅਗਿਆਨੀ ਹਾਂ। ਉਸ ਅੰਦਰ ਦੀ ਬਿਜਲੀ ਦੇ ਸਬੰਧ ਵਿਚ ਅਸੀਂ ਅਜੇ ਵੀ ਅਗਿਆਨੀ ਹਾਂ। ਅਜੇਹਾ ਨਹੀਂ ਹੈ ਕਿ ਉਸਦੇ ਸੂਤਰ ਨਹੀਂ ਜਾਣ ਲਏ ਗਏ ਹਨ, ਅਤੇ ਅਜੇਹਾ ਵੀ ਨਹੀਂ ਹੈ ਕਿ ਲੋਕਾਂ ਨੇ ਉਸ ਅੰਦਰ ਦੀ ਬਿਜਲੀ ਨੂੰ ਨਹੀਂ ਬੰਨ੍ਹ ਲਿਆ ਅਤੇ ਅਜੇਹਾ ਵੀ ਨਹੀਂ ਹੈ ਕਿ ਉਸ ਬਿਜਲੀ ਨੂੰ ਬੰਨ੍ਹ ਕੇ ਅੰਦਰ ਦੇ ਜਗਤ ਵਿਚ ਸੇਵਾ ਨਹੀਂ ਲੈ ਲਈ। ਅਤੇ ਜਿਵੇਂ ਬਾਹਰ ਦੀ ਬਿਜਲੀ ਨੂੰ ਬੰਨ੍ਹ ਕੇ ਅਸੀਂ ਬਾਹਰ ਪ੍ਰਕਾਸ਼ ਕਰ ਲਿਆ, ਉਵੇਂ ਹੀ ਉਸ ਅੰਦਰ ਦੀ ਬਿਜਲੀ ਨੂੰ ਬੰਨ੍ਹ ਕੇ ਅੰਦਰ ਪ੍ਰਕਾਸ਼ ਕਰ ਲਿਆ ਗਿਆ ਹੈ।

ਲੇਕਿਨ ਇਕ ਕਠਨਾਈ ਹੈ। ਬਾਹਰ ਦਾ ਵਿਗਿਆਨ ਸਮੂਹਕ ਸੰਪਤੀ ਬਣ ਜਾਂਦਾ ਹੈ; ਇਕ ਵਾਰ ਜਾਣ ਲਿਆ ਕਿ ਬਿਜਲੀ ਨੂੰ ਕਿਵੇਂ ਪੈਦਾ ਕੀਤਾ ਜਾਵੇ, ਜਾਣ ਲਿਆ ਗਿਆ ਕਿ ਬਿਜਲੀ ਨੂੰ ਕਿਵੇਂ ਇਸਤਮਾਲ ਵਿਚ ਲਿਆਂਦਾ ਜਾਵੇ, ਤਾਂ ਫਿਰ ਹਰ ਆਦਮੀ ਨੂੰ ਖੋਜਣਾ ਨਹੀਂ ਪੈਂਦਾ। ਸੂਤਰ ਜਾਹਰ ਹੋ ਗਏ; ਉਹਨਾਂ ਦੀ ਸਿੱਖਿਆ ਦਿਤੀ ਜਾ ਸਕਦੀ ਹੈ। ਤਾਂ ਹਰ ਆਦਮੀ ਨੂੰ ਏਡੀਸਨ ਹੋਣ ਦੀ ਜ਼ਰੂਰਤ ਨਹੀਂ ਹੈ। ਫਿਰ ਇਕ ਸਧਾਰਨ ਜਿਹਾ ਇੰਜੀਨੀਅਰ ਵੀ ਸਾਰੇ ਕੰਮ ਕਰ ਦਿੰਦਾ ਹੈ। ਉਹ ਕੋਈ ਏਡੀਸਨ ਨਹੀਂ ਹੈ, ਉਸਨੇ ਕੁਝ ਖੋਜਿਆ ਨਹੀਂ ਹੈ, ਲੇਕਿਨ ਜਾਣਕਾਰੀ ਹੈ। ਫਿਰ ਇਕ ਟੇਕਨੀਸ਼ਿਅਨ ਜੋ ਕਿ ਇੰਜੀਨੀਅਰ ਵੀ ਨਹੀਂ ਹੈ, ਉਹ ਬਿਜਲੀ ਦਾ ਕੰਮ ਕਰ ਦਿੰਦਾ ਹੈ। ਉਸਨੂੰ ਕੁਝ ਵੀ ਪਤਾ ਨਹੀਂ ਕਿ ਬਿਜਲੀ ਕੀ ਹੈ, ਪਰ ਉਸਨੂੰ ਇੰਨਾ ਪਤਾ ਹੈ ਕਿ ਉਸਦਾ ਕਿਵੇਂ ਇਸਤਮਾਲ ਕੀਤਾ ਜਾਵੇ।

ਐਪਰ ਅੰਦਰ ਦੇ ਵਿਗਿਆਨ ਬਾਬਤ ਇਕ ਕਠਨਾਈ ਹੈ। ਨਿਯਮ ਖੋਜ ਲਏ ਜਾਣ, ਤਾਂ ਵੀ ਸਰਵਜਨਕ ਨਹੀਂ ਹੋ ਪਾਂਦੇ। ਹੋ ਨਹੀਂ ਸਕਦੇ। ਉਹਨਾਂ ਦਾ ਸੁਭਾਅ ਅਜੇਹਾ ਹੈ। ਬੁੱਧ ਨੂੰ ਪਤਾ ਹੈ, ਕ੍ਰਿਸ਼ਨ ਨੂੰ ਪਤਾ ਹੈ, ਮਹਾਂਵੀਰ ਨੂੰ ਪਤਾ ਹੈ ਕਿ ਅੰਦਰ ਦੀ ਇਹ ਜੋ ਬਿਜਲੀ–ਧਾਰਾ ਹੈ—ਕਾਮ–ਊਰਜਾ, ਸੈਕਸ–ਏਨਰਜੀ—ਉਹ ਕਿਵੇਂ ਬੰਨ੍ਹੀ ਜਾਵੇ; ਕਿਵੇਂ ਅੰਦਰ ਦੀ ਸ਼ੁੱਧੀ ਵਿਚ ਇਸਦਾ ਇਸਤਮਾਲ ਕੀਤਾ ਜਾਵੇ, ਕਿਵੇਂ ਅੰਦਰ ਦੇ ਜੀਵਨ ਨੂੰ ਪਾਣ ਦੇ ਲਈ ਇਹ ਰਾਹ ਬਣ ਜਾਵੇ। ਸਭ ਇਹਨਾਂ ਨੂੰ ਪਤਾ ਹੈ, ਅਤੇ ਉਹ ਕਹਿੰਦੇ ਹਨ, ਪਰ ਫਿਰ ਵੀ ਤੁਸੀਂ ਇੰਜੀਨੀਅਰ ਜਾਂ ਟਕਨੀਸ਼ਿਅਨ ਦੀ ਤਰ੍ਹਾਂ ਉਸਦਾ ਇਸਤਮਾਲ ਨਹੀਂ ਕਰ ਪਾਂਦੇ।

ਅੰਦਰ ਦੇ ਵਿਗਿਆਨ ਦੇ ਸਬੰਧ ਵਿਚ ਇਕ ਮੌਲਿਕ ਗੱਲ ਹੈ ਕਿ ਫਿਰ ਉਸ ਵਿਚ ਤੁਹਾਨੂੰ ਏਡੀਸਨ ਬਣਨਾ ਪਏਗਾ, ਬੁੱਧ ਬਣਨਾ ਪਏਗਾ, ਕ੍ਰਾਈਸਟ ਬਣਨਾ ਪਏਗਾ। ਉਸ ਤੋਂ ਪਹਿਲਾਂ ਤੁਸੀਂ ਉਸਦਾ ਇਸਤਮਾਲ ਨਹੀਂ ਕਰ ਸਕੋਗੇ, ਕਿਉਂਕਿ ਉਹ ਤੁਹਾਡੇ ਅੰਦਰ ਦੀ ਘਟਨਾ ਹੈ, ਮਹਿਜ਼ ਸੂਚਨਾ ਅਤੇ ਜਾਣਕਾਰੀ ਨਾਲ ਕੁਝ ਵੀ ਨਹੀਂ ਹੋਵੇਗਾ। ਅਨੁਭਵ ਹੀ ਉਥੇ ਰਾਹ ਬਣੇਗਾ।

ਸੰਸਾਰ ਦੇ ਸਬੰਧ ਵਿਚ ਸੂਚਨਾ ਕਾਫੀ ਹੈ; ਅਧਿਆਤਮ ਦੇ ਸਬੰਧ ਵਿਚ ਅਨੁਭਵ ਜ਼ਰੂਰੀ ਹੈ।

ਸੰਸਾਰ ਦੇ ਸਬੰਧ ਵਿਚ ਜੋ ਵੀ ਅਸੀਂ ਜਾਣਦੇ ਹਾਂ, ਉਸ ਦੀਆਂ ਪ੍ਰਯੋਗਸ਼ਾਲਾਵਾਂ ਬਾਹਰ ਹੋ ਸਕਦੀਆਂ ਹਨ। ਅਧਿਆਤਮ ਦੇ ਸਬੰਧ ਵਿਚ ਤੁਸੀਂ ਹੀ ਪ੍ਰਯੋਗਸ਼ਾਲਾ ਹੋ।

ਹੋਰ ਵੀ ਜਟਲਦਾ ਹੈ—ਤੁਸੀਂ ਹੀ ਹੋ ਪ੍ਰਯੋਗ ਕਰਨ ਵਾਲੇ, ਤੁਸੀਂ ਹੀ ਹੋ ਪ੍ਰਯੋਗਸ਼ਾਲਾ। ਤੁਸੀਂ ਹੀ ਹੋ ਉਪਕਰਣ ਪ੍ਰਯੋਗ ਦੇ, ਤੁਸੀਂ ਹੀ ਹੋ ਸ਼ਕਤੀ ਜਿਸ ਉਤੇ ਪ੍ਰਯੋਗ ਹੋਣਾ ਹੈ। ਅਤੇ ਤੁਸੀਂ ਹੀ ਹੋ ਜੋ ਅਖੀਰ ਨੂੰ ਇਸ ਪ੍ਰਯੋਗ ਨਾਲ ਰੂਪ ਪਰਤਾਉਗੇ। ਉਥੇ ਤੁਹਾਡੇ ਇਲਾਵਾ ਕੋਈ ਵੀ ਨਹੀਂ ਹੈ। ਇਸਲਈ ਜਟਲਤਾ ਵਧ ਜਾਂਦੀ ਹੈ।

ਜਿਵੇਂ ਇਕ ਮੂਰਤੀਕਾਰ ਮੂਰਤੀ ਬਣਾਉਂਦਾ ਹੋਵੇ, ਤਾਂ ਪੱਥਰ ਅਲੱਗ ਹੁੰਦਾ ਹੈ, ਜਿਸ ਉਤੇ ਮੂਰਤੀ ਬਨਾਉਣੀ ਹੈ;

ਛੈਣੀ ਲਾਉਣੀ ਹੁੰਦੀ ਹੈ, ਜਿਸ ਨਾਲ ਮੂਰਤੀ ਬਨਾਉਣੀ ਹੈ; ਮੂਰਤੀਕਾਰ ਅਲੱਗ ਹੁੰਦਾ ਹੈ, ਜਿਸਨੇ ਮੂਰਤੀ ਬਨਾਉਣੀ ਹੈ; ਖ਼ਰੀਦਦਾਰ ਅਲੱਗ ਹੁੰਦਾ ਹੈ, ਜਿਹੜਾ ਮੂਰਤੀ ਖ਼ਰੀਦੇਗਾ। ਅਧਿਆਤਮ ਦੀ ਇਸ ਮੂਰਤੀਕਲਾ ਵਿਚ ਤੁਸੀਂ ਹੀ ਸਭ-ਕੁਝ ਹੋ। ਤੁਸੀਂ ਹੀ ਹੋ ਪੱਥਰ, ਜਿਸਦੀ ਮੂਰਤੀ ਬਣਨੀ ਹੈ; ਤੁਸੀਂ ਹੀ ਹੋ ਛੈਣੀ, ਜਿਸ ਨਾਲ ਮੂਰਤੀ ਬਣਾਈ ਜਾਣੀ ਹੈ; ਤੁਸੀਂ ਹੀ ਹੋ ਕਲਾਕਾਰ ਜਿਸਨੇ ਮੂਰਤੀ ਬਨਾਉਣੀ ਹੈ, ਅਤੇ ਤੁਸੀਂ ਹੀ ਹੋ ਗ੍ਰਾਹਕ, ਖ਼ਰੀਦਦਾਰ। ਉਥੇ ਸਭ-ਕੁਝ ਤੁਸੀਂ ਹੋ। ਇਸਲਈ ਜਟਲਤਾ ਵਧ ਜਾਂਦੀ ਹੈ, ਉਲਝਣ ਗਹਿਰੀ ਹੋ ਜਾਂਦੀ ਹੈ।

ਲੇਕਿਨ ਕਿਉਂਕਿ ਮੂਰਤੀਆਂ ਬਣ ਗਈਆਂ ਹਨ, ਤਾਂ ਹੀ ਅਸੀਂ ਬੁੱਧਾਂ ਨੂੰ ਦੇਖਿਆ ਅਤੇ ਜਾਣਿਆ ਹੈ। ਅਤੇ ਜੋ ਇਕ ਵਿਚ ਹੋ ਸਕਦਾ ਹੈ, ਉਹ ਸਾਰਿਆਂ ਵਿਚ ਹੋ ਸਕਦਾ ਹੈ। ਇਸ ਸੂਤਰ ਨੂੰ ਇਸ ਦ੍ਰਿਸ਼ਟੀ ਤੋਂ ਸਮਝਣ ਦੀ ਕੋਸ਼ਿਸ਼ ਕਰਨਾ। ਅਤੇ ਖ਼ਿਆਲ ਰਖਣਾ ਕਿ ਕਾਮ-ਊਰਜਾ ਦੀ ਸਮਝ ਹੀ ਉਸ 'ਤੇ ਜਿੱਤ ਹੈ, ਲੜਨ ਨਾਲ ਨਹੀਂ ਜਿਤੋਗੇ, ਜਾਣਨ ਨਾਲ ਹੀ ਜਿਤੋਗੇ। ਲੜਦੇ ਨਾਸਮਝ ਹਨ, ਸਮਝਦਾਰ ਲੜਦੇ ਨਹੀਂ ਹਨ, ਉਹ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਜਿੰਨਾ ਜਾਣ ਲੈਂਦੇ ਹਨ ਉਹ, ਉਨਿ ਹੀ ਮਾਲਕ ਹੋ ਜਾਂਦੇ ਹਨ।

ਬੇਕਨ ਨੇ ਕਿਹਾ ਹੈ, ਗਿਆਨ ਸ਼ਕਤੀ ਹੈ। ਵਿਗਿਆਨ ਦੇ ਲਈ ਉਸਨੇ ਕਿਹਾ ਸੀ ਇਹ। ਜੇਪਰ ਅਧਿਆਤਮ ਦੇ ਲਈ ਵੀ ਇਹ ਸੱਚ ਹੈ। ਗਿਆਨ ਸ਼ਕਤੀ ਹੈ। ਜਿਸ ਸ਼ਕਤੀ ਨੂੰ ਤੁਸੀਂ ਜਾਣਦੇ ਨਹੀਂ, ਉਸ ਤੋਂ ਤੁਸੀਂ ਪਰੇਸ਼ਾਨ ਹੋਵੋਗੇ। ਅਤੇ ਅਨਜਾਣੇ ਵਿਚ ਜੋ ਵੀ ਕਰੋਗੇ,ਉਸ ਨਾਲ ਹੋਰ ਜਟਲਤਾਵਾਂ ਵਧ ਜਾਣਗੀਆਂ। ਅਜੇਹਾ ਆਦਮੀ ਲਭਣਾ ਮੁਸ਼ਕਲ ਹੈ, ਜੋ ਕਾਮ-ਊਰਜਾ ਦੇ ਸਬੰਧ ਵਿਚ ਕੁਝ-ਨਾ-ਕੁਝ ਕਰਦਾ ਹੋਵੇ। ਬਿਲਕੁਲ ਮੁਸ਼ਕਲ ਹੈ। ਬੁਰੇ ਤੋਂ ਬੁਰਾ ਆਦਮੀ ਵੀ, ਅਨੈਤਿਕ ਆਦਮੀ ਵੀ, ਕਾਮੀ ਆਦਮੀ ਵੀ ਕਾਮ-ਵਾਸਨਾ ਦੇ ਸਬੰਧ ਵਿਚ ਕੁਝ-ਨਾ-ਕੁਝ ਕਰਦਾ ਰਹਿੰਦਾ ਹੈ। ਰੋਕਣ ਦੀ ਕੋਸ਼ਿਸ਼ ਕਰਦਾ ਹੈ, ਸੰਭਾਲਣ ਦੀ ਕੋਸ਼ਿਸ਼ ਕਰਦਾ ਹੈ। ਇਸ ਸਾਰੀ ਕੋਸ਼ਿਸ਼ ਵਿਚ ਵਾਸਨਾ ਵਿਗੜ ਜਾਂਦੀ ਹੈ। ਸੁਧਰਦੀ ਨਹੀਂ, ਬਦਲਦੀ ਨਹੀਂ, ਹੋਰ ਕੋਝੀ ਹੋ ਜਾਂਦੀ ਹੈ।

ਸਾਰੀ ਦੁਨੀਆਂ ਕੋਝੀ ਵਾਸਨਾ ਨਾਲ ਭਰੀ ਹੈ। ਹਜ਼ਾਰਾਂ ਰੂਪਾਂ ਵਿਚ ਕਾਮ-ਵਾਸਨਾ ਵਿਗੜੇ ਰੋਗਾਂ ਦਾ ਰੂਪ ਲੈਂਦੀ ਹੈ। ਇਹ ਨਾਸਮਝਾਂ ਵਲੋਂ ਕੀਤੇ ਗਏ ਕੰਮ ਹਨ। ਇਉਂ ਹੈ, ਜਿਵੇਂ ਕੋਈ ਬਿਜਲੀ ਦੇ ਸਬੰਧ ਵਿਚ ਕੁਝ ਵੀ ਨਾ ਜਾਣਦਾ ਹੋਵੇ, ਉਹ ਬਿਜਲੀ ਦੇ ਕਿਸੇ ਪੁਰਜ਼ੇ ਨੂੰ ਸੁਧਾਰਨ ਵਿਚ ਲਗ ਜਾਵੇ। ਉਸ ਤੋਂ ਆਸ ਹੈ ਕਿ ਹੋਰ ਵਿਗਾੜ ਦੇਵੇਗਾ। ਚੰਗਾ ਹੋਵੇ ਛੇੜੇ ਹੀ ਨਾ, ਜਦ ਤਕ ਸਮਝ ਨਾ ਲਵੇ। ਠੀਕ ਸਮਝ ਦੇ ਅੰਦਰ ਚੱਲਣਾ, ਨਹੀਂ ਤਾਂ ਜਿਸ ਸ਼ਕਤੀ ਨਾਲ ਆਤਮਾ ਦਾ ਜਨਮ ਹੋ ਸਕਦਾ ਸੀ, ਉਸ ਨਾਲ ਆਤਮਘਾਤ ਵੀ ਹੋ ਸਕਦਾ ਹੈ। ਅਤੇ ਬਹੁਤ ਲੋਕ ਆਤਮਘਾਤੀ ਹੋ ਜਾਂਦੇ ਹਨ। ਜੇ ਅਸੀਂ ਲੋਕਾਂ ਦੇ ਮਾਨਸਿਕ ਵਿਕਾਰਾਂ ਦਾ ਅਧਿਐਨ ਕਰੀਏ, ਤਾਂ ਅਸੀਂ ਪਾਵਾਂਗੇ ਉਹਨਾਂ ਦੇ ਮੂਲ ਵਿਚ ਕਾਮ-ਵਾਸਨਾ ਦੇ ਨਾਲ ਕੀਤਾ ਗਿਆ ਅਗਿਆਨਪੂਰਨ ਕੰਮ ਹੈ।

ਫ੍ਰਾਯਡ ਦੇ ਗਹਿਰੇ ਅਧਿਐਨ ਨੇ ਇਹ ਗੱਲ ਜਾਹਰ ਕਰ ਦਿਤੀ ਹੈ ਕਿ ਆਦਮੀ ਦੇ ਮਨ ਦੀਆਂ ਬੀਮਾਰੀਆਂ ਵਿਚੋਂ, ਸੌ ਬੀਮਾਰੀਆਂ 'ਚੋ ਨੜ੍ਹਿੰਨਵੇਂ ਬੀਮਾਰੀਆਂ ਦੇ ਮਾਮਲੇ ਵਿਚ ਕਾਮ-ਵਾਸਨਾ ਦਾ ਵਿਗਾੜ ਹੈ। ਇਸ ਊਰਜਾ ਦੇ ਨਾਲ ਕਦੇ ਭੁੱਲ ਹੋ ਜਾਂਦੀ ਹੈ, ਅਤੇ ਤਦ ਤਕ ਸਭ ਨਸ਼ਟ ਹੋ ਜਾਂਦਾ ਹੈ। ਹਜ਼ਾਰ ਤਰ੍ਹਾਂ ਦੇ ਪਾਗਲਪਣ ਹਨ, ਹਜ਼ਾਰ ਤਰ੍ਹਾਂ ਦੇ ਮਾਨਸਿਕ ਰੋਗ ਹਨ, ਹਜ਼ਾਰ ਤਰ੍ਹਾਂ ਦੀਆਂ ਮਾਨਸਿਕ ਚਿੰਤਾਵਾਂ ਹਨ। ਉਹਨਾਂ ਦੇ ਰੂਪ ਕੁਝ ਵੀ ਹੋਣ, ਉਹਨਾਂ ਦੇ ਗਹਿਰੇ ਵਿਚ ਕਾਮ-ਵਾਸਨਾ ਹੋਵੇਗੀ। ਅਤੇ ਕਾਮ-ਵਾਸਨਾ ਇਸਲਈ ਉਹਨਾਂ ਦੇ ਗਹਿਰੇ ਵਿਚ ਹੁੰਦੀ ਹੈ ਕਿ ਤੁਸੀਂ ਕੁਝ ਕਰਨ ਦੀ ਕੋਸ਼ਿਸ਼ ਕੀਤੀ ਹੈ ਉਹ ਯੰਤਰ ਦੇ ਸਬੰਧ ਵਿਚ, ਜਿਸਦਾ ਤੁਹਾਨੂੰ ਕੋਈ ਵੀ ਪਤਾ ਨਹੀਂ। ਅਤੇ ਕਾਮ-ਵਾਸਨਾ ਜੀਵਨ ਦਾ ਅਧਾਰ ਹੈ, ਇਸਲਈ ਬਹੁਤ ਗਹਿਰੀ ਹੋਣੀ ਚਾਹੀਦੀ ਹੈ ਉਸਦੀ ਜਾਣਕਾਰੀ, ਉਸਦੀ ਸਮਝ, ਉਸਦਾ ਅਨੁਭਵ।

ਤਿੰਨ ਗੱਲਾਂ ਚੇਤੇ ਰਖਣਾ, ਫਿਰ ਅਸੀਂ ਇਸ ਸੂਤਰ ਵਿਚ ਪ੍ਰਵੇਸ਼ ਕਰੀਏ।

ਪਹਿਲੀ, ਸੁਭਾਵਕ ਕਾਮ-ਵਾਸਨਾ ਨੂੰ ਅਣ-ਸੁਭਾਵਕ ਨਾ ਹੋਣ ਦੇਣਾ। ਜੋ ਸੁਭਾਵਕ ਹੈ, ਉਸਨੂੰ ਸਵੀਕਾਰ ਕਰਨਾ। ਅਣਸਵੀਕਾਰ ਕਰਨ ਨਾਲ, ਉਹ ਅਣਸੁਭਾਵਕ ਹੋ ਜਾਏਗੀ। ਅਣਸੁਭਾਵਕ ਕਰਨ ਨਾਲ ਉਸਦੇ ਵਿਗੜੇ ਹੋਏ ਪਰਵਰਟਿੱਡ ਰੂਪ ਪੈਦਾ ਹੋ ਜਾਣਗੇ। ਸੁਭਾਵਕ ਕਾਮ-ਵਾਸਨਾ ਨੂੰ ਬਦਲਣਾ ਅਸਾਨ ਹੈ, ਅਣਸੁਭਾਵਕ ਨੂੰ ਬਦਲਣਾ ਬਹੁਤ ਕਠਨ ਹੈ।

ਸਮਝੋ ਇਸਨੂੰ ਇਉਂ ਕਿ ਇਕ ਪੁਰਸ਼ ਇਕ ਇਸਤ੍ਰੀ 'ਚ ਆਕਰਸ਼ਤ ਹੁੰਦਾ ਹੈ, ਇਹ ਸੁਭਾਵਕ ਹੈ। ਇਸ ਕਾਮ-ਵਾਸਨਾ ਨੂੰ ਬਦਲਣਾ ਆਸਾਨ ਹੈ। ਲੇਕਿਨ ਸਾਰੀ ਦੁਨੀਆਂ ਵਿਚ ਹੋਮੋ-ਸੈਕਸੁਅਲਟੀ ਹੈ ਕਿ ਇਕ ਪੁਰਸ਼ ਇਕ ਪੁਰਸ਼ ਵਿਚ ਉਤਸੁਕ ਹੋ ਜਾਂਦਾ ਹੈ ਜਾਂ ਇਕ ਇਸਤ੍ਰੀ ਇਕ ਇਸਤ੍ਰੀ 'ਚ ਉਤਸੁਕ ਹੋ ਜਾਂਦੀ ਹੈ! ਇਸ ਕਾਮ-ਵਾਸਨਾ ਨੂੰ ਬਦਲਣਾ ਕਠਨ ਹੈ। ਇਹ ਵਿਗੜੀ ਹੋਈ ਹੈ, ਇਹ ਅਣਸੁਭਾਵਕ ਹੈ, ਇਸਦੀ ਬਦਲਾਹਟ ਬਹੁਤ ਮੁਸ਼ਕਲ ਹੈ। ਹੇਟ੍ਰੋ-ਸੈਕਸੁਅਲਟੀ ਨੂੰ ਬਦਲਣਾ ਅਸਾਨ ਹੈ; ਕਿਉਂਕਿ ਸੁਭਾਵਕ ਹੈ, ਕੁਦਰਤੀ ਹੈ। ਹੋਮੋ-ਸੈਕਸੁਅਲਟੀ ਨੂੰ ਬਦਲਣਾ ਅਤਿ ਕਠਨ ਹੈ; ਕਿਉਂਕਿ ਗੈਰ-ਕੁਦਰਤੀ ਹੈ। ਇਸ ਤਰ੍ਹਾਂ ਦੇ ਹਜ਼ਾਰ-ਹਜ਼ਾਰ ਰੂਪਾਂ ਨੇ ਆਦਮੀ ਨੂੰ ਘੇਰਿਆ ਹੋਇਆ ਹੈ।

ਇਕ ਆਦਮੀ ਜਿਸਨੂੰ ਪ੍ਰੇਮ ਕਰਦਾ ਹੈ, ਉਸਨੂੰ ਕੋਲ ਕਰਨਾ ਚਾਹੁੰਦਾ ਹੈ, ਨੇੜੇ ਕਰ ਲੈਣਾ ਚਾਹੁੰਦਾ ਹੈ; ਸੁਭਾਵਕ ਹੈ। ਇਸ ਸੁਭਾਵਕ ਵਾਸਨਾ ਨੂੰ ਬਦਲਣਾ ਅਸਾਨ ਹੈ। ਲੇਕਿਨ ਇਕ ਆਦਮੀ ਕਿਸੇ ਨੂੰ ਪ੍ਰੇਮ ਨਹੀਂ ਕਰਦਾ, ਕਿਸੇ ਨੂੰ ਨੇੜੇ ਕਰ ਲੈਣਾ ਨਹੀਂ ਚਾਹੁੰਦਾ, ਐਪਰ ਭੀੜ-ਭੜੱਕੇ ਵਿਚ ਜੇ ਇਸਤ੍ਰੀ ਮਿਲ ਜਾਵੇ, ਤਾਂ ਧੱਕਾ ਮਾਰ ਕੇ ਲਾਪਤਾ ਹੋ ਜਾਂਦਾ ਹੈ; ਇਸ ਆਦਮੀ ਦੀ ਕਾਮ-ਵਾਸਨਾ ਨੂੰ ਬਦਲਣਾ ਬਹੁਤ ਮੁਸ਼ਕਲ ਹੈ। ਇਹ ਵਿਗੜੀ ਹੋਈ ਹੈ, ਇਹ ਸੁਭਾਵਕ ਨਹੀਂ ਹੈ। ਜਿਸ ਨਾਲ ਪ੍ਰੇਮ ਹੈ, ਉਸਨੂੰ ਨੇੜੇ ਕਰ ਲੈਣਾ ਸੁਭਾਵਕ ਹੈ। ਲੇਕਿਨ ਜਿਸ ਨਾਲ ਪ੍ਰੇਮ ਨਹੀਂ ਹੈ, ਉਸਨੂੰ ਧੱਕਾ ਮਾਰ ਕੇ ਭੀੜ ਵਿਚ ਚਲੇ ਜਾਣਾ ਰੋਗ ਹੈ। ਇਸਦੀ ਬਦਲਾਹਟ ਜ਼ਰਾ ਮੁਸ਼ਕਲ ਹੋਵੇਗੀ। ਅਤੇ ਇਸਦੀ ਬਦਲਾਹਟ ਦੇ ਲਈ ਅਤਿੱਚਣਾਂ ਹੋ

ਜਾਣਗੀਆਂ। ਪਰ ਇਕ ਆਦਮੀ ਕਿਉਂ ਕਿਸੇ ਇਸਤ੍ਰੀ ਨੂੰ ਭੀੜ ਵਿਚ ਧੱਕਾ ਮਾਰਨ 'ਚ ਉਤਸੁਕ ਹੋ ਜਾਂਦਾ ਹੈ? ਸ਼ਾਇਦ ਕਿਸੇ ਇਸਤ੍ਰੀ ਨੂੰ ਕੋਲ ਕਰ ਲੈਣ ਦਾ ਜੋ ਮਨ ਸੀ,ਉਹ ਉਸਨੇ ਦਬਾ ਲਿਆ ਹੈ, ਰੋਕ ਲਿਆ; ਉਹ ਦਬਿਆ ਹੋਇਆ ਝਰਨਾ ਕਿਤੋਂ ਦੀ ਵੀ ਫੁਟ ਕੇ ਵਗ ਰਿਹਾ ਹੈ।

ਸੋ ਪਹਿਲੀ ਤਾਂ ਗੱਲ ਇਹ ਖਿਆਲ ਰਖਣਾ ਕਿ ਸੁਭਾਵਕ ਕਾਮ-ਵਾਸਨਾ ਠੀਕ ਹੈ, ਉਸ ਤੋਂ ਅੱਗੇ ਦੀ ਯਾਤਰਾ ਸਿੱਧੀ ਹੈ; ਅਣਸੁਭਾਵਕ ਕਾਮ-ਵਾਸਨਾ ਖ਼ਤਰਨਾਕ ਹੈ, ਉਸ ਤੋਂ ਸਾਵਧਾਨ ਰਹਿਣਾ, ਉਸ ਤੋਂ ਬਚਣਾ।

ਦੂਜੀ ਗੱਲ ਖਿਆਲ ਰਖਣਾ ਕਿ ਸੁਭਾਵਕ ਕਾਮ-ਵਾਸਨਾ ਨੂੰ ਸਿਰਫ ਭੋਗਣਾ ਹੀ ਨਾ, ਭੋਗ ਦੇ ਨਾਲ-ਨਾਲ ਉਸ 'ਤੇ ਧਿਆਨ ਵੀ ਕਰਨਾ। ਕਿਉਂਕਿ ਵਾਸਨਾ ਵਿਚ ਦੰਸ਼ ਨਹੀਂ ਹੈ; ਮੂਰਛਤ ਵਾਸਨਾ ਵਿਚ ਦੰਸ਼ ਹੈ। ਜੇ ਤੁਹਾਨੂੰ ਲਗਦਾ ਹੈ ਕਿ ਮਨ ਨੂੰ ਕਾਮ ਪਕੜਦਾ ਹੈ, ਤਾਂ ਭੋਗ ਵਿਚ ਉਤਰਨਾ; ਪਰ ਹੋਸ਼ਪੂਰਵਕ ਉਤਰਨਾ। ਧਿਆਨ ਰਖਣਾ ਕੀ ਹੋ ਰਿਹਾ ਹੈ, ਧਿਆਨ ਰਖਣਾ ਕੀ ਮਿਲ ਰਿਹਾ ਹੈ, ਧਿਆਨ ਰਖਣਾ ਕਿ ਕਿਹੜੇ ਸੁਖ ਦੀ, ਕਿਹੜੇ ਅਨੰਦ ਦੀ, ਕਿਸ ਸ਼ਾਂਤੀ ਦੀ ਪ੍ਰਾਪਤੀ ਹੋ ਰਹੀ ਹੈ। ਧਿਆਨਪੂਰਵਕ ਭੋਗ ਵਿਚ ਉਤਰਨਾ, ਤਾਂ ਜੋ ਭੋਗ ਦੇ ਗਹਿਰੇ ਰਹੱਸ ਤੁਹਾਡੇ ਧਿਆਨ ਵਿਚ ਸਮੋਏ ਜਾਣ। ਉਹੀ ਤੁਹਾਡੀ ਸਮਝ ਬਣੇਗੀ।

ਅਤੇ ਤੀਜੀ ਗੱਲ—ਇਸ ਗੱਲ ਦੀ ਖੋਜ ਜਾਰੀ ਰਖਣਾ, ਜੋ ਸੁਖ ਜਾਂ ਸ਼ਾਂਤੀ ਦੀ ਝਲਕ ਮਿਲਦੀ ਹੈ, ਉਹ ਦਰਅਸਲ ਕਾਮ-ਵਾਸਨਾ ਦੇ ਕਾਰਨ ਮਿਲਦੀ ਹੈ ਜਾਂ ਕਾਰਨ ਕੋਈ ਹੋਰ ਹੈ?

ਸੁਭਾਵਕ ਵਾਸਨਾ ਹੋਵੇ, ਧਿਆਨਪੂਰਵਕ ਵਾਸਨਾ ਹੋਵੇ, ਤਾਂ ਇਹ ਤੀਜੀ ਗੱਲ ਵੀ ਸਮਝਣ ਵਿਚ ਤੁਹਾਨੂੰ ਜ਼ਿਆਦਾ ਦੇਰ ਨਹੀਂ ਲਗੇਗੀ, ਅਤੇ ਪਤਾ ਲਗ ਜਾਏਗਾ ਕਿ ਕਾਮ-ਵਾਸਨਾ ਦੇ ਕਾਰਨ ਸੁਖ ਤੇ ਅਨੰਦ ਦੀ ਪ੍ਰਤੀਤੀ ਨਹੀਂ ਹੁੰਦੀ। ਇਸਨੂੰ ਜਿਹੜੇ ਜਾਣਦੇ ਹਨ, ਉਹਨਾਂ ਨੇ ਕਾਕਤਾਲੀਯ ਨਿਆਂ ਕਿਹਾ ਹੈ। ਕਾਕਤਾਲੀਯ ਨਿਆਂ ਦਾ ਮਤਲਬ ਹੁੰਦਾ ਹੈ ਕਿ ਤੁਸੀਂ ਇਕ ਬਿਰਛ ਦੇ ਹੇਠਾਂ ਬੈਠੇ ਹੋ ਅਤੇ ਇਕ ਕਾਂ ਨੇ ਅਵਾਜ਼ ਦਿਤੀ, ਕਾਂ ਦੀ ਅਵਾਜ਼ ਦੇ ਨਾਲ ਸੰਜੋਗ ਦੀ ਗੱਲ ਬਿਰਛ ਤੋਂ ਇਕ ਫਲ ਟਪਕ ਕੇ ਤੁਹਾਡੇ ਕੋਲ ਡਿਗ ਪਿਆ, ਤਾਂ ਤੁਸੀਂ ਸਮਝਿਆ ਕਿ ਕਾਂ ਦੀ ਅਵਾਜ਼ ਦੇ ਕਾਰਨ ਫਲ ਡਿਗਿਆ ਹੈ। ਇਹ ਕਾਕਤਾਲੀਯ ਨਿਆਂ ਹੈ। ਕੋਈ ਕਾਂ ਦੀ ਅਵਾਜ਼ ਨਾਲ ਫਲ ਨਹੀਂ ਡਿਗਿਆ। ਕਾਂ ਦੀ ਅਵਾਜ਼ ਨਾਲ ਫਲ ਦੇ ਡਿਗਣ ਦਾ ਕੋਈ ਲਾਜ਼ਮੀ ਸਬੰਧ ਨਹੀਂ ਹੈ। ਲੇਕਿਨ ਜਟਲਤਾ ਹੋਰ ਵਧ ਜਾਏਗੀ ਕਿ ਜਦ ਵੀ ਤੁਸੀਂ ਕਾਂ ਦੀ ਅਵਾਜ਼ ਸੁਣੋਂ, ਤਦੇ ਜੇਕਰ ਫਲ ਡਿਗੇ। ਤਦ ਬਹੁਤ ਮੁਸ਼ਕਲ ਹੋ ਜਾਏਗੀ।

ਤੁਸੀਂ ਸੁਣੀ ਹੋਵੇਗੀ ਉਸ ਬੁੱਢੀ ਔਰਤ ਦੀ ਕਹਾਣੀ, ਜਿਸਦੇ ਮੁਰਗੇ ਦੇ ਬਾਂਗ ਦੇਣ 'ਤੇ ਰੋਜ਼ ਸਵੇਰੇ ਸੂਰਜ ਉਗਦਾ ਸੀ। ਇਕ ਦਿਨ ਦੀ ਗੱਲ ਹੋਵੇ, ਤਾਂ ਸੰਜੋਗ ਮੰਨ ਲਈਏ, ਵਰ੍ਹਿਆਂ ਦਾ ਅਨੁਭਵ ਹੈ ਕਿ ਜਦ ਵੀ ਮੁਰਗਾ ਬਾਂਗ ਦਿੰਦਾ ਹੈ, ਸੂਰਜ ਉਗਦਾ ਹੈ। ਸੁਭਾਵਕ ਤੌਰ 'ਤੇ ਉਸ ਬੁੱਢੀ ਔਰਤ ਨੇ ਮੰਨ ਰਖਿਆ ਸੀ ਕਿ ਮੇਰਾ ਮੁਰਗਾ ਜਿਸ ਦਿਨ ਬਾਂਗ ਨਹੀਂ

ਦੇਵੇਗਾ, ਉਸ ਦਿਨ ਸੂਰਜ ਨਹੀਂ ਉਗੇਗਾ।

ਪਿੰਡ ਨਾਲ ਝਗੜਾ ਹੋ ਗਿਆ, ਤਾਂ ਉਸਨੇ ਕਿਹਾ ਕਿ ਅੱਛਾ ਠਹਿਰੋ, ਤਹਾਨੂੰ ਮੈਂ ਮਜ਼ਾ ਚਖਾਉਂਦੀ ਹਾਂ। ਮੈਂ ਆਪਣੇ ਮੁਰਗੇ ਨੂੰ ਲੈ ਕੇ ਦੂਜੇ ਪਿੰਡ ਚਲੀ ਜਾਂਦੀ ਹਾਂ; ਤਦ ਤੁਹਾਨੂੰ ਪਤਾ ਲਗੇਗਾ, ਜਦ ਹਨੇਰੇ ਵਿਚ ਭਟਕੋਗੇ ਅਤੇ ਤੜਫੋਗੇ, ਅਤੇ ਜਦ ਸੂਰਜ ਨਹੀਂ ਉਗੇਗਾ। ਤਾਂ ਉਹ ਬੁੱਢੀ ਔਰਤ ਆਪਣੇ ਮੁਰਗੇ ਨੂੰ ਲੈ ਕੇ ਦੂਜੇ ਪਿੰਡ ਚਲੀ ਗਈ। ਅਤੇ ਜਦ ਮੁਰਗੇ ਨੇ ਦੂਜੇ ਪਿੰਡ ਵਿੱਚ ਬਾਂਗ ਦਿਤੀ, ਸੂਰਜ ਉਗਿਆ, ਤਾਂ ਉਸਨੇ ਕਿਹਾ ਹੁਣ ਸਮਝਣਗੇ ਨਾਸਮਝ ਲੋਕ। ਉਸ ਪਿੰਡ ਦੀ ਕੀ ਹਾਲਤ ਰਹੀ ਹੋਵੇਗੀ। ਸੂਰਜ ਤਾਂ ਇਥੇ ਉਗ ਗਿਆ। ਜਿਥੇ ਮੇਰਾ ਮੁਰਗਾ, ਉਥੇ ਸੂਰਜ ਦਾ ਉਗਣਾ ਹੋਵੇਗਾ। ਇਹ ਕਾਕਤਾਲੀਯ ਨਿਆਂ ਹੈ।

ਕਾਮ-ਵਾਸਨਾ ਦੇ ਸਬੰਧ ਵਿਚ ਇਹ ਹੋ ਰਿਹਾ ਹੈ। ਕਾਮ-ਵਾਸਨਾ ਤੋਂ ਜੋ ਸੁਖ ਮਿਲਦਾ ਹੈ ਉਸ ਨਾਲ ਇੰਨਾ ਹੀ ਸਬੰਧ ਹੈ, ਜਿੰਨਾ ਮੁਰਗੇ ਦੀ ਬਾਂਗ ਵਿਚ ਅਤੇ ਸੂਰਜ ਦੇ ਉਗਣ ਵਿਚ ਹੈ। ਕਾਮ-ਵਾਸਨਾ ਨਾਲ ਸੁਖ ਨਹੀਂ ਮਿਲਦਾ ਹੈ, ਨਾ ਮੁਰਗੇ ਦੀ ਅਵਾਜ਼ ਨਾਲ ਸੂਰਜ ਉਗਦਾ ਹੈ। ਲੇਕਿਨ ਕੋਈ ਹੋਰ ਗਹਿਰੇ ਕਾਰਨ ਨਾਲ ਸੁਖ ਦੀ ਪ੍ਰਤੀਤੀ ਹੁੰਦੀ ਹੈ। ਉਸਦਾ ਤੁਹਾਨੂੰ ਪਤਾ ਹੋ ਜਾਵੇ, ਤਾਂ ਫਿਰ ਇਹ ਭੁਲੇਖਾ ਟੁੱਟ ਜਾਏਗਾ ਕਿ ਮੁਰਗੇ ਦੀ ਅਵਾਜ਼ ਨਾਲ ਸੂਰਜ ਉਗ ਰਿਹਾ ਹੈ। ਅਤੇ ਫਿਰ ਸੂਰਜ ਦੇ ਉਗਣ ਖ਼ਾਤਰ ਮੁਰਗੇ ਦੀ ਅਵਾਜ਼ ਉਤੇ ਨਿਰਭਰ ਰਹਿਣ ਦੀ ਜ਼ਰੂਰਤ ਨਹੀਂ ਹੈ। ਫਿਰ ਸੂਰਜ ਤੁਹਾਡਾ ਮੁਰਗੇ ਦੀ ਅਵਾਜ਼ ਦੇ ਬਿਨਾਂ ਵੀ ਉਗ ਸਕਦਾ ਹੈ।

ਕਾਮ ਦੀ ਤ੍ਰਿਪਤੀ ਵਿਚ ਜੋ ਸੁਖ ਮਿਲਦਾ ਹੈ, ਉਸਦਾ ਮੌਲਿਕ ਕਾਰਨ ਕਾਮ ਨਹੀਂ ਹੈ; ਉਸਦਾ ਮੌਲਿਕ ਕਾਰਨ ਧਿਆਨ ਹੈ, ਸਮਾਧੀ ਹੈ। ਕਾਮ-ਵਾਸਨਾ ਦੇ ਸਿਖਰ 'ਤੇ ਇਕ ਛਿਨ ਨੂੰ ਮਨ ਸੁੰਨਯ ਹੋ ਜਾਂਦਾ ਹੈ, ਇਸ ਸੁੰਨਯ ਦੇ ਕਾਰਨ ਤੁਹਾਨੂੰ ਸੁਖ ਦੀ ਝਲਕ ਮਿਲਦੀ ਹੈ। ਸੁੰਨਯ ਹੋ ਜਾਂਦਾ ਹੈ? ਤੁਸੀਂ ਕਾਮ-ਵਾਸਨਾ ਵਿਚ ਇੰਨੇ ਲਿਵਲੀਨ ਹੋ ਜਾਂਦੇ ਹੋ; ਕਾਮ-ਵਾਸਨਾ ਵਿਚ ਅਤੇ ਖੇਡ ਵਿਚ ਇੰਨੇ ਲੀਨ ਹੋ ਜਾਂਦੇ ਹੋ, ਜਿੰਨੇ ਤੁਸੀਂ ਕਿਸੇ ਵਿਚ ਲੀਨ ਨਹੀਂ ਹੁੰਦੇ। ਉਸ ਲਿਵਲੀਨਤਾ ਦੇ ਕਾਰਨ ਮਨ ਸ਼ਾਂਤ ਹੋ ਜਾਂਦਾ ਹੈ। ਮਨ ਦੇ ਸ਼ਾਂਤ ਹੋਣ ਦੇ ਕਾਰਨ ਸੁਖ ਦੀ ਝਲਕ ਮਿਲ ਜਾਂਦੀ ਹੈ। ਜੇਕਰ ਤੁਸੀਂ ਕਿਸੇ ਹੋਰ ਕੰਮ ਵਿਚ ਇੰਨੇ ਹੀ ਲੀਨ ਹੋ ਜਾਵੋ, ਤਾਂ ਤੁਹਾਡੇ 'ਤੇ ਕਾਮ-ਵਾਸਨਾ ਦੀ ਪਕੜ ਛੁੱਟ ਜਾਏਗੀ। ਇਸਲਈ ਜਿਹੜੇ ਲੋਕ ਸ੍ਰਸ਼ਟਾ ਹਨ, ਜਿਹੜੇ ਕੁਝ ਸਿਰਜਣਾ ਕਰ ਸਕਦੇ ਹਨ, ਉਹਨਾਂ ਨੂੰ ਕਾਮ-ਵਾਸਨਾ ਜ਼ਿਆਦਾ ਨਹੀਂ ਪਕੜਦੀ। ਇਸਲਈ ਸ੍ਰਸ਼ਟਾ ਪੁਰਸ਼ਾਂ ਦੇ ਨਾਲ ਇਸਤ੍ਰੀਆਂ ਕਦੇ ਪ੍ਰਸੰਨ ਨਹੀਂ ਹੁੰਦੀਆਂ।

ਸੁਕਰਾਤ ਹੈ, ਤਾਂ ਉਸਦੀ ਇਸਤ੍ਰੀ ਸੁਕਰਾਤ ਤੋਂ ਪ੍ਰਸੰਨ ਨਹੀਂ ਹੁੰਦੀ ਹੈ। ਹੋ ਨਹੀਂ ਸਕਦੀ ਕਿਉਂਕਿ ਇੰਨਾ ਲੀਨ ਹੋ ਜਾਂਦਾ ਹੈ ਦਰਸ਼ਨ ਦੀ ਸੋਚ-ਵਿਚਾਰ ਵਿਚ ਕਿ ਕਾਮ-ਵਾਸਨਾ ਉਸਦੀ ਮਿਟ ਗਈ ਹੈ। ਉਸ ਲੀਨਤਾ ਵਿਚ ਉਸਨੂੰ ਉਹ ਸੁਖ ਮਿਲ ਜਾਂਦਾ ਹੈ, ਜੋ ਕਾਮ-ਵਾਸਨਾ ਤੋਂ ਉਸਨੂੰ ਮਿਲਦਾ ਹੈ।

ਇਕ ਚਿੱਤਰਕਾਰ ਆਪਣੇ ਚਿੱਤਰ ਬਨਾਉਣ ਵਿਚ ਜੇ ਲੀਨ ਹੋ ਜਾਵੇ, ਤਾਂ ਉਸਦੇ ਮਨ ਨੂੰ ਕਾਮ-ਵਾਸਨਾ ਨਹੀਂ ਘੇਰਦੀ ਇਕ ਮੂਰਤੀਕਾਰ ਆਪਣੀ ਮੂਰਤੀ ਨੂੰ ਬਨਾਉਣ ਵਿਚ ਲੀਨ ਹੋ ਜਾਵੇ, ਤਾਂ ਉਸਦੀ ਕਾਮ-ਵਾਸਨਾ ਮੁੱਕ ਜਾਂਦੀ ਹੈ। ਉਸ ਮੁੱਕ ਜਾਣ ਦਾ ਕਾਰਨ ਇਹ ਨਹੀਂ ਹੈ ਕਿ ਉਹ ਕੋਈ ਬ੍ਰਹਮਚਰਜ ਸਾਧ ਰਿਹਾ ਹੈ। ਇਸਦਾ ਕਾਰਨ ਇਹ ਹੈ ਕਿ ਉਸਦਾ ਸੂਰਜ ਪੁਰਾਣੇ ਮੁਰਗੇ ਦੀ ਬਾਂਗ ਦੇ ਬਿਨਾਂ ਉਗਣ ਲਗਾ। ਉਹ ਜੋ ਛਿਨ ਆਉਂਦਾ ਹੈ ਮੌਨ ਦਾ, ਕਾਮ ਦੇ ਦੁਆਰਾ, ਹੁਣ ਉਹ ਮੂਰਤੀ ਵਿਚ ਹੀ ਬਨਾਉਣ 'ਚ ਆਉਣ ਲਗ ਪਿਆ।

ਜੇ ਤੁਸੀਂ ਆਪਣੇ ਗੀਤ ਵਿਚ ਡੁੱਬ ਜਾਵੋ, ਆਪਣੇ ਨਾਚ ਵਿਚ ਡੁੱਬ ਜਾਵੋ, ਆਪਣੇ ਧਿਆਨ ਵਿਚ ਡੁੱਬ ਜਾਵੋ, ਤਾਂ ਤੁਹਾਨੂੰ ਪਤਾ ਲਗ ਗਿਆ ਕਿ ਸੂਰਜ ਦੇ ਉਗਣ ਦਾ ਮੁਰਗੇ ਦੀ ਬਾਂਗ ਨਾਲ ਕੋਈ ਸਬੰਧ ਨਹੀਂ ਹੈ। ਇਹ ਸੂਰਜ ਹੋਰ ਤਰ੍ਹਾਂ ਨਾਲ ਵੀ ਉਗ ਸਕਦਾ ਹੈ।

ਇਹ ਤਿੰਨ ਗੱਲਾਂ ਖਿਆਲ ਰਖਣਾ—ਸੁਭਾਵਕ ਹੋਵੇ ਕਾਮ, ਧਿਆਨਪੂਰਵਕ ਹੋਵੇ ਕਾਮ, ਅਤੇ ਲਗਾਤਾਰ ਇਹ ਖੋਜ ਵੀ ਬਣੀ ਰਹੇ ਕਿ ਜੋ ਗਹਿਰੇ ਵਿਚ ਸ਼ਾਂਤੀ ਦੀ ਪ੍ਰਤੀਤੀ ਹੁੰਦੀ ਹੈ, ਉਹ ਕਾਮ-ਵਾਸਨਾ ਦੇ ਕਾਰਨ ਹੁੰਦੀ ਹੈ ਜਾਂ ਕਾਰਨ ਕੋਈ ਹੋਰ ਹੈ, ਜਿਸਦਾ ਸਾਨੂੰ ਪਤਾ ਨਹੀਂ? ਜਿਸ ਦਿਨ ਤੁਹਾਨੂੰ ਉਹ ਕਾਰਨ ਸਾਫ ਹੋ ਜਾਏਗਾ, ਉਸ ਕਾਰਨ ਦਾ ਸਿੱਧਾ ਹੀ ਉਪਯੋਗ ਕੀਤਾ ਜਾ ਸਕਦਾ ਹੈ। ਧਿਆਨ, ਸਮਾਧੀ, ਯੋਗ ਸਭ ਉਸੇ ਕਾਰਨ ਉੱਤੇ ਖੜ੍ਹੇ ਹਨ। ਯੋਗ ਨੇ ਉਸ ਕਾਰਨ ਨੂੰ ਖੋਜ ਲਿਆ ਹੈ ਸਿੱਧਾ।

ਇਸਲਈ ਲੋਕ ਕਹਿੰਦੇ ਹਨ ਕਿ ਜਦ ਤਕ ਤੁਸੀਂ ਬ੍ਰਹਮਚਰਜ ਨੂੰ ਨਹੀਂ ਅਪਣਾਓਗੇ, ਤਦ ਤਕ ਯੋਗੀ ਨਹੀਂ ਬਣ ਸਕੋਗੇ। ਅਤੇ ਮੈਂ ਕਹਿੰਦਾ ਹਾਂ ਕਿ ਜਦ ਤਕ ਤੁਸੀਂ ਯੋਗ ਨੂੰ ਨਹੀਂ ਪੁਜਦੇ, ਬ੍ਰਹਮਚਰਜ ਨਹੀਂ ਪਾ ਸਕਦੇ। ਇਸਲਈ ਮੈਂ ਬ੍ਰਹਮਚਰਜ ਨੂੰ ਯੋਗ ਦੀ ਸ਼ਰਤ ਨਹੀਂ ਬਣਾਉਂਦਾ; ਬ੍ਰਹਮਚਰਜ ਨੂੰ ਮੈਂ ਯੋਗ ਦਾ ਸਿੱਟਾ ਕਹਿੰਦਾ ਹਾਂ। ਇਸਲਈ ਮੈਂ ਤੁਹਾਨੂੰ ਨਹੀਂ ਕਹਿੰਦਾ ਕਿ ਜੇ ਤੁਸੀਂ ਧਿਆਨ ਕਰਨਾ ਹੈ, ਤਾਂ ਪਹਿਲਾਂ ਬ੍ਰਹਮਚਰਜ ਸਾਧੋ। ਜਿਹੜੇ ਕਹਿੰਦੇ ਹਨ, ਉਹਨਾਂ ਨੂੰ ਪਤਾ ਨਹੀਂ ਕਿ ਉਹ ਕੀ ਕਹਿ ਰਹੇ ਹਨ। ਮੈਂ ਤੁਹਾਨੂੰ ਕਹਿੰਦਾ ਹਾਂ ਕਿ ਤੁਸੀਂ ਧਿਆਨ ਸਾਧੋ, ਬ੍ਰਹਮਚਰਜ ਦੀ ਚਿੰਤਾ ਨਾ ਕਰੋ।

ਜਿਸ ਦਿਨ ਤੁਹਾਨੂੰ ਧਿਆਨ ਵਿਚ ਕਾਮ-ਵਾਸਨਾ ਤੋਂ ਮਿਲੇ ਸੁਖ ਨਾਲੋਂ ਗਹਿਰੇ ਸੁਖ ਦਾ ਅਨੁਭਵ ਹੋਣ ਲਗੇਗਾ, ਉਸ ਦਿਨ ਦੁਨੀਆਂ ਦੀ ਕੋਈ ਵੀ ਤਾਕਤ ਤੁਹਾਨੂੰ ਕਾਮ-ਵਾਸਨਾ ਵਿਚ ਲੈ ਜਾਣ ਦੀ ਸਮਰੱਥਾ ਨਹੀਂ ਰਖੇਗੀ। ਦੁਨੀਆਂ ਵਿਚ ਵਡੇਰੇ ਸੁਖ ਦੀ ਖਾਤਰ ਛੋਟੇ ਸੁਖ ਛਡੇ ਜਾ ਸਕਦੇ ਹਨ। ਵਡੇ ਅਨੰਦ ਦੇ ਲਈ ਛੋਟੇ ਅਨੰਦ ਛਡੇ ਜਾ ਸਕਦੇ ਹਨ। ਐਪਰ ਵਡੇ ਅਨੰਦ ਦਾ ਕੋਈ ਅਨੁਭਵ ਹੋਣਾ ਚਾਹੀਦਾ ਹੈ। ਤੁਹਾਡੇ ਹੱਥ ਵਿਚ ਕੰਕਰ-ਪੱਥਰ ਹਨ। ਮੈਂ ਤੁਹਾਨੂੰ ਕਹਾਂ ਕਿ ਛਡ ਦਿਉ। ਕੁਝ ਤਾਂ ਹੈ ਹੱਥ ਵਿਚ, ਕੰਕਰ-ਪੱਥਰ ਹੀ ਸਹੀ। ਹੱਥ ਭਰਿਆ ਹੈ, ਤਾਂ ਹੀ ਚੰਗਾ ਲਗਦਾ ਹੈ, ਖਾਲੀ ਹੱਥ ਵਿਚ ਬੇਚੈਨੀ ਹੋਵੇਗੀ। ਤੁਸੀਂ ਛਡਣ ਨੂੰ ਰਾਜ਼ੀ ਨਹੀਂ ਹੋਵੋਗੇ, ਅਤੇ ਕੰਕਰ-ਪੱਥਰ ਰੰਗੀਨ ਹੋਣ ਤਾਂ ਹੀਰਿਆਂ ਦਾ ਭੁਲੇਖਾ

ਅਤੇ ਇਹ ਸੂਤਰ ਕਹਿੰਦਾ ਹੈ ਕਿ ਕਾਮ-ਵਾਸਨਾ ਨੂੰ ਤੂੰ ਜਿੱਤ ਲਿਆ, ਪਰ ਧਿਆਨ ਰਖੀਂ, ਤੇਰਾ ਕੰਮ ਅਜੇ ਪੂਰਾ ਨਹੀਂ ਹੋਇਆ। ਹੁਣ ਤੂੰ ਇਕ ਖ਼ਤਰੇ ਦੇ ਦੁਆਰ 'ਤੇ ਫਿਰ ਖੜ੍ਹਾ ਹੋ ਗਿਆ ਹੈਂ, ਜਿਥੇ ਇਹ ਜਿੱਤ ਤੇਰਾ ਮਦ ਬਣ ਸਕਦੀ ਹੈ। ਹੁਣ ਤੂੰ ਇਸ ਦੀਪ ਦੇ ਆਸਪਾਸ, ਇਹ ਜੋ ਮਹਾਂਸਾਗਰ ਵਿਚ ਛੋਟਾ-ਜਿਹਾ ਇਕ ਦੀਪ ਤਿਆਰ ਹੋ ਗਿਆ ਹੈ ਤੇਰੇ ਬ੍ਰਹਮਚਰਜ ਦਾ-ਜਗਤ ਤਾਂ ਕਾਮ-ਵਾਸਨਾ ਦਾ ਸਾਗਰ ਹੈ, ਇਸ ਵਿਚ ਤੂੰ ਇਕ ਛੋਟਾ-ਜਿਹਾ ਦੀਪ ਬਣਾ ਲਿਆ, ਆਈਲੈਂਡ। ਔਪਰ ਇਹ ਚਾਰ-ਚੁਫੇਰੇ ਜੋ ਸਾਗਰ ਹੈ, ਉਹ ਤੇਰੇ ਦੀਪ ਨੂੰ ਕਿਸੇ ਵੀ ਛਿਨ ਡੋਬ ਕੇ ਰਖ ਸਕਦਾ ਹੈ। ਜੇ ਤੂੰ ਮਦ ਨਾਲ ਭਰ ਗਿਆ, ਤਾਂ ਇਹ ਸਾਗਰ ਤੇਰੇ ਦੀਪ ਨੂੰ ਡੋਬ ਸਕਦਾ ਹੈ ਵਾਪਸ। ਇਸ ਪਵਿੱਤਰ ਦੀਪ ਨੂੰ ਘੇਰਨ ਵਾਲੀ ਕੰਧ ਨੂੰ ਉਸਾਰਨ 'ਚ ਲਗ। ਅਜੇ ਕੰਮ ਬਾਕੀ ਹੈ।

'ਇਹੀ ਉਹ ਬੰਨ੍ਹ ਹੋਵੇਗਾ, ਜੋ ਤੇਰੇ ਮਨ ਦੀ ਉਸ ਮਦ ਅਤੇ ਉਸ ਸੰਤੁਸ਼ਟੀ ਤੋਂ ਰਖਿਆ ਕਰੇਗਾ, ਜੋ ਵਡੀ ਪ੍ਰਾਪਤੀ ਦੇ ਵਿਚਾਰ ਤੋਂ ਪੈਦਾ ਹੁੰਦੀ ਹੈ।'

ਮਦ ਅਤੇ ਸੰਤੁਸ਼ਟੀ-ਦੋ ਖ਼ਤਰੇ ਹਨ। ਇਕ ਤਾਂ ਇਸ ਗੱਲ ਦਾ ਮਦ ਕਿ ਪਾ ਲਿਆ, ਜੋ ਪਾਣਾ ਅਤਿ ਕਠਨ ਸੀ। ਉਹ ਮਿਲ ਗਿਆ, ਜਿਸਦੀ ਖੋਜ ਸੀ ਜਨਮਾਂ-ਜਨਮਾਂ ਤੋਂ। ਜਿਸਨੂੰ ਹਜ਼ਾਰਾਂ ਵਾਰ ਕੋਸ਼ਿਸ਼ ਕਰਕੇ ਵੀ ਨਹੀਂ ਪਾ ਸਕੇ ਸੀ, ਉਹ ਪਾ ਲਿਆ ਹੈ। ਇਹ ਮਦ, ਹੰਕਾਰ, ਹਮੈ ਹੋਈ। ਅਤੇ ਉਸ ਤੋਂ ਵੀ ਖ਼ਤਰਨਾਕ ਇਕ ਹੋਰ ਗੱਲ ਹੈ-ਇਕ ਗਹਿਰੀ ਸੰਤੁਸ਼ਟੀ, ਇਕ ਕੰਟੈਂਟਮੈਂਟ ਕਿ ਹੁਣ ਠੀਕ ਪਹੁੰਚ ਗਏ, ਮੰਜ਼ਲ ਆ ਗਈ, ਹੁਣ ਕੁਝ ਕਰਨ ਨੂੰ ਨਾ ਰਿਹਾ। ਇਹ ਸੰਤੁਸ਼ਟੀ ਵੀ ਖ਼ਤਰਾ ਹੈ; ਕਿਉਂਕਿ ਤਦ ਵਿਕਾਸ ਬੰਦ ਹੋ ਜਾਂਦਾ ਹੈ। ਜਿਥੇ ਸੰਤੋਸ਼ ਹੈ ਉਥੇ ਵਿਕਾਸ ਖ਼ਤਮ ਹੈ। ਇਸਲਈ ਜਿਥੇ ਅੱਗੇ ਵਿਕਾਸ ਹੋਵੇ ਹੀ ਨਾ, ਉਥੇ ਹੀ ਸੰਤੁਸ਼ਟ ਹੋਣਾ, ਉਸ ਤੋਂ ਪਹਿਲਾਂ ਸੰਤੁਸ਼ਟ ਨਾ ਹੋ ਜਾਣਾ।

ਪਰਮਾਤਮਾ ਹੋ ਜਾਣ ਤੋਂ ਪਹਿਲਾਂ ਸਭ ਸੰਤੋਸ਼ ਖ਼ਤਰਨਾਕ ਹੈ; ਕਿਉਂਕਿ ਇਸਦਾ ਮਤਲਬ ਹੈ ਕਿ ਜਿਥੇ ਤੁਸੀਂ ਸੰਤੁਸ਼ਟ ਹੋਏ, ਉਥੇ ਬੈਠ ਗਏ। ਪਰਮਾਤਮਾ ਹੋ ਕੇ ਹੀ ਸੰਤੁਸ਼ਟ ਹੋਣਾ। ਕਿਉਂਕਿ ਫਿਰ ਬੈਠਣ ਵਿਚ ਕੋਈ ਹਰਜ ਨਹੀਂ; ਕਿਉਂਕਿ ਚੱਲਣ ਨੂੰ ਕੋਈ ਥਾਂ ਨਹੀਂ ਬਚੀ। ਔਪਰ ਇਸ ਤੋਂ ਪਹਿਲਾਂ ਚੱਲਣ ਦੀ ਥਾਂ ਬਾਕੀ ਹੈ। ਜਿਥੇ-ਜਿਥੇ ਸੰਤੋਸ਼, ਉਥੇ-ਉਥੇ ਖ਼ਤਰਾ ਹੈ। ਅ-ਸੰਤੋਸ਼ ਨੂੰ ਜਗਾਈ ਰਖਣਾ ਹੈ। ਇਹ ਬ੍ਰਹਮਚਰਜ ਜਦ ਹਾਸਲ ਹੁੰਦਾ ਹੈ, ਤਦ ਬੜੀ ਗਹਿਰੀ ਤ੍ਰਿਪਤੀ ਮਿਲਦੀ ਹੈ। ਰੋਮ-ਰੋਮ ਜਿਵੇਂ ਤ੍ਰਿਪਤ ਹੋ ਜਾਵੇ। ਕੁਝ ਪਾਣ ਨੂੰ ਨਹੀਂ ਬਚਿਆ, ਅਜੇਹਾ ਲਗਣ ਲਗਦਾ ਹੈ। ਇਹ ਭੁਲੇਖਾ ਹੈ; ਅਜੇ ਪਾਣ ਨੂੰ ਬਚਿਆ ਹੈ, ਅਜੇ ਪਾਣ ਨੂੰ ਬਹੁਤ ਬਚਿਆ ਹੈ। ਇਹ ਤਾਂ ਜੋ ਪਾਇਆ ਹੈ, ਇਹ ਸਿਰਫ ਸ਼ਕਤੀ ਹੈ, ਜਿਸਦਾ ਉਪਯੋਗ ਕਰਨਾ ਹੈ-ਹੁਣ ਜੋ ਅਸਲੀ ਪਾਣ ਨੂੰ ਹੈ, ਉਹਦੇ ਲਈ।

ਇਹ ਤਾਂ ਇਉਂ ਹੈ ਕਿ ਇਕ ਆਦਮੀ ਨੇ ਧਨ ਕਮਾ ਲਿਆ ਅਤੇ ਤ੍ਰਿਪਤ ਹੋ ਕੇ ਬੈਠ ਗਿਆ ਤਿਜੋਰੀ ਦੇ ਕੋਲ। ਧਨ ਦਾ ਮੁੱਲ ਕੋਈ ਹੈ ਹੀ ਨਹੀਂ, ਜੇਕਰ ਇਸਦਾ ਇਸਤਮਾਲ ਨਾ ਕੀਤਾ ਜਾ ਸਕੇ। ਧਨ ਦਾ ਮੁੱਲ ਤਾਂ ਇਹੀ ਹੈ ਕਿ ਜੋ ਖ਼ਰੀਦਣਾ

ਸੀ, ਉਹ ਖਰੀਦਿਆ ਜਾ ਸਕਦਾ ਹੈ, ਸ਼ਕਤੀ ਕੋਲ ਹੈ। ਲੇਕਿਨ ਤੁਸੀਂ ਦੇਖਦੇ ਹੋ, ਬਹੁਤੇ ਲੋਕ ਧਨ ਕਮਾ ਕੇ ਤਿਜੌਰੀ ਦੇ ਕੋਲ ਰਾਖੇ ਬਣ ਬਹਿੰਦੇ ਹਨ। ਇਹ ਮੂੜ੍ਹਤਾ ਹੈ, ਕਿਉਂਕਿ ਧਨ ਕਮਾਇਆ ਹੀ ਇਸਲਈ ਸੀ ਕਿ ਕੁਝ ਵਾਸਨਾਵਾਂ ਤ੍ਰਿਪਤ ਕਰਨੀਆਂ ਸੀ, ਇਸ ਧਨ ਦੇ ਬਿਨਾਂ ਤ੍ਰਿਪਤ ਨਹੀਂ ਹੋ ਸਕਦੀਆਂ ਸੀ। ਇਸ ਧਨ ਨਾਲ ਹੁਣ ਤ੍ਰਿਪਤੀ ਹੋ ਸਕਦੀ ਹੈ। ਅੰਪਰ ਧਨ ਕਮਾਉਂਦਾ-ਕਮਾਉਂਦਾ ਭੁੱਲ ਹੀ ਜਾਂਦਾ ਹੈ ਆਦਮੀ ਕਿ ਧਨ ਕਿਸਲਈ ਕਮਾਇਆ ਹੈ। ਅਖੀਰ ਵਿਚ ਅਜੇਹਾ ਲਗਣ ਲਗਦਾ ਹੈ ਕਿ ਧਨ ਦੀ ਖ਼ਾਤਰ ਹੀ ਧਨ ਕਮਾਇਆ ਹੈ। ਅਤੇ ਤਦ ਧਨ ਦੀ ਤਿਜੌਰੀ ਕੋਲ ਸੰਭਲ ਕੇ ਬੈਠ ਜਾਂਦਾ ਹੈ, ਫਿਰ ਰਾਖਾ ਬਣ ਜਾਂਦਾ ਹੈ! ਧਨਾਢ ਲੋਕ ਅਕਸਰ ਪਹਿਰੇਦਾਰ ਤੋਂ ਵਧ ਨਹੀਂ ਹੁੰਦੇ।

ਅਤੇ ਇਹ ਵਡੀ ਮੂੜ੍ਹਤਾ ਹੈ; ਇਹ ਤਾਂ ਸਾਰਾ ਜੀਵਨ ਵਿਅਰਥ ਗਿਆ। ਇਹ ਅਸੀਂ ਭੁੱਲ ਹੀ ਗਏ ਕਿ ਕਿਸਲਈ! ਇਹ ਤਾਂ ਸਾਧਨ ਹੀ ਸਾਧਣ-ਯੋਗ ਬਣ ਗਿਆ। ਤਾਂ ਤੁਹਾਡੀ ਤਿਜੌਰੀ ਵਿਚ ਸੋਨੇ ਦੀ ਇੱਟ ਰਖੀ ਹੈ ਕਿ ਮਿੱਟੀ ਦੀ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਹੈ। ਤੁਸੀਂ ਪਹਿਰਾ ਦੇਣਾ ਹੈ। ਜੇ ਕਿਸੇ ਧਨਾਢ ਦੀ ਤਿਜੌਰੀ ਵਿਚੋਂ ਰਾਤੋ-ਰਾਤ ਉਸ ਦੀਆਂ ਸਭ ਸੋਨੇ ਦੀਆਂ ਇੱਟਾਂ ਕੱਢ ਕੇ ਮਿੱਟੀ ਦੀਆਂ ਰਖ ਦਿਤੀਆਂ ਜਾਣ, ਤਾਂ ਵੀ—ਉਸਨੂੰ ਬਸ ਇਕ ਪਤਾ ਹੀ ਨਹੀਂ ਲਗਣਾ ਚਾਹੀਦਾ—ਉਹ ਆਪਣੀ ਤਿਜੌਰੀ 'ਤੇ ਪਹਿਰਾ ਦਿੰਦਾ ਰਹੇਗਾ ਅਤੇ ਉਂਨਾ ਹੀ ਅਨੰਦਤ ਰਹੇਗਾ। ਕਿਉਂਕਿ ਸੋਨੇ ਅਤੇ ਮਿੱਟੀ ਵਿਚ ਫਰਕ ਤਾਂ ਤਦ ਹੈ, ਜਦ ਇਸਤਮਾਲ ਕਰਨਾ ਹੋਵੇ, ਨਹੀਂ ਤਾਂ ਕੀ ਫਰਕ ਹੈ?

ਇਹ ਜੋ ਬ੍ਰਹਮਚਰਜ ਦੀ ਅਵਸਥਾ ਪ੍ਰਾਪਤ ਹੋਵੇਗੀ, ਤਾਂ ਧਨਾਢ ਵਰਗੀ ਕੰਜੂਸੀ ਆ ਸਕਦੀ ਹੈ, ਜੇ ਤੁਸੀਂ ਤ੍ਰਿਪਤ ਹੋ ਜਾਵੋ।

ਬ੍ਰਹਮਚਰਜ ਸ਼ਕਤੀ ਹੈ—ਸਾਧਨ ਹੈ; ਸਾਧਣ-ਯੋਗ ਨਹੀਂ ਹੈ।

ਸਾਧਣ-ਯੋਗ ਤਾਂ ਬ੍ਰਹਮ ਹੈ।

ਇਸ ਬ੍ਰਹਮਚਰਜ ਤੋਂ ਮਿਲੀ ਸ਼ਕਤੀ ਦਾ ਉਪਯੋਗ ਹੋ ਸਕਦਾ ਹੈ ਹੁਣ। ਹੁਣ ਤੁਹਾਡੇ ਕੋਲ ਉਹ ਤਾਕਤ ਹੈ, ਉਹ ਗਤੀ ਹੈ, ਉਹ ਯਾਨ ਹੈ, ਉਹ ਕਿਸ਼ਤੀ ਹੁਣ ਤੁਹਾਡੇ ਕੋਲ ਹੈ, ਜਿਸ ਵਿਚ ਬੈਠ ਕੇ ਦੂਜੇ ਕੰਢੇ 'ਤੇ ਜਾ ਸਕਦੇ ਹੋ। ਇਸ ਕਿਸ਼ਤੀ ਦੀ ਪੂਜਾ ਕਰਨ ਨਾ ਲਗਣਾ ਬੈਠ ਕੇ ਇਸ ਕੰਢੇ 'ਤੇ। ਇਸ ਕਿਸ਼ਤੀ ਨੂੰ ਸਜਾ ਕੇ ਅਤੇ ਉਤਸਵ ਮਨਾਉਣ ਨਾ ਲਗ ਜਾਣਾ। ਤ੍ਰਿਪਤ ਨਾ ਹੋ ਜਾਣਾ ਕਿ ਕਿਸ਼ਤੀ ਮਿਲ ਗਈ। ਕਿਉਂਕਿ ਕਿਸ਼ਤੀ ਮਿਲਣ ਨਾਲ ਕੀ ਹੁੰਦਾ ਹੈ? ਕੁਝ ਹੁੰਦਾ ਹੈ ਤਾਂ ਕਿਸ਼ਤੀ ਵਿਚ ਯਾਤਰਾ ਕਰਨ ਨਾਲ ਹੁੰਦਾ ਹੈ। ਬ੍ਰਹਮਚਰਜ ਕਿਸ਼ਤੀ ਹੈ। ਇਸਲਈ ਇਹ ਸੂਤਰ ਕਹਿੰਦਾ ਹੈ ਕਿ ਮਦ ਅਤੇ ਸੰਤੁਸ਼ਟੀ ਤੋਂ ਰਖਿਆ ਕਰਨ ਦੀ ਜ਼ਰੂਰਤ ਹੈ।

'ਹੰਕਾਰ ਦਾ ਭਾਵ ਕੰਮ ਨੂੰ ਵਿਗਾੜ ਕੇ ਰਖ ਦੇਵੇਗਾ, ਇਸਲਈ ਮਜ਼ਬੂਤ ਬੰਨ੍ਹ ਬਣਾ, ਨਹੀਂ ਤਾਂ ਕਿਤੇ ਲੜਾਕੂ ਲਹਿਰਾਂ ਦਾ ਭਿਆਨਕ ਹੜ੍ਹ ਜੋ ਮਹਾਂਸੰਸਾਰ ਦੇ ਮਾਯਾ ਦੇ ਸਮੁੰਦਰ ਤੋਂ ਆ ਕੇ ਇਸਦੇ ਕੰਢਿਆਂ 'ਤੇ ਚੜ੍ਹਾਈ ਅਤੇ ਚੋਟ

ਕਰਦਾ ਹੈ, ਯਾਤਰੀ ਅਤੇ ਇਸਦੇ ਦੀਪ ਨੂੰ ਹੀ ਨਾ ਨਿਗਲ ਜਾਵੇ। ਹਾਂ, ਇਹ ਤਦ ਵੀ ਵਾਪਰ ਸਕਦਾ ਹੈ, ਜਦ ਜਿੱਤ ਪ੍ਰਾਪਤ ਹੋ ਗਈ ਹੋਵੇ।'

ਇਹ ਤਦ ਵੀ ਵਾਪਰ ਸਕਦਾ ਹੈ, ਜਦ ਜਿੱਤ ਹਾਸਲ ਹੋ ਗਈ ਹੋਵੇ। ਜ਼ਰਾ-ਜਿੰਨੀ ਗ਼ਫ਼ਲਤ ਅਤੇ ਜਿੱਤ ਵੀ ਹਾਰ ਵਿਚ ਤਬਦੀਲ ਹੋ ਸਕਦੀ ਹੈ। ਜ਼ਰਾ-ਜਿੰਨੀ ਚੁੱਕ, ਜ਼ਰਾ-ਕੁ ਭੁੱਲ ਅਤੇ ਠੇਠ ਆਖ਼ਰੀ ਛਿਨ ਵਿਚ ਵੀ ਵਾਪਸ ਮੁੜਨਾ ਹੋ ਸਕਦਾ ਹੈ। ਜਦ ਤਕ ਸਾਧਣ-ਯੋਗ ਹੀ ਨਾ ਮਿਲ ਜਾਵੇ, ਤਦ ਤਕ ਮੁੜਨਾ ਹੁੰਦਾ ਰਹਿ ਸਕਦਾ ਹੈ। ਜਦ ਤਕ ਸਾਧਨ ਹੀ ਹੱਥ ਵਿਚ ਹੈ, ਤਦ ਤਕ ਸਾਧਣ-ਯੋਗ ਖੋਇਆ ਜਾ ਸਕਦਾ ਹੈ। ਅਤੇ ਕਈ ਵਾਰ ਤਾਂ ਇਸੇ ਖ਼ਿਆਲ ਨਾਲ ਕਿ ਸਭ ਮਿਲ ਗਿਆ, ਜੋ ਮਿਲਿਆ ਸੀ, ਉਹ ਖੋ ਜਾਂਦਾ ਹੈ।

ਇਸਲਈ ਖ਼ਿਆਲ ਤਾਂ ਸਾਧਕ ਨੂੰ ਲਗਾਤਾਰ ਮਨ ਵਿਚ ਬਣਾਈ ਰਖਣਾ ਚਾਹੀਦਾ ਹੈ ਕਿ ਕਿਤੇ ਵੀ ਤ੍ਰਿਪਤ ਨਹੀਂ ਹੋਣਾ ਹੈ। ਅਣਤ੍ਰਿਪਤੀ ਦੀ ਇਕ ਬਲਦੀ ਲਹਿਰ ਅੰਦਰ ਬਣੀ ਹੀ ਰਹੇ, ਇਕ ਲਾਟ ਕਿ ਹੋਰ, ਹੋਰ, ਹੋਰ ਰਾਹ ਹਾਲੇ ਬਾਕੀ ਹੈ। ਇਕ ਦਿਨ ਜ਼ਰੂਰ ਅਜੇਹਾ ਆਉਂਦਾ ਹੈ ਕਿ ਰਾਹ ਸਭ ਖ਼ਤਮ ਹੋ ਜਾਂਦੇ ਹਨ। ਉਸ ਦਿਨ ਫਿਰ ਅਣਤ੍ਰਿਪਤੀ ਦਾ ਕੋਈ ਕਾਰਨ ਨਹੀਂ ਰਹਿ ਜਾਂਦਾ।

ਲੇਕਿਨ ਧਿਆਨ ਰਖਣਾ ਕਿ ਇਸ ਥਾਂ ਦੀ ਪਛਾਣ ਕੀ ਹੈ? ਜ਼ਰਾ ਜਟਲ ਹੈ ਗੱਲ। ਕਿਵੇਂ ਪਛਾਣੋਗੇ ਕਿ ਉਹ ਥਾਂ ਆ ਗਈ, ਜਿਥੇ ਹੁਣ ਅਣਤ੍ਰਿਪਤੀ ਦਾ ਕੋਈ ਕਾਰਨ ਨਹੀਂ?

ਜਿਸ ਦਿਨ ਤ੍ਰਿਪਤੀ ਦਾ ਵੀ ਕੋਈ ਕਾਰਨ ਨਾ ਰਹਿ ਜਾਵੇ, ਉਸ ਦਿਨ ਸਮਝ ਲੈਣਾ ਹੁਣ ਅਣਤ੍ਰਿਪਤੀ ਦਾ ਵੀ ਕੋਈ ਕਾਰਨ ਨਹੀਂ ਹੈ। ਇਸਲਈ ਜਟਲ ਹੈ ਗੱਲ। ਜਿਥੇ ਮਨ ਵਿਚ ਨਾ ਤ੍ਰਿਪਤੀ ਰਹਿ ਜਾਵੇ, ਨਾ ਅਣਤ੍ਰਿਪਤੀ, ਸਮਝਣਾ ਕਿ ਮੰਜ਼ਲ ਆ ਗਈ। ਜੇ ਤ੍ਰਿਪਤੀ ਵੀ ਪ੍ਰਤੀਤ ਹੋ ਰਹੀ ਹੋਵੇ, ਤਾਂ ਸਮਝਣਾ ਕਿ ਅਜੇ ਮੰਜ਼ਲ ਨਹੀਂ ਆਈ ਹੈ।

ਕੋਈ ਆਉਂਦਾ ਹੈ ਮੇਰੇ ਕੋਲ ਅਤੇ ਕਹਿੰਦਾ ਹੈ ਕਿ ਧਿਆਨ ਵਿਚ ਬੜੀ ਸ਼ਾਂਤੀ ਆ ਰਹੀ ਹੈ, ਤਾਂ ਮੈਂ ਉਸਨੂੰ ਕਹਿੰਦਾ ਹਾਂ, ਅਜੇ ਅਸ਼ਾਂਤੀ ਕਾਇਮ ਹੈ, ਨਹੀਂ ਤਾਂ ਸ਼ਾਂਤੀ ਦਾ ਅਨੁਭਵ ਕਿਵੇਂ ਹੋਵੇਗਾ? ਸ਼ਾਂਤੀ ਦਾ ਅਨੁਭਵ ਤਾਂ ਅਸ਼ਾਂਤੀ ਦੀ ਪਿੱਠਭੂਮੀ ਵਿਚ ਹੀ ਹੁੰਦਾ ਹੈ। ਜਿਵੇਂ ਕਿ ਕਾਲੀ ਲਕੀਰ ਖਿੱਚਣੀ ਹੋਵੇ, ਤਾਂ ਸਫੇਦ ਕੱਪੜੇ ਉੱਤੇ ਖਿਚੋ, ਸਫੇਦ ਲਕੀਰ ਖਿੱਚਣੀ ਹੋਵੇ, ਤਾਂ ਕਾਲੇ ਬਲੈਕ-ਬੋਰਡ ਉੱਤੇ ਖਿਚੋ। ਸਫੇਦ ਕੰਧ ਉੱਤੇ ਸਫੇਦ ਲਕੀਰ ਦਿਖਾਈ ਪਏਗੀ? ਨਹੀਂ ਦਿਖਾਈ ਪਏਗੀ। ਸਫੇਦ ਲਕੀਰ ਕਾਲੀ ਕੰਧ ਉੱਤੇ ਦਿਖਾਈ ਪੈ ਸਕਦੀ ਹੈ

ਜੇ ਤੁਹਾਨੂੰ ਲਗਦਾ ਹੈ ਕਿ ਬੜੀ ਸ਼ਾਂਤੀ ਆ ਰਹੀ ਹੈ, ਤਾਂ ਅੰਦਰ ਅਸ਼ਾਂਤੀ ਦੀ ਕੰਧ ਅਜੇ ਮੌਜੂਦ ਹੈ। ਨਹੀਂ ਤਾਂ ਸ਼ਾਂਤੀ ਦਿਖਾਈ ਨਹੀਂ ਪੈ ਸਕਦੀ। ਉਸਦਾ ਪਤਾ ਹੀ ਨਹੀਂ ਲਗੇਗਾ। ਸ਼ਾਂਤੀ ਦਾ ਪਤਾ ਲਗਣਾ ਵੀ, ਅਸ਼ਾਂਤ ਆਦਮੀ ਦਾ ਹੀ ਹਿੱਸਾ ਹੈ। ਇਹ ਜ਼ਰਾ ਜਟਲ ਹੈ ਮਾਮਲਾ। ਕਿਉਂਕਿ ਸਾਨੂੰ ਲਗਦਾ ਹੈ ਕਿ ਅਸ਼ਾਂਤ ਆਦਮੀ ਨੂੰ ਅਸ਼ਾਂਤੀ ਦਾ ਪਤਾ ਲਗਦਾ

ਹੈ। ਪਰ ਇਹ ਵੀ ਉਸਨੂੰ ਇਸਲਈ ਲਗਦਾ ਹੈ ਕਿ ਉਸਨੂੰ ਵੀ ਸ਼ਾਂਤੀ ਦਾ ਕੁਝ ਅਨੁਭਵ ਹੈ, ਨਹੀਂ ਤਾਂ ਉਸਨੂੰ ਵੀ ਅਸ਼ਾਂਤੀ ਦਾ ਪਤਾ ਨਹੀਂ ਲਗ ਸਕਦਾ ਹੈ। ਜੇ ਤੁਹਾਨੂੰ ਲਗਦਾ ਹੈ ਕਿ ਤੁਸੀਂ ਬਹੁਤ ਅਸ਼ਾਂਤ ਹੋ, ਤਾਂ ਇਸਲਈ ਲਗਦਾ ਹੈ ਕਿ ਕਦੇ ਇਕਨਾਂ ਛਿਨਾਂ ਵਿਚ ਸ਼ਾਂਤੀ ਵੀ ਤੁਹਾਨੂੰ ਮਿਲਦੀ ਹੈ; ਨਹੀਂ ਤਾਂ ਤੋਲੋਗੇ ਕਿਵੇਂ?

ਤੁਹਾਨੂੰ ਲਗਦਾ ਹੈ ਕਿ ਤੁਸੀਂ ਬੀਮਾਰ ਹੋ; ਕਿਉਂਕਿ ਤੁਹਾਨੂੰ ਤੰਦਰੁਸਤੀ ਦਾ ਅਨੁਭਵ ਹੈ, ਥੋੜ੍ਹਾ-ਜਿਹਾ ਹੀ ਸਹੀ। ਅਤੇ ਕਿਸੇ ਆਦਮੀ ਨੂੰ ਜੇਕਰ ਪਤਾ ਲਗਣ ਲਗੇ ਕਿ ਮੈਂ ਬਿਲਕੁਲ ਤੰਦਰੁਸਤ ਹਾਂ, ਮੈਂ ਬਿਲਕੁਲ ਸਿਹਤਮੰਦ ਹਾਂ, ਤਾਂ ਸਮਝਣਾ ਕਿ ਬੀਮਾਰੀ ਕਾਇਮ ਹੈ। ਕਿਉਂਕਿ ਇਹ ਕਿਵੇਂ ਪਤਾ ਲਗੇਗਾ? ਪਰਮ ਸਿਹਤਯਾਬੀ ਤਾਂ ਉਸ ਦਿਨ ਵਾਪਰਦੀ ਹੈ, ਜਿਸ ਦਿਨ ਬੀਮਾਰੀ ਦਾ ਤਾਂ ਪਤਾ ਲਗਦਾ ਹੀ ਨਹੀਂ, ਤੰਦਰੁਸਤੀ ਦਾ ਵੀ ਪਤਾ ਨਹੀਂ ਲਗਦਾ; ਕਿਉਂਕਿ ਤੰਦਰੁਸਤੀ ਦਾ ਪਤਾ ਲਗਣ ਵਿਚ ਵੀ ਦੋਸ਼ ਹੈ।

ਪੂਰਨ ਸ਼ਾਂਤੀ ਉਸ ਦਿਨ ਵਾਪਰਦੀ ਹੈ, ਜਿਸ ਦਿਨ ਸ਼ਾਂਤੀ ਦਾ ਵੀ ਪਤਾ ਨਹੀਂ ਲਗਦਾ ਹੈ।

ਤੁਸੀਂ ਬੁੱਧ ਤੋਂ ਪੁਛੋਗੇ ਤਾਂ ਉਹ ਇਹ ਨਹੀਂ ਕਹਿਣਗੇ ਕਿ ਮੈਂ ਸ਼ਾਂਤ ਹਾਂ। ਉਹ ਕਹਿਣਗੇ ਕਿ ਕੁਝ ਪਤਾ ਹੀ ਨਹੀਂ ਲਗਦਾ ਕਿ ਸ਼ਾਂਤ ਹਾਂ ਕਿ ਅਸ਼ਾਂਤ ਹਾਂ; ਕਿ ਸ਼ਾਂਤੀ ਕੀ ਅਸ਼ਾਂਤੀ ਕੀ। ਇਹ ਵੀ ਪਤਾ ਨਹੀਂ ਲਗਦਾ ਕਿ ਮੈ ਹਾਂ, ਕਿ ਨਹੀਂ ਹਾਂ। ਕਿ ਮੇਰਾ ਹੋਣਾ ਅਤੇ ਨਾਂ-ਹੋਣਾ ਕੀ, ਕੁਝ ਵੀ ਪਤਾ ਨਹੀਂ।

ਜਦ ਤਕ ਇਹ ਤ੍ਰਿਪਤੀ ਹੈ, ਤਦ ਤਕ ਸਮਝਣਾ ਕਿ ਅਜੇ ਅਣਤ੍ਰਿਪਤੀ ਕਾਇਮ ਹੈ। ਅਤੇ ਅਜੇ ਬੈਠ ਨਾ ਜਾਣਾ, ਅਤੇ ਯਾਤਰਾ ਜਾਰੀ ਰਖਣਾ। ਜਿਸ ਦਿਨ ਤ੍ਰਿਪਤੀ ਵੀ ਪ੍ਰਤੀਤ ਨਾ ਹੋਵੇ, ਉਸ ਦਿਨ ਅਣ-ਤ੍ਰਿਪਤੀ ਨੂੰ ਛਡਿਆ ਜਾ ਸਕਦਾ ਹੈ। ਛੁੱਟ ਹੀ ਗਈ। ਉਸ ਦਿਨ ਫਿਰ ਕਿਤੇ ਜਾਣ ਨੂੰ ਨਹੀਂ ਬਚਿਆ। ਤੁਸੀਂ ਪਹੁੰਚ ਗਏ ਉਥੇ, ਜਿਥੇ ਪਹੁੰਚਣਾ ਤੁਹਾਡੀ ਪ੍ਰਾਲਬਧ ਸੀ। ਵਾਪਰ ਗਿਆ ਉਹ। ਜੋ ਬੀਜ ਤੁਹਾਡੇ ਵਿਚ ਛੁਪਿਆ ਸੀ, ਉਹ ਫੁੱਲ ਬਣ ਗਿਆ। ਖੁਲ੍ਹ ਗਏ, ਫੈਲ ਗਏ, ਪਸਰ ਗਏ, ਬ੍ਰਹਮ ਹੋ ਗਏ।

'ਤੇਰਾ ਦੀਪ ਹਿਰਨ ਦੇ ਵਾਂਗ ਹੈ ਅਤੇ ਤੇਰੇ ਵਿਚਾਰ ਕੁੱਤੇ ਹਨ ਜੋ ਜੀਵਨ ਦੀ ਨਦੀ ਵਲ ਉਸਦੀ ਯਾਤਰਾ ਦਾ ਪਿਛਾ ਕਰਕੇ ਉਸਦੀ ਪੇਸ਼ਕਦਮੀ ਨੂੰ ਰੋਕਦੇ ਹਨ। ਉਸ ਹਿਰਨ ਦੇ ਲਈ ਸ਼ੋਕ ਹੈ, ਜਿਸਨੂੰ ਭੌਂਕਦੇ ਕੁੱਤੇ ਉਸਦੇ ਧਿਆਨ-ਮਾਰਗ ਨਾਂ ਦੇ ਸ਼ਰਨ-ਅਸਥਾਨ 'ਤੇ ਪੁੱਜਣ ਤੋਂ ਪਹਿਲਾਂ ਹੀ ਮਾਤ ਕਰ ਦਿੰਦੇ ਹਨ।'

ਜਿਵੇਂ ਕੋਈ ਸ਼ਿਕਾਰੀ ਜਾਂ ਸ਼ਿਕਾਰੀ ਕੁੱਤੇ ਇਕ ਹਿਰਨ ਦਾ ਪਿਛਾ ਕਰ ਰਹੇ ਹੋਣ, ਤਾਂ ਉਹ ਦੌੜ-ਦੌੜ ਕੇ ਉਸਦੇ ਰਾਹ ਨੂੰ ਰੋਕਦੇ ਹਨ, ਚਾਰ-ਚੁਫੇਰੇ ਤੋਂ ਘੇਰ ਕੇ ਉਸਨੂੰ ਨਸ਼ਟ ਕਰ ਦੇਣ ਦੀ ਤਿਆਰੀ ਕਰਦੇ ਹਨ। ਇਹ ਸੂਤਰ ਦ੍ਰਿਸ਼ਟਾਂਤ ਦੇ ਲਈ ਕਹਿੰਦਾ ਹੈ ਕਿ ਤੇਰਾ ਧਿਆਨ ਤਾਂ ਤੇਰਾ ਹਿਰਨ ਹੈ, ਅਤੇ ਤੇਰੇ ਵਿਚਾਰ ਹਨ ਸ਼ਿਕਾਰੀ ਕੁੱਤੇ, ਜੋ ਤੇਰੇ ਧਿਆਨ ਨੂੰ ਹਰ ਪਾਸੇ ਤੋਂ ਰੋਕਦੇ ਹਨ। ਜੇਕਰ ਧਿਆਨ ਨੂੰ ਪਹੁੰਚਣਾ ਹੋਵੇ, ਤਾਂ ਇਹਨਾਂ ਸ਼ਿਕਾਰੀ ਕੁੱਤਿਆਂ ਤੋਂ ਛੁਟਕਾਰਾ ਚਾਹੀਦਾ ਹੈ।

ਲੇਕਿਨ ਅਸੀਂ ਧਿਆਨ ਦੀ ਖੋਜ ਕਰਦੇ ਹਾਂ ਅਤੇ ਇਹਨਾਂ ਵਿਚਾਰਾਂ ਨੂੰ ਵੀ ਆਪਣਾ ਮੰਨਦੇ ਹਾਂ। ਇਸਲਈ ਇਹ ਬੜੇ ਉਪੱਦਰ ਦੀ ਗੱਲ ਹੈ। ਜਿਸਨੂੰ ਧਿਆਨ ਚਾਹੀਦਾ ਹੈ, ਉਸਨੂੰ ਵਿਚਾਰਾਂ ਨਾਲੋਂ ਇਕਮਿਕਤਾ ਤੋੜਨੀ ਪੈਣੀ ਹੈ। ਉਸਨੂੰ ਹੌਲੀ-ਹੌਲੀ ਕਹਿਣਾ ਬੰਦ ਕਰਨਾ ਚਾਹੀਦਾ ਹੈ ਕਿ ਵਿਚਾਰ ਮੇਰੇ ਹਨ।

ਧਿਆਨ ਦੇ ਇਲਾਵਾ ਤੁਹਾਡਾ ਕੁਝ ਵੀ ਨਹੀਂ ਹੈ। ਇਕ ਵੀ ਵਿਚਾਰ ਤੁਹਾਡਾ ਆਪਣਾ ਹੈ ਨਹੀ। ਸਭ ਵਿਚਾਰ ਉਧਾਰੇ ਹਨ। ਮਿਲੇ ਹਨ, ਕਿਸੇ ਨੇ ਦਿਤੇ ਹਨ। ਸਿੱਖਿਆ ਤੋਂ, ਸੰਸਕਾਰ ਤੋਂ, ਸਮਾਜ ਤੋਂ, ਸ਼ਾਸਤਰ ਤੋਂ, ਕਿਤੋਂ ਇਕੱਠੇ ਹੋਏ ਹਨ। ਧੂੜ ਦੀ ਤਰ੍ਹਾਂ ਤੁਹਾਡੇ ਉਤੇ ਜੰਮ ਗਏ ਹਨ, ਜਮਾਏ ਗਏ ਹਨ। ਕੋਈ ਬੱਚਾ ਵਿਚਾਰ ਲੈ ਕੇ ਪੈਦਾ ਨਹੀ ਹੁੰਦਾ, ਅੰਪਰ ਧਿਆਨ ਲੈ ਕੇ ਪੈਦਾ ਹੁੰਦਾ ਹੈ।

ਵਿਚਾਰ ਤਾਂ ਅਸੀਂ ਉਸਨੂੰ ਦਿੰਦੇ ਹਾਂ, ਜ਼ਰੂਰੀ ਹੈ, ਉਪਯੋਗੀ ਹੈ। ਵਿਚਾਰ ਅਸੀਂ ਉਸਨੂੰ ਦਿੰਦੇ ਹਾਂ, ਉਸਦੇ ਧਿਆਨ ਦੀ ਸਮਰੱਥਾ ਤਾਂ ਅੰਦਰ ਹੁੰਦੀ ਹੈ। ਵਿਚਾਰ ਦੀ ਪਰਤ ਚਾਰ-ਚੁਫੇਰੇ ਤੋਂ ਜੰਮ ਜਾਂਦੀ ਹੈ। ਵਡਾ ਹੋ ਕੇ ਉਹ ਇਹ ਭੁੱਲ ਹੀ ਜਾਂਦਾ ਹੈ ਕਿ ਉਸਦੇ ਅੰਦਰ ਧਿਆਨ ਦਾ ਵੀ ਕੋਈ ਕੇਂਦਰ ਹੈ। ਇਸ ਵਿਚਾਰ ਦੇ ਦਾਇਰੇ ਨਾਲ ਹੀ ਉਹ ਆਪਣੇ-ਆਪ ਨੂੰ ਇਕ ਕਰ ਲੈਂਦਾ ਹੈ। ਕਹਿੰਦਾ ਹੈ, ਮੈਂ ਹਿੰਦੂ ਹਾਂ, ਮੁਸਲਮਾਨ ਹਾਂ, ਜੈਨੀ ਹਾਂ, ਈਸਾਈ ਹਾਂ, ਸੋਸ਼ਲਿਸਟ ਹਾਂ, ਕਮਿਊਨਿਸਟ ਹਾਂ। ਕੁਝ ਵਿਚਾਰਾਂ ਦੀ ਪਰਤ ਨਾਲ ਖ਼ੁਦ ਨੂੰ ਜੋੜ ਲੈਂਦਾ ਹੈ ਕਿ ਇਹ ਮੈਂ ਹਾਂ! ਅੜਿੱਚਣ ਖੜ੍ਹੀ ਹੋ ਜਾਂਦੀ ਹੈ।

ਵਿਚਾਰ ਦੀ ਪਰਤ ਬਾਹਰੋਂ ਆਈ ਹੈ, ਇਸਨੂੰ ਚੇਤੇ ਰਖੇ ਧਿਆਨ ਦਾ ਖੋਜੀ। ਕੋਈ ਵਿਚਾਰ ਤੁਹਾਡਾ ਨਹੀਂ ਹੈ। ਚੇਤਨਾ ਤੁਹਾਡੀ ਹੈ, ਚੇਤੰਨ ਤੁਹਾਡਾ ਹੈ, ਧਿਆਨ ਤੁਹਾਡਾ ਹੈ। ਅੰਪਰ ਵਿਚਾਰ ਪਰਾਏ ਹਨ, ਬਾਰੋਡ ਹਨ, ਉਧਾਰੇ ਹਨ। ਉਹਨਾਂ ਨਾਲ ਆਪਣਾ ਸਬੰਧ ਨਾ ਜੋੜਨਾ। ਕਿਉਂਕਿ ਉਹਨਾਂ ਨਾਲ ਸਬੰਧ ਜੋੜ ਲਿਆ, ਤਾਂ ਫਿਰ ਧਿਆਨ ਨਾਲ ਸਬੰਧ ਨਹੀਂ ਜੁੜ ਸਕੇਗਾ। ਧਿਆਨ ਵਲ ਨੂੰ ਚਲਣ ਵਾਲੇ ਵਿਅਕਤੀ ਨੂੰ ਵਿਚਾਰ ਨਾਲੋਂ ਆਪਣਾ ਸਬੰਧ ਜੋੜ ਲੈਣਾ ਚਾਹੀਦਾ ਹੈ। ਅਤੇ ਉਸਨੂੰ ਤਾਂ ਇਕ ਹੀ ਗੱਲ ਖਿਆਲ ਰਖਣੀ ਚਾਹੀਦੀ ਹੈ ਕਿ ਜਨਮ ਦੇ ਨਾਲ ਮੇਰੇ ਅੰਦਰ ਸੀ, ਉਹ ਸੀ ਮਹਿਜ਼ ਚੇਤੰਨਤਾ। ਕਿਉਂਕਿ ਜੇ ਚੇਤਨਾ ਨਾ ਹੁੰਦੀ, ਤਾਂ ਦੂਜੇ ਵਿਚਾਰ ਦੇ ਵੀ ਨਹੀਂ ਸਕਦੇ ਸਨ ਤੁਹਾਨੂੰ।

ਇਕ ਪੱਥਰ ਨੂੰ ਵਿਚਾਰ ਦੇ ਕੇ ਦੇਖਣਾ, ਇਕ ਜਾਨਵਰ ਨੂੰ ਵਿਚਾਰ ਦੇ ਕੇ ਦੇਖਣਾ, ਤਾਂ ਜਾਨਵਰ ਥੋੜ੍ਹੇ-ਜਿਹੇ ਵਿਚਾਰ ਲੈ ਲਵੇਗਾ, ਜਿੰਨੀ ਉਸ ਵਿਚ ਚੇਤਨਾ ਹੈ। ਪੱਥਰ ਬਿਲਕੁਲ ਹੀ ਨਹੀਂ ਲਵੇਗਾ; ਕਿਉਂਕਿ ਉਨੀ ਵੀ ਉਸ ਵਿਚ ਚੇਤਨਾ ਨਹੀਂ ਹੈ। ਆਦਮੀ ਵਿਚਾਰ ਲੈ ਲੈਂਦਾ ਹੈ, ਕਿਉਂਕਿ ਚੇਤਨਾ ਉਸਦੇ ਕੋਲ ਹੈ। ਸ਼ੀਸ਼ਾ ਲੈ ਕੇ ਪੈਦਾ ਹੁੰਦਾ ਹੈ, ਇਸਲਈ ਧੂੜ ਸ਼ੀਸ਼ੇ ਉਤੇ ਇਕੱਠੀ ਹੋ ਜਾਂਦੀ ਹੈ। ਇਹ ਵਿਚਾਰ ਇਕੱਠੇ ਹੋ ਜਾਂਦੇ ਹਨ। ਲੇਕਿਨ ਤੁਹਾਡਾ ਧਿਆਨ ਨਸ਼ਟ ਨਹੀਂ ਹੁੰਦਾ, ਉਹ ਤੁਹਾਡੇ ਵਿਚ ਛੁਪਿਆ ਹੈ। ਜਿਸ ਦਿਨ ਵੀ ਇਸ ਪਰਤ ਤੋਂ ਤੁਸੀਂ ਖ਼ੁਦ ਨੂੰ ਅਲੱਗ ਤੋੜ ਲੈਂਦੇ ਹੋ ਅਤੇ ਪ੍ਰਤੀਤੀ ਕਰ ਲੈਂਦੇ ਹੋ ਕਿ ਵਿਚਾਰ ਮੇਰੇ ਨਹੀਂ ਹਨ।

ਤੁਹਾਡੇ ਵਿਚੋਂ ਬਹੁਤ-ਸਾਰੇ ਲੋਕ ਸੋਚਦੇ ਹਨ ਕਿ ਇਹ ਸਰੀਰ ਮੇਰਾ ਨਹੀਂ, ਇਹ ਸਰੀਰ ਮੇਰਾ ਨਹੀਂ, ਇਹ ਸਰੀਰ ਮੇਰਾ ਨਹੀਂ; ਮੈਂ ਆਤਮਾ ਹਾਂ। ਉਸ ਨਾਲ ਬਹੁਤਾ ਫਾਇਦਾ ਨਹੀਂ ਹੋਵੇਗਾ। ਬਹੁਤਾ ਗਹਿਰਾ ਫਾਇਦਾ ਇਸ ਨਾਲ ਹੋਵੇਗਾ ਕਿ ਕੋਈ ਵਿਚਾਰ ਮੇਰਾ ਨਹੀਂ। ਇਹ ਵਿਚਾਰ ਵੀ, ਕਿ ਸਰੀਰ ਮੇਰਾ ਨਹੀਂ, ਇਹ ਵੀ ਤੁਹਾਡਾ ਹੈ; ਇਹ ਵੀ ਤੁਸੀਂ ਸਿੱਖਿਆ ਹੈ, ਸੁਣਿਆ ਹੈ। ਵਿਚਾਰ-ਮਾਤਰ ਨਾਲੋਂ ਆਪਣਾ ਸਬੰਧ ਨਿਖੇੜ ਲਵੋ, ਅਤੇ ਉਸ ਚੇਤੰਨਤਾ ਵਿਚ ਠਹਿਰਨ ਲਗੋ, ਜੋ ਵਿਚਾਰ ਦੇ ਪਹਿਲਾਂ ਹੈ ਅਤੇ ਵਿਚਾਰ ਦੇ ਬਾਅਦ ਹੈ। ਤਾਂ ਤੁਸੀਂ ਹਿਰਨ ਹੋ ਰਹੇ ਹੋ, ਸ਼ਿਕਾਰੀ ਕੁੱਤਿਆਂ ਤੋਂ ਬਚ ਰਹੇ ਹੋ।

ਇਹ ਪ੍ਰਤੀਤੀ ਲਗਾਤਾਰ ਅੰਦਰ ਬਣੀ ਰਹੇ ਕਿ ਕੋਈ ਵਿਚਾਰ ਮੇਰਾ ਨਹੀਂ, ਵਿਚਾਰ-ਮਾਤਰ ਪਰਾਏ ਹਨ ਅਤੇ ਬਾਹਰੋਂ ਆਏ ਹਨ। ਜੋ ਮੇਰੇ ਅੰਦਰੋਂ ਆ ਰਿਹਾ ਹੈ, ਉਹੀ ਮੇਰਾ ਹੈ। ਜੋ ਮੈਂ ਜਨਮ ਤੋਂ ਪਹਿਲਾਂ ਸੀ, ਅਤੇ ਮੌਤ ਦੇ ਬਾਅਦ ਵੀ ਰਹਾਂਗਾ ਉਹੀ ਮੇਰਾ ਹੈ। ਉਸ ਗਹਿਰੇ ਕੇਂਦਰ ਦੇ ਨਾਲ ਆਪਣੀ ਇਕਮਿਕਤਾ ਨੂੰ ਕਾਇਮ ਕਰਦੇ ਚਲੇ ਜਾਉ, ਤਾਂ ਤੁਹਾਡੇ ਆਸਪਾਸ ਉਹ ਬੰਨ੍ਹ ਉੱਸਰ ਜਾਏਗਾ, ਜਿਸ ਬੰਨ੍ਹ ਨਾਲ ਇਸ ਮੰਦਰ ਦੇ ਨਾਜ਼ਕ ਦੀਪ ਦੀ ਰਾਖੀ ਹੋ ਸਕੇਗੀ। ਨਹੀਂ ਤਾਂ ਸਾਗਰ ਇਸਨੂੰ ਕਦੇ ਵੀ ਡੋਬ ਲੈ ਸਕਦਾ ਹੈ। ਅਤੇ ਚਾਰ-ਚੁਫੇਰੇ ਵਿਚਾਰ ਦਾ ਸਾਗਰ ਹੈ।

ਇਸਲਈ ਸਤਿਗੁਰੂ ਮੈਂ ਉਸਨੂੰ ਕਹਿੰਦਾ ਹਾਂ, ਜੋ ਤੁਹਾਡੇ ਵਿਚਾਰ ਖੋਹ ਲਵੇ, ਤੁਹਾਨੂੰ ਵਿਰਵਾ ਕਰ ਦੇਵੇ, ਖ਼ਾਲੀ ਕਰ ਦੇਵੇ। ਸਤਿਗੁਰੂ ਉਸਨੂੰ ਨਹੀਂ ਕਹਿੰਦਾ, ਜੋ ਤੁਹਾਨੂੰ ਨਵੇਂ ਵਿਚਾਰ ਦੇ ਦੇਵੇ, ਉਸ ਨਾਲ ਤੁਹਾਡਾ ਬੋਝ ਹੋਰ ਵਧ ਜਾਏਗਾ, ਉਂਜ ਹੀ ਤੁਸੀਂ ਕਾਫੀ ਪੀੜਤ ਅਤੇ ਪਰੇਸ਼ਾਨ ਹੋ, ਇਹ ਵਿਚਾਰ ਤੁਹਾਨੂੰ ਹੋਰ ਮੁਸੀਬਤ ਦੇਣਗੇ।

ਬੁੱਧ ਦੇ ਕੋਲ ਇਕ ਨੌਜਵਾਨ ਪੁੱਜਿਆ ਅਤੇ ਉਸਨੇ ਕਿਹਾ ਕਿ ਮੈਂ ਕੁਝ ਸਵਾਲ ਪੁਛਣੇ ਹਨ ਤਾਂ ਬੁੱਧ ਨੇ ਕਿਹਾ ਕਿ ਸਵਾਲਾਂ ਦੇ ਜਵਾਬ ਜੇ ਮੈਂ ਦਿਆਂਗਾ, ਤਾਂ ਤੇਰੇ ਬੋਝ ਨੂੰ ਹੋਰ ਵਧਾ ਦਿਆਂਗਾ। ਜੇ ਤੂੰ ਬੋਝ ਹੀ ਵਧਾਉਣ ਆਇਆ ਹੋਵੇਂ, ਤਾਂ ਗੱਲ ਹੋਰ ਹੈ। ਜੇ ਤੂੰ ਬੋਝ ਹੌਲਾ ਕਰਨਾ ਚਾਹੁੰਦਾ ਹੈਂ, ਤਾਂ ਨਾ ਤਾਂ ਪੁਛ ਤੇ ਨਾ ਜਵਾਬ ਮੰਗ। ਮੇਰੇ ਕੋਲ ਚੁਪਚਾਪ ਰਹਿ; ਸਾਲ-ਭਰ ਰੁਕ, ਸਾਲ-ਭਰ ਮੌਨ ਹੋ, ਸਾਲ-ਭਰ ਧਿਆਨ ਕਰ। ਸਾਲ ਭਰ ਸਵਾਲ-ਜਵਾਬ ਨਹੀਂ, ਸਾਲ-ਭਰ ਵਾਣੀ ਦਾ ਉਪਯੋਗ ਨਹੀਂ, ਸਾਲ-ਭਰ ਸ਼ਬਦ ਦਾ ਸਬੰਧ ਹੀ ਤੋੜ ਦੇ। ਫਿਰ ਸਾਲ-ਭਰ ਪਿਛੋਂ ਮੈਥੋਂ ਪੁਛੀਂ, ਫਿਰ ਮੈਂ ਤੈਨੂੰ ਜਵਾਬ ਦਿਆਂਗਾ।

ਜਦ ਇਹ ਗੱਲ ਕਹੀ ਬੁੱਧ ਨੇ ਇਸ ਨੌਜਵਾਨ ਨੂੰ, ਉਸਦਾ ਨਾਂ ਸੀ ਮੌਲੁੰਕਪੁੱਤ। ਤਾਂ ਸਾਰਿਪੁੱਤ ਇਕ ਹੋਰ ਸੰਨਿਆਸੀ ਬੁੱਧ ਦਾ, ਇਕ ਬਿਰਛ ਦੇ ਹੇਠਾਂ ਬੈਠਾ ਸੀ ਕੋਲ ਹੀ, ਉਹ ਖਿੜਖਿੜਾ ਕੇ ਹਸਣ ਲਗਾ। ਅਤੇ ਉਸਨੇ ਮੌਲੁੰਕਪੁੱਤ ਨੂੰ ਕਿਹਾ, ਸਾਵਧਾਨ! ਤਾਂ ਮੌਲੁੰਕਪੁੱਤ ਬੋਲਿਆ, ਸਮਝ ਨਹੀਂ ਆਉਂਦਾ ਮਾਮਲਾ ਕੀ ਹੈ! ਹੱਸਦਾ ਕਿਉਂ ਹੈ? ਸਾਰਿਪੁੱਤ ਨੇ ਕਿਹਾ, ਫਸ ਨਾ ਜਾਵੀਂ। ਜੇ ਪੁਛਣਾ ਹੋਵੇ, ਤਾਂ ਹੁਣੇ ਪੁਛ ਲਵੀਂ! ਅਸੀਂ ਵੀ ਇਵੇਂ ਫਸ ਗਏ। ਆਏ ਸੀ ਪੁਛਣ, ਇਸ ਆਦਮੀ ਦੀ ਗੱਲ ਮੰਨ ਲਈ; ਚੁੱਪ ਹੋ ਕੇ ਬੈਠ ਗਏ। ਸਾਲ ਬੀਤ ਗਿਆ, ਸਵਾਲ ਵੀ ਖੋ ਗਏ; ਉਹ ਵੀ ਅਸ਼ਾਂਤੀ ਦੇ ਹਿੱਸੇ ਸਨ। ਫਿਰ ਇਹ ਆਦਮੀ ਕਹਿੰਦਾ ਹੈ ਪੁਛੋ। ਪੁਛਣ ਨੂੰ ਹੀ ਨਹੀਂ ਬਚਿਆ ਕੁਝ। ਪੁਛਣਾ ਹੋਵੇ, ਤਾਂ ਹੁਣੇ ਪੁਛ ਲਵੀਂ, ਸਾਲ-ਭਰ ਦਾ ਦਿਲਾਸਾ ਤਾਂ ਝੂਠਾ ਹੈ। ਬੁੱਧ ਨੇ ਕਿਹਾ, ਮੈਂ ਭਰੋਸਾ ਦਿੰਦਾ ਹਾਂ, ਦ੍ਰਿੜ੍ਹ ਰਹਾਂਗਾ ਭਰੋਸੇ ਉੱਤੇ। ਹੁਣ ਤੁਸੀਂ ਹੀ ਨਾ ਪੁਛੋ, ਗੱਲ ਵਖਰੀ ਹੈ।

ਸਾਲ ਬੀਤਿਆ, ਮੌਲੁੰਕਪੁੱਤ ਚੁੱਪ ਰਿਹਾ, ਧਿਆਨ ਕੀਤਾ, ਮੌਨ ਰਿਹਾ, ਵਿਚਾਰ ਨਾਲੋਂ ਸਬੰਧ ਤੋੜਿਆ, ਚੇਤੰਨਤਾ ਨਾਲ ਸਬੰਧ ਜੋੜਿਆ, ਜਾਣਿਆ ਕਿ ਮੈਂ ਉਹੀ ਹਾਂ, ਸਿਰਫ ਹੋਣਾ–ਮਾਤਰ ਹੈ; ਬਾਕੀ ਸਭ ਜੋ ਖ਼ਿਆਲ ਹਨ, ਸ਼ਬਦ ਹਨ, ਜੋੜ ਹਨ, ਧਾਰਨਾਵਾਂ ਹਨ, ਉਹ ਮੇਰੇ ਚਾਰ–ਚੁਫੇਰੇ ਧੂੜ ਦੀ ਤਰ੍ਹਾਂ ਜੰਮ ਗਈਆਂ ਹਨ। ਉਹ ਵਸਤਰ ਤੋਂ ਵਧ ਨਹੀਂ ਹਨ, ਜਿਵੇਂ ਵਸਤਰ ਦੇ ਅੰਦਰ ਨਗਨ ਦੇਹ ਹੈ, ਇਵੇਂ ਵਿਚਾਰਾਂ ਦੇ ਅੰਦਰ ਨਗਨ ਚੇਤਨਾ ਹੈ। ਸਾਲ ਬੀਤਿਆ, ਉਹ ਭੁੱਲ ਹੀ ਗਿਆ ਕਿ ਪੁਛਣ ਦਾ ਦਿਨ ਕਰੀਬ ਆ ਗਿਆ ਹੈ।

ਲੇਕਿਨ ਬੁੱਧ ਨਹੀਂ ਭੁੱਲੇ। ਠੀਕ ਸਾਲ–ਭਰ ਬੀਤਣ 'ਤੇ ਐਨ ਉਸੇ ਦਿਨ, ਉਸੇ ਮਹੂਰਤ ਵਿਚ ਬੁੱਧ ਨੇ ਕਿਹਾ, ਕਿ ਮੌਲੁੰਕਪੁੱਤ ਸਾਲ ਬੀਤ ਗਿਆ, ਹੁਣ ਤੂੰ ਖੜ੍ਹਾ ਹੋ ਜਾ ਅਤੇ ਪੁਛ ਲੈ ਕੀ ਪੁਛਣਾ ਹੈ। ਮੌਲੁੰਕਪੁੱਤ ਹੱਸਣ ਲਗਾ, ਉਸਨੇ ਕਿਹਾ, ਉਹ ਸਾਰਿਪੁੱਤ ਕਿਉਂ ਹੱਸਿਆ ਸੀ, ਹੁਣ ਮੈਂ ਵੀ ਜਾਣਦਾ ਹਾਂ। ਪੁਛਣ ਨੂੰ ਕੁਝ ਬਚਿਆ ਹੀ ਨਹੀਂ। ਅਤੇ ਜਵਾਬਾਂ ਦੀ ਹੁਣ ਕੋਈ ਜ਼ਰੂਰਤ ਨਹੀਂ ਹੈ। ਕਿਉਂਕਿ ਜਵਾਬ ਬਾਹਰ ਦੇ ਹਨ; ਹੋਰ ਧੂੜ ਜੰਮ ਜਾਏਗੀ।

ਚੇਤੰਨਤਾ ਨਾਲ ਸਬੰਧ, ਵਿਚਾਰ ਨਾਲੋਂ ਸਬੰਧ ਨਿਖੇੜ—ਇਹੀ ਬੰਨ੍ਹ ਬਣੇਗਾ, ਤੁਹਾਡੇ ਚਾਰ–ਚੁਫੇਰੇ।

'ਹੇ ਸੁਖ–ਦੁਖ ਦੇ ਜੇਤੂ, ਇਸ ਤੋਂ ਪਹਿਲਾਂ ਕਿ ਤੂੰ ਧਿਆਨ ਮਾਰਗ 'ਚ ਸਥਿਤ ਹੋਵੇਂ ਅਤੇ ਉਸਨੂੰ ਆਪਣਾ ਕਹੇਂ, ਤੇਰੀ ਆਤਮਾ ਨੇ ਪੱਕੇ ਅੰਬ ਜਿਹੀ ਹੋਣਾ ਹੈ—ਦੂਜਿਆਂ ਦੇ ਦੁਖਾਂ ਦੇ ਲਈ ਉਸਦੇ ਚਮਕਦਾਰ ਤੇ ਸੁਨਹਿਰੀ ਗੁੱਦੇ ਦੀ ਤਰ੍ਹਾਂ ਅਤੇ ਆਪਣੀ ਪੀੜ ਤੇ ਸ਼ੋਕ ਦੇ ਲਈ ਉਸਦੀ ਪਥਰੀਲੀ ਗੁਠਲੀ ਦੀ ਤਰ੍ਹਾਂ।'

ਜੀਵਨ ਦਾ ਇਕ ਆਮ ਕੁਦਰਤੀ ਨਿਯਮ ਅਤੇ ਬਿਰਤੀ ਹੈ ਕਿ ਸਾਨੂੰ ਆਪਣੇ ਦੁਖ ਤੋਂ ਪੀੜ ਹੁੰਦੀ ਹੈ ਤੇ ਦੂਜੇ ਦੇ ਸੁਖ ਤੋਂ ਦੁਖ। ਸਹਿਜ ਅਜੇਹਾ ਹੈ, ਤੁਸੀਂ ਕਿੰਨਾ ਹੀ ਜਤਾਉਂਦੇ ਹੋਵੋ ਦੂਜਿਆਂ ਦੇ ਸੁਖ ਵਿਚ ਸੁਖ, ਝੂਠਾ ਹੁੰਦਾ ਹੈ; ਗਹਿਰੇ 'ਚ ਪੀੜ ਹੁੰਦੀ ਹੈ। ਜੇ ਇਹ ਸੱਚ ਹੈ ਕਿ ਦੂਜੇ ਦੇ ਸੁਖ 'ਚ ਪੀੜ ਹੁੰਦੀ ਹੈ—ਜਦ ਤੁਹਾਡੇ ਗੁਆਂਢ ਵਿਚ ਕਿਸੇ ਦਾ ਮਕਾਨ ਵਡਾ ਬਣ ਜਾਂਦਾ ਹੈ, ਤਾਂ ਭਾਵੇਂ ਤੁਹਾਡਾ ਮਿੱਤਰ ਹੋਵੇ ਅਤੇ ਤੁਸੀਂ ਕਹਿੰਦੇ ਹੋਵੋ ਕਿ ਬੜੀ ਖ਼ੁਸ਼ੀ ਹੋਈ ਕਿ ਚੰਗਾ ਮਕਾਨ ਬਣਾ ਲਿਆ; ਲੇਕਿਨ ਆਪਣੇ ਅੰਦਰ ਖੋਜਣਾ, ਉਥੇ ਕੋਈ ਕੰਡਾ ਚੁਭਦਾ ਹੈ, ਕਿਤੇ ਕੋਈ ਦੁਖ ਮਨ ਨੂੰ ਘੇਰਦਾ ਹੈ। ਦੂਜੇ ਦੇ ਸੁਖ ਵਿਚ ਦੁਖ ਹੁੰਦਾ ਹੈ। ਇਸਨੂੰ ਠੀਕ ਤਰ੍ਹਾਂ ਨਾਲ ਸਮਝੋ, ਤਾਂ ਚੰਗਾ ਹੈ; ਇਸਨੂੰ ਝੂਠ ਦਸਣ ਵਿਚ ਕੋਈ ਵੀ ਸਾਰ ਨਹੀਂ ਹੈ। ਅਤੇ ਜੇ ਇਹ ਸੱਚ ਹੈ, ਤਾਂ ਫਿਰ ਦੂਜਿਆਂ ਦੇ ਦੁਖ ਵਿਚ ਤੁਹਾਨੂੰ ਸੁਖ ਹੁੰਦਾ ਹੋਵੇਗਾ।

ਕਦੇ ਦੇਖਣਾ, ਕਿਸੇ ਦੇ ਮਕਾਨ ਵਿਚ ਅੱਗ ਲਗ ਗਈ, ਤੁਸੀਂ ਕਹੋਗੇ, ਇਹ ਗੱਲ ਕੁਝ ਜਚਦੀ ਨਹੀਂ ਹੈ, ਦੂਜੇ ਦੇ ਸੁਖ ਵਿਚ ਹੋ ਸਕਦਾ ਹੈ ਈਰਖਾ ਹੈ, ਪੀੜ ਹੈ, ਲੇਕਿਨ ਦੂਜੇ ਦੇ ਦੁਖ ਵਿਚ ਸੁਖ ਨਹੀਂ ਹੁੰਦਾ ਹੈ, ਮਕਾਨ 'ਚ ਅੱਗ ਲਗਣ ਨਾਲ ਅਸੀਂ ਵੀ ਦੁਖੀ ਹੁੰਦੇ ਹਾਂ। ਪਰ ਜਦ ਕਿਸੇ ਦੇ ਮਕਾਨ ਵਿਚ ਅੱਗ ਲਗਦੀ ਹੈ ਅਤੇ ਤੁਸੀਂ ਹਮਦਰਦੀ ਪਰਗਟ ਕਰਨ ਜਾਂਦੇ ਹੋ, ਤਦ ਜ਼ਰਾ ਅਧਿਐਨ ਕਰਨਾ, ਹਮਦਰਦੀ ਵਿਚ ਕਿੰਨਾ ਮਜ਼ਾ ਆਉਂਦਾ ਹੈ। ਆਏਗਾ ਹੀ। ਲੋਕ ਹਮਦਰਦੀ ਪਰਗਟ ਕਰਨ ਵਿਚ ਬੜਾ ਮਜ਼ਾ ਲੈਂਦੇ ਹਨ। ਮਜ਼ਾ ਕਈ ਤਰ੍ਹਾਂ ਦਾ ਹੈ। ਇਕ ਤਾਂ ਅਸੀਂ ਹਮਦਰਦੀ ਪਰਗਟ ਕਰ ਰਹੇ ਹਾਂ ਅਤੇ ਤੂੰ ਉਸ ਹਾਲਤ ਵਿਚ ਆ ਗਿਆ ਜਿਸ 'ਤੇ ਹਮਦਰਦੀ ਪਰਗਟ ਕੀਤੀ ਜਾ ਰਹੀ ਹੈ; ਤੂੰ ਹੇਠਾਂ, ਅਸੀਂ ਉਪਰ ਹਾਂ। ਤੁਸੀਂ ਕਦੀ ਖ਼ਿਆਲ ਕੀਤਾ ਹੈ ਕਿ ਜਦ ਕੋਈ ਬਹੁਤ ਹਮਦਰਦੀ ਤੁਹਾਡੇ ਪ੍ਰਤੀ ਜਾਹਰ ਕਰਨ ਲਗਦਾ ਹੈ, ਤਾਂ ਤੁਹਾਨੂੰ

ਰਤਾ ਪੀੜ ਹੁੰਦੀ ਹੈ ਕਿ ਅੱਛਾ ਕੋਈ ਗੱਲ ਨਹੀਂ, ਕਦੇ ਭਗਵਾਨ ਸਾਨੂੰ ਵੀ ਮੌਕਾ ਦੇਵੇਗਾ; ਠਹਿਰ ਕੁਝ ਦਿਨ, ਛੇਤੀ ਉਹ ਵੇਲਾ ਆਏਗਾ, ਜਦ ਅਸੀਂ ਵੀ ਹਮਦਰਦੀ ਜਾਹਰ ਕਰ ਸਕਾਂਗੇ। ਅਜੇਹਾ ਵੀ ਕੀ ਹੈ, ਇੰਨਾ ਖੁਸ਼ ਨਾ ਹੋਈ ਜਾ।

ਜੇ ਤੁਸੀਂ ਕਿਸੇ ਦੇ ਪ੍ਰਤੀ ਹਮਦਰਦੀ ਪਰਗਟ ਕਰ ਰਹੇ ਹੋਵੋ, ਅਤੇ ਉਹ ਕਹੇ, ਕਿਉਂ ਫਜ਼ੂਲ ਦੀਆਂ ਗੱਲਾਂ ਕਰ ਰਿਹਾ ਹੈਂ, ਤਾਂ ਤੁਹਾਨੂੰ ਬਹੁਤ ਪੀੜ ਹੁੰਦੀ ਹੈ। ਇਕ ਅਵਸਰ ਖੋਹ ਲਿਆ। ਇਸਨੂੰ ਜ਼ਰਾ ਗਹਿਰੇ 'ਚ ਖੋਜਣਾ, ਕਿਉਂਕਿ ਅਚੇਤਨ ਹੈ। ਜਦ ਤੁਸੀਂ ਹਮਦਰਦੀ ਪਰਗਟ ਕਰਦੇ ਹੋ, ਤਾਂ ਮਨ ਵਿਚ ਰਸ ਆਉਂਦਾ ਹੈ, ਚੰਗਾ ਲਗਦਾ ਹੈ। ਭਾਵੇਂ ਚੇਤਨ ਰੂਪ ਵਿਚ ਤੁਹਾਨੂੰ ਪਤਾ ਵੀ ਨਾ ਹੋਵੇ, ਦੂਜੇ ਦੇ ਸੁਖ ਵਿਚ ਜੇਕਰ ਪੀੜ ਹੁੰਦੀ ਹੈ, ਤਾਂ ਦੂਜੇ ਦੇ ਦੁਖ ਵਿਚ ਪੀੜ ਨਹੀਂ ਹੋ ਸਕਦੀ ਹੈ। ਕਿਵੇਂ ਹੋਵੇਗੀ ? ਆਪਣੇ ਦੁਖ ਵਿਚ ਪੀੜ ਹੁੰਦੀ ਹੈ, ਆਪਣੇ ਸੁਖ ਵਿਚ ਸੁਖ ਹੁੰਦਾ ਹੈ। ਇਹ ਸਹਿਜ ਆਦਮੀ ਜਿਹਾ ਹੈ।

ਇਹ ਸੂਤਰ ਕਹਿੰਦਾ ਹੈ, ਇਸ ਆਦਮੀ ਨੂੰ ਉਲਟਾ ਕਰ ਲੈਣਾ, ਤਾਂ ਹੀ ਅੱਗੇ ਗਤੀ ਹੋਵੇਗੀ। ਇਕ ਸੀਮਾ 'ਤੇ ਆ ਕੇ ਜੇਕਰ ਆਦਮੀ ਇਸ ਬਿਰਤੀ ਨੂੰ ਬਦਲ ਨਾ ਲਵੇ, ਤਾਂ ਸੰਸਾਰ ਦੇ ਬਾਹਰ ਨਹੀਂ ਜਾਂਦਾ ਹੈ। ਇਹ ਸੰਸਾਰ ਦਾ ਨਿਯਮ ਹੈ। ਇਸ ਨਿਯਮ ਨੂੰ ਬਦਲਦਿਆਂ ਹੀ ਤੁਸੀਂ ਸੰਸਾਰ ਦੇ ਬਾਹਰ ਹੋਣਾ ਸ਼ੁਰੂ ਹੋ ਜਾਂਦੇ ਹੋ। ਇਸਦਾ ਮਤਲਬ ਇਹ ਹੋਇਆ ਕਿ ਆਪਣੇ ਦੁਖ ਨੂੰ ਝੱਲਣਾ ਸਿੱਖਣਾ। ਸਿਰਫ ਝੱਲਣਾ ਹੀ ਕਹਿਣਾ ਠੀਕ ਨਹੀਂ, ਸ਼ੁਰੂ ਵਿਚ ਝੱਲਣਾ ਸਿੱਖਣਾ, ਫਿਰ ਜਿਵੇਂ-ਜਿਵੇਂ ਝੱਲਣ ਦੀ ਸਮਰੱਥਾ ਵਧ ਜਾਵੇ, ਤਾਂ ਆਪਣੇ ਦੁਖ ਵਿਚ ਇਕ ਤਰ੍ਹਾਂ ਦਾ ਸੁਖ ਵੀ ਲੈਣਾ ਸਿੱਖਣਾ। ਉਹ ਜ਼ਰਾ ਕਠਨ ਹੈ। ਪਰ ਹੋ ਸਕਦਾ ਹੈ। ਦੂਜੇ ਦੇ ਸੁਖ ਵਿਚ ਦੁਖ ਲੈਣਾ ਬੰਦ ਕਰਨਾ। ਅਤੇ ਜਿਵੇਂ-ਜਿਵੇਂ ਸਮਰੱਥਾ ਵਧਦੀ ਜਾਵੇ, ਦੂਜੇ ਦੇ ਸੁਖ ਵਿਚ ਸੁਖ ਲੈਣਾ ਸ਼ੁਰੂ ਕਰਨਾ। ਦੂਜੇ ਦੇ ਦੁਖ ਵਿਚ ਪੀੜਤ ਹੋਣਾ। ਦੂਜੇ ਦੇ ਦੁਖ ਦੇ ਲਈ ਬਹੁਤ ਨਾਜ਼ਕ ਹੋ ਜਾਣਾ, ਸੰਵੇਦਨਸ਼ੀਲ-ਹੋ ਜਾਣਾ, ਸੈਂਸਿਟਿਵ ਹੋ ਜਾਣਾ ਅਤੇ ਆਪਣੇ ਦੁਖ ਦੇ ਲਈ ਬਹੁਤ ਕਠੋਰ, ਮਜ਼ਬੂਤ ਹੋ ਜਾਣਾ।

ਇਹ ਸੂਤਰ ਕਹਿੰਦਾ ਹੈ, ਦੂਜੇ ਦੇ ਦੁਖਾਂ ਦੇ ਲਈ ਅਜੇਹੇ ਬਣ ਜਾਣਾ, ਜਿਵੇਂ ਅੰਬ ਦਾ ਪੱਕਿਆ ਹੋਇਆ ਫਲ, ਦੂਜਿਆਂ ਦੇ ਦੁਖਾਂ ਲਈ ਅੰਬ ਦਾ ਰਸ, ਅੰਬ ਦਾ ਗੁੱਦਾ ਅਤੇ ਆਪਣੇ ਦੁਖਾਂ ਤੇ ਪੀੜਾਂ ਦੇ ਲਈ ਗੁਠਲੀ ਦੀ ਤਰ੍ਹਾਂ ਮਜ਼ਬੂਤ ਬਣਨਾ, ਅੰਬ ਦੀ ਗੁਠਲੀ ਵਾਂਗ, ਆਪਣੀ ਪੀੜ ਨੂੰ ਝੱਲਣਾ, ਅਤੇ ਆਪਣੀ ਪੀੜ ਨੂੰ ਹੌਲੀ-ਹੌਲੀ ਸਵੀਕਾਰ ਕਰਨਾ ਤੇ ਆਪਣੀ ਪੀੜ ਨੂੰ ਸੁਖਾਵੀਂ ਮਹਿਸੂਸ ਕਰਨਾ।

ਕਠਨ ਹੈ, ਬਹੁਤ, ਅਤੇ ਮਨ ਨੂੰ ਸਮਝ ਵਿਚ ਨਹੀਂ ਆਉਂਦਾ। ਮਨ ਨੂੰ ਸਮਝ ਵਿਚ ਆਏਗਾ ਵੀ ਨਹੀਂ। ਕਿਉਂਕਿ ਮਨ ਉਸ ਨਿਯਮ ਨੂੰ ਮੰਨਦਾ ਹੈ, ਜਿਸ ਵਿਚ ਆਪਣੀ ਪੀੜ ਪੀੜ ਅਤੇ ਦੂਜੇ ਦੀ ਪੀੜ ਪੀੜ ਨਹੀਂ ਹੈ। ਜਿਸ ਵਿਚ ਆਪਣਾ ਸੁਖ ਸੁਖ ਅਤੇ ਦੂਜੇ ਦਾ ਸੁਖ ਸੁਖ ਨਹੀਂ ਹੈ। ਇਸਲਈ ਮਨ ਦੀ ਸਮਝ ਵਿਚ ਨਹੀਂ ਆਏਗਾ। ਐਪਰ ਸਾਧਕ ਜੇਕਰ ਥੋੜ੍ਹੀਆਂ-ਜਿਹੀਆਂ ਚੇਸ਼ਟਾਵਾਂ ਕਰੇ ਤਾਂ ਇਸਦੇ ਅਨੁਭਵ ਹੋਣੇ ਸ਼ੁਰੂ ਹੋ ਜਾਣਗੇ ਅਤੇ ਬੜੇ ਨਿਆਰੇ ਅਨੁਭਵ ਹੋਣਗੇ।

ਜੇਕਰ ਦੂਜੇ ਦੇ ਸੁਖ 'ਚ ਤੁਸੀਂ ਸੁਖ ਮਹਿਸੂਸ ਕਰਨ ਲਗੇ, ਤਾਂ ਤੁਹਾਡਾ ਦੁਖ ਪਹਿਲਾਂ ਤਾਂ ਹਜ਼ਾਰ ਗੁਣਾ ਇਕਦਮ ਘਟ ਹੋ ਜਾਏਗਾ। ਕਿਉਂਕਿ ਸਾਡੇ ਬਹੁਤ ਦੁਖ ਆਪਣੇ ਦੁਖ ਨਹੀਂ ਹਨ, ਦੂਜਿਆਂ ਦੇ ਸੁਖਾਂ ਕਰਕੇ ਹਨ। ਤੁਹਾਡਾ ਝੌਂਪੜਾ ਛੋਟਾ ਹੈ, ਅਜੇਹਾ ਝੌਂਪੜੇ ਦੇ ਕਾਰਨ ਨਹੀਂ ਹੈ; ਕੋਲ ਹੀ ਜੋ ਵਡੇ ਮਕਾਨ ਖੜ੍ਹੇ ਹਨ, ਉਹਨਾਂ ਦੇ ਕਾਰਨ ਹੈ। ਅਤੇ ਤੁਹਾਡੀ

ਪਤਨੀ ਸੁੰਦਰ ਨਹੀਂ ਹੈ, ਅਜੇਹਾ ਤੁਹਾਡੀ ਪਤਨੀ ਦੇ ਨਾਲ ਨਹੀਂ ਹੈ, ਉਹ ਜੋ ਹੋਰਨਾਂ ਦੀਆਂ ਪਤਨੀਆਂ ਸੁੰਦਰ ਹਨ, ਉਸਦੇ ਕਾਰਨ ਹੈ। ਤੁਲਣਾ। ਦੂਜਿਆਂ ਦੇ ਸੁਖ ਨੇ ਚਾਰ–ਚੁਫੇਰਿਉਂ ਘੇਰਿਆ ਹੋਇਆ ਹੈ, ਅਤੇ ਸਭ ਸੁਖੀ ਪ੍ਰਤੀਤ ਹੋ ਰਹੇ ਹਨ, ਸਿਰਫ ਤੁਹਾਨੂੰ ਛਡ ਕੇ। ਦੂਜੇ ਵੀ ਇਹੀ ਮੰਨਦੇ ਹਨ। ਸਭ ਦੀ ਦ੍ਰਿਸ਼ਟੀ ਇਹੀ ਹੈ ਕਿ ਮੈਥੋਂ ਸਿਵਾਇ ਸਾਰਾ ਜਗਤ ਸੁਖੀ ਹੈ। 'ਹੇ ਪਰਮਾਤਮਾ, ਮੇਰੇ 'ਤੇ ਹੀ ਕਿਉਂ ਇੰਨਾ ਨਾਰਾਜ਼ ਹੈਂ! ਮੈਂ ਅਜੇਹਾ ਕੀ ਵਿਗਾੜਿਆ ਹੈ? ਸਭ ਸੁਖੀ ਦਿਖਾਈ ਪੈ ਰਹੇ ਹਨ।' ਇਹ ਸਭ ਕਹਿ ਰਹੇ ਹਨ।

ਦੂਜਿਆਂ ਦਾ ਸੁਖ ਦਿਖਾਈ ਪੈਂਦਾ ਹੈ, ਆਪਣਾ ਦੁਖ ਦਿਖਾਈ ਪੈਂਦਾ ਹੈ।

ਆਪਣਾ ਸੁਖ ਨਹੀਂ ਦਿਸਦਾ, ਦੂਜੇ ਦਾ ਦੁਖ ਨਹੀਂ ਨਜ਼ਰ ਆਉਂਦਾ! ਮਨ ਦੇ ਜਿਸ ਨਿਯਮ ਵਿਚ ਅਸੀਂ ਰਹਿੰਦੇ ਹਾਂ, ਉਥੇ ਇਹੀ ਹੋਵੇਗਾ। ਆਪਣਾ ਸੁਖ ਅਸੀਂ ਮੰਨ ਲੈਂਦੇ ਹਾਂ ਕਿ ਉਸ ਵਿਚ ਕੀ ਸੁਖ ਹੈ? ਹੈ ਹੀ ਕੀ ਉਸ ਵਿਚ? ਜੇ ਤੁਹਾਡੇ ਕੋਲ ਦਸ ਹਜ਼ਾਰ ਰੁਪਏ ਹਨ, ਤਾਂ ਉਸ ਵਿਚ ਕੀ ਸੁਖ ਹੈ? ਦਸ ਹਜ਼ਾਰ ਵੀ ਕੋਈ ਰੁਪਏ ਹਨ? ਉਹ ਤਾਂ ਜਿਸ ਕੋਲ ਦਸ ਰੁਪਏ ਹੋਣ, ਉਸਨੂੰ ਦਿਸ ਰਿਹਾ ਹੈ ਕਿ ਮਜ਼ਾ ਲੈ ਰਹੇ ਹੋ ਦਸ ਹਜ਼ਾਰ ਦਾ। ਅਤੇ ਤੁਸੀਂ ਦਸ ਹਜ਼ਾਰ ਦਾ ਦੁਖ ਲੈ ਰਹੇ ਹੋ! ਕਿਉਂਕਿ ਤੁਸੀਂ ਦਸ ਵਾਲੇ ਨਾਲ ਕਦੇ ਨਹੀਂ ਤੋਲਦੇ ਖ਼ੁਦ ਨੂੰ, ਤੁਸੀਂ ਦਸ ਲੱਖ ਵਾਲੇ ਨਾਲ ਤੋਲ ਰਹੇ ਹੋ।

ਜਿਥੇ ਜਾਣਾ ਹੈ,ਉਥੋਂ ਨਾਲ ਹੀ ਆਦਮੀ ਤੋਲਦਾ ਹੈ। ਤਾਂ ਦਸ ਰੁਪਏ ਵਾਲੇ ਦੀ ਦੁਨੀਆਂ ਵਿਚ ਤਾਂ ਜਾਣਾ ਨਹੀਂ ਹੈ, ਜਾਣਾ ਹੈ ਦਸ ਲੱਖ ਦੀ ਦੁਨੀਆਂ ਵਿਚ, ਤਾਂ ਤੋਲ ਹੈ! ਦਸ ਰੁਪਏ ਵਾਲਾ ਦੁਖੀ ਹੈ, ਦਸ ਹਜ਼ਾਰ ਵਾਲੇ ਦੇ ਕਾਰਨ; ਦਸ ਦੇ ਕਾਰਨ ਨਹੀਂ। ਦਸ ਹਜ਼ਾਰ ਵਾਲਾ ਦੁਖੀ ਹੈ, ਦਸ ਲੱਖ ਵਾਲੇ ਦੇ ਕਾਰਨ। ਦਸ ਲੱਖ ਵਾਲਾ ਦੁਖੀ ਹੈ, ਦਸ ਕਰੋੜ ਵਾਲੇ ਦੇ ਕਾਰਨ।

ਸਭ ਦੁਖੀ ਹਨ—ਆਪਣੇ ਦੁਖ ਦੇ ਕਾਰਨ ਨਹੀਂ, ਦੂਜੇ ਦੇ ਸੁਖ ਦੇ ਕਾਰਨ।

ਅਤੇ ਜਦ ਤਕ ਤੁਹਾਡੀ ਇਹ ਬਿਰਤੀ ਹੈ, ਤਦ ਤਕ ਤੁਸੀਂ ਕਿਵੇਂ ਸੁਖੀ ਹੋ ਸਕਦੇ ਹੋ? ਦਸ ਲੱਖ ਹੋਣ, ਤਾਂ ਵੀ ਦੁਖੀ ਹੋਵੋਗੇ! ਦਸ ਕਰੋੜ ਹੋਣ ਤਾਂ ਵੀ ਦੁਖੀ ਹੋਵੋਗੇ। ਕਿਤੇ ਵੀ ਹੋਵੇ, ਜਿਸ ਮਨ ਨੂੰ ਲੈ ਕੇ ਤੁਸੀਂ ਚੱਲ ਰਹੇ ਹੋ, ਉਹ ਦੁਖ ਪੈਦਾ ਕਰੇਗਾ।

ਸੁਖੀ ਹੋਣ ਦਾ ਉਪਾਅ ਕੁਝ ਹੋਰ ਹੈ। ਦੂਜੇ ਦੇ ਦੁਖ ਜੇਕਰ ਤੁਹਾਨੂੰ ਦਿਖਾਈ ਪੈਣ ਲਗਣ, ਤਾਂ ਤੁਸੀਂ ਸੁਖੀ ਹੋਣਾ ਸ਼ੁਰੂ ਹੋ ਗਏ। ਤਦ ਤੁਹਾਡੇ ਚਾਰ–ਚੁਫੇਰੇ ਸੁਖ ਦਾ ਸਾਗਰ ਨਜ਼ਰ ਆਏਗਾ।

ਮੈਂ ਸੁਣਿਆ ਹੈ, ਇਕ ਫ਼ਕੀਰ ਸੀ ਜੁਨੂੰਨ। ਕੋਈ ਵੀ ਆਦਮੀ ਉਸ ਕੋਲ ਮਿਲਣ ਆਉਂਦਾ, ਤਾਂ ਉਹ ਹੱਸਦਾ ਖਿੜਖਿੜਾ ਕੇ ਅਤੇ ਨੱਚਣ ਲਗਦਾ। ਲੋਕ ਉਸਨੂੰ ਪੁਛਦੇ ਕਿ ਗੱਲ ਕੀ ਹੈ? ਉਹ ਕਹਿੰਦਾ ਇਕ ਤਰਕੀਬ ਮੈਂ ਸਿੱਖ ਲਈ ਹੈ ਸੁਖੀ ਹੋਣ ਦੀ। ਮੈਂ ਹਰ ਆਦਮੀ ਵਿਚ ਉਹ ਕਾਰਨ ਲਭ ਲੈਂਦਾ ਹਾਂ, ਜਿਸ ਨਾਲ ਮੈਂ ਸੁਖੀ ਹੋ ਜਾਵਾਂ। ਇਕ ਆਦਮੀ ਆਇਆ, ਉਸ ਕੋਲ ਇਕ ਅੱਖ ਸੀ, ਜੁਨੂੰਨ ਨੱਚਣ ਲਗ ਪਿਆ। ਇਹ ਕੀ ਮਾਮਲਾ ਹੈ? ਉਸਨੇ ਕਿਹਾ ਕਿ ਤੂੰ ਮੈਨੂੰ ਬੜਾ ਸੁਖੀ ਕਰ ਦਿਤਾ; ਮੇਰੇ ਕੋਲ ਦੋ ਅੱਖਾਂ ਹਨ, ਹੇ ਪ੍ਰਭੂ ਇਸ ਵਿਚ ਤੇਰਾ ਧੰਨਵਾਦ! ਇਕ ਲੰਗੜੇ ਆਦਮੀ ਨੂੰ ਦੇਖ ਕੇ ਉਹ ਸੜਕ ਉਤੇ ਹੀ ਨੱਚਣ ਲਗਾ। ਉਸਨੇ ਕਿਹਾ ਕਿ ਗਜ਼ਬ—ਆਪਣੀ ਕੋਈ ਪਾਤਰਤਾ ਨਹੀਂ ਸੀ, ਦੋ ਲੱਤਾਂ ਦਿਤੀਆਂ ਨੇ!

ਇਕ ਮੁਰਦੇ ਦੀ ਲਾਸ਼—ਮੁਰਦੇ ਨੂੰ ਲੋਕ ਮੜ੍ਹੀਆਂ 'ਤੇ ਲਿਜਾ ਰਹੇ ਸੀ, ਜੁਨੂੰਨ ਨੇ ਕਿਹਾ, ਅਸੀਂ ਅਜੇ ਜਿਊਂਦੇ ਹਾਂ, ਅਤੇ ਕੋਈ ਪਾਤਰਤਾ ਵੀ ਨਹੀਂ ਹੈ। ਕੋਈ ਕਾਰਨ ਨਹੀਂ ਹੈ। ਜੇ ਅਸੀਂ ਮਰ ਗਏ ਹੁੰਦੇ ਇਸ ਆਦਮੀ ਦੀ ਥਾਂ, ਤਾਂ ਕੋਈ ਸ਼ਿਕਾਇਤ ਕਰਨ ਦਾ ਵੀ ਉਪਾਅ ਨਹੀਂ ਸੀ। ਉਸਦੀ ਬੜੀ ਕਿਰਪਾ ਹੈ।

ਸੁਣਿਆ ਹੈ ਮੈਂ ਕਿ ਇਕ ਯਹੂਦੀ ਫ਼ਕੀਰ ਹੋਇਐ, ਹਸੀਦ ਫ਼ਕੀਰ ਬਾਲਸੇਨ। ਇਕ ਈਸਾਈ ਪਾਦਰੀ ਬਾਲਸੇਨ ਦੇ ਗਿਆਨ ਤੋਂ ਪ੍ਰਭਾਵਤ ਸੀ। ਯਹੂਦੀ ਅਤੇ ਈਸਾਈਆਂ 'ਚ ਤਾਂ ਬੜੀ ਦੁਸ਼ਮਣੀ ਸੀ; ਲੇਕਿਨ ਬਾਲਸੇਨ ਆਦਮੀ ਕੰਮ ਦਾ ਹੈ। ਤਾਂ ਕਦੇ-ਕਦੇ ਇਕਾਂਤ ਵਿਚ ਉਸ ਯਹੂਦੀ ਦੇ ਕੋਲ ਈਸਾਈ ਪਾਦਰੀ ਮਿਲਣ ਜਾਂਦਾ ਸੀ। ਇਕ ਦਿਨ ਈਸਾਈ ਪਾਦਰੀ ਨੇ ਪੁਛਿਆ ਕਿ ਤੁਸੀਂ ਯਹੂਦੀਆਂ ਦਾ ਤਰਕ ਕਿਹੋ-ਜਿਹਾ ਹੈ? ਤੁਸੀਂ ਸੋਚਦੇ ਕਿਸ ਢੰਗ ਨਾਲ ਹੋ? ਕਿਉਂਕਿ ਤੁਹਾਡੇ ਸੋਚਣ ਦੇ ਮੁਕਾਬਲੇ ਕੋਈ ਤਰਕ ਨਹੀਂ ਦਿਸਦਾ। ਤੁਸੀਂ ਜਿਸ ਕੰਮ ਵਿਚ ਲਗਦੇ ਹੋ, ਸਫਲ ਹੋ ਜਾਂਦੇ ਹੋ, ਤੁਸੀਂ ਜਿਥੇ ਹੱਥ ਚੁੱਕਦੇ ਹੋ, ਉਥੇ ਹੀ ਸਫਲਤਾ ਪਾਂਦੇ ਹੋ। ਮਿੱਟੀ ਛੋਂਹਦੇ ਹੋ, ਸੋਨਾ ਹੋ ਜਾਂਦੀ ਹੈ। ਤਹਾਡਾ ਕੀ ਤਰਕ ਹੈ? ਵਿਵਸਥਾ ਕੀ ਹੈ ਤੁਹਾਡੀ ਸੋਚਣ ਦੀ?

ਤਾਂ ਬਾਲਸੇਨ ਨੇ ਕਿਹਾ ਕਿ ਇਕ ਕਹਾਣੀ ਤੈਨੂੰ ਸੁਣਾਉਂਦਾ ਹਾਂ।

ਦੋ ਆਦਮੀ ਇਕ ਮਕਾਨ ਦੀ ਚਿਮਨੀ ਰਾਹੀਂ ਅੰਦਰ ਦਾਖਲ ਹੋਏ। ਦੋਹਾਂ ਦੇ ਸਫੇਦ ਕੱਪੜੇ ਪਹਿਨੇ ਹੋਏ ਸੀ। ਚਿਮਨੀ ਧੂੰਏਂ ਨਾਲ ਕਾਲੀ ਸੀ। ਇਕ ਆਦਮੀ ਬਿਲਕੁਲ ਸਾਫ-ਸੁਥਰਾ ਚਿਮਨੀ ਦੇ ਬਾਹਰ ਆਇਆ, ਜ਼ਰਾ ਵੀ ਦਾਗ ਨਹੀਂ। ਦੂਜਾ ਆਦਮੀ ਕਾਲਖ ਨਾਲ ਲਿਬੜਿਆ ਹੋਇਆ ਬਾਹਰ ਨਿਕਲਿਆ, ਇਕ ਵੀ ਥਾਂ ਸਾਫ ਨਹੀਂ ਸੀ ਬਚਿਆ। ਤਾਂ ਮੈਂ ਤੈਥੋਂ ਪੁਛਦਾ ਹਾਂ ਕਿ ਇਹਨਾਂ ਦੋਨਾਂ ਵਿਚੋਂ ਕੌਣ ਇਸ਼ਨਾਨ ਕਰੇਗਾ? ਤਾਂ ਪਾਦਰੀ ਨੇ ਕਿਹਾ, ਇਹ ਵੀ ਕੋਈ ਪੁਛਣ ਦੀ ਗੱਲ ਹੈ? ਕੀ ਤੂੰ ਮੈਨੂੰ ਇੰਨਾ ਮੂੜ੍ਹ ਸਮਝ ਰਖਿਆ ਹੈ? ਜਿਹੜਾ ਕਾਲਾ ਹੋ ਗਿਆ, ਕਾਲਖ ਨਾਲ ਭਰ ਗਿਆ ਹੈ, ਉਹ ਇਸ਼ਨਾਨ ਕਰੇਗਾ। ਬਾਲਸੇਨ ਨੇ ਕਿਹਾ, ਇਹੀ ਯਹੂਦੀ ਦੇ ਤਰਕ ਵਿਚ ਫਰਕ ਹੈ। ਜਿਸ ਆਦਮੀ ਨੇ ਸਫੇਦ ਕੱਪੜੇ ਪਹਿਨੇ ਹੋਏ ਹਨ, ਉਹ ਇਸ਼ਨਾਨ ਕਰੇਗਾ। ਉਸਨੇ ਕਿਹਾ, ਹੱਦ ਹੋ ਗਈ! ਕੀ ਮਤਲਬ—ਸਮਝਾ? ਤਾਂ ਬਾਲਸੇਨ ਨੇ ਕਿਹਾ, ਜਿਹੜੇ ਆਦਮੀ ਨੇ ਸਫੇਦ ਕੱਪੜੇ ਪਹਿਨੇ ਹੋਏ ਹਨ, ਉਹ ਆਪਣੇ ਮਿੱਤਰ ਦੀ ਹਾਲਤ ਦੇਖੇਗਾ ਅਤੇ ਜਿਸਦੇ ਕੱਪੜੇ ਕਾਲੇ ਹੋ ਗਏ ਹਨ, ਉਹ ਆਪਣੇ ਮਿੱਤਰ ਦੀ ਹਾਲਤ ਦੇਖੇਗਾ। ਕਿਉਂਕਿ ਦੁਨੀਆਂ ਵਿਚ ਹਰ ਆਦਮੀ ਦੂਜੇ ਦੀ ਹਾਲਤ ਦੇਖ ਰਿਹਾ ਹੈ। ਇਸਲਈ ਮੈਂ ਕਹਿੰਦਾ ਹਾਂ, ਜਿਸਦੇ ਕੱਪੜੇ ਸਫੇਦ ਹਨ, ਉਹ ਇਸ਼ਨਾਨ ਕਰੇਗਾ; ਕਿਉਂਕਿ ਉਹ ਸਮਝੇਗਾ ਕਿ ਕਿਹੋ-ਜਿਹੀ ਗੰਦੀ ਹਾਲਤ ਹੋ ਰਹੀ ਹੈ, ਚਿਮਨੀ 'ਚੋਂ ਨਿਕਲਣ 'ਤੇ। ਕਿਉਂਕਿ ਲੋਕ ਦੂਜੇ ਨੂੰ ਦੇਖ ਰਹੇ ਹਨ। ਅਤੇ ਉਹ ਜਿਸ ਆਦਮੀ ਨੇ ਕਾਲੇ ਕੱਪੜੇ ਪਹਿਨੇ ਹੋਏ ਹਨ, ਉਹ ਮਜ਼ੇ ਨਾਲ ਘਰ ਚਲਿਆ ਜਾਏਗਾ। ਕਿਉਂਕਿ ਉਹ ਦੇਖੇਗਾ ਕਿ ਹੈਂ, ਗਜਬ ਦੀ ਚਿਮਨੀ ਹੈ, ਇੰਨੀ ਕਾਲਖ, ਪਰ ਨਿਸ਼ਾਨ ਇਕ ਨਹੀਂ ਆਇਆ ਹੈ! ਕਿਉਂਕਿ ਹਰ ਆਦਮੀ ਦੂਜੇ ਨੂੰ ਦੇਖ ਰਿਹਾ ਹੈ।

ਠੀਕ ਕਿਹਾ ਬਾਲਸੇਨ ਨੇ। ਹਰ ਆਦਮੀ ਦੂਜੇ ਨੂੰ ਦੇਖ ਰਿਹਾ ਹੈ, ਅਤੇ ਉਸੇ ਅਧਾਰ 'ਤੇ ਨਿਰਨਾ ਲੈ ਰਿਹਾ ਹੈ। ਤੁਸੀਂ ਦੇਖ ਰਹੇ ਹੋ ਦੂਜੇ ਦਾ ਸੁਖ, ਦੁਖੀ ਹੋ ਰਹੇ ਹੋ; ਉਸਦੇ ਅਧਾਰ 'ਤੇ ਨਿਰਨਾ ਲੈ ਰਹੇ ਹੋ। ਦੇਖੋ ਦੂਜੇ ਦਾ ਸੁਖ ਅਤੇ ਤੁਸੀਂ ਸੁਖੀ

ਹੋਣਾ ਸ਼ੁਰੂ ਹੋ ਜਾਓਗੇ, ਕਿਉਂਕਿ ਤਦ ਤੁਹਾਨੂੰ ਆਪਣਾ ਦੁਖ ਨਹੀਂ ਦਿਖਾਈ ਪਏਗਾ। ਅਤੇ ਨਾ ਸਿਰਫ ਦੇਖਣਾ ਦੂਜੇ ਦਾ ਸੁਖ, ਦੂਜੇ ਦੇ ਸੁਖ ਵਿਚ ਉਤਸਵ ਮਨਾਉਣਾ।

ਇਹ ਜਰਾ ਹੋਰ ਅੱਗੇ ਵਧਾਉਣਾ ਹੈ। ਅਤੇ ਜਿਹੜਾ ਆਦਮੀ ਦੂਜੇ ਦੇ ਸੁਖ ਵਿਚ ਉਤਸਵ ਮਨਾ ਸਕਦਾ ਹੈ, ਉਸਦੇ ਸੁਖ ਦੇ ਅਵਸਰ ਦੀ ਕਮੀ ਨਹੀਂ ਰਹੇਗੀ। ਉਸਨੂੰ ਹਰ ਪਲ ਸੁਖ ਦਾ ਅਵਸਰ ਮਿਲ ਜਾਏਗਾ। ਅਤੇ ਉਤਸਵ ਮਨਾਇਆ ਜਾ ਸਕਦਾ ਹੈ। ਕਿਉਂਕਿ ਤਦ ਹਜ਼ਾਰ ਕਰੋੜ, ਅਰਬ ਲੋਕਾਂ ਦੇ ਸੁਖ, ਤਦ ਤੁਹਾਡੀ ਸੰਪਤੀ, ਸਾਰਿਆਂ ਦੇ ਸੁਖ ਤੁਹਾਡੀ ਮਿਲਕੀਅਤ ਬਣ ਗਏ। ਅਤੇ ਅਜੇਹੀ ਮਨੋਦਸ਼ਾ ਹੋਵੇ, ਤਾਂ ਆਪਣੇ ਦੁਖ ਨੂੰ ਸਵੀਕਾਰ ਕਰਨ ਵਿਚ ਅੜਿੱਚਣ ਨਹੀਂ ਆਏਗੀ। ਸੱਚ ਤਾਂ ਇਹ ਹੈ ਕਿ ਉਹ ਅਲੋਪ ਹੋ ਜਾਏਗਾ। ਅਤੇ ਕਦੀ-ਕਦੀ ਜੇ ਆਏਗਾ ਵੀ, ਤਾਂ ਸੁਆਦ ਬਦਲਣ ਦਾ ਕੰਮ ਕਰੇਗਾ, ਉਸ ਵਿਚ ਵੀ ਰਸ ਆਏਗਾ।

ਕਦੀ-ਕਦੀ ਦੁਖ ਬੁਰਾ ਨਹੀਂ ਹੁੰਦਾ, ਉਸ ਨਾਲ ਜ਼ਰਾ ਸੁਆਦ ਬਦਲਦਾ ਹੈ।

ਜਿਵੇਂ ਕੋਈ ਮਠਿਆਈ ਹੀ ਮਠਿਆਈ ਖਾਵੇ, ਤਾਂ ਤਕਲੀਫ ਹੋ ਜਾਂਦੀ ਹੈ। ਰਤਾ ਨਮਕੀਨ ਚੰਗਾ ਰਹਿੰਦਾ ਹੈ। ਉਵੇਂ-ਉਵੇਂ ਸੁਖ ਦੇ ਦਰਮਿਆਨ ਥੋੜ੍ਹਾ-ਜਿਹਾ ਦੁਖ ਨਵੀਂ ਤਾਜ਼ਗੀ ਦੇ ਜਾਂਦਾ ਹੈ, ਅਤੇ ਸੁਖ ਨੂੰ ਮਹਿਸੂਸ ਕਰ ਲਈ ਜੀਭ ਫਿਰ ਤਿਆਰ ਹੋ ਜਾਂਦੀ ਹੈ।

'ਆਪਣੇ ਦੁਖ ਦੇ ਪ੍ਰਤੀ ਕਠੋਰ, ਦੂਜੇ ਦੇ ਸੁਖ ਦੇ ਪ੍ਰਤੀ ਬਹੁਤ ਸੰਵੇਦਨਸ਼ੀਲ, ਅਜੇਹਾ ਜੋ ਸਾਧ ਲੈਂਦਾ ਹੈ, ਉਹ ਇਸ ਜਗਤ ਦੇ ਬਾਹਰ ਹੋਣਾ ਸ਼ੁਰੂ ਹੋ ਗਿਆ। ਇਹ ਜਗਤ ਫਿਰ ਤੁਹਾਨੂੰ ਨਹੀਂ ਘੇਰ ਸਕੇਗਾ।'

'ਹੰਕਾਰ ਦੇ ਨਾਗਪਾਸ਼ ਤੋਂ ਬਚਣ ਦੇ ਲਈ ਆਪਣੀ ਆਤਮਾ ਨੂੰ ਕਠੋਰ ਬਣਾ, ਉਸਨੂੰ ਵੱਜਰ-ਆਤਮਾ ਨਾਂ ਪਾਣ ਦੇ ਯੋਗ ਬਣਾ।'

'ਕਿਉਂਕਿ ਜਿਸ ਤਰ੍ਹਾਂ ਧਰਤੀ ਦੇ ਧੜਕਦੇ ਹਿਰਦੇ ਦੀ ਗਹਿਰਾਈ ਵਿਚ ਗੱਡਿਆ ਪਿਆ ਹੀਰਾ ਧਰਤੀ ਦੇ ਪ੍ਰਕਾਸ਼ ਦੀਆਂ ਕਿਰਨਾਂ ਨੂੰ ਝਲਕਾ ਨਹੀਂ ਪਾਂਦਾ ਹੈ, ਉਸੇ ਤਰ੍ਹਾਂ ਤੇਰਾ ਮਨ ਅਤੇ ਆਤਮਾ ਹੈ। ਧਿਆਨ-ਮਾਰਗ ਵਿਚ ਡੁੱਬ ਕੇ ਉਸਨੂੰ ਵੀ ਮਾਯਾ ਦੇ ਜਗਤ ਦੀ ਭੁਲੇਖੇ-ਭਰੀ ਸ਼ੂਨਯਤਾ ਨੂੰ ਝਲਕਾਉਣਾ ਨਹੀਂ ਚਾਹੀਦਾ।'

ਇਸ ਜਗਤ ਦੇ ਸਾਰੇ ਹੀ ਨਿਯਮ ਭੁਲੇਖੇ-ਭਰੇ ਹਨ। ਅਤੇ ਜਿਵੇਂ ਕੋਈ ਹੀਰਾ ਜ਼ਮੀਨ ਵਿਚ ਗੱਡਿਆ ਪਿਆ ਹੋਵੇ, ਉਸ ਜ਼ਮੀਨ ਵਿਚ ਗੱਡੇ ਹੋਏ ਹੀਰੇ ਵਿਚ ਫਿਰ ਸੂਰਜ ਦਾ ਕੋਈ ਅਕਸ ਨਹੀਂ ਬਣਦਾ ਹੈ, ਇਵੇਂ ਹੀ ਤੂੰ ਵੀ ਧਿਆਨ ਵਿਚ ਖ਼ੁਦ ਨੂੰ ਗੱਡ ਲੈ, ਤਾਂ ਜੋ ਇਸ ਜਗਤ ਦੇ ਕੋਈ ਅਕਸ ਤੇਰੇ ਵਿਚ ਨਾ ਬਣਨ ਅਤੇ ਜਗਤ ਦਾ ਕੋਈ ਪਰਛਾਵਾਂ ਤੈਨੂੰ ਨਾ ਘੇਰੇ ਅਤੇ ਜਗਤ ਦੇ ਨਿਯਮ ਤੈਨੂੰ ਅੰਦੋਲਤ ਨਾ ਕਰਨ। ਤੂੰ ਆਪਣੇ ਹੀ ਧਿਆਨ ਦੇ ਨਿਯਮਾਂ ਵਿਚ ਜਿਉਂ ਅਤੇ ਉਹਨਾ ਵਿਚ ਹੀ ਡੁੱਬ। ਅਤੇ ਧਿਆਨ ਦੇ ਨਿਯਮ ਜਗਤ ਦੇ ਨਿਯਮ ਤੋਂ ਬਿਲਕੁਲ ਉਲਟ ਹਨ।

ਗਿਆਰਵਾਂ ਪ੍ਰਵਚਨ

ਮਨ ਦੇ ਪਾਰ

ਜਦ ਤੂੰ ਵਿਰਾਗ ਦੀ ਉਸ ਅਵਸਥਾ ਨੂੰ ਪ੍ਰਾਪਤ ਕਰ ਚੁੱਕੇਂਗਾ, ਤਦ ਉਹ ਦੁਆਰ, ਜਿਨ੍ਹਾਂ ਨੂੰ ਤੂੰ ਰਾਹ 'ਤੇ ਚੱਲ ਕੇ ਜਿੱਤਣਾ ਹੈ, ਤੈਨੂੰ ਆਪਣੇ ਅੰਦਰ ਲੈਣ ਦੇ ਲਈ ਆਪਣਾ ਹਿਰਦਾ ਪੂਰੇ-ਦਾ-ਪੂਰਾ ਖੋਲ੍ਹ ਦੇਣਗੇ। ਕੁਦਰਤ ਦੀਆਂ ਵਡੀਆਂ ਤੋਂ ਵਡੀਆਂ ਸ਼ਕਤੀਆਂ ਵੀ ਤਦ ਗਤੀ ਨੂੰ ਨਹੀਂ ਰੋਕ ਸਕਣਗੀਆਂ। ਤਦ ਤੂੰ ਸੱਪਤਵਰਣੀ ਮਾਰਗ ਦਾ ਸੁਆਮੀ ਹੋ ਜਾਏਂਗਾ; ਲੇਕਿਨ, ਓ ਪ੍ਰੀਖਿਆ ਦੇ ਉਮੀਦਵਾਰ! ਉਸ ਤੋਂ ਪਹਿਲਾਂ ਇਹ ਸੰਭਵ ਨਹੀਂ ਹੈ।

ਤਦ ਤਕ ਇਕ ਬਹੁਤ ਕਠਨ ਕੰਮ ਤੂੰ ਕਰਨਾ ਹੈ: ਤੂੰ ਖ਼ੁਦ ਨੂੰ ਇਕੋ ਸਮੇਂ ਸਰਵ-ਵਿਚਾਰ ਵੀ ਮਹਿਸੂਸ ਕਰਨਾ ਹੈ ਅਤੇ ਆਪਣੀ ਆਤਮਾ ਤੋਂ ਸਰਵ-ਵਿਚਾਰਾਂ ਨੂੰ ਬਾਹਰ ਵੀ ਕੱਢਣਾ ਹੈ।

ਤੂੰ ਮਨ ਦੀ ਉਸ ਸਥਿਰਤਾ ਨੂੰ ਪਹੁੰਚਣਾ ਹੈ, ਜਿਸ ਵਿਚ ਤੇਜ਼ ਤੋਂ ਤੇਜ਼ ਹਵਾ ਵੀ ਕਿਸੇ ਪਦਾਰਥਕ ਵਿਚਾਰ ਨੂੰ ਉਸਦੇ ਅੰਦਰ ਦਾਖ਼ਲ ਨਾ ਕਰਾ ਸਕੇ। ਇਸ ਤਰ੍ਹਾਂ ਪੂਰਨ ਸ਼ੁੱਧ ਹੋ ਕੇ ਮੰਦਰ ਨੇ ਸਾਰੇ ਸੰਸਾਰਕ ਕਰਮ, ਸ਼ਬਦ ਤੇ ਪਦਾਰਥਕ ਰੋਸ਼ਨੀ ਤੋਂ ਸੱਖਣਾ ਹੋ ਜਾਣਾ ਹੈ। ਜਿਸ ਤਰ੍ਹਾਂ ਪਾਲੇ ਦੀ ਮਾਰੀ ਤਿਤਲੀ ਦੇਹਲੀ ਉੱਤੇ ਹੀ ਡਿਗ ਕੇ ਢੇਰੀ ਹੋ ਜਾਂਦੀ ਹੈ, ਉਸੇ ਤਰ੍ਹਾਂ ਸਾਰੇ ਪਦਾਰਥਕ ਵਿਚਾਰਾਂ ਨੂੰ ਮੰਦਰ ਦੇ ਸਾਹਮਣੇ ਢੇਰੀ ਹੋ ਜਾਣਾ ਚਾਹੀਦਾ ਹੈ।

ਇਹ ਜੋ ਲਿਖਤ ਹੈ, ਇਸਨੂੰ ਪੜ੍ਹ :

"ਇਸ ਤੋਂ ਪਹਿਲਾਂ ਕਿ ਸਵਰਨ-ਜੋਤਸ਼ਿਖਾ ਸਥਿਰ ਪ੍ਰਕਾਸ਼ ਦੇ ਨਾਲ ਬਲੇ, ਦੀਪ ਨੂੰ ਵਾਯੂਰਹਿਤ ਥਾਂ ਵਿਚ ਸੁਰੱਖਿਅਤ ਰਖਣਾ ਜ਼ਰੂਰੀ ਹੈ।" ਬਦਲਦੀਆਂ ਹਵਾਵਾਂ ਦੇ ਸਾਹਮਣੇ ਹੋ ਕੇ ਪ੍ਰਕਾਸ਼ ਦੀ ਧਾਰਾ ਹਿੱਲਣ ਲਗੇਗੀ। ਅਤੇ ਉਸ ਹਿਲਦੀ ਲਾਟ ਨਾਲ ਆਤਮਾ ਦੇ ਰੋਸ਼ਨ ਮੰਦਰ ਵਿਚ ਭਰਮਾਊ ਕਾਲਾ ਅਤੇ ਸਦਾ ਬਦਲਣ ਵਾਲਾ ਪਰਛਾਵਾਂ ਪੈ ਜਾਏਗਾ।"

ਵਜੂਦ ਦਾ ਇਕ ਗਹਿਰਾ ਨਿਯਮ ਸਮਝ ਲੈਣਾ ਜ਼ਰੂਰੀ ਹੈ। ਦੇਖਿਆ ਵੀ ਹੋਵੇਗਾ ਉਸ ਨਿਯਮ ਨੂੰ ਜ਼ਿੰਦਗੀ ਦੇ ਅਨੇਕਾਂ ਤਜ਼ਰਬਿਆਂ ਵਿਚ, ਪਰ ਸ਼ਾਇਦ ਉਸਦੀ ਸਾਰਭਾਵ ਅੰਤਰ–ਆਤਮਾ ਖ਼ਿਆਲ ਵਿਚ ਨਾ ਆਈ ਹੋਵੇ।

ਇਕ ਜਿਉਂਦਾ ਆਦਮੀ ਨਦੀ ਵਿਚ ਡੁੱਬ ਸਕਦਾ ਹੈ, ਜੇ ਉਸਨੂੰ ਤਰਨਾ ਨਾ ਆਉਂਦਾ ਹੋਵੇ; ਲੇਕਿਨ ਮੁਰਦਾ ਬਿਨਾਂ ਤਰਿਆਂ ਹੀ ਨਦੀ ਤਰ ਜਾਂਦਾ ਹੈ। ਮੁਰਦੇ ਆਦਮੀ ਨੂੰ ਕਿਹੜੀ ਕਲਾ ਆਉਂਦੀ ਹੈ, ਜੋ ਕਿ ਜਿਉਂਦੇ ਆਦਮੀ ਨੂੰ ਨਹੀਂ ਆਉਂਦੀ ਸੀ। ਮੁਰਦਾ ਡੁੱਬਦਾ ਨਹੀਂ, ਨਦੀ ਖ਼ੁਦ ਉਸਨੂੰ ਉਪਰ ਚੁੱਕ ਲੈਂਦੀ ਹੈ। ਯਕੀਨਨ ਹੀ ਜਿਉਂਦਾ ਆਦਮੀ ਕੋਈ ਭੁੱਲ ਕਰ ਰਿਹਾ ਹੈ, ਜੋ ਮੁਰਦਾ ਨਹੀਂ ਕਰ ਰਿਹਾ ਹੈ। ਜਿਉਂਦਾ ਆਦਮੀ ਕੋਈ ਗਲਤੀ ਕਰ ਰਿਹਾ ਸੀ, ਜੋ ਮੁਰਦਾ ਨਹੀਂ ਕਰ ਰਿਹਾ ਹੈ। ਕਿਉਂਕਿ ਮੁਰਦਾ ਕੁਝ ਠੀਕ ਤਾਂ ਨਹੀਂ ਕਰ ਸਕਦਾ, ਮੁਰਦਾ ਕੁਝ ਕਰ ਹੀ ਨਹੀਂ ਸਕਦਾ। ਇੰਨਾ ਹੀ ਹੋ ਸਕਦਾ ਹੈ ਕਿ ਜਿਉਂਦਾ ਆਦਮੀ ਜੋ ਕਰ ਰਿਹਾ ਸੀ, ਉਹ ਮੁਰਦਾ ਨਾ ਕਰ ਰਿਹਾ ਹੋਵੇ, ਅਤੇ ਇਸਲਈ ਨਦੀ 'ਤੇ ਤਰ ਗਿਆ।

ਜਿਉਂਦਾ ਆਦਮੀ ਨਦੀ ਨਾਲ ਲੜ ਰਿਹਾ ਸੀ, ਜਿਉਂਦਾ ਆਦਮੀ ਨਦੀ ਨੂੰ ਦੁਸ਼ਮਣ ਸਮਝ ਰਿਹਾ ਸੀ, ਜਿਉਂਦਾ ਆਦਮੀ ਨਦੀ ਦੇ ਖ਼ਿਲਾਫ਼ ਆਪਣੀਆਂ ਚਾਹਨਾਵਾਂ ਦੇ ਬਲ 'ਤੇ ਕੁਝ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਨਦੀ ਨੇ ਉਸਨੂੰ ਡੋਬ ਦਿਤਾ, ਤੋੜ ਸੁੱਟਿਆ। ਉਲਟੀ ਗੱਲ ਹੋ ਗਈ; ਬਚਣਾ ਚਾਹੁੰਦਾ ਸੀ ਅਤੇ ਮਿਟ ਗਿਆ। ਅਤੇ ਮੁਰਦਾ ਆਪਣੇ–ਆਪ ਨੂੰ ਬਚਾਉਣਾ ਨਹੀਂ ਚਾਹੁੰਦਾ, ਕਿਉਂਕਿ ਮੁਰਦੇ ਕੋਲ ਹੁਣ ਬਚਾਉਣ ਨੂੰ ਕੁਝ ਹੈ ਵੀ ਨਹੀਂ। ਬਚਾਉਣ ਦਾ ਉਪਾਅ ਵੀ ਨਹੀਂ ਹੈ, ਸ਼ਕਤੀ ਵੀ ਨਹੀਂ ਹੈ, ਜੀਵਨ ਵੀ ਨਹੀਂ। ਜੋ ਮੁਰਦਾ ਨਹੀਂ ਬਚਾਉਣਾ ਚਾਹੁੰਦਾ ਖ਼ੁਦ ਨੂੰ, ਨਦੀ ਖ਼ੁਦ ਹੀ ਉਸਨੂੰ ਉਪਰ ਤੈਰਾ ਦਿੰਦੀ ਹੈ ਅਤੇ ਬਚਾ ਲੈਂਦੀ ਹੈ।

ਫਰਾਂਸ ਦੇ ਇਕ ਬਹੁਤ ਵਡੇ ਮਨਸਵਿਦ ਕੁਏ ਨੇ ਇਸ ਨਿਯਮ ਨੂੰ 'ਲਾਂ ਆੱਫ ਰਿਵਰਸ ਇਫੈੱਕਟ' ਕਿਹਾ ਹੈ, ਉਲਟੇ ਨਤੀਜੇ ਦਾ ਨਿਯਮ। ਜੋ ਤੁਸੀਂ ਚਾਹੁੰਦੇ ਹੋ, ਉਸ ਤੋਂ ਉਲਟਾ ਹੋ ਜਾਂਦਾ ਹੈ। ਤੁਹਾਡੇ ਚਾਹੁਣ ਦੇ ਕਾਰਨ ਹੀ ਉਲਟਾ ਹੋ ਜਾਂਦਾ ਹੈ। ਅਤੇ ਸਾਡੀ ਪੂਰੀ ਜ਼ਿੰਦਗੀ ਇਸੇ ਨਿਯਮ ਨਾਲ ਭਰੀ ਹੋਈ ਹੈ। ਸੁਖ ਚਾਹੁੰਦੇ ਹਾਂ, ਦੁਖ ਮਿਲਦਾ ਹੈ। ਸਫਲਤਾ

ਚਾਹੁੰਦੇ ਹਾਂ, ਅਸਫਲਤਾ ਹੱਥ ਲਗ ਜਾਂਦੀ ਹੈ। ਜਿੱਤਣਾ ਚਾਹੁੰਦੇ ਹਾਂ, ਹਾਰ ਦੇ ਸਿਵਾਇ ਕੁਝ ਵੀ ਨਹੀਂ ਹੁੰਦਾ! ਹਰ ਥਾਂ ਜੋ ਅਸੀਂ ਚਾਹੁੰਦੇ ਹਾਂ, ਉਲਟ ਹੁੰਦਾ ਨਜ਼ਰ ਆਉਂਦਾ ਹੈ। ਫਿਰ ਅਸੀਂ ਚੀਕਦੇ ਹਾਂ, ਚਿੱਲਾਂਦੇ ਹਾਂ, ਰੋਂਦੇ ਹਾਂ। ਅਤੇ ਪ੍ਰਾਰਥਨਾ ਵੀ ਕਰਦੇ ਹਾਂ ਕਿ ਹੇ ਪਰਮਾਤਮਾ, ਕੀ ਭੁੱਲ ਹੋ ਰਹੀ ਹੈ, ਕਿਹੜਾ ਕਸੂਰ ਹੈ; ਕਿਹੜੇ ਕਰਮ ਦਾ ਫਲ ਹੈ ਕਿ ਜੋ ਵੀ ਮੈਂ ਚਾਹੁੰਦਾ ਹਾਂ ਉਹ ਨਹੀਂ ਹੁੰਦਾ ਅਤੇ ਉਲਟਾ ਹੋ ਜਾਂਦਾ ਹੈ! ਅਤੇ ਜੋ ਮੈਂ ਕਦੇ ਨਹੀਂ ਚਾਹੁੰਦਾ, ਉਹ ਹੋ ਜਾਂਦਾ ਹੈ! ਅਤੇ ਜੋ ਮੈਂ ਸਦਾ ਚਾਹੁੰਦਾ ਹਾਂ ਤੇ ਜਿਸਦੇ ਲਈ ਮਿਹਨਤ ਕੀਤੀ ਹੈ,ਉਹ ਨਹੀਂ ਹੋ ਪਾਂਦਾ।

ਇਸ ਨਿਯਮ ਨੂੰ ਠੀਕ ਤਰ੍ਹਾਂ ਨਾਲ ਸਮਝ ਲਵੋ।

ਜਦ ਵੀ ਤੁਸੀਂ ਵਜੂਦ ਦੇ ਸਾਹਮਣੇ ਆਪਣੀ ਚਾਹਤ ਰਖਦੇ ਹੋ, ਤਦੇ ਤੁਸੀਂ ਉਸਦੇ ਖ਼ਿਲਾਫ ਹੋ ਜਾਂਦੇ ਹੋ। ਵਜੂਦ ਦੀ ਮਰਜ਼ੀ ਦੇ ਖ਼ਿਲਾਫ ਤੁਸੀਂ ਕੁਝ ਵੀ ਕਰੋਗੇ, ਉਸ ਵਿਚ ਹਾਰੋਗੇ ਅਤੇ ਟੁੱਟੋਗੇ। ਅਤੇ ਸਭ ਚਾਹਤਾਂ ਉਸਦੇ ਖ਼ਿਲਾਫ ਹਨ। ਅਜੇਹੀ ਕੋਈ ਚਾਹਤ ਨਹੀਂ ਹੈ, ਜੋ ਵਜੂਦ ਦੇ ਖ਼ਿਲਾਫ ਨਾ ਹੋਵੇ। ਹੋਵੇਗੀ ਹੀ। ਅਸੀਂ ਤਾਂ ਪਰਮਾਤਮਾ ਨੂੰ ਵੀ ਪ੍ਰਾਰਥਨਾ ਕਰਦੇ ਹਾਂ ਮੰਦਰ ਵਿਚ, ਉਸਦੇ ਹੀ ਖ਼ਿਲਾਫ। ਘਰ 'ਚ ਕੋਈ ਬੀਮਾਰ ਹੈ, ਅਸੀਂ ਪਰਮਾਤਮਾ ਨੂੰ ਕਹਿੰਦੇ ਹਾਂ ਕਿ ਇਸਨੂੰ ਰਾਜ਼ੀ ਕਰ ਦੇ। ਜੇ ਪਰਮਾਤਮਾ ਹੀ ਸਭ–ਕੁਝ ਕਰਦਾ ਹੈ, ਤਾਂ ਇਹ ਬੀਮਾਰੀ ਵੀ ਉਸੇ ਦੀ ਕੀਤੀ ਹੋਈ ਹੈ। ਅਤੇ ਜਦ ਅਸੀਂ ਕਹਿੰਦੇ ਹਾਂ ਕਿ ਇਸਨੂੰ ਠੀਕ ਕਰ ਦੇ, ਤਾਂ ਅਸੀਂ ਇਹ ਕਹਿ ਰਹੇ ਹਾਂ ਕਿ ਅਸੀਂ ਤੈਥੋਂ ਜ਼ਿਆਦਾ ਸਮਝਦਾਰ ਹਾਂ ਅਤੇ ਤੂੰ ਸਾਥੋਂ ਸਲਾਹ ਕਿਉਂ ਨਹੀਂ ਲਈ ਇਸ ਆਦਮੀ ਨੂੰ ਬੀਮਾਰ ਕਰਨ ਤੋਂ ਪਹਿਲਾਂ। ਇਸਨੂੰ ਬਦਲ ਦੇ।

ਸਾਡੀ ਹਰ ਮੰਗ, ਸਾਡੀਆਂ ਸਭ ਪ੍ਰਾਰਥਨਾਵਾਂ, ਅਣ–ਸਵੀਕਾਰਨਾਵਾਂ ਹਨ। ਜੋ ਹੈ, ਉਸਦਾ ਸਾਨੂੰ ਸਵੀਕਾਰ ਨਹੀਂ ਹੈ। ਅਤੇ ਧਿਆਨ ਰਹੇ, ਜੋ ਹੈ, ਉਸਦਾ ਜਦ ਤਕ ਸਾਨੂੰ ਸਵੀਕਾਰ ਨਹੀਂ ਹੈ, ਤਦ ਤਕ ਅਸੀਂ ਜੋ ਵੀ ਚਾਹਾਂਗੇ, ਉਸ ਤੋਂ ਉਲਟਾ ਹੋਵੇਗਾ। ਅਤੇ ਜਿਸ ਦਿਨ ਜੋ ਵੀ ਹੈ, ਉਸਦਾ ਸਾਨੂੰ ਪੂਰਾ ਸਵੀਕਾਰ ਹੈ—ਤਾਂ ਇਸ ਸਵੀਕਾਰ ਨੂੰ ਹੀ ਮੈਂ ਆਸਤਕਤਾ ਕਹਿੰਦਾ ਹਾਂ। ਆਸਤਕਤਾ ਦਾ ਅਰਥ ਈਸ਼ਵਰ ਨੂੰ ਮੰਨ ਲੈਣਾ ਨਹੀਂ ਹੈ, ਕਿਉਂਕਿ ਈਸ਼ਵਰ ਨੂੰ ਮੰਨੇ ਬਿਨਾਂ ਵੀ ਕੋਈ ਆਸਤਕ ਹੋ ਸਕਦਾ ਹੈ। ਅਤੇ ਈਸ਼ਵਰ ਨੂੰ ਮੰਨਦੇ ਹੋਏ ਵੀ ਲੱਖਾਂ ਲੋਕ ਨਾਸਤਕ ਹਨ, ਕਰੋੜਾਂ ਲੋਕ ਨਾਸਤਕ ਹਨ।

ਆਸਤਕਤਾ ਦਾ ਅਰਥ ਹੈ : ਸਰਵ ਸਵੀਕਾਰ ਦਾ ਭਾਵ—ਜੋ ਹੈ, ਉਸਦੇ ਨਾਲ ਰਾਜ਼ੀ ਹੋਣਾ।

ਜਿਵੇਂ ਮੁਰਦਾ ਨਦੀ ਦੇ ਨਾਲ ਵਹਿੰਦਾ ਹੈ ਜਿਥੇ ਨਦੀ ਲੈ ਜਾਵੇ, ਤਾਂ ਨਦੀ ਖ਼ੁਦ ਉਸਨੂੰ ਉਪਰ ਚੁੱਕ ਦਿੰਦੀ ਹੈ। ਅਤੇ ਜਿਸ ਦਿਨ ਕੋਈ ਵਿਅਕਤੀ ਇਸ ਵਜੂਦ ਵਿਚ ਮੁਰਦੇ ਦੇ ਵਾਂਗ ਹੋ ਜਾਂਦਾ ਹੈ, ਜਿਥੇ ਲੈ ਜਾਵੇ ਇਹ ਵਜੂਦ, ਉਸ ਦਿਨ ਇਹ ਵਜੂਦ ਖ਼ੁਦ ਹੀ ਉਸਨੂੰ ਉਠਾ ਦਿੰਦਾ ਹੈ। ਅਤੇ ਜਦ ਤਕ ਵਜੂਦ ਨਾਲ ਕਰਦੇ ਹਾਂ ਖੋਹ–ਖੁਹਾਈ, ਤਦ ਤਕ ਉਸਦੇ ਸਭ ਰਹੱਸ–ਦੁਆਰ ਬੰਦ ਹੁੰਦੇ ਹਨ; ਅਸੀਂ ਇਸ ਯੋਗ ਨਹੀਂ।

ਵੈਰੀ ਦੇ ਲਈ ਵਜੂਦ ਦਾ ਰਹੱਸ ਖੁਲ੍ਹ ਵੀ ਨਹੀਂ ਸਕਦਾ ਹੈ। ਦੁਸ਼ਮਣੀ ਨਾਲ ਇਸ ਦੁਨੀਆਂ ਵਿਚ ਕੀ ਖੁਲ੍ਹਿਆ ਹੈ? ਸਭ ਚੀਜ਼ਾਂ ਬੰਦ ਹੋ ਜਾਂਦੀਆਂ ਹਨ। ਵਜੂਦ ਦੇ ਨਾਲ ਵਜੂਦ ਦੇ ਹਿਰਦੇ ਨੂੰ ਖੋਲ੍ਹਣ ਦੇ ਲਈ ਉਹੀ ਕੁੰਜੀ ਕੰਮ ਆਉਂਦੀ ਹੈ, ਜੋ ਕਿਸੇ ਵੀ ਵਿਅਕਤੀ ਦੇ ਹਿਰਦੇ ਨੂੰ ਖੋਲ੍ਹਣ ਦੇ ਕੰਮ ਆਉਂਦੀ ਹੈ। ਜਦ ਅਸੀਂ ਕਿਸੇ ਵਿਅਕਤੀ ਨੂੰ ਸਵੀਕਾਰ ਕਰ ਲੈਂਦੇ ਹਾਂ ਪ੍ਰੇਮ ਦੇ ਕਿਸੇ ਛਿਨ ਵਿਚ, ਉਸਦਾ ਹਿਰਦਾ ਆਪਣੀ ਸਭ ਸੁਰੱਖਿਆ ਹਟਾ ਲੈਂਦਾ ਹੈ, ਉਸਦਾ ਹਿਰਦਾ ਖੁਲ੍ਹ ਜਾਂਦਾ ਹੈ; ਹੁਣ ਅਸੀਂ ਉਸਦੇ ਹਿਰਦੇ ਵਿਚ ਪ੍ਰਵੇਸ਼ ਕਰ ਸਕਦੇ ਹਾਂ। ਹੁਣ ਸਾਥੋਂ ਉਸਨੂੰ ਕੋਈ ਵੀ ਡਰ ਨਹੀਂ ਹੈ। ਪ੍ਰਾਰਥਨਾ ਦਾ ਇਹੀ ਅਰਥ ਹੈ। ਸ਼ਰਧਾ ਦਾ ਇਹੀ ਅਰਥ ਹੈ। ਗਹਿਰੇ ਪ੍ਰੇਮ ਦਾ ਇਹੀ ਅਰਥ ਹੈ।

ਵਜੂਦ ਤਦੇ ਖੁਲ੍ਹਦਾ ਹੈ ਸਾਡੇ ਸਾਹਮਣੇ, ਆਪਣੇ ਸਭ ਰਹੱਸ ਖੋਲ੍ਹ ਦਿੰਦਾ ਹੈ, ਜਿਸ ਦਿਨ ਪਾਂਦਾ ਹੈ ਕਿ ਹੁਣ ਅਸੀਂ ਸੰਘਰਸ਼ ਨਹੀਂ ਕਰ ਰਹੇ ਹਾਂ, ਵਿਰੋਧ ਨਹੀਂ ਕਰ ਰਹੇ ਹਾਂ; ਹੁਣ ਸਾਡੀ ਕੋਈ ਚਾਹਤ ਨਹੀਂ ਹੈ।

ਹੁਣ ਅਸੀਂ ਇਸ ਸੂਤਰ ਨੂੰ ਸਮਝੀਏ।

'ਜਦ ਤੂੰ ਵਿਰਾਗ ਦੀ ਉਸ ਅਵਸਥਾ ਨੂੰ ਪ੍ਰਾਪਤ ਕਰ ਚੁੱਕੇਂਗਾ, ਤਦ ਉਹ ਦੁਆਰ, ਜਿਨ੍ਹਾਂ ਨੂੰ ਤੂੰ ਰਾਹ 'ਤੇ ਚੱਲ ਕੇ ਜਿੱਤਣਾ ਹੈ, ਤੈਨੂੰ ਆਪਣੇ ਅੰਦਰ ਲੈਣ ਦੇ ਲਈ ਆਪਣਾ ਹਿਰਦਾ ਪੂਰੇ-ਦਾ-ਪੂਰਾ ਖੋਲ੍ਹ ਦੇਣਗੇ।'

ਲੇਕਿਨ ਜਦ ਤੂੰ ਵਿਰਾਗ ਦੀ ਅਵਸਥਾ ਨੂੰ ਪ੍ਰਾਪਤ ਕਰ ਚੁੱਕਾ ਹੋਵੇਂਗਾ! ਵਿਰਾਗ ਦੀ ਅਵਸਥਾ ਦਾ ਅਰਥ ਹੈ, ਜਦ ਤੂੰ ਚਾਹਨਾ ਛਡ ਦਿਤੀ ਹੋਵੇਗੀ। ਜਦ ਤਕ ਤੂੰ ਚਾਹੁੰਦਾ ਹੈਂ, ਅਜੇਹਾ ਹੋਵੇ, ਅਜੇਹਾ ਨਾ ਹੋਵੇ; ਤਦ ਤਕ ਰਾਗ ਹੈ। ਅਤੇ ਜਿਸ ਦਿਨ ਤੂੰ ਕਹਿੰਦਾ ਹੈਂ ਕਿ ਜੋ ਹੋ ਰਿਹਾ ਹੈ ਉਹੀ ਮੈਂ ਚਾਹੁੰਦਾ ਹਾਂ। ਜੋ ਨਹੀਂ ਹੋ ਰਿਹਾ ਹੈ, ਉਹ ਮੈਂ ਨਹੀਂ ਚਾਹੁੰਦਾ ਹਾਂ।

ਅਜੇ ਅਸੀਂ ਕਹਿੰਦੇ ਹਾਂ : ਚਾਹਤ ਮੇਰੀ ਹੈ। ਜੇ ਉਸਦੇ ਮੁਤਾਬਕ ਹੋਵੇ, ਤਾਂ ਮੈਂ ਸੁਖੀ ਹੋਵਾਂਗਾ ਅਤੇ ਖਿਲਾਫ ਹੋਵੇ, ਤਾਂ ਦੁਖੀ ਹੋ ਜਾਵਾਂਗਾ। ਅਸੀਂ ਦੁਖੀ ਹੀ ਹੁੰਦੇ ਹਾਂ, ਸੁਖੀ ਕਦੇ ਵੀ ਨਹੀਂ ਹੁੰਦੇ।

ਵਿਰਾਗ ਦੀ ਅਵਸਥਾ ਦਾ ਅਰਥ ਹੈ ਕਿ ਅਸੀਂ ਪੂਰੀ ਚੀਜ਼ ਨੂੰ ਬਦਲ ਦਿਤਾ। ਹੁਣ ਮੈਂ ਇਹ ਨਹੀਂ ਕਹਿੰਦਾ ਹਾਂ ਕਿ ਮੇਰੀ ਚਾਹਤ ਦੇ ਮੁਤਾਬਕ ਹੋਵੇ। ਹੁਣ ਮੈਂ ਕਹਿੰਦਾ ਹਾਂ, ਜੋ ਵੀ ਹੋਵੇ, ਮੈਂ ਉਸਦੇ ਮੁਤਾਬਕ ਹਾਂ। ਜਾਂ ਜੋ ਵੀ ਹੋਵੇ, ਮੇਰੀ ਚਾਹਤ ਉਸਦੇ ਮੁਤਾਬਕ ਹੈ।

ਵਿਰਾਗ ਦਾ ਅਰਥ ਹੈ ਵਜੂਦ ਤੋਂ ਹੁਣ ਮੇਰੀ ਕੋਈ ਮੰਗ, ਕੋਈ ਉਮੀਦ ਨਹੀਂ ਹੈ, ਹੁਣ ਮੈਂ ਰਾਜ਼ੀ ਹਾਂ। ਜਿਵੇਂ ਵੀ ਹੈ, ਜੋ ਵੀ ਹੈ, ਉਸਦੇ ਨਾਲ ਪੂਰੀ ਤਰ੍ਹਾਂ ਇਕ ਹੋਣ ਦੀ ਮੇਰੀ ਤਿਆਰੀ ਹੈ। ਹੁਣ ਮੇਰਾ ਕੋਈ ਰਾਗ ਨਹੀਂ ਹੈ।

ਇਹ ਸੂਤਰ ਕਹਿੰਦਾ ਹੈ, ਵਿਰਾਗ ਦੀ ਅਜੇਹੀ ਅਵਸਥਾ ਦੇ ਵਾਪਰਨ ਦੀ ਪ੍ਰਕਿਰਤੀ, ਪਰਮਾਤਮਾ ਦੇ ਸਭ ਰਹੱਸ-ਦੁਆਰ ਖੁਲ੍ਹ ਜਾਂਦੇ ਹਨ,ਅਤੇ ਉਹ ਜੋ ਬੰਦ-ਦੁਆਰ ਸਨ, ਆਪਣੇ ਵਿਚ ਲੈ ਲੈਣ ਨੂੰ ਪੂਰੀ ਤਰ੍ਹਾਂ ਰਾਜ਼ੀ ਹੋ ਜਾਂਦੇ ਹਨ।

ਬਹੁਤ ਕੁਝ ਬੰਦ ਹੈ, ਸਾਡੇ ਚਾਰ-ਚੁਫੇਰੇ ਕੰਧਾਂ ਹਨ, ਦੁਆਰ ਨਹੀਂ। ਅਤੇ ਉਹ ਕੰਧਾਂ ਸਾਡੇ ਕਾਰਨ ਹਨ, ਕਿਉਂਕਿ

ਅਸੀਂ ਇੰਨੇ ਜ਼ੋਰ ਨਾਲ ਸੰਘਰਸ਼ ਕਰ ਰਹੇ ਹਾਂ ਉਹਨਾਂ ਨੂੰ ਖੋਲ੍ਹਣ ਦਾ।

ਸੁਆਮੀ ਰਾਮ ਕਿਹਾ ਕਰਦੇ ਸੀ, ਇਕ ਵਾਰ ਅਮਰੀਕਾ ਦੇ ਇਕ ਦਫਤਰ ਵਿਚ ਉਹਨਾਂ ਤੋਂ ਬੜੀ ਭੁੱਲ ਹੋ ਗਈ। ਸੰਨਿਆਸੀ ਸਨ, ਦਰ-ਦਰਵਾਜ਼ਿਆਂ ਦਾ ਕੁਝ ਪਤਾ ਨਹੀਂ ਸੀ। ਜਿਸ ਝੋਪੜੀ 'ਚ ਰਹਿੰਦੇ ਆਏ ਸਨ ਹਿਮਾਲੀਆ ਵਿਚ, ਉਸ 'ਚ ਕੋਈ ਦਰ-ਦਰਵਾਜ਼ਾ ਨਹੀਂ ਸੀ ਵੀ ਨਹੀਂ। ਇਕ ਦਫਤਰ ਵਿਚ ਦਾਖਲ ਹੋਣ ਦੇ ਲਈ ਬੜੇ ਜ਼ੋਰ ਨਾਲ ਉਹਨਾਂ ਨੇ ਧੱਕਾ ਦਿਤਾ-ਬਿਨਾਂ ਦੇਖਿਆਂ ਕਿ ਦਰਵਾਜ਼ੇ 'ਤੇ 'ਪੁਲ' ਲਿਖਿਆ ਹੈ ਜਾਂ 'ਪੁਸ਼', ਆਪਣੇ ਵਲ ਨੂੰ ਖਿਚੋ ਜਾਂ ਧੱਕਾ ਮਾਰੋ ਕੀ ਲਿਖਿਆ ਹੈ, ਇਹ ਦੇਖਿਆ ਨਹੀਂ-ਅਤੇ ਜ਼ੋਰ ਨਾਲ ਧੱਕਾ ਦਿਤਾ। ਦਰਵਾਜ਼ਾ ਨਹੀਂ ਖੁਲ੍ਹਿਆ, ਦਰਵਾਜ਼ਾ ਸਖ਼ਤ ਕੰਧ ਹੋ ਗਿਆ। ਤਦ ਉਹਨਾਂ ਨੇ ਹੇਠਾਂ ਦੇਖਿਆ, ਲਿਖਿਆ ਸੀ ਖਿਚੋ, ਪੁਲ। ਖਿਚਦਿਆਂ ਹੀ ਦੁਆਰ ਖੁਲ੍ਹ ਗਿਆ। ਫਿਰ ਉਹ ਬਹੁਤ ਵਾਰ ਕਿਹਾ ਕਰਦੇ ਸਨ ਕਿ ਪਰਮਾਤਮਾ ਦੇ ਦੁਆਰ ਉੱਤੇ ਵੀ ਪੁਸ਼ ਨਹੀਂ ਲਿਖਿਆ ਹੈ, ਪੁਲ ਲਿਖਿਆ ਹੈ। 'ਧੱਕਾ ਦਿਉ' ਨਹੀਂ ਲਿਖਿਆ ਹੈ-ਖਿਚੋ ਆਪਣੇ ਵਲ।

ਆਪਣੇ ਵਲ ਖਿੱਚਣ ਦੀ ਕਲਾ ਕੀ ਹੈ?

ਆਪਣੇ ਵਲ ਖਿੱਚਣ ਦੀ ਕਲਾ ਸਮਰਪਣ ਹੈ।

ਪਹਾੜ ਉੱਤੇ ਵੀ ਵਰਖਾ ਹੁੰਦੀ ਹੈ, ਲੇਕਿਨ ਪਹਾੜ ਵਰਖਾ ਨੂੰ ਰੋਕ ਨਹੀਂ ਪਾਂਦਾ; ਕਿਉਂਕਿ ਪਹਾੜ ਪਹਿਲਾਂ ਹੀ ਭਰਿਆ ਹੋਇਆ ਹੈ, ਥਾਂ ਵੀ ਨਹੀਂ ਹੈ ਕਿ ਹੁਣ ਕੁਝ ਹੋਰ ਵਰਖਾ ਉਸ 'ਚ ਸਮਾ ਜਾਵੇ। ਹੁੰਦੀ ਹੈ ਪਹਾੜ ਉੱਤੇ ਵਰਖਾ, ਉਤਰ ਆਉਂਦੀ ਹੈ ਹੇਠਾਂ, ਭਰ ਜਾਂਦੀ ਹੈ ਖਾਈਆਂ-ਖੱਡਿਆਂ ਵਿਚ, ਝੀਲਾਂ ਵਿਚ; ਕਿਉਂਕਿ ਝੀਲਾਂ ਖ਼ਾਲੀ ਹਨ, ਖਿੱਚ ਲੈਂਦੀਆਂ ਹਨ।

ਸਮਰਪਣ ਖਿੱਚਦਾ ਹੈ, ਕਿਉਂਕਿ ਜਦ ਤੁਸੀਂ ਅੰਦਰ ਖ਼ਾਲੀ ਹੁੰਦੇ ਹੋ, ਭੁੱਖੇ ਹੁੰਦੇ ਹੋ, ਗ੍ਰਾਹਕ ਹੁੰਦੇ ਹੋ, ਗਰਭ ਬਣ ਜਾਂਦੇ ਹੋ। ਤਦ ਤੁਸੀਂ ਖਿੱਚਣਾ ਸ਼ੁਰੂ ਕਰ ਦਿੰਦੇ ਹੋ, ਉਸ ਖਿਚਾਅ ਵਿਚ ਹੀ ਕੰਧਾਂ, ਦਰਵਾਜ਼ੇ ਬਣ ਜਾਂਦੇ ਹਨ।

ਪ੍ਰੇਮ ਖਿੱਚਦਾ ਹੈ, ਸੰਘਰਸ਼ ਪਰ੍ਹਾਂ ਧੱਕਦਾ ਹੈ, ਸਮਰਪਣ ਖਿੱਚਦਾ ਹੈ, ਸੰਘਰਸ਼ ਪਰ੍ਹਾਂ ਧੱਕਦਾ ਹੈ।

ਅਤੇ ਅਸੀਂ ਸਾਰੇ ਸੰਘਰਸ਼ਰਤ ਹਾਂ। ਉਹੀ ਸਾਡੀ ਤਕਲੀਫ ਹੈ, ਉਹੀ ਸਾਡੀ ਪੀੜ ਹੈ। ਅਤੇ ਅਸੀਂ ਆਪਣੇ ਹੀ ਹੱਥੀਂ ਦਰਵਾਜ਼ੇ ਨੂੰ ਕੰਧ ਬਣਾ ਲਿਆ ਹੈ। ਅਤੇ ਫਿਰ ਛਾਤੀ ਪਿੱਟਦੇ ਹਾਂ, ਸਿਰ ਪਟਕਾਉਂਦੇ ਹਾਂ, ਰੋਂਦੇ ਹਾਂ ਕਿ ਇਹ ਕੀ ਹੋ ਰਿਹਾ ਹੈ-ਕਿੰਨੀ ਮੈਂ ਮਿਹਨਤ ਕਰ ਰਿਹਾ ਹਾਂ, ਦਰਵਾਜ਼ਾ ਖੁਲ੍ਹਦਾ ਨਹੀਂ ਹੈ। ਪਰ ਇਸ ਦਰਵਾਜ਼ੇ 'ਤੇ ਕਦੀਮੀ ਨਿਯਮ ਹੈ ਕਿ ਧੱਕੋ ਨਾ ਖਿਚੋ।

ਅਤੇ ਖਿੱਚਣ ਦੀ ਕਲਾ ਗਹਿਰੀ ਹੈ। ਧੱਕਣਾ ਬਹੁਤ ਅਸਾਨ ਹੈ, ਖਿੱਚਣਾ ਬਹੁਤ ਮੁਸ਼ਕਲ ਹੈ। ਕਿਉਂਕਿ ਧੱਕਣ ਵਿਚ ਹਿੰਸਾ ਹੈ, ਅਤੇ ਹਿੰਸਾ ਸਾਡੇ ਵਿਚ ਕਾਫੀ ਹੈ। ਅਤੇ ਖਿੱਚਣ ਦੇ ਲਈ ਪ੍ਰੇਮ ਚਾਹੀਦਾ ਹੈ, ਅਤੇ ਪ੍ਰੇਮ ਸਾਡੇ ਵਿਚ

ਬਿਲਕੁਲ ਨਹੀਂ ਹੈ। ਧੱਕਣਾ ਅਸਾਨ ਹੈ; ਕਿਉਂਕਿ ਧੱਕਣ ਵਿਚ ਹਮਲਾ ਹੈ ਅਤੇ ਸਾਡਾ ਹੰਕਾਰ ਬਹੁਤ ਹਮਲਾਵਰ ਹੈ। ਖਿੱਚਣਾ ਮੁਸ਼ਕਲ ਹੈ, ਕਿਉਂਕਿ ਖਿੱਚਣ ਵਿਚ ਸਮਰਪਣ ਹੈ ਅਤੇ ਸਾਡਾ ਹੰਕਾਰ ਸਮਰਪਤ ਨਹੀਂ ਹੋਣ ਦਿੰਦਾ।

ਅੱਜ ਹੀ ਕੋਈ ਮਿੱਤਰ ਮੇਰੇ ਕੋਲ ਆਏ ਸਨ ਅਤੇ ਕਹਿ ਰਹੇ ਸਨ ਕਿ ਮੈਂ ਤੁਹਾਥੋਂ ਬਹੁਤ-ਕੁਝ ਸਿੱਖਣਾ ਚਾਹੁੰਦੇ ਹਾਂ, ਪਰ ਸਮਰਪਣ ਨਹੀਂ ਕਰ ਸਕਦਾ ਹਾਂ। ਤਾਂ ਮੈਂ ਉਹਨਾਂ ਨੂੰ ਕਿਹਾ ਕਿ ਨਾ ਕਰੋ, ਅਤੇ ਸਿੱਖਣ ਦੀ ਕੋਸ਼ਿਸ਼ ਕਰਨਾ। ਲੇਕਿਨ ਸਿੱਖ ਨਹੀਂ ਪਾਉਗੇ; ਕਿਉਂਕਿ ਸਿੱਖਣ ਦੀ ਜੋ ਬਿਰਤੀ ਹੈ, ਉਹ ਸਮਰਪਣ ਦੇ ਪਿਛੇ ਫਲਦੀ ਹੈ, ਉਸ ਤੋਂ ਪਹਿਲਾਂ ਨਹੀਂ ਫਲਦੀ।

ਸਮਰਪਣ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਤੁਸੀਂ ਕੁਝ ਦਿਉ, ਤਾਂ ਮੈਂ ਲੈਣ ਨੂੰ ਰਾਜ਼ੀ ਹਾਂ, ਕਿ ਮੈਂ ਖੱਡਾ ਬਣ ਗਿਆ ਹਾਂ, ਜੇ ਵਰਖਾ ਹੋਵੇਗਾ, ਤਾਂ ਮੈਂ ਭਰ ਜਾਵਾਂਗਾ, ਅਤੇ ਝੀਲ ਬਣ ਜਾਏਗੀ। ਇਹ ਗੱਲ ਅਜੇਹੀ ਹੀ ਹੈ, ਜਿਵੇਂ ਕੋਈ ਪਹਾੜ ਕਹੇ ਕਿ ਮੈਂ ਵਰਖਾ ਦੀ ਝੀਲ ਤਾਂ ਬਣਨ ਨੂੰ ਰਾਜ਼ੀ ਹਾਂ, ਪਰ ਖੱਡਾ ਬਣਨ ਨੂੰ ਰਾਜ਼ੀ ਨਹੀਂ ਹਾਂ। ਤਾਂ ਕੀ ਕਰਾਂਗੇ ਅਸੀਂ ਉਸ ਪਹਾੜ ਨੂੰ ਕਿ ਨਾ ਬਣ। ਪਰ ਤਦ ਝੀਲ ਬਣਨ ਦਾ ਖਿਆਲ ਛੱਡ ਦੇ।

ਸਿੱਖਣਾ ਸੰਭਵ ਹੈ, ਜਦ ਕੋਈ ਝੁਕਣ ਨੂੰ ਰਾਜ਼ੀ ਹੋਵੇ। ਅਤੇ ਜਿੰਨਾ ਝੁਕਦਾ ਹੈ, ਉਂਨਾ ਹੀ ਸਿੱਖ ਲੈਂਦਾ ਹੈ। ਅਤੇ ਇਹ ਸਵਾਲ ਵੀ ਨਹੀਂ ਹੈ ਕਿ ਕਿਸਦੇ ਸਾਹਮਣੇ ਝੁਕਣਾ ਹੈ। ਝੁਕਣ ਦੀ ਕਲਾ ਆਉਣੀ ਚਾਹੀਦੀ ਹੈ, ਝੁਕੇ ਹੋਣ ਦਾ ਭਾਵ ਹੋਣਾ ਚਾਹੀਦਾ ਹੈ, ਫਿਰ ਸਭ ਤਰ੍ਹਾਂ ਨਾਲ ਆਦਮੀ ਸਿੱਖ ਲੈਂਦਾ ਹੈ। ਅਤੇ ਇਹ ਸਵਾਲ ਵੀ ਨਹੀਂ ਹੈ ਕਿ ਕੋਈ ਮਹਾਂਗੁਰੂ ਦੇ ਕੋਲ ਹੀ ਸਿੱਖਣ ਜਾਣਾ ਪਏਗਾ। ਅਸਲ ਵਿਚ ਝੁਕਣਾ ਆਉਂਦਾ ਹੋਵੇ, ਤਾਂ ਪੂਰਾ ਵਜੂਦ ਗੁਰੂ ਹੋ ਜਾਂਦਾ ਹੈ। ਅਤੇ ਝੁਕਣਾ ਨਾ ਆਉਂਦਾ ਹੋਵੇ, ਤਾਂ ਪਰਮਾਤਮਾ ਵੀ ਤੁਹਾਡੇ ਸਾਹਮਣੇ ਖੜ੍ਹਾ ਰਹੇ—ਉਹ ਗੁਰੂ ਨਹੀਂ ਹੈ। ਤੁਸੀਂ ਝੁਕ ਕੇ ਕਿਸੇ ਵੀ ਚੀਜ਼ ਨੂੰ ਗੁਰੂ ਬਣਾ ਲੈਂਦੇ ਹੋ। ਅਤੇ ਤੁਸੀਂ ਝੁਕ ਕੇ ਕਿਸੇ ਵੀ ਚੀਜ਼ ਨੂੰ ਦਰਵਾਜ਼ਾ ਕਰ ਦਿੰਦੇ ਹੋ।

ਇਹ ਵਜੂਦ ਆਪਣੀ ਸੰਪਤੀ ਨੂੰ ਲੁਟਾਉਣ ਲਈ ਸਦਾ ਤਿਆਰ ਹੈ; ਜ਼ਰਾ-ਜਿੰਨੀ ਵੀ ਕੰਜੂਸੀ ਨਹੀਂ ਹੈ। ਅਤੇ ਵਜੂਦ ਜ਼ਰਾ-ਵੀ ਕੋਸ਼ਿਸ਼ ਨਹੀਂ ਕਰ ਰਿਹਾ ਹੈ ਕਿ ਤੁਸੀਂ ਵਾਂਝੇ ਰਹਿ ਜਾਵੋ। ਜੇ ਤੁਸੀਂ ਵਾਂਝੇ ਹੋ, ਤਾਂ ਸਮਝਣਾ ਕਿ ਤੁਹਾਡੀ ਹੀ ਕੁਸ਼ਲਤਾ, ਤੁਹਾਡੀ ਹੀ ਕਲਾ, ਤੁਹਾਡੀ ਹੀ ਸਮਝਦਾਰੀ, ਤੁਹਾਡੀ ਹੀ ਬੁੱਧੀਮਾਨੀ ਕਾਰਨ ਰਹੀ ਹੈ। ਧੱਕੇ ਦੇ ਰਹੇ ਹੋ—ਉਥੇ, ਜਿਥੇ ਖਿੱਚਣਾ ਹੈ। ਲੜ ਰਹੇ ਹੋਵੋਗੇ ਉਥੇ, ਜਿਥੇ ਹਾਰਨਾ ਹੀ ਜਿੱਤਣ ਦੀ ਕਲਾ ਹੈ। ਹਰ ਥਾਂ ਜਿੱਤ ਕੇ ਜਿੱਤ ਨਹੀਂ ਮਿਲਦੀ। ਅਤੇ ਜਿੰਨੀ ਗਹਿਰੀ ਹੋਵੇ ਯਾਤਰਾ, ਉਂਨੀ ਹੀ ਮੁਸ਼ਕਲ ਹੋ ਜਾਂਦੀ ਹੈ ਜਿੱਤ—ਜਿੱਤਣ ਦੀ ਆਸ ਨਾਲ। ਕੁਝ ਥਾਈਂ ਤਾਂ ਜਿੱਤਣ ਵਾਲੇ ਬੁਰੀ ਤਰ੍ਹਾਂ ਹਾਰਦੇ ਹਨ।

ਇਕ ਅਨੁਭਵ ਜੋ ਆਮ ਤੌਰ 'ਤੇ ਸਭ ਨੂੰ ਹੈ, ਸ਼ਾਇਦ ਨਹੀਂ ਵੀ ਹੈ, ਪਰ ਹੋ ਸਕਦਾ ਸੀ—ਉਹ ਹੈ ਪ੍ਰੇਮ ਦਾ ਅਨੁਭਵ। ਪ੍ਰੇਮ ਵਿਚ ਜੇ ਕਿਸੇ ਨੇ ਜਿੱਤਣ ਦੀ ਕੋਸ਼ਿਸ਼ ਕੀਤੀ, ਤਾਂ ਉਹ ਪ੍ਰੇਮ ਤੋਂ ਵਿਰਵਾ ਰਹਿ ਜਾਏਗਾ। ਜੇ ਉਸਨੇ ਜ਼ਬਰਦਸਤੀ

ਕੀਤੀ ਤਾਂ ਸਭ ਦੁਆਰ ਬੰਦ ਹੋ ਜਾਣਗੇ ਪ੍ਰੇਮ ਦੇ। ਜੇ ਖੋਹ-ਖੁਹਾਈ ਕੀਤੀ, ਤਾਂ ਕੁਝ ਵੀ ਨਹੀਂ ਮਿਲੇਗਾ: ਉਸਦਾ ਕਾਸਾ ਖ਼ਾਲੀ ਰਹਿ ਜਾਏਗਾ, ਉਹ ਭਿਖਾਰੀ ਹੀ ਮਰੇਗਾ। ਜਿਨ੍ਹਾਂ ਨੂੰ ਪ੍ਰੇਮ ਦੀ ਥੋੜ੍ਹੀ-ਜਿਹੀ ਵੀ ਝਲਕ ਹੈ, ਉਹ ਸਮਝ ਸਕਦੇ ਹਨ ਕਿ ਉਥੇ ਹਾਰ ਜਾਣਾ ਹੀ ਜਿੱਤਣ ਦੀ ਕਲਾ ਹੈ। ਅਤੇ ਜੋ ਜਿੰਨਾ ਹਾਰ ਜਾਂਦਾ ਹੈ, ਉਂਨਾ ਜਿੱਤਿਆ ਹੋਇਆ ਹੋ ਜਾਂਦਾ ਹੈ।

ਪ੍ਰਾਰਥਨਾ ਪ੍ਰੇਮ ਦਾ ਹੀ ਪਸਾਰਾ ਹੈ। ਪੂਜਾ ਪ੍ਰੇਮ ਦਾ ਹੀ ਵਿਰਾਟ ਰੂਪ ਹੈ। ਉਥੇ ਸਮੱਗ੍ਰ ਦੇ ਸਾਹਮਣੇ ਅਸੀਂ ਖ਼ੁਦ ਨੂੰ ਹਾਰਿਆ ਹੋਇਆ ਛਡ ਰਹੇ ਹਾਂ। ਅਸੀਂ ਕਹਿ ਰਹੇ ਹਾਂ ਕਿ ਅਸੀਂ ਹਾਰ ਗਏ, ਅਸੀਂ ਝੁਕਦੇ ਹਾਂ, ਅਸੀਂ ਮਿਟਣ ਨੂੰ ਰਾਜ਼ੀ ਹਾਂ। ਅਤੇ ਜਿਹੜਾ ਮਿਟਣ ਨੂੰ ਰਾਜ਼ੀ ਹੈ, ਉਹ ਕਦੇ ਨਹੀਂ ਮਿਟੇਗਾ। ਅਤੇ ਜਿਹੜਾ ਆਕੜਿਆ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਹ ਹਰ ਪਲ ਮਿਟ ਰਿਹਾ ਹੈ। ਅਤੇ ਖੰਡ੍ਹਰ ਹੁੰਦਾ ਜਾ ਰਿਹਾ ਹੈ। ਜਦ ਕੋਈ ਮਰ ਜਾਂਦਾ ਹੈ, ਨਦੀ ਉਸਨੂੰ ਸੰਭਾਲ ਲੈਂਦੀ ਹੈ; ਅਤੇ ਜਦ ਕੋਈ ਲੜਦਾ ਹੈ, ਤਦ ਉਸਨੂੰ ਡੋਬ ਦਿੰਦੀ ਹੈ। ਇਹ ਵਜੂਦ ਦੀ ਨਦੀ ਦੇ ਸਬੰਧ ਵਿਚ ਖਿਆਲ ਰਹੇ।

'ਵਿਰਾਗ ਦੀ ਅਵਸਥਾ ਜਦ ਤੂੰ ਪ੍ਰਾਪਤ ਕਰ ਚੁਕੇਂਗਾ, ਤਦ ਉਹ ਦੁਆਰ, ਜਿਨ੍ਹਾਂ ਨੂੰ ਤੂੰ ਰਾਹ 'ਤੇ ਚੱਲ ਕੇ ਜਿੱਤਣਾ ਹੈ, ਤੈਨੂੰ ਆਪਣੇ ਅੰਦਰ ਲੈਣ ਦੇ ਲਈ ਆਪਣਾ ਹਿਰਦਾ ਪੂਰੇ-ਦਾ-ਪੂਰਾ ਖੋਲ੍ਹ ਦੇਣਗੇ, ਕੁਦਰਤ ਦੀਆਂ ਵਡੀਆਂ ਤੋਂ ਵਡੀਆਂ ਸ਼ਕਤੀਆਂ ਵੀ ਤਦ ਗਤੀ ਨੂੰ ਰੋਕ ਨਹੀਂ ਸਕਣਗੀਆਂ।

ਅਜੇ ਸਾਨੂੰ ਕੁਦਰਤ ਦੀਆਂ ਛੋਟੀਆਂ ਤੋਂ ਛੋਟੀਆਂ ਸ਼ਕਤੀਆਂ ਵੀ ਖਿੱਚ ਲੈਂਦੀਆਂ ਹਨ। ਕਿਉਂਕਿ ਕੋਈ ਹੋਰ ਵਡਾ ਖਿਚਾਅ ਸਾਡੇ ਅੰਦਰ ਨਹੀਂ ਹੈ, ਜੋ ਸੁਰੱਖਿਆ ਬਣ ਸਕੇ। ਅਜੇ ਨਿਗੂਣੀ ਜਿਹੀ ਗੱਲ ਵੀ ਸਾਨੂੰ ਆਕਰਸ਼ਤ ਕਰ ਲੈਂਦੀ ਹੈ, ਕਿਉਂਕਿ ਸਾਡੇ ਕੋਲ ਵਿਰਾਟ ਤੋਂ ਆਕਰਸ਼ਤ ਹੋਣ ਦੀ ਸਹੂਲਤ, ਰਾਹ, ਦੁਆਰ ਅਜੇ ਬੰਦ ਹੈ।

ਅਸੀਂ ਨਿਗੂਣੇ ਤੋਂ ਪ੍ਰਭਾਵਤ ਵੀ ਇਸਲਈ ਹੁੰਦੇ ਹਾਂ, ਉਸਦਾ ਕਾਰਨ ਕੁੱਲ ਇੰਨਾ ਹੈ ਕਿ ਅਸੀਂ ਵਿਰਾਟ ਤੋਂ ਪ੍ਰਭਾਵਤ ਹੋਣ ਦਾ ਰਾਹ ਹੀ ਬੰਦ ਕਰ ਰਖਿਆ ਹੈ। ਜਾਂ ਤਾਂ ਨਿਗੂਣੇ ਨੂੰ ਪਾਣ ਦੇ ਲਈ ਲੜਦੇ ਹਾਂ, ਜਾਂ ਨਿਗੂਣੇ ਤੋਂ ਛੁਟਣ ਦੇ ਲਈ ਲੜਦੇ ਹਾਂ।

ਇਕ ਵਿਅਕਤੀ ਮੇਰੇ ਕੋਲ ਆਇਆ ਅਤੇ ਕਹਿਣ ਲਗਾ ਕਿ-ਅਤੇ ਵਿਅਕਤੀ ਉਸ ਤਰ੍ਹਾਂ ਦੇ ਆਉਂਦੇ ਹਨ-ਕਿ ਬਸ ਮੈਨੂੰ ਕ੍ਰੋਧ ਤੋਂ ਛੁਟਕਾਰਾ ਚਾਹੀਦਾ ਹੈ। ਮੈਂ ਉਸਨੂੰ ਕਿਹਾ ਕਿ ਕ੍ਰੋਧ ਤੋਂ ਛੁਟਕਾਰਾ ਸਿੱਧਾ ਨਹੀਂ ਹੋ ਸਕਦਾ। ਕ੍ਰੋਧ ਹੁੰਦਾ ਹੀ ਇਸਲਈ ਹੈ ਕਿ ਤੈਨੂੰ ਸ਼ਾਂਤੀ ਦਾ ਕੋਈ ਪਤਾ ਹੀ ਨਹੀਂ ਹੈ। ਅਤੇ ਸ਼ਾਂਤੀ ਦਾ ਤੈਨੂੰ ਪਤਾ ਹੋਣਾ ਸ਼ੁਰੂ ਹੋ ਜਾਵੇ, ਤਾਂ ਕ੍ਰੋਧ ਆਪਣੇ-ਆਪ ਗਿਰੇਗਾ ਤੇ ਸ਼ਾਤ ਹੋ ਜਾਏਗਾ। ਤੂੰ ਕ੍ਰੋਧ ਦੀ ਫਿਕਰ ਛਡ ਦੇ। ਇਸ ਚਿੰਤਾ ਨਾਲ ਵੀ ਕ੍ਰੋਧ ਵਧੇਗਾ, ਘਟੇਗਾ ਨਹੀਂ। ਅਤੇ ਲਗਾਤਾਰ ਖਿਆਲ ਨਾਲ ਕਿ ਕ੍ਰੋਧ ਤੋਂ ਕਿਵੇਂ ਬਚਾਂ, ਤੇਰਾ ਧਿਆਨ ਹੋਰ ਵੀ ਕ੍ਰੋਧ 'ਤੇ ਇਕਾਗਰ ਹੋ ਗਿਆ।

ਅਤੇ ਜਿਥੇ ਚਿੱਤ ਇਕਾਗਰ ਹੋ ਜਾਂਦਾ ਹੈ, ਉਹੀ ਚੀਜ਼ ਸ਼ਕਤੀਸ਼ਾਲੀ ਹੋ ਜਾਂਦੀ ਹੈ।

ਉਹ ਆਦਮੀ ਚੌਵੀ ਘੰਟੇ ਕੋਸ਼ਿਸ਼ ਕਰ ਰਿਹਾ ਹੈ ਕਿ ਕਿਤੇ ਕ੍ਰੋਧ ਨਾ ਹੋ ਜਾਵੇ, ਅਤੇ ਚੌਵੀ ਘੰਟੇ ਕ੍ਰੋਧ ਵਿਚ ਉਲਝਿਆ ਹੋਇਆ ਹੈ। ਅਤੇ ਦਿਨ-ਭਰ ਬਚਾ-ਬਚਾ ਕੇ ਕਿਸੇ ਤਰ੍ਹਾਂ ਸੰਭਾਲ ਪਾਂਦਾ ਹੈ। ਸੰਭਾਲ ਕੀ ਪਾਂਦਾ ਹੈ, ਉਹ ਜੋ ਦਿਨ 'ਚ ਅਲੱਗ-ਅਲੱਗ ਫੁੱਟ ਕੇ ਕ੍ਰੋਧ ਨਿਕਲਦਾ ਹੈ, ਉਹ ਇਕੱਠਾ ਹੋ ਜਾਂਦਾ ਹੈ ਅਤੇ ਸ਼ਾਮ-ਸਵੇਰੇ ਕਦੇ ਨਾ ਕਦੇ ਉਹ ਫੁੱਟ ਪੈਂਦਾ ਹੈ। ਇਹ ਕ੍ਰੋਧ ਹੋਰ ਖ਼ਤਰਨਾਕ ਹੋ ਗਿਆ; ਇਸ ਨਾਲੋਂ ਤਾਂ ਛੋਟਾ-ਛੋਟਾ ਨਿਕਲ ਜਾਣਾ ਬਿਹਤਰ ਸੀ, ਘਟ ਘਾਤਕ ਸੀ। ਇਹ ਜੋ ਜ਼ਹਿਰ ਇਕੱਠਾ ਹੋ ਕੇ ਨਿਕਲਿਆ, ਬਹੁਤ ਭਿਆਨਕ ਹੋ ਗਿਆ। ਅਤੇ ਇਸ ਦੀਆਂ ਹੀ ਲਪਟਾਂ ਬਣ ਜਾਂਦੀਆਂ ਹਨ।

ਤੁਹਾਨੂੰ ਸ਼ਾਇਦ ਪਤਾ ਨਾ ਹੋਵੇ, ਜਿਹੜੇ ਲੋਕ ਹੌਲੀ-ਹੌਲੀ ਰੋਜ਼ ਕ੍ਰੋਧ ਕਰਦੇ ਹਨ, ਉਹ ਕਦੇ ਕੋਈ ਉਪੱਦਰ ਖੜ੍ਹਾ ਨਹੀਂ ਕਰ ਪਾਂਦੇ ਹਨ। ਤੁਸੀਂ ਪੱਕਾ ਸਮਝੋ ਕਿ ਉਹ ਕਿਸੇ ਦੀ ਹੱਤਿਆ ਨਹੀਂ ਕਰ ਸਕਦੇ ਹਨ, ਨਾ ਆਤਮਹੱਤਿਆ ਕਰ ਸਕਦੇ ਹਨ। ਲੇਕਿਨ ਜਿਹੜੇ ਲੋਕ ਸਾਂਭੀ ਰਖਦੇ ਹਨ, ਉਹ ਖ਼ਤਰਨਾਕ ਹਨ। ਅਜੇਹਾ ਕੋਈ ਆਦਮੀ ਆਸਪਾਸ ਹੋਵੇ, ਤਾਂ ਉਸ ਤੋਂ ਸਾਵਧਾਨ ਰਹਿਣਾ, ਜਿਹੜਾ ਕ੍ਰੋਧ ਸਾਂਭੀ ਰਖਦਾ ਹੈ, ਕਿਉਂਕਿ ਉਹ ਜ਼ਹਿਰ ਇਕੱਠਾ ਕਰ ਰਿਹਾ ਹੈ, ਅਤੇ ਜ਼ਹਿਰ ਵਿਚੋਂ ਸੱਤਵ ਇਕੱਠਾ ਕਰ ਰਿਹਾ ਹੈ। ਉਹ ਛੋਟਾ ਉਪੱਦਰ ਨਹੀਂ ਕਰੇਗਾ। ਜਦ ਵੀ ਹੋਣ ਵਾਲਾ ਹੈ, ਵੱਡਾ ਹੀ ਉਪੱਦਰ ਹੋਣ ਵਾਲਾ ਹੈ। ਉਸਦੇ ਨਿਕਾਸੀ ਦੇ ਦੁਆਰ ਬੰਦ ਹੋ ਗਏ, ਜਿਥੋਂ ਦੀ ਗੰਦਗੀ ਰੋਜ਼ ਨਿਕਲ ਜਾਂਦੀ ਸੀ, ਅਤੇ ਰੇਚਨ ਹੋ ਜਾਂਦਾ ਸੀ। ਹੁਣ ਤਾਂ ਗੰਦਗੀ ਤਦੇ ਨਿਕਲੇਗੀ ਜਦ ਉਹ ਸਾਂਭ ਨਹੀਂ ਪਾਏਗਾ। ਹੁਣ ਤਾਂ ਗੰਦਗੀ ਤਦੇ ਨਿਕਲੇਗੀ, ਜਦ ਉਸ ਕੋਲ ਬਾਹਰ ਹੋ ਜਾਏਗੀ, ਉਸਦੇ ਵੱਸ ਤੋਂ ਬਾਹਰ ਹੋਵੇਗੀ।

ਛੋਟਾ ਕ੍ਰੋਧ ਬੁਰਾ ਨਹੀਂ ਹੈ, ਰੇਚਕ ਹੈ। ਪਰ ਵਡਾ ਕ੍ਰੋਧ ਖ਼ਤਰਨਾਕ ਹੈ। ਲੇਕਿਨ ਛੋਟਾ ਹੋਵੇ ਜਾਂ ਵਡਾ, ਕ੍ਰੋਧ ਕੋਲੋਂ ਸਿੱਧਾ ਨਹੀਂ ਛੁੱਟਿਆ ਜਾ ਸਕਦਾ। ਕ੍ਰੋਧ ਦੀ ਫ਼ਿਕਰ ਹੀ ਛਡ ਦਿਉ। ਸ਼ਾਂਤ ਹੋਣ ਦੀ ਕਲਾ ਕੀ ਹੈ, ਇਸਦੀ ਚਿੰਤਾ ਕਰੋ। ਜਿਵੇਂ-ਜਿਵੇਂ ਸ਼ਾਂਤੀ ਦੀਆਂ ਲਹਿਰਾਂ ਅੰਦਰ ਉਤਰਨ ਲਗਣਗੀਆਂ, ਅਤੇ ਸ਼ਾਂਤੀ ਦਾ ਸੰਗੀਤ ਗੂੰਜਣ ਲਗੇਗਾ, ਅਤੇ ਸ਼ਾਂਤੀ ਦੇ ਥੋੜ੍ਹੇ-ਜਿਹੇ ਫੁੱਲ ਖਿੜਨ ਲਗਣਗੇ; ਅਚਾਨਕ ਤੁਸੀਂ ਪਾਉਗੇ ਕਿ ਉਹ ਜੋ ਕ੍ਰੋਧ ਦੀ ਸਮਰੱਥਾ ਸੀ, ਉਹ ਅਲੋਪ ਹੋ ਗਈ। ਉਹ ਹੁਣ ਨਹੀਂ ਹੈ। ਉਹ ਸੀ ਹੀ ਇਸਲਈ।

ਨਿਗੁਣਾ ਇਸਲਈ ਖਿੱਚਦਾ ਸੀ, ਕਿਉਂਕਿ ਵਿਰਾਟ ਦਾ ਦੁਆਰ ਬੰਦ ਸੀ। ਵਿਅਰਥ ਇਸਲਈ ਸਾਰਥਕ ਪ੍ਰਤੀਤ ਹੁੰਦਾ ਸੀ ਕਿ ਸਾਰਥਕ ਦਾ ਸਾਨੂੰ ਕੋਈ ਪਤਾ ਨਹੀਂ ਸੀ। ਸਾਰਥਕ ਦਾ ਪਤਾ ਹੁੰਦਿਆਂ ਹੀ ਵਿਅਰਥ, ਵਿਅਰਥ ਹੋ ਜਾਂਦਾ ਹੈ। ਵਿਅਰਥ ਹੁੰਦਿਆਂ ਹੀ ਕੋਈ ਉਸਨੂੰ ਨਹੀਂ ਪਕੜਦਾ। ਜਦ ਤਕ ਅਸੀਂ ਉਸਨੂੰ ਪਕੜਦੇ ਹਾਂ, ਤਦ ਤਕ ਉਹ ਸਾਰਥਕ ਹੈ। ਅਤੇ ਸਾਨੂੰ ਸਾਰਥਕ ਦੀ ਕੋਈ ਪ੍ਰਤੀਤੀ ਨਹੀਂ ਹੋ ਰਹੀ ਹੈ, ਇਸਲਈ ਉਹ ਸਾਰਥਕ ਹੈ।

ਨਿਗੁਣੀਆਂ ਸ਼ਕਤੀਆਂ ਵਿਚ ਅਸੀਂ ਜਿਉਂ ਰਹੇ ਹਾਂ। ਜੀਣਾ ਪੈਂਦਾ ਹੈ, ਕੋਈ ਉਪਾਅ ਵੀ ਨਹੀਂ ਹੈ ਅਤੇ ਕਿਉਂਕਿ

ਵਿਰਾਟ ਸ਼ਕਤੀਆਂ ਸਾਨੂੰ ਹਾਸਲ ਨਹੀਂ ਹਨ। ਨੇੜੇ ਹੀ ਉਸਦੇ ਸੋਮੇ ਹਨ ਕਿ ਅਸੀਂ ਜ਼ਰਾ ਖਟਖਟਾਈਏ, ਤਾਂ ਉਹ ਸੋਮੇ ਸਾਡੇ ਹੋ ਜਾਣ। ਐਪਰ ਜਾਂ ਤਾਂ ਸਾਨੂੰ ਖਟਖਟਾਉਣ ਦਾ ਖ਼ਿਆਲ ਹੀ ਨਹੀਂ ਆਉਂਦਾ, ਜਾਂ ਅਸੀਂ ਗਲਤ ਖਟਖਟਾਉਂਦੇ ਹਾਂ।

ਜੀਸਸ ਨੇ ਕਿਹਾ ਹੈ : 'ਨਾੱਕ ਐਂਡ ਦਿ ਡੋਰ ਸ਼ੈਲ ਬੀ ਓਪੰਡ ਅਨਟੂ ਯੂ', 'ਖਟਖਟਾਉ ਅਤੇ ਦੁਆਰ ਖੁਲ੍ਹ ਜਾਣਗੇ।' ਸੱਚ ਤਾਂ ਇਹ ਹੈ ਕਿ ਦੁਆਰ ਬੰਦ ਹੀ ਨਹੀਂ ਹਨ। ਪਰ ਸਾਨੂੰ ਖਟਖਟਾਉਣਾ ਹੀ ਨਹੀਂ ਆਉਂਦਾ। ਅਤੇ ਜੋ ਵੀ ਅਸੀਂ ਕਰਦੇ ਹਾਂ, ਉਸ ਨਾਲ ਅਸੀਂ ਉਲਟਾ ਕਰ ਲੈਂਦੇ ਹਾਂ। ਸਾਡੀ ਹਾਲਤ ਅਜੇਹੀ ਹੈ, ਜਿਵੇਂ ਕਿਸੇ ਆਦਮੀ ਨੂੰ ਨੀਂਦ ਨਾ ਆਉਂਦੀ ਹੋਵੇ, ਤਾਂ ਉਹ ਹਜ਼ਾਰ ਉਪਾਅ ਕਰਦਾ ਹੈ ਨੀਂਦ ਲਿਆਉਣ ਦੇ। ਜਿੰਨੇ ਉਪਾਅ ਕਰਦਾ ਹੈ, ਉਨੀ ਨੀਂਦ ਹੋਰ ਮੁਸ਼ਕਲ ਹੋ ਜਾਂਦੀ ਹੈ ਕਿਉਂਕਿ ਨਾਲ ਨੀਂਦ ਹੋਰ ਨਹੀਂ ਆ ਸਕਦੀ ਹੈ। ਉਪਾਅ ਅਤੇ ਨੀਂਦ ਵਿਚ ਵਿਰੋਧ ਹੈ। ਜਿਸਨੂੰ ਨੀਂਦ ਨਹੀਂ ਆਉਂਦੀ, ਉਸਨੂੰ ਕਹੋ ਕਿ ਉਪਾਅ ਨਾ ਕਰ, ਤਾਂ ਉਹ ਨਰਾਜ਼ ਹੋਵੇਗਾ। ਉਹ ਕਹਿੰਦਾ ਹੈ, ਨੀਂਦ ਤਾਂ ਮੈਨੂੰ ਉਂਜ ਨਹੀਂ ਆਉਂਦੀ, ਉਪਾਅ ਕਰਕੇ ਵੀ ਨਹੀਂ ਆਉਂਦੀ ਅਤੇ ਤੁਸੀਂ ਕਹਿੰਦੇ ਹੋ ਉਪਾਅ ਨਾ ਕਰ। ਉਹ ਉਪਾਅ ਕੀ ਕਰਦਾ ਹੈ?

ਸੁਣਿਆ ਹੈ ਕਿ ਮੁੱਲਾ ਨਸਰੂੱਦੀਨ ਨੂੰ ਨੀਂਦ ਨਹੀਂ ਆਉਂਦੀ ਸੀ। ਹਜ਼ਾਰ ਉਪਾਅ ਕਰ ਚੁੱਕਾ ਸੀ। ਜਿਹੜਾ ਵੀ ਦੱਸਦਾ ਸੀ, ਉਹ ਕਰਦਾ ਸੀ। ਉਪਾਵਾਂ ਦੀ ਵਜ੍ਹਾ ਨਾਲ ਹੋਰ ਮੁਸੀਬਤ ਹੋ ਗਈ ਕਿਉਂਕਿ ਰਾਤ ਉਪਾਅ ਕਰਨ ਵਿਚ ਬੀਤ ਜਾਂਦੀ ਸੀ। ਅਤੇ ਉਪਾਅ ਕਰਕੇ ਉਹ ਇੰਨਾ ਏਕਸਾਇਟਿਡ, ਇੰਨਾ ਉਤੇਜਤ ਹੋ ਜਾਂਦਾ ਸੀ ਕਿ ਉਸਦੀ ਵਜ੍ਹਾ ਨਾਲ ਹੋਰ ਵੀ ਨੀਂਦ ਮੁਸ਼ਕਲ ਹੋ ਜਾਂਦੀ ਸੀ।

ਆਖ਼ਰ ਉਸਦੀ ਪਤਨੀ ਨੇ ਕਿਹਾ ਕਿ ਮੁੱਲਾ, ਤੂੰ ਫ਼ਜ਼ੂਲ ਹੀ ਬੜੇ ਜਟਲ ਉਪਾਵਾਂ 'ਚ ਪਿਆ ਹੈਂ। ਮੈਂ ਤਾਂ ਸੁਣਿਆ ਹੈ ਬਚਪਨ ਤੋਂ ਕਿ ਕੁਝ ਜ਼ਿਆਦਾ ਕਰਨ ਦੀ ਜ਼ਰੂਰਤ ਨਹੀਂ ਹੈ, ਤੂੰ ਇਉਂ ਕਰ ਕਿ ਭੇਡਾਂ ਦੀ ਗਿਣਤੀ ਕਰਿਆ ਕਰ। ਘਰ ਵਿਚ ਭੇਡਾਂ ਹਨ। ਗਿਣਤੀ ਕਰ ਇਕ ਤੋਂ ਸੌ ਤਕ। ਜਦ ਤਕ ਤੂੰ ਸੌ 'ਤੇ ਪਹੁੰਚੇਂਗਾ, ਸਾਰਾ ਖ਼ਿਆਲ ਛਡ ਕੇ—ਇਕ ਭੇਡ, ਦੋ ਭੇਡਾਂ, ਤਿੰਨ ਭੇਡਾਂ ਗਿਣਤੀ ਕਰਦਾ ਗਿਆ, ਭੇਡਾਂ ਨੂੰ ਦੇਖੀ ਗਿਆ, ਸੌ ਤਕ ਵੀ ਨਹੀਂ ਪਹੁੰਚ ਸਕੇਂਗਾ ਕਿ ਨੀਂਦ ਆ ਜਾਏਗੀ।

ਮੁੱਲਾ ਨੇ ਉਹ ਕੋਸ਼ਿਸ਼ ਵੀ ਅਜ਼ਮਾਈ। ਸਵੇਰੇ ਉਸਦੀ ਪਤਨੀ ਨੇ ਪੁਛਿਆ, ਕਿਵੇਂ ਹਾਲ ਹੈ? ਉਸਨੇ ਕਿਹਾ ਕਿ ਮੂਰਖੇ, ਤੂੰ ਮੈਨੂੰ ਐਸਾ ਉਲਝਾਇਆ ਹੈ ਕਿ ਇਕ ਰਾਤ ਤਾਂ ਕੀ ਕਈ ਰਾਤਾਂ ਨਹੀਂ ਸੌਂ ਸਕਾਂਗਾ। ਕੀ ਹੋਇਆ? ਉਸਨੇ ਕਿਹਾ, ਮੈਂ ਗਿਣਤੀ ਕਰਦਾ ਹੀ ਗਿਆ, ਲੱਖਾਂ ਦੇ ਪਾਰ ਗਿਣਤੀ ਲੰਘ ਗਈ, ਸਿਰ ਚਕਰਾਉਣ ਲਗਾ। ਫਿਰ ਮੈਂ ਸੋਚਿਆ ਕਿ ਠੀਕ ਨਹੀਂ ਹੈ, ਫਿਰ ਮੈਂ ਸੋਚਿਆ ਕਿ ਕੁਝ ਹੋਰ ਕਰਾਂ, ਤਾਂ ਲੱਖਾਂ ਭੇਡਾਂ ਸਨ ਘਰ ਵਿਚ—ਕੀ ਕਰਾਂ? ਉਨ ਕੱਟ ਛਡੀ। ਉਨ ਕੱਟੀ ਗਈ ਲੱਖਾਂ ਭੇਡਾਂ ਦੀ। ਫਿਰ ਇਸ ਉਨ ਦਾ ਕੀ ਕਰਨ? ਕੋਟ ਸਿੰਵਾ ਛਡੇ, ਫਿਰ ਇਕ ਮੁਸੀਬਤ ਆਈ ਕਿ ਲੱਖਾਂ ਕੋਟ ਇਕੱਠੇ ਹੋ ਗਏ, ਇਹਨਾਂ ਨੂੰ ਖ਼ਰੀਦੇਗਾ ਕੌਣ? ਵਿਕਣਗੇ ਕਿਥੇ? ਅਤੇ ਅਜੇ ਮੈਂ ਇਸੇ ਚਿੰਤਾ ਵਿਚ ਪਿਆ

ਸੀ ਕਿ ਤੂੰ ਆ ਕੇ ਪੁਛ ਰਹੀ ਹੈਂ।

ਉਹ ਜਿਹੜੀ ਨੀਂਦ ਹੈ, ਉਸਦਾ ਅਰਥ ਹੈ ਕਿ ਉਹ ਆਉਂਦੀ ਤਦ ਹੈ, ਜਦ ਤੁਸੀਂ ਕੁਝ ਕਰ ਨਾ ਰਹੇ ਹੋਵੋ। ਜਦ ਤੁਸੀਂ ਕੁਝ ਕਰ ਰਹੇ ਹੁੰਦੇ ਹੋ, ਤਦ ਉਹ ਨਹੀਂ ਆਉਂਦੀ। ਕਰਨਾ ਹੀ ਉਸ ਵਿਚ ਰੁਕਾਵਟ ਹੈ, ਜਤਨ ਹੀ ਵਿਰੋਧ ਹੈ, ਚੇਸ਼ਟਾ ਹੀ ਉਪੱਦਰ ਹੈ। ਨੀਂਦ ਆਉਂਦੀ ਹੈ ਤਦ, ਜਦ ਤੁਸੀਂ ਕੁਝ ਕਰ ਨਹੀਂ ਰਹੇ ਹੋ; ਨੀਂਦ ਲਿਆਉਣ ਦੀ ਕੋਸ਼ਿਸ਼ ਵੀ ਨਹੀਂ ਕਰ ਰਹੇ ਹੋ। ਜਦ ਸਾਰੀ ਕੋਸ਼ਿਸ਼ ਨਹੀਂ ਹੋ ਜਾਂਦੀ ਹੈ, ਅਚਾਨਕ ਤੁਸੀਂ ਪਾਂਦੇ ਹੋ, ਨੀਂਦ ਉਤਰ ਪਈ।

ਜੇ ਅਸੀਂ ਜੀਵਨ ਦੇ ਦੁਆਰ ਨੂੰ ਗਲਤ ਢੰਗ ਨਾਲ ਖਟਖਟਾਈਏ, ਤਾਂ ਵੀ ਮੁਸੀਬਤ ਹੋ ਜਾਏਗੀ। ਅਤੇ ਜਿੰਨਾ ਸੂਖਮ ਵਿਚ ਪ੍ਰਵੇਸ਼ ਹੁੰਦਾ ਹੈ, ਉਂਨੀ ਹੀ ਜਟਲਤਾ ਵਧਦੀ ਚਲੀ ਜਾਂਦੀ ਹੈ। ਕਿਉਂਕਿ ਸਥੂਲ ਨੂੰ ਤਾਂ ਅਸੀਂ ਸਮਝ ਵੀ ਲਈਏ, ਸੂਖਮ ਨੂੰ ਸਮਝਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ। ਵਡੀ ਤੋਂ ਵਡੀ ਤਕਲੀਫ ਇਹੀ ਹੈ ਕਿ ਅਸੀਂ ਨਿਗੂਣੇ ਦੇ ਨਾਲ ਉਲਝੇ ਹੋਏ ਹਾਂ। ਭਾਵੇਂ ਅਸੀਂ ਗ੍ਰਹਿਸਥ ਹੋਈਏ, ਭਾਵੇਂ ਅਸੀਂ ਸੰਨਿਆਸੀ ਹੋਈਏ। ਗ੍ਰਹਿਸਥ ਉਲਝੇ ਹਨ ਨਿਗੂਣੇ ਦੇ ਨਾਲ ਕਿਵੇਂ ਨਿਗੂਣੇ ਨੂੰ ਇਕੱਠਾ ਕਰ ਲਈਏ—ਧਨ ਨੂੰ ਕਿਵੇਂ ਇਕੱਠਾ ਕਰ ਲਈਏ, ਮਕਾਨ ਕਿਵੇਂ ਬਣਾਈਏ, ਮਿਲਕੀਅਤ ਕਿਵੇਂ ਵਧੇ, ਜ਼ਮੀਨ ਕਿਵੇਂ ਵਧ ਹੋ ਜਾਵੇ—ਇਸ ਵਿਚ ਉਲਝਿਆ ਹੈ।

ਸੰਨਿਆਸੀ ਵੀ ਇਸੇ ਨਿਗੂਣੇ ਵਿਚ ਉਲਝਿਆ ਹੈ ਕਿ ਮਕਾਨ ਦਾ ਮੋਹ ਕਿਵੇਂ ਛੁੱਟੇ, ਧਨ ਦੀ ਤ੍ਰਿਸ਼ਨਾ ਕਿਵੇਂ ਛੁੱਟੇ ਕਿਵੇਂ ਮੁਕਤ ਹੋ ਜਾਵਾਂ ਜ਼ਮੀਨ–ਜਾਇਦਾਦਾਂ ਦੇ ਜੰਜਾਲ ਤੋਂ। ਉਹ ਵੀ ਉਸ ਨਾਲ ਉਲਝਿਆ ਹੈ। ਦੋਨਾਂ ਦੇ ਭਾਵ ਉਲਟੇ ਹਨ, ਪਰ ਦੋਨਾਂ ਦਾ ਕੇਂਦਰ ਇਕ ਹੈ। ਦੋਨੋਂ ਹੀ ਨਿਗੂਣੇ 'ਚ ਗ੍ਰਸੇ ਹੋਏ ਹਨ। ਇਕ ਪਿੱਠ ਕਰੀ ਖਲੋਤਾ ਹੈ ਤੇ ਇਕ ਮੂੰਹ ਕਰੀ ਖੜ੍ਹਾ ਹੈ। ਇਕ ਨਿਗੂਣੇ ਵਲ ਨੂੰ ਦੌੜ ਰਿਹਾ ਹੈ ਤੇ ਨਿਗੂਣੇ ਦੇ ਵਲੋਂ ਨੱਸ ਰਿਹਾ ਹੈ। ਐਪਰ ਨਿਗੂਣਾ ਦੋਨਾਂ ਦੇ ਪ੍ਰਾਣਾਂ 'ਚ ਸਮੋਇਆ ਹੋਇਆ ਹੈ।

ਅਸਲੀ ਸੰਨਿਆਸੀ ਨਿਗੂਣੇ ਦੀ ਚਿੰਤਾ ਨਹੀਂ ਕਰਦਾ, ਵਿਰਾਗ ਦੀ ਚਿੰਤਾ ਕਰਦਾ ਹੈ। ਨਿਗੂਣੇ ਦਾ ਵਿਚਾਰ ਹੀ ਨਹੀਂ ਕਰਦਾ। ਉਸਨੂੰ ਇੰਨਾ ਵੀ ਮੁੱਲ ਨਹੀਂ ਦਿੰਦਾ ਕਿ ਉਸਦਾ ਵਿਰੋਧ ਕਰਨਾ ਹੈ। ਵਿਰੋਧ ਕਰਨਾ ਹੀ ਮੁੱਲ ਦੇਣਾ ਹੈ, ਵਿਰੋਧ ਕਰਨਾ ਵੀ ਨਿਗੂਣੇ ਦੀਆਂ ਸ਼ਕਤੀਆਂ ਨੂੰ ਸਵੀਕਾਰ ਕਰਨਾ ਹੈ। ਵਿਰਾਗ ਦਾ ਅਰਥ ਹੈ, ਨਿਗੂਣੇ ਦੀ ਸ਼ਕਤੀ ਦੀ ਅਸੀਂ ਕੋਈ ਚਿੰਤਾ ਹੀ ਨਹੀਂ ਕਰਦੇ—ਪੱਖ ਜਾਂ ਵਿਰੋਧ ਦੋਨਾਂ 'ਚ। ਅਸੀਂ ਖੋਜ ਕਰਦੇ ਹਾਂ ਵਿਰਾਟ ਦੀ।

ਅਤੇ ਜਿਸ ਦਿਨ ਵੀ ਵਿਰਾਟ ਦੀ ਕਿਰਨ ਟੁੱਟਣੀ ਸ਼ੁਰੂ ਹੋ ਜਾਂਦੀ ਹੈ, ਨਿਗੂਣਾ ਅਲੋਪ ਹੋ ਜਾਂਦਾ ਹੈ। ਉਹ ਤੁਹਾਡੇ ਹਿਰਦੇ ਵਿਚ ਤਦੋ ਤਕ ਹੈ, ਜਦ ਤਕ ਵਿਰਾਟ ਦਾ ਸੰਗ–ਸਾਥ ਨਹੀਂ ਹੈ। ਇਸਲਈ ਨਕਾਰ ਵਿਚ ਨਾ ਪੈਣਾ, ਸੰਸਾਰ ਦੇ ਨਕਾਰ 'ਚ ਨਾ ਪੈਣਾ। ਦੁਨੀਆਂ ਦੇ ਬਹੁਤੇ ਧਰਮ ਇਸਲਈ ਵਿਆਪਕ ਨਹੀਂ ਹੋ ਸਕੇ ਕਿ ਉਹ ਸੰਸਾਰ ਦੇ ਨਕਾਰ ਵਿਚ ਪੈ ਗਏ, ਨਿਗੂਣੇ ਦੀ ਲੜਾਈ 'ਚ ਪੈ ਗਏ।

ਇਕ ਸੰਨਿਆਸੀ ਨੂੰ ਮੈਂ ਜਾਣਦਾ ਹਾਂ, ਜਿਨ੍ਹਾਂ ਦਾ ਚਵੀ ਘੰਟੇ ਸੋਚਣਾ–ਵਿਚਾਰਨਾ ਇਸੇ ਵਿਚ ਬੀਤਦਾ ਹੈ–ਇਹ ਨਹੀਂ ਖਾਣਾ, ਇਹ ਨਹੀਂ ਪੀਣਾ; ਇਉਂ ਉਠਣਾ, ਇਉਂ ਬੈਠਣਾ; ਇੰਨੀ ਰਾਤ ਸੌਣਾ, ਇੰਨੇ ਸਵੇਰੇ ਉਠਣਾ। ਇਸ 'ਚ ਬੁਰਾ ਕੁਝ ਵੀ ਨਹੀਂ ਹੈ। ਲੇਕਿਨ ਚੌਵੀ ਘੰਟੇ ਜੇਕਰ ਇਸੇ 'ਚ ਬੀਤਦੇ ਹੋਣ, ਤਾਂ ਇਹ ਆਦਮੀ ਅਤਿ ਨਿਗੂਣੇ ਵਿਚ ਗਿਰ ਗਿਆ। ਠੀਕ ਹੈ ਕਿ ਕੋਈ ਤੜਕੇ ਪੰਜ ਵਜੇ ਉਠ ਪਵੇ, ਅਤੇ ਠੀਕ ਹੈ ਕਿ ਕੋਈ ਰਾਤ ਨੌਂ ਵਜੇ ਸੌਂ ਜਾਵੇ। ਕੋਈ ਹਰਜ ਨਹੀਂ, ਬਹੁਤ ਚੰਗਾ ਹੈ। ਪਰ ਇਹ ਬੰਧਨ ਬਣ ਜਾਵੇ, ਚੌਵੀ ਘੰਟੇ ਇਹੀ ਸੋਚ–ਵਿਚਾਰ ਚੱਲਣ ਲਗੇ ਕਿ ਜੇ ਨੌਂ ਵਜੇ ਨਾ ਸੁੱਤੇ ਤਾਂ ਕੋਈ ਪਾਪ ਹੋ ਗਿਆ, ਕਿ ਤੜਕੇ ਪੰਜ ਵਜੇ ਬ੍ਰਹਮਮਹੂਰਤ ਵਿਚ ਨੀਂਦ ਨਾ ਖੁੱਲ੍ਹੀ ਤਾਂ ਨਰਕ 'ਚ ਪੈ ਜਾਵਾਂਗੇ, ਤਾਂ ਫਿਰ ਇਹ ਅਤਿ ਵਧੀਕੀ ਵਾਲੀ ਗੱਲ ਹੋ ਗਈ। ਇਹ ਆਦਮੀ ਬੀਮਾਰ ਹੈ। ਮਨਸਵਿਦ ਇਸ ਤਰ੍ਹਾਂ ਦੇ ਆਦਮੀ ਨੂੰ ਰੋਗੀ ਕਹਿੰਦੇ ਹਨ। ਇਹ ਰੋਗ ਵਖ–ਵਖ ਤਰ੍ਹਾਂ ਨਾਲ ਪਰਗਟ ਹੁੰਦਾ ਹੈ।

ਮੈਂ ਇਕ ਸੱਜਣ ਨੂੰ ਜਾਣਦਾ ਹਾਂ, ਜਿਹੜੇ ਘਰ ਦੇ ਸਫਾਈ ਪਿਛੇ ਸ਼ੁਦਾਈ ਹਨ। ਸਫਾਈ ਚੰਗੀ ਚੀਜ਼ ਹੈ ਅਤੇ ਕੋਈ ਨਹੀਂ ਕਹੇਗਾ ਕਿ ਬੁਰੀ ਹੈ, ਲੇਕਿਨ ਸਫਾਈ ਸ਼ੁਦਾਅ ਬਣ ਜਾਵੇ? ਆਪਣੇ ਘਰ ਉਹ ਮਿੱਤਰਾਂ ਨੂੰ ਨਹੀਂ ਬੁਲਾਂਦੇ; ਉਹਨਾਂ ਦਾ ਸੋਫਾ, ਕੁਰਸੀ ਗੰਦੇ ਹੋ ਸਕਦੇ ਹਨ। ਜਦ ਵੀ ਕੋਈ ਉਹਨਾਂ ਦੇ ਘਰ ਜਾਂਦਾ ਹੈ ਤਾਂ ਉਹ ਹੇਠਾਂ ਤੋਂ ਉਪਰ ਤਕ ਪਹਿਲਾਂ ਦੇਖਦੇ ਹਨ ਕਿ ਆਦਮੀ ਬਿਠਾਉਣ ਦੇ ਲਾਇਕ ਹੈ ਜਾਂ ਨਹੀਂ! ਜ਼ਰਾ ਵੀ ਕਚਰੇ ਦਾ ਟੁਕੜਾ ਘਰ ਵਿਚ ਦਾਖਲ ਨਹੀਂ ਹੋ ਸਕਦਾ। ਉਹਨਾਂ ਦਾ ਘਰ ਬਿਲਕੁਲ ਸਾਫ ਸੁਥਰਾ ਹੈ ਕਿ ਰਹਿਣ ਦੇ ਯੋਗ ਨਹੀਂ! ਉਹ ਖ਼ੁਦ ਹੀ ਮੁਸ਼ਕਲ ਨਾਲ ਉਸ ਵਿਚ ਰਹਿੰਦੇ ਹਨ, ਕਿਉਂਕਿ ਉਹਨਾਂ ਤੋਂ ਵੀ ਤਦ ਥੋੜ੍ਹੀ ਕੁਝ ਗੰਦਗੀ ਹੋ ਜਾਵੇ, ਤਾਂ ਉਹ ਬਚ–ਬਚ ਕੇ ਜੀਂਦੇ ਹਨ! ਜਿਵੇਂ ਕਿ ਉਹ ਸਫਾਈ ਕਰਨ ਦੇ ਲਈ ਇਸ ਘਰ ਦੀ, ਪੈਦਾ ਹੋਏ ਹਨ। ਸਫਾਈ ਠੀਕ ਹੈ, ਪਰ ਸਫਾਈ ਰੋਗ ਹੋ ਜਾਂਦੀ ਹੈ, ਜਦ ਉਹੀ ਜ਼ਿੰਦਗੀ ਦਾ ਟੀਚਾ ਬਣ ਜਾਵੇ।

ਵਿਵੇਕਾਨੰਦ ਨੇ ਕਿਹਾ ਹੈ ਕਿ ਮੇਰੇ ਮੁਲਕ ਦਾ ਧਰਮ ਚੁਲ੍ਹੇ–ਚੌਂਕੇ ਵਿਚ ਹੀ ਨਸ਼ਟ ਹੋ ਗਿਆ ਹੈ। ਹਰ ਵੇਲੇ ਚਿੰਤਾ ਲਗੀ ਹੈ ਕਿ ਕਿਸੇ ਨੇ ਭੋਜਨ ਤਾਂ ਨਹੀਂ ਛੋਹ ਦਿਤਾ, ਪਾਣੀ ਨੂੰ ਕਿਸੇ ਨੇ ਛਿੱਟ ਤਾਂ ਨਹੀਂ ਦਿਤਾ। ਕਿਸਨੇ ਛੋਹਿਆ ਹੈ?

ਇਕ ਮਿੱਤਰ ਨੂੰ ਮੈਂ ਜਾਣਦਾ ਹਾਂ, ਕਦੇ ਇਕ ਵਾਰ ਉਹਨਾਂ ਦੇ ਨਾਲ ਮੈਨੂੰ ਯਾਤਰਾ ਕਰਨ ਦਾ ਮੌਕਾ ਮਿਲਿਆ, ਤਾਂ ਉਹਨਾਂ ਦੀਆਂ ਚਿੰਤਾਵਾਂ ਦੇਖ ਕੇ ਮੈਂ ਬਹੁਤ ਹੈਰਾਨ ਹੋਇਆ। ਮੈਂ ਕਿਹਾ ਕਿ ਜੇਕਰ ਇਹਨਾਂ ਚਿੰਤਾਵਾਂ ਨਾਲ ਕੋਈ ਆਦਮੀ ਮੋਕਸ਼ ਵਲ ਜਾਂਦਾ ਹੈ, ਤਾਂ ਫਿਰ ਨਰਕ ਜਾਣਾ ਬਿਹਤਰ ਹੈ। ਕਿਉਂਕਿ ਉਹਨਾਂ ਦੀਆਂ ਚਿੰਤਾਵਾਂ ਐਸੀਆਂ ਹਨ ਕਿ ਨਰਕ ਤੋਂ ਭੈੜੀਆਂ–ਨਰਕੀ ਹਨ। ਅਤੇ ਚੌਵੀ ਘੰਟੇ ਉਹਨਾਂ ਹੀ ਚਿੰਤਾਵਾਂ ਵਿਚ ਹਨ ਉਹ। ਉਹ ਮੈਨੂੰ ਕਹਿਣ ਲਗੇ ਕਿ ਚੱਲ ਤਾਂ ਰਹੇ ਹਾਂ, ਲੇਕਿਨ ਖ਼ਬਰ ਨਹੀਂ ਕਰ ਸਕੇ ਕਿਉਂਕਿ ਮੈਂ ਚਿੱਟੀ ਗਊ ਦਾ ਦੁੱਧ ਪੀਂਦਾ ਹਾਂ। ਸਫੇਦ ਗਊ ਦਾ, ਕਾਲੀ–ਚਿੱਟੀ ਵੀ ਹੋਵੇ, ਤਾਂ ਨਹੀਂ ਪੀਂਦੇ।

ਸਫੇਦ–ਸਾਫ, ਚੰਗੀ ਗੱਲ ਹੈ। ਲੇਕਿਨ ਕਿਸਨੇ ਕਿਹਾ? ਇਹ ਪਾਗਲਪਣ ਹੋ ਗਿਆ। ਅਤੇ ਸਫੇਦ ਗਊ ਚੰਗੀ ਹੁੰਦੀ ਹੈ, ਕਾਲੀ ਗਊ ਬੁਰੀ ਹੁੰਦੀ ਹੈ, ਇਹ ਕਿਸਨੇ ਕਿਹਾ? ਕਾਲੇ ਰੰਗ ਦੀ ਬੁਰਾਈ ਇੰਨੀ ਗਹਿਰੀ ਚੁੱਭਣ ਗਈ ਦਿਮਾਗ ਵਿਚ। ਅਤੇ ਦੁੱਧ ਦੇ ਸਿਵਾਇ ਕੁਝ ਲੈਂਦੇ ਨਹੀਂ ਹਨ! ਸਿਰਫ ਦੁੱਧ ਲੈਂਦੇ ਹਨ, ਉਹ ਵੀ ਸਫੇਦ ਗਊ ਦਾ ਦੁੱਧ! ਜਿਸਦੇ ਘਰ 'ਚ ਉਹ ਠਹਿਰ ਜਾਂਦੇ ਹਨ, ਉਹ ਘਰ ਵੀ ਉਹਨਾਂ ਦੇ ਨਾਲ ਕਮਲਾ ਹੋ ਜਾਂਦਾ ਹੈ। ਇਹ ਅਤਿ ਵਧੀਕੀ ਹੈ। ਤਿੰਨ ਵਜੇ ਰਾਤ ਨੂੰ ਉਠ ਬਹਿੰਦੇ ਹਨ। ਜਿਨ੍ਹਾਂ ਦੇ ਘਰ 'ਚ ਠਹਿਰਦੇ ਹਨ, ਉਸ ਘਰ ਦੇ ਸਾਰੇ ਲੋਕਾਂ ਨੂੰ ਵੀ ਤਿੰਨ ਵਜੇ ਰਾਤ ਉਠ ਜਾਣਾ ਪੈਂਦਾ ਹੈ। ਤਿੰਨ ਵਜੇ ਰਾਤ ਤੋਂ ਉਹ ਜੋਰ ਨਾਲ ਮੰਤਰ–ਉਚਾਰ ਸ਼ੁਰੂ ਕਰਦੇ ਹਨ। ਉਹਨਾਂ ਦੀ ਪਤਨੀ ਨੇ ਮੇਰੇ ਕੋਲ ਸ਼ਿਕਾਇਤ ਕੀਤੀ, ਤਦ ਮੇਰੀ ਉਹਨਾਂ ਨਾਲ ਵਾਕਫੀ ਹੋਈ। ਉਹਨਾਂ ਦੀ ਪਤਨੀ ਨੇ ਮੈਨੂੰ ਆ ਕੇ ਕਿਹਾ ਕਿ ਤੁਹਾਡੇ ਕੋਲ ਕਦੀ–ਕਦੀ ਆਉਂਦੇ ਹਨ, ਜ਼ਰਾ ਉਹਨਾਂ ਨੂੰ ਸਮਝਾਉਣਾ ਕਿ ਅੱਧੀ ਰਾਤ ਮੰਤਰ–ਉਚਾਰ ਠੀਕ ਨਹੀਂ ਹੈ। ਘਰ ਵਿਚ ਬੱਚੇ ਵੀ ਹਨ, ਮੈਂ ਵੀ ਹਾਂ ਅਤੇ ਸਭ ਮੁਸ਼ਕਲ 'ਚ ਪੈ ਗਏ ਹਾਂ। ਲੇਕਿਨ ਉਹ ਧਾਰਮਕ ਹਨ, ਅਤੇ ਅਸੀਂ ਕੁਝ ਵੀ ਕਹੀਏ, ਤਾਂ ਉਹ ਸਮਝਦੇ ਹਨ, ਇਹ ਨਾਸਤਕਤਾ ਹੈ। ਅਤੇ ਉਹਨਾਂ ਦੀਆਂ ਅੱਖਾਂ 'ਚ ਅਜੇਹਾ ਭਾਵ ਆ ਜਾਂਦਾ ਹੈ ਕਿ ਅਸੀਂ ਸਾਰੇ ਨਰਕ ਜਾ ਰਹੇ ਹਾਂ ਤੇ ਉਹ ਸਵਰਗ ਜਾ ਰਹੇ ਹਨ। ਅਤੇ ਅੱਧੀ ਰਾਤ ਤੋਂ ਸ਼ੁਰੂ ਕਰ ਦਿੰਦੇ ਹਨ।

ਮੈਂ ਉਹਨਾਂ ਤੋਂ ਪੁਛਿਆ ਕਿ ਤੁਹਾਨੂੰ ਅੱਧੀ ਰਾਤ ਤੋਂ ਮੰਤਰ ਉਚਾਰਨ ਕਰਨ ਨੂੰ ਕਿਸਨੇ ਕਿਹੈ? ਤਿੰਨ ਵਜੇ ਤੜਕੇ, ਅੱਧੀ ਰਾਤ ਨਹੀਂ ਹੈ? ਅਤੇ ਕੁਝ ਗਲਤ ਨਹੀਂ ਕਰ ਰਹੇ, ਪਰ ਤਿੰਨ ਵਜੇ ਤੜਕੇ! ਅਤੇ ਜਿਹੜਾ ਸੌਂ ਰਿਹਾ ਹੈ ਤਿੰਨ ਵਜੇ, ਉਹ ਗਲਤੀ ਕਰ ਰਿਹਾ ਹੈ। ਉਹਨਾਂ ਦੀ ਹਾਲਤ ਹੌਲੀ–ਹੌਲੀ ਖਰਾਬ ਹੁੰਦੀ ਚਲੀ ਗਈ ਅਤੇ ਇਹਨਾਂ ਛੋਟੀਆਂ–ਛੋਟੀਆਂ ਗੱਲਾਂ 'ਚ ਘਿਰ ਕੇ ਕਰੀਬ–ਕਰੀਬ ਰੋਗ–ਗ੍ਰਸਿਤ ਹੋ ਗਏ ਹਨ। ਅਤੇ ਪਰਮਾਤਮਾ ਤੇ ਮੋਕਸ਼ ਤਾਂ ਬਹੁਤ ਦੂਰ ਰਹੇ, ਇਹਨਾਂ ਸਭ ਗੱਲਾਂ ਨਾਲ ਕੁਝ ਲੈਣਾ–ਦੇਣਾ ਵੀ ਨਹੀਂ।

ਮੈਂ ਸੁਣਿਆ ਹੈ, ਕਿ ਕਿਤੇ ਏਕਨਾਥ ਨੇ ਕਿਹਾ ਹੈ ਕਿ ਜਦ ਮੇਰੀ ਨੀਂਦ ਖੁਲ੍ਹ ਜਾਂਦੀ ਹੈ, ਤਦ ਬ੍ਰਹਮ–ਮਹੂਰਤ ਹੈ, ਕਿਉਂਕਿ ਜਦ ਬ੍ਰਹਮ ਮੈਨੂੰ ਜਗਾ ਦਿੰਦਾ ਹੈ ਤਦੇ ਬ੍ਰਹਮ–ਮਹੂਰਤ ਹੈ। ਮੈਂ ਆਪਣੀ ਤਰਫੋਂ ਨਾ ਜਾਗਣ ਦੀ ਕੋਸ਼ਿਸ਼ ਕਰਦਾ ਹਾਂ, ਨਾ ਆਪਣੀ ਤਰਫੋਂ ਸੌਣ ਦੀ ਕੋਸ਼ਿਸ਼ ਕਰਦਾ। ਜਦ ਬ੍ਰਹਮ ਮੈਨੂੰ ਸੰਵਾ ਦਿੰਦਾ ਹੈ, ਤਾਂ ਸੌਂ ਜਾਂਦਾ ਹਾਂ, ਅਤੇ ਜਦ ਬ੍ਰਹਮ ਮੈਨੂੰ ਜਗਾ ਦਿੰਦਾ ਹੈ, ਤਾਂ ਉਠ ਜਾਂਦਾ ਹਾਂ। ਮੈਂ ਕਿਉਂ ਫਿਕਰ ਕਰਾਂ, ਜਦ ਉਹੀ ਫਿਕਰ ਲੈ ਰਿਹਾ ਹੈ?

ਅਸੀਂ ਤਾਂ ਇਸ ਤਰ੍ਹਾਂ ਦੇ ਲੋਕ ਹਾਂ ਕਿ ਜੇ ਰੇਲਗੱਡੀ ਵਿਚ ਵੀ ਬੈਠੇ ਹਾਂ ਤਾਂ ਸਿਰ ਉਤੇ ਆਪਣਾ ਬਿਸਤਰਾ ਰਖ ਲੈਂਦੇ ਹਾਂ ਕਿ ਰੇਲਗਡੀ ਉਤੇ ਜਿਆਦਾ ਵਜਨ ਨਾ ਪਵੇ। ਜਿਸ ਵਜੂਦ ਵਿਚ ਅਸੀਂ ਵਹਿੰਦੇ ਜਾ ਰਹੇ ਹਾਂ, ਉਹ ਸਾਨੂੰ ਸਭ ਨੂੰ, ਸਾਡੇ ਭਾਰ ਨੂੰ ਲਈ ਜਾ ਰਿਹਾ ਹੈ। ਹੁਣ ਅਸੀਂ ਹੋਰ ਭਾਰ ਆਪਣੇ ਸਿਰ 'ਤੇ ਰਖ ਕੇ ਕਿਉਂ ਬੈਠ ਜਾਈਏ? ਇਸਦਾ ਮਤਲਬ ਇਹ ਨਹੀਂ ਕਿ ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਘਰ ਨੂੰ ਗੰਦਗੀ ਨਾਲ ਭਰ ਦਿਓ। ਉਹੋ–ਜਿਹੇ ਲੋਕ ਵੀ ਹਨ ਅਤੇ ਇਹ

ਸਭ ਲੋਕ ਹੁਣ ਤਕ ਧਾਰਮਕ ਸਮਝੇ ਜਾਂਦੇ ਰਹੇ ਹਨ, ਇਹ ਸਭ ਮਾਨਸਿਕ ਇਲਾਜ ਦੇ ਯੋਗ ਹਨ। ਅਜੇਹੇ ਲੋਕ ਵੀ ਹਨ, ਜਿਨ੍ਹਾਂ ਨੂੰ ਤੁਸੀਂ ਸੁਣਿਆ ਹੋਣੈ, ਇਹਨਾਂ ਲੋਕਾਂ ਨੂੰ ਲੋਕ ਪਰਮਹੰਸ ਕਹਿੰਦੇ ਹਨ, ਉਹ ਉਥੇ ਹੀ ਪਖਾਨਾ ਕਰ ਲੈਣਗੇ ਅਤੇ ਉਥੇ ਹੀ ਬੈਠ ਕੇ ਖਾਣਾ ਖਾਣਗੇ ! ਤਦ ਲੋਕ ਕਹਿੰਦੇ ਹਨ ਇਹ ਹੋਏ ਪਰਮਹੰਸ, ਹੁਣ ਭੇਦ ਮਿਟ ਗਿਆ। ਪਰ ਇਹਨਾਂ ਦੇ ਇਲਾਜ ਦੀ ਜਰੂਰਤ ਹੈ।

ਸਾਫ-ਸੁਥਰਾਈ ਵੀ ਇੰਨਾ ਪਕੜ ਸਕਦੀ ਹੈ ਕਿ ਤੁਸੀਂ ਪਾਗਲ ਹੋ ਜਾਵੋ, ਅਤੇ ਗੰਦਗੀ ਵੀ ਇੰਨਾ ਪਕੜ ਸਕਦੀ ਹੈ ਕਿ ਤੁਸੀਂ ਪਾਗਲ ਹੋ ਜਾਵੋ। ਅਤੇ ਦੋਨਾਂ ਸਿਰਿਆਂ 'ਤੇ ਸੰਤ ਬਰਾਜਮਾਨ ਹਨ। ਤੁਸੀਂ ਮੱਧ ਵਿਚ ਰਹਿਣਾ। ਅਤੇ ਸਮਝ, ਬੋਧ। ਅਤੇ ਕਿਸੇ ਵੀ ਚੀਜ਼ ਨੂੰ ਰੋਗ ਨਾ ਬਣਾ ਲੈਣਾ। ਨਿਗੂਣੇ ਤੋਂ ਬਚਣਾ, ਉਸਦਾ ਮਤਲਬ ਇਹ ਨਹੀਂ ਹੈ ਕਿ ਨਿਗੂਣੇ ਨੂੰ ਛਡਣ 'ਚ ਲਗ ਜਾਣਾ। ਉਸਦਾ ਮਤਲਬ ਇੰਨਾ ਹੀ ਹੈ ਕਿ ਨਿਗੂਣੇ ਨੂੰ ਮੁੱਲ ਹੀ ਨਾ ਦੇਣਾ।

ਠੀਕ ਹੈ, ਫਿਕਰ ਕਰਨਾ ਵਿਰਾਗ ਦੀ। ਆਪਣੀ ਚੇਤਨਾ, ਆਪਣਾ ਧਿਆਨ, ਆਪਣੀ ਵਿਰਾਟ ਊਰਜਾ ਵਲ ਲਾਉਣਾ। ਛੇਤੀ ਹੀ ਦੁਆਰ ਖੁਲ੍ਹ ਸਕਦੇ ਹਨ।

ਅਤੇ ਜਿਸ ਦਿਨ ਵਿਰਾਟ ਦੀ ਸ਼ਕਤੀ ਤੁਹਾਨੂੰ ਮਿਲਣੀ ਸ਼ੁਰੂ ਹੋ ਜਾਂਦੀ ਹੈ, ਨਿਗੂਣਾ ਇਉਂ ਹੀ ਵਹਿ ਜਾਂਦਾ ਹੈ, ਜਿਵੇਂ ਜ਼ੋਰ ਦਾ ਹੜ੍ਹ ਆ ਜਾਵੇ ਤੇ ਸਭ ਗੰਦਗੀ ਵਹਿ ਜਾਵੇ। ਜਿਵੇਂ ਸਵੇਰੇ ਦਾ ਸੂਰਜ ਨਿਕਲੇ ਅਤੇ ਤ੍ਰੇਲ ਦੇ ਤੁਪਕੇ ਅਲੋਪ ਹੋ ਜਾਣ। ਕੋਈ ਪਾਗਲ ਹੈ, ਜੋ ਤ੍ਰੇਲ ਦੇ ਤੁਪਕਿਆਂ ਨੂੰ ਸਾਫ ਕਰਦਾ ਫਿਰੇ। ਕੋਈ ਲੋੜ ਨਹੀਂ ਹੈ। ਸੂਰਜ ਦੇ ਨਿਕਲਣ ਦੀ ਉਡੀਕ ਕਰੋ। ਜਾਂ ਇਉਂ ਸਮਝੋ ਕਿ ਕੋਈ ਹਨੇਰੇ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਪਾਗਲ ਹੈ। ਦੀਵਾ ਜਗਾਉਣਾ ਕਾਫੀ ਹੈ; ਦੀਵਾ ਜਗਦਿਆਂ ਹੀ ਹਨੇਰਾ ਪਾਇਆ ਨਹੀਂ ਜਾਂਦਾ।

..'ਤਦ ਤੂੰ ਸੱਪਤਵਰਣੀ ਮਾਰਗ 'ਚ ਸੁਆਮੀ ਹੋ ਜਾਏਂਗਾ। ਲੇਕਿਨ, ਓ ਪ੍ਰੀਖਿਆ ਦੇ ਉਮੀਦਵਾਰ, ਉਸ ਤੋਂ ਪਹਿਲਾਂ ਇਹ ਸੰਭਵ ਨਹੀਂ ਹੈ।'

ਕਿਸ ਤੋਂ ਪਹਿਲਾਂ ?

ਵਿਰਾਗ ਤੋਂ ਪਹਿਲਾਂ ਇਹ ਸੰਭਵ ਨਹੀਂ ਹੈ।

ਵਿਰਾਗ ਦੇ ਸਬੰਧ ਵਿਚ ਇਕ ਗੱਲ ਹੋਰ, ਫਿਰ ਅੱਗੇ ਪ੍ਰਵੇਸ਼ ਕਰੀਏ।

ਵਿਰਾਗ ਇਕ ਵਿਧਾਇਕ ਅਵਸਥਾ ਹੈ, ਨਕਾਰ-ਆਤਮਕ ਨਹੀਂ। ਸ਼ਬਦ ਨਕਾਰ-ਆਤਮਕ ਹੈ, ਇਸ ਤੋਂ ਭੁੱਲ ਹੁੰਦੀ ਹੈ। ਅਤੇ ਸ਼ਬਦਾਂ ਦੇ ਨਕਾਰ-ਆਤਮਕ ਹੋਣ ਦਾ ਕਾਰਨ ਹੈ: ਕਿਉਂਕਿ ਸ਼ਬਦ ਆਦਮੀ ਨੂੰ ਦੇਖ ਕੇ ਬਣੇ ਹਨ, ਜਿਵੇਂ ਹਿੰਸਾ ਵਿਧਾਇਕ ਸ਼ਬਦ ਹੈ ਤੇ ਅਹਿੰਸਾ ਨਕਾਰ-ਆਤਮਕ। ਨਹੀਂ ਹੋਣਾ ਚਾਹੀਦਾ ਅਜੇਹਾ। ਬੜੀ ਭੁੱਲ ਹੈ। ਅਹਿੰਸਾ ਬੜੀ ਵਿਧਾਇਕ ਹਾਲਤ ਹੈ, ਪਾਜ਼ਿਟਿਵ। ਹਿੰਸਾ ਨਕਾਰ-ਆਤਮਕ ਹੈ।

ਲੇਕਿਨ ਫਿਰ ਇਹ ਸ਼ਬਦ ਉਲਟੇ ਕਿਉਂ ਹਨ?

ਇਹ ਸ਼ਬਦ ਉਲਟੇ ਇਸਲਈ ਹਨ ਕਿ ਜਿਹੋ-ਜਿਹਾ ਆਦਮੀ ਹੈ, ਉਸ ਵਿਚ ਹਿੰਸਾ ਵਿਧਾਇਕ ਹੈ। ਅਤੇ ਅਹਿੰਸਾ ਦਾ ਤਾਂ ਉਥੇ ਕੋਈ ਪਤਾ ਨਹੀਂ ਹੈ। ਆਦਮੀ ਨੇ ਸ਼ਬਦ ਬਣਾਏ ਹਨ। ਆਦਮੀ ਨੇ ਆਪਣੇ ਕੰਮ ਦੇ ਲਈ ਸ਼ਬਦ ਬਣਾਏ ਹਨ। ਹਿੰਸਾ ਆਦਮੀ ਵਿਚ ਵਿਧਾਇਕ ਹੈ, ਅਤੇ ਅਹਿੰਸਾ ਦਾ ਤਾਂ ਕੁਝ ਪਤਾ ਨਹੀਂ ਹੈ। ਕਦੇ ਕਿਸੇ ਬੁੱਧ, ਮਹਾਂਵੀਰ ਵਿਚ ਵਿਧਾਇਕ ਹੁੰਦੀ ਹੈ। ਅਤੇ ਜਦ ਬੁੱਧ, ਮਹਾਂਵੀਰ ਵਿਚ ਅਹਿੰਸਾ ਪਰਗਟ ਹੁੰਦੀ ਹੈ ਤਦ ਪਤਾ ਲਗਦਾ ਹੈ ਕਿ ਹਿੰਸਾ ਨਕਾਰ-ਆਤਮਕ ਹੈ। ਅਹਿੰਸਾ ਦੀ ਅਣਹੋਂਦ ਹੈ—ਕਹਿਣਾ ਠੀਕ ਹੈ। ਹਿੰਸਾ ਦੀ ਆਪਣੀ ਕੋਈ ਹੋਂਦ ਨਹੀਂ ਹੈ।

ਔਪਰ ਸਾਡੇ ਸਭ ਕੀਮਤੀ ਸ਼ਬਦ ਨਕਾਰ-ਆਤਮਕ ਹਨ। ਕ੍ਰੋਧ ਵਿਧਾਇਕ ਹੈ, ਅਕ੍ਰੋਧ ਨਕਾਰ-ਆਤਮਕ ਹੈ। ਮੋਹ ਵਿਧਾਇਕ ਹੈ, ਅ-ਮੋਹ ਨਕਾਰ-ਆਤਮਕ ਹੈ। ਰਾਗ ਵਿਧਾਇਕ ਹੈ, ਵਿਰਾਗ ਨਕਾਰ-ਆਤਮਕ ਹੈ। ਜਦਕਿ ਸਾਰੀ ਹਾਲਤ ਬਿਲਕੁਲ ਉਲਟੀ ਹੈ। ਰਾਗ ਸਿਰਫ ਇਸਲਈ ਹੈ ਕਿ ਤੁਹਾਡੇ ਜੀਵਨ ਵਿਚ ਵਿਰਾਗ ਮੌਜੂਦ ਨਹੀਂ ਹੈ। ਹਨੇਰਾ ਇਸਲਈ ਹੈ ਕਿ ਪ੍ਰਕਾਸ਼ ਮੌਜੂਦ ਨਹੀਂ ਹੈ। ਹਨੇਰੇ ਦਾ ਆਪਣਾ ਹੋਣਾ ਨਹੀਂ ਹੈ। ਪ੍ਰਕਾਸ਼ ਹੋਵੇਗਾ ਅਤੇ ਹਨੇਰਾ ਨਹੀਂ ਹੋ ਜਾਏਗਾ। ਵਿਰਾਗ ਹੋਵੇਗਾ ਅਤੇ ਰਾਗ ਸ਼ੂੰਨਯ ਹੋ ਜਾਏਗਾ।

ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣਾ ਕਿ ਵਿਰਾਗ ਚਿੱਤ ਦੀ ਇਕ ਵਿਧਾਇਕ ਹਾਲਤ ਹੈ। ਰਾਗ ਦਾ ਵਿਰੋਧ ਨਹੀਂ ਹੈ, ਰਾਗ ਦੀ ਅਣਹੋਂਦ ਹੈ, ਰਾਗ ਦੀ ਸਮਾਪਤੀ ਹੈ। ਅਤੇ ਸਿਰਫ ਰਾਗ ਦੀ ਸਮਾਪਤੀ ਤੇ ਅਣਹੋਂਦ ਹੀ ਨਹੀਂ ਹੈ, ਵਿਰਾਗ ਦਾ ਆਪਣਾ ਹੋਣਾ ਹੈ।

ਕੀ ਹੋਇਆ ਮਤਲਬ ਰਾਗ ਦਾ ?

ਰਾਗ ਦਾ ਮਤਲਬ ਹੈ ਚਿੱਤ ਭਜਦਾ ਹੈ, ਕਿਸੇ ਦੇ ਪਿਛੇ। ਵਿਰਾਗ ਦਾ ਅਰਥ ਹੋਇਆ ਚਿੱਤ ਰੁਕਿਆ ਹੋਇਆ ਹੈ, ਭਜਦਾ ਨਹੀਂ ਹੈ ਕਿਸੇ ਦੇ ਪਿਛੇ। ਰਾਗ ਹੈ ਭਜਦਾ ਹੋਇਆ ਮਨ, ਵਿਰਾਗ ਹੈ ਠਹਿਰਿਆ ਹੋਇਆ ਮਨ। ਰਾਗ ਹੈ ਮੰਗਦਾ ਹੋਇਆ ਮੰਗਤਾ, ਵਿਰਾਗ ਹੈ ਸਮਰਾਟ। ਲੇਕਿਨ ਸਾਡੇ ਤਾਂ ਸਮਰਾਟ ਵੀ ਮੰਗਤੇ ਹਨ। ਕਦੇ-ਕਦੇ ਇਉਂ ਵੀ ਹੋਇਆ ਹੈ ਕਿ ਸਾਡੇ ਕੁਝ ਮੰਗਤੇ ਸਮਰਾਟ ਬਣ ਗਏ ਹਨ।

ਬੁੱਧ ਮੰਗਤੇ ਹਨ। ਆਪਣੇ ਸੰਨਿਆਸੀਆਂ ਨੂੰ ਉਹਨਾਂ ਨੇ ਭਿਕਛੂ ਨਾਂ ਦੇ ਦਿਤਾ। ਭਿਖਾਰੀ ਦਾ ਨਾਂ ਦੇ ਦਿਤਾ, ਜਾਣ ਕੇ। ਕਿਉਂਕਿ ਸਮਰਾਟ ਇਨੇ ਭਿਖਾਰੀ ਪ੍ਰਤੀਤ ਹੋ ਰਹੇ ਹਨ, ਤਦ ਮੁਨਾਸਬ ਇਹੀ ਹੈ ਕਿ ਸਮਰਾਟ ਆਪਣੇ-ਆਪ ਨੂੰ ਸਮਰਾਟ ਨਾ ਕਹਿਣ ਅਤੇ ਭਿਖਾਰੀ ਕਹਿਣ। ਜਿਥੇ ਭਿਖਾਰੀ ਖੁਦ ਨੂੰ ਸਮਰਾਟ ਕਹਿ ਰਹੇ ਹਨ, ਉਥੇ ਇਹੀ ਵਾਜਬ ਹੈ ਕਿ ਉਹ ਜੋ ਸਮਰਾਟ ਹੈ, ਉਹ ਖ਼ੁਦ ਨੂੰ ਸਮਰਾਟ ਨਾ ਕਹੇ। ਇਸਲਈ ਹਿੰਦੂਆਂ ਦਾ ਸ਼ਬਦ ਸੁਆਮੀ ਬੁੱਧ ਨੇ ਨਹੀਂ ਵਰਤਿਆ। ਕਿਉਂਕਿ ਸੁਆਮੀ ਦਾ ਅਰਥ ਹੁੰਦਾ ਹੈ ਸਮਰਾਟ। ਤਾਂ ਬੁੱਧ ਨੇ ਕਿਹਾ, ਜਿਥੇ ਸਾਰੇ ਭਿਖਾਰੀ ਆਪਣੇ-ਆਪ ਨੂੰ ਸਮਰਾਟ

ਸਮਝੀ ਬੈਠੇ ਹਨ, ਹੁਣ ਉਥੇ ਅਸਲੀ ਸਮਰਾਟ ਖੁਦ ਨੂੰ ਸਮਰਾਟ ਕਹੇ, ਤਾਂ ਬੜੀ ਠਿੰਠ ਹੋਵੇਗੀ: ਵਿਡੰਬਨਾ ਹੋ ਜਾਏਗੀ। ਇਸਲਈ ਮੈਂ ਆਪਣੇ ਸੁਆਮੀ ਨੂੰ, ਆਪਣੇ ਸੰਨਿਆਸੀ ਨੂੰ, ਆਪਣੇ ਸਮਰਾਟ ਨੂੰ ਭਿਕਛੂ ਕਹਾਂਗਾ।

ਇਹ ਸਾਡੇ ਮੂੰਹ 'ਤੇ ਚੋਟ ਸੀ, ਪਰ ਪਰ ਸਮਝੀ ਨਾ ਜਾ ਸਕੀ। ਸਾਡਾ ਸਮਰਾਟ ਵੀ ਮੰਗਤਾ ਹੈ, ਕਿਉਂਕਿ ਰਾਗ ਵਿਚ ਹੈ, ਮੰਗ ਰਿਹਾ ਹੈ।

ਸੁਣਿਆ ਹੈ ਮੈਂ, ਇਕ ਮੁਸਲਮਾਨ ਫ਼ਕੀਰ ਹੋਇਐ : ਫ਼ਰੀਦ। ਉਸਦਾ ਪਿੰਡ ਬੜੀ ਮੁਸੀਬਤ ਵਿਚ ਸੀ। ਅਤੇ ਪਿੰਡ ਦੇ ਲੋਕਾਂ ਨੇ ਫ਼ਰੀਦ ਨੂੰ ਕਿਹਾ ਕਿ ਅਕਬਰ ਤੈਨੂੰ ਇੰਨਾ ਮੰਨਦਾ ਹੈ, ਤੂੰ ਇਕ ਵਾਰ ਜਾ ਕੇ ਇੰਨਾ ਕਹਿ ਕਿ ਇਸ ਪਿੰਡ ਦੇ ਲਈ ਕੁਝ ਇੰਤਜ਼ਾਮ ਕਰ ਦਿਉ, ਘਟੋ-ਘਟ ਇਕ ਸਕੂਲ ਖੁਲ੍ਹਵਾ ਦਿਉ।

ਫ਼ਰੀਦ ਨੇ ਕਦੇ ਮੰਗਿਆ ਨਹੀਂ ਸੀ ਕਿਸੇ ਤੋਂ। ਪਿੰਡ ਦੇ ਲੋਕਾਂ ਨੇ ਕਿਹਾ, ਤਾਂ ਫ਼ਰੀਦ ਨਾਂਹ ਵੀ ਨਾ ਕਰ ਸਕਿਆ। ਇਨਕਾਰ ਕਰਨ ਦੀ ਉਸਦੀ ਆਦਤ ਵੀ ਨਹੀਂ ਸੀ। ਤਾਂ ਚੱਲ ਪਿਆ ਦਿੱਲੀ ਵਲ ਨੂੰ। ਸਵੇਰੇ-ਸਵੇਰੇ ਪਹੁੰਚਿਆ, ਤਾਂ ਪਤਾ ਲਗਾ ਕਿ ਸਮਰਾਟ ਅਜੇ ਨਮਾਜ਼ ਪੜ੍ਹ ਰਹੇ ਹਨ, ਪ੍ਰਾਰਥਨਾ ਕਰ ਰਹੇ ਹਨ। ਤਾਂ ਫ਼ਰੀਦ ਜਾ ਕੇ ਪਿਛੇ ਖੜ੍ਹਾ ਹੋ ਗਿਆ ਕਿ ਠੀਕ ਮੌਕੇ 'ਤੇ ਆ ਗਿਆ ਹਾਂ। ਪ੍ਰਾਰਥਨਾ ਕਰਨ ਤੋਂ ਬਾਅਦ ਆਦਮੀ ਵਿਚ ਦਾਨ ਕਰਨ ਦੀ ਬਿਰਤੀ ਜ਼ਰਾ ਜ਼ਿਆਦਾ ਹੁੰਦੀ ਹੈ।

ਇਸਲਈ ਭਿਖਾਰੀ ਸਵੇਰੇ-ਸਵੇਰੇ ਤੁਹਾਡੇ ਕੋਲ ਆਉਂਦੇ ਹਨ। ਸ਼ਾਮ ਨੂੰ ਕੋਈ ਭਿਖਾਰੀ ਭਿੱਛਿਆ ਮੰਗਣ ਨਹੀਂ ਆਉਂਦਾ ਤੁਹਾਥੋਂ। ਸ਼ਾਮ ਤਕ ਤੁਸੀਂ ਇੰਨਾ ਮਾਰ ਖਾ ਚੁਕੇ ਹੋ, ਅਤੇ ਇੰਨੇ ਨਾਰਾਜ਼ ਹੋ ਦੁਨੀਆਂ ਤੋਂ ਕਿ ਤੁਸੀਂ ਦੇ ਨਹੀਂ ਸਕਦੇ। ਭਿਖਾਰੀ ਤੋਂ ਕੁਝ ਖੋਹ ਲਵੋ, ਇਸਦਾ ਖ਼ਤਰਾ ਹੈ। ਇਕਾਂਤ ਪਾ ਕੇ ਇਕੱਲੇ 'ਚ ਹਨੇਰੇ 'ਚ, ਭਿਖਾਰੀ ਦੇ ਕੋਲ ਜੋ ਹੈ, ਉਹ ਲੈ ਲਵੋ, ਇਸਦਾ ਡਰ ਹੈ। ਭਿਖਾਰੀ ਸਵੇਰ ਦੀ ਰੋਸ਼ਨੀ ਵਿਚ ਆਉਂਦਾ ਹੈ। ਰਾਤ-ਭਰ ਦੇ ਜ਼ਰਾ ਤਾਜ਼ੇ, ਸੰਸਾਰ ਤੋਂ ਰਤਾ ਸ਼ਾਂਤ, ਸਵੇਰੇ ਡਰ ਘਟ ਹੈ, ਆਸ ਜ਼ਿਆਦਾ ਹੈ।

ਤਾਂ ਸੋਚਿਆ ਫ਼ਰੀਦ ਨੇ : ਚਲੋ, ਪਿਛੇ ਖੜ੍ਹਾ ਹੋ ਜਾਵਾਂ, ਜਿਵੇਂ ਹੀ ਸਮਰਾਟ ਦੀ ਪੂਜਾ, ਪ੍ਰਾਰਥਨਾ ਪੂਰੀ ਹੋਵੇ, ਉਸੇ ਵੇਲੇ ਕਹਾਂਗਾ ਕਿ ਇਕ ਛੋਟਾ-ਜਿਹਾ ਮਦਰਸਾ ਮੇਰੇ ਪਿੰਡ 'ਚ ਖੁਲ੍ਹਵਾ ਦਿਉ। ਪਰ ਜਦ ਪਿਛੇ ਜਾ ਕੇ ਖੜ੍ਹਾ ਹੋਇਆ, ਤਾਂ ਸੁਣਿਆ ਕਿ ਅਕਬਰ ਹੱਥ ਜੋੜ ਕੇ ਕਹਿ ਰਿਹਾ ਹੈ ਕਿ ਹੇ ਪਰਮਾਤਮਾ, ਮੇਰਾ ਧਨ ਵਧਾ, ਮੇਰੀ ਦੌਲਤ ਵਧਾ, ਮੇਰੇ ਸਾਮਰਾਜ ਨੂੰ ਵਡਾ ਕਰ। ਤਾਂ ਫ਼ਰੀਦ ਦਾ ਸਾਹ ਹੀ ਘੁੱਟਿਆ ਗਿਆ। ਹੁਣ ਇਹ ਖ਼ੁਦ ਹੀ ਮੰਗ ਰਿਹਾ ਹੈ, ਇਸ ਗਰੀਬ ਆਦਮੀ ਤੋਂ ਹੋਰ ਇਕ ਸਕੂਲ ਖੁਲ੍ਹਵਾਉਣਾ, ਨਾਹਕ ਹੋਰ ਗਰੀਬ ਹੋ ਜਾਏਗਾ! ਮੁੜਨ ਲਗਾ ਕਿ ਕਿਤੇ ਦੇਖ ਨਾ ਲਵੇ, ਨਹੀਂ ਤਾਂ ਮੈਨੂੰ ਦੱਸਣਾ ਪਵੇਗਾ ਕਿ ਕਿਸਲਈ ਆਇਆ ਸੀ। ਖਿਸਕਣ ਲਗਾ।

ਅਕਬਰ ਨੇ ਪਰਤ ਕੇ ਦੇਖਿਆ ਕਿ ਕੀ ਹੋਇਆ। ਦੇਖਿਆ—ਫ਼ਰੀਦ। ਫ਼ਰੀਦ ਦਾ ਬੜਾ ਆਦਰ ਸੀ ਅਕਬਰ ਦੇ

ਮਨ ਵਿਚ। ਉਸਨੇ ਕਿਹਾ, ਆਇਆ ਤੇ ਚਲਿਆ! ਕਿਦੋਂ? ਫ਼ਰੀਦ ਨੇ ਕਿਹਾ, ਪੁਛ ਹੀ ਨਾ; ਕਿਉਂਕਿ ਝੂਠ ਮੈਂ ਬੋਲ ਨਹੀਂ ਸਕਦਾ, ਅਤੇ ਸੱਚ ਕਹਿਣਾ ਹੁਣ ਮੁਨਾਸਬ ਨਹੀਂ ਹੈ, ਅਸ਼ਿਸ਼ਟਤਾ ਹੋ ਜਾਏਗੀ। ਤੂੰ ਮੈਨੂੰ ਮਾਫ ਕਰ, ਗਲਤੀ ਨਾਲ ਆ ਗਿਆ ਹਾਂ, ਮੈਂ ਜਾ ਰਿਹਾ ਹਾਂ। ਅਕਬਰ ਨੇ ਹੱਥ ਫੜ ਲਏ ਕਿ ਇਉਂ ਨਹੀਂ ਜਾਣ ਦਿਆਂਗਾ, ਘਟੋ-ਘਟ ਪਤਾ ਤਾਂ ਲਗੇ। ਤੂੰ ਤਾਂ ਕਦੇ ਆਇਆ ਨਹੀਂ ਅੱਜ ਤਕ, ਕੀ ਗੱਲ ਹੈ, ਦੱਸ? ਮੇਰੀ ਸਮਰੱਥਾ ਵਿਚ ਹੋਵੇਗੀ, ਤਾਂ ਜ਼ਰੂਰ ਪੂਰੀ ਕਰਾਂਗਾ। ਫ਼ਰੀਦ ਨੇ ਕਿਹਾ ਕਿ ਤੇਰੀ ਸਮਰੱਥਾ ਵਿਚ ਨਹੀਂ ਹੈ, ਬੜੀ ਕਠਨ ਗੱਲ ਹੈ। ਅਤੇ ਗਲਤੀ ਨਾਲ ਅਸੀਂ ਆ ਗਏ। ਅਤੇ ਜਿਸਦੀ ਸਮਰੱਥਾ ਵਿਚ ਹੈ, ਉਸਦਾ ਵੀ ਪਤਾ ਸਾਨੂੰ ਆ ਕੇ ਲਗ ਗਿਆ; ਇੰਨਾ ਫਾਇਦਾ ਹੋਇਆ।

ਅਕਬਰ ਨੇ ਕਿਹਾ ਕਿ ਫਿਰ ਵੀ ਸੁਣਾਂ ਤਾਂ ਸਹੀ ਮੈਂ। ਨਾ ਵੀ ਪੂਰੀ ਕਰ ਸਕਾਂ, ਤਾਂ ਵੀ ਇਹ ਚਿੰਤਾ ਮੇਰੇ ਮਨ 'ਤੇ ਛਡ ਕੇ ਨਾ ਜਾ ਕਿ ਤੂੰ ਕਿਉਂ ਆਇਐਂ। ਉਸਨੇ ਕਿਹਾ ਕਿ ਕੋਈ ਗੱਲ ਸੀ, ਜ਼ਰਾ ਜਟਲ ਹੈ। ਪਿੰਡ ਦੇ ਲੋਕ ਪਿਛੇ ਪੈ ਗਏ ਹਨ, ਇਕ ਸਕੂਲ ਖੁਲ੍ਹਵਾਉਣ ਨੂੰ। ਉਹ ਕਹਿੰਦੇ ਨੇ ਕਿ ਅਕਬਰ ਨੂੰ ਆਖ। ਨਹੀਂ ਨਹੀਂ, ਪਰ ਤੂੰ ਇਸਦੀ ਚਿੰਤਾ ਵਿਚ ਨਾ ਪੈ ਅਕਬਰ, ਕਿਉਂਕਿ ਮੈਂ ਹੁਣੇ ਤੈਨੂੰ ਭੀਖ ਮੰਗਦਿਆਂ ਦੇਖ ਲਿਐ। ਹੁਣ ਜੇ ਮੰਗਣਾ ਹੀ ਹੈ, ਤਾਂ ਉਸੇ ਤੋਂ ਮੰਗ ਲਵਾਂਗੇ, ਜਿਸ ਤੋਂ ਤੂੰ ਮੰਗ ਰਿਹਾ ਸੀ। ਅਤੇ ਹੁਣ ਵਿਚਲੇ ਮੰਗਤੇ ਨੂੰ ਕਿਉਂ ਦਲਾਲ ਬਣਾਈਏ?

ਸਮਰਾਟ ਵੀ ਸਾਡਾ ਮੰਗਤਾ ਹੈ, ਮੰਗ ਰਿਹਾ ਹੈ, ਚਾਹ ਰਿਹਾ ਹੈ।

ਰਾਗ ਭੀਖ ਹੈ, ਵਿਰਾਗ ਮਾਲਕੀਅਤ ਹੈ।

ਉਹ ਵਿਧਾਇਕ ਅਵਸਥਾ ਹੈ, ਜਦ ਅਸੀਂ ਮੰਗ ਨਹੀਂ ਰਹੇ ਹਾਂ। ਅਤੇ ਜਦ ਤਕ ਅਸੀਂ ਮੰਗ ਰਹੇ ਹਾਂ ਤਦ ਤਕ ਕੁਦਰਤ ਕੋਲੋਂ ਕੁਝ ਵੀ ਨਹੀਂ ਮਿਲੇਗਾ। ਅਤੇ ਜਿਸ ਦਿਨ ਨਹੀਂ ਮੰਗਦੇ, ਉਸ ਦਿਨ ਕੁਦਰਤ ਦੀ ਸਾਰੀ ਸੰਪਦਾ ਬਰਸ ਪੈਂਦੀ ਹੈ। ਲਾੱ ਆਫ ਰਿਵਰਸ ਇਫੈੱਕਟ, ਉਲਟ ਨਤੀਜੇ ਦਾ ਨਿਯਮ ਹੈ।

'ਤਦ ਤਕ ਇਕ ਬਹੁਤ ਕਠਨ ਕੰਮ ਤੂੰ ਕਰਨਾ ਹੈ: ਤੂੰ ਖ਼ੁਦ ਨੂੰ ਇਕੋ ਸਮੇਂ ਸਰਵ-ਵਿਚਾਰ ਵੀ ਮਹਿਸੂਸ ਕਰਨਾ ਹੈ ਅਤੇ ਆਪਣੀ ਆਤਮਾ ਤੋਂ ਸਰਵ ਵਿਚਾਰਾਂ ਨੂੰ ਬਾਹਰ ਵੀ ਕੱਢਣਾ ਹੈ।'

ਇਹ ਜਟਲ ਕੰਮ ਹੈ ਜ਼ਰਾ। ਇਹ ਰਤਾ ਜਟਲ ਇਸਲਈ ਹੈ, ਜੇਕਰ ਸਮਝਣ ਦੀ ਕੋਸ਼ਿਸ਼ ਕਰੋਗੇ ਤਾਂ ਜਟਲ ਹੈ। ਜੇ ਕਰਨ ਦੀ ਕੋਸ਼ਿਸ਼ ਕਰੋਗੇ, ਤਾਂ ਇੰਨਾ ਜਟਲ ਨਹੀਂ ਹੈ। ਅਜੇ ਤਾਂ ਵਿਚਾਰ ਨਾਲ ਭਰੇ ਹੋਏ ਹੋ, ਗ੍ਰਸੇ ਹੋਏ ਹੋ। ਪਰ ਕੁਝ ਵਿਚਾਰਾਂ ਨੂੰ ਆਪਣੇ ਮੰਨਦੇ ਹੋ, ਕੁਝ ਵਿਚਾਰਾਂ ਨੂੰ ਆਪਣੇ ਨਹੀਂ ਮੰਨਦੇ! ਕੁਝ ਨੂੰ ਦੁਸ਼ਮਣ ਮੰਨਦੇ ਹੋ ਆਪਣਾ। ਇਕ ਹਿੰਦੂ ਹੈ ਤਾਂ ਹਿੰਦੂ-ਵਿਚਾਰ ਨੂੰ ਆਪਣਾ ਮੰਨਦਾ ਹੈ; ਇਕ ਮੁਸਲਮਾਨ ਹੈ, ਤਾਂ ਮੁਸਲਮਾਨ ਵਿਚਾਰ ਨੂੰ ਆਪਣਾ ਮੰਨਦਾ ਹੈ। ਕਿਸੇ ਦਾ ਕੁਰਾਨ ਹੈ ਆਪਣਾ, ਕਿਸੇ ਦੀ ਗੀਤਾ! ਕਿਸੇ ਦੀ ਬਾਈਬਲ ਆਪਣੀ ਹੈ! ਅਤੇ ਜਿਸਦੀ ਬਾਈਬਲ ਆਪਣੀ ਹੈ, ਕੁਰਾਨ ਉਸਦੇ ਲਈ ਦੁਸ਼ਮਣ ਹੈ, ਗੀਤਾ ਉਸਦੇ ਲਈ ਦੁਸ਼ਮਣ ਹੈ।

ਤਾਂ ਵਿਚਾਰ ਵਿਚ ਅਸੀਂ ਚੋਣ ਕਰ ਲਈ। ਜਿਵੇਂ ਪੂਰੀ ਪ੍ਰਿਥਵੀ ਉੱਤੇ ਅਸੀਂ ਇਕ ਛੋਟਾ-ਜਿਹਾ ਮਕਾਨ ਬਣਾ ਲਿਆ, ਅਤੇ ਕਹਿੰਦੇ ਹਾਂ ਕਿ ਇਹ ਜ਼ਮੀਨ ਮੇਰੀ ਹੈ ਹਾਲਾਂਕਿ ਜ਼ਮੀਨ ਅਣਵੰਡੀ ਹੈ, ਅਤੇ ਜ਼ਮੀਨ ਨੂੰ ਵੰਡਣ ਦਾ ਕੋਈ ਉਪਾਅ ਨਹੀਂ ਹੈ। ਸਭ ਜ਼ਮੀਨ ਦਾ ਵੰਡਾਰਾ ਨਕਸ਼ਿਆਂ ਵਿਚ ਹੈ, ਅਤੇ ਜ਼ਮੀਨ ਉੱਤੇ ਨਹੀਂ ਹੈ। ਭਾਵੇਂ ਤੁਸੀਂ ਕਹੋ ਕਿ ਭਾਰਤ ਮੇਰਾ ਹੈ, ਅਤੇ ਪਾਕਿਸਤਾਨ ਮੇਰਾ ਨਹੀਂ ਹੈ। ਤਾਂ ਵੀ ਜ਼ਮੀਨ ਉੱਤੇ ਭਾਰਤ ਤੇ ਪਾਕਿਸਤਾਨ ਇਕ ਹਨ। ਤੁਹਾਡੇ ਨਕਸ਼ੇ ਵਿਚ ਅਲੱਗ ਹੋਣਗੇ। ਆਦਮੀ ਦੇ ਨਕਸ਼ਿਆਂ 'ਚ ਵੰਡਾਰਾ ਹੈ, ਕੁਦਰਤ ਅਣਵੰਡੀ ਹੈ। ਜਿਵੇਂ ਜ਼ਮੀਨ ਨਹੀਂ ਵੰਡੀਂਦੀ, ਅਤੇ ਵੰਡਣ ਦਾ ਕੋਈ ਉਪਾਅ ਨਹੀਂ ਹੈ; ਟੋਟੇ ਨਹੀਂ ਹੋ ਸਕਦੀ, ਲੇਕਿਨ ਸਾਡੀ ਲੜਾਈ ਅਜੇਹੀ ਹੈ।

ਸੁਣਿਆ ਹੈ ਮੈਂ ਕਿ ਇਕ ਗੁਰੂ ਦੁਪਹਿਰੇ ਸੌਂਤਾ। ਉਸਦੇ ਦੋ ਸਨ ਸ਼ਿਸ਼, ਉਹ ਦੋਵੇਂ ਸੇਵਾ ਦੇ ਲਈ ਬੜੇ ਉਤਸੁਕ ਸਨ। ਅਤੇ ਦੋਵੇਂ ਇਕੋ ਸਮੇਂ ਸੇਵਾ ਕਰਨੀ ਚਾਹੁੰਦੇ ਸਨ। ਤਾਂ ਗੁਰੂ ਨੇ ਕਿਹਾ ਕਿ ਤੁਸੀਂ ਇਉਂ ਕਰੋ ਕਿ ਮੈਨੂੰ ਅੱਧਾ-ਅੱਧਾ ਵੰਡ ਲਵੋ, ਇਕ ਦਾ ਖੱਬਾ, ਇਕ ਦਾ ਸੱਜਾ। ਸ਼ਿਸ਼ ਬੜੇ ਪ੍ਰਸੰਨ ਹੋਏ। ਇਸ ਤੋਂ ਜ਼ਿਆਦਾ ਸ਼ਿਸ਼ ਹੋਰ ਕੀ ਪਸੰਦ ਕਰਨਗੇ, ਗੁਰੂ ਨੂੰ ਵੰਡ ਲਈਏ! ਇਕ ਨੇ ਖੱਬੀ ਲੱਤ ਤੇ ਖੱਬਾ ਅੰਗ ਲੈ ਲਿਆ। ਇਕ ਨੇ ਸੱਜੀ ਲੱਤੀ ਤੇ ਸੱਜਾ ਅੰਗ ਲੈ ਗਿਆ। ਗੁਰੂ ਬੜੀ ਮੁਸੀਬਤ 'ਚ ਪਿਆ; ਕਿਉਂਕਿ ਗੁਰੂ ਤਾਂ ਵੰਡ ਹੋ ਨਹੀਂ ਸੀ ਸਕਦਾ। ਗੁਰੂ ਨੇ ਪਾਸਾ ਪਰਤਿਆ, ਖੱਬੀ ਲੱਤ ਦੇ ਉਪਰ ਸੱਜੀ ਲੱਤ ਆ ਗਈ। ਖੱਬੀ ਲੱਤ ਵਾਲੇ ਸ਼ਿਸ਼ ਨੇ ਕਿਹਾ, ਹਟਾ ਆਪਣੀ ਲੱਤ ਨੂੰ। ਪਾਸੇ ਕਰ ਉਸ ਲੱਤ ਨੂੰ, ਇਹ ਨਹੀਂ ਚੱਲਣਾ, ਮੇਰੀ ਲੱਤ ਉੱਤੇ, ਅਤੇ ਤੇਰੀ ਲੱਤ! ਕੁੱਟ ਮਾਰ ਦੀ ਨੌਬਤ ਆ ਗਈ, ਗੁਰੂ ਕੁੱਟਿਆ ਗਿਆ। ਮੁਸ਼ਕਲ ਨਾਲ ਬਚ ਸਕਿਆ ਸ਼ਿਸ਼ਾਂ ਕੋਲੋਂ। ਉਸਨੇ ਕਿਹਾ : ਰੁਕੋ ਵੀ, ਠਹਿਰੋ ਵੀ, ਇਹ ਵੀ ਤਾਂ ਦੇਖੋ ਕਿ ਮੈਂ ਅਣਵੰਡ ਹਾਂ।

ਜ਼ਮੀਨ ਅਣਵੰਡੀ ਹੈ। ਵਿਚਾਰ ਦਾ ਜਗਤ ਵੀ ਅਣਵੰਡਿਆ ਹੈ। ਵਿਚਾਰ ਦਾ ਜੋ ਜਗਤ ਹੈ, ਉਹ ਜ਼ਮੀਨ ਵਾਂਗ ਹੀ ਅਣਵੰਡਿਆ ਹੈ। ਉਸ ਵਿਚ ਹਿੰਦੂ ਤੇ ਮੁਸਲਮਾਨ, ਅਤੇ ਮੇਰਾ ਤੇ ਤੇਰਾ, ਇਹ ਵਿਚਾਰ ਚੰਗਾ ਤੇ ਇਹ ਵਿਚਾਰ ਬੁਰਾ, ਅਤੇ ਇਹ ਦੁਸ਼ਮਣ ਦਾ ਤੇ ਇਹ ਮਿੱਤਰ ਦਾ, ਇਹ ਮੇਰੇ ਸੰਪਰਦਾ ਦਾ ਤੇ ਇਹ ਤੇਰੇ ਸੰਪਰਦਾ ਦਾ, ਇਹ ਸਾਰੇ ਦੇ ਸਾਰੇ, ਜਿਵੇਂ ਜ਼ਮੀਨ ਦੇ ਨਕਸ਼ੇ 'ਤੇ ਅਸੀਂ ਵੰਡ ਲੈਂਦੇ ਹਾਂ, ਇਵੇਂ ਹੀ ਵਿਚਾਰ ਦੇ ਨਕਸ਼ੇ 'ਤੇ ਅਸੀਂ ਵੰਡ ਲਿਆ ਹੈ। ਇਹ ਸਭ ਝੂਠੇ ਵੰਡਾਰੇ ਹਨ। ਵਿਚਾਰ ਦਾ ਜਗਤ ਇਕ ਹੈ, ਜਿਵੇਂ ਜ਼ਮੀਨ ਇਕ ਹੈ।

ਹੁਣੇ ਇਸ ਯੁਗ ਵਿਚ ਡਿੱਲਾਰ ਡੀ ਚਾਰਜਨ ਨੇ, ਇਕ ਵਡੇ ਵਿਗਿਆਨਕ ਨੇ, ਇਕ ਖ਼ਿਆਲ ਦਿਤਾ ਹੈ। ਉਹ ਖ਼ਿਆਲ ਇਸ ਸੰਦਰਭ ਵਿਚ ਸਮਝਣ ਯੋਗ ਹੈ। ਉਹ ਖ਼ਿਆਲ ਇਹ ਹ ਕਿ ਜਿਵੇਂ ਜ਼ਮੀਨ ਹੈ, ਤਾਂ ਇਹ ਪਹਿਲੀ ਪਰਤ, ਫਿਰ ਜ਼ਮੀਨ ਦੇ ਬਾਅਦ ਵਾਯੂਮੰਡਲ ਹੈ, ਹਵਾ ਹੈ, ਉਸਨੇ ਕੋਈ ਦੋ ਸੌ ਮੀਲ ਚਾਰ-ਚੁਫੇਰੇ ਤੋਂ ਜ਼ਮੀਨ ਨੂੰ ਘੇਰਿਆ ਹੋਇਆ ਹੈ—ਹਵਾ ਦਾ ਵਾਯੂਮੰਡਲ, ਏਟਮਾਸਫਿਅਰ। ਫਿਰ ਚਾਰਜਨ ਨੇ ਇਕ ਖ਼ਿਆਲ ਦਿਤਾ ਕਿ ਹਵਾ ਦੇ ਇਸ ਮੰਡਲ ਦੇ ਕੋਲ ਵਿਚਾਰਾਂ ਦਾ ਇਕ ਮੰਡਲ ਹੈ। ਉਸਨੂੰ ਉਸਨੇ ਨੋ-ਸਫੀਅਰ, ਵਿਚਾਰ-ਮੰਡਲ ਕਿਹਾ ਹੈ। ਵਾਯੂਮੰਡਲ,

ਫਿਰ ਵਿਚਾਰ-ਮੰਡਲ। ਇਹ ਗੱਲ ਬਹੁਤ ਦੂਰ ਤਕ ਸੱਚ ਹੈ।

ਇਸ ਜਗਤ ਵਿਚ ਜੋ ਵੀ ਵਿਚਾਰ ਹੈ, ਉਹ ਵੀ ਸੰਗ੍ਰਹਿ ਹੁੰਦਾ ਚਲਿਆ ਜਾਂਦਾ ਹੈ। ਨਸ਼ਟ ਤਾਂ ਕੁਝ ਵੀ ਹੁੰਦਾ ਨਹੀਂ ਹੈ; ਨਸ਼ਟ ਕੁਝ ਹੋ ਹੀ ਨਹੀਂ ਸਕਦਾ। ਚੀਜ਼ਾਂ ਬਦਲਦੀਆਂ ਹਨ, ਨਸ਼ਟ ਨਹੀਂ ਹੁੰਦੀਆਂ। ਕੁਝ ਖ਼ਤਮ ਨਹੀਂ ਹੁੰਦਾ, ਕੁਝ ਪੈਦਾ ਨਹੀਂ ਹੁੰਦਾ; ਅਟੁੱਟ ਪ੍ਰਵਾਹ ਹੈ। ਇਕ ਥਾਂ ਜਿਹੜੀ ਚੀਜ਼ ਸਾਨੂੰ ਨਸ਼ਟ ਹੁੰਦੀ ਨਜ਼ਰ ਆਉਂਦੀ ਹੈ, ਉਹ ਸਿਰਫ ਅਦ੍ਰਿਸ਼ਟ ਹੋ ਗਈ ਹੈ; ਕਿਸੇ ਦੂਜੀ ਥਾਂ ਫਿਰ ਪਰਗਟ ਹੋ ਜਾਂਦੀ ਹੈ। ਜਿਵੇਂ ਨਦੀ ਦੀ ਧਾਰਾ ਜ਼ਮੀਨ ਦੇ ਹੇਠਾਂ ਵਗਣ ਲਗੀ ਅਤੇ ਸਾਨੂੰ ਲਗਿਆ ਕਿ ਖ਼ਤਮ ਹੋ ਗਈ। ਜਾਂ ਸਮਝੋ ਕਿ ਨਦੀ ਦੀ ਧਾਰਾ ਸਾਗਰ ਵਿਚ ਮਿਲ ਗਈ ਅਤੇ ਅਸੀਂ ਸਮਝਿਆ ਕਿ ਖ਼ਤਮ ਹੋ ਗਈ। ਕੁਝ ਖ਼ਤਮ ਨਹੀਂ ਹੁੰਦਾ। ਕਿਉਂਕਿ ਫਿਰ ਬਣਨਗੇ ਬੱਦਲ, ਅਤੇ ਫਿਰ ਉਠੇਗਾ ਅਸਮਾਨ 'ਚ ਨਦੀ ਦਾ ਜਲ, ਫਿਰ ਬਰਸੇਗਾ ਉਸੇ ਹਿਮਾਲੀਆ ਉੱਤੇ; ਫਿਰ ਗੰਗੋਤ੍ਰੀ, ਫਿਰ ਗੰਗਾ, ਫਿਰ ਸਾਗਰ; ਇਕ ਘੇਰਾ ਹੈ। ਇਕ ਥਾਂ ਤੋਂ ਪਰਗਟ ਤੇ ਇਕ ਥਾਂ ਤੋਂ ਅਣਪਰਗਟ; ਲੇਕਿਨ ਨਸ਼ਟ ਕੁਝ ਵੀ ਨਹੀਂ ਹੁੰਦਾ। ਵਿਚਾਰ ਵੀ ਇਕੱਠੇ ਹੁੰਦੇ ਚਲੇ ਜਾਂਦੇ ਹਨ। ਵਾਯੂਮੰਡਲ ਦੇ ਚਾਰ-ਚੁਫੇਰੇ ਵਿਚਾਰ ਦਾ ਮੰਡਲ, ਇਕੱਠਾ ਹੁੰਦਾ ਜਾ ਰਿਹਾ ਹੈ।

ਇਹ ਸੂਤਰ ਕਹਿੰਦਾ ਹੈ ਕਿ ਤੂੰ ਆਪਣੇ ਵਿਚਾਰ ਵਿਚ ਨਾ ਵੰਡਿਆ ਜਾਵੀਂ, ਤੂੰ ਸਰਵ ਵਿਚਾਰ ਖ਼ੁਦ ਨੂੰ ਮੰਨੀਂ। ਤੂੰ ਸਮਝੀਂ ਕਿ ਤੇਰਾ ਮਨ ਸਰਵ ਵਿਚਾਰ ਹੈ।

ਕਿਉਂ?

ਕਿਉਂਕਿ ਜੇ ਸਰਵ ਵਿਚਾਰ ਕੋਈ ਆਪਣੇ ਮਨ ਨੂੰ ਮੰਨ ਲਵੇ, ਅਤੇ ਸਮਝ ਲਵੇ ਕਿ ਮੈਂ ਸਰਵ ਵਿਚਾਰ ਹਾਂ, ਤਾਂ ਵਿਚਾਰ ਤੋਂ ਛੁਟਕਾਰਾ ਸ਼ੁਰੂ ਹੋ ਗਿਆ। ਕਿਉਂਕਿ ਵਿਚਾਰ ਨਾਲ ਬੰਨ੍ਹੇ ਹੋਣ ਦੇ ਲਈ ਜ਼ਰੂਰੀ ਹੈ ਕਿ ਕੁਝ ਵਿਚਾਰ ਮੇਰਾ ਹੋਵੇ ਅਤੇ ਕੁਝ ਮੇਰਾ ਨਾ ਹੋਵੇ। ਤਦੇ ਬੰਧਨ ਹੋ ਸਕਦਾ ਹੈ। ਜੇ ਪੂਰੀ ਹੀ ਪ੍ਰਿਥਵੀ ਮੇਰੀ ਹੋਵੇ, ਤਾਂ ਕਿਥੇ ਉਸਾਰਾਂਗਾ ਕੰਧ, ਕਿਥੇ ਕਰਾਂਗਾ ਸੁਰੱਖਿਆ? ਛੋਟਾ-ਮੋਟਾ ਟੁਕੜਾ ਹੋਵੇ, ਤਾਂ ਕੰਧ ਉਸਾਰ ਲਵਾਂ, ਵਿਹੜਾ ਘੇਰ ਲਵਾਂ। ਜੇ ਪੂਰੀ ਪ੍ਰਿਥਵੀ ਮੇਰੀ ਹੈ, ਤਾਂ ਕਿਵੇਂ ਉਸਾਰਾਂਗਾ ਕੰਧ, ਕਿਥੇ ਉਸਾਰਾਂਗਾ ਕੰਧ? ਕਿਸਦੇ ਲਈ ਉਸਾਰਾਂਗਾ, ਜਦ ਵੰਡਣਾ ਹੀ ਕੁਝ ਨਹੀਂ ਹੈ? ਕਿਸਦੀ ਖ਼ਾਤਰ ਕੰਧ ਉਸਾਰਾਂਗਾ?

ਸਰਵ ਵਿਚਾਰ ਮੈਂ ਹਾਂ, ਅਜੇਹੀ ਜਿਸਦੀ ਪ੍ਰਤੀਤੀ ਹੈ, ਉਹ ਸੰਪਰਦਾ ਤੋਂ ਮੁਕਤ ਹੋ ਜਾਏਗਾ, ਸੰਕੀਰਨਤਾ ਤੋਂ ਮੁਕਤ ਹੋ ਜਾਏਗਾ। ਅਤੇ ਇਕ ਲਾਜਵਾਬ ਗੱਲ ਵਾਪਰੇਗੀ; ਜੇਕਰ ਸਰਵ ਵਿਚਾਰ ਮੈਂ ਹਾਂ, ਤਾਂ ਤੁਹਾਨੂੰ ਦਿਖਾਈ ਪਏਗਾ ਕਿ ਜਿਹੜੇ ਉਲਟ ਵਿਚਾਰ ਨਜ਼ਰ ਆਉਂਦੇ ਹਨ, ਉਹ ਵੀ ਉਲਟ ਵਿਚਾਰ ਨਹੀਂ ਹਨ, ਉਹ ਵੀ ਜੁੜੇ ਹੋਏ, ਇਕੱਠੇ ਹਨ। ਜੋ ਉਲਟਾ ਪ੍ਰਤੀਤ ਹੁੰਦਾ ਹੈ, ਜੋ ਦੁਸ਼ਮਣ ਜਾਪਦਾ ਹੈ, ਉਹ ਵੀ ਤੁਹਾਡਾ ਹੀ ਹਿੱਸਾ ਹੈ। ਜਿਥੇ ਕੰਟ੍ਰਾਡਿਕਸ਼ਨ ਦਿਸਦਾ ਹੈ, ਵਿਰੋਧ-ਭਾਸ ਨਜ਼ਰ ਆਉਂਦਾ ਹੈ, ਉਹ ਵੀ ਭਾਸ ਹੀ ਹੈ। ਵਿਰੋਧ ਉਥੇ ਵੀ ਨਹੀਂ ਹੈ। ਲੇਕਿਨ ਜਦ ਸਰਵ ਦੇ ਨਾਲ ਏਕਤਾ

ਹੋਵੇਗੀ, ਤਦ ਹੋਵੇਗਾ। ਅਤੇ ਇੰਨੀ ਏਕਤਾ ਹੋ ਜਾਵੇ, ਤਾਂ ਛਡਣ ਵਿਚ ਕਠਨਾਈ ਹੋਵੇਗੀ।

ਇਹ ਬੜੀ ਮਜ਼ੇਦਾਰ ਗੱਲ ਹੈ। ਜੇ ਮੇਰੇ ਕੋਲ ਇਕ ਛੋਟਾ-ਜਿਹਾ ਮਕਾਨ ਹੈ ਅਤੇ ਜ਼ਮੀਨ ਦਾ ਛੋਟਾ-ਜਿਹਾ ਘੇਰਾ ਹੈ, ਤਾਂ ਉਸਨੂੰ ਘੇਰਾ ਬਣਾ ਕੇ ਮੈਨੂੰ ਰਾਖੀ ਵੀ ਕਰਨੀ ਪੈਂਦੀ ਹੈ। ਕਿਉਂਕਿ ਦੂਜਿਆਂ ਤੋਂ ਬਚਾਉਣਾ ਹੈ। ਅਤੇ ਇਹ ਛਡਣ ਵਿਚ ਵੀ ਬੜੀ ਮੁਸ਼ਕਲ ਹੋ ਜਾਂਦੀ ਹੈ। ਜਿਸਦੀ ਇੰਨੀ ਰਾਖੀ ਕੀਤੀ, ਇੰਨਾ ਘੇਰਾ ਬਣਾਇਆ, ਉਸਦੇ ਨਾਲ ਰਾਗ, ਮੋਹ-ਭਾਵ ਤਿਆਰ ਹੋ ਜਾਂਦਾ ਹੈ। ਉਸ ਵਿਚ ਮੈਂ ਦਾਖਲ ਹੋ ਜਾਂਦਾ ਹਾਂ, ਉਹ ਜ਼ਮੀਨ ਦਾ ਟੁਕੜਾ ਮੇਰੇ ਵਿਚ ਦਾਖਲ ਹੋ ਜਾਂਦਾ ਹੈ।

ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਨਿਗੂਣੇ ਨੂੰ ਛਡਣਾ ਬਹੁਤ ਮੁਸ਼ਕਲ ਗੱਲ ਹੈ। ਪਰ ਜੇ ਪੂਰੀ ਪ੍ਰਿਥਵੀ ਮੇਰੀ ਹੈ, ਤਾਂ ਛਡਣਾ ਬਹੁਤ ਅਸਾਨ ਹੈ। ਕਿਉਂਕਿ ਪੂਰੀ ਪ੍ਰਿਥਵੀ ਮੇਰੀ ਹੈ, ਜਾਂ ਪੂਰੀ ਪ੍ਰਿਥਵੀ ਮੇਰੀ ਨਹੀਂ ਹੈ, ਦੋਨਾਂ ਵਿਚ ਕੋਈ ਫਰਕ ਨਹੀਂ ਪਏਗਾ। ਇਸਨੂੰ ਖ਼ਿਆਲ ਵਿਚ ਲੈ ਲੈਣਾ। ਜੇ ਛੋਟਾ ਟੁਕੜਾ ਮੇਰਾ ਹੈ, ਅਤੇ ਛੋਟਾ ਟੁਕੜਾ ਮੇਰਾ ਨਹੀਂ ਹੈ, ਤਾਂ ਬਹੁਤ ਫਰਕ ਪਏਗਾ। ਪੂਰੀ ਪ੍ਰਿਥਵੀ ਮੇਰੀ ਹੈ, ਜਾਂ ਪੂਰੀ ਪ੍ਰਿਥਵੀ ਮੇਰੀ ਨਹੀਂ ਹੈ, ਕੀ ਫਰਕ ਪੈਂਦਾ ਹੈ? ਦੋਨੋਂ ਬਰਾਬਰ ਹਨ। ਜੇ ਪੂਰਾ ਅਕਾਸ਼ ਮੇਰਾ ਹੈ, ਅਤੇ ਪੂਰਾ ਅਕਾਸ਼ ਮੇਰਾ ਨਹੀਂ ਹੈ ਤਾਂ ਵੀ ਦੋਨੋਂ ਬਰਾਬਰ ਹਨ। ਪੂਰਨ ਨੂੰ ਛਡਣਾ ਬਹੁਤ ਸੌਖਾ ਹੈ।

ਇਸਲਈ ਜੇ ਬੁੱਧ ਅਤੇ ਮਹਾਂਵੀਰ ਵਰਗੇ ਵਿਅਕਤੀ ਧਨ ਦਾ ਤਿਆਗ ਕਰ ਸਕੇ, ਤਾਂ ਉਸਦਾ ਕਾਰਨ ਹੈ। ਕਿਉਂਕਿ ਉਹ ਦਰਿੱਦਰ ਨਹੀਂ ਸਨ,ਉਹਨਾਂ ਕੋਲ ਬਹੁਤ ਸੀ, ਅਤੇ ਬਹੁਤ ਨੂੰ ਛਡਣਾ ਅਸਾਨ ਹੈ। ਨਿਗੂਣੇ ਨੂੰ ਛਡਣਾ ਮੁਸ਼ਕਲ ਹੈ। ਸਮਰਾਟ ਆਪਣੇ ਸਾਮਰਾਜ ਨੂੰ ਛਡ ਸਕਦੇ ਹਨ, ਫ਼ਕੀਰ ਆਪਣੀ ਲੰਗੋਟੀ ਨੂੰ ਨਹੀਂ ਛਡ ਪਾਂਦੇ। ਸਮਰਾਟਾਂ ਦੇ ਸਾਮਰਾਜ ਨਾਲੋਂ ਲੰਗੋਟੀ ਵਡੀ ਸਿੱਧ ਹੁੰਦੀ ਹੈ। ਹੈ ਹੀ ਇੰਨਾ ਘਟ ਕਿ ਹੁਣ ਹੋਰ ਕੀ ਛਡਿਆ ਜਾਵੇ? ਇੰਨਾ ਘਟ ਹੈ ਕਿ ਛੁੱਟਿਆ ਕਿ ਪ੍ਰਾਣ ਨਿਕਲ ਜਾਂਦੇ ਹਨ।

ਜਿੰਨਾ ਜ਼ਿਆਦਾ ਹੋਵੇ, ਉੱਨਾ ਛਡਣਾ ਅਸਾਨ ਹੋ ਜਾਂਦਾ ਹੈ।

ਇਹ ਗੱਲ ਸੁਣ ਕੇ ਬਹੁਤ ਹੈਰਾਨੀ ਹੋਵੇਗੀ। ਅਤੇ ਜੇ ਉਹ ਪੂਰਨ ਹੈ, ਤਾਂ ਛਡਣਾ ਬਿਲਕੁਲ ਹੀ ਸੁਖਾਲਾ ਹੈ। ਕਿਉਂਕਿ ਦੋ ਪੂਰਨਤਾਵਾਂ ਵਿਚ ਕੋਈ ਭੇਦ ਨਹੀਂ ਹੈ। ਜੇ ਪੂਰੀ ਪ੍ਰਿਥਵੀ ਮੇਰੀ ਹੈ ਅਤੇ ਪੂਰੀ ਪ੍ਰਿਥਵੀ ਮੇਰੀ ਨਹੀਂ ਹੈ, ਇਹਨਾਂ ਦੋਹਾਂ ਵਿਚ ਕੋਈ ਫਰਕ ਨਹੀਂ ਹੈ। ਦੋਵੇਂ ਪੂਰਨ ਹਨ। ਜੇ ਸਰਵ ਵਿਚਾਰ ਮੇਰੇ ਹਨ, ਤਾਂ ਫਿਰ ਸਰਵ ਵਿਚਾਰ ਦਾ ਤਿਆਗ ਅਸਾਨ ਹੈ।

ਇਹ ਸੂਤਰ ਕਹਿੰਦਾ ਹੈ : ਤਦ ਤਕ ਇਕ ਬਹੁਤ ਕਠਨ ਕੰਮ ਤੂੰ ਕਰਨਾ ਹੈ। ਤੂੰ ਖ਼ੁਦ ਨੂੰ ਇਕੋ ਸਮੇਂ ਸਰਵ ਵਿਚਾਰ ਵੀ ਮਹਿਸੂਸ ਕਰਨਾ ਹੈ, ਅਤੇ ਆਪਣੀ ਆਤਮਾ ਤੋਂ ਸਰਵ ਵਿਚਾਰਾਂ ਨੂੰ ਬਾਹਰ ਵੀ ਕਢਣਾ ਹੈ।

ਇਹ ਦੋਨੋਂ ਗੱਲਾਂ ਵਾਪਰ ਜਾਂਦੀਆਂ ਹਨ। ਜੇ ਸਰਵ ਵਿਚਾਰ ਮੇਰੇ ਹਨ, ਤਾਂ ਸਰਵ ਵਿਚਾਰ ਦਾ ਤਿਆਗ ਵੀ ਇੰਨੀ ਹੀ ਅਸਾਨੀ ਨਾਲ ਹੋ ਜਾਂਦਾ ਹੈ। ਪਹਿਲਾਂ ਕੰਮ ਦੀ ਫਿਕਰ ਕਰੀਏ, ਤਾਂ ਦੂਜਾ ਕੰਮ ਪਰਛਾਵੇਂ ਦੀ ਤਰ੍ਹਾਂ ਅਸਾਨ ਹੈ। ਪਹਿਲਾ

ਕੰਮ ਹੀ ਔਖਾ ਹੈ।

ਇਕ ਆਦਮੀ ਨੇ ਵੇਦ ਫੜਿਆ ਹੋਇਆ ਹੈ, ਛਡਣਾ ਮੁਸ਼ਕਲ ਹੈ। ਕਿਉਂਕਿ ਵੇਦ ਮੇਰੇ ਹਨ। ਕੁਰਾਨ ਤੁਹਾਡਾ ਹੈ, ਕੁਰਾਨ ਨੂੰ ਛਡ ਸਕਦਾ ਹਾਂ। ਬਾਈਬਲ ਨੂੰ ਛਡ ਸਕਦਾ ਹਾਂ, ਉਹ ਮੇਰੇ ਨਹੀਂ ਹਨ। ਵੇਦ ਮੇਰਾ ਹੈ, ਜਾਂ ਬਾਈਬਲ ਮੇਰੀ ਹੈ ਤਾਂ ਕੁਰਾਨ ਛਡ ਸਕਦਾ ਹਾਂ। ਛਡਿਆ ਹੀ ਹੋਇਆ ਹੈ। ਪਰ ਬਾਈਬਲ ਨੂੰ ਫੜਿਆ ਹੋਇਆ ਹੈ। ਅੱਪਰ ਜੇ ਸਾਰੇ ਹੀ ਸ਼ਾਸਤਰ ਮੇਰੇ ਹਨ, ਤਾਂ ਛਡਣ ਵਿਚ ਕੋਈ ਅੜਿੱਚਣ ਨਹੀਂ ਰਹੀ; ਹੁਣ ਕੋਈ ਲਗਾਮ ਹੀ ਨਹੀਂ ਰਿਹਾ। ਸਭ ਬਰਾਬਰ ਹੋ ਗਿਆ। ਹੁਣ ਕੋਈ ਤੁਲਨਾ ਨਾ ਰਹੀ ਕਿ ਕੌਣ ਛੋਟਾ ਹੈ, ਕੌਣ ਵਡਾ ਹੈ; ਕੌਣ ਮੇਰਾ ਹੈ, ਕੌਣ ਮੇਰਾ ਨਹੀਂ ਹੈ। ਸਾਰੇ ਹੀ ਮੇਰੇ ਹਨ ਅਤੇ ਛਡੇ ਜੇ ਸਕਦੇ ਹਨ।

ਜਿਹੜਾ ਵਿਅਕਤੀ ਸੰਪਰਦਾ ਨਹੀਂ ਛਡ ਪਾਂਦਾ, ਉਹ ਕਦੇ ਧਾਰਮਕ ਨਹੀਂ ਹੋ ਸਕਦਾ। ਸੰਪਰਦਾ ਇਕ ਵਿਅਕਤੀ ਕਿੰਨਾ ਹੀ ਧਾਰਮਕ ਹੋਣ ਦੀ ਚੇਸ਼ਟਾ ਕਰੇ, ਧਾਰਮਕ ਨਹੀਂ ਹੋ ਸਕਦਾ। ਸੀਮਾ ਰੋਕ ਲੈਂਦੀ ਹੈ। ਅਤੇ ਸੀਮਾ ਜਿਥੇ ਹੋਵੇ, ਉਥੇ ਅਸੀਮ ਨਾਲ ਮਿਲਣਾ ਨਹੀਂ ਹੋ ਸਕਦਾ। ਸਭ ਵਿਚਾਰਾਂ ਨੂੰ ਸਮਝ ਲੈਣਾ ਕਿ ਮੇਰੇ ਹਨ। ਅਜੇਹਾ ਸੋਚਦਿਆਂ ਹੀ ਤੁਸੀਂ ਪਾਉਗੇ, ਚਿੱਤ ਦਾ ਬੋਝ ਹੌਲਾ ਹੋ ਗਿਆ। ਮਸਜਿਦ ਵੀ ਮੇਰੀ, ਮੰਦਰ ਵੀ ਮੇਰਾ, ਸ਼ਿਵਾਲਾ ਵੀ ਮੇਰਾ, ਗਿਰਜਾ ਵੀ ਮੇਰਾ, ਗੱਲ ਹੀ ਖ਼ਤਮ ਹੋ ਗਈ। ਕਿਤੇ ਜਾਣ ਦੀ ਲੋੜ ਹੀ ਨਹੀਂ ਹੈ। ਫਿਰ ਤੁਸੀਂ ਜਿਥੇ ਬੈਠੇ ਹੋ, ਉਥੇ ਹੀ ਮੰਦਰ, ਉਥੇ ਹੀ ਗਿਰਜਾ, ਉਥੇ ਹੀ ਸ਼ਿਵਾਲਾ, ਅਤੇ ਉਥੇ ਹੀ ਮਸਜਿਦ ਹੈ।

'ਤੂੰ ਮਨ ਦੀ ਉਸ ਸਥਿਰਤਾ ਨੂੰ ਪਹੁੰਚਣਾ ਹੈ, ਜਿਸ ਵਿਚ ਤੇਜ਼ ਤੋਂ ਤੇਜ਼ ਹਵਾ ਵੀ ਕਿਸੇ ਪਦਾਰਥਕ ਵਿਚਾਰ ਨੂੰ ਉਸਦੇ ਅੰਦਰ ਦਾਖ਼ਲ ਨਾ ਕਰਾ ਸਕੇ। ਇਸ ਤਰ੍ਹਾਂ ਪੂਰਨ ਸ਼ੁੱਧ ਹੋ ਕੇ ਮੰਦਰ ਨੇ ਸਾਰੇ ਸੰਸਾਰਕ ਕਰਮ, ਸ਼ਬਦ ਤੇ ਪਦਾਰਥਕ ਰੋਸ਼ਨੀ ਤੋਂ ਸੱਖਣਾ ਕਰਨਾ ਹੈ। ਜਿਸ ਤਰ੍ਹਾਂ ਪਾਲੇ ਦੀ ਮਾਰੀ ਤਿਤਲੀ ਦੇਹਲੀ ਉਤੇ ਹੀ ਡਿਗ ਕੇ ਢੇਰੀ ਹੋ ਜਾਂਦੀ ਹੈ, ਉਸੇ ਤਰ੍ਹਾਂ ਸਾਰੇ ਪਦਾਰਥਕ ਵਿਚਾਰਾਂ ਨੂੰ ਮੰਦਰ ਦੇ ਸਾਹਮਣੇ ਢੇਰੀ ਹੋ ਜਾਣਾ ਚਾਹੀਦਾ ਹੈ।'

ਤੂੰ ਮਨ ਦੀ ਉਸ ਸਥਿਰਤਾ ਨੂੰ ਪਹੁੰਚਣਾ ਹੈ, ਜਿਸ ਵਿਚ ਤੇਜ਼ ਤੋਂ ਤੇਜ਼ ਹਵਾ ਵੀ ਕਿਸੇ ਪਦਾਰਥਕ ਵਿਚਾਰ ਨੂੰ ਉਸਦੇ ਅੰਦਰ ਦਾਖ਼ਲ ਨਾ ਹੋਣ ਦੇਵੇ। ਸਥਿਰਤਾ ਨੂੰ ਜੀਣਾ।

ਸਾਡਾ ਮਨ ਹੈ, ਕੰਬਦਾ, ਹਰ ਪਲ ਕੰਬਿਆ ਹੋਇਆ। ਉਸਦੀ ਕੰਬਣੀ ਦੇ ਕਾਰਨ ਹੀ ਕੁਝ ਵੀ ਇਸ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਉਸਦੀ ਕੰਬਣੀ ਦੇ ਕਾਰਨ ਹੀ ਸੰਨ੍ਹ ਹੋ ਜਾਂਦੇ ਹਨ, ਛੇਕ ਹੋ ਜਾਂਦੇ ਹਨ। ਉਸਦੀ ਕੰਬਣੀ ਦੇ ਕਾਰਨ ਹੀ ਸਾਡੇ ਅੰਦਰ ਕੋਈ ਮਜ਼ਬੂਤ ਅਵਸਥਾ ਨਹੀਂ ਹੁੰਦੀ, ਕੋਈ ਇਕ ਥਿਰ ਹਾਲਤ ਨਹੀਂ ਹੁੰਦੀ।

ਇਸਨੂੰ ਜ਼ਰਾ ਇਉਂ ਸਮਝੋ, ਕਿ ਜਦ ਤੁਹਾਡਾ ਮਨ ਬਹੁਤ ਫ਼ਿਕਰਮੰਦ ਹੁੰਦਾ ਹੈ, ਤਦ ਖ਼ਿਆਲ ਕਰਨਾ, ਤਦ ਤੁਹਾਡੇ ਵਿਚ ਪਤਾ ਨਹੀਂ ਕਿੰਨੇ–ਕਿੰਨੇ ਵਿਚਾਰ ਅੰਦਰ ਆਉਣ ਲਗਦੇ ਹਨ। ਜਦ ਤੁਹਾਡਾ ਮਨ ਸ਼ਾਂਤ ਹੁੰਦਾ ਹੈ, ਤਦ ਤੁਹਾਡੇ

ਉੱਤੇ ਵਿਚਾਰਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਵਿਚਾਰ ਚਾਰ-ਚੁਫੇਰੇ ਤੁਹਾਡੇ ਆਸਪਾਸ ਠੀਕ ਇਉਂ ਹੀ ਹਨ, ਜਿਵੇਂ ਤੁਹਾਡੇ ਆਸਪਾਸ ਮੱਖੀਆਂ ਭਿਣਕ ਰਹੀਆਂ ਹੋਣ; ਜਦ ਵੀ ਛੇਕ ਮਿਲ ਜਾਂਦਾ ਹੈ, ਉਹ ਪ੍ਰਵੇਸ਼ ਕਰ ਜਾਂਦੀਆਂ ਹਨ। ਅਤੇ ਛੇਕ ਮਿਲ ਜਾਂਦਾ ਹੈ ਤੁਹਾਡੇ ਕੰਬਣ ਨਾਲ। ਜੇ ਤੁਸੀਂ ਅਣਕੰਬ ਹੋ ਅੰਦਰ, ਮਨ ਕੰਬਦਾ ਨਹੀਂ, ਤਾਂ ਕੋਈ ਵਿਚਾਰ ਅੰਦਰ ਪ੍ਰਵੇਸ਼ ਨਹੀਂ ਕਰੇਗਾ।

ਇਸਨੂੰ ਜ਼ਰਾ ਅਨੁਭਵ ਨਾਲ ਦੇਖੋ ਤਾਂ ਤੁਹਾਨੂੰ ਖ਼ਿਆਲ ਵਿਚ ਆ ਜਾਏਗਾ, ਕਿ ਜਦ ਤੁਸੀਂ ਸ਼ਾਂਤ ਹੁੰਦੇ ਹੋ, ਤਦ ਇਕ ਅਭੇਦ ਕੰਧ ਤੁਹਾਡੇ ਅੰਦਰ ਖੜ੍ਹੀ ਹੋ ਗਈ। ਹੁਣ ਕੁਝ ਤੁਹਾਡੇ ਅੰਦਰ ਦਾਖ਼ਲ ਨਹੀਂ ਹੋ ਸਕਦਾ। ਜਦ ਤੁਸੀਂ ਅਸ਼ਾਂਤ ਹੁੰਦੇ ਹੋ, ਤਾਂ ਅਜੇਹਾ ਲਗਦਾ ਹੈ ਕਿ ਸਭ ਕੁਝ ਪ੍ਰਵੇਸ਼ ਹੋ ਰਿਹਾ ਹੈ। ਕੂੜਾ-ਕਰਕਟ, ਕੁਝ ਵੀ ਤੁਹਾਡੇ ਵਿਚ ਦਾਖ਼ਲ ਹੋ ਰਿਹਾ ਹੈ। ਅਤੇ ਤੁਸੀਂ ਅਸਮਰੱਥ ਹੋ ਰੋਕਣ ਤੋਂ।

ਥਿਰਤਾ ਮਨ ਦੀ ਕਿਵੇਂ ਹੋਵੇ ਹਾਸਲ ? ਅਸੀਂ ਕੀ ਕਰੀਏ ਕਿ ਮਨ ਥਿਰ ਹੋ ਜਾਵੇ, ਰੁਕ ਜਾਵੇ।

ਦੋ-ਤਿੰਨ ਗੱਲਾਂ ਖ਼ਿਆਲ ਰਖਣਾ। ਉਸੇ ਦਾ ਅਸੀਂ ਇਥੇ ਪ੍ਰਯੋਗ ਵੀ ਕਰ ਰਹੇ ਹਾਂ।

ਇਕ, ਜਿਵੇਂ ਹੀ ਇਹ ਖ਼ਿਆਲ ਆਵੇ ਕਿ ਮਨ ਅਤੀਤ ਵਿਚ ਗਿਆ, ਉਸੇ ਵੇਲੇ ਉਸਨੂੰ ਵਾਪਸ ਵਰਤਮਾਨ ਵਿਚ ਲੈ ਆਉ। ਸੋਚਣ ਲਗੇ ਬਚਪਨ ਦੀ, ਕੋਈ ਅਰਥ ਨਹੀਂ ਹੈ। ਬਚਪਨ ਗੰਵਾਇਆ ਹੋਵੇਗਾ, ਬੁਢੇਪੇ ਦੀ ਸੋਚਣ 'ਚ, ਕਿ ਜਵਾਨੀ ਦੀ ਸੋਚਣ ਵਿਚ। ਹੁਣ ਜਵਾਨੀ ਗੰਵਾਉ ਬਚਪਨ ਦੀ ਸੋਚਣ ਵਿਚ। ਕੋਈ ਅਰਥ ਨਹੀਂ ਹੈ, ਜੋ ਗਿਆ, ਉਹ ਗਿਆ; ਜੋ ਬੀਤ ਚੁੱਕਾ, ਉਹ ਬੀਤ ਚੁੱਕਾ। ਨਾ ਸੋਚੋ। ਉਸ ਵਿਚ ਹੁਣ ਕੁਝ ਵੀ ਕੀਤਾ ਨਹੀਂ ਜਾ ਸਕਦਾ। ਅਤੇ ਉਸਦੇ ਸਬੰਧ ਵਿਚ ਸੋਚ ਕੇ ਉਹ ਜਿਹੜਾ ਸਮਾਂ ਹੁਣ ਹੱਥ ਵਿਚ ਹੈ, ਉਹ ਖੋਂਦਾ ਜਾ ਰਿਹਾ ਹੈ। ਕਲ੍ਹ ਉਹਦੇ ਲਈ ਪਛਤਾਉਗੇ।

ਮੈਂ ਇਕ ਥਾਂ ਗੀਤਾ ਉੱਤੇ ਬੋਲ ਰਿਹਾ ਸੀ, ਦੂਜੇ ਅਧਿਆਇ ਉੱਤੇ ਬੋਲ ਰਿਹਾ ਸੀ। ਇਕ ਸੱਜਣ ਆਏ, ਦਸਵੇਂ ਅਧਿਆਇ ਦਾ ਸਵਾਲ ਲੈ ਕੇ ! ਮੈਂ ਉਹਨਾਂ ਨੂੰ ਕਿਹਾ, ਰੁਕੋ, ਦੂਜਾ ਤਾਂ ਸਮਝ ਲਵੋ। ਅਤੇ ਦਸਵੇਂ ਉੱਤੇ ਜਦ ਬੋਲਾਂਗਾ, ਤਾਂ ਦੇਖਿਆ ਜਾਏਗਾ। ਸੰਜੋਗ ਦੀ ਗੱਲ ਅਜੇ ਮੈਂ ਦਸਵੇਂ ਉੱਤੇ ਬੋਲ ਰਿਹਾ ਸੀ, ਕਿ ਉਹੀ ਸੱਜਣ ਦੂਜੇ ਅਧਿਆਇ ਦਾ ਸਵਾਲ ਲੈ ਕੇ ਆ ਗਏ। ਮੈਂ ਉਹਨਾਂ ਨੂੰ ਕਿਹਾ, ਤੁਸੀਂ ਭੁੱਲ ਗਏ, ਮੈਂ ਨਹੀਂ ਭੁਲਿਆ ਹਾਂ। ਜਦ ਮੈਂ ਦੂਜੇ ਉੱਤੇ ਬੋਲ ਰਿਹਾ ਸੀ, ਤਦ ਤੂੰ ਦਸਵੇਂ ਦਾ ਸਵਾਲ ਲੈ ਕੇ ਆਇਆ; ਹੁਣ ਮੈਂ ਦਸਵੇਂ 'ਤੇ ਬੋਲ ਰਿਹਾ ਹਾਂ, ਤਾਂ ਤੂੰ ਦੂਜੇ ਦਾ ਸਵਾਲ ਲੈ ਕੇ ਆਇਐਂ !

ਜੋ ਹੈ ਉਸਨੂੰ ਨਹੀਂ ਸਮਝੋਗੇ; ਜੋ ਨਹੀਂ ਹੈ, ਉਸਦੀ ਚਿੰਤਾ ਵਿਚ ਪਏ ਹੋ ! ਤਾਂ ਇਉਂ ਤਾਂ ਤੁਸੀਂ ਸਭ ਚੁੱਕ ਜਾਉਗੇ। ਅਤੇ ਅਸੀਂ ਇਹੀ ਕਰ ਰਹੇ ਹਾਂ। ਇਹ ਛਿਨ ਕਾਫ਼ੀ ਹੈ। ਨਾ ਪਿਛੇ ਜਾਉ। ਆਦਤ ਬਣ ਗਈ ਹੈ, ਤਾਂ ਜਿਵੇਂ ਹੀ ਖ਼ਿਆਲ ਆ ਜਾਵੇ, ਫ਼ੌਰਨ ਵਰਤਮਾਨ ਵਿਚ ਪਰਤ ਆਉਣਾ। ਕੋਈ ਉਪਾਅ ਕਰ ਲੈਣਾ ਅਤੇ ਵਰਤਮਾਨ ਵਿਚ ਆਉਣਾ। ਜੇ ਖ਼ਿਆਲ ਆ ਗਿਆ ਬਚਪਨ ਦਾ ਤਾਂ ਛਡਣਾ। ਸਾਹਮਣੇ ਪਿਆ ਹੋਇਆ ਪੱਥਰ ਹੈ, ਉਸਨੂੰ ਚੁੱਕ ਕੇ ਉਸਨੂੰ ਦੇਖਣ ਲਗਣਾ; ਅਕਾਸ਼ ਵਿਚ ਚੰਦ ਹੈ, ਉਸਨੂੰ ਦੇਖਣ ਲਗਣਾ; ਬਿਰਛ ਵਿਚ ਫੁੱਲ ਖਿੜੇ ਹਨ, ਉਸੇ ਨੂੰ ਦੇਖਣ ਲਗਣਾ; ਹਵਾ ਇਕ ਸੁਗੰਧ ਲਿਆ ਰਹੀ ਹੈ, ਉਸਨੂੰ ਸੁੰਘਣ ਲਗਣਾ। ਕੁਝ ਨਾ ਹੋਵੇ, ਲੇਟ ਜਾਣਾ ਜ਼ਮੀਨ 'ਤੇ, ਉਹ ਜਿਹੜੀ ਜ਼ਮੀਨ

ਤਪੀ ਹੋਈ ਹੈ, ਜਾਂ ਸੀਤਲ ਹੈ, ਉਸਦੀ ਹੀ ਸੰਵੇਦਨਾ ਮਹਿਸੂਸ ਕਰਨਾ। ਲੇਕਿਨ ਵਰਤਮਾਨ ਵਿਚ ਪਰਤ ਆਉਣਾ। ਹੁਣ ਇਥੇ ਕੁਝ ਹੋ ਰਿਹਾ ਹੋਵੇ, ਉਸ ਵਿਚ ਹੋ ਜਾਣਾ।

ਇਵੇਂ ਹੀ ਜਦ ਭਵਿੱਖ ਵਿਚ ਮਨ ਭੱਜੇ ਤਾਂ ਉਸ ਵੇਲੇ ਵਰਤਮਾਨ ਵਿਚ ਲੈ ਜਾਣਾ। ਅਤੀਤ ਅਤੇ ਭਵਿੱਖ ਤੋਂ ਬਚਣਾ। ਤੁਸੀਂ ਥੋੜ੍ਹੇ ਹੀ ਦਿਨਾਂ 'ਚ ਪਾਣ ਲਗੋਗੇ ਕਿ ਮਨ ਸਥਿਰ ਹੋਣ ਲਗ ਪਿਆ ਹੈ। ਕਿਉਂਕਿ ਵਰਤਮਾਨ ਵਿਚ ਕੰਬਣੀ ਦਾ ਕੋਈ ਉਪਾਅ ਨਹੀਂ ਹੈ। ਸਭ ਕੰਬਣੀਆਂ ਪਿਛੇ ਤੋਂ ਜਾਂ ਅਗੇ ਤੋਂ ਆਉਂਦੀਆਂ ਹਨ। ਅਤੀਤ ਜੋ ਨਹੀਂ ਹੈ ਹੁਣ ਅਤੇ ਭਵਿੱਖ ਜੋ ਹੋਇਆ ਨਹੀਂ ਹੈ, ਉਸਦੀ ਚਿੰਤਾ ਤੁਹਾਨੂੰ ਕੰਬਾਉਂਦੀ ਹੈ।

ਇਕ ਹੋਰ ਗੱਲ ਖਿਆਲ ਰਖਣਾ, ਕਿ ਜਦ ਵੀ ਮਨ ਬਹੁਤ ਕੰਬਣ ਲਗੇ, ਤਾਂ ਉਸਦੇ ਸਾਖਸ਼ੀ ਹੋ ਜਾਣਾ। ਜਿਵੇਂ ਦੂਰ ਖੜ੍ਹੇ ਹੋ ਗਏ ਆਪਣੇ ਹੀ ਮਨ ਤੋਂ, ਅਤੇ ਦੇਖਣ ਲਗੇ। ਜਿਵੇਂ ਮਨ ਇਕ ਨਦੀ ਦੀ ਧਾਰਾ ਹੈ ਅਤੇ ਵਗੀ ਜਾ ਰਹੀ ਹੈ। ਜਾਂ ਮਨ ਜਿਵੇਂ ਇਕ ਪੰਛੀਆਂ ਦੀ ਕਤਾਰ ਹੈ, ਅਤੇ ਅਸਮਾਨ ਵਿਚ ਉੱਡੀ ਜਾ ਰਹੀ ਹੈ। ਜਾਂ ਮਨ ਜਿਵੇਂ ਸੜਕ ਦਾ ਟ੍ਰੈਫਿਕ ਹੈ ਕਿ ਚਲਿਆ ਜਾ ਰਿਹਾ ਹੈ ਅਤੇ ਤੁਸੀਂ ਕੰਢੇ 'ਤੇ ਖੜ੍ਹੇ ਹੋ, ਅਤੇ ਉਸਨੂੰ ਦੇਖਦੇ ਹੋ ਦੂਰ ਖੜ੍ਹੇ ਹੋ ਕੇ, ਚੁਪਚਾਪ ਦੇਖਦੇ ਹੋ। ਆਪਣੇ ਮਨ ਨੂੰ ਦੂਰ ਖੜ੍ਹੇ ਹੋ ਕੇ ਦੇਖਣ ਲਗਣਾ। ਛੇਤੀ ਹੀ ਤੁਸੀਂ ਪਾਉਗੇ, ਮਨ ਥਿਰ ਹੋ ਗਿਆ, ਸ਼ਾਂਤ ਹੋ ਗਿਆ। ਅਤੇ ਇਹ ਕਲਾ ਜਿਵੇਂ ਵਧਦੀ ਜਾਏਗੀ, ਉਵੇਂ ਹੀ ਨਾਲ ਦੀ ਨਾਲ, ਜਿਵੇਂ ਹੀ ਤੁਸੀਂ ਸਾਖਸ਼ੀ ਹੋਵੋਗੇ, ਵਿਟਨੇਸ ਹੋਵੋਗੇ, ਕਿ ਮਨ ਥਿਰ ਹੋ ਜਾਏਗਾ।

ਤੀਜੀ ਗੱਲ ਖਿਆਲ 'ਚ ਰਖਣਾ, ਜੋ ਵੀ ਕੰਮ ਕਰ ਰਹੇ ਹੋਵੇ, ਉਸ ਵਿਚ ਪੂਰੀ ਤਰ੍ਹਾਂ ਲਿਵਲੀਨ ਹੋ ਜਾਣਾ। ਭਾਵੇਂ ਉਹ ਕੰਮ ਕਿੰਨਾ ਹੀ ਨਿਗੂਣਾ ਹੋਵੇ। ਖਾਣਾ ਖਾ ਰਹੇ ਹੋਵੋ, ਪੂਰੀ ਤਰ੍ਹਾਂ ਲੀਨ ਹੋ ਜਾਣਾ, ਜਿਵੇਂ ਹੁਣ ਜਗਤ ਵਿਚ ਹੋਰ ਕੁਝ ਕਰਨ ਨੂੰ ਨਹੀਂ ਹੈ, ਬਸ ਖਾਣਾ ਹੀ ਖਾਣ ਨੂੰ ਹੈ। ਅਤੇ ਇਸ ਖਾਣੇ ਵਿਚ ਜਿੰਨੇ ਉਪਾਅ ਹੋ ਸਕਣ ਲੀਨ ਹੋਣ ਦੇ, ਸਭ ਉਪਾਅ ਕਰ ਲੈਣਾ, ਇਸਦਾ ਸੁਆਦ ਲੈਣਾ ਚੰਗੀ ਤਰ੍ਹਾਂ।

ਤੁਸੀਂ ਕਹੋਗੇ, ਇਸਦਾ ਤਾਂ ਸੁਆਦ ਅਸੀਂ ਚੰਗੀ ਤਰ੍ਹਾਂ ਲੈਂਦੇ ਹਾਂ। ਮੈਂ ਨਹੀਂ ਮੰਨ ਸਕਦਾ, ਕਿਉਂਕਿ ਤੁਸੀਂ ਖਾਣਾ ਖਾਣ ਵੇਲੇ ਖਾਣੇ ਵਿਚ ਲੀਨ ਹੁੰਦੇ ਹੀ ਕਦ ਹੋ; ਦਫਤਰ ਵਿਚ ਹੁੰਦੇ ਹੋ; ਦੁਕਾਨ ਵਿਚ ਹੁੰਦੇ ਹੋ, ਬਜਾਰ ਵਿਚ ਹੁੰਦੇ ਹੋ, ਮਿੱਤਰ ਦੇ ਕੋਲ ਹੁੰਦੇ ਹੋ, ਕਿਸੇ ਨਾਲ ਝਗੜ ਰਹੇ ਹੁੰਦੇ ਹੋ, ਜਾਂ ਕੁਝ ਹੋਰ ਕਰ ਰਹੇ ਹੁੰਦੇ ਹੋ, ਹਜਾਰ ਕੰਮ ਕਰ ਰਹੇ ਹੁੰਦੇ ਹੋ, ਜਦ ਤੁਸੀਂ ਖਾਣਾ ਖਾ ਰਹੇ ਹੁੰਦੇ ਹੋ। ਸੁਆਦ ਇੰਨੇ ਕੰਮਾਂ ਦੇ ਨਾਲ ਤੁਹਾਨੂੰ ਨਹੀਂ ਆ ਸਕਦਾ ਹੈ। ਸੁਆਦ ਲੈਣਾ, ਹੌਲੀ ਚਬਾਉਣਾ। ਸੁਆਦ ਲੈਣਾ, ਮਹਿਕ ਮਹਿਸੂਸ ਕਰਨਾ। ਅੱਖੀਂ ਵੀ ਦੇਖਣਾ, ਹੱਥ ਨਾਲ ਵੀ ਛੋਹਣਾ, ਸਾਰੀਆਂ ਇੰਦਰੀਆਂ ਨੂੰ ਲੀਨ ਕਰ ਦੇਣਾ।

ਅਤੇ ਮਨ ਵਿਚ ਇਕ ਹੀ ਖਿਆਲ ਰਹਿ ਜਾਵੇ ਕਿ ਹੁਣ ਮੈਂ ਖਾਣਾ ਖਾ ਰਿਹਾ ਹਾਂ ਤਾਂ ਖਾਣਾ ਹੀ ਖਾਵਾਂਗਾ। ਇਸ਼ਨਾਨ ਕਰ ਰਿਹਾ ਹਾਂ ਤਾਂ ਇਸ਼ਨਾਨ ਹੀ ਕਰਾਂਗਾ। ਦੁਕਾਨ 'ਤੇ ਹਾਂ ਤਾਂ ਦੁਕਾਨ 'ਤੇ ਹੀ ਰਹਾਂਗਾ। ਅਤੇ ਮਕਾਨ 'ਤੇ ਜਾਵਾਂਗਾ, ਤਾਂ ਮਕਾਨ 'ਤੇ ਆ ਜਾਵਾਂਗਾ। ਜੋ ਕਰ ਰਹੇ ਹੋ, ਉਸ ਵਿਚ ਖ਼ੁਦ ਨੂੰ ਡੋਬ ਦਿਉ। ਤੁਸੀਂ ਪਾਉਗੇ ਕਿ ਮਨ ਥਿਰ ਹੋ ਜਾਂਦਾ ਹੈ।

ਇਹ ਤਿੰਨ ਗੱਲਾਂ ਖਿਆਲ ਵਿਚ ਰਹਿਣ, ਤਾਂ ਛੇਤੀ ਮਨ ਥਿਰ ਹੋ ਜਾਂਦਾ ਹੈ। ਫਿਰ ਉਸ ਵਿਚ ਕੋਈ ਤੇਜ ਤੋਂ ਤੇਜ

ਹਵਾ ਵੀ ਇਕ ਵਿਚਾਰ ਨੂੰ ਪ੍ਰਵੇਸ਼ ਨਹੀਂ ਕਰਵਾ ਸਕਦੀ। ਅਤੇ ਤਦ ਇਸ ਥਿਰ ਮਨ ਦੇ ਬਾਹਰ ਵਿਚਾਰ ਜੇਕਰ ਸੁੱਟ ਵੀ ਹੋ ਜਾਣ, ਤਾਂ ਇਉਂ ਡਿਗ ਜਾਂਦੇ ਹਨ, ਜਿਵੇਂ ਪਾਲੇ ਦੀ ਮਾਰੀ ਤਿਤਲੀ, ਦੇਹਲੀ ਉੱਤੇ ਹੀ ਡਿਗ ਕੇ ਢੇਰੀ ਹੋ ਜਾਂਦੀ ਹੈ। ਇਵੇਂ ਹੀ ਤੁਹਾਡੀ ਦੇਹਲੀ ਉੱਤੇ ਵੀ ਵਿਚਾਰ ਡਿਗ ਕੇ ਢੇਰੀ ਹੋ ਜਾਂਦੇ ਹਨ। ਇਹ ਪ੍ਰਤੀਕ ਨਹੀਂ ਹੈ, ਇਹ ਅਸਲ ਹਕੀਕਤ ਹੈ। ਤੁਸੀਂ ਵਿਚਾਰ ਦਾ ਢੇਰ ਦੇਖ ਸਕਦੇ ਹੋ, ਆਪਣੀ ਦੇਹਲੀ ਉੱਤੇ ਪਿਆ ਹੋਇਆ। ਜੇ ਇਹ ਥਿਰਤਾ ਤੁਹਾਡੇ ਅੰਦਰ ਆ ਗਈ, ਅਤੇ ਜਦ ਤੁਸੀਂ ਪਾਉਗੇ ਕਿ ਤੁਸੀਂ ਵਿਚਾਰਾਂ ਦੇ ਪਤਾ ਨਹੀਂ ਕਿੰਨੇ ਦਿਨਾਂ ਤੋਂ ਸ਼ਿਕਾਰ ਹੋ। ਪਤਾ ਨਹੀਂ ਕਿਸ-ਕਿਸ ਤਰ੍ਹਾਂ ਦੇ ਵਿਚਾਰ ਤੁਹਾਡੇ ਵਿਚ ਪ੍ਰਵੇਸ਼ ਕਰਦੇ ਰਹੇ ਹਨ। ਘਰ ਅਸੁਰੱਖਿਅਤ ਸੀ, ਦੁਆਰ 'ਤੇ ਕੋਈ ਪਹਿਰੇਦਾਰ ਨਹੀਂ ਸੀ। ਹੁਣ ਸਾਖਸ਼ੀ ਦਾ ਪਹਿਰੇਦਾਰ ਬੈਠ ਗਿਆ ਹੈ। ਅਤੇ ਉਹ ਜਿਹੜੀਆਂ ਹਵਾਵਾਂ ਵਗਦੀਆਂ ਸੀ ਅਤੀਤ ਤੇ ਭਵਿੱਖ ਦੀਆਂ ਉਹ ਵੀ, ਤੁਸੀਂ ਉਹਨਾਂ ਦਾ ਵੀ ਤਿਆਗ ਕਰ ਦਿਤਾ। ਅਤੇ ਉਹ ਜੋ ਤੁਸੀਂ ਵਰਤਮਾਨ ਦੇ ਛਿਨ ਦੇ ਕਰਮ ਨੂੰ ਛਡ ਕੇ ਇਥੇ-ਉਥੇ ਭੱਜ ਜਾਂਦੇ ਸੀ, ਉਸਦਾ ਵੀ ਤੁਸੀਂ ਤਿਆਗ ਕਰ ਦਿਤਾ। ਹੁਣ ਕੋਈ ਉਪਾਅ ਨਹੀਂ ਹੈ। ਹੁਣ ਵਿਚਾਰ ਤੁਹਾਡੀ ਦੇਹਲੀ ਉੱਤੇ ਡਿਗ ਕੇ ਢੇਰੀ ਹੁੰਦੇ ਜਾਣਗੇ। ਅਤੇ ਅੰਦਰ ਨਿਰਵਿਚਾਰ ਵਧਦਾ ਜਾਏਗਾ। ਇਹ ਨਿਰਵਿਚਾਰ ਹੀ ਸਮਾਧੀ ਦੀ ਤਰਫ ਰਾਹ ਬਣਦਾ ਹੈ।

ਇਹ ਜੋ ਲਿਖਤ ਹੈ ਉਸਨੂੰ ਪੜ੍ਹ:

'ਇਸ ਤੋਂ ਪਹਿਲਾਂ ਕਿ ਸਵਰਨ-ਜੋਤ-ਸ਼ਿਖਾ ਸਥਿਰ ਪ੍ਰਕਾਸ਼ ਦੇ ਨਾਲ ਬਲੇ, ਦੀਪ ਨੂੰ ਵਾਯੂ-ਰਹਿਤ ਥਾਂ ਵਿਚ ਸੁਰੱਖਿਅਤ ਰਖਣਾ ਜ਼ਰੂਰੀ ਹੈ। ਬਦਲਦੀਆਂ ਹਵਾਵਾਂ ਦੇ ਸਾਹਮਣੇ ਹੋ ਕੇ ਪ੍ਰਕਾਸ਼ ਦੀ ਧਾਰਾ ਹਿੱਲਣ ਲਗੇਗੀ ਅਤੇ ਉਸ ਹਿਲਦੀ ਲਾਟ ਨਾਲ ਆਤਮਾ ਦੇ ਰੋਸ਼ਨ ਮੰਦਰ ਉੱਤੇ ਭਰਮਾਊ, ਕਾਲਾ ਅਤੇ ਸਦਾ ਬਦਲਣ ਵਾਲਾ ਪਰਛਾਵਾਂ ਪੈ ਜਾਏਗਾ।'

ਅਜੇਹਾ ਬਣਾ ਲੈਣਾ ਆਪਣੇ ਮਨ ਨੂੰ ਜਿਵੇਂ ਹਵਾ-ਰਹਿਤ ਕੋਈ ਕਮਰਾ ਹੋਵੇ, ਜਿਸ ਵਿਚ ਕੋਈ ਦੀਵਾ ਜਗਦਾ ਹੋਵੇ, ਤਾਂ ਕੰਬਦਾ ਨਾ ਹੋਵੇ। ਵਿਚਾਰ-ਰਹਿਤ ਕਮਰਾ ਜਿਸ ਦਿਨ ਤੁਹਾਡੇ ਅੰਦਰ ਹੋ ਜਾਏਗਾ, ਵਾਯੂ-ਰਹਿਤ ਹੋ ਗਿਆ। ਵਿਚਾਰ-ਰਹਿਤ ਜਿਸ ਦਿਨ ਕਮਰਾ ਹੋ ਜਾਏਗਾ, ਅੰਦਰ ਦੀ ਜੋਤ-ਸ਼ਿਖਾ ਜਗੇਗੀ ਪੂਰੇ ਪ੍ਰਕਾਸ਼ ਵਿਚ, ਜ਼ਰਾ ਵੀ ਕੰਬੇ ਬਿਨਾਂ। ਅਤੇ ਇਕ ਵੀ ਵਿਚਾਰ ਜੇਕਰ ਉਸ ਵਿਚ ਆਏਗਾ, ਤਾਂ ਇਸ ਜੋਤ-ਸ਼ਿਖਾ ਦੇ ਆਸਪਾਸ ਆਇਆ ਵਿਚਾਰ ਨਾਲ ਦੀ ਨਾਲ ਮਨ ਦੀ ਕੰਧ ਉੱਤੇ ਪਰਛਾਵਾਂ ਬਣ ਜਾਏਗਾ। ਬਹੁਤ ਵਿਚਾਰ ਆ ਜਾਂਦੇ ਹਨ, ਤਾਂ ਕੰਧ ਹਨੇਰੀ ਹੋ ਜਾਂਦੀ ਹੈ, ਕਿਉਂਕਿ ਜੋਤ-ਸ਼ਿਖਾ ਬਿਲਕੁਲ ਰੰਗੀ ਜਾਂਦੀ ਹੈ। ਇਕ ਵੀ ਵਿਚਾਰ ਨਹੀਂ ਹੋਵੇਗਾ, ਤਾਂ ਮੰਦਰ ਦੀ ਅੰਦਰਲੀ ਕੰਧ ਬਿਲਕੁਲ ਸਾਫ-ਸੁਥਰੀ, ਸ਼ੁੱਧ, ਨਿਰਦੋਸ਼ ਹੋਵੇਗੀ। ਇਹ ਪਰਛਾਵਾਂ ਜ਼ਰਾ ਵੀ ਨਹੀਂ ਬਣੇਗਾ। ਇਸ ਪਰਛਾਵੇਂ ਰਹਿਤ ਮਨ ਵਿਚ, ਇਸ ਅਣਕੰਬ ਵਾਯੂ-ਰਹਿਤ ਕਮਰੇ ਵਿਚ ਉਹ ਘਟਨਾ ਵਾਪਰਦੀ ਹੈ, ਜਿਸਨੂੰ ਅਸੀਂ ਬ੍ਰਹਮ-ਗਿਆਨ ਕਹਿੰਦੇ ਹਾਂ। ਇਸਦੇ ਲਈ ਇਹ ਸਾਰੀ ਤਿਆਰੀ ਵਿਚੋਂ ਦੀ ਗੁਜ਼ਰਨਾ ਜ਼ਰੂਰੀ ਹੈ।

●

ਬਾਹਰਵਾਂ ਪ੍ਰਵਚਨ

ਸਾਵਧਾਨ !

●

ਅਤੇ ਤਦ, ਓ ਸੱਚ ਦੇ ਖੋਜੀ, ਤੇਰੇ ਮਨ, ਆਤਮਾ ਜੰਗਲ ਵਿਚ ਦੌੜਦੇ–ਫਿਰਨ ਵਾਲੇ ਪਾਗਲ ਹਾਥੀ ਦੀ ਤਰ੍ਹਾਂ ਹੋ ਜਾਣਗੇ। ਜੰਗਲ ਦੇ ਬਿਰਛਾਂ ਨੂੰ ਜਿਉਂਦੇ ਵੈਰੀ ਮੰਨ ਕੇ ਪਾਗਲ ਹਾਥੀ ਸੂਰਜ ਨਾਲ ਪ੍ਰਕਾਸ਼ਤ ਚੱਟਾਨਾਂ ਉੱਤੇ ਨੱਚਣ ਵਾਲੇ ਅਸਥਿਰ ਪਰਛਾਂਵਿਆਂ ਨੂੰ ਮਾਰਨ ਦੀ ਚੇਸ਼ਟਾ ਵਿਚ ਹੀ ਖ਼ਤਮ ਹੋ ਜਾਂਦਾ ਹੈ।

ਸਾਵਧਾਨ ਹੋ, ਨਹੀਂ ਤਾਂ ਕਿਤੇ ਹਮੈਂ ਦੀ ਚਿੰਤਾ ਵਿਚ ਦੇਵ–ਗਿਆਨ ਦੀ ਭੂਮੀ ਉੱਤੇ ਤੇਰੀ ਆਤਮਾ ਦੇ ਪੈਰ ਨਾ ਉਖੜ ਜਾਣ!

ਸਾਵਧਾਨ ਹੋ, ਨਹੀਂ ਤਾਂ ਕਿਤੇ ਤੇਰੀ ਆਤਮਾ ਪਰਮਾਤਮਾ ਨੂੰ ਭੁੱਲ ਕੇ ਆਪਣੇ ਕੰਬਦੇ ਮਨ ਦੇ ਉਪਰ ਕਾਬੂ ਨਾ ਖੋ ਬੈਠੇ ਅਤੇ ਇਸ ਤਰ੍ਹਾਂ ਆਪਣੀ ਜਿੱਤ ਦਾ ਫਲ ਵੀ ਗੰਵਾ ਦੇਵੇ।

ਬਦਲਾਅ ਤੋਂ ਸਾਵਧਾਨ, ਕਿਉਂਕਿ ਬਦਲਾਅ ਤੇਰਾ ਵਡਾ ਵੈਰੀ ਹੈ। ਇਹ ਬਦਲਾਅ ਲੜ ਕੇ ਤੈਨੂੰ ਰਾਹ ਤੋਂ ਕੱਢ ਬਾਹਰ ਕਰੇਗਾ ਅਤੇ ਤੈਨੂੰ ਸ਼ੱਕ ਦੇ ਦੁਸ਼ਟ ਦਲਦਲ ਵਿਚ ਗੱਡ ਦੇਵੇਗਾ।

ਹੋਰ ਵੀ ਗਹਿਰੀ ਕਠਨਾਈ ਸਾਹਮਣੇ ਆਉਣੀ ਸ਼ੁਰੂ ਹੁੰਦੀ ਹੈ। ਜਿਵੇਂ ਹੀ ਅਸੀਂ ਜਗਤ ਤੋਂ ਆਪਣੀ ਚੇਤਨਾ ਨੂੰ ਅੰਦਰ ਦੀ ਤਰਫ ਮੋੜਦੇ ਹਾਂ, ਉਵੇਂ ਹੀ ਕੀ ਅਸਲੀਅਤ ਹੈ ਤੇ ਕੀ ਨਾ-ਅਸਲੀਅਤ ਹੈ, ਇਸਦੀ ਜਾਂਚ ਕਠਨ ਹੋ ਜਾਂਦੀ ਹੈ। ਜਿਵੇਂ ਸੁਫਨੇ ਵਿਚ ਹੁੰਦਾ ਹੈ, ਸੁਫਨੇ ਵਿਚ ਜੋ ਵੀ ਦਿਸਦਾ ਹੈ, ਜਾਪਦੈ ਅਸਲੀਅਤ ਹੈ। ਕਿਉਂਕਿ ਮਾਪਦੰਡ ਦਾ ਕੋਈ ਉਪਾਅ ਨਹੀਂ ਹੁੰਦਾ; ਕੋਈ ਸੰਗੀ-ਸਾਥੀ ਨਾਲ ਨਹੀਂ ਹੁੰਦੇ, ਕੋਈ ਸਮਾਜ ਨਹੀਂ ਹੁੰਦਾ, ਤੁਸੀਂ ਹੁੰਦੇ ਹੋ ਇਕੱਲੇ, ਅਤੇ ਜੋ ਤੁਸੀਂ ਦੇਖਦੇ ਹੋ, ਉਹ ਹੁੰਦਾ ਹੈ। ਜੇ ਮੈਂ ਹੁਣ ਤੁਹਾਨੂੰ ਦੇਖ ਰਿਹਾ ਹਾਂ, ਤਾਂ ਉਪਾਅ ਹੈ ਕਿ ਮੈਂ ਹੋਰਾਂ ਤੋਂ ਵੀ ਪੁਛ ਲਵਾਂ ਕਿ ਤੁਸੀਂ ਦਿਖਾਈ ਪੈਂਦੇ ਹੋ ਜਾਂ ਨਹੀਂ? ਲੇਕਿਨ ਜੇ ਕਿਸੇ ਨੂੰ ਵੀ ਨਾ ਦਿਸਦੇ ਹੋਵੋ ਅਤੇ ਮੈਨੂੰ ਹੀ ਦਿਖਾਈ ਪੈਂਦੇ ਹੋਵੋ, ਤਾਂ ਸ਼ੱਕ ਹੋ ਜਾਏਗਾ ਕਿ ਭਰਮ ਹੈ। ਲੇਕਿਨ ਜੇ ਮੈਂ ਇਕੱਲਾ ਹੀ ਹਾਂ ਅਤੇ ਤੁਸੀਂ ਦਿਖਾਈ ਪੈਂਦੇ ਹੋ, ਹੋਰ ਕੋਈ ਨਹੀਂ ਹੈ ਜਿਸ ਤੋਂ ਪੁਛ ਸਕਾਂ ਕਿ ਜੋ ਮੈਂ ਦੇਖ ਰਿਹਾ ਹਾਂ, ਤੈਨੂੰ ਵੀ ਦਿਸਦਾ ਹੈ ਜਾਂ ਨਹੀਂ, ਤਾਂ ਫਿਰ ਜਾਂਚ ਦਾ ਕੋਈ ਉਪਾਅ ਨਾ ਰਿਹਾ।

ਸੁਫਨੇ ਅਤੇ ਅਸਲੀਅਤ ਵਿਚ ਫਰਕ ਇੰਨਾ ਹੀ ਤਾਂ ਹੈ ਕਿ ਸੁਫਨਾ ਹੈ ਨਿਜੀ ਅਨੁਭਵ, ਜਿਸ ਵਿਚ ਦੂਜਾ ਭਾਈਵਾਲ ਨਹੀਂ ਹੋ ਸਕਦਾ। ਕੀ ਤੁਸੀਂ ਸੁਫਨੇ ਵਿਚ ਕਿਸੇ ਨੂੰ ਲੈ ਜਾ ਸਕਦੇ ਹੋ ਸਾਥੀ ਬਣਾ ਕੇ ਕਿ ਉਹ ਵੀ ਤੁਹਾਡੇ ਸੁਫਨੇ ਨੂੰ ਦੇਖ ਲਵੇ? ਕੋਈ ਉਪਾਅ ਨਹੀਂ। ਇਕ ਹੀ ਸੁਫਨੇ ਨੂੰ ਦੋ ਵਿਅਕਤੀ ਨਹੀਂ ਦੇਖ ਸਕਦੇ। ਅਤੇ ਇਸਲਈ ਇਸਦਾ ਕੋਈ ਰਾਹ ਨਹੀਂ ਹੈ ਕਿ ਦੋਵੇਂ ਤਾਲਮੇਲ ਬਿਠਾ ਲੈਣ ਕਿ ਅਸੀਂ ਜੋ ਦੇਖਿਆ, ਉਹ ਤੁਸੀਂ ਵੀ ਦੇਖਿਆ ਹੈ ਜਾਂ ਨਹੀਂ ਦੇਖਿਆ? ਕਿ ਜੋ ਦੇਖਿਆ ਹੈ ਉਹ ਅਸਲੀਅਤ ਹੈ ਕਿ ਸੁਫਨਾ ਹੈ, ਇਸਨੂੰ ਕਿਵੇਂ ਜਾਂਚੀਏ? ਬਾਹਰ ਦੇ ਜਗਤ ਵਿਚ ਜਾਂਚ ਹੋ ਸਕਦੀ ਹੈ। ਸਮੂਹਕ ਸੱਚ ਤੇ ਨਿਜੀ ਸੱਚ ਵਿਚ ਫਰਕ ਹੋ ਜਾਂਦਾ ਹੈ। ਜਿਹੜਾ ਆਦਮੀ ਸਮੂਹਕ ਸੱਚ ਵਿਚ ਜੀਂਦਾ ਹੈ, ਉਸਨੂੰ ਅਸੀਂ ਕਹਿੰਦੇ ਹਾਂ ਸਿਹਤਮੰਦ। ਅਤੇ ਜਿਹੜਾ ਨਿਜੀ ਸੁਫਨਿਆਂ ਵਿਚ ਜੀਣ ਲਗਦਾ ਹੈ, ਉਸਨੂੰ ਅਸੀਂ ਕਹਿੰਦੇ ਹਾਂ, ਪਾਗਲ ਹੈ। ਪਾਗਲ ਅਤੇ ਤੁਹਾਡੇ ਵਿਚ ਫਰਕ ਕੀ ਹੈ?

ਪਾਗਲ ਅਤੇ ਤੁਹਾਡੇ ਵਿਚ ਇੰਨਾ ਫਰਕ ਹੈ ਕਿ ਉਹ ਅਜੇਹੀਆਂ ਸੱਚਾਈਆਂ ਵਿਚ ਜਿਉਂ ਰਿਹਾ ਹੈ, ਜੋ ਸਿਰਫ

ਉਸਦੇ ਲਈ ਹੀ ਸੱਚਾਈਆਂ ਹਨ ਹੋ ਕਿਸੇ ਦੇ ਲਈ ਸੱਚਾਈਆਂ ਨਹੀਂ ਹਨ। ਇਕ ਪਾਗਲ ਇਕੱਲਾ ਬੈਠਾ ਹੈ, ਉਹ ਕਿਸੇ ਨਾਲ ਗੱਲ ਕਰ ਰਿਹਾ ਹੈ। ਉਹ ਜਿਸ ਨਾਲ ਗੱਲ ਕਰ ਰਿਹਾ ਹੈ, ਕਿਸੇ ਨੂੰ ਵੀ ਦਿਸਦਾ ਨਹੀਂ ਹੈ; ਸਿਰਫ ਉਸੇ ਨੂੰ ਦਿਖਾਈ ਪੈਂਦਾ ਹੈ। ਤੁਸੀਂ ਉਸਨੂੰ ਪਾਗਲ ਕਹਿ ਪਾਂਦੇ ਹੋ; ਕਿਉਂਕਿ ਜੋ ਮਹਿਜ਼ ਉਸੇ ਨੂੰ ਦਿਖਾਈ ਪੈਂਦਾ ਹੈ ਹੋਰ ਕਿਸੇ ਨੂੰ ਨਹੀਂ ਦਿਸਦਾ, ਉਹ ਭਰਮ ਹੋਵੇਗਾ। ਪਾਗਲ ਉਸ ਸੁਫਨੇ ਨੂੰ ਸੱਚ ਮੰਨ ਰਿਹਾ ਹੈ। ਜੇ ਤੁਹਾਨੂੰ ਵੀ ਉਸਦਾ ਸੱਚ ਦਿਖਾਈ ਪੈਣ ਲਗੇ, ਹੋਰ ਸਭ ਨੂੰ ਦਿਖਾਈ ਪੈਣ ਲਗੇ, ਤਾਂ ਫਿਰ ਉਹ ਪਾਗਲ ਨਹੀਂ ਹੋਵੇਗਾ। ਕਿਉਂਕਿ ਨਿਜੀ ਨਾ ਰਹੀ ਗੱਲ, ਸਰਵਜਨਕ ਹੋ ਗਈ। ਸਰਵਜਨਕ ਜੇਕਰ ਕੋਈ ਸੁਫਨਾ ਵੀ ਹੋ ਜਾਵੇ, ਤਾਂ ਅਸਲੀਅਤ ਪ੍ਰਤੀਤ ਹੋਵੇਗਾ।

ਅਤੇ ਨਿਜੀ ਜੇਕਰ ਕੋਈ ਸੱਚ ਵੀ ਹੋਵੇ ਤਾਂ ਬੜੀ ਕਠਨਾਈ ਹੈ ਜਾਂਚ ਕਰਨ ਦੀ ਕਿ ਉਹ ਸੱਚ ਹੈ ਜਾਂ ਸੁਫਨਾ ਹੈ? ਇਸਲਈ ਗੁਰੂ ਬਹੁਤ ਉਪਯੋਗੀ ਹੋ ਜਾਂਦਾ ਹੈ—ਉਸ ਅੰਤਰਯਾਤਰਾ ਵਿਚ ਤੁਹਾਨੂੰ ਜੋ ਅਨੁਭਵ ਵਿਚ ਆ ਰਿਹਾ ਹੈ, ਉਹ ਸਚਮੁਚ ਹੋ ਰਿਹਾ ਹੈ ਜਾਂ ਸਿਰਫ ਕਲਪਨਾ ਚੱਲ ਰਹੀ ਹੈ? ਕਿਸ ਨਾਲ ਮੇਲ ਬਿਠਾਉਗੇ? ਕੌਣ ਦਸੇਗਾ ਕਿ ਠੀਕ ਹੈ ਜਾਂ ਗਲਤ? ਕੋਈ ਹੋਰ ਜਿਸਨੂੰ ਅਨੁਭਵ ਹੋ ਚੁੱਕਾ ਹੋਵੇ, ਤਾਂ ਉਸਦੇ ਅਨੁਭਵ ਨਾਲ ਤੁਹਾਡਾ ਮੇਲ ਬਿਠਾਇਆ ਜਾ ਸਕਦਾ ਹੈ, ਤਾਂ ਜ਼ਰਾ ਸਹੂਲਤ ਬਣਦੀ ਹੈ ਕਿ ਅਸੀਂ ਸੁਫਨੇ ਵਿਚ ਨਹੀਂ ਗੁਆਚ ਰਹੇ ਹਾਂ। ਲੇਕਿਨ ਅੰਦਰ ਦੀ ਯਾਤਰਾ 'ਤੇ ਸਭ ਤੋਂ ਵਡਾ ਖ਼ਤਰਾ ਇਹੀ ਹੈ ਕਿ ਉਥੇ ਬਹੁਤ-ਕੁਝ ਹੋਣਾ ਸ਼ੁਰੂ ਹੋਵੇਗਾ ਜਿਸਨੂੰ ਤੁਸੀਂ ਤੋਲ ਨਾ ਸਕੋਗੇ ਕਿ ਉਹ ਅਸਲ ਵਿਚ ਹੋ ਰਿਹਾ ਹੈ ਜਾਂ ਸਿਰਫ ਪ੍ਰਤੀਤ ਹੋ ਰਿਹਾ ਹੈ, ਭਾਸ ਹੈ। ਅਤੇ ਤੁਸੀਂ ਇਕੱਲੇ ਹੀ ਹੋਵੋਗੇ ਅੰਦਰ।

ਇਹ ਸੂਤਰ ਇਸੇ ਗੱਲ 'ਚ ਸਬੰਧਤ ਹੈ, ਇਸ ਮਹਾਂਖ਼ਤਰੇ ਨਾਲ ਸਬੰਧਤ ਹੈ। ਤਾਂ ਬਹੁਤ ਵਾਰ ਪਾਗਲ ਲੋਕ ਵੀ ਖ਼ੁਦ ਨੂੰ ਸਮਝ ਲੈਂਦੇ ਹਨ ਕਿ ਉਹ ਅਧਿਆਤਮਕ ਹੋ ਗਏ ਹਨ। ਅਤੇ ਅਖੌਤੀ ਅਧਿਆਤਮਕ ਲੋਕਾਂ ਦੀ ਜੇਕਰ ਖੋਜ ਕੀਤੀ ਜਾਵੇ, ਤਾਂ ਉਹਨਾਂ 'ਚ ਸੌ ਵਿਚੋਂ ਨੱਬੇ ਸੁਦਾਈ ਹਾਲਤ ਵਿਚ ਹੁੰਦੇ ਹਨ। ਥੋੜ੍ਹੀ ਗਿਣਤੀ ਨਹੀਂ ਹੈ—ਸੌ 'ਚੋਂ ਨੱਬੇ ਸੁਦਾਈ ਹਾਲਤ ਵਿਚ ਹੁੰਦੇ ਹਨ। ਅਤੇ ਜੋ ਉਹਨਾਂ ਨੂੰ ਪ੍ਰਤੀਤ ਹੋ ਰਿਹਾ ਹੈ, ਉਹ ਸਿਰਫ ਸੁਫਨਾ ਹੁੰਦਾ ਹੈ। ਲੇਕਿਨ ਉਹਨਾਂ ਦੀ ਵੀ ਮਜਬੂਰੀ ਹੈ ਅਤੇ ਉਹ ਤਰਸ-ਯੋਗ ਹਨ। ਕਿਉਂਕਿ ਉਹ ਕਰਨ ਕੀ? ਉਹਨਾਂ ਨੂੰ ਮਹਿਸੂਸ ਹੋ ਰਿਹਾ ਹੈ। ਕੋਈ ਕ੍ਰਿਸ਼ਨ ਨਾਲ ਗੱਲਾਂ ਕਰ ਰਿਹਾ ਹੈ ਆਪਣੇ ਅੰਦਰ, ਕੋਈ ਰਾਮ ਦੇ ਦਰਸ਼ਨ ਕਰ ਰਿਹਾ ਹੈ ਆਪਣੇ ਅੰਦਰ, ਕਿਸੇ ਨੂੰ ਸਵਰਗ-ਨਰਕ ਨਜ਼ਰ ਆ ਰਿਹਾ ਹੈ। ਅਸਲ ਵਿਚ ਇਹ ਹੋ ਰਿਹਾ ਹੈ ਜਾਂ ਸਿਰਫ ਕਲਪਨਾ ਚੱਲ ਰਹੀ ਹੈ? ਇਹ ਸੁਫਨੇ ਦੀ ਖੇਡ ਹੈ ਜਾਂ ਅਸਲ ਵਿਚ ਕ੍ਰਿਸ਼ਨ ਮੌਜੂਦ ਹਨ?

ਬੜੀ ਕਠਨ ਹੈ ਗੱਲ ਅਤੇ ਮੰਨ ਲੈਣ ਦਾ ਮਨ ਹੁੰਦਾ ਹੈ ਕਿ ਜੋ ਹੋ ਰਿਹਾ ਹੈ, ਉਹ ਸੱਚ ਹੈ; ਕਿਉਂਕਿ ਸੱਚ ਮੰਨਣ ਵਿਚ ਹੰਕਾਰ ਦੀ ਤ੍ਰਿਪਤੀ ਹੁੰਦੀ ਹੈ। ਜੇ ਤੁਹਾਨੂੰ ਕ੍ਰਿਸ਼ਨ ਦੇ ਦਰਸ਼ਨ ਹੋ ਰਹੇ ਹਨ ਅੰਦਰ ਅਤੇ ਮੈਂ ਕਹਾਂ ਕਿ ਨਹੀਂ ਇਹ ਸੱਚ ਨਹੀਂ ਹੈ, ਤਾਂ ਤੁਸੀਂ ਖ਼ਫ਼ਾ ਹੋਵੋਗੇ। ਤੁਸੀਂ ਬੜਾ ਮਜ਼ਾ ਲੈ ਰਹੇ ਸੀ; ਸੁਫਨਾ ਬੜਾ ਮਿੱਠਾ ਸੀ, ਸੁਖਾਵਾਂ ਸੀ। ਅਤੇ ਇਕ ਵਾਰ ਕੋਈ

ਵਿਘਨ ਪਾ ਦੇਵੇ ਕਿ ਇਹ ਸੁਫਨਾ ਹੈ, ਫਿਰ ਸੁਖ ਖੋ ਜਾਂਦਾ ਹੈ।

ਸੁਫਨੇ ਵਿਚ ਸੁਖ ਤਦੋ ਤਕ ਆਉਂਦਾ ਹੈ, ਜਦ ਤਕ ਸੱਚ ਮੰਨਦੇ ਰਹੋ। ਜਿਵੇਂ ਝੂਠ ਦਾ ਖਿਆਲ ਹੋਇਆ ਕਿ ਸੁਖ ਡਾਵਾਂਡੋਲ ਹੋ ਜਾਂਦਾ ਹੈ। ਦੋਵੇਂ ਗੱਲਾਂ ਸੰਭਵ ਹਨ ਕਿ ਅੰਦਰ ਜੋ ਹੋ ਰਿਹਾ ਹੈ, ਉਹ ਅਸਲੀ ਹੈ, ਅਤੇ ਅੰਦਰ ਜੋ ਹੋ ਰਿਹਾ ਹੈ, ਉਹ ਕਾਲਪਨਿਕ ਹੈ। ਦੋਵੇਂ ਗੱਲਾਂ ਸੰਭਵ ਹਨ।

ਕੀ ਹੈ ਰਾਹ? ਕਿਵੇਂ ਅਸੀਂ ਸਮਝਾਂਗੇ ਕਿ ਜੋ ਹੋ ਰਿਹਾ ਹੈ, ਉਹ ਅਸਲੀ ਹੈ ਜਾਂ ਨਾ-ਅਸਲੀ ਹੈ? ਅਤੇ ਅੰਦਰ ਆਉਣ ਵਾਲੇ ਸੁਦਾਅ ਤੋਂ ਕਿਵੇਂ ਬਚਾਂਗੇ?

ਸਧਾਰਨ ਪਾਗਲ ਵੀ ਹਨ, ਅਧਿਆਤਮਕ ਪਾਗਲ ਵੀ ਹਨ। ਅਤੇ ਅਕਸਰ ਤਾਂ ਅਜੇਹਾ ਹੁੰਦਾ ਹੈ ਕਿ ਸਧਾਰਨ ਪਾਗਲਾਂ ਨੂੰ ਜੇਕਰ ਮੌਕਾ ਮਿਲ ਜਾਵੇ, ਤਾਂ ਉਹ ਬਹੁਤ ਛੇਤੀ ਅਧਿਆਤਮਕ ਪਾਗਲ ਹੋ ਜਾਂਦੇ ਹਨ। ਸਧਾਰਨ ਪਾਗਲ ਦੀ ਤਾਂ ਨਿੰਦਿਆ ਵੀ ਹੁੰਦੀ ਹੈ, ਅਧਿਆਤਮਕ ਪਾਗਲ ਨੂੰ ਸਨਮਾਨ ਮਿਲਣ ਲਗਦਾ ਹੈ? ਲੋਕ ਕਹਿੰਦੇ ਹਨ ਮਸਤ ਹੈ, ਲੋਕ ਕਹਿੰਦੇ ਹਨ ਲਿਵਲੀਨ ਹੈ।

ਤੁਸੀਂ ਜਾਣਕੇ ਹੈਰਾਨ ਹੋਵੋਗੇ ਕਿ ਨਵੀਨਤਮ ਮਨੁੱਖ-ਵਿਗਿਆਨ ਦੀਆਂ ਖੋਜਾਂ ਵਿਚ ਇਕ ਖੋਜ ਇਹ ਵੀ ਹੈ ਕਿ ਜਿਨ੍ਹਾਂ ਮੁਲਕਾਂ ਵਿਚ ਧਰਮ ਘਟ ਹੋ ਜਾਂਦਾ ਹੈ, ਉਥੇ ਪਾਗਲਾਂ ਦੀ ਗਿਣਤੀ ਵਧ ਜਾਂਦੀ ਹੈ। ਇਸ ਤੋਂ ਲੋਕ ਇਹ ਸਮਝਦੇ ਹਨ, ਜਾਂ ਘਟੋ-ਘਟ ਭਾਰਤ ਦੇ ਧਾਰਮਕ ਲੋਕ ਅਜੇਹਾ ਸਮਝਦੇ ਹਨ ਕਿ ਧਰਮ ਬੜੀ ਉਚੀ ਚੀਜ਼ ਹੈ; ਇਸਲਈ ਜਿਥੇ ਧਰਮ ਨਹੀਂ ਰਹਿੰਦਾ, ਉਥੇ ਲੋਕ ਪਾਗਲ ਹੋ ਜਾਂਦੇ ਹਨ। ਅਜੇਹਾ ਮਾਮਲਾ ਨਹੀਂ ਹੈ।

ਜਿਥੇ ਧਰਮ ਹੋਵੇ, ਉਥੇ ਪਾਗਲਾਂ ਨੂੰ ਅਧਿਆਤਕ ਹੋਣ ਦਾ ਮੌਕਾ ਰਹਿੰਦਾ ਹੈ-ਅਧਿਆਤਮਕ ਢੰਗ ਨਾਲ ਪਾਗਲ ਹੋ ਸਕਦੇ ਹਨ। ਇਸਲਈ ਉਥੇ ਪਾਗਲਾਂ ਦੀ ਗਿਣਤੀ ਜ਼ਿਆਦਾ ਨਹੀਂ ਨਜ਼ਰ ਆਉਂਦੀ। ਕਿਉਂਕਿ ਉਸ ਵਿਚੋਂ ਬਹੁਗਿਣਤੀ ਅਧਿਆਤਮਕ ਸਾਧੂ-ਸੰਤ ਬਣ ਕੇ ਬੈਠ ਜਾਂਦੇ ਹਨ। ਅਤੇ ਜਿਨ੍ਹਾਂ ਮੁਲਕਾਂ ਵਿਚ ਧਰਮ ਨਹੀਂ ਹੈ, ਉਥੇ ਪਾਗਲ ਲਈ ਸਿਰਫ ਸਧਾਰਨ ਪਾਗਲ ਹੋਣ ਦੀ ਗੁੰਜਾਇਸ਼ ਹੈ, ਅਧਿਆਤਮਕ ਪਾਗਲ ਹੋਣ ਦਾ ਉਪਾਅ ਨਹੀਂ ਹੈ। ਇਸਲਈ ਜਿਥੇ ਧਰਮ ਨਹੀਂ ਹੈ, ਉਥੇ ਪਾਗਲਾਂ ਦੀ ਗਿਣਤੀ ਵਧ ਜਾਂਦੀ ਹੈ। ਇਸ ਤੋਂ ਤੁਸੀਂ ਇਹ ਨਾ ਸਮਝਣਾ ਕਿ ਜਿਥੇ ਧਰਮ ਹੈ ਉਥੇ ਪਾਗਲਾਂ ਦੀ ਗਿਣਤੀ ਘਟ ਹੈ। ਗਿਣਤੀ ਉਂਨੀ ਹੀ ਹੈ, ਲੇਕਿਨ ਉਥੇ ਪਾਗਲ ਪਾਗਲ ਦੀ ਤਰ੍ਹਾਂ ਨਹੀਂ ਸਮਝੇ ਜਾਂਦੇ ਹਨ, ਉਹਨਾਂ ਦੇ ਉਪਾਅ ਹਨ।

ਹੁਣ ਜਿਵੇਂ ਸਮਝੋ। ਅਜੇਹੇ ਪਾਗਲਾਂ ਨਾਲ ਮੇਰਾ ਕਾਫ਼ੀ ਸਬੰਧ ਰਿਹਾ ਹੈ। ਜੇ ਇਕ ਆਦਮੀ ਸੌ ਵਾਰ ਹੱਥ ਧੋ ਲੈਂਦਾ ਹੈ ਨਲਕੇ ਹੇਠਾਂ ਸ਼ੁੱਧੀ ਦੇ ਲਈ, ਤਾਂ ਸਾਰੀ ਦੁਨੀਆਂ ਵਿਚ ਉਸਨੂੰ ਪਾਗਲ ਸਮਝਿਆ ਜਾਏਗਾ; ਹਿੰਦੁਸਤਾਨ ਵਿਚ ਉਹ ਸਾਧਕ ਹੋ ਸਕਦਾ ਹੈ! ਮੈਂ ਇਕ ਸੱਜਣ ਨੂੰ ਜਾਣਦਾ ਹਾਂ, ਜੋ ਸਵੇਰੇ ਨਲਕੇ 'ਤੇ ਤਿੰਨ- ਚਾਰ ਵਜੇ ਪਹੁੰਚ ਜਾਂਦੇ ਹਨ ਪਾਣੀ

ਭਰਨ ਨੂੰ; ਕਿਉਂਕਿ ਉਹਨਾਂ ਨੂੰ ਅਜੇਹਾ ਖਿਆਲ ਹੈ ਕਿ ਜੇ ਕਿਸੇ ਇਸਤ੍ਰੀ ਦੀ ਦ੍ਰਿਸ਼ਟੀ ਪੈ ਜਾਵੇ ਪਾਣੀ ਭਰਨ ਵਾਲੇ, ਤਾਂ ਉਹ ਪਾਣੀ ਅਸ਼ੁੱਧ ਹੋ ਗਿਆ। ਫਿਰ ਵੀ ਜੇ ਕਿਸੇ ਇਸਤ੍ਰੀ ਦੀ ਦ੍ਰਿਸ਼ਟੀ ਪੈ ਜਾਵੇ, ਤਾਂ ਉਹ ਉਸੇ ਵੇਲੇ ਪਾਣੀ ਡੋਲ੍ਹ ਕੇ ਭਾਂਡੇ ਨੂੰ ਫਿਰ ਧੋ ਕੇ, ਫਿਰ ਪਾਣੀ ਭਰਦੇ ਹਨ। ਅਜੇਹਾ ਕਈ ਦਫਾ ਹੋ ਜਾਂਦਾ ਹੈ। ਉਹਨਾਂ ਨੂੰ ਸੌ-ਸੌ ਦਫਾ ਉਹ ਭਾਂਡਾ ਸਾਫ ਕਰਕੇ ਪਾਣੀ ਭਰਨਾ ਪੈਂਦਾ ਹੈ। ਲੋਕ ਉਹਨਾਂ ਨੂੰ ਬੜਾ ਆਦਰ ਦਿੰਦੇ ਹਨ ਕਿ ਗਜ਼ਬ ਦੇ ਸਾਧਕ ਨੇ! ਉਹਨਾਂ ਦਾ ਕੰਮ ਇਹੀ ਹੈ, ਜ਼ਿਆਦਾਤਰ ਇਸੇ 'ਚ ਉਹਨਾਂ ਦਾ ਸਮਾਂ ਬਤੀਤ ਹੁੰਦਾ ਹੈ, ਬਰਤਨ ਸਾਫ ਕਰਨ ਵਿਚ, ਫਿਰ ਪਾਣੀ ਭਰਨ ਵਿਚ! ਫਿਰ ਕੋਈ ਇਸਤ੍ਰੀ—ਕਿਉਂਕਿ ਇਸਤ੍ਰੀਆਂ ਦੀ ਕੋਈ ਕਮੀ ਨਹੀਂ ਹੈ—ਉਹ ਲੰਘ ਰਹੀ ਹੈ, ਜ਼ਰਾ-ਜਿੰਨੀ ਝਿਣਕ ਪੈ ਗਈ ਕਿ ਅਸ਼ੁੱਧ ਹੋ ਗਿਆ! ਉਹਨਾਂ ਨੂੰ ਲੋਕ ਕਹਿੰਦੇ ਹਨ ਕਿ ਬ੍ਰਹਮਚਰਜ ਦਾ ਬੜਾ ਗਹਿਰਾ ਸਾਧਕ ਹੈ। ਪਾਣੀ ਅਪਵਿੱਤਰ ਹੋ ਜਾਵੇ ਜਿਸਦਾ ਇਸਤ੍ਰੀ ਨੂੰ ਦੇਖ ਕੇ ਉਸਦੀ ਬ੍ਰਹਮਚਰਜ ਦੀ ਸਾਧਨਾ ਜ਼ਰੂਰ ਹੋਵੇਗੀ; ਪਰ ਇਹ ਆਦਮੀ ਪਾਗਲ ਹੈ। ਬੰਧਨ ਹੈ, ਕੁੰਠਾ ਹੈ ਇਸਦੇ ਮਨ ਵਿਚ; ਇਸਤ੍ਰੀ ਤੋਂ ਇੰਨਾ ਭੈਮਾਨ ਹੈ ਕਿ ਇਸਦਾ ਪਾਣੀ ਅਸ਼ੁੱਧ ਹੋ ਜਾਂਦਾ ਹੈ! ਅਤੇ ਇਸਤ੍ਰੀ ਤੋਂ ਹੀ ਇਹ ਆਦਮੀ ਪੈਦਾ ਹੋਇਆ ਹੈ। ਅਤੇ ਕਿੰਨਾ ਹੀ ਧੋਵੇ ਸਰੀਰ ਨੂੰ, ਇਸਤ੍ਰੀ ਤੋਂ ਇਹ ਸਰੀਰ ਮੁਕਤ ਨਹੀਂ ਹੋ ਸਕਦਾ। ਇਸਤ੍ਰੀ ਦਾ ਹੀ ਖ਼ੂਨ, ਮਾਸ, ਚਰਬੀ, ਹੱਡੀ ਸਰੀਰ ਵਿਚ ਹੈ। ਜਿਸ ਪਾਣੀ ਨੂੰ ਇਹ ਸ਼ੁੱਧ ਕਰਕੇ ਸਰੀਰ ਵਿਚ ਪੀ ਰਿਹਾ ਹੈ, ਉਥੇ ਇਸਤ੍ਰੀ ਮੌਜੂਦ ਹੈ, ਉਹ ਸਭ ਨਸ਼ਟ ਕਰ ਦੇਵੇਗੀ। ਦੁਨੀਆਂ ਵਿਚ ਕਿਤੇ ਵੀ ਇਹ ਆਦਮੀ ਹੁੰਦਾ, ਇਹ ਪਾਗਲਖ਼ਾਨੇ ਵਿਚ ਹੁੰਦਾ। ਇਸ ਮੁਲਕ ਵਿਚ ਇਹ ਆਦਮੀ ਸਨਮਾਨਤ ਹੈ, ਆਦਰ-ਯਾਫ਼ਤਾ ਹੈ।

ਅਤੇ ਪੁਰਸ਼ ਹੀ ਆਦਰ ਦਿੰਦੇ ਹੋਣ, ਅਜੇਹਾ ਨਹੀਂ, ਇਸਤ੍ਰੀਆਂ ਹੋਰ ਜ਼ਿਆਦਾ ਆਦਰ ਦਿੰਦੀਆਂ ਹਨ। ਇਸਤ੍ਰੀ ਉਸੇ ਨੂੰ ਆਦਰ ਦੇ ਸਕਦੀ ਹੈ, ਜੋ ਉਸਦੀ ਨਿੰਦਿਆ ਕਰੇ। ਕਿਉਂਕਿ ਜੋ ਨਿੰਦਿਆ ਕਰਦਾ ਹੈ, ਲਗਦਾ ਹੈ ਉਪਰ ਹੋ ਗਿਆ। ਅਤੇ ਜਿਹੜਾ ਆਦਰ ਕਰਦਾ ਹੈ, ਲਗਦਾ ਹੈ ਅਜੇ ਸਾਡੇ ਨਾਲ ਹੀ ਖੜ੍ਹਾ ਹੈ। ਇਸ ਤਰ੍ਹਾਂ ਦੇ ਜਿਹੜੇ ਪਾਗਲ ਹਨ, ਉਹਨਾਂ ਨੂੰ ਇਸਤ੍ਰੀਆਂ ਜਿੰਨਾ ਆਦਰ ਦਿੰਦੀਆਂ ਹਨ, ਉਨਾ ਪੁਰਸ਼ ਨਹੀਂ ਦਿੰਦੇ। ਕਿਉਂਕਿ ਉਹ ਇਸਤ੍ਰੀਆਂ ਦੀ ਭਿਆਨਕ ਨਿੰਦਿਆ ਕਰਦੇ ਹਨ। ਹੁਣ ਇਸ ਤੋਂ ਵਡੀ ਹੋਰ ਨਿੰਦਿਆ ਕੁਝ ਨਹੀਂ ਹੋ ਸਕਦੀ ਕਿ ਇਸਤ੍ਰੀ ਨੂੰ ਦੇਖ ਕੇ ਉਹਨਾਂ ਦਾ ਪਾਣੀ ਵਾਲਾ ਭਾਂਡਾ ਭਿੱਟਿਆ ਜਾਂਦਾ ਹੈ।

ਇਹ ਸ਼ੁਦਾਅ ਹਨ, ਅਜੇਹੇ ਸ਼ੁਦਾਅ ਬਾਹਰ ਵੀ ਚਲਦੇ ਹਨ, ਅੰਦਰ ਵੀ ਚਲਦੇ ਹਨ। ਬਾਹਰ ਚਲਦੇ ਹਨ, ਤਾਂ ਸਾਨੂੰ ਦਿਸ ਵੀ ਪੈਂਦੇ ਹਨ, ਅੰਦਰ ਚਲਦੇ ਹਨ, ਤਾਂ ਸਾਨੂੰ ਦਿਸਦੇ ਹੀ ਨਹੀਂ।

ਇਹ ਸੂਤਰ ਇਸ ਸਬੰਧ ਵਿਚ ਸੁਚੇਤ ਕਰਨ ਵਾਲਾ ਹੈ ਕਿ ਸਾਧਕ ਜਦ ਅੰਦਰ ਪ੍ਰਵੇਸ਼ ਕਰਦਾ ਹੈ, ਤਾਂ ਕਿਹੋ-ਜਿਹੇ ਖ਼ਤਰੇ ਉਸਨੂੰ ਘੇਰ ਸਕਦੇ ਹਨ।

ਸੁੱਟ-ਪਾਉਣਾ, ਪ੍ਰੋਜੈਕਸ਼ਨ ਸਭ ਤੋਂ ਵਡਾ ਖ਼ਤਰਾ ਹੈ।

'ਅਤੇ ਤਦ ਓ ਸੱਚ ਦੇ ਖੋਜੀ, ਤੇਰੇ ਮਨ–ਆਤਮਾ ਜੰਗਲ ਵਿਚ ਦੌੜਦੇ ਫਿਰਨ ਵਾਲੇ ਪਾਗਲ ਹਾਥੀ ਦੀ ਤਰ੍ਹਾਂ ਹੋ ਜਾਣਗੇ। ਜੰਗਲ ਦੇ ਬਿਰਛਾਂ ਨੂੰ ਜਿਉਂਦੇ ਵੈਰੀ ਮੰਨ ਕੇ ਪਾਗਲ ਹਾਥੀ ਸੂਰਜ ਨਾਲ ਪ੍ਰਕਾਸ਼ਤ ਚੱਟਾਨਾਂ ਉੱਤੇ ਨੱਚਣ ਵਾਲੇ ਅਸਥਿਰ ਪਰਛਾਵਿਆਂ ਨੂੰ ਮਾਰਨ ਦੀ ਚੇਸ਼ਟਾ ਵਿਚ ਹੀ ਖ਼ਤਮ ਹੋ ਜਾਂਦਾ ਹੈ।'

ਇਸ ਸੂਤਰ ਤੋਂ ਪਹਿਲਾਂ ਅਸੀਂ ਸਮਝਿਆ ਕਿ ਜਦ ਵਿਅਕਤੀ ਦੀ ਚੇਤਨਾ ਅੰਦਰ ਸਥਿਰ ਹੋ ਜਾਂਦੀ ਹੈ, ਲੋਅ ਵਾਂਗ, ਜਿਥੇ ਹਵਾ ਦੀ ਕੋਈ ਕੰਬਣੀ ਨਾ ਹੋਵੇ, ਤਦ ਛੋਟਾ–ਜਿਹਾ ਵੀ ਵਿਚਾਰ ਇਸ ਚੇਤਨਾ ਦੇ ਆਸਪਾਸ ਆਵੇ, ਤਾਂ ਮਨ ਦੇ ਪਰਦੇ ਉੱਤੇ ਉਸਦਾ ਪਰਛਾਂਵਾਂ ਬਣਦਾ ਹੈ। ਜਿਵੇਂ ਕਿ ਕੋਈ ਕਮਰਾ ਹੈ ਉਜਲੀਆਂ ਕੰਧਾਂ ਵਾਲਾ, ਬੰਦ ਹੈ, ਕੋਈ ਹਵਾ ਦਾ ਬੁੱਲਾ ਨਹੀਂ ਆਉਂਦਾ, ਦੀਵੇ ਦੀ ਜੋਤ ਲਗਾਤਾਰ ਜਗ ਰਹੀ ਹੈ ਅਣਕੰਬ, ਤਦ ਇਕ ਛੋਟੀ ਤਿਤਲੀ ਕਮਰੇ ਵਿਚ ਉੜਣ ਲਗੇ, ਤਾਂ ਉਸ ਉਡਦੀ ਤਿਤਲੀ ਅਤੇ ਪ੍ਰਕਾਸ਼ ਦੇ ਸਬੰਧ ਨਾਲ ਕੰਧ ਉੱਤੇ ਤਿਤਲੀ ਦਾ ਵਡਾ ਪਰਛਾਂਵਾਂ ਬਣਨ ਲਗੇਗਾ। ਤਿਤਲੀ ਉਡੇਗੀ, ਕੰਧ 'ਤੇ ਪਰਛਾਵਾਂ ਉਡੇਗਾ।

ਆਮ ਤੌਰ 'ਤੇ ਇਸਦਾ ਪਤਾ ਨਹੀਂ ਲਗਦਾ, ਕਿਉਂਕਿ ਕਮਰੇ ਵਿਚ ਬਹੁਤ ਚੀਜ਼ਾਂ ਹਨ, ਬਹੁਤ ਪਰਛਾਂਵੇਂ ਬਣ ਰਹੇ ਹਨ। ਅਤੇ ਦੀਵੇ ਦੀ ਲੋਅ ਖ਼ੁਦ ਹੀ ਕੰਬ ਰਹੀ ਹੈ, ਇਸਲਈ ਸਭ ਪਰਛਾਂਵੇਂ ਕੰਬ ਰਹੇ ਹਨ। ਕਮਰਾ ਪਰਛਾਂਵਿਆਂ ਨਾਲ ਭਰਿਆ ਹੈ ਅਤੇ ਕੰਧਾਂ ਸਫੇਦ ਵੀ ਨਹੀਂ ਹਨ, ਕਾਲੀਆਂ ਹਨ। ਕੁਝ ਪਤਾ ਨਹੀਂ ਲਗ ਰਿਹਾ ਹੈ। ਜਿਵੇਂ–ਜਿਵੇਂ ਮਨ ਸ਼ੁੱਧ ਹੁੰਦਾ ਜਾਏਗਾ, ਕੰਧਾਂ ਸਫੇਦ ਹੋਣ ਲਗਣਗੀਆਂ। ਜ਼ਰਾ–ਜਿੰਨਾ ਵੀ ਪਰਛਾਂਵਾਂ ਹੋਵੇਗਾ, ਤਾਂ ਸਪੱਸ਼ਟ ਦਿਸੇਗਾ, ਅੰਕਤ ਹੋਵੇਗਾ। ਅਤੇ ਜਿਵੇਂ–ਜਿਵੇਂ ਲੋਅ ਥਿਰ ਹੋਣ ਲਗੇਗੀ, ਕੰਧਾਂ ਸਾਫ ਹੋਣਗੀਆਂ, ਲੋਅ ਬਿਲਕੁਲ ਠਹਿਰੀ ਹੋਵੇਗੀ, ਤਾਂ ਜ਼ਰਾ–ਜਿੰਨੇ ਵਿਚਾਰ ਦੀ ਵੀ ਕੰਬਣੀ ਦੀ ਹਾਲਤ ਪਰਛਾਂਵਾਂ ਬਣਾਏਗੀ।

ਵਿਚਾਰ ਦਾ ਵੀ ਪਰਛਾਂਵਾਂ ਹੁੰਦਾ ਹੈ। ਵਿਚਾਰ ਵੀ ਪਾਰਦਰਸ਼ੀ ਨਹੀਂ ਹੈ, ਟ੍ਰਾਂਸਪੇਰੈਂਟ ਨਹੀਂ ਹੈ। ਅਤੇ ਚੇਤਨਾ ਜਦ ਥਿਰ ਹੁੰਦੀ ਹੈ, ਤਾਂ ਵਿਚਾਰ ਦਾ ਪਰਛਾਂਵਾਂ ਮਨ ਦੇ ਪਰਦੇ 'ਤੇ ਬਣਦਾ ਹੈ। ਉਸ ਪਰਛਾਂਵੇਂ ਨੂੰ ਜੇ ਅਸੀਂ ਘੁੱਟ ਕੇ ਫੜ ਲਿਆ, ਤਾਂ ਅਸੀਂ ਸ਼ੁਦਾਈ ਹੋ ਜਾਵਾਂਗੇ। ਅਤੇ ਬੜੇ ਸੁਖਾਵੇਂ ਪਰਛਾਂਵੇਂ ਵੀ ਬਣਦੇ ਹਨ, ਬੜੇ ਪਿਆਰੇ, ਜਿਨ੍ਹਾਂ ਨੂੰ ਫੜ ਲੈਣ ਦਾ ਮਨ ਹੁੰਦਾ ਹੈ। ਤਦ ਜੇਕਰ ਕ੍ਰਿਸ਼ਨ ਬੰਸਰੀ ਵਜਾ ਰਹੇ ਹਨ ਕੰਧ 'ਤੇ ਖਲੋ ਕੇ, ਤਾਂ ਕੌਣ ਨਹੀਂ ਹੋਵੇਗਾ, ਜੋ ਉਹਨਾਂ ਦੇ ਪੈਰ ਨਾ ਫੜ ਲਵੇ? ਅਤੇ ਫਿਰ ਛਡਣ ਦੀ ਹਿੰਮਤ ਕਿਸਦੀ ਹੋਵੇਗੀ? ਜਦ ਸਾਰੇ ਸੰਸਾਰ ਦੇ ਵਿਚਾਰ ਛੁੱਟ ਜਾਂਦੇ ਹਨ, ਤਾਂ ਸਾਡੇ ਅਚੇਤਨ ਗਰਭ ਵਿਚ ਜੋ ਵਿਚਾਰ ਸਦੀਆਂ–ਸਦੀਆਂ ਦੇ ਸੰਸਕਾਰ ਬਣ ਕੇ ਪਏ ਹਨ, ਜੋ ਸਾਡੇ ਖ਼ੂਨ, ਮਾਸ, ਚਰਬੀ ਵਿਚ ਦਾਖਲ ਹੋ ਗਏ ਹਨ, ਉਹਨਾਂ ਦੇ ਪਰਛਾਂਵੇਂ ਬਣਨੇ ਸ਼ੁਰੂ ਹੋ ਜਾਣਗੇ।

ਹੁਣ ਜਿਵੇਂ ਜੇਕਰ ਕੋਈ ਆਦਮੀ ਹਿੰਦੂ ਘਰ ਵਿਚ ਵਾਰ–ਵਾਰ ਪੈਦਾ ਹੋਇਆ ਹੈ, ਤਾਂ ਕ੍ਰਿਸ਼ਨ, ਰਾਮ ਉਸਦੇ ਬਹੁਤ ਗਹਿਰੇ 'ਚ ਉਤਰ ਗਏ ਹਨ। ਕੋਈ ਜੇ ਜੈਨੀ ਘਰ ਵਿਚ ਵਾਰ–ਵਾਰ ਪੈਦਾ ਹੋਇਆ ਹੈ, ਤਾਂ ਮਹਾਂਵੀਰ ਉਸਦੇ ਬਹੁਤ

ਗਹਿਰੇ 'ਚ ਉਤਰ ਗਏ ਹਨ। ਇਹ ਵਿਚਾਰ ਗਹਿਰੀ ਤੋਂ ਗਹਿਰੀ ਭੂਮੀ ਵਿਚ ਦਾਖ਼ਲ ਹੋ ਗਿਆ ਹੈ। ਅਤੇ ਜਦ ਅਸੀਂ ਸਾਰੇ ਵਿਚਾਰ ਉਖੇੜ ਕੇ ਸੁੱਟ ਦਿਆਂਗੇ, ਤਦ ਵੀ ਉਹ ਵਿਚਾਰ ਨਹੀਂ ਉਖੜ ਗਿਆ ਹੈ, ਉਹ ਮੌਜੂਦ ਹੈ। ਅਤੇ ਜਦ ਮਨ ਸੰਪੂਰਨ ਸ਼ੁੱਧ ਹੋਣ ਲਗੇਗਾ ਤੇ ਚਿੱਤ ਦੀ ਲੋਅ ਸ਼ਾਂਤ ਥਿਰ ਹੋ ਜਾਏਗੀ, ਤਾਂ ਉਹ ਮਹਾਂਵੀਰ ਦਾ ਜੋ ਵਿਚਾਰ ਅਚੇਤਨ ਵਿਚ ਪਿਆ ਹੈ,ਉਹ ਵੀ ਮੂਰਤੀ ਮਹਾਂਵੀਰ ਦੀ ਅਚੇਤਨ ਪਈ ਹੈ, ਉਸਦਾ ਪਰਛਾਂਵਾਂ ਬਣਨਾ ਸ਼ੁਰੂ ਹੋ ਜਾਏਗਾ। ਉਹ ਜੋ ਪਰਛਾਂਵਾਂ ਕੰਧ 'ਤੇ ਬਣੇਗਾ, ਲਗੇਗਾ ਕਿ ਮਹਾਂਵੀਰ ਦਾ ਦਰਸ਼ਨ ਹੋ ਰਿਹਾ ਹੈ। ਅਤੇ ਕਿੰਨੀ ਵਾਰ ਚਾਹਿਆ ਸੀ ਕਿ ਮਹਾਂਵੀਰ ਦਾ ਦਰਸ਼ਨ ਹੋਵੇ, ਕ੍ਰਿਸ਼ਨ ਦਾ, ਕ੍ਰਾਈਸਟ ਦਾ ਦਰਸ਼ਨ ਹੋਵੇ ਅਤੇ ਅੱਜ ਉਹ ਧੰਨਭਾਗ ਦਾ ਛਿਨ ਆਇਆ ਕਿ ਦਰਸ਼ਨ ਹੋ ਰਿਹਾ ਹੈ। ਹੁਣ ਇਹ ਪਰਛਾਂਵਾਂ ਖ਼ਤਰਨਾਕ ਹੋ ਸਕਦਾ ਹੈ।

ਰਾਮ, ਕ੍ਰਿਸ਼ਨ, ਬੁੱਧ, ਮਹਾਂਵੀਰ, ਕ੍ਰਾਈਸਟ ਸਹਿਯੋਗੀ ਹਨ, ਬੜੀ ਦੂਰ ਤਕ ਸਹਿਯੋਗੀ ਹਨ, ਐਪਰ ਅੰਤਮ ਛਿਨ ਵਿਚ ਉਹ ਵੀ ਰੁਕਾਵਟਾਂ ਬਣ ਜਾਂਦੇ ਹਨ ਅਤੇ ਅੰਤਮ ਛਿਨ ਵਿਚ ਉਹਨਾਂ ਤੋਂ ਵੀ ਮੁਕਤ ਹੋ ਜਾਣਾ ਪੈਂਦਾ ਹੈ। ਇਹ ਪਰਛਾਂਵੇਂ ਸੁਖਾਵੇਂ ਹੋਣ, ਤਾਂ ਫੜ ਲੈਣ ਦਾ ਮਨ ਹੁੰਦਾ ਹੈ। ਇਹ ਪਰਛਾਂਵੇਂ ਦੁਖਦਾਈ ਹੋਣ, ਤਾਂ ਇਹਨਾਂ ਤੋਂ ਭੈਮਾਨ ਹੋ ਕੇ ਆਦਮੀ ਪਾਗਲ ਹੋ ਸਕਦਾ ਹੈ। ਪਾਗਲਪਣ ਦੋ ਤਰ੍ਹਾਂ ਦੇ ਹੋ ਸਕਦੇ ਹਨ ਅੰਦਰ। ਜੇ ਤੁਹਾਨੂੰ ਅੰਦਰ ਨਰਕ ਦਿਸਣ ਲਗੇ, ਤਾਂ ਤੁਸੀਂ ਉਸ ਨਾਲ ਲੜਨ ਵਿਚ ਲਗ ਜਾਉਗੇ। ਜੇ ਤੁਹਾਨੂੰ ਅੰਦਰ ਸਵਰਗ ਦਿਸਣ ਲਗੇ, ਤਾਂ ਤੁਸੀਂ ਉਸਦੇ ਨਾਲ ਇਕ ਹੋਣ ਲਗੋਗੇ। ਲੇਕਿਨ ਦੋਨਾਂ ਹਾਲਤਾਂ ਵਿਚ ਤੁਸੀਂ ਚੁੱਕ ਜਾਉਗੇ ਜੋਤ ਨੂੰ ਅਤੇ ਦੋਨਾਂ ਹਾਲਤਾਂ ਵਿਚ ਫਸ ਜਾਉਗੇ ਪਰਛਾਵੇਂ ਨਾਲ।

ਇਕ ਸੰਸਾਰ ਹੈ ਸਾਡੇ ਬਾਹਰ। ਅਤੇ ਇਕ ਸੰਸਾਰ ਸਾਡੇ ਅੰਦਰ ਵੀ ਹੈ। ਸੁਫ਼ਨੇ ਦਾ। ਜਦ ਅਸੀਂ ਬਾਹਰ ਦੇ ਸੰਸਾਰ ਤੋਂ ਛੁਟਦੇ ਹਾਂ, ਤਾਂ ਉਸ ਸੁਫ਼ਨੇ ਦੇ ਸੰਸਾਰ ਨਾਲ ਸਾਡਾ ਮਿਲਣਾ ਹੁੰਦਾ ਹੈ। ਉਹ ਸੰਸਾਰ ਅਲੱਗ-ਅਲੱਗ ਢੰਗ ਦਾ ਹੈ, ਕਿਉਂਕਿ ਹਰ ਆਦਮੀ ਅਲੱਗ-ਅਲੱਗ ਤਰ੍ਹਾਂ ਦੇ ਸੁਫ਼ਨੇ ਦੇਖੇ ਹਨ, ਅਤੇ ਹਰ ਆਦਮੀ ਨੇ ਅਲੱਗ-ਅਲੱਗ ਤਰ੍ਹਾਂ ਦੇ ਵਿਚਾਰ ਕੀਤੇ ਹਨ, ਅਤੇ ਹਰ ਆਦਮੀ ਨੇ ਅਲੱਗ-ਅਲੱਗ ਤਰ੍ਹਾਂ ਦੀਆਂ ਵਾਸਨਾਵਾਂ ਅਤੇ ਚਾਹਨਾਵਾਂ ਅਤੇ ਇਛਿਆਵਾਂ ਦਾ ਸਾਰ ਆਪਣੇ ਅੰਦਰ ਸੰਗ੍ਰਹਿ ਕਰ ਲਿਆ ਹੈ। ਜੇ ਅਸੀਂ ਇਸਨੂੰ ਹੀ ਭਾਰਤ ਦੀ ਪਰਿਭਾਸ਼ਕ ਸ਼ਬਦਾਵਲੀ ਵਿਚ ਕਹੀਏ ਤਾਂ ਇਹੀ ਸਾਡਾ ਕਰਮ-ਸੰਸਾਰ ਹੈ। ਜਦ ਸਭ ਛੁੱਟ ਜਾਂਦਾ ਹੈ, ਤਦ ਸਾਡੇ ਕਰਮਾਂ ਦੀਆਂ ਸ਼ੁੱਧ ਤੋਂ ਸ਼ੁੱਧ ਵਿਚਾਰ-ਧਾਰਨਾਵਾਂ, ਸ਼ਬਦ-ਜੋੜ, ਕਾਂਸੈੱਪਟ ਸਾਡੇ ਚਿੱਤ ਦੀ ਕੰਧ ਉੱਤੇ ਪਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ।

ਹੁਣ ਪੱਛਮ ਵਿਚ ਐਲ. ਐਸ.ਡੀ. ਅਤੇ ਉਸ ਤਰ੍ਹਾਂ ਦੇ ਬਹੁਤ-ਸਾਰੇ ਡ੍ਰਗਸ ਉੱਤੇ ਬੜਾ ਕੰਮ ਚਲਦਾ ਹੈ। ਅਤੇ ਇਕ ਬਹੁਤ ਅਨੋਖੀ ਗੱਲ ਦਾ ਪਤਾ ਲਗਾ, ਜੋ ਕਿ ਭਾਰਤ ਨੂੰ ਹਜ਼ਾਰਾਂ ਬਲਕਿ ਲੱਖਾਂ ਸਾਲਾਂ ਤੋਂ ਖ਼ਿਆਲ ਵਿਚ ਸੀ। ਲੇਕਿਨ ਪੱਛਮ ਨੂੰ ਜਦ ਤਕ ਕੋਈ ਵਿਗਿਆਨਕ ਢੰਗ ਨਾਲ ਪਤਾ ਨਾ ਲਗ ਜਾਵੇ, ਗੱਲ ਤਦ ਤਕ ਪਰਵਾਨ ਨਹੀਂ

ਹੁੰਦੀ ਹੈ। ਐਲ.ਐਸ.ਡੀ. ਦੇ ਪ੍ਰਯੋਗ ਨਾਲ ਇਕ ਅਨੋਖੀ ਗੱਲ ਅਨੁਭਵ ਵਿਚ ਆਈ।

ਪੱਛਮ ਦੇ ਇਕ ਬਹੁਤ ਵਡੇ ਵਿਚਾਰਕ ਅਲਡੂਅਸ ਹਕਸੱਲੇ ਨੇ ਐਲ.ਐਸ.ਡੀ. ਲਿਆ। ਲੈਣ ਤੋਂ ਬਾਅਦ ਇਹ ਜਗਤ ਖੋ ਗਿਆ ਅਤੇ ਇਸ ਜਗਤ ਦੀ ਥਾਂ ਸਵਰਗ-ਸਮਾਨ ਮਨੋਕਾਮਨਾਵਾਂ ਦਾ ਲੋਕ ਪਰਗਟ ਹੋਇਆ! ਤਾਂ ਹਕਸੱਲੇ ਤਾਂ ਇੰਨਾ ਪ੍ਰਭਾਵਤ ਹੋ ਗਿਆ ਐਲ.ਐਸ.ਡੀ. ਤੋਂ, ਇਸ ਨਸ਼ੀਲੀ ਦਵਾਈ ਨਾਲ ਇੰਨਾ ਪ੍ਰਭਾਵਤ ਹੋ ਗਿਆ ਕਿ ਉਸਨੇ ਲਿਖਿਆ ਹੈ ਕਬੀਰ ਅਤੇ ਨਾਨਕ ਅਤੇ ਮੀਰਾ ਜਿਸ ਅਵਸਥਾ ਨੂੰ ਸੱਕਤੇ ਜਨਮਾਂ ਅਤੇ ਪਤਾ ਨਹੀਂ ਕਿੰਨੇ ਉਪਾਵਾਂ ਦੇ ਬਾਅਦ ਪਹੁੰਚੇ—ਐਲ.ਐਸ.ਡੀ. ਦਾ ਇਕ ਇੰਜੈਕਸ਼ਨ ਜਾਂ ਇਕ ਗੋਲੀ ਉਸੇ ਵੇਲੇ ਉਸ ਲੋਕ ਵਿਚ ਪੁਜਾ ਦਿੰਦੀ ਹੈ। ਸਵਰਗ ਪਰਗਟ ਹੋ ਗਿਆ! ਸਧਾਰਨ ਪੱਥਰ ਵੀ ਅਲਡੂਅਸ ਹਕਸੱਲੇ ਨੇ ਦੇਖਿਆ, ਤਾਂ ਸਧਾਰਨ ਨਾ ਰਿਹਾ। ਕੋਈ ਕੋਹਿਨੂਰ ਉਸਦਾ ਮੁਕਾਬਲਾ ਨਾ ਕਰ ਸਕੇ, ਇੰਨੇ ਰੰਗ ਉਸ ਤੋਂ ਪਰਗਟ ਹੋਣ ਲਗੇ! ਸਧਾਰਨ ਕਮਰਾ ਜਿਸ ਵਿਚ ਉਹ ਬੈਠਾ ਸੀ, ਉਹ ਐਸਾ ਹੋ ਗਿਆ ਕਿ ਇੰਦਰ ਦਾ ਅਖਾੜਾ ਵੀ ਉਨਾ ਸੁੰਦਰ ਨਹੀਂ ਹੋਵੇਗਾ। ਜ਼ਰਾ-ਜਿੰਨੀ ਅਵਾਜ਼ ਮਿੱਠਾ ਸੰਗੀਤ ਬਣ ਗਈ! ਸਭ ਰੰਗ ਗਹਿਰੇ ਤੇ ਗੂਹੜੇ ਹੋ ਗਏ! ਨਿਗੂਣਾ ਖੋ ਗਿਆ, ਵਿਰਾਟ ਦਾ ਸੁਹੱਪਣ ਪਰਗਟ ਹੋ ਗਿਆ। ਉਸਨੇ ਲਿਖਿਆ ਹੈ ਕਿ ਮੈਂ ਸਵਰਗ ਦੇਖਿਆ!

ਫਿਰ ਇਕ ਕੈਥੋਲਿਕ ਵਿਚਾਰਕ ਜਾਯਨਰ ਨੇ ਐਲ.ਐਸ.ਡੀ. ਲਿਆ, ਪਰ ਉਸਨੇ ਨਰਕ ਦੇਖਿਆ। ਉਸਨੂੰ ਸਵਰਗ ਨਜ਼ਰ ਨਹੀਂ ਆਇਆ। ਉਸਨੇ ਭਿਆਨਕ ਅੱਗ ਦੀਆਂ ਲਪਟਾਂ ਦੇਖੀਆਂ, ਸੜਦੇ ਹੋਏ ਲੋਕ ਦੇਖੇ, ਬੜੀ ਕਰਾਹ ਪੀੜ ਦੇਖੀ। ਛੋਟੀ-ਜਿਹੀ ਅਵਾਜ਼ ਦੀ ਤਾਂਡਵ ਨਾਚ ਬਣ ਗਈ ਅੰਦਰ। ਜੋ ਵੀ ਦੇਖਿਆ, ਵਿਨਾਸ ਦੇਖਿਆ। ਅਤੇ ਉਸਨੇ ਅਲਡੂਅਸ ਹਕਸੱਲੇ ਦੇ ਖਿਲਾਫ ਲਿਖਿਆ ਹੈ ਕਿ ਇਹ ਗੱਲ ਠੀਕ ਨਹੀਂ ਹੈ ਕਿ ਸਵਰਗ ਹੈ ਅੰਦਰ। ਐਲ.ਐਸ.ਡੀ. ਤੋਂ ਸਵਰਗ ਪੈਦਾ ਹੁੰਦਾ ਹੈ, ਇਹ ਗੱਲ ਠੀਕ ਨਹੀਂ। ਐਲ.ਐਸ.ਡੀ. ਨਾਲ ਨਰਕ ਪੈਦਾ ਹੁੰਦਾ ਹੈ।

ਐਲ.ਐਸ.ਡੀ. ਨਾਲ ਕੁਝ ਵੀ ਪੈਦਾ ਨਹੀਂ ਹੁੰਦਾ। ਨਾ ਜਾਯਨਰ ਸਹੀ ਹੈ, ਨਾ ਹਕਸੱਲੇ ਸਹੀ ਹੈ। ਐਲ.ਐਸ.ਡੀ. ਨਾਲ ਉਹੀ ਦਿਖਾਈ ਪੈਣ ਲਗਦਾ ਹੈ, ਜੋ ਤੁਹਾਡੇ ਗਹਿਰੇ ਸੰਸਕਾਰਾਂ ਵਿਚ ਛੁਪਿਆ ਹੈ। ਉਹੀ ਪ੍ਰੋਜੈਕਟਿਡ ਹੋ ਜਾਂਦਾ ਹੈ। ਐਲ.ਐਸ.ਡੀ. ਤੁਹਾਡੇ ਅੰਦਰਲੇ ਦਰਵਾਜ਼ੇ ਤੋੜ ਦਿੰਦਾ ਹੈ ਅਤੇ ਤੁਹਾਡੇ ਅਚੇਤਨ ਦੀਆਂ ਕੰਧਾਂ ਤੋੜ ਦਿੰਦਾ ਹੈ, ਅਤੇ ਜੋ ਤੁਹਾਡੇ ਅੰਦਰ ਛੁਪਿਆ ਹੈ, ਪਰਗਟ ਹੋ ਜਾਂਦਾ ਹੈ। ਜਾਯਨਰ ਦੇ ਅੰਦਰ ਜੋ ਨਰਕ ਛੁਪਿਆ ਸੀ, ਤਾਂ ਨਰਕ ਪਰਗਟ ਹੋ ਗਿਆ। ਅਤੇ ਹਕਸੱਲੇ ਦੇ ਅੰਦਰ ਜੋ ਸਵਰਗ ਛੁਪਿਆ ਸੀ, ਤਾਂ ਸਵਰਗ ਪਰਗਟ ਹੋ ਗਿਆ। ਜੋ ਛੁਪਿਆ ਸੀ, ਉਹ ਪਰਗਟ ਹੋ ਗਿਆ ਸੀ। ਉਸਨੂੰ ਆਪਣੇ ਹੀ ਮਨ ਦੀਆਂ ਕੰਧਾਂ ਉੱਤੇ ਦੇਖ ਲਿਆ। ਉਹ ਜੋ ਰੰਗ ਹੈ ਸੱਤਵਰਣੀ, ਅਤੇ ਉਹ ਜੋ ਸੁਗੰਧੀ ਹੈ, ਅਤੇ ਜੋ ਸੰਗੀਤ ਦਾ ਅਨੁਭਵ ਹੈ—ਜਾਂ ਤਾਂਡਵ ਦਾ, ਤਬਾਹੀ ਦਾ, ਅੱਗ ਦਾ, ਉਹ ਸਭ ਤੁਹਾਡੇ ਹੀ ਮਨ ਦਾ ਸੰਸਕਾਰ ਹੈ। ਜੋ ਤੁਹਾਡੀ ਚੇਤਨਾ ਦੇ ਸਾਹਮਣੇ ਆਉਂਦਾ ਹੈ, ਫਿਰ ਮਨ ਦੀ ਕੰਧ ਉੱਤੇ ਪਰਗਟ ਹੋ ਜਾਂਦਾ। ਜੋ ਠੀਕ ਤਰ੍ਹਾਂ

ਸਮਝੋ, ਤਾਂ ਸਵਰਗ ਤੇ ਨਰਕ ਕਿਤੇ ਵੀ ਨਹੀਂ ਹਨ। ਅਤੇ ਮਰਦੇ ਛਿਨ ਕੁਝ ਲੋਕਾਂ ਨੂੰ ਲਗਦਾ ਹੈ ਕਿ ਉਹ ਨਰਕ ਜਾ ਰਹੇ ਹਨ, ਕੁਝ ਲੋਕਾਂ ਨੂੰ ਲਗਦਾ ਹੈ ਕਿ ਉਹ ਸਵਰਗ ਜਾ ਰਹੇ ਹਨ। ਉਹ ਮੌਤ ਦੀ ਚੋਟ 'ਚ ਤੁਹਾਡਾ ਅਚੇਤਨ ਟੁੱਟ ਗਿਆ ਹੈ ਅਤੇ ਤੁਹਾਡੇ ਮਨ ਦੇ ਪਰਦੇ ਉੱਤੇ ਚੀਜ਼ਾਂ ਫੈਲ ਗਈਆਂ ਹਨ।

ਤਿੱਬਤ ਵਿਚ ਇਹਦੇ ਲਈ ਬੜੇ ਗਹਿਰੇ ਪ੍ਰਯੋਗ ਕੀਤੇ ਗਏ। ਇਕ ਵਡਾ ਪ੍ਰਯੋਗ ਹੈ ਬਾਰਦੋ। ਤਿੱਬਤ ਵਿਚ ਮਰਦੇ ਆਦਮੀ ਨੂੰ ਮਰਨ ਵੇਲੇ ਉਹ ਇਕ ਸਾਧਨਾ ਕਰਵਾਉਂਦੇ ਹਨ, ਪਰ ਉਹ ਇਕਦਮ ਨਹੀਂ ਕਰਵਾਈ ਜਾ ਸਕਦੀ। ਜ਼ਿੰਦਗੀ ਵਿਚ ਉਸਨੇ ਕੀਤੀ ਹੋਵੇ, ਤਾਂ ਮਰਨ ਵੇਲੇ ਉਸਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਬਾਰਦੋ ਇਕ ਤਰ੍ਹਾਂ ਦਾ ਧਿਆਨ ਹੈ। ਇਸ ਧਿਆਨ ਵਿਚ ਸਾਧਕ ਨੂੰ ਸਚੇਤਨ ਰੂਪ ਨਾਲ ਸਵਰਗ ਤੇ ਨਰਕ ਦੀ ਯਾਤਰਾ ਕਰਵਾਈ ਜਾਂਦੀ ਹੈ। ਸਾਧਕ ਸ਼ਾਂਤ ਹੋ ਕੇ ਪੈ ਜਾਂਦਾ ਹੈ, ਨਿੱਸਲ ਹੋ ਜਾਂਦਾ ਹੈ। ਉਸਦਾ ਜੋ ਰਹਿਨੁਮਾ ਹੈ, ਉਸਦਾ ਜੋ ਗੁਰੂ ਹੈ, ਉਸਦੇ ਪ੍ਰਤੀ ਖ਼ੁਦ ਸਮਰਪਤ ਕਰ ਦਿੰਦਾ ਹੈ, ਅਤੇ ਕਹਿੰਦਾ ਹੈ, ਹੁਣ ਤੂੰ ਮੈਨੂੰ ਜਿਥੇ ਮਰਜ਼ੀ ਲੈ ਚੱਲ।

ਇਕ ਖ਼ਾਸ ਮਾਹੌਲ ਵਿਚ ਜਦ ਸਾਧਕ ਬਿਲਕੁਲ ਨਿੱਸਲ ਹੁੰਦਾ ਹੈ, ਅਤੇ ਕਰੀਬ-ਕਰੀਬ ਸੰਮੋਹਤ, ਹਿਪਨੋਟਾਈਜ਼ ਅਵਸਥਾ ਵਿਚ ਹੁੰਦਾ ਹੈ, ਅਤੇ ਆਪਣੀ ਸੋਚ, ਆਪਣਾ ਵਿਚਾਰ, ਆਪਣਾ ਤਰਕ ਸਭ ਛਡ ਦਿੰਦਾ ਹੈ, ਉਹ ਜੋ ਗੁਰੂ ਉਸਦੇ ਕੋਲ ਹੈ, ਉਸਦਾ ਰਹਿਨੁਮਾ, ਗਾਈਡ, ਜੋ ਉਸਨੂੰ ਸਵਰਗ-ਨਰਕ ਵਿਚ ਲਿਜਾ ਰਿਹਾ ਹੈ ਉਸਦੇ ਨਾਲ ਚੱਲਣ ਨੂੰ ਰਾਜ਼ੀ ਹੁੰਦਾ ਹੈ। ਫਿਰ ਗੁਰੂ ਉਸਨੂੰ ਪੜਾਅਵਾਰ, ਜਿਵੇਂ ਕਿ ਸੰਮੋਹਤ ਵਿਅਕਤੀ ਨੂੰ ਪੜਾਅਵਾਰ ਗਹਿਰੇ ਵਿਚ ਲਿਜਾਇਆ ਜਾ ਸਕਦਾ ਹੈ, ਉਵੇਂ ਉਸਨੂੰ ਗਹਿਰੇ ਵਿਚ ਲੈ ਜਾਣ ਲਗਦਾ ਹੈ। ਪਹਿਲਾਂ ਉਸਨੂੰ ਉਹ ਗਹਿਰਾ ਸੁਝਾਅ ਦਿੰਦਾ ਹੈ ਕਿ ਤੂੰ ਮੂਰਛਤ ਹੋ ਰਿਹਾ ਹੈਂ, ਬੇਹੋਸ਼ ਹੋ ਰਿਹਾ ਹੈਂ। ਅਤੇ ਉਹ ਸਵੀਕਾਰ ਕਰਦਾ ਹੈ, ਸਹਿਯੋਗ ਕਰਦਾ ਹੈ। ਫਿਰ ਉਸਨੂੰ ਸੁਝਾਅ ਦਿੰਦਾ ਹੈ ਕਿ ਇਹ ਮੂਰਛਾ ਇੰਨੀ ਗਹਿਰੀ ਹੋ ਗਈ ਹੈ ਕਿ ਹੁਣ ਤੇਰੇ ਕੰਨਾਂ ਨੂੰ ਮੇਰੀ ਅਵਾਜ਼ ਦੇ ਸਿਵਾਇ ਕਿਸੇ ਦੀ ਅਵਾਜ਼ ਸੁਣਾਈ ਨਹੀਂ ਪਵੇਗੀ। ਉਹ ਇਸਨੂੰ ਵੀ ਸਵੀਕਾਰ ਕਰ ਲੈਂਦਾ ਹੈ। ਸਭ ਅਵਾਜ਼ਾਂ ਬੰਦ ਹੋ ਜਾਂਦੀਆਂ ਹਨ, ਆਮ ਸੰਮੋਹਣ ਵਿਚ ਵੀ ਇਹੀ ਪ੍ਰਯੋਗ ਹੁੰਦਾ ਹੈ। ਜਦ ਸਾਰੀਆਂ ਅਵਾਜ਼ਾਂ ਬੰਦ ਹੋ ਜਾਂਦੀਆਂ ਹਨ, ਅਤੇ ਜਦ ਸਿਰਫ਼ ਰਹਿਨੁਮਾ ਦੀ ਅਵਾਜ਼ ਸੁਣਾਈ ਪੈਂਦੀ ਹੈ, ਤਦ ਰਹਿਨੁਮਾ ਪ੍ਰਯੋਗ ਕਰਕੇ ਦੇਖਦਾ ਹੈ। ਹੱਥ ਵਿਚ ਸੂਈ ਚੁਭੋਂਦਾ ਹੈ ਅਤੇ ਕਹਿੰਦਾ ਹੈ ਕਿ ਹੱਥ ਵਿਚ ਮੈਂ ਕੋਈ ਸੂਈ ਨਹੀਂ ਚੁਭੋ ਰਿਹਾ ਹਾਂ, ਤੈਨੂੰ ਕਿਸੇ ਤਰ੍ਹਾਂ ਦੀ ਪੀੜ ਮਹਿਸੂਸ ਨਹੀਂ ਹੋਵੇਗੀ। ਹੱਥ ਵਿਚ ਸੂਈ ਚੁਭੋਂਦਾ ਹੈ, ਹੱਥ ਹਟਾਉਂਦਾ ਵੀ ਨਹੀਂ, ਸਾਧਕ ਪੀੜ ਦੀ ਕੋਈ ਖ਼ਬਰ ਨਹੀਂ ਦਿੰਦਾ ਹੈ! ਪੈਰ 'ਚ ਅੰਗਿਆਰ ਛੁਹਾ ਦਿੰਦਾ ਹੈ ਕਿ ਸਧਾਰਨ ਠੰਡਾ ਪੱਥਰ ਤੇਰੇ ਪੈਰ ਨਾਲ ਛੋਹ ਲਾ ਰਿਹਾ ਹੈ; ਸਾਧਕ ਚੀਕ ਮਾਰ ਕੇ ਪੈਰ ਨਹੀਂ ਹਟਾ ਲੈਂਦਾ ਹੈ। ਅੰਗਿਆਰ ਪੈਰ ਨੂੰ ਛੋਹਦਾ ਹੈ, ਸਾਧਕ ਨੂੰ ਕੋਈ ਪਤਾ ਨਹੀਂ ਲਗਦਾ ਹੈ। ਹੁਣ ਰਹਿਨੁਮਾ ਜਾਣਦਾ ਹੈ ਕਿ ਸਾਧਕ ਨੇ ਖ਼ੁਦ ਨੂੰ ਪੂਰੀ ਤਰ੍ਹਾਂ ਸਮਰਪਤ ਕਰ ਦਿਤਾ।

ਜੇਕਰ ਪੂਰਾ ਸਮਰਪਣ ਹੋਵੇ, ਤਾਂ ਅੰਗਿਆਰ ਨਾਲ ਛੋਹੇ ਗਏ ਪੈਰ ਵਿਚ ਵੀ ਛਾਲਾ ਨਹੀਂ ਪੈਂਦਾ ਹੈ। ਅਤੇ ਜੇ ਤੁਸੀਂ ਸੁਣਿਆ ਹੋਵੇ ਕਿ ਲੋਕ ਅੱਗ ਉੱਤੇ ਨੱਚ ਕੇ ਲੰਘ ਜਾਂਦੇ ਹਨ ਅਤੇ ਅੱਗ ਉਹਨਾਂ ਨੂੰ ਨਹੀਂ ਸਾੜਦੀ, ਤਾਂ ਇਸ ਵਿਚ ਕੋਈ ਜਾਦੂ ਨਾ ਸਮਝ ਲੈਣਾ। ਸਿਰਫ ਮਨ ਦਾ ਭਾਵ ਹੈ। ਇਸ ਤੋਂ ਉਲਟਾ ਵੀ ਹੁੰਦਾ ਹੈ। ਸੰਮੋਹਤ, ਹਿਪਨੋਟਾਈਜ਼ਡ ਵਿਅਕਤੀ ਦੇ ਹੱਥ 'ਤੇ ਜੇ ਕੰਕਰ ਰਖ ਦਿਤਾ ਜਾਵੇ ਅਤੇ ਕਿਹਾ ਜਾਵੇ ਕਿ ਭਿਆਨਕ ਬਲਦਾ ਹੋਇਆ ਅੰਗਿਆਰ ਹੈ, ਤਾਂ ਉਹ ਸੰਮੋਹਤ ਵਿਅਕਤੀ ਚੀਕ ਮਾਰ ਕੇ ਹੱਥ ਹਟਾ ਲਏਗਾ, ਕੰਕਰ ਨੂੰ ਸੁੱਟ ਦੇਵੇਗਾ। ਇਥੋਂ ਤਕ ਤਾਂ ਠੀਕ ਹੈ ਕਿਉਂਕਿ ਮਨ ਦੀ ਗੱਲ ਹੈ। ਪਰ ਮਜ਼ਾ ਤਾਂ ਇਹ ਹੈ ਕਿ ਹੱਥ 'ਤੇ ਛਾਲਾ ਪੈ ਜਾਂਦਾ ਹੈ।

ਅਸੀਂ ਜੋ ਦੇਖ ਰਹੇ ਹਾਂ, ਉਹ ਬਹੁਤ ਕੁਝ ਸਾਡੇ ਮਨ ਦੀ ਖੇਡ ਹੈ।

ਅਸੀਂ ਜੋ ਜਿਉਂ ਰਹੇ ਹਾਂ, ਉਹ ਬਹੁਤ ਕੁਝ ਸਾਡੇ ਮਨ ਦੀ ਖੇਡ ਹੈ। ਜੇ ਕਿਸੇ ਦੇ ਕੋਲ ਤੁਹਾਨੂੰ ਬਹੁਤ ਸੁਖ ਮਿਲਦਾ ਹੈ, ਉਹ ਵੀ ਮਨ ਦੀ ਖੇਡ ਹੈ। ਅਤੇ ਕਿਸੇ ਦੇ ਕੋਲ ਤੁਹਾਨੂੰ ਬਹੁਤ ਦੁਖ ਮਿਲਦਾ ਹੈ, ਉਹ ਵੀ ਮਨ ਦੀ ਖੇਡ ਹੈ। ਜਦ ਕੰਕਰ ਨਾਲ-ਛਾਲੇ ਪੈ ਜਾਂਦੇ ਹੋਣ, ਅਤੇ ਅੰਗਿਆਰ ਨਾਲ ਹੱਥ 'ਤੇ ਛਾਲਾ ਨਾ ਪੈਂਦਾ ਹੋਵੇ, ਤਾਂ ਤੁਸੀਂ ਸਮਝ ਸਕਦੇ ਹੋ ਕਿ ਮਨ ਦੀ ਕਿੰਨੀ ਸਮਰੱਥਾ ਹੈ।

ਜਦ ਰਹਿਨੁਮਾ ਠੀਕ ਤਰ੍ਹਾਂ ਨਾਲ ਦੇਖ ਲੈਂਦਾ ਹੈ ਕਿ ਹੁਣ ਸਾਧਕ ਪੂਰਾ ਸਮਰਪਤ ਹੈ ਅਤੇ ਜੇ ਮੈਂ ਉਸਦੀ ਗਰਦਨ ਵੀ ਕੱਟ ਦਿਆਂ ਤਾਂ ਵੀ ਇਸਦੀ ਚੀਕ ਨਹੀਂ ਨਿਕਲੇਗੀ, ਤਦ ਉਹ ਉਸਨੂੰ ਯਾਤਰਾ 'ਤੇ ਲੈ ਚਲਦਾ ਹੈ। ਉਹ ਕਹਿੰਦਾ ਹੈ, ਪਹਿਲੇ ਨਰਕ ਵਿਚ—ਪਹਿਲੇ ਨਰਕ ਦੇ ਦੁਆਰ ਉੱਤੇ ਤੂੰ ਖੜ੍ਹਾ ਹੈਂ। ਫਿਰ ਉਹ ਪੂਰਾ ਵਰਣਨ ਕਰਦਾ ਹੈ ਨਰਕ ਦੇ ਦੁਆਰ ਦਾ। ਫਿਰ ਨਰਕ ਦੇ ਅੰਦਰ ਦਾ। ਫਿਰ ਨਰਕ ਦਾ ਪੂਰਾ ਵਰਣਨ ਕਰਦਾ ਹੈ, ਅਤੇ ਉਹ ਜੋ ਜੋ ਕਹਿੰਦਾ ਜਾਂਦਾ ਹੈ, ਸਾਧਕ ਉਹੀ—ਉਹੀ ਦੇਖਣ ਲਗਦਾ ਹੈ। ਸਾਧਕ ਦੇ ਮਨ ਵਿਚ ਜੋ ਸੰਸਕਾਰ ਪਏ ਹਨ, ਇਸ ਸਹਿਯੋਗ ਵਿਚ ਉਹ ਸਾਰੇ ਸੰਸਕਾਰ ਪਰਗਟ ਹੋ ਜਾਂਦੇ ਹਨ, ਅਤੇ ਮਨ ਦੀ ਕੰਧ ਉੱਤੇ ਨਰਕ ਬਣ ਜਾਂਦਾ ਹੈ। ਤੁਸੀਂ ਸਾਧਕ ਦੇ ਚੇਹਰੇ ਨੂੰ ਵੀ ਬਾਹਰ ਤੋਂ ਦੇਖ ਕੇ ਕਹਿ ਸਕਦੇ ਹੋ ਕਿ ਉਹ ਭਿਆਨਕ ਪੀੜ ਵਿਚੋਂ ਗੁਜ਼ਰ ਰਿਹਾ ਹੈ। ਫਿਰ ਦੂਜਾ ਨਰਕ, ਫਿਰ ਤੀਜਾ ਨਰਕ, ਫਿਰ ਉਹ ਸੱਤ ਨਰਕਾਂ ਦੀ ਯਾਤਰਾ 'ਤੇ ਲੈ ਜਾਂਦਾ ਹੈ। ਇਸ ਸਾਰੀ ਪੀੜ ਵਿਚ, ਭਿਆਨਕ ਪੀੜ ਵਿਚ ਗੁਜ਼ਰ ਕੇ ਸਾਧਕ ਉਸਦੇ ਅੰਦਰ ਜੋ—ਜੋ ਪੀੜ ਦੇ ਭਾਵ ਛੁਪੇ ਸਨ, ਇਹਨਾਂ ਨਰਕਾਂ ਵਿਚ ਉਹਨਾਂ ਦੇ ਹੀ ਪ੍ਰਤੀਕ ਹਨ। ਜੋ—ਜੋ ਸੰਭਾਵਨਾ ਸੀ ਪੀੜ ਦੀ, ਜਿਸਦੀ ਉਹ ਕਲਪਨਾ ਕਰ ਸਕਦਾ ਸੀ, ਨਰਕਾਂ ਵਿਚ ਉਹਨਾਂ ਦਾ ਹੀ ਨਜ਼ਾਰਾ ਹੈ।

ਨਰਕ ਆਦਮੀ ਦੇ ਮਨ ਨੂੰ ਦੇਖ ਕੇ ਸੋਚੇ ਗਏ ਹਨ, ਸਵਰਗ ਵੀ ਜਦ ਇਹਨਾਂ ਸਾਰੀਆਂ ਪੀੜਾਂ ਵਿਚੋਂ ਉਹ ਗੁਜ਼ਰ ਜਾਂਦਾ ਹੈ ਤਾਂ ਉਸਦੇ ਮਨ ਵਿਚ ਜੋ—ਜੋ ਵਿਚਾਰ ਛੁਪੇ ਸਨ, ਉਹ ਸਭ ਸਚੇਤਨ ਹੋ ਗਏ ਹੁੰਦੇ ਹਨ। ਉਹ ਸਭ ਸਚੇਤਨ ਹੋ ਕੇ ਉਹਨਾਂ ਤੋਂ ਛੁਟਕਾਰਾ ਹੋ ਗਿਆ ਹੁੰਦਾ ਹੈ। ਹੁਣ ਤਾਂ ਅਜੋਕਾ ਮਨੋਵਿਗਿਆਨ ਕਹਿੰਦਾ ਹੈ ਕਿ ਮਨ ਵਿਚ ਜਿਹੜੀ ਗੱਲ

ਵੀ ਗਹਿਰੇ 'ਚ ਪਈ ਹੈ, ਜੇ ਕਾਂਸ਼ਸ ਸਚੇਤਨ ਹੋ ਜਾਵੇ, ਤਾਂ ਉਸ ਤੋਂ ਸਾਡਾ ਛੁਟਕਾਰਾ ਹੋ ਜਾਂਦਾ ਹੈ।

ਫ੍ਰਾਯਡ ਦੀ ਮਨੋਪੜਚੋਲ ਵਰ੍ਹਿਆਂ ਤੀਕ ਇਹੀ ਕਰਦੀ ਹੈ। ਕੋਈ ਬੀਮਾਰ ਹੈ, ਤਾਂ ਵਰ੍ਹਿਆਂ ਤੀਕ ਸਾਈਕੋ ਏਨਾਲਿਸਿਸ ਚਲਦੀ ਹੈ। ਉਹ ਬੀਮਾਰ ਆਪਣੀਆਂ ਗੱਲਾਂ ਕਹਿੰਦਾ ਜਾਂਦਾ ਹੈ, ਇਲਾਜ-ਕਰਤਾ ਸੁਣਦਾ ਜਾਂਦਾ ਹੈ। ਅਤੇ ਪੁਛਦਾ ਹੈ, ਹੋਰ ਪੁਛਦਾ ਹੈ, ਉਸਦੇ ਅੰਦਰ ਜੋ-ਜੋ ਦੱਬਿਆ ਹੈ, ਉਸਨੂੰ ਕੱਢਦਾ ਚਲਿਆ ਜਾਂਦਾ ਹੈ। ਜਦ ਸਾਰੀਆਂ ਗੱਲਾਂ ਅੰਦਰੋਂ ਨਿਕਲ ਕੇ ਬਾਹਰ ਆ ਜਾਂਦੀਆਂ ਹੈ ਵਿਚਾਰ ਵਿਚ, ਬੀਮਾਰ ਅਚਾਨਕ ਆਪਣੀ ਬੀਮਾਰੀ ਤੋਂ ਮੁਕਤ ਹੋ ਜਾਂਦਾ ਹੈ।

ਅਚੇਤਨ ਵਿਚ ਦਬਿਆ ਹੋਇਆ ਵਿਚਾਰ ਧੱਕੇ ਦਿੰਦਾ ਹੈ, ਨਿਕਲਣ ਦੇ ਲਈ। ਉਸਦੀ ਨਿਕਲਣ ਦੀ ਕੋਸ਼ਿਸ਼ ਅਤੇ ਸਾਡੀ ਦਬਾਉਣ ਦੀ ਕੋਸ਼ਿਸ਼ ਤੋਂ ਹੀ ਰੋਗ ਪੈਦਾ ਹੁੰਦਾ ਹੈ। ਜਦ ਅਸੀਂ ਉਸਨੂੰ ਕਢ ਨਹੀਂ ਲੈਂਦੇ ਹਾਂ ਬਾਹਰ ਤਕ ਜਿਵੇਂ ਕੇਟਲੀ ਵਿਚ ਭਾਫ ਭਰੀ ਹੋਵੇ ਢੱਕਣ ਬੰਦ ਕੀਤਾ ਹੋਵੇ, ਮੂੰਹ ਵੀ ਬੰਦ ਕੀਤਾ ਹੋਵੇ, ਕੇਟਲੀ ਦੀ ਟੂਟੀ ਵੀ ਬੰਦ ਕੀਤੀ ਹੋਵੇ, ਤਾਂ ਫਿਰ ਕੇਟਲੀ ਰੋਗੀ ਅਵਸਥਾ ਵਿਚ ਆ ਗਈ। ਹੁਣ ਵਿਸਫੋਟ ਹੋਵੇਗਾ। ਇਸਨੂੰ ਨਿਕਲ ਜਾਣ ਦਿਉ।

ਅਸੀਂ ਸਭ ਅਜੇਹੀ ਹੀ ਹਾਲਤ ਵਿਚ ਹਾਂ-ਜੁਆਲਾਮੁਖੀ। ਪਤਾ ਨਹੀਂ ਕੀ-ਕੀ ਜਨਮਾਂ-ਜਨਮਾਂ ਵਿਚ, ਅਸੀਂ ਦਬਾ ਕੇ ਇਕੱਠਾ ਕਰ ਰਖਿਆ ਹੈ, ਉਸ ਵਿਚ ਹੀ ਸਾਡੇ ਨਰਕ ਹਨ। ਅਤੇ ਪਤਾ ਨਹੀਂ ਕਿੰਨੀਆਂ ਵਾਸਨਾਵਾਂ ਤੇ ਕਾਮਨਾਵਾਂ ਅਸੀਂ ਸੰਜੋ ਰਖੀਆਂ ਹਨ, ਉਸੇ ਵਿਚ ਸਾਡੇ ਸਵਰਗ ਹਨ।

ਜਦ ਸਾਧਕ ਪਹੁੰਚ ਜਾਂਦਾ ਹੈ ਨਰਕਾਂ ਵਿਚ, ਫਿਰ ਉਸਨੂੰ ਸਵਰਗਾਂ ਵਿਚ ਲਿਜਾਇਆ ਜਾਂਦਾ ਹੈ। ਫਿਰ ਇਹ ਪਹਿਲਾ ਸਵਰਗ, ਦੂਜਾ ਸਵਰਗ ਅਤੇ ਸੱਤ ਸਵਰਗ, ਉਹਨਾਂ ਸਭ ਦਾ ਵਰਣਨ, ਅਤੇ ਸਾਧਕ ਦਾ ਚੇਹਰਾ ਦਸਦਾ ਹੈ ਕਿ ਹੁਣ ਉਹ ਅਨੋਖੇ ਲੋਕ ਵਿਚ ਪ੍ਰਵੇਸ਼ ਕਰ ਰਿਹਾ ਹੈ। ਉਸਦੇ ਚੇਹਰੇ ਦੀ ਸ਼ਾਂਤੀ, ਅਨੰਦ ਦੀ ਥਿਰਕਣ, ਉਸਦਾ ਰੁਮਾਂਚ ਬਾਹਰ ਤੋਂ ਹੀ ਮਹਿਸੂਸ ਹੁੰਦਾ ਹੈ ਕਿ ਅੰਦਰ ਉਹ ਕਿਥੇ ਜਾ ਰਿਹਾ ਹੈ। ਨਾ ਕਿਤੇ ਜਾ ਰਿਹਾ ਹੈ, ਨਾ ਕਿਤੋਂ ਆ ਰਿਹਾ ਹੈ, ਲੇਕਿਨ ਮਨ ਪ੍ਰੋਜੈਕਟਰ ਦਾ ਕੰਮ ਕਰ ਰਿਹਾ ਹੈ, ਅਤੇ ਮਨ ਦੇ ਪਰਦੇ ਉਤੇ ਸਾਰੀਆਂ ਚੀਜਾਂ ਬਣਦੀਆਂ ਜਾ ਰਹੀਆਂ ਹਨ। ਉਹ ਦੇਖ ਰਿਹਾ ਹੈ।

ਇਸ ਪ੍ਰਯੋਗ ਨੂੰ ਮਰਨ ਵੇਲੇ ਵੀ ਕਰਵਾਇਆ ਜਾਂਦਾ ਹੈ। ਅਤੇ ਸਾਧਕ ਨੂੰ ਕਿਹਾ ਜਾਂਦਾ ਹੈ ਇਸ ਪ੍ਰਯੋਗ ਨੂੰ ਕਰਵਾ ਕੇ, ਕਿ ਇਹ ਸਭ ਤੇਰੇ ਮਨ ਦੇ ਖੇਡ ਹਨ। ਅਤੇ ਮਰਨ ਦੇ ਬਾਅਦ ਸਰੀਰ ਦੇ ਛੁਟਦਿਆਂ ਹੀ ਤੇਰੇ ਮਨ ਵਿਚ ਦਬਿਆ ਹੋਇਆ ਜੋ ਵੀ ਹੈ-ਉਹ ਸਰੀਰ ਦੇ ਸਹਾਰੇ ਹੀ ਦਬਾਇਆ ਜਾ ਸਕਦਾ ਸੀ, ਸਰੀਰ ਦੇ ਛੁਟਦਿਆਂ ਹੀ ਤੇਰਾ ਦਬਿਆ ਹੋਇਆ ਸਭ ਵਿਸਫੋਟ ਹੋਵੇਗਾ, ਤਦ ਤੂੰ ਚੇਤੇ ਰਖੀਂ ਅਤੇ ਘਬਰਾਈਂ ਨਾ-ਕਿ ਇਹ ਮਨ ਦਾ ਹੀ ਖੇਡ ਹੈ।

ਇਸਲਈ ਮਰਨ ਵੇਲੇ ਜਿਨ੍ਹਾਂ ਲੋਕਾਂ ਨੂੰ ਸਵਰਗ, ਨਰਕ ਦੇ ਅਨੁਭਵ ਹੋ ਜਾਂਦੇ ਹਨ-ਉਹ ਮਨ ਦੇ ਹੀ ਖੇਡ ਹਨ। ਪਰ ਜਿਨ੍ਹਾਂ ਨੇ ਉਹਨਾਂ ਅਨੁਭਵਾਂ ਨੂੰ ਲਿਖਿਆ ਹੈ, ਉਹਨਾਂ ਨੇ ਤਾਂ ਅਸਲ ਹੀ ਜਾਣਿਆ ਹੈ। ਜੋ ਦੇਖਿਆ ਹੈ, ਉਹ ਅਸਲੀ

ਸੀ ਅੰਦਰ, ਬਿਲਕੁਲ ਅਸਲੀ ਸੀ।

ਸਵਰਗ-ਨਰਕ ਪ੍ਰਤੀਕ ਭਾਵੇਂ ਹੋਣ, ਲੇਕਿਨ ਬਿਲਕੁਲ ਝੂਠੇ ਨਹੀਂ ਹਨ, ਮਨ ਦੇ ਸੱਚ ਹਨ।

ਬਾਰਦੋ ਵਿਚ ਮਰਨ ਵੇਲੇ ਸਾਧਕ ਨੂੰ ਸਮਝਾ ਦਿਤਾ ਜਾਂਦਾ ਹੈ ਕਿ ਇਹ ਸਭ ਨੂੰ ਹੁਣ ਦੇਖ ਰਿਹਾ ਹੈਂ, ਮਰਨ ਦੇ ਬਾਅਦ ਬਹੁਤ ਗੂਹੜਾ ਹੋ ਕੇ ਦੇਖੇਂਗਾ, ਤਦ ਘਬਰਾਈਂ ਨਾ ਅਤੇ ਹੋਸ਼ ਕਾਇਮ ਰਖੀਂ। ਇਹ ਸਭ ਮਨ ਦਾ ਹੀ ਖੇਡ ਹੈ। ਇਹ ਨਰਕ ਮੇਰੇ ਹਨ, ਇਹ ਸਵਰਗ ਮੇਰੇ ਹਨ। ਜੇਕਰ ਤੂੰ ਦੋਨਾਂ ਦਾ ਖਿਆਲ ਰਖ ਸਕਿਆ ਕਿ ਇਹ ਮਨ ਦੇ ਹੀ ਖੇਡ ਹਨ ਤਾਂ ਉਹਨਾਂ ਦੇ ਪਾਰ ਚਲਿਆ ਜਾਏਂਗਾ। ਅਤੇ ਮੁਕਤ ਹੋ ਜਾਏਂਗਾ। ਜੇ ਮਰਨ ਤੋਂ ਪਹਿਲਾਂ ਇਹ ਪ੍ਰਯੋਗ ਕਈ ਵਾਰ ਕਰਵਾ ਦਿਤਾ ਗਿਆ ਹੋਵੇ, ਤਾਂ ਮਰਨ ਤੋਂ ਬਾਅਦ ਵੀ ਖਿਆਲ ਰਖਿਆ ਜਾ ਸਕਦਾ ਹੈ।

ਜੀਣ ਦੀ ਹੀ ਕਲਾ ਨਹੀਂ ਹੁੰਦੀ, ਮਰਨ ਦੀ ਵੀ ਕਲਾ ਹੁੰਦੀ ਹੈ।

ਅਤੇ ਅਸੀਂ ਤਾਂ ਜੀਣਾ ਹੀ ਨਹੀਂ ਜਾਣਦੇ, ਤਾਂ ਮਰਨਾ ਤਾਂ ਅਸੀਂ ਕਿਵੇਂ ਜਾਣੀਏ? ਇਹੀ ਪਤਾ ਨਹੀਂ ਕਿ ਕਿਵੇਂ ਜੀਵੀਏ? ਕਿਵੇਂ ਮਰਨਾ ਵੀ ਸਿੱਖਣਾ ਹੁੰਦਾ ਹੈ। ਕੋਈ ਠੀਕ ਤਰ੍ਹਾਂ ਨਾਲ ਨਾ ਮਰੇ, ਤਾਂ ਬੜੀ ਮੁਸ਼ਕਲ 'ਚ ਪੈਂਦਾ ਹੈ। ਅਤੇ ਠੀਕ ਤਰ੍ਹਾਂ ਨਾਲ ਜਿਹੜਾ ਮਰਦਾ ਹੈ, ਉਹ ਮੁਸ਼ਕਲ ਤੋਂ ਛੁਟ ਜਾਂਦਾ ਹੈ।

ਇਹ ਸੂਤਰ ਕਹਿੰਦਾ ਹੈ ਕਿ ਤੇਰੀ ਹਾਲਤ, ਜਦ ਤੂੰ ਬਿਲਕੁਲ ਅੰਦਰ ਦਾਖਲ ਹੋ ਜਾਏਂਗਾ ਅਤੇ ਬਾਹਰ ਦਾ ਲੋਕ ਛੁਟ ਜਾਏਗਾ, ਇਕ ਪਾਗਲ ਹਾਥੀ ਜਿਹੀ ਹੋ ਸਕਦੀ ਹੈ। ਸਾਵਧਾਨ ਰਹੀਂ। ਕਿਉਂਕਿ ਪਾਗਲ ਹਾਥੀ ਦੇਖਦਾ ਹੈ ਚੱਟਾਨਾਂ ਉੱਤੇ ਬਿਰਛਾਂ ਦੀਆਂ ਹਿਲਦੀਆਂ ਟਹਿਣੀਆਂ ਦੇ ਪਰਛਾਵੇਂ, ਤਾਂ ਸਮਝਦਾ ਹੈ ਕੋਈ ਦੁਸ਼ਮਣ ਹੈ, ਜੂਝ ਪੈਂਦਾ ਹੈ ਚੱਟਾਨਾਂ ਨਾਲ, ਟੁੱਟ ਜਾਂਦਾ ਹੈ ਖ਼ੁਦ ਹੀ, ਕਿਉਂਕਿ ਚੱਟਾਨਾਂ ਦਾ ਕੀ ਵਿਗੜੇਗਾ, ਆਪਣੇ-ਆਪ ਨੂੰ ਹੀ ਵੱਢ-ਟੁੱਕ ਲੈਂਦਾ ਹੈ, ਲਹੂ-ਲੁਹਾਣ ਕਰ ਲੈਂਦਾ ਹੈ। ਆਪਣੀ ਹੀ ਮੌਤ ਦਾ ਕਾਰਨ ਬਣ ਜਾਂਦਾ ਹੈ। ਅੰਪਰ ਜਦ ਪਾਗਲ ਹਾਥੀ ਲੜਦਾ ਹੈ ਚੱਟਾਨਾਂ ਨਾਲ, ਤਦ ਉਸਨੂੰ ਪਤਾ ਨਹੀਂ ਕਿ ਉਹ ਜਿਸ ਨਾਲ ਲੜ ਰਿਹਾ ਹੈ ਉਹ ਕਲਪਨਾ ਦੀ ਖੇਡ ਹੈ।

ਸੰਸਾਰ ਵਿਚ ਵੀ ਅਸੀਂ ਜਿਨ੍ਹਾਂ ਨਾਲ ਲੜ ਰਹੇ ਹਾਂ, ਜ਼ਰਾ ਖੋਜਬੀਣ ਕਰਾਂਗੇ, ਤਾਂ ਬਹੁਤ-ਕੁਝ ਕਲਪਨਾ ਦੀ ਖੇਡ ਹੀ ਪਾਵਾਂਗੇ। ਫਿਰ ਅੰਦਰ ਵੀ ਇਹੀ ਲੜਾਈ ਚੱਲ ਸਕਦੀ ਹੈ। ਲੜਨਾ ਨਾ, ਮੋਹਤ ਵੀ ਨਾ ਹੋਣਾ, ਸਾਖਸ਼ੀ ਬਣੇ ਰਹਿਣਾ, ਅਤੇ ਜਾਣਨਾ ਕਿ ਜ਼ਰੂਰ ਮੇਰੀ ਚੇਤਨਾ ਤੇ ਮਨ ਦੀ ਕੰਧ ਦੇ ਵਿਚਾਲੇ ਕੋਈ ਵਿਚਾਰ ਹੈ, ਕੋਈ ਵਿਚਾਲੇ ਸੰਸਕਾਰ ਆ ਗਿਆ ਹੈ, ਜਿਸ ਕਰਕੇ ਮੈਨੂੰ ਇਹ ਸਭ ਦਿਖਾਈ ਪੈ ਰਿਹਾ ਹੈ। ਇਹ ਹੋਸ਼ ਰਖਣਾ। ਦੁਖ ਹੋਵੇ ਤਾਂ ਵੀ, ਸੁਖ ਹੋਵੇ ਤਾਂ ਵੀ; ਨਰਕ ਹੋਵੇ ਤਾਂ ਵੀ, ਸਵਰਗ ਹੋਵੇ ਤਾਂ ਵੀ।

'ਸਾਵਧਾਨ ਹੋ, ਨਹੀਂ ਤਾਂ ਕਿਤੇ ਹਮੈਂ ਦੀ ਚਿੰਤਾ ਵਿਚ ਦੇਵ-ਗਿਆਨ ਦੀ ਭੂਮੀ ਉੱਤੇ ਤੇਰੀ ਆਤਮਾ ਦੇ ਪੈਰ ਨਾ ਉਖੜ ਜਾਣ!'

ਇਹ ਪੌਰ ਉਖੜ ਸਕਦੇ ਹਨ ਦੋ ਤਰ੍ਹਾਂ ਨਾਲ। ਜਾਂ ਤਾਂ ਤੂੰ ਲੜਨ 'ਚ ਲਗ ਜਾਵੇਂ ਅਤੇ ਜਾਂ ਤੂੰ ਭੋਗਣ ਵਿਚ ਲਗ ਜਾਵੇਂ। ਸਵਰਗ ਦਿਖਾਈ ਪੈਣ ਲਗੇ, ਤਾਂ ਆਦਮੀ ਭੋਗਣ 'ਚ ਲਗ ਜਾਂਦਾ ਹੈ। ਨਰਕ ਨਜ਼ਰ ਆਉਣ ਲਗੇ, ਤਾਂ ਲੜਨ ਵਿਚ ਲਗ ਜਾਂਦਾ ਹੈ। ਦੋਹਾਂ ਹੀ ਹਾਲਤਾਂ ਵਿਚ ਉਹ ਜੋ ਚੇਤਨਾ ਹੈ, ਉਸ ਉਤੇ ਦ੍ਰਿਸ਼ਟੀ ਨਹੀਂ ਰਹਿੰਦੀ; ਉਹ ਜੋ ਬਾਹਰ ਮਨ ਦੇ ਪਰਦੇ ਉਤੇ ਖੇਡ ਹੋ ਰਿਹਾ ਹੈ, ਉਸ ਉਤੇ ਦ੍ਰਿਸ਼ਟੀ ਚਲੀ ਜਾਂਦੀ ਹੈ।

'ਸਾਵਧਾਨ ਹੋ, ਨਹੀਂ ਤਾਂ ਕਿਤੇ ਤੇਰੀ ਆਤਮਾ ਪਰਮਾਤਮਾ ਨੂੰ ਭੁੱਲ ਆਪਣੇ ਕੰਬਦੇ ਮਨ ਦੇ ਉਪਰ ਕਾਬੂ ਨਾ ਖੋ ਬੈਠੇ ਅਤੇ ਇਸ ਤਰ੍ਹਾਂ ਆਪਣੀ ਜਿੱਤ ਦਾ ਫਲ ਵੀ ਗੰਵਾ ਦੇਵੇਂ।'

'ਬਦਲਾਅ ਤੋਂ ਸਾਵਧਾਨ, ਕਿਉਂਕਿ ਬਦਲਾਅ ਤੇਰਾ ਵਡਾ ਵੈਰੀ ਹੈ। ਇਹ ਬਦਲਾਅ ਲੜ ਕੇ ਤੈਨੂੰ ਰਾਹ ਤੋਂ ਕੱਢ ਬਾਹਰ ਕਰੇਗਾ ਅਤੇ ਤੈਨੂੰ ਸ਼ੱਕ ਦੇ ਦੁਸ਼ਟ ਦਲਦਲ ਵਿਚ ਗੱਡ ਦੇਵੇਗਾ।'

ਬਦਲਾਅ ਤੋਂ ਸਾਵਧਾਨ!

ਕੀ ਅਧਾਰ ਹੋਵੇਗਾ ਅੰਦਰ ਜਾਂਚਣ ਦਾ ਕਿ ਜੋ ਮੈਂ ਦੇਖ ਰਿਹਾ ਹਾਂ, ਉਹ ਸੁਫਨਾ ਹੈ ਜਾਂ ਸੱਚ?

ਇਕ ਹੋਵੇਗਾ ਅਧਾਰ, ਜੇਕਰ ਉਹ ਬਦਲ ਰਿਹਾ ਹੋਵੇ, ਤਾਂ ਸੁਫਨਾ; ਨਾ ਬਦਲ ਰਿਹਾ ਹੋਵੇ, ਤਾਂ ਸੱਚ।

ਬਦਲਾਅ—ਇਸਨੂੰ ਅਸੀਂ ਸਮਝੀਏ।

ਸੱਚ ਦੀਆਂ ਬਹੁਤ ਪਰਿਭਾਸ਼ਾਵਾਂ ਖੋਜੀਆਂ ਗਈਆਂ ਹਨ ਜਗਤ ਵਿਚ। ਅਨੇਕਾਂ ਮਨੀਸ਼ੀਆਂ ਨੇ ਸੱਚ ਨੂੰ ਪਤਾ ਨਹੀਂ ਕਿਨ-ਕਿਨ ਰੂਪਾਂ ਵਿਚ ਪਰਿਭਾਸ਼ਤ ਕੀਤਾ ਹੈ। ਸੱਚ ਕੀ ਹੈ, ਇਸਦੀ ਖੋਜ ਚਲਦੀ ਰਹੀ ਹੈ। ਸਦੀਆਂ-ਸਦੀਆਂ ਵਿਚ ਸਾਰਾ ਦਰਸ਼ਨ, ਸਾਰੇ ਸ਼ਾਸਤਰ, ਇਸਦੀ ਹੀ ਖੋਜ ਵਿਚ ਲਗੇ ਹਨ ਕਿ ਕੀ ਹੈ ਸੱਚ, ਅਤੇ ਕੀ ਹੀ ਝੂਠ। ਸੌਖਾ ਨਹੀਂ ਹੈ ਕੰਮ। ਜਿੰਨੀ ਅਸਾਨੀ ਨਾਲ ਅਸੀਂ ਕਿਸੇ ਚੀਜ਼ ਨੂੰ ਕਹਿ ਦਿੰਦੇ ਹਾਂ, ਝੂਠ, ਅਤੇ ਕਿਸੇ ਚੀਜ਼ ਨੂੰ ਕਹਿ ਦਿੰਦੇ ਹਾਂ ਸੱਚ, ਉਨਾ ਅਸਾਨ ਨਹੀਂ ਹੈ। ਬਹੁਤ ਜਟਿਲ ਹੈ ਅਤੇ ਬਹੁਤ ਸੂਖਮ ਹੈ। ਹੋਰ ਕੋਈ ਮਾਪਦੰਡ ਹੋਣਾ ਚਾਹੀਦਾ ਹੈ, ਜਿਸ ਨਾਲ ਅਸੀਂ ਜਾਂਚ ਸਕੀਏ ਕਿ ਕੀ ਹੈ ਸੱਚ, ਕੀ ਹੈ ਝੂਠ।

ਕੁਝ ਲੋਕ ਕਹਿ ਦਿੰਦੇ ਹਨ ਕਿ ਜੋ ਅੱਖ ਨਾਲ ਦਿਖਾਈ ਪੈਂਦਾ ਹੈ, ਉਹ ਸੱਚ। ਜੋ ਪ੍ਰਤੱਖ ਹੈ, ਉਹ ਸੱਚ। ਅੱਖ ਨਾਲ ਤਾਂ ਸੁਫਨੇ ਵੀ ਦਿਖਾਈ ਪੈਂਦੇ ਹਨ, ਅੱਖ ਨਾਲ ਤਾਂ ਝੂਠ ਵੀ ਦਿਖਾਈ ਪੈਂਦੇ ਹਨ। ਇਕ ਰੱਸੀ ਪਈ ਹੈ ਅਤੇ ਅੱਖ ਨਾਲ ਸੱਪ ਨਜ਼ਰ ਆਉਂਦਾ ਹੈ। ਅੱਖ ਨਾਲ ਹੀ ਦਿਖਾਈ ਪੈਂਦੀ ਹੈ। ਅੱਖ ਬੰਦ ਕਰਨ ਨਾਲ ਨਹੀਂ ਦਿਖਾਈ ਪੈਂਦੀ। ਅੰਨ੍ਹੇ ਨੂੰ ਨਹੀਂ ਦਿਖਾਈ ਪੈਂਦੀ, ਅੱਖ ਵਾਲੇ ਨੂੰ ਹੀ ਦਿਖਾਈ ਪੈਂਦੀ ਹੈ; ਕਿਸੇ ਅੰਨ੍ਹੇ ਨੂੰ ਵਹਿਮ ਨਹੀਂ ਹੁੰਦਾ ਕਿ ਰੱਸੀ ਜੋ ਪਈ ਹੈ, ਉਹ ਸੱਪ ਹੈ। ਨਾ ਰੱਸੀ ਦਿਸਦੀ ਹੈ, ਨਾ ਸੱਪ ਦਾ ਕੋਈ ਉਪਾਅ ਹੈ ਦੇਖਣ ਦਾ। ਅੱਖ ਵਾਲੇ ਨੂੰ ਦਿਖਾਈ ਪੈ ਜਾਂਦੀ ਹੈ ਹਨੇਰੇ ਵਿਚ ਕਦੀ ਕਿ ਰੱਸੀ ਸੱਪ ਹੈ, ਅਤੇ ਨੱਸ ਖਲੋਂਦਾ ਹੈ। ਜੋ ਦਿਖਾਈ ਪਿਆ ਸੀ, ਉਹ ਦਿਖਾਈ ਤਾਂ ਪਿਆ ਹੀ ਸੀ, ਅੱਖ ਨਾਲ ਹੀ

ਦਿਖਾਈ ਪਿਆ ਸੀ, ਅਤੇ ਆਪਣੀ ਹੀ ਅੱਖ ਨਾਲ ਦਿਖਾਈ ਪਿਆ ਸੀ।

ਲੋਕ ਕਹਿੰਦੇ ਹਨ, ਦੂਜੇ ਦੀ ਅੱਖ 'ਤੇ ਭਰੋਸਾ ਨਾ ਕਰਨਾ। ਆਪਣੀ ਹੀ ਅੱਖ 'ਤੇ ਭਰੋਸਾ ਕਰਨ-ਨਾਲ ਕੀ ਹੋਣ ਵਾਲਾ ਹੈ? ਸੁਫਨੇ ਆਪਣੀ ਹੀ ਅੱਖ ਨਾਲ ਅਸੀਂ ਦੇਖਦੇ ਹਾਂ, ਭਰਮ ਵੀ ਆਪਣੀ ਹੀ ਅੱਖ ਨਾਲ ਦੇਖਦੇ ਹਾਂ। ਅਤੇ ਜਦ ਉਹ ਸਾਨੂੰ ਦਿਖਾਈ ਪੈਂਦੇ ਹਨ, ਤਦ ਬਿਲਕੁਲ ਅਸੀਂ ਹੁੰਦੇ ਹਨ, ਤਦ ਉਹਨਾਂ ਵਿਚ ਰੰਚਕ-ਮਾਤਰ ਵੀ ਸ਼ੱਕ ਨਹੀਂ ਹੁੰਦਾ। ਅੱਖ ਨਾਲ ਦੇਖਣ 'ਤੇ ਸੱਚ ਦਾ ਕੋਈ ਨਿਰਨਾ ਨਹੀਂ ਹੈ।

ਕਿਸ ਚੀਜ਼ ਨੂੰ ਸੱਚ ਆਖੀਏ?

ਜਿਸਨੂੰ ਸਭ ਮੰਨਦੇ ਹੋਣ?

ਅਜੇਹੀਆਂ ਹੀ ਪਰਿਭਾਸ਼ਾਵਾਂ ਹਨ ਕਿ ਜਿਸ ਨੂੰ ਲੋਕ-ਮਾਨਤਾ ਹੈ, ਉਹ ਸੱਚ ਹੈ। ਵਿਅਕਤੀ ਦੀਆਂ ਗੱਲਾਂ ਵਿਚ ਨਾ ਪੈਣਾ; ਕਿਉਂਕਿ ਭੁੱਲ 'ਚ ਪੈ ਸਕਦਾ ਹੈ। ਲੇਕਿਨ ਪੂਰੇ ਦੇ ਪੂਰੇ ਲੋਕ, ਪੂਰੇ ਦੇ ਪੂਰੇ ਸਮਾਜ ਭੁੱਲ ਵਿਚ ਪੈ ਸਕਦੇ ਹਨ; ਪਏ ਹਨ। ਇਕ ਸਮਾਜ ਇਕ ਗੱਲ ਨੂੰ ਮੰਨਦਾ ਹੈ, ਤਾਂ ਉਸ ਸਮਾਜ ਨੂੰ ਉਹ ਗੱਲ ਦਿਖਾਈ ਪੈਂਦੀ ਹੈ; ਮਾਨਤਾ ਨਾਲ ਦਿਖਾਈ ਪੈਂਦੀ ਹੈ। ਤੁਹਾਨੂੰ ਖ਼ਿਆਲ 'ਚ ਨਹੀਂ ਆਉਂਦੀ, ਉਸ ਸਮਾਜ ਨੂੰ ਖ਼ਿਆਲ 'ਚ ਆਉਂਦੀ ਹੈ, ਉਸਨੂੰ ਦਿਸਦੀ ਹੈ।

ਹੁਣ ਜਿਵੇਂ ਜੇਕਰ ਚੀਨ ਵਿਚ ਚਪਟੀ ਨੱਕ ਨੂੰ ਸੁੰਦਰ ਮੰਨਦੇ ਹਨ, ਤਾਂ ਪੂਰੇ ਚੀਨ ਵਿਚ ਉਹ ਦਿਖਾਈ ਪੈਂਦੀ ਹੈ ਕਿ ਸੁੰਦਰ ਹੈ, ਅਤੇ ਤੁਹਾਨੂੰ ਸੋਚਣ 'ਚ ਵੀ ਨਹੀਂ ਆਉਂਦੀ ਕਿ ਦਬੀ-ਚਪਟੀ ਨੱਕ ਕਿਵੇਂ ਸੁੰਦਰ ਹੋ ਸਕਦੀ ਹੈ। ਤੁਸੀਂ ਇਹ ਨਾ ਸੋਚਣਾ ਕਿ ਤੁਸੀਂ ਸਮਝਦਾਰ ਹੋ ਅਤੇ ਉਹ ਨਾਸਮਝ ਹਨ। ਲੰਮੀ ਨੱਕ ਸੁੰਦਰ ਹੈ, ਇਹ ਤੁਹਾਡੀ ਮਾਨਤਾ ਹੈ। ਕਿਉਂਕਿ ਸੁੰਦਰਤਾ ਦਾ ਕੀ ਹਿਸਾਬ ਹੈ? ਲੰਮੀ ਕਿਉਂ ਸੁੰਦਰ ਹੈ? ਆਖ਼ਰ ਲੰਬਾਈ ਵਿਚ ਕੀ ਸੁਹੱਪਣ ਹੈ? ਧਾਰਨਾ ਹੈ ਕਿ ਲੰਮੀ ਸੁੰਦਰ ਹੈ, ਤਾਂ ਪੂਰੇ ਸਮਾਜ ਨੂੰ ਦਿਖਾਈ ਪੈਂਦੀ ਹੈ।

ਧਾਰਨਾ ਹੈ ਕਿ ਗੋਰਾ ਜਿਸਮ ਸੋਹਣਾ ਹੈ, ਤਾਂ ਫਿਰ ਪੂਰੇ ਸਮਾਜ ਨੂੰ ਦਿਸਦਾ ਹੈ। ਲੇਕਿਨ ਅਜੇਹੇ ਸਮਾਜ ਹਨ, ਜਿਥੇ ਕਿ ਗੋਰਾ ਜਿਸਮ ਸੋਹਣਾ ਨਹੀਂ ਹੈ। ਇਸ ਮੁਲਕ ਵਿਚ ਵੀ ਅਸੀਂ ਗੋਰੇ ਜਿਸਮ ਨੂੰ ਬਹੁਤ ਗਹਿਰਾ ਸੋਹਣਾ ਨਹੀਂ ਮੰਨਿਆ ਹੈ, ਇਸਲਈ ਰਾਮ ਅਤੇ ਕ੍ਰਿਸ਼ਨ ਨੂੰ ਅਸੀਂ ਸਾਂਵਲਾ ਰਖਿਆ। ਸਨ ਕਿ ਨਹੀਂ, ਪੱਕਾ ਨਹੀਂ; ਕਿਉਂਕਿ ਜਿਹੋ-ਜਿਹਾ ਅਸੀਂ ਲਿੱਪਦੇ ਹਾਂ, ਉਹੋ-ਜਿਹਾ ਸਾਂਵਲਾ ਰੰਗ ਹੁੰਦਾ ਵੀ ਨਹੀਂ। ਪਰ ਸਾਂਵਲੇ ਨੂੰ ਅਸੀਂ ਸੋਹਣਾ ਮੰਨਿਆ ਸੀ ਉਸ ਸਮੇਂ। ਵਕਤ ਬਦਲਿਆ, ਫ਼ੈਸ਼ਨ ਬਦਲ ਜਾਂਦਾ ਹੈ। ਹੁਣ ਜੇਕਰ ਕ੍ਰਿਸ਼ਨ ਪੈਦਾ ਹੋਣ, ਤਾਂ ਸਾਂਵਲੇ ਪੈਦਾ ਹੋਣਾ ਠੀਕ ਨਹੀਂ ਹੈ। ਹੁਣ ਜੇਕਰ ਉਹਨਾਂ ਨੇ ਸਾਂਵਲੇ ਹੀ ਪੈਦਾ ਹੋਣਾ ਹੋਵੇ, ਤਾਂ ਅਮਰੀਕਾ 'ਚ ਨੀਗ੍ਰੋਜ਼ ਵਿਚ ਪੈਦਾ ਹੋਣਾ ਚਾਹੀਦਾ ਹੈ। ਕਿਉਂਕਿ ਹੁਣ ਉਹਨਾਂ ਨੇ ਉਥੇ ਨਾਅਰਾ ਦਿਤਾ ਹੈ ਕਿ 'ਬਲੈਕ ਇਜ਼ ਬਿਊਟੀਫੁਲ' : ਕਾਲਾ ਜੋ ਹੈ, ਉਹ ਸੋਹਣਾ ਹੈ। ਹੁਣ ਕਾਲਾ ਸੋਹਣਾ ਹੈ, ਇਹ ਵੀ ਮਾਨਤਾ ਹੈ। ਅਤੇ ਚਿੱਟਾ ਸੋਹਣਾ ਹੈ, ਇਹ ਵੀ ਮਾਨਤਾ ਹੈ। ਅਤੇ ਸਿੱਖ 'ਤੇ ਹੀ ਇਹ ਨਿਰਭਰ ਹੈ। ਜੋ ਅਸੀਂ ਸਿੱਖ ਲੈਂਦੇ

ਹਾਂ, ਉਹ ਸਾਨੂੰ ਸੋਹਣਾ ਦਿਸਣ ਲਗਦਾ ਹੈ; ਜੋ ਅਸੀਂ ਮੰਨ ਲੈਂਦੇ ਹਾਂ ਕੋਝਾ ਹੈ, ਉਹ ਸਾਨੂੰ ਕੋਝਾ ਨਜ਼ਰ ਆਉਣ ਲਗਦਾ ਹੈ। ਇਹ ਮਾਨਤਾਵਾਂ ਹਨ, ਸੱਚ ਨਹੀਂ ਹੈ। ਅਤੇ ਪੂਰਾ ਸਮਾਜ ਮੰਨ ਲੈਂਦਾ ਹੈ, ਤਾਂ ਬਹੁਤ ਸੱਚ ਪ੍ਰਤੀਤ ਹੁੰਦਾ ਹੈ।

ਹੁਣ ਦੇਖੋ ਜੈਨ-ਮੁਨੀ ਹਨ ਦਿਗੰਬਰ, ਉਹ ਇਸ਼ਨਾਨ ਨਹੀਂ ਕਰਦੇ, ਦਾਤਣ ਨਹੀਂ ਕਰਦੇ, ਉਹਨਾਂ ਦੇ ਮੂੰਹ 'ਚੋਂ ਬੋਅ ਆਉਂਦੀ ਹੈ—ਆਏਗੀ ਹੀ ਉਹਨਾਂ ਦੇ ਕੋਲ ਬੈਠ ਕੇ ਗਲਬਾਤ ਵਿਚ ਜੀਅ-ਕੱਚਾ ਹੋਣ ਲਗੇਗਾ, ਘਬਰਾਹਟ ਹੋਣ ਲਗੇਗੀ। ਲੇਕਿਨ ਜੈਨੀ ਇਸ ਕਾਰਨ ਉਹਨਾਂ ਨੂੰ ਬਹੁਤ ਆਦਰ ਦਿੰਦੇ ਹਨ। ਕਿਉਂ? ਕਿਉਂਕਿ ਇਕ ਮਾਨਤਾ ਹੈ। ਅਤੇ ਉਹ ਮਾਨਤਾ ਇਹ ਹੈ ਕਿ ਉਹਨਾਂ ਨੇ ਸਰੀਰ ਦਾ ਮੋਹ ਛਡ ਦਿਤਾ। ਤਾਂ ਮੋਹ ਹੀ ਜਦ ਛਡ ਦਿਤਾ, ਤਾਂ ਕੀ ਦਾਤਣ ਤੇ ਕੀ ਇਸ਼ਨਾਨ? ਇਹ ਤਾਂ ਸਜਾਵਟਾਂ ਹਨ, ਸ਼ਿੰਗਾਰ ਹੈ। ਇਸ਼ਨਾਨ ਕਰਨਾ, ਦਾਤਣ ਕਰਨਾ, ਇਹ ਤਾਂ ਸ਼ਿੰਗਾਰ ਹੈ, ਸਜਾਵਟ ਹੈ। ਜਿਹੜਾ ਸਰੀਰ ਖ਼ੁਦ ਨੂੰ ਮੰਨਦਾ ਹੀ ਨਹੀਂ, ਖ਼ੁਦ ਨੂੰ ਆਤਮਾ ਮੰਨਦਾ ਹੈ, ਉਹ ਕਿਉਂ ਦਾਤਣ ਕਰੇ ਤੇ ਕਿਉਂ ਇਸ਼ਨਾਨ ਕਰੇ? ਸਰੀਰ ਨੂੰ ਕਿਉਂ ਸਜਾਵੇ?

ਜਿਹੜੇ ਅਜੇਹਾ ਮੰਨਦੇ ਹਨ, ਉਹਨਾਂ ਨੂੰ ਮੁਨੀ ਦੇ ਮੂੰਹ 'ਚੋਂ ਆਉਂਦੀ ਬੋਅ ਬੜੀ ਸੁਗੰਧਤ ਜਾਪਦੀ ਹੈ। ਜਾਪੇਗੀ ਹੀ। ਇਸ ਬੋਅ 'ਚ ਤਿਆਗ ਦੀ ਮਹਿਕ ਹੈ, ਇਸ ਦੁਰਗੰਧ ਵਿਚ ਵਿਰਾਗ ਦੀ ਸੁਗੰਧੀ ਹੈ। ਅਤੇ ਅਜੇਹਾ ਮੰਨਣ ਵਾਲਿਆਂ ਨੂੰ ਜੇਕਰ ਮੁਨੀ ਦੇ ਮੂੰਹ 'ਚੋਂ ਬੋਅ ਨਾ ਆਵੇ, ਤਾਂ ਉਹ ਸਮਝੇਗਾ ਕਿ ਚੋਰੀ-ਛੁਪੇ ਟੂਥਪੇਸਟ ਕਰ ਰਿਹਾ ਹੈ। ਕਰ ਰਹੇ ਹਨ, ਉਹ ਦੂਹਰਾ ਫਾਇਦਾ ਲੈ ਰਹੇ ਹਨ। ਚੋਰੀ-ਛੁਪੇ ਉਹ ਆਪਣਾ ਟੂਥਪੇਸਟ ਵੀ ਰਖਦੇ ਸਨ, ਉਸਨੂੰ ਵੀ ਕਰ ਲੈਂਦੇ ਹਨ, ਅਤੇ ਮੌਕਾ ਮਿਲ ਜਾਂਦਾ ਹੈ, ਤਾਂ ਸਪੰਜ ਵੀ ਕਰ ਲੈਂਦੇ ਹਨ ਸਰੀਰ 'ਤੇ; ਕਿਉਂਕਿ ਬਦਬੋ ਬਦਬੋ ਹੈ। ਅਤੇ ਜੇ ਸਰੀਰ 'ਚੋਂ ਬਦਬੋ ਨਾ ਆਵੇ, ਤਾਂ ਭਗਤ ਨੂੰ ਸ਼ੱਕ ਹੋ ਜਾਂਦਾ ਹੈ ਕਿ ਕੁਝ ਗੜਬੜ ਹੋ ਰਹੀ ਹੈ। ਹੁਣ ਇਹ ਬੜੀ ਕਠਨ ਗੱਲ ਜਾਪਦੀ ਹੈ, ਪਰ ਇੰਨੀ ਕਠਨ ਨਹੀਂ ਹੈ।

ਹੁਣ ਅਮਰੀਕਾ ਵਿਚ ਯੁਵਕਾਂ ਦੇ, ਹਿੱਪੀਆਂ ਦੇ ਸਮੂਹ ਹਨ। ਉਹਨਾਂ ਨੇ ਪੱਛਮ ਵਿਚ ਚਲਣ ਵਾਲੇ ਸਭ ਸੁੰਦਰਤਾ ਦੇ ਸਾਧਨਾਂ ਦਾ ਵਿਰੋਧ ਕਰ ਦਿਤਾ ਹੈ। ਸਾਬਣ ਦੀ ਵਰਤੋਂ ਨਹੀਂ ਕਰਨਗੇ, ਡਯੋਡਰੇਂਟ ਦੀ ਵਰਤੋਂ ਨਹੀਂ ਕਰਨਗੇ, ਪਾਊਡਰ ਦੀ ਵਰਤੋਂ ਨਹੀਂ ਕਰਨਗੇ; ਕਿਉਂਕਿ ਉਹ ਕਹਿੰਦੇ ਹਨ ਕਿ ਸਰੀਰ ਦੀ ਗੰਧ ਬੜੀ ਸੁਖਾਵੀਂ ਹੈ, ਕੁਦਰਤੀ ਹੈ। ਤਾਂ ਜੇਕਰ ਸਰੀਰ ਦੇ ਪਸੀਨੇ ਦੀ ਬੋਅ ਆਉਂਦੀ ਹੈ, ਤਾਂ ਸੁਭਾਵਕ ਹੈ, ਅਤੇ ਆਉਣੀ ਚਾਹੀਦੀ ਹੈ। ਇਸਨੂੰ ਛੁਪਾਉਣਾ ਆਰਟੀਫਿਸ਼ਿਅਲ ਹੈ। ਇਸ ਉਤੇ ਸਾਬਣ ਲਾ ਕੇ ਇਸਨੂੰ ਦਬਾਉਣਾ, ਅਤੇ ਪਾਊਡਰ ਛਿੜਕ ਕੇ ਇਸਨੂੰ ਰੋਕਣਾ, ਝੂਠਾ ਹੈ। ਇਹ ਆਦਮੀ ਝੂਠਾ ਹੈ, ਜੋ ਅਜੇਹਾ ਕਰ ਰਿਹਾ ਹੈ। ਅਤੇ ਜੇ ਅਜੇਹੇ ਆਦਮੀ ਦੇ ਕੋਲ ਤੁਸੀਂ ਜਾਂਦੇ ਹੋ, ਤਾਂ ਅਸਲੀ ਆਦਮੀ ਨਾਲ ਤੁਹਾਡਾ ਮਿਲਣਾ ਨਹੀਂ ਹੋ ਸਕੇਗਾ।

ਤਾਂ ਹਿੱਪੀਜ਼ ਕਹਿੰਦੇ ਹਨ ਕਿ ਜੋ ਸਹਿਜ ਹੈ, ਉਹ ਸੁੰਦਰ ਹੈ; ਜੋ ਸੁਭਾਵਕ ਹੈ, ਉਹ ਸੁੰਦਰ ਹੈ। ਇਸਲਈ ਜੋ ਇਸਤ੍ਰੀ

ਦੇ ਬਦਨ 'ਚੋਂ ਬੋਅ ਆ ਰਹੀ ਹੈ, ਤਾਂ ਉਸ ਬੋਅ ਦਾ ਅਨੰਦ ਲਵੇ; ਕਿਉਂਕਿ ਉਹ ਸੁਭਾਵਕ ਹੈ। ਅਤੇ ਸਾਰੀ ਦੁਨੀਆਂ ਵਿਚ ਸਾਰੇ ਪਸ਼ੂ ਉਸਦਾ ਅਨੰਦ ਲੈ ਰਹੇ ਹਨ, ਆਦਮੀ ਕਿਉਂ ਨਹੀਂ ਲੈ ਰਿਹਾ? ਕਿਉਂਕਿ ਆਦਮੀ ਫਾਲਸ ਹੈ, ਝੂਠਾ ਹੈ। ਤਾਂ ਹਿੱਪੀ ਗੰਦੇ ਰਹਿਣ ਲਗੇ। ਗੰਦੇ ਉਹਨਾਂ ਦੇ ਹਿਸਾਬ ਨਾਲ ਜਿਹੜੇ ਮੰਨਦੇ ਹਨ ਕਿ ਇਹ ਗੰਦਗੀ ਹੈ, ਆਪਣੇ ਹਿਸਾਬ ਨਾਲ ਨਹੀ। ਆਪਣੇ ਹਿਸਾਬ ਨਾਲ ਤਾਂ ਉਹ ਸਹਿਜ, ਸੁਭਾਵਕ ਹੋ ਰਹੇ ਹਨ। ਤੁਸੀਂ ਗੰਦੇ ਹੋ; ਕਿਉਂਕਿ ਤੁਸੀਂ ਝੂਠੇ ਹੋ। ਇਹ ਸਭ ਮਾਨਤਾਵਾਂ ਹਨ।

ਜੇ ਤੁਸੀਂ ਹਿੱਪੀਆਂ ਦੇ ਸਮੂਹ ਵਿਚ ਜਾਉ ਅਤੇ ਠੀਕ ਸਾਫ਼-ਸੁਥਰੇ ਕੱਪੜੇ ਪਹਿਨੇ ਹੋਣ, ਅਤੇ ਸਰੀਰ 'ਚੋਂ ਪਸੀਨੇ ਦੀ ਬਦਬੋ ਨਾ ਆਉਂਦੀ ਹੋਵੇ, ਤਾਂ ਹਿੱਪੀਆਂ ਦਾ ਸਮੂਹ ਤੁਹਾਨੂੰ ਸਵੀਕਾਰ ਨਹੀਂ ਕਰੇਗਾ, ਤੁਹਾਨੂੰ ਕੱਢ ਬਾਹਰ ਕਰੇਗਾ। ਕਿਉਂਕਿ ਆਦਮੀ ਤੁਸੀਂ ਠੀਕ ਨਹੀਂ ਹੋ; ਜ਼ਰਾ ਗੜਬੜ ਹੋ, ਪੁਰਾਣੀ ਧਾਰਨਾ ਦੇ, ਘਿਟੇ-ਘਿਟਾਏ ਹੋ, ਅਤੇ ਝੂਠੇ ਹੋ। ਅਸਲੀ ਨਹੀਂ ਹੋ।

ਸਮੂਹ ਵੀ ਇਕ ਮਾਨਤਾ ਨੂੰ ਮੰਨ ਲਵੇ, ਤਾਂ ਉਹ ਸੱਚ ਨਜ਼ਰ ਆਉਣ ਲਗਦੀ ਹੈ। ਅਤੇ ਜੋ ਸਮੂਹ ਪੈਦਾ ਹੁੰਦਾ ਹੈ, ਉਹ ਉਸੇ ਧਾਰਨਾ ਵਿਚ ਪਲਦਾ ਹੈ ਤੇ ਪਰਵਾਨ ਚੜ੍ਹਦਾ ਹੈ, ਉਹ ਸੱਚ ਉਸਨੂੰ ਨਜ਼ਰ ਆਉਣ ਲਗਦਾ ਹੈ।

ਤਾਂ ਕੀ ਹੈ ਸੱਚ?

ਆਪਣੀ ਅੱਖ ਨਾਲ ਦੇਖਿਆ ਹੋਇਆ ਵੀ ਝੂਠ ਹੋ ਜਾਂਦਾ ਹੈ; ਸਮੂਹ ਦੀ ਮਾਨਤਾ ਵੀ ਝੂਠ ਹੋ ਜਾਂਦੀ ਹੈ। ਜਿਸਨੂੰ ਇਕ ਸਮੂਹ ਮਹਾਤਮਾ ਮੰਨਦਾ ਹੈ, ਦੂਜਾ ਸਮੂਹ ਉਸਨੂੰ ਬਿਲਕੁਲ ਮਹਾਤਮਾ ਮੰਨਣ ਨੂੰ ਤਿਆਰ ਨਹੀਂ ਹੁੰਦਾ।

ਜੈਨੀਆਂ ਤੋਂ ਪੁੱਛੋ ਕਿ ਕ੍ਰਿਸ਼ਨ ਭਗਵਾਨ ਹਨ? ਮੰਨ ਨਹੀਂ ਸਕਦੇ, ਉਹਨਾਂ ਨੇ ਆਪਣੀਆਂ ਕਿਤਾਬਾਂ ਵਿਚ ਉਹਨਾਂ ਨੂੰ ਨਰਕ 'ਚ ਸੁੱਟ ਦਿਤਾ ਹੈ। ਕਿਉਂਕਿ ਇਹ ਆਦਮੀ ਕਿਵੇਂ ਭਗਵਾਨ ਹੋ ਸਕਦਾ ਹੈ? ਭਗਵਾਨ ਤਾਂ ਹੋਣਾ ਚਾਹੀਦੈ ਵਿਰਾਗੀ। ਅਤੇ ਇਹ ਆਦਮੀ ਬੰਸਰੀ ਵਜਾ ਰਿਹਾ ਹੈ ਤੇ ਨੱਚ ਰਿਹਾ ਹੈ। ਅਤੇ ਇਸਦੇ ਆਸਪਾਸ ਇਸਤ੍ਰੀਆਂ ਹਨ, ਨੱਚ ਰਹੀਆਂ ਹਨ। ਇਹ ਆਦਮੀ ਕਿਵੇਂ ਭਗਵਾਨ ਹੋ ਸਕਦਾ ਹੈ? ਇਹ ਆਦਮੀ ਭਗਵਾਨ ਨਹੀਂ ਹੈ। ਤਾਂ ਜੈਨੀਆਂ ਨੇ ਆਪਣੇ ਸ਼ਾਸਤਰਾਂ ਵਿਚ ਕ੍ਰਿਸ਼ਨ ਨੂੰ ਨਰਕ 'ਚ ਸੁੱਟ ਛਡਿਆ ਹੈ। ਅਤੇ ਇਸ ਪੂਰੇ ਕਲਪ ਦੇ ਖ਼ਤਮ ਹੋਣ ਤੋਂ ਬਾਅਦ ਹੀ ਉਹ ਨਰਕ ਤੋਂ ਛੁਟ ਸਕਣਗੇ। ਇਸ ਵਿਚ ਕੋਈ ਨਰਾਜ਼ ਹੋਣ ਦੀ ਗੱਲ ਨਹੀਂ ਹੈ, ਇਸ ਵਿਚ ਜੈਨੀ ਸਿਰਫ਼ ਇੰਨਾ ਕਹਿ ਰਹੇ ਹਨ, ਕਿ ਉਹਨਾਂ ਦੀ ਧਾਰਨਾ ਦਾ ਜੋ ਸੱਚ ਹੈ, ਉਸ 'ਚ ਕ੍ਰਿਸ਼ਨ ਬਿਲਕੁਲ ਠੀਕ ਨਹੀਂ ਪੈਂਦੇ, ਬਿਲਕੁਲ ਠੀਕ ਨਹੀਂ ਪੈਂਦੇ।

ਆਪੋ-ਆਪਣੀਆਂ ਧਾਰਨਾਵਾਂ ਹਨ।

ਮੁਹੰਮਦ ਨੂੰ—ਜਿਹੜੇ ਲੋਕ ਅਹਿੰਸਾ ਨੂੰ ਮੰਨਦੇ ਹਨ, ਉਹ ਕਿਵੇਂ ਮੰਨ ਸਕਣਗੇ ਕਿ ਪੈਗੰਬਰ ਹਨ, ਹੱਥ ਵਿਚ ਤਲਵਾਰ ਹੈ। ਅਤੇ ਜਿਹੜੇ ਮੁਹੰਮਦ ਨੂੰ ਮੰਨਦੇ ਹਨ, ਉਹ ਮਹਾਂਵੀਰ ਤੇ ਬੁੱਧ ਨੂੰ ਭਗੌੜੇ ਮੰਨਦੇ ਹਨ; ਕਿਉਂਕਿ ਉਹ

ਜ਼ਿੰਦਗੀ ਨੂੰ ਛਡ ਕੇ ਭੱਜ ਗਏ। ਅਤੇ ਜ਼ਿੰਦਗੀ ਜਿਥੇ ਕਿ ਬੁਰਾਈ ਨਾਲ ਲੜਨਾ ਹੈ, ਜਿਥੇ ਕਿ ਬੁਰਾਈ ਨੂੰ ਹਰਾਉਣਾ ਹੈ, ਉਥੇ ਜਿਹੜੇ ਨੱਸ ਗਏ, ਇਹਨਾਂ ਭਗੌੜਿਆਂ ਨੂੰ ਪੈਗੰਬਰ ਅਤੇ ਤੀਰਥੰਕਰ ਕਿਵੇਂ ਮੰਨਿਆ ਜਾ ਸਕਦਾ ਹੈ? ਇਹ ਤਾਂ ਕਾਇਰ ਹਨ। ਮੁਹੰਮਦ ਲੜ ਰਹੇ ਹਨ ਜ਼ਿੰਦਗੀ ਵਿਚ। ਜਿਥੇ ਬੁਰਾਈ ਹੈ, ਉਸਨੂੰ ਕੱਟਣਾ ਹੈ। ਅਤੇ ਤਲਵਾਰ ਲੈ ਕੇ ਖੜ੍ਹੇ ਹਨ, ਅਤੇ ਇਹ ਸਭ ਨੱਸ ਖਲੋਤੇ ਹਨ। ਨੱਸਣ ਨਾਲ ਬੁਰਾਈ ਤਾਂ ਮਿਟਦੀ ਨਹੀਂ ਹੈ। ਇਸਲਈ ਇਸਲਾਮ ਕਹਿੰਦਾ ਹੈ, ਬੁਰਾਈ ਨਾਲ ਤਾਂ ਲੜਨਾ ਪਏਗਾ। ਅਤੇ ਜੇ ਬੁਰੇ ਆਦਮੀ ਦੇ ਹੱਥ ਵਿਚ ਤਲਵਾਰ ਹੈ, ਤਾਂ ਚੰਗੇ ਆਦਮੀ ਦੇ ਹੱਥ ਵਿਚ ਵੀ ਤਲਵਾਰ ਹੋਣੀ ਚਾਹੀਦੀ ਹੈ, ਨਹੀਂ ਤਾਂ ਬੁਰਾ ਆਦਮੀ ਜਿੱਤੇਗਾ। ਤਾਂ ਇਸਲਾਮ ਕਹਿੰਦਾ ਹੈ ਕਿ ਮਹਾਂਵੀਰ, ਬੁੱਧ ਇਹਨਾਂ ਸਭ ਦੇ ਕਾਰਨ ਬੁਰਾਈ ਜਿੱਤ ਗਈ; ਕਿਉਂਕਿ ਬੁਰਾ ਆਦਮੀ ਤਲਵਾਰ ਛਡਦਾ ਨਹੀਂ, ਚੰਗਾ ਆਦਮੀ ਤਲਵਾਰ ਛਡ ਦਿੰਦਾ ਹੈ। ਹੁਣ ਕਿਸਨੂੰ ਕਹੋ ਕਿ ਕੌਣ ਸੱਚ ਹੈ।

ਸਮੂਹ ਦੇ ਸੱਚ ਵੀ ਮਾਨਤਾਵਾਂ ਦੇ ਸੱਚ ਹਨ। ਅਤੇ ਜੋ ਆਦਮੀ ਉਸ ਵਿਚ ਵਡਾ ਹੁੰਦਾ ਹੈ, ਉਹ ਉਸੇ ਅੱਖ ਨਾਲ ਦੇਖਦਾ ਹੈ, ਐਨਕ ਉਸਦੀ ਅੱਖ 'ਤੇ ਹੁੰਦੀ ਹੈ। ਉਸਨੂੰ ਉਹੀ ਦਿਸਦਾ ਹੈ, ਜੋ ਉਸਦੇ ਸਮੂਹ ਨੇ ਉਸਨੂੰ ਦੇ ਦਿਤਾ ਹੈ।

ਭਾਰਤ ਨੇ ਸਚ ਦੀ ਇਕ ਹੋਰ ਹੀ ਕਸੌਟੀ ਖੋਜੀ ਹੈ। ਨਾ ਤੁਹਾਡੀ ਅੱਖ, ਨਾ ਸਮੂਹ ਦੀ ਅੱਖ, ਸੱਚ ਦੀ ਇਕ ਕਸੌਟੀ ਖੋਜੀ ਹੈ, ਜੋ ਬਾਹਰ ਅੰਦਰ ਦੋਹੀਂ ਥਾਈਂ ਕੰਮ ਆਏਗੀ। ਅਤੇ ਉਹ ਇਹ ਹੈ ਕਿ ਜੋ ਬਦਲਾਅਸ਼ੀਲ ਹੈ, ਉਹ ਸੱਚ ਨਹੀਂ ਹੈ। ਜੋ ਸਦੀਵੀ ਹੈ, ਉਹੀ ਸੱਚ ਹੈ।

ਰਾਤੀਂ ਸੁਫਨਾ ਦੇਖਿਆ ਸੀ, ਸਵੇਰੇ ਉਠ ਕੇ ਪਾਇਆ ਕਿ ਝੂਠ ਸੀ। ਕਿਉਂ ਤੁਸੀਂ ਪਾਂਦੇ ਹੋ ਕਿ ਝੂਠ ਸੀ? ਕੀ ਕਾਰਨ ਹੈ ਝੂਠ ਪਾਣ ਦਾ? ਕੀ ਅਧਾਰ ਹੈ ਤੁਹਾਡੇ ਕੋਲ ਕਹਿਣ ਦਾ ਕਿ ਸੁਫਨਾ ਝੂਠ ਸੀ?

ਪਹਿਲੀ ਤਾਂ ਗੱਲ ਇਹ ਹੈ ਕਿ ਸੁਫਨਾ ਮੌਜੂਦ ਨਹੀਂ ਹੈ ਕਿ ਤੁਸੀਂ ਤੋਲ ਸਕੋ ਜਾਗ ਨਾਲ; ਉਹ ਜਾ ਚੁੱਕਾ। ਜਦ ਸੁਫਨਾ ਸੀ ਤਦ ਜਾਗ ਨਹੀਂ ਸੀ।

ਤੁਸੀਂ ਇਕ ਕਮਰੇ ਵਿਚ ਸੁੱਤੇ ਅਤੇ ਰਾਤੀਂ ਤੁਸੀਂ ਦੇਖਿਆ ਸੁਫਨੇ ਵਿਚ ਕਿ ਤੁਸੀਂ ਇਕ ਮਹਿਲ ਵਿਚ ਹੋ। ਫਿਰ ਸਵੇਰੇ ਉਠ, ਤੁਸੀਂ ਖ਼ੁਦ ਨੂੰ ਆਪਣੇ ਕਮਰੇ ਵਿਚ ਪਾਇਆ। ਤੁਸੀਂ ਕਹਿੰਦੇ ਹੋ ਕਿ ਉਹ ਮਹਿਲ ਝੂਠਾ ਸੀ। ਲੇਕਿਨ ਕਿਵੇਂ ਤੋਲਦੇ ਹੋ? ਕਿਉਂਕਿ ਮਹਿਲ ਹੁਣ ਮੌਜੂਦ ਨਹੀਂ ਹੈ ਕਿ ਇਸ ਕਮਰੇ ਨਾਲ ਤੋਲ ਸਕੋ—ਕਿ ਕੌਣ ਝੂਠਾ ਕੌਣ ਸੱਚਾ? ਸੱਚਾ? ਤਾਂ ਜਦ ਤੁਸੀਂ ਮਹਿਲ ਵਿਚ ਸੀ, ਤਦ ਇਹ ਕਮਰਾ ਮੌਜੂਦ ਨਹੀਂ ਸੀ। ਦੋ ਚੀਜ਼ਾਂ ਨੂੰ ਤੋਲਣ ਦੇ ਲਈ ਮੌਜੂਦਗੀ ਨਾਲ–ਨਾਲ ਚਾਹੀਦੀ ਹੈ। ਇਹ ਵੀ ਹੋ ਸਕਦਾ ਹੈ ਕਿ ਰਾਤ ਦਾ ਮਹਿਲ ਵੀ ਸੱਚਾ ਰਿਹਾ ਹੋਵੇ, ਅਤੇ ਤੁਸੀਂ ਇਕ ਮਹਿਲ ਵਿਚ ਪ੍ਰਵੇਸ਼ ਕਰ ਗਏ ਹੋਵੋ ਚੇਤਨਾ ਦੇ ਦੁਆਰ ਤੋਂ, ਅਤੇ ਇਹ ਵੀ ਹੋ ਸਕਦਾ ਹੈ ਕਿ ਇਹ ਕਮਰਾ ਵੀ ਸੱਚ ਹੋਵੇ। ਅਤੇ ਇਹ ਵੀ ਹੋ ਸਕਦਾ ਹੈ ਕਿ ਜਿਵੇਂ ਉਹ ਮਹਿਲ ਝੂਠਾ ਸੀ ਉਵੇਂ ਇਹ ਕਮਰਾ ਵੀ ਝੂਠ ਹੋਵੇ। ਕਿਸੇ ਹੋਰ ਦਿਨ ਤੁਸੀਂ ਜਾਗੋ ਅਤੇ ਪਾਵੋ ਕਿ

ਇਹ ਕਮਰਾ ਵੀ ਝੂਠਾ ਸੀ।

ਅਧਾਰ ਕੀ ਹੈ?

ਭਾਰਤੀ ਸੂਝਵਾਨਤਾ ਦਾ ਨਚੋੜ ਹੈ ਕਿ ਸਾਡਾ ਅਧਾਰ ਸਿਰਫ ਇੰਨਾ ਹੀ ਹੈ ਕਿ ਜੋ ਬਦਲ ਜਾਂਦਾ ਹੈ, ਉਹ ਸੱਚ ਨਹੀਂ ਹੈ। ਬਦਲਦਾ ਹੋਇਆ ਸੁਫਨਾ ਹੈ। ਅੰਦਰ ਦਾ ਸੁਫਨਾ ਵੀ ਬਦਲ ਰਿਹਾ ਹੈ, ਅਤੇ ਬਾਹਰ ਦਾ ਜੋ ਜਗਤ ਹੈ, ਉਹ ਵੀ ਹਰ ਪਲ ਬਦਲ ਰਿਹਾ ਹੈ; ਇਸਲਈ ਉਸਨੂੰ ਅਸੀਂ ਸੱਚ ਨਹੀਂ ਮੰਨਦੇ। ਇਸਲਈ ਅਸੀਂ ਜਗਤ ਨੂੰ ਵੀ ਮਾਯਾ ਕਿਹਾ ਹੈ। ਤਾਂ ਜਦ ਤੁਸੀਂ ਰਾਤੀਂ ਸੁਫਨਾ ਦੇਖਦੇ ਹੋ, ਤਾਂ ਉਹ ਜਗਤ ਦੇ ਉਲਟ ਨਹੀਂ ਹੈ, ਜਗਤ ਦੇ ਵਡੇ ਸੁਫਨੇ ਵਿਚ ਇਕ ਛੋਟਾ ਸੁਫਨਾ ਹੈ। ਸੁਫਨੇ ਦੇ ਅੰਦਰ ਇਕ ਸੁਫਨਾ ਹੈ।

ਤੁਹਾਨੂੰ ਪਤਾ ਵੀ ਹੋਣੈ, ਕਦੇ ਤੁਸੀਂ ਸੁਫਨੇ ਦੇ ਅੰਦਰ ਜੇਕਰ ਸੁਫਨਾ ਦੇਖਿਆ ਹੋਵੇ ਤਾਂ। ਤੁਸੀਂ ਸੁਫਨਾ ਦੇਖਦੇ ਹੋ ਕਿ ਸੋਂ ਰਹੇ ਹੋ, ਤੁਸੀਂ ਸੁਫਨਾ ਦੇਖਦੇ ਹੋ ਕਿ ਅੰਦਰ ਦੀ ਮੰਜੀ 'ਤੇ ਪਏ ਸੌਂ ਰਹੇ ਹੋ। ਇਹ ਸੁੱਤਾ ਹੋਇਆ ਆਦਮੀ ਸੁਫਨੇ ਵਿਚ ਹੈ, ਅਤੇ ਤਦ ਤੁਸੀਂ ਦੇਖਦੇ ਹੋ ਕਿ ਉਹ ਸੁੱਤਾ ਹੋਇਆ ਆਦਮੀ ਇਕ ਸੁਫਨਾ ਦੇਖ ਰਿਹਾ ਹੈ। ਸੁਫਨੇ ਦੇ ਅੰਦਰ ਸੁਫਨਾ ਅਤੇ ਉਸਦੇ ਵੀ ਅੰਦਰ ਸੁਫਨੇ ਹੋ ਸਕਦੇ ਹਨ। ਜਿਨ੍ਹਾਂ ਦੀ ਕਲਪਨਾ ਬਹੁਤ ਬਲਵਾਨ ਹੁੰਦੀ ਹੈ,ਉਹ ਕਈ ਸੁਫਨਿਆਂ ਦੇ ਅੰਦਰ ਸੁਫਨਾ ਦੇਖ ਸਕਦੇ ਹਨ। ਅਕਸਰ ਕਵੀ ਦੇਖ ਲੈਂਦੇ ਹਨ।

ਇਸ ਸੂਤਰ ਨੂੰ ਜੇਕਰ ਖਿਆਲ ਵਿਚ ਰਖਿਆ ਕਿ ਬਦਲਾਅ ਝੂਠ ਹੈ ਅਤੇ ਸਦੀਵਤਾ, ਅਟੁੱਟਤਾ ਸੱਚ ਹੈ, ਤਾਂ ਫਿਰ ਅੰਦਰ ਵੀ ਕੰਮ ਆਏਗਾ ਇਹੀ। ਸੋ ਧਿਆਨ ਰਖਣਾ ਕਿ ਉਹ ਜੋ ਕੰਧ ਉਤੇ ਮਨ ਦੇ ਪਰਦੇ ਉਤੇ ਚਿੱਤਰ ਬਣ ਰਹੇ ਹਨ, ਉਹ ਸਭ ਤਬਦੀਲ ਹੋ ਰਹੇ ਹਨ। ਉਹ ਇਕ ਛਿਨ ਉਹੀ ਨਹੀਂ ਰਹਿੰਦੇ ਹਨ।

ਤੁਹਾਡੇ ਅੰਦਰ ਕੋਈ ਵਿਚਾਰ ਦੋ ਛਿਨ ਨਹੀਂ ਟਿਕਦਾ। ਆਇਆ, ਗਿਆ। ਦੂਜਾ ਆਇਆ, ਤੀਜਾ ਆਇਆ, ਧਾਰਾ ਚੱਲ ਰਹੀ ਹੈ। ਚਾਹੇ ਵੀ ਫੜ ਲੈਣਾ ਇਕ ਵਿਚਾਰ ਨੂੰ, ਤਾਂ ਫੜ ਨਹੀਂ ਸਕਦੇ, ਮੁੱਠੀ 'ਚੋ ਛੁਟ–ਛੁਟ ਜਾਂਦਾ ਹੈ। ਇਸਲਈ ਤਾਂ ਲੋਕ ਕਹਿੰਦੇ ਹਨ, ਇਕਾਗਰਤਾ ਵਿਚ ਇੰਨੀ ਮੁਸ਼ਕਲ ਹੈ। ਹੋਵੇਗੀ ਹੀ। ਕਿਉਂਕਿ ਜਿਸਨੂੰ ਤੁਸੀਂ ਬੰਨ੍ਹਣਾ ਚਾਹ ਰਹੇ ਹੋ, ਉਹ ਪ੍ਰਵਾਹ ਹੈ। ਜਿਵੇਂ ਕੋਈ ਮੁੱਠੀ ਵਿਚ ਪਾਰੇ ਨੂੰ ਬੰਨ੍ਹਣਾ ਚਾਹੇ ਅਤੇ ਪਾਰਾ ਹਜ਼ਾਰ ਟੁਕੜੇ ਹੋ ਕੇ ਕਿਰ ਜਾਵੇ, ਇਵੇਂ ਤੁਸੀਂ ਅੰਦਰ ਕੁਝ ਵੀ ਪਕੜੋ, ਉਹ ਭੱਜ ਰਿਹਾ ਹੈ, ਕੁਝ ਵੀ ਪਕੜ 'ਚ ਨਹੀਂ ਆਉਂਦਾ।

ਇਸ ਕੰਧ ਉਤੇ ਬਣੇ ਪਰਛਾਂਵਿਆਂ 'ਤੇ ਧਿਆਨ ਰਖਣਾ। ਭਾਵੇਂ ਉਹ ਪਰਛਾਂਵੇਂ ਨਰਕ ਦੇ ਹੋਣ, ਭਾਵੇਂ ਸਵਰਗ ਦੇ, ਭਾਵੇਂ ਕ੍ਰਿਸ਼ਨ ਦੇ, ਭਾਵੇਂ ਰਾਮ ਦੇ, ਭਾਵੇਂ ਕ੍ਰਾਈਸਟ ਦੇ, ਭਾਵੇਂ ਬੁੱਧ ਦੇ। ਇਕ ਗੱਲ ਧਿਆਨ ਰਖਣਾ, ਕੀ ਉਹ ਬਦਲ ਰਹੇ ਹਨ? ਤਾਂ ਦੇਖਦੇ ਰਹਿਣਾ ਗੌਰ ਨਾਲ, ਕੀ ਉਹ ਬਦਲ ਰਹੇ ਹਨ। ਜੇ ਉਹ ਬਦਲ ਰਹੇ ਹੋਣ, ਤਾਂ ਸਮਝਣਾ ਕਿ ਸੱਚ ਨਹੀਂ ਹਨ। ਸਿਰਫ ਇਕ ਚੀਜ਼ ਨਹੀਂ ਬਦਲਦੀ ਹੈ, ਉਹ ਹੈ ਤੁਹਾਡਾ ਕੇਂਦਰ, ਉਹ ਹੈ ਤੁਹਾਡੀ ਚੇਤਨਾ: ਉਹ ਕਦੇ ਨਹੀਂ

ਬਦਲਦੀ। ਅਸਮਾਨ ਵਿਚ ਬੱਦਲ ਘਿਰਦੇ ਹਨ, ਉਹ ਬਦਲ ਜਾਂਦੇ ਹਨ। ਅਸਮਾਨ ਵਿਚ ਬੱਦਲ ਘਿਰਨ ਤਾਂ, ਬੱਦਲ ਘਿਰੇ ਹਨ, ਉਹ ਉਥੇ ਹੀ ਹਨ। ਫੁੱਲ ਖਿੜ ਜਾਂਦੇ ਹਨ ਤਾਂ, ਫੁੱਲ ਝੜ ਜਾਂਦੇ ਹਨ ਤਾਂ; ਬਿਰਛ ਵਧਦੇ ਹਨ, ਅਲੋਪ ਹੋ ਜਾਂਦੇ ਹਨ; ਪ੍ਰਿਥਵੀਆਂ ਬਣਦੀਆਂ ਹਨ, ਨਸ਼ਟ ਹੋ ਜਾਂਦੀਆਂ ਹਨ; ਸੰਸਾਰ ਆਉਂਦੇ ਹਨ, ਖੋ ਜਾਂਦੇ ਹਨ; ਉਹ ਜਿਸ ਅਸਮਾਨ ਨੇ ਉਹਨਾਂ ਨੂੰ ਘੇਰਿਆ ਹੋਇਆ ਹੈ, ਉਹ ਉਹੀ ਹੈ। ਸਭ ਬਦਲ ਜਾਂਦਾ ਹੈ, ਸਿਰਫ ਇਹ ਪਸਾਰਾ, ਸਪੇਸ, ਇਹ ਸ਼ੂੰਨਯ ਹੈ, ਮਹਾਂਸ਼ੂੰਨਯ ਹੈ, ਇਹ ਉਹੀ ਹੈ। ਇਹ ਦ੍ਰਿਸ਼ਟਾਂਤ ਵਜੋਂ ਕਹਿ ਰਿਹਾ ਹਾਂ।

ਠੀਕ ਇਵੇਂ ਹੀ ਚੇਤਨਾ ਦੇ ਅਕਾਸ਼ ਵਿਚ ਬਹੁਤ ਕੁਝ ਆਉਂਦਾ ਹੈ, ਸਵਰਗ ਆਉਂਦੇ ਹਨ, ਨਰਕ ਆਉਂਦੇ ਹਨ; ਜਨਮ ਆਉਂਦੇ ਹਨ, ਮੌਤਾਂ ਆਉਂਦੀਆਂ ਹਨ। ਪਸ਼ੂ ਬਣਦੇ ਹੋ ਤੁਸੀਂ, ਪੰਛੀ ਬਣਦੇ ਹੋ ਤੁਸੀਂ, ਪੌਦੇ ਬਣਦੇ ਹੋ ਤੁਸੀਂ, ਪੱਥਰ ਬਣਦੇ ਹੋ, ਦੇਵ ਬਣਦੇ ਹੋ, ਦੈਂਤ ਬਣਦੇ ਹੋ, ਗ੍ਰਹਿਸਥ ਬਣਦੇ ਹੋ, ਸੰਨਿਆਸੀ ਬਣਦੇ ਹੋ, ਬਹੁਤ-ਬਹੁਤ ਰੂਪ ਆਉਂਦੇ ਹਨ। ਸਿਰਫ ਉਹ ਅੰਦਰ ਦੀ ਚੇਤਨਾ ਦਾ ਜੋ ਅਕਾਸ਼ ਹੈ, ਇਕ ਉਹੀ ਬਸ ਖ਼ਾਲੀ, ਉਹੀ ਦਾ ਉਹੀ ਬਣਿਆ ਰਹਿੰਦਾ ਹੈ ਸਦਾ। ਤਾਂ ਜਦ ਤਕ ਉਥੇ ਨਾ ਪਹੁੰਚ ਜਾਵੇ, ਤਦ ਤਕ ਤੁਹਾਨੂੰ ਬਦਲਾਅ ਮਿਲਦਾ ਹੀ ਰਹੇਗਾ। ਅਤੇ ਜਿਥੇ-ਜਿਥੇ ਬਦਲਾਅ ਹੈ, ਉਥੇ-ਉਥੇ ਸਮਝਣਾ ਕਿ ਸੁਫਨਾ ਹੈ, ਝੂਠ ਹੈ।

ਸਾਵਧਾਨ!

ਇਹ ਸਾਵਧਾਨੀ ਇਸਲਈ ਵਰਤਣੀ ਹੈ ਕਿ ਇਕ ਦਿਨ ਇਸ ਬਦਲਾਅ ਨੂੰ ਛਡਦੇ-ਛਡਦੇ, ਛਟਾਂਈ ਕਰਦੇ-ਕਰਦੇ, ਨਿਸ਼ੇਧ ਕਰਦੇ-ਕਰਦੇ, ਉਹ ਥਾਂ ਆ ਜਾਏਗੀ, ਜਿਥੇ ਅਚਾਨਕ ਤੁਹਾਨੂੰ ਪਤਾ ਲਗੇਗਾ ਕਿ ਹੁਣ ਇਥੇ ਕੋਈ ਬਦਲਾਅ ਨਹੀਂ ਹੈ। ਉਹੀ ਹੈ ਸੱਚ। ਰਾਤੀਂ ਸੁਫਨਾ ਦੇਖਿਆ ਅਤੇ ਸਵੇਰੇ ਜਾਗ ਕੇ ਪਾਇਆ ਕਿ ਝੂਠ ਹੋ ਗਿਆ। ਸਵੇਰੇ ਜਾਗ ਕੇ ਦੁਨੀਆਂ ਦੇਖੀ; ਸ਼ਾਮੀਂ ਫਿਰ ਨੀਂਦ ਆਈ, ਉਹ ਝੂਠ ਹੋ ਗਈ, ਫਿਰ ਸੁਫਨਾ ਸੱਚ ਹੋ ਗਿਆ। ਲੇਕਿਨ ਦੋਨਾਂ ਹਾਲਤਾਂ ਵਿਚ ਸਭ ਚੀਜ਼ਾਂ ਬਦਲ ਜਾਂਦੀਆਂ ਹਨ। ਉਹ ਜੋ ਜਾਗ ਕੇ ਦੇਖਿਆ, ਉਹ ਵੀ ਬਦਲ ਜਾਂਦਾ ਹੈ; ਜੋ ਸੌਂ ਕੇ ਦੇਖਿਆ; ਉਹ ਵੀ ਬਦਲ ਜਾਂਦਾ ਹੈ। ਸਿਰਫ ਦੇਖਣ ਵਾਲਾ ਨਹੀਂ ਬਦਲਦਾ। ਉਹ ਜਿਸਨੇ ਰਾਤੀਂ ਸੁਫਨਾ ਦੇਖਿਆ, ਉਹੀ ਸਵੇਰੇ ਜਾਗ ਕੇ ਦੁਨੀਆਂ ਦੇਖਦਾ ਹੈ, ਉਹੀ ਉਹ ਨਹੀਂ ਬਦਲਦਾ। ਦ੍ਰਸ਼ਟਾ ਨਹੀਂ ਬਦਲਦਾ ਹੈ, ਹੋਸ਼ ਨਹੀਂ ਬਦਲਦਾ ਹੈ।

ਬਦਲਾਅ ਬਾਹਰ ਹੈ, ਅੰਦਰ ਹੈ ਸਦੀਵਤਾ। ਬਦਲਾਅ ਹੈ ਗੱਡੀ ਦਾ ਚੱਕਾ। ਅਤੇ ਸਦੀਵਤਾ ਹੈ ਗੱਡੀ ਦਾ ਧੁਰਾ, ਜਿਸ 'ਤੇ ਚੱਕਾ ਘੁੰਮਦਾ ਰਿਹਾ ਹੈ। ਹੌਲੀ-ਹੌਲੀ ਇਸ ਚੱਕੇ ਤੋਂ ਹਟਦੇ ਜਾਣਾ, ਹਟਦੇ ਜਾਣਾ, ਹਟਦੇ ਜਾਣਾ ਅਤੇ ਕੇਂਦਰ 'ਤੇ ਆ ਜਾਣਾ, ਜਿਥੇ ਕੋਈ ਬਦਲਾਅ ਨਹੀਂ ਹੈ। ਜਦ ਤਕ ਇਸ ਅਣਬਦਲਵੇਂ ਦਾ ਪਤਾ ਨਾ ਲਗੇ, ਤਦ ਤਕ ਅਸੀਂ ਸੁਫਨੇ ਵਿਚ ਹੀ ਭਟਕਦੇ ਰਹਿੰਦੇ ਹਾਂ। ਸੁਫਨੇ ਬਹੁਤ ਤਰ੍ਹਾਂ ਦੇ ਹੋ ਸਕਦੇ ਹਨ। ਭਲੇ ਆਦਮੀ ਦੇ ਸੁਫਨੇ, ਬੁਰੇ ਆਦਮੀ ਦੇ ਸੁਫਨੇ, ਪਾਪੀ ਦੇ, ਪੁੰਨ-ਆਤਮਾ ਦੇ, ਮਹਾਤਮਾ ਦੇ, ਉਹ ਸਭ ਸੁਫਨੇ ਹਨ। ਜਦ ਤਕ ਉਸਦਾ ਪਤਾ ਨਾ ਲਗ ਜਾਵੇ ਸੁਫਨੇ ਦੇਖਣ ਵਾਲੇ ਦਾ, ਤਦ ਤਕ ਸਾਵਧਾਨ।

ਇਕ ਮਿੱਤਰ ਨੇ ਪੁਛਿਆ ਹੈ ਕਿ ਸਕ੍ਰਿਯ ਧਿਆਨ ਦੇ ਪ੍ਰਯੋਗ ਵਿਚ 'ਹੂ' ਮਹਾਂਮੰਤਰ ਦਾ ਉਪਯੋਗ ਅਸੀਂ ਕਰਦੇ ਹਾਂ।

ਇਸਲਾਮ ਦੇ ਪੈਰੋਕਾਰ ਇਹ ਮੰਨਦੇ ਹਨ ਕਿ ਇਸ ਮੰਤਰ ਦੇ ਉਪਯੋਗ ਕਰਨ ਨਾਲ ਸਭ ਕੁਝ ਫ਼ਨਾ, ਨਸ਼ਟ ਹੋ ਜਾਂਦਾ ਹੈ। ਇਸਲਈ ਉਹ ਲੋਕ ਸ਼ਹਿਰ ਵਿਚ 'ਹੂ' ਦੀ ਅਵਾਜ਼ ਕਰਨ ਦੇ ਪੱਖ 'ਚ ਨਹੀਂ ਹਨ। ਇਸ ਸਬੰਧ ਵਿਚ ਕੁਝ ਕਹੋ।

ਗੱਲ ਤਾਂ ਸੱਚ ਹੈ। ਇਹ ਮੰਤਰ ਹੈ ਤਾਂ ਫ਼ਨਾ ਦੇ ਲਈ, ਖ਼ਤਮ ਹੋ ਜਾਣ ਦੇ ਲਈ, ਮਿਟ ਜਾਣ ਦੇ ਲਈ। ਲੇਕਿਨ ਇਹ ਮਿਟ ਜਾਣਾ, ਹੋਰ ਵਡੇ ਹੋ ਜਾਣ ਦਾ ਉਪਾਅ ਹੈ। ਸੂਫੀਆਂ ਨੇ ਇਸ ਮੰਤਰ ਦਾ ਪ੍ਰਯੋਗ ਕੀਤਾ ਹੈ। ਇਹ ਅੱਲਾਹੂ ਦਾ ਆਖਰੀ ਹਿੱਸਾ ਹੈ। ਸੂਫੀ ਸਾਧਕ ਅੱਲ੍ਹਾ ਤੋਂ ਸ਼ੁਰੂ ਕਰਦਾ ਹੈ। ਅੱਲ੍ਹਾ, ਅੱਲ੍ਹਾ, ਅੱਲ੍ਹਾ ਦੀ ਗੂੰਜ ਢੁੱਕਦਾ ਹੈ। ਜਿਵੇਂ-ਜਿਵੇਂ ਇਹ ਗੂੰਜ ਘਣੀ ਹੁੰਦੀ ਜਾਂਦੀ ਹੈ, ਅੱਲ੍ਹਾ ਦਾ ਰੂਪ ਅੱਲਾਹੂ, ਅੱਲਾਹੂ ਹੋ ਜਾਂਦਾ ਹੈ। ਆਪਣੇ-ਆਪ ਹੋ ਜਾਂਦਾ ਹੈ।

ਜੇ ਤੁਸੀਂ ਜ਼ੋਰ ਨਾਲ ਅਤੇ ਤੇਜ਼ੀ ਨਾਲ ਅੰਦਰ ਚਿੱਲਾਉਗੇ ਅੱਲ੍ਹਾ, ਅੱਲ੍ਹਾ, ਅੱਲ੍ਹਾ, ਤਾਂ ਹੌਲੀ-ਹੌਲੀ ਤੁਸੀਂ ਪਾਉਗੇ ਅੱਲਾਹੂ, ਅੱਲਾਹੂ, ਅੱਲਾਹੂ ਹੁੰਦਾ ਜਾ ਰਿਹਾ ਹੈ। ਇਹ ਸਭ ਆਪਣੇ-ਆਪ ਹੋਈ ਜਾ ਰਿਹਾ ਹੈ। ਇਹ ਸਭ ਆਪਣੇ-ਆਪ ਹੋ ਜਾਂਦਾ ਹੈ, ਇਸਨੂੰ ਕਰਨਾ ਨਹੀਂ ਪੈਂਦਾ। ਜਦ ਇਹ ਗੂੰਜ ਹੋਰ ਤੀਬਰ ਹੋ ਜਾਂਦੀ ਹੈ, ਅਤੇ ਜਦ ਦੋ ਅੱਲਾਹੂ ਦੇ ਵਿਚਾਲੇ ਥਾਂ ਨਹੀਂ ਛੁਟਣੀ ਹੁੰਦੀ, ਜ਼ਰਾ ਵੀ ਥਾਂ ਨਹੀਂ ਛੁਟਦੀ, ਇਕ ਅੱਲਾਹੂ ਦੇ ਉਤੇ ਦੂਜਾ ਅੱਲਾਹੂ ਚੜ੍ਹਨ ਲਗਦਾ ਹੈ ਤਦ ਲਾਹੂ, ਲਾਹੂ ਰਹਿ ਜਾਂਦਾ ਹੈ। ਹੋਰ ਤੀਬਰਤਾ ਜਦ ਲਿਆਉਂਦੀ ਹੁੰਦੀ ਹੈ ਹੋਰ ਘਣਾ ਕਰਦੇ ਹਾਂ ਇਸਨੂੰ, ਹੋਰ ਕੰਡੈਂਸਡ ਕਰਦੇ ਹਾਂ, ਤਾਂ 'ਲਾ' ਵੀ ਛੁੱਟ ਜਾਂਦਾ ਹੈ, ਅਤੇ 'ਹੂ' ਰਹਿ ਜਾਂਦਾ ਹੈ। ਫਿਰ 'ਹੂ' ਦੀ ਹੁੰਕਾਰ ਹੀ ਰਹਿ ਜਾਂਦੀ ਹੈ।

ਇਹ 'ਹੂ' ਮੰਤਰ ਯਕੀਨਨ ਹੀ ਫ਼ਨਾ ਦੇ ਲਈ ਹੈ। ਇਸ ਮੰਤਰ ਦਾ ਸਾਧਕ ਉਪਯੋਗ ਕਰਦਾ ਹੈ, ਖ਼ੁਦ ਨੂੰ ਮਿਟਾਉਣ ਖ਼ਾਤਰ, ਖ਼ੁਦ ਨੂੰ ਖ਼ਤਮ ਕਰਨ ਦੇ ਲਈ। ਇਹ ਆਪਣੇ ਹੀ ਹੱਥੀਂ ਆਪਣੀ ਮੌਤ ਨੂੰ ਨਿਉਂਦਾ ਹੈ—ਇਸ ਸਧਾਰਨ ਮੌਤ ਦਾ ਨਹੀਂ, ਜੋ ਇਸ ਸਰੀਰ ਦੀ ਹੈ। ਉਸ ਮਹਾਂਮੌਤ ਦਾ, ਜੋ ਕਿ ਹੰਕਾਰ ਦੀ ਅਤੇ ਮਨ ਦੀ ਹੈ, ਜੋ ਕਿ ਮੈਨੂੰ ਬਿਲਕੁਲ ਮਿਟਾ ਦੇਵੇਗੀ। ਕਿਉਂਕਿ ਇਹ ਜਿਸਨੂੰ ਅਸੀਂ ਮੌਤ ਕਹਿੰਦੇ ਹਾਂ, ਇਹ ਬਿਲਕੁਲ ਨਹੀਂ ਮਿਟਾਉਂਦੀ ਹੈ। ਸੱਚ ਤਾਂ ਇਹ ਹੈ ਕਿ ਇਹ ਮਿਟਾਉਂਦੀ ਹੀ ਨਹੀਂ। ਅਤੇ ਸੱਚ ਤਾਂ ਇਹ ਹੈ ਕਿ ਇਹ ਸਾਨੂੰ ਮਿਟਣ ਤੋਂ ਬਚਾਉਂਦੀ ਹੈ। ਜਦ ਇਕ ਸਰੀਰ ਬਿਲਕੁਲ ਸੜ-ਗਲ ਜਾਂਦਾ ਹੈ ਜੇ ਅਸੀਂ ਉਸ ਵਿਚ ਹੀ ਰਹਿੰਦੇ ਰਹੀਏ ਤਾਂ ਮਿਟ ਜਾਵਾਂਗੇ; ਇਹ ਮੌਤ ਸਾਨੂੰ ਨਵਾਂ ਸਰੀਰ ਦੇ ਦਿੰਦੀ ਹੈ। ਜਿਵੇਂ ਕਿ ਕੋਈ ਤੁਹਾਡੇ ਪੁਰਾਣੇ ਮਕਾਨ ਨੂੰ, ਢਹਿੰਦੇ ਖੰਡਰ ਨੂੰ ਦੇਖ ਕੇ ਕਹੇ ਕਿ ਇਸ ਵਿਚ ਮਿਟ ਨਾ ਜਾਵੀਂ; ਤੁਹਾਨੂੰ ਨਿਉਂਦਾ ਦੇਵੇ ਅਤੇ ਕਹੇ ਕਿ ਆ, ਮੇਰੇ ਨਵੇਂ ਮਕਾਨ ਵਿਚ ਵਸ ਜਾ। ਤਾਂ ਮੌਤ ਮਿਟਾਉਂਦੀ ਨਹੀਂ, ਸਿਰਫ ਤੁਹਾਡੇ ਖੰਡਰ ਨੂੰ ਹਟਾਉਂਦੀ ਹੈ, ਅਤੇ ਨਵਾਂ, ਵਧੇਰੇ ਨਰੋਆ, ਵਧੇਰੇ ਤਾਜ਼ਾ ਸਰੀਰ ਤੁਹਾਨੂੰ ਦੇ ਦਿੰਦੀ ਹੈ।

ਫ਼ਨਾ ਸੂਫੀਆਂ ਦਾ ਸ਼ਬਦ ਹੈ ਉਸਦਾ ਮਤਲਬ ਹੈ ਅਸਲੀ ਮੌਤ। ਅਸਲੀ ਮੌਤ ਅਸਲ ਵਿਚ ਹੀ ਤੁਹਾਨੂੰ ਮਿਟਾਉਂਦੀ ਹੈ। ਉਹ ਜੋ ਅੰਦਰ 'ਮੈਂ' ਦਾ ਭਾਵ ਹੈ, ਉਸ ਨੂੰ ਛਿਣ-ਪੁਣ ਕਰ ਦਿੰਦੀ ਹੈ। ਇਸ 'ਹੂ' ਦੀ ਅਵਾਜ਼ ਵਿਚ ਉਹ ਰਾਜ਼ ਛੁਪਿਆ ਹੈ, ਜੋ ਤੁਹਾਡੇ 'ਮੈਂ' ਦੇ ਭਾਵ ਨੂੰ ਤੋੜਦਾ ਹੈ।

'ਮੈਂ' ਵੀ ਕੀ ਹੈ? ਇਕ ਅਵਾਜ਼ ਹੈ। ਉਸਦੇ ਉਲਟ ਅਵਾਜ਼ਾਂ ਵੀ ਹਨ, ਜਿਨ੍ਹਾਂ ਦਾ ਉਪਯੋਗ ਕੀਤਾ ਜਾਵੇ, ਤਾਂ ਉਹ ਵਿਸਰਜਤ ਹੋ ਜਾਣਗੀਆਂ, ਟੁੱਟ ਜਾਣਗੀਆਂ, ਨਸ਼ਟ ਹੋ ਜਾਣਗੀਆਂ। ਹਜ਼ਾਰ ਵਰ੍ਹਿਆਂ ਦੀਆਂ ਸਾਧਨਾਵਾਂ ਦੇ ਬਾਅਦ

ਉਹਨਾਂ ਅਵਾਜ਼ਾਂ ਨੂੰ ਖੋਜ ਲਿਆ ਗਿਆ ਹੈ ਜੋ ਐਂਟੀਡੋਟ ਹਨ। 'ਮੈਂ' ਇਕ ਅਵਾਜ਼ ਹੈ, 'ਹੂ' ਵੀ ਇਕ ਅਵਾਜ਼ ਹੈ। 'ਹੂ' ਦੀ ਅਵਾਜ਼ ਐਂਟੀਡੋਟ ਹੈ, ਕਾਟਵੀਂ ਦਵਾਈ ਹੈ। ਅਤੇ ਇਸਲਈ ਡਰ ਵੀ ਪੈਦਾ ਹੁੰਦਾ ਹੈ, ਕਿ 'ਮੈਂ' ਮਿਟ ਜਾਵਾਂਗਾ। ਤਾਂ ਘਬਰਾਹਟ ਵੀ ਪੈਦਾ ਹੁੰਦੀ ਹੈ।

ਪਰ ਨਗਰ ਵਿਚ ਪ੍ਰਯੋਗ ਕਰਨ ਤੋਂ ਡਰਨ ਦੀ ਕੋਈ ਜ਼ਰੂਰਤ ਨਹੀਂ ਹੈ। ਡਰ ਪੈਦਾ ਹੁੰਦਾ ਹੈ—ਡਰ ਪੈਦਾ ਹੁੰਦਾ ਹੈ, ਲੇਕਿਨ ਡਰਨ ਦੀ ਕੋਈ ਜ਼ਰੂਰਤ ਨਹੀਂ ਹੈ; ਕਿਉਂਕਿ ਨਗਰ ਵਿਚ ਜੋ ਹਨ, ਉਹਨਾਂ ਸਾਰਿਆਂ ਨੂੰ ਬਿਨਾਂ ਫ਼ਨਾ ਹੋਏ, ਬਿਨਾਂ ਮਿਟੇ, ਅਸਲੀ ਜ਼ਿੰਦਗੀ ਨਹੀਂ ਮਿਲੇਗੀ। ਲੇਕਿਨ ਘਬਰਾਹਟ ਵੀ ਠੀਕ ਹੈ; ਕਿਉਂਕਿ ਆਦਮੀ ਖ਼ੁਦ ਨੂੰ ਬਚਾਉਣਾ ਚਾਹੁੰਦਾ ਹੈ, ਸੋਚਦਾ ਹੈ ਕਿਤੇ ਕੋਈ ਮਿਟਣ ਦਾ ਉਪਾਅ ਨਾ ਹੋ ਜਾਵੇ। ਤੁਹਾਨੂੰ ਖ਼ਿਆਲ ਨਹੀਂ ਹੋਣਾ, ਜੇ ਇਕ ਆਦਮੀ ਨੂੰ ਤੁਸੀਂ ਵਿਚਾਲੇ ਬਿਠਾ ਲਵੋ ਅਤੇ ਬਾਰਾਂ ਆਦਮੀ ਚਾਰ-ਚੁਫੇਰੇ ਹੱਥ ਬੰਨ੍ਹ ਕੇ ਜ਼ੋਰ ਨਾਲ ਹੂ ਦੀ ਹੁੰਗਾਰ ਕਰਨੀ ਸ਼ੁਰੂ ਕਰਨ, ਤਾਂ ਉਹ ਆਦਮੀ ਕੰਬਣਾ ਸ਼ੁਰੂ ਹੋ ਜਾਏਗਾ ਅਤੇ ਘਬਰਾਉਣਾ ਸ਼ੁਰੂ ਹੋ ਜਾਏਗਾ; ਉਹ ਨਾ ਵੀ ਕਰੇ, ਤਾਂ ਵੀ। ਹੂ ਅੰਦਰ ਇਕ ਭੈ ਪੈਦਾ ਕਰਦਾ ਹੈ।

ਇਕ ਬਹੁਤ ਮਜ਼ੇਦਾਰ ਘਟਨਾ ਵਾਪਰੀ, ਭਰੋਸੇਯੋਗ ਨਹੀਂ, ਇਸਲਈ ਹੁਣ ਤਕ ਮੈਂ ਨਹੀਂ ਕਹੀ।

ਇਕ ਸੰਨਿਆਸੀ ਹਨ ਆਨੰਦ ਵਿਜੇ। ਜਬਲਪੁਰ ਵਿਚ ਸ਼ਹਿਰ ਦੇ ਬਾਹਰ ਇਕ ਇਕਾਂਤ ਥਾਂ 'ਤੇ ਉਹਨਾਂ ਨੇ ਆਪਣੀ ਰਿਹਾਇਸ਼ ਬਣਾ ਲਈ, ਅਤੇ ਉਥੇ ਉਹਨਾਂ ਨੇ 'ਹੂ' ਦਾ, ਇਸ ਮਹਾਂਮੰਤਰ ਦਾ ਗੂੜ੍ਹਤਾ ਨਾਲ ਪ੍ਰਯੋਗ ਸ਼ੁਰੂ ਕੀਤਾ। ਕਦੇ ਵਧ ਮਿੱਤਰ ਵੀ ਇਕੱਠੇ ਹੋ ਕੇ ਕਰਦੇ, ਇਕੱਲੇ ਤਾਂ ਉਹ ਕਰਦੇ ਹੀ। ਦੋ-ਚਾਰ, ਜੋ ਉਹਨਾਂ ਦਾ ਪਰਿਵਾਰ ਹੈ, ਉਹ ਤਾਂ ਕਰਦੇ ਹੀ। ਉਹ ਬੜੇ ਜ਼ੋਰ ਨਾਲ ਬੀਮਾਰ ਹੋ ਗਏ। ਬੀਮਾਰੀ ਵਿਚ ਉਹਨਾਂ ਦੀ ਹਾਲਤ ਕਰੀਬ-ਕਰੀਬ ਬੇਹੋਸ਼ੀ ਜਿਹੀ ਹੋ ਗਈ। ਲੇਕਿਨ ਜਦ ਇਹ ਇਧਰ ਬੇਹੋਸ਼ੀ ਹੁੰਦੀ ਹੈ, ਤਾਂ ਕਦੀ-ਕਦੀ ਉਧਰ ਦੇ ਦੁਆਰ ਖੁਲ੍ਹ ਜਾਂਦੇ ਹਨ। ਕਦੀ-ਕਦੀ ਜਦ ਇਧਰ ਤੋਂ ਆਦਮੀ ਮਰਨ ਦੇ ਕਰੀਬ ਪਹੁੰਚ ਜਾਂਦਾ ਹੈ, ਤਾਂ ਕੁਝ ਚੀਜ਼ਾਂ ਉਸਨੂੰ ਦਿਖਾਈ ਪੈਣ ਲਗਦੀਆਂ ਹਨ, ਜੋ ਜਿਉਂਦੇ ਆਦਮੀ ਨੂੰ ਕਦੇ ਨਹੀਂ ਦਿਸਦੀਆਂ। ਕਿਉਂਕਿ ਉਹ ਮੌਤ ਦੇ ਕਰੀਬ ਸਰਕ ਗਿਆ, ਜ਼ਿੰਦਗੀ ਤੋਂ ਦੂਰ ਹਟ ਰਿਹਾ ਹੈ। ਕੋਈ 106 ਡਿਗਰੀ ਬੁਖ਼ਾਰ ਸੀ ਉਹਨਾਂ ਨੂੰ ਅਤੇ ਬੇਹੋਸ਼ੀ ਹੀ ਹਾਲਤ ਸੀ, ਤਦ ਉਹਨਾਂ ਨੂੰ ਅਜੇਹਾ ਲਗਾ ਕਿ ਉਹਨਾਂ ਦੇ ਕਮਰੇ ਵਿਚ ਕਈ ਪ੍ਰੇਤ-ਆਤਮਾਵਾਂ ਖੜ੍ਹੀਆਂ ਹਨ। ਅਤੇ ਉਹ ਸਭ ਉਸਨੂੰ ਕਹਿ ਰਹੀਆਂ ਹਨ ਕਿ ਤੂੰ ਠੀਕ ਨਹੀਂ ਹੋ ਸਕੇਂਗਾ, ਜਦ ਤਕ ਤੂੰ ਇਹ 'ਹੂ' ਦਾ ਉਚਾਰ, ਇਹ ਨਗਰ ਦੇ ਬਾਹਰ ਦੇਵਤਾਲ 'ਤੇ ਤੂੰ ਜੋ 'ਹੂ' ਦਾ ਉਚਾਰ ਕਰ ਰਿਹਾ ਹੈਂ; ਜਦ ਤਕ ਤੂੰ ਬੰਦ ਨਹੀਂ ਕਰੇਂਗਾ, ਤਦ ਤਕ ਤੂੰ ਰਾਜ਼ੀ ਨਹੀਂ ਹੋ ਸਕੇਂਗਾ। ਅਸੀਂ ਸਭ ਆਤਮਾਵਾਂ ਹਨ, ਜੋ ਬਹੁਤ ਦਿਨਾਂ ਤੋਂ ਰਹਿ ਰਹੀਆਂ ਹਾਂ ਅਤ ਤੇਰੇ 'ਹੂ' ਦੇ ਉਚਾਰ ਤੋਂ ਅਸੀਂ ਬਹੁਤ ਬੇਮਾਨ ਹੋ ਗਈਆਂ ਹਾਂ। ਹੋਸ਼ ਵਿਚ ਆਉਣ 'ਤੇ ਉਹਨਾਂ ਨੂੰ ਇਹ ਯਾਦ ਰਿਹਾ, ਅਤੇ ਉਹਨਾਂ ਨੇ ਮੈਨੂੰ ਪੱਤਰ ਲਿਖਿਆ, ਤੇ ਕਿਹਾ ਕਿ ਮੈਨੂੰ ਯਕੀਨ ਨਹੀਂ ਆਉਂਦਾ ਕਿ ਇਹ ਸੱਚ ਹੈ। ਮੇਰੀ ਕੋਈ ਕਲਪਨਾ ਹੀ ਹੋ ਸਕਦੀ ਹੈ, ਕੋਈ ਖ਼ਿਆਲ ਹੀ ਹੋ ਸਕਦਾ ਹੈ। ਬਾਕੀ ਫਿਰ ਦੋ ਵਾਰ ਇਹ ਘਟਨਾ ਵਾਪਰੀ। ਹੁਣ ਤਾਂ ਉਹ ਚੇਹਰਾ ਵੀ ਪਛਾਣਨ ਲਗੇ। ਅਤੇ ਉਹ ਸਾਰੀਆਂ ਆਤਮਾਵਾਂ ਚਾਹੁੰਦੀਆਂ ਹਨ ਕਿ ਤੂੰ ਇਥੋਂ ਹਟ ਜਾ, ਸਾਡਾ

ਵਾਸਾ ਇਥੇ ਬਹੁਤ ਦਿਨਾਂ ਤੋਂ ਹੈ, ਅਤੇ ਜੇ ਤੂੰ ਇਥੇ 'ਹੂ' ਕਰਦਾ ਹੀ ਰਿਹਾ, ਤਾਂ ਜਾਂ ਤਾਂ ਸਾਨੂੰ ਹਟਣਾ ਪਏਗਾ ਜਾਂ ਤੂੰ ਇਥੋਂ ਹਟ ਜਾ।

ਇਹ ਕਲਪਨਾ ਹੋ ਸਕਦੀ ਹੈ ਲੇਕਿਨ ਇਕ ਹੋਰ ਕਾਰਨ ਮਿਲਿਆ ਹੈ, ਜਿਸ ਤੋਂ ਲਗਿਆ ਕਿ ਇਹ ਕਲਪਨਾ ਨਹੀਂ। ਆਨੰਦ ਵਿਜੈ ਨੂੰ ਵੀ ਚਿੰਤਾ ਸੀ ਕਿ ਇਹ ਕਲਪਨਾ ਤਾਂ ਨਹੀਂ ਹੈ ਇਸਲਈ ਉਹਨਾਂ ਦੀ ਨਿਸ਼ਠਾ ਵੀ ਸਾਫ ਹੈ। ਉਹਨਾਂ ਨੂੰ ਵੀ ਭੈ ਹੈ ਕਿ ਕਿਸੇ ਨੂੰ ਕਹਾਂ ਜਾਂ ਨਾ ਕਹਾਂ। ਕਿਉਂਕਿ ਇਹ ਬਿਲਕੁਲ ਸੁਫਨਾ ਹੋ ਸਕਦਾ ਹੈ। ਅਤੇ ਉਹਨਾਂ ਨੂੰ ਵੀ ਭਰੋਸਾ ਨਹੀਂ ਆਉਂਦਾ ਕਿ ਕੋਈ ਪ੍ਰੇਤ-ਆਤਮਾਵਾਂ ਇਸ, 'ਹੂ' ਦੇ ਹੁੰਕਾਰ ਤੋਂ ਘਬਰਾ ਸਕਦੀਆਂ ਹਨ। ਸਿਰਫ ਜਾਂਚ ਦੀ ਖ਼ਾਤਰ, ਉਹਨਾਂ ਨੇ ਇਕ ਪ੍ਰਯੋਗ ਕੀਤਾ। ਉਸੇ ਸਮੇਂ, ਉਸ ਤੋਂ ਥੋੜ੍ਹੇ ਹੀ ਦਿਨ ਪਹਿਲਾਂ ਲਾਮਾ ਕਰਮਾਂਪਾ ਨੇ ਮੇਰੇ ਸਬੰਧ ਵਿਚ ਕੁਝ ਕਿਹਾ ਸੀ, ਉਹ ਉਹਨਾਂ ਨੇ ਪੜ੍ਹਿਆ ਸੀ। ਕਰਮਾਂਪਾ ਨੇ ਇਹ ਕਿਹਾ ਸੀ ਕਿ ਮੇਰਾ ਇਕ ਸਰੀਰ ਤਿੱਬਤ ਦੀ ਇਕ ਗੁਫਾ ਵਿਚ ਸੁਰੱਖਿਅਤ ਹੈ, ਪੁਰਾਣੇ ਜਨਮ ਦਾ। ਉਥੇ ਨੜ੍ਹਿੰਨਵੇਂ ਸਰੀਰ ਸੁਰੱਖਿਅਤ ਹਨ, ਤਾਂ ਉਹਨਾਂ ਵਿਚ ਇਕ ਸਰੀਰ ਮੇਰਾ ਹੈ, ਅਜੇਹਾ ਕਰਮਾਂਪਾ ਨੇ ਕਿਹਾ ਸੀ।

ਤਿੱਬਤ ਵਿਚ ਉਹਨਾਂ ਨੇ ਕੋਸ਼ਿਸ਼ ਕੀਤੀ ਹੈ ਕਿ ਹਜ਼ਾਰਾਂ ਵਰ੍ਹਿਆਂ ਵਿਚ ਜਿਨ੍ਹਾਂ ਸਰੀਰਾਂ 'ਚ ਕੁਝ ਵਿਸ਼ੇਸ਼ ਘਟਨਾਵਾਂ ਵਾਪਰੀਆਂ ਹਨ, ਉਹਨਾਂ ਨੂੰ ਪ੍ਰਯੋਗ ਦੀ ਤਰ੍ਹਾਂ ਸੁਰੱਖਿਅਤ ਰਖਿਆ ਹੈ। ਕਿਉਂਕਿ ਉਹੋ-ਜਿਹੀਆਂ ਘਟਨਾਵਾਂ ਦੁਬਾਰਾ ਨਹੀਂ ਵਾਪਰਦੀਆਂ, ਅਤੇ ਅਸਾਨੀ ਨਾਲ ਨਹੀਂ ਵਾਪਰਦੀਆਂ। ਕਦੀ-ਕਦੀ ਲੱਖਾਂ ਸਾਲ ਪਿਛੋਂ ਵਾਪਰਦੀਆਂ ਹਨ। ਜਿਵੇਂ ਕਿਸੇ ਵਿਅਕਤੀ ਦਾ ਤੀਸਰਾ ਨੇਤਰ ਖੁਲ੍ਹ ਗਿਆ ਅਤੇ ਤੀਸਰਾ ਨੇਤਰ ਖੁਲ੍ਹਣ ਦੇ ਨਾਲ ਹੀ ਉਸਦੀ ਹੱਡੀ ਵਿਚ ਛੇਕ ਹੋ ਗਿਆ, ਜਿਥੇ ਤੀਸਰਾ ਨੇਤਰ ਹੈ। ਅਜੇਹੀ ਘਟਨਾ ਕਦੇ ਲੱਖਾਂ ਸਾਲਾਂ ਵਿਚ ਇਕ ਵਾਰ ਵਾਪਰਦੀ ਹੈ। ਉਹ ਜੋ ਤੀਸਰਾ ਛੇਕ ਹੈ, ਤੀਜੀ ਅੱਖ ਤਾਂ ਕਈ ਆਦਮੀਆਂ ਦੀ ਖੁਲ੍ਹ ਜਾਂਦੀ ਹੈ, ਪਰ ਉਹ ਛੇਕ ਸਾਰਿਆਂ ਦੇ ਨਹੀਂ ਹੁੰਦਾ। ਜਦ ਕਦੇ ਉਹ ਛੇਕ ਹੋ ਜਾਂਦਾ ਹੈ, ਤਾਂ ਤੀਸਰੀ ਅੱਖ ਆਪਣੀ ਪੂਰਨਤਾ ਵਿਚ ਖੁਲ੍ਹਦੀ ਹੈ। ਤਦ ਉਹ ਛੇਕ ਹੁੰਦਾ ਹੋਵੇ, ਤਾਂ ਫਿਰ ਉਸ ਤਰ੍ਹਾਂ ਦੀ ਖੋਪਰੀ ਨੂੰ ਉਹ ਸੁਰੱਖਿਅਤ ਰਖ ਲੈਂਦੇ ਹਨ ਜਾਂ ਉਸ ਤਰ੍ਹਾਂ ਦੇ ਸਰੀਰ ਨੂੰ ਉਹ ਸੁਰੱਖਿਅਤ ਰਖ ਲੈਂਦੇ ਹਨ।

ਜਿਵੇਂ ਕਿਸੇ ਵਿਅਕਤੀ ਦੀ ਕਾਮ-ਊਰਜਾ ਪੂਰੀ ਉਠੀ ਅਤੇ ਉਸਦੇ ਵਜੂਦ ਨੂੰ ਪਾੜ ਕੇ ਬ੍ਰਹਿਮੰਡ ਵਿਚ ਲੀਨ ਹੋ ਗਈ, ਤਾਂ ਉਥੇ ਛੇਕ ਹੋ ਜਾਂਦਾ ਹੈ। ਉਹ ਛੇਕ ਕਦੀ ਕਦੀ ਹੁੰਦਾ ਹੈ। ਬਹੁਤ ਲੋਕ ਵਿਸ਼ਵਾਤਮਾ ਵਿਚ ਲੀਨ ਹੋ ਜਾਂਦੇ ਹਨ। ਲੇਕਿਨ ਊਰਜਾ ਇੰਨੀ ਹੌਲੀ-ਹੌਲੀ ਅਤੇ ਇੰਨੇ ਲੰਮੇ ਵਕਫੇ ਵਿਚ ਲੀਨ ਹੁੰਦੀ ਹੈ ਕਿ ਛੇਕ ਨਹੀਂ ਹੁੰਦਾ, ਬੂੰਦ-ਬੂੰਦ ਰਿਸ ਜਾਂਦੀ ਹੈ। ਕਦੀ-ਕਦੀ ਸਡਨ, ਇੰਨੀ ਤੀਬਰਤਾ ਨਾਲ ਇਹ ਘਟਨਾ ਵਾਪਰਦੀ ਹੈ ਕਿ ਪੂਰੀ ਊਰਜਾ ਕਪਾਲ ਨੂੰ ਭੰਨ ਕੇ ਲੀਨ ਹੋ ਜਾਂਦੀ ਹੈ, ਤਾਂ ਛੇਕ ਹੋ ਜਾਂਦਾ ਹੈ। ਤਾਂ ਉਸ ਸਰੀਰ ਨੂੰ ਉਹ ਸੁਰੱਖਿਅਤ ਰਖ ਲੈਂਦੇ ਹਨ। ਅਤੇ ਉਹਨਾਂ ਨੇ ਹੁਣ ਤਕ ਮਨੁੱਖ-ਜਾਤੀ ਦੇ ਇਤਿਹਾਸ ਵਿਚ ਸਭ ਤੋਂ ਵਡਾ ਮਹਾਂਪ੍ਰਯੋਗ ਕੀਤਾ ਹੈ। ਨੜ੍ਹਿੰਨਵੇਂ ਸਰੀਰ ਉਹਨਾਂ ਨੇ ਸੰਭਾਲੇ ਹਨ। ਤਾਂ ਕਰਮਾਂਪਾ ਨੇ ਕਿਹਾ ਸੀ ਕਿ ਉਹਨਾਂ ਨੜ੍ਹਿੰਨਵੇਂ ਸਰੀਰਾਂ ਵਿਚ ਇਕ ਮੇਰਾ ਸਰੀਰ ਵੀ ਸੁਰੱਖਿਅਤ ਰਖਿਆ ਹੋਇਆ ਹੈ।

ਇਹ ਆਨੰਦ ਵਿਜੈ ਨੇ ਪੜ੍ਹਿਆ ਸੀ। ਤਾਂ ਉਹਨਾਂ ਨੇ ਸੋਚਿਆ ਕਿ ਜੇ ਇਹ ਸੱਚ ਹੈ, ਇਹ ਮੇਰੀ ਹਾਲਤ ਜਦ ਮੈਂ

ਬੁਖਾਰ ਦੀ ਬੇਹੋਸ਼ੀ ਜਿਹੀ ਅਵਸਥਾ ਵਿਚ ਹੋ ਜਾਂਦਾ ਹਾਂ, ਮੈਨੂੰ ਖੁਦ ਹੀ ਯਕੀਨ ਨਹੀਂ ਆਉਂਦਾ ਕਿ ਮੈਂ ਹੋਸ਼ ਵਿਚ ਹਾਂ ਜਾਂ ਪਾਗਲ ਹਾਂ—ਜੇਕਰ ਇਹ ਸੱਚ ਹੈ ਅਤੇ ਜੇ ਮੈਂ ਇੰਨੇ ਕਰੀਬ ਪਹੁੰਚ ਜਾਂਦਾ ਹਾਂ ਉਹਨਾਂ ਪ੍ਰੇਤ–ਆਤਮਾਵਾਂ ਦੇ, ਤਾਂ ਮੈਂ ਜਾਣਨਾ ਚਾਹਾਂਗਾ ਕਿ ਉਹ ਕਿਹੜਾ ਸਰੀਰ ਹੈ, ਨੜ੍ਹਿੰਨਵੇਂ ਵਿਚੋਂ ਕਿਹੜਾ ਸਰੀਰ ਮੇਰਾ ਹੈ। ਤਾਂ ਮੈਂ ਗਿਣਤੀ ਕਰਾਂਗਾ, ਅਤੇ ਜੇ ਮੈਨੂੰ ਦਿਖਾਈ ਪੈ ਜਾਵੇ ਅਤੇ ਉਹੀ ਨਿਕਲੇ, ਤਾਂ ਮੈਂ ਸਮਝਾਂਗਾ ਕਿ ਜੋ ਕੁਝ ਹੋ ਰਿਹਾ ਹੈ, ਉਹ ਸੱਚ ਹੈ।

ਉਹਨਾਂ ਨੇ ਮੈਨੂੰ ਖ਼ਬਰ ਕੀਤੀ; ਮੈਂ ਕਿਹਾ ਪ੍ਰਯੋਗ ਕਰ। ਉਹਨਾਂ ਨੇ ਮੈਨੂੰ ਖ਼ਬਰ ਕੀਤੀ, ਉਹ ਤੀਜਾ ਸਰੀਰ ਹੈ। ਇਕ–ਦੋ–ਤਿੰਨ ਇਹ ਤਾਂ ਭੁੱਲ ਭਰਿਆ ਹੈ। ਪਰ ਫਿਰ ਵੀ ਠੀਕ ਹੈ। ਉਹਨਾਂ ਨੇ ਦੂਜੇ–ਸਿਰੇ ਤੋਂ ਗਿਣਤੀ ਕੀਤੀ ਹੈ। ਉਹ ਤੀਜਾ–ਸਰੀਰ ਨਹੀਂ ਹੈ, ਉਹ ਸਤੰਨਵੇਂਵਾਂ ਸਰੀਰ ਹੈ, ਪਰ ਫਿਰ ਵੀ ਸੱਚ ਹੈ। ਨੜ੍ਹਿੰਨਵੇਂ ਸਰੀਰ ਰਖੇ ਹਨ, ਉਹਨਾਂ ਨੇ ਸ਼ੁਰੂ ਤੋਂ ਗਿਣਤੀ ਕੀਤੀ। ਉਹ ਜਿਥੋਂ ਉਹਨਾਂ ਨੇ ਸਮਝਿਆ ਕਿ ਅਰੰਭ ਹੈ, ਉਹ ਅਰੰਭ ਨਹੀਂ ਹੈ, ਅੰਤ ਹੈ। ਲੇਕਿਨ ਉਹ ਤੀਜਾ ਗਿਣ ਸਕੇ,ਇਹ ਬੜੀ ਗਹਿਰੀ ਗੱਲ ਹੈ। ਸਤਨੰਵੇਂਵਾ ਹੈ, ਪਰ ਜੇ ਉਲਟਾ ਗਿਣਿਆ ਜਾਵੇ, ਤਾਂ ਤੀਜਾ ਹੋ ਸਕਦਾ ਹੈ।

ਤਾਂ ਮੈਂ ਉਹਨਾਂ ਨੂੰ ਕਿਹਾ : ਤੂੰ ਘਬਰਾ ਨਾ, ਜੋ ਹੋ ਰਿਹਾ ਹੈ, ਉਹ ਤਾਂ ਠੀਕ ਹੋ ਰਿਹਾ ਹੈ। ਤੂੰ ਜਾਰੀ ਰਖ ਤੇ ਇਕ ਘਟਨਾ ਹੋਰ ਵਾਪਰੇਗੀ, ਉਸਦੀ ਉਡੀਕ ਕਰੀਂ।

ਉਹ ਘਟਨਾ ਵੀ ਵਾਪਰ ਗਈ। ਉਹ ਬੀਮਾਰ ਹੁੰਦੇ ਚਲੇ ਗਏ ਤੇ ਉਹ ਆਤਮਾਵਾਂ ਉਹਨਾਂ ਨੂੰ ਵਾਰ ਵਾਰ ਕਹਿੰਦੀਆਂ ਚਲੀਆਂ ਗਈਆਂ। ਅਤੇ ਉਹਨਾਂ ਨੂੰ ਮੈਂ ਕਿਹਾ ਸੀ, ਤੂੰ ਸਪੱਸ਼ਟ ਕਹਿ ਦੇਵੀਂ; ਇਥੋਂ ਤੋਂ ਮੈਂ ਹਟਣ ਵਾਲਾ ਨਹੀਂ ਹਾਂ। ਇਹ 'ਹੂ' ਇਥੇ ਜਾਰੀ ਰਹੇਗਾ, ਤੁਸੀਂ ਰੁਕਣਾ ਹੋਵੇ ਤਾਂ ਰੁਕੋ, ਤੁਸੀਂ ਵੀ ਸ਼ਾਮਲ ਹੋਣਾ ਹੋਵੇ ਤਾਂ ਸ਼ਾਮਲ ਹੋ ਜਾਵੋ; ਭੱਜਣਾ ਹੋਵੇ ਤਾਂ ਭੱਜ ਜਾਉ, ਮੈਂ ਇਥੋਂ ਹਟਣ ਵਾਲਾ ਨਹੀਂ ਹਾਂ। ਜਿਸ ਦਿਨ ਉਹਨਾਂ ਨੇ ਇਹ ਸੰਕਲਪ ਪੂਰਾ ਕਰ ਲਿਆ, ਉਸ ਦਿਨ ਦੂਸਰੀਆਂ ਆਤਮਾਵਾਂ ਉਹਨਾਂ ਨੂੰ ਦਿਖਾਈ ਪਈਆਂ, ਅਤੇ ਉਹਨਾਂ ਨੇ ਕਿਹਾ, ਤੂੰ ਜਾਰੀ ਹੀ ਰਖ। ਅਸੀਂ ਵੀ ਉਸ ਥਾਂ 'ਤੇ ਰਹਿਣ ਵਾਲੀਆਂ ਆਤਮਾਵਾਂ ਹਾਂ, ਲੇਕਿਨ ਭਲੀਆਂ ਆਤਮਾਵਾਂ ਹਾਂ। ਅਤੇ ਇਹ ਜੋ ਉਪਰਦਵੀ ਆਤਮਾਵਾਂ ਹਨ, ਜੋ ਤੇਰੇ 'ਹੂ' ਤੋਂ ਪਰੇਸ਼ਾਨ ਹਨ, ਇਹ ਹਟ ਹੀ ਜਾਣ, ਤਾਂ ਸਾਡੇ ਉਤੇ ਬੜੀ ਕਿਰਪਾ ਹੋਵੇ।

ਯਕੀਨ ਨਹੀਂ ਆਏਗਾ, ਉਸ ਜਗਤ ਦੀਆਂ ਗੱਲਾਂ ਹਨ। ਔਪਰ 'ਹੂ' ਤੋਂ ਤਕਲੀਫ ਹੋ ਸਕਦੀ ਹੈ। ਲੇਕਿਨ ਜਿਨ੍ਹਾਂ ਮਿੱਤਰਾਂ ਨੂੰ ਅਜੇਹੀ ਤਕਲੀਫ ਹੁੰਦੀ ਹੋਵੇ, ਉਹਨਾਂ ਨੂੰ ਸਮਝਾਉਣਾ ਕਿ ਪਰਮਾਤਮਾ ਦੇ ਰਾਹ 'ਤੇ ਫ਼ਨਾ ਹੋਣ ਦੇ ਇਲਾਵਾ ਕੋਈ ਦੂਜਾ ਮਾਰਗ ਨਹੀਂ ਹੈ। ਖ਼ੁਦ ਨੂੰ ਮਿਟਾਉਣਾ ਹੀ ਪਏਗਾ—ਜੇ ਚਾਹੁੰਦੇ ਹੋ, ਉਸਨੂੰ ਪਾ ਲੈਣਾ, ਜੋ ਫਿਰ ਮਿਟਦਾ ਨਹੀਂ ਹੈ।

ਮੌਤ ਹੀ ਅੰਮ੍ਰਿਤ ਦਾ ਦੁਆਰ ਹੈ।

ਮਹਿਜ ਸਵੀਕਾਰ ਨਾਲ ਜਿਹੜਾ ਮੌਤ ਨੂੰ ਅੰਗੀਕਾਰ ਕਰ ਲੈਂਦਾ ਹੈ, ਮੌਤ ਉਹਦੇ ਲਈ ਖ਼ਤਮ ਹੋ ਜਾਂਦੀ ਹੈ।

ਜਿਹੜਾ ਖ਼ੁਦ ਨੂੰ ਬਚਾਉਂਦਾ ਹੈ, ਉਹ ਖੋਂਦਾ ਹੈ ਅਤੇ ਜਿਹੜਾ ਖੋਂਦਾ ਹੈ, ਉਹ ਸਦਾ ਲਈ ਬਚਿਆ ਰਹਿੰਦਾ ਹੈ।

ਤੇਰ੍ਹਵਾਂ ਪ੍ਰਵਚਨ

ਸਮਾਂ ਅਤੇ ਤੂੰ

ਤਿਆਰ ਰਹਿ ਅਤੇ ਸਮਾਂ ਰਹਿੰਦਿਆਂ ਸੰਭਲ ਜਾ। ਜੇ ਤੂੰ ਯਤਨ ਕੀਤਾ ਤੇ ਅਸਫਲ ਹੋ ਗਿਆ, ਅਜਿੱਤ ਲੜਾਕੇ, ਤਾਂ ਵੀ ਹੌਸਲਾ ਨਾ ਛਡ। ਲੜੀ ਜਾ ਅਤੇ ਵਾਰ-ਵਾਰ ਯੁੱਧ ਵਿਚ ਜੁਟਦਾ ਰਹਿ।

ਜਿਸਦੇ ਜ਼ਖ਼ਮਾਂ 'ਚੋਂ ਉਸਦੀ ਕੀਮਤੀ ਜੀਵਨ-ਰੱਤ ਵਹਿ ਰਹੀ ਹੋਵੇ, ਅਜੇਹਾ ਨਿਰਭੈ ਯੋਧਾ ਪ੍ਰਾਣ ਤਿਆਗਣ ਤੋਂ ਪਹਿਲਾਂ ਵੈਰੀ ਉਤੇ ਫਿਰ-ਫਿਰ ਹਮਲਾ ਕਰੇਗਾ ਅਤੇ ਉਸਨੂੰ ਉਸਦੇ ਕਿਲੇ ਚੋਂ ਕੱਢ ਬਾਹਰ ਕਰੇਗਾ। ਕਰਮ ਕਰੋ, ਤੁਸੀਂ ਸਾਰੇ ਜਿਹੜੇ ਨਿਹਫਲ ਤੇ ਦੁਖੀ ਹੋ, ਉਸਦੀ ਤਰ੍ਹਾਂ ਹੀ ਕਰਮ ਕਰੋ ਅਤੇ ਨਿਹਫਲ ਹੋਣ ਤੋਂ ਬਾਅਦ ਵੀ ਆਪਣੀ ਆਤਮਾ ਦੇ ਸਾਰੇ ਵੈਰੀਆਂ ਨੂੰ—ਉੱਚੀ ਆਸ, ਕ੍ਰੋਧ, ਘਿਰਨਾ ਅਤੇ ਆਪਣੀ ਵਾਸਨਾ ਦੇ ਪਰਛਾਵੇਂ ਤਕ ਨੂੰ—ਕੱਢ ਬਾਹਰ ਕਰੋ...

ਯਾਦ ਰਹੇ, ਤੂੰ ਮਨੁੱਖ ਦੀ ਮੁਕਤੀ' ਦੇ ਲਈ ਯੁੱਧ ਕਰ ਰਿਹਾ ਹੈਂ, ਇਸਲਈ ਤੇਰੇ ਵਾਸਤੇ ਹਰੇਕ ਅਸਫਲਤਾ ਵੀ ਸਫਲਤਾ ਹੈ। ਅਤੇ ਹਰੇਕ ਨਿਸ਼ਠਾਪੂਰਨ ਯਤਨ ਸਮੇਂ ਸਿਰ ਇਨਾਮ ਪਾਂਦਾ ਹੈ। ਸ਼ਿਸ਼ ਦੀ ਆਤਮਾ ਵਿਚ ਜਿਹੜੇ ਪਵਿੱਤਰ ਅੰਕੁਰ ਉਗਦੇ ਹਨ ਅਤੇ ਅਣਦੇਖੇ ਵਧਦੇ ਹਨ, ਉਹਨਾਂ ਦੀਆਂ ਟਹਿਣੀਆਂ ਹਰੇਕ ਪ੍ਰੀਖਿਆ ਵਿਚੋਂ ਗੁਜ਼ਰ ਕੇ ਵਡੀਆਂ ਹੁੰਦੀਆਂ ਹਨ। ਅਤੇ ਸਰਕੰਡੇ ਦੀ ਤਰ੍ਹਾਂ ਉਹ ਝੁਕ ਜਾਂਦੀਆਂ ਹਨ, ਪਰ ਕਦੇ ਟੁੱਟਦੀਆਂ ਨਹੀਂ ਹਨ ਅਤੇ ਨਾ ਉਹ ਕਦੇ ਨਸ਼ਟ ਹੋ ਸਕਦੀਆਂ ਹਨ। ਅਤੇ ਜਦ ਸਮਾਂ ਆਉਂਦਾ ਹੈ, ਤਦ ਉਹਨਾਂ ਵਿਚ ਫੁੱਲ ਵੀ ਆਣ ਖਿੜਦੇ ਹਨ।[2]

ਲੇਕਿਨ ਜੇ ਤੂੰ ਤਿਆਰੀ ਕਰ ਕੇ ਆਇਆ ਹੈਂ, ਤਾਂ ਭੈ ਦੀ ਕੋਈ ਗੱਲ ਨਹੀਂ ਹੈ।

ਇਥੋਂ ਤੋਂ ਸਿੱਧਾ ਵੀਰਜ-ਦੁਆਰ ਦੇ ਲਈ ਰਾਹ ਸਾਫ ਹੋ ਜਾਂਦਾ ਹੈ, ਸੱਤ ਦੁਆਰਾਂ ਵਿਚੋਂ ਇਹ ਪੰਜਵਾਂ ਦੁਆਰ ਹੈ।

ਹੁਣ ਤੂੰ ਉਸ ਰਾਹ 'ਤੇ ਹੈਂ, ਜੋ ਧਿਆਨ-ਆਸ਼ਰਮ ਜਾਂ ਛੇਵੇਂ ਬੋਧਿ-ਦੁਆਰ ਨੂੰ ਜਾਂਦਾ ਹੈ।

ਮਨੁੱਖ ਦੀ ਜ਼ਿੰਦਗੀ ਵਿਚ ਜੋ ਵੀ ਸਭ ਤੋਂ ਵਧ ਮਹਤੱਵਪੂਰਨ ਹੈ, ਉਹ ਹੈ ਸਮਾਂ। ਸਮਾਂ—ਜੋ ਦਿਖਾਈ ਵੀ ਨਹੀਂ ਪੈਂਦਾ। ਸਮਾਂ—ਜਿਸਦੀ ਕੋਈ ਪਰਿਭਾਸ਼ਾ ਵੀ ਨਹੀਂ ਹੋ ਸਕਦੀ! ਸਮਾਂ—ਜਿਸਨੇ ਸਾਨੂੰ ਜਨਮ ਤੋਂ ਲੈ ਕੇ ਮੌਤ ਤਕ ਘੇਰਿਆ ਹੋਇਆ ਹੈ, ਉਵੇਂ ਹੀ ਜਿਵੇਂ ਮੱਛੀ ਨੂੰ ਸਾਗਰ ਨੇ ਘੇਰਿਆ ਹੋਇਆ ਹੈ। ਲੇਕਿਨ ਨਾ ਜਿਸਦੀ ਸਾਨੂੰ ਕੋਈ ਛੋਹ ਲਗਦੀ ਹੈ, ਜੋ ਨਾ ਸਾਨੂੰ ਦਿਖਾਈ ਪੈਂਦਾ ਹੈ, ਨਾ ਅਸੀਂ ਜਿਸਦਾ ਕੋਈ ਸੁਆਦ ਹੀ ਲੈ ਸਕਦੇ ਹਾਂ—ਅਸੀਂ ਲਗਾਤਾਰ ਉਸਦੀ ਗੱਲ ਕਰਦੇ ਹਾਂ। ਅਤੇ ਕਿਤੇ ਗਹਿਰੇ 'ਚ ਕੁਝ ਮਹਿਸੂਸ ਵੀ ਹੁੰਦਾ ਹੈ ਕਿ ਉਹ ਹੈ। ਪਰ ਜਿਵੇਂ ਹੀ ਪਕੜਨ ਜਾਂਦੇ ਹਾਂ ਪਰਿਭਾਸ਼ਾ ਵਿਚ, ਹਥੋਂ ਛੁੱਟ ਜਾਂਦਾ ਹੈ।

ਸੰਤ ਅਗਸਟੀਨ ਨੇ ਕਿਹਾ ਹੈ ਕਿ ਸਮਾਂ ਬੜਾ ਅਨੋਖਾ ਹੈ। ਜਦ ਮੈਥੋਂ ਕੋਈ ਪੁਛਦਾ ਨਹੀਂ, ਤਾਂ ਮੈਂ ਜਾਣਦਾ ਹਾਂ ਕਿ ਸਮਾਂ ਕੀ ਹੈ, ਅਤੇ ਜਦ ਕੋਈ ਪੁਛਦਾ ਹੈ, ਤਦੇ ਮੈਂ ਮੁਸ਼ਕਲ 'ਚ ਪੈ ਜਾਂਦਾ ਹਾਂ। ਤੁਸੀਂ ਵੀ ਜਾਣਦੇ ਹੋ ਕਿ ਸਮਾਂ ਕੀ ਹੈ, ਪਰ ਕੋਈ ਜੇਕਰ ਪੁਛੇ ਕਿ ਸਮਾਂ ਕੀ ਹੈ ਤਾਂ ਤੁਸੀਂ ਮੁਸ਼ਕਲ ਵਿਚ ਪੈ ਜਾਉਗੇ।

ਕੀ ਹੈ ਸਮਾਂ?

ਤੁਸੀਂ ਹੀ ਮੁਸ਼ਕਲ ਵਿਚ ਪੈ ਜਾਉਗੇ, ਅਜੇਹਾ ਨਹੀਂ ਹੈ, ਵਡੇ-ਵਡੇ ਚਿੰਤਕ, ਵਿਚਾਰਕ, ਦਾਰਸ਼ਨਿਕ ਵੀ ਸਮੇਂ ਦੇ ਸਬੰਧ ਵਿਚ ਉਲਝਣ ਨਾਲ ਭਰੇ ਹਨ। ਹੁਣ ਤਾਂ ਵਿਗਿਆਨ ਵੀ ਸਮੇਂ ਦੇ ਸਬੰਧ ਵਿਚ ਚਿੰਤਾ ਨਾਲ ਭਰ ਗਿਆ ਹੈ ਕਿ ਸਮਾਂ ਕੀ ਹੈ? ਜੋ-ਜੋ ਸਿਧਾਂਤ ਸਮੇਂ ਦੇ ਲਈ ਪ੍ਰਸਤਾਵਤ ਕੀਤੇ ਗਏ ਸਨ, ਉਹਨਾਂ ਨਾਲ, ਕਿਸੇ ਨਾਲ ਵੀ ਕੋਈ ਹੱਲ ਨਹੀਂ ਹੁੰਦਾ।

ਕੁਝ ਗੱਲਾਂ ਸਮਝਣੀਆਂ ਜ਼ਰੂਰੀ ਹਨ। ਕਿਉਂ ਇੰਨੀ ਉਲਝਣ ਹੈ ਸਮੇਂ ਦੇ ਨਾਲ? ਕੀ ਕਾਰਨ ਹੋਵੇਗਾ ਕਿ ਅਸੀਂ ਸਮੇਂ ਨੂੰ ਮਹਿਸੂਸ ਕਰਦੇ ਹਾਂ, ਨਹੀਂ ਵੀ ਕਰਦੇ ਹਾਂ? ਕੀ ਕਾਰਨ ਹੋਵੇਗਾ ਕਿ ਪਰਗਟ ਰੂਪ ਵਿਚ ਸਮਾਂ ਸਾਡੀ ਸਮਝ ਵਿਚ ਨਹੀਂ

ਆਉਂਦਾ ਹੈ?

ਪਹਿਲੀ ਗੱਲ ਮੱਛੀਆਂ ਨੂੰ ਵੀ ਸਾਗਰ ਸਮਝ ਵਿਚ ਨਹੀਂ ਆਉਂਦਾ ਹੈ; ਜਦ ਤਕ ਮੱਛੀ ਨੂੰ ਸਾਗਰ ਦੇ ਕੰਢੇ ਕੋਈ ਚੁੱਕ ਕੇ ਨਾ ਸੁੱਟ ਦੇਵੇ, ਤਦ ਤਕ ਸਾਗਰ ਦਾ ਪਤਾ ਵੀ ਨਹੀਂ ਲਗਦਾ ਹੈ। ਸਾਗਰ ਵਿਚ ਹੀ ਮੱਛੀ ਪੈਦਾ ਹੋਵੇ, ਅਤੇ ਸਾਗਰ ਵਿਚ ਹੀ ਮਰ ਜਾਵੇ, ਤਾਂ ਉਸਨੂੰ ਕਦੇ ਪਤਾ ਨਹੀਂ ਲਗੇਗਾ ਕਿ ਸਾਗਰ ਕੀ ਸੀ। ਕਿਉਂਕਿ ਜਿਸਨੂੰ ਜਾਣਨਾ ਹੈ, ਉਸ ਤੋਂ ਜ਼ਰਾ ਦੂਰੀ ਚਾਹੀਦੀ ਹੈ। ਜਿਸ ਵਿਚ ਅਸੀਂ ਘਿਰੇ ਹੋਈਏ, ਉਸਨੂੰ ਜਾਣਿਆ ਨਹੀਂ ਜਾ ਸਕਦਾ। ਗਿਆਨ ਦੇ ਲਈ ਫਾਸਲਾ ਚਾਹੀਦਾ ਹੈ। ਫਾਸਲਾ ਨਾ ਹੋਵੇ ਤਾਂ ਗਿਆਨ ਨਹੀਂ ਹੋ ਸਕਦਾ। ਤਾਂ ਮੱਛੀ ਨੂੰ ਜੇਕਰ ਸਾਗਰ ਦੇ ਕੰਢੇ ਕੋਈ ਮਛੇਰਾ ਫੜ ਕੇ ਸੁੱਟ ਦੇਵੇ ਰੇਤ ਵਿਚ, ਤਦ ਉਸਨੂੰ ਪਹਿਲੀ ਦਫਾ ਪਤਾ ਲਗਦਾ ਹੈ ਕਿ ਸਾਗਰ ਕੀ ਸੀ। ਸਾਗਰ ਦੇ ਬਾਹਰ ਹੋ ਕੇ ਪਤਾ ਲਗਦਾ ਹੈ ਕਿ ਕੀ ਹੈ ਸਾਗਰ! ਜਦ ਸਾਗਰ ਨਹੀਂ ਹੁੰਦਾ ਤਦ ਪਤਾ ਲਗਦਾ ਹੈ ਕਿ ਸਾਗਰ ਕੀ ਸੀ! ਨਕਾਰ ਤੋਂ ਪਤਾ ਲਗਦਾ ਹੈ ਕਿ ਵਿਧਾਇਕਤਾ ਕੀ ਸੀ! ਨਾ-ਹੋਣ ਤੋਂ ਪਤਾ ਲਗਦਾ ਹੈ ਕਿ ਹੋਣਾ ਕੀ ਸੀ! ਰੇਤ ਉਤੇ ਜਦ ਮੱਛੀ ਤੜਫਦੀ ਹੈ, ਤਦ ਉਸ ਤੜਫਣ ਵਿਚ ਉਸਨੂੰ ਪਤਾ ਲਗਦਾ ਹੈ ਕਿ ਸਾਗਰ ਮੇਰੀ ਜ਼ਿੰਦਗੀ ਸੀ! ਸਾਗਰ ਨੇ ਮੈਨੂੰ ਘੇਰਿਆ ਹੋਇਆ ਸੀ, ਸਾਗਰ ਦੇ ਕਾਰਨ ਹੀ ਮੈਂ ਸੀ, ਅਤੇ ਸਾਗਰ ਦੇ ਬਿਨਾਂ ਮੈਂ ਨਹੀਂ ਹੋ ਸਕਾਂਗੀ!

ਸਮੇਂ ਨੇ ਵੀ ਇਵੇਂ ਹੀ ਮਨੁੱਖ ਨੂੰ ਘੇਰਿਆ ਹੋਇਆ ਹੈ। ਅਤੇ ਜਟਲਤਾ ਜ਼ਰਾ ਜ਼ਿਆਦਾ ਹੈ। ਸਾਗਰ ਦੇ ਕੰਢੇ ਤਾਂ ਸੁੱਟੀ ਜਾ ਸਕਦੀ ਹੈ ਮੱਛੀ, ਸਮੇਂ ਦੇ ਕੰਢੇ 'ਤੇ ਮਨੁੱਖ ਨੂੰ ਸੁੱਟਣਾ ਇੰਨਾ ਅਸਾਨ ਨਹੀਂ ਹੈ। ਅਤੇ ਮੱਛੀ ਨੂੰ ਤਾਂ ਕੋਈ ਦੂਜਾ ਮਛੇਰਾ ਸਾਗਰ ਦੇ ਕੰਢੇ ਤੋਂ ਸੁੱਟ ਸਕਦਾ ਹੈ ਰੇਤ ਵਿਚ, ਤੁਹਾਨੂੰ ਕੋਈ ਦੂਜਾ ਆਦਮੀ ਸਮੇਂ ਦੇ ਕੰਢੇ ਰੇਤ ਵਿਚ ਨਹੀਂ ਸੁੱਟ ਸਕਦਾ। ਤੁਸੀਂ ਹੀ ਚਾਹੋ ਤਾਂ ਸੁੱਟ ਹੋ ਸਕਦੇ ਹੋ। ਮੱਛੀ ਖ਼ੁਦ ਹੀ ਛਾਲ ਮਾਰ ਲਵੇ, ਤਾਂ ਹੀ ਕੰਢੇ 'ਤੇ ਪਹੁੰਚ ਸਕਦੀ ਹੈ।

ਧਿਆਨ ਸਮੇਂ ਦੇ ਬਾਹਰ ਛਾਲ ਹੈ।

ਇਸਲਈ ਧਿਆਨੀਆਂ ਨੇ ਕਿਹਾ ਹੈ : ਧਿਆਨ ਹੈ ਕਾਲ ਦੇ ਪਾਰ, ਬਿਯਾਂਡ ਟਾਈਮ।

ਧਿਆਨੀਆਂ ਨੇ ਕਿਹਾ ਹੈ; ਜਿਥੇ ਸਮਾਂ ਮਿਟ ਜਾਂਦਾ ਹੈ, ਉਥੇ ਸਮਝਣਾ ਕਿ ਸਮਾਧੀ ਆ ਗਈ। ਜਿਥੇ ਸਮੇਂ ਦਾ ਕੋਈ ਪਤਾ ਨਹੀਂ ਲਗਦਾ, ਜਿਥੇ ਨਾ ਕੋਈ ਅਤੀਤ ਹੈ, ਨਾ ਕੋਈ ਭਵਿੱਖ, ਨਾ ਕੋਈ ਵਰਤਮਾਨ; ਜਿਥੇ ਸਮੇਂ ਦੀ ਧਾਰਾ ਨਹੀਂ ਹੈ, ਜਿਥੇ ਸਮਾਂ ਠਹਿਰ ਗਿਆ, ਟਾਈਮਲੇਸ ਮੋਮੈਂਟ, ਸਮਾਂ-ਰਹਿਤ ਛਿਨ ਆ ਗਿਆ—ਤਦ ਸਮਝਣਾ ਕਿ ਧਿਆਨ ਹੋ ਗਿਆ।

ਧਿਆਨ ਅਤੇ ਸਮਾਂ ਵਿਰੋਧੀ ਹਨ।

ਜੇ ਸਮਾਂ ਹੈ ਸਾਗਰ, ਤਾਂ ਧਿਆਨ ਸਾਗਰ ਤੋਂ ਛਾਲ ਹੈ।

ਅਤੇ ਜਟਲਤਾ ਹੈ। ਅਤੇ ਜਟਲਤਾ ਇਹ ਹੈ ਕਿ ਮੱਛੀ ਸਾਗਰ ਦੇ ਬਾਹਰ ਤੜਫਦੀ ਹੈ, ਸਾਗਰ ਵਿਚ ਉਸਦੀ

ਜ਼ਿੰਦਗੀ ਹੈ। ਅਤੇ ਅਸੀਂ ਸਮੇਂ ਵਿਚ ਤੜਫਦੇ ਹਾਂ, ਅਤੇ ਸਮੇਂ ਦੇ ਬਾਹਰ ਜਾਣਾ ਸਾਡੀ ਜ਼ਿੰਦਗੀ ਹੈ। ਅਸੀਂ ਸਮੇਂ ਵਿਚ ਤੜਫਦੇ ਹੀ ਰਹਿੰਦੇ ਹਾਂ। ਸਮੇਂ ਦੇ ਅੰਦਰ ਕੋਈ ਆਦਮੀ ਤੜਫਣ ਤੋਂ ਮੁਕਤ ਨਹੀਂ ਹੋ ਸਕਦਾ।

ਸਮੇਂ ਦੇ ਅੰਦਰ ਦੁਖ ਲਾਜ਼ਮੀ ਹੈ।

ਸਮੇਂ ਵਿਚ ਰਹਿੰਦੇ ਹੋਏ ਪੀੜ ਦੇ ਬਾਹਰ ਜਾਣ ਦਾ ਕੋਈ ਉਪਾਅ ਨਹੀਂ ਹੈ। ਹਾਂ, ਇਕ ਉਪਾਅ ਹੈ, ਉਹ ਧੋਖਾ ਹੈ। ਅਤੇ ਉਹ ਹੈ ਬੇਹੋਸ਼ ਹੋ ਜਾਣਾ। ਬੇਹੋਸ਼ ਹੋ ਕੇ ਅਸੀਂ ਸਮਾਂ ਭੁੱਲ ਜਾਂਦੇ ਹਾਂ, ਸਮੇਂ ਦੇ ਬਾਹਰ ਨਹੀਂ ਹੁੰਦੇ। ਜਿਵੇਂ ਮੱਛੀ ਨੂੰ ਕੋਈ ਬੇਹੋਸ਼ੀ ਦਾ ਇੰਜੈਕਸ਼ਨ ਲਾ ਦੇਵੇ, ਰਹੇ ਸਾਗਰ ਵਿਚ ਹੀ। ਲੇਕਿਨ ਸਾਗਰ ਦੇ ਬਾਹਰ ਜਿਵੇਂ ਹੀ ਹੋ ਜਾਏਗੀ, ਕਿਉਂਕਿ ਬੇਹੋਸ਼ ਹੋ ਜਾਏਗੀ। ਜਿਸਦਾ ਬੋਧ ਹੀ ਨਹੀਂ ਹੈ, ਉਸ ਕਰਕੇ ਅਸੀਂ ਸਮੇਂ ਦੇ ਬਾਹਰ ਜਾਪਦੇ ਹਾਂ।

ਸਮੇਂ ਦੇ ਅੰਦਰ ਜਿੰਨੀਆਂ ਪੀੜਾਂ ਹਨ, ਉਹਨਾਂ ਦਾ ਹੱਲ ਬੇਹੋਸ਼ੀ ਹੈ। ਇਸਲਈ ਨਾਰਾਜ਼ ਨਾ ਹੋਣਾ ਲੋਕਾਂ ਉਤੇ, ਜੇਕਰ ਕੋਈ ਸ਼ਰਾਬ ਪੀ ਰਿਹਾ ਹੈ। ਉਹ ਵੀ ਧਿਆਨ ਦੀ ਤਲਾਸ਼ ਕਰ ਰਿਹਾ ਹੈ। ਕੋਈ ਹੋਰ ਨਸ਼ੇ ਵਿਚ ਡੁੱਬ ਰਿਹਾ ਹੈ—ਕੋਈ ਸੰਗੀਤ ਵਿਚ, ਕੋਈ ਨਾਚ ਵਿਚ। ਕੋਈ ਕਾਮ—ਵਾਸਨਾ ਵਿਚ ਲੀਨ ਹੋ ਰਿਹਾ ਹੈ—ਉਹ ਵੀ ਮੂਰਛਾ ਭਾਲ ਰਿਹਾ ਹੈ। ਉਹ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਇਹ ਜੋ ਸਮੇਂ ਦੀ ਪੀੜ ਦਾ ਸਾਗਰ ਹੈ, ਇਸਦੇ ਬਾਹਰ ਕਿਵੇਂ ਹੋ ਜਾਵਾਂ?

ਦੋ ਹੀ ਉਪਾਅ ਹਨ। ਇਕ ਝੂਠ ਉਪਾਅ ਹੈ, ਕੂੜ ਉਪਾਅ: ਬੇਹੋਸ਼ ਹੋ ਜਾਣਾ। ਬਾਹਰ ਤਾਂ ਨਹੀਂ ਹੋਵੋਗੇ, ਲੇਕਿਨ ਹੋਸ਼ ਹੀ ਨਹੀਂ ਰਹਿ ਜਾਏਗਾ, ਤਾਂ ਪਤਾ ਵੀ ਨਹੀਂ ਲਗੇਗਾ ਕਿ ਬਾਹਰ ਹੋ ਜਾਂ ਅੰਦਰ। ਜਦ ਹੋਸ਼ ਆਏਗਾ, ਤਦ ਪਤਾ ਲਗੇਗਾ। ਇਸਲਈ ਸ਼ਰਾਬੀ ਜਦ ਹੋਸ਼ ਵਿਚ ਆਉਂਦਾ ਹੈ, ਤਦ ਸੰਸਾਰ ਦਾ ਦੁਖ ਹੋਰ ਵੀ ਘਣਾ ਹੋ ਜਾਂਦਾ ਹੈ। ਉਹ ਫਿਰ—ਫਿਰ ਸ਼ਰਾਬ ਪੀਣੀ ਚਾਹੁੰਦਾ ਹੈ, ਤਾਂ ਜੋ ਇਹ ਭੁੱਲੇ—ਭੁੱਲ ਜਾਏ ਬਿਲਕੁਲ। ਅੰਪਰ ਕਿੰਨਾ ਹੀ ਭੁੱਲੋ—ਭੁੱਲਣ ਨਾਲ ਕੋਈ ਚੀਜ਼ ਮਿਟਦੀ ਤਾਂ ਨਹੀਂ ਹੈ। ਸਿਰਫ ਸਮਾਂ ਟਲਦਾ ਹੈ, ਸਮਾਂ ਬਤੀਤ ਹੁੰਦਾ ਹੈ, ਮੁਲਤਵੀ ਹੁੰਦਾ ਹੈ। ਲੇਕਿਨ ਸਮੱਸਿਆਵਾਂ ਆਪਣੀ ਥਾਂ ਬਣੀਆਂ ਰਹਿੰਦੀਆਂ ਹਨ, ਸ਼ਾਇਦ ਹੋਰ ਵੀ ਵਧ ਜਾਂਦੀਆਂ ਹਨ, ਕਿਉਂਕਿ ਇਕੱਠੀਆਂ ਹੋ ਜਾਂਦੀਆਂ ਹਨ। ਸੋ ਬੇਹੋਸ਼ੀ ਕੋਈ ਉਪਾਅ ਨਹੀਂ ਹੈ।

ਸ਼ਰਾਬੀ ਦਯਾ ਦਾ ਪਾਤਰ ਹੈ, ਕ੍ਰੋਧ ਦਾ ਪਾਤਰ ਨਹੀਂ। ਉਹ ਪਾਪ ਨਹੀਂ ਕਰ ਰਿਹਾ ਹੈ, ਭੁੱਲ ਕਰ ਰਿਹਾ ਹੈ। ਅਤੇ ਭੁੱਲ ਉਸਦੀ ਇਹ ਹੈ ਕਿ ਉਸਦੀ ਅਸਲ ਖੋਜ ਸਮੇਂ ਦੇ ਬਾਹਰ ਜਾਣ ਖਾਤਰ ਨਹੀਂ ਹੈ। ਉਹ ਚਾਹੁੰਦਾ ਤਾਂ ਧਿਆਨ ਹੈ, ਪਰ ਧਿਆਨ ਦਾ ਉਸਨੂੰ ਪਤਾ ਨਹੀਂ ਹੈ, ਤਾਂ ਇਕ ਝੂਠਾ ਪਿਆਕ ਹੈ, ਸ਼ਰਾਬ। ਇਸਲਈ ਕੁੱਲ ਧਿਆਨੀਆਂ ਨੇ ਸ਼ਰਾਬ ਦਾ ਵਿਰੋਧ ਕੀਤਾ ਹੈ, ਇਸਲਈ ਨਹੀਂ ਕਿ ਸ਼ਰਾਬ ਪਾਪ ਹੈ।

ਇਸ ਫਰਕ ਨੂੰ ਠੀਕ ਤਰ੍ਹਾਂ ਸਮਝ ਲੈਣਾ।

ਨੈਤਿਕ ਆਦਮੀ ਵੀ ਸ਼ਰਾਬ ਦਾ ਵਿਰੋਧ ਕਰਦਾ ਹੈ, ਉਸਦੇ ਵਿਰੋਧ ਦੇ ਕਾਰਨ ਦੂਜੇ ਹਨ—ਕਿ ਸ਼ਰਾਬ ਨਾਲ ਸਿਹਤ

ਖ਼ਰਾਬ ਹੋਵੇਗੀ, ਕਿ ਸ਼ਰਾਬ ਨਾਲ ਘਰ–ਗ੍ਰਿਹਸਥੀ ਬਰਬਾਦ ਹੋ ਜਾਏਗੀ, ਕਿ ਸ਼ਰਾਬ ਨਾਲ ਤੁਹਾਡੇ ਬੱਚਿਆਂ ਦਾ ਕੀ ਬਣੇਗਾ, ਕਿ ਸ਼ਰਾਬ ਨਾਲ ਸਮਾਜ ਦੀ ਵਿਵਸਥਾ ਦਾ ਕੀ ਹੋਵੇਗਾ? ਇਹ ਨੈਤਿਕ ਆਦਮੀ ਦੀ ਚਿੰਤਾ ਹੈ।

ਧਾਰਮਕ ਆਦਮੀ ਦੀ ਇਹ ਚਿੰਤਾ ਨਹੀਂ ਹੈ। ਅਤੇ ਨੈਤਿਕ ਆਦਮੀ ਦੀ ਚਿੰਤਾ ਨੂੰ ਹੱਲ ਕੀਤਾ ਜਾ ਸਕਦਾ ਹੈ ਤੇ ਸ਼ਰਾਬ ਵੀ ਪੀਤੀ ਜਾ ਸਕਦੀ ਹੈ। ਉਸ ਵਿਚ ਬਹੁਤੀਆਂ ਅੜਿੱਚਣਾਂ ਨਹੀਂ ਹਨ। ਚੰਗੀ ਸ਼ਰਾਬ ਪੀਵੋ, ਸਿਹਤ ਨੂੰ ਨੁਕਸਾਨ ਨਹੀਂ ਹੋਵੇਗਾ। ਅਤੇ ਅੱਜ ਨਹੀਂ ਕਲ੍ਹ, ਹੋਰ ਵਧੀਆ ਸ਼ਰਾਬ ਬਣਾਈ ਜਾ ਸਕਦੀ ਹੈ, ਜਿਸ ਨਾਲ ਸਿਹਤ ਨੂੰ ਲਾਭ ਵੀ ਹੋ ਸਕੇ। ਕਿਉਂਕਿ ਸ਼ਰਾਬ ਤਾਂ ਰਸਾਇਣ ਹੈ। ਅਤੇ ਹੁਣ ਤਾਂ ਅਸੀਂ ਇੰਨਾ ਜਾਣਦੇ ਹਾਂ ਕਿ ਸ਼ਰਾਬ 'ਚੋਂ ਉਹ ਕਢਿਆ ਜਾ ਸਕਦਾ ਹੈ ਜੋ ਨੁਕਸਾਨ ਕਰਦਾ ਹੈ ਅਤੇ ਉਹ ਪਾਇਆ ਜਾ ਸਕਦਾ ਹੈ ਜੋ ਫਾਇਦਾ ਕਰੇ। ਲੇਕਿਨ ਨੈਤਿਕ ਵਿਚਾਰਕਾਂ ਦੀ ਵਜ੍ਹਾ ਨਾਲ ਇਹ ਨਹੀਂ ਹੋ ਪਾ ਰਿਹਾ ਹੈ, ਇਹ ਬੜੀ ਅਜੀਬ ਗੱਲ ਹੈ, ਪਰ ਜ਼ਿੰਦਗੀ ਵਿਚ ਬੜੀਆਂ ਗੱਲਾਂ ਅਜੀਬ ਹਨ।

ਅੱਜ ਦੁਨੀਆਂ ਵਿਚ ਸ਼ਰਾਬ ਨਾਲ ਜੋ ਨੁਕਸਾਨ ਹੋ ਰਿਹਾ ਹੈ, ਉਹ ਨੈਤਿਕ ਲੋਕਾਂ ਦੀ ਵਜ੍ਹਾ ਨਾਲ ਹੋ ਰਿਹਾ ਹੈ। ਕਿਉਂਕਿ ਉਹ ਸ਼ਰਾਬ ਨੂੰ ਠੀਕ ਨਹੀਂ ਬਨਾਉਣ ਦੇਣ ਦੇ ਪੱਖ ਵਿਚ ਹਨ। ਕਿਉਂਕਿ ਉਹ ਡਰਦੇ ਹਨ ਕਿ ਜੇ ਸ਼ਰਾਬ ਠੀਕ ਹੋ ਜਾਵੇ, ਤਾਂ ਫਿਰ ਸ਼ਰਾਬ ਦਾ ਵਿਰੋਧ ਕਿਵੇਂ ਕਰਨਗੇ। ਸ਼ਰਾਬ ਅੱਜ ਠੀਕ ਹੋ ਸਕਦੀ ਹੈ। ਆਦਮੀ ਦੇ ਕੋਲ ਇੰਨਾ ਰਸੈਣਕ ਗਿਆਨ ਹੈ ਕਿ ਜੇ ਸ਼ਰਾਬ ਠੀਕ ਨਾ ਹੋ ਸਕੇ, ਤਾਂ ਅਸੀਂ ਕੁਝ ਵੀ ਨਹੀਂ ਕਰ ਸਕਾਂਗੇ। ਅਸੀਂ ਜਿਨ੍ਹਾਂ ਨੇ ਅਣੂੰਬੰਬ ਖੋਜ ਲਏ, ਅਸੀਂ ਜਿਨ੍ਹਾਂ ਨੇ ਚੰਦ ਉੱਤੇ ਪੈਰ ਧਰ ਲਿਆ, ਉਹ ਸ਼ਰਾਬ ਦੀ ਬੋਤਲ 'ਚੋਂ ਨੁਕਸਾਨ ਨਹੀਂ ਕਢ ਸਕਦੇ ਬਾਹਰ? ਉਹ ਕਢ ਸਕਦੇ ਹਨ, ਲੇਕਿਨ ਦੁਨੀਆਂ–ਭਰ ਦੇ ਨੈਤਿਕ ਪੁਰਸ਼ ਉਹਨਾਂ ਦੇ ਵਿਰੋਧ ਵਿਚ ਹਨ। ਕਿਉਂਕਿ ਜੇ ਖ਼ਰਾਬੀ ਨਿਕਲ ਗਈ ਅਤੇ ਸ਼ਰਾਬ–ਸੁਖਾਵੀਂ ਹੋ ਗਈ ਤੇ ਸਿਹਤਕਾਰੀ ਹੋ ਗਈ ਤਾਂ ਫਿਰ ਨੈਤਿਕ ਆਦਮੀ ਕੀ ਕਰੇਗਾ?

ਧਰਮ ਦਾ ਵਿਰੋਧ ਸ਼ਰਾਬ ਨਾਲ ਨਹੀਂ ਹੈ, ਕਿ ਉਹ ਪਾਪ ਹੈ। ਉਸਦਾ ਵਿਰੋਧ ਇਸ ਗੱਲ ਨਾਲ ਹੈ ਕਿ ਬੇਹੋਸ਼ੀ ਦੀ ਖੋਜ ਦਾ ਮਤਲਬ ਹੈ ਕਿ ਤੁਸੀਂ ਧਿਆਨ ਚਾਹੁੰਦੇ ਸੀ, ਅਤੇ ਤੁਸੀਂ ਸਸਤਾ, ਝੂਠਾ ਉਪਾਅ ਲਭ ਲਿਆ। ਤੁਸੀਂ ਚਾਹੁੰਦੇ ਸੀ, ਸਮਾਜ ਦੇ ਬਾਹਰ ਜਾਣਾ, ਪੀੜ ਦੇ ਬਾਹਰ ਜਾਣਾ, ਸੰਸਾਰ ਦਾ ਬਾਹਰ ਜਾਣਾ। ਅਤੇ ਤੁਸੀਂ ਸੰਸਾਰ ਵਿਚ ਹੀ ਰਹਿ ਕੇ ਖ਼ੁਦ ਨੂੰ ਭੁਲਾਉਣ ਦਾ ਉਪਾਅ ਲਭ ਲਿਆ। ਇਸਲਈ ਧਿਆਨੀਆਂ ਨੇ ਵਿਰੋਧ ਕੀਤਾ ਹੈ।

ਧਿਆਨੀਆਂ ਦੇ ਵਿਰੋਧ ਦਾ ਕਾਰਨ ਬਿਲਕੁਲ ਅਲੱਗ ਹੈ। ਗਹਿਰਾ ਕਾਰਨ ਇਹੀ ਹੈ ਕਿ ਬੇਹੋਸ਼ੀ ਅਤੇ ਹੋਸ਼ ਉਲਟ ਹਨ।

ਜੇ ਹੋਸ਼ ਚਾਹੀਦਾ ਹੈ ਤਾਂ ਬੇਹੋਸ਼ੀ ਤੋਂ ਬਚਣਾ ਮੁਨਾਸਬ ਹੈ। ਅਤੇ ਹੋਸ਼ ਜੇਕਰ ਵਧਦਾ ਜਾਵੇ ਤਾਂ ਸਮੇਂ ਦੇ ਬਾਹਰ ਪਹੁੰਚਣਾ ਹੋ ਜਾਂਦਾ ਹੈ–ਜਾਗਦੇ ਹੋਏ, ਹੋਸ਼ਪੂਰਵਕ। ਅਤੇ ਇਕ ਵਾਰ ਜਿਹੜਾ ਵਿਅਕਤੀ ਸਮੇਂ ਦੇ ਬਾਹਰ ਦੀ ਝਲਕ ਪਾ ਲੈਂਦਾ ਹੈ, ਉਸਦੀ ਜ਼ਿੰਦਗੀ ਹੋਰ ਹੋ ਜਾਂਦੀ ਹੈ। ਉਸਨੂੰ ਅਸਲ ਹਕੀਕਤ ਦਾ ਅਨੁਭਵ ਹੋ ਜਾਂਦਾ ਹੈ। ਤਦ ਇਹ ਸਭ ਝੂਠਾ ਅਤੇ ਕੂੜਾ

ਅਤੇ ਸੁਫਨੇ ਜਿਹਾ ਲਗਣ ਲਗਦਾ ਹੈ।

ਸਮੇਂ ਦੇ ਸਬੰਧ ਵਿਚ ਇਕ ਗੱਲ ਹੈ ਤਾਂ ਇਹ ਜਾਣ ਲੈਣੀ ਜ਼ਰੂਰੀ ਹੈ ਕਿ ਅਸੀਂ ਉਸ ਵਿਚ ਹੀ ਪੈਦਾ ਹੁੰਦੇ ਹਾਂ, ਉਸ ਵਿਚ ਹੀ ਵਧਦੇ ਹਾਂ, ਉਸ ਵਿਚ ਹੀ ਮਰ ਜਾਂਦੇ ਹਾਂ। ਅਤੇ ਇਸਲਈ ਸਾਨੂੰ ਉਸਦਾ ਕੋਈ ਪਤਾ ਨਹੀਂ ਲਗਦਾ ਕਿ ਉਹ ਕੀ ਹੈ। ਸਿਰਫ ਧਿਆਨੀ ਨੂੰ ਪਤਾ ਲਗਦਾ ਹੈ ਕਿ ਸਮਾਂ ਕੀ ਹੈ। ਕਿਉਂਕਿ ਧਿਆਨੀ ਤਟ 'ਤੇ ਖੜ੍ਹਾ ਹੋ ਜਾਂਦਾ ਹੈ। ਸਾਗਰ ਸਾਫ ਅਲੱਗ ਦਿਖਾਈ ਪੈਣ ਲਗਦਾ ਹੈ।

ਸਾਨੂੰ ਤਾਂ ਪਤਾ ਨਹੀਂ ਲਗਦਾ ਕਿ ਸਮਾਂ ਕੀ ਹੈ, ਪਰ ਫਿਰ ਵੀ ਅਸੀਂ ਸਮੇਂ ਦਾ ਉਪਯੋਗ ਤਾਂ ਕਰਦੇ ਹੀ ਹਾਂ, ਉਪਯੋਗ ਦੇ ਲਈ ਗਿਆਨ ਬਹੁਤਾ ਜ਼ਰੂਰੀ ਨਹੀਂ ਹੈ।

ਇਹ ਬਿਜਲੀ ਜਗ ਰਹੀ ਹੈ, ਇਸਨੂੰ ਬਟਨ ਦਬਾ ਕੇ ਜਗਾਉਣਾ–ਬੁਝਾਉਣਾ ਕੋਈ ਵੀ ਕਰ ਸਕਦਾ ਹੈ। ਅਜੇਹਾ ਕਰਨ ਦੇ ਲਈ ਬਿਜਲੀ ਕੀ ਹੈ, ਇਹ ਜਾਣਨਾ ਜ਼ਰੂਰੀ ਨਹੀਂ ਹੈ। ਤੁਸੀਂ ਆਪਣੀ ਮੋਟਰ ਵਿਚ ਬੈਠ ਕੇ, ਆਪਣੀ ਕਾਰ ਵਿਚ ਬੈਠ ਕੇ ਜੇਕਰ ਥੋੜ੍ਹਾ–ਜਿਹਾ ਚਲਾਉਣਾ ਜਾਣਦੇ ਹੋ, ਤਾਂ ਤੁਹਾਨੂੰ ਜਾਣਨਾ ਜ਼ਰੂਰੀ ਨਹੀਂ ਹੈ ਕਿ ਗੱਡੀ ਦੇ ਇੰਜਣ ਵਿਚ ਕੀ ਹੋ ਰਿਹਾ ਹੈ ਤੇ ਕੀ ਨਹੀਂ ਹੋ ਰਿਹਾ ਹੈ। ਹੋ ਸਕਦਾ ਹੈ ਕਿ ਤੁਸੀਂ ਇੰਜਣ ਕਦੇ ਦੇਖਿਆ ਹੀ ਨਾ ਹੋਵੇ। ਜ਼ਰੂਰਤ ਵੀ ਨਹੀਂ ਹੈ। ਕਿ ਬੋਨਟ ਦੇ ਹੇਠਾਂ ਕੀ ਛੁਪਿਆ ਹੈ ਉਸ ਨਾਲ ਕੁਝ ਲੈਣਾ–ਦੇਣਾ ਨਹੀਂ ਹੈ। ਤੁਸੀਂ ਆਪਣੀ ਗੱਡੀ ਨੂੰ ਚਲਾਉਣਾ–ਭਰ ਜਾਣਦੇ ਹੋ, ਤਾਂ ਕਾਫੀ ਹੈ।

ਉਪਯੋਗਤਾ ਬਿਨਾਂ ਗਿਆਨ ਦੇ ਵੀ ਹੋ ਸਕਦੀ ਹੈ।

ਸਮੇਂ ਦਾ ਅਸੀਂ ਸਾਰੇ ਉਪਯੋਗ ਕਰਦੇ ਹਾਂ। ਔਪਰ ਸਮਾਂ ਕੀ ਹੈ, ਇਸਦਾ ਸਾਨੂੰ ਪਤਾ ਨਹੀਂ ਹੈ। ਮੱਛੀ ਵੀ ਸਾਗਰ ਦਾ ਉਪਯੋਗ ਕਰਦੀ ਹੈ, ਲੇਕਿਨ ਸਾਗਰ ਕੀ ਹੈ, ਉਸਨੂੰ ਵੀ ਪਤਾ ਨਹੀਂ ਹੈ। ਅਸੀਂ ਜੋ ਉਪਯੋਗ ਕਰਦੇ ਹਾਂ—ਪਰ ਬਿਨਾਂ ਜਾਣੇ ਉਸ ਵਿਚ ਬਹੁਤ ਭੁੱਲ–ਚੁੱਕ ਦੀਆਂ ਸੰਭਾਵਨਾਵਾਂ ਹਨ। ਭੁੱਲ–ਚੁੱਕ ਹੋਵੇਗੀ ਹੀ। ਉਪਯੋਗ ਕਰ ਸਕਦੇ ਹਾਂ—ਲੇਕਿਨ ਭੁੱਲ ਹੋਵੇਗੀ। ਸਮੇਂ ਨੂੰ ਅਸੀਂ ਜਾਣਦੇ ਨਹੀਂ, ਇਸਲਈ ਅਸੀਂ ਜੋ ਵੀ ਉਸ ਵਿਚ ਕਰਦੇ ਹਾਂ, ਉਸ 'ਚ ਅਨੇਕਾਂ ਭੁੱਲਾਂ ਹੋ ਜਾਂਦੀਆਂ ਹਨ। ਪਹਿਲੀ ਭੁੱਲ ਤਾਂ ਇਹ ਹੋ ਜਾਂਦੀ ਹੈ ਕਿ ਸਾਨੂੰ ਸਭ ਨੂੰ ਇਹ ਖਿਆਲ ਬਣਿਆ ਰਹਿੰਦਾ ਹੈ ਕਿ ਸਮਾਂ ਕਾਫੀ ਹੈ। ਇਹ ਪਹਿਲੀ ਭੁੱਲ ਹੈ। ਕਾਫੀ ਸਮਾਂ ਹੈ।

ਇਕ ਮਿੱਤਰ ਅੱਜ ਹੀ ਆਏ, ਉਹਨਾਂ ਨੇ ਮੈਨੂੰ ਕਿਹਾ ਕਿ ਸੰਨਿਆਸ ਤਾਂ ਮੈਂ ਲੈਣਾ ਹੈ, ਪਰ ਜ਼ਰਾ ਰੁਕਾਂਗਾ। ਮੈਂ ਪੁੱਛਿਆ : ਕਿੰਨੀ ਦੇਰ ਰੁਕਣ ਦਾ ਖਿਆਲ ਹੈ? ਉਹਨਾਂ ਕਿਹਾ ਕਿ ਅਜੇ ਤਾਂ ਕੁਝ ਤੈਅ ਨਹੀਂ ਕੀਤਾ, ਲੇਕਿਨ ਸਾਲ ਦੋ ਸਾਲ ਦੇ ਵਿਚਾਲੇ। ਸਾਲ ਦੋ ਸਾਲ ਤੁਹਾਡੇ ਕੋਲ ਹੈਨ? ਨਹੀਂ, ਅਜੇਹਾ ਕੋਈ ਪੁਛਦਾ ਨਹੀਂ, ਅਤੇ ਅਜੇਹਾ ਪੁਛਣਾ ਮੁਨਾਸਬ ਵੀ ਨਹੀਂ ਹੈ। ਦੋ ਦਿਨ, ਚਾਰ ਦਿਨ ਵੀ ਹੈਨ ਤੁਹਾਡੇ ਕੋਲ? ਆਉਣ ਵਾਲਾ ਪਲ ਵੀ ਹੋਵੇਗਾ, ਇਹ ਪੱਕਾ ਹੈ?

ਨਹੀਂ, ਹਰ ਆਦਮੀ ਨੂੰ ਖ਼ਿਆਲ ਹੈ ਕਿ ਸਮਾਂ ਕਾਫੀ ਹੈ। ਸਾਰਿਆਂ ਨੂੰ ਅੰਦਰ ਅਜੇਹੀ ਧਾਰਨਾ ਹੈ ਕਿ ਸਮਾਂ ਕਿਤੇ ਮੁਰਦਾ ਹੈ! ਕਰ ਲਵਾਂਗੇ ਕਦੇ ਵੀ। ਕਲ੍ਹ ਕਰ ਲਵਾਂਗੇ, ਪਰਸੋਂ ਕਰ ਲਵਾਂਗੇ!

ਸਮਾਂ ਕਾਫੀ ਨਹੀਂ ਹੈ, ਸਮਾਂ ਸਦਾ ਨਾਕਾਫੀ ਹੈ। ਅਤੇ ਜੋ ਕਰਨਾ ਹੈ, ਉਹਦੇ ਲਈ ਸਦਾ ਥੋੜ੍ਹਾ ਹੈ। ਅਤੇ ਤੁਸੀਂ ਨਿਗੂਣੇ ਵਿਚ ਹੀ ਉਸਨੂੰ ਬਤੀਤ ਕਰ ਰਹੇ ਹੋ, ਅਤੇ ਜੋ ਵਿਰਾਟ ਹੈ, ਉਸਨੂੰ ਟਾਲਦੇ ਚਲੇ ਜਾਂਦੇ ਹੋ, ਪੋਸਟਪੋਂਡ ਕਰਦੇ ਚਲੇ ਜਾਂਦੇ ਹੋ। ਮੁਲਤਵੀ ਕਰਨ ਦੀ ਬਿਰਤੀ ਪੈਦਾ ਹੁੰਦੀ ਹੈ—ਇਸ ਖ਼ਿਆਲ ਨਾਲ ਕਿ ਸਮਾਂ ਕਾਫੀ ਹੈ; ਕਰ ਲਵਾਂਗੇ, ਕਲ੍ਹ ਕਰ ਲਵਾਂਗੇ! ਜੋ ਵਿਅਰਥ ਹੈ, ਉਸਨੂੰ ਅੱਜ ਕਰ ਲੈਂਦੇ ਹਾਂ ਅਤੇ ਜੋ ਸਾਰਥਕ ਹੈ, ਉਸਨੂੰ ਕਲ੍ਹ 'ਤੇ ਛਡ ਦਿੰਦੇ ਹਾਂ! ਇਹ ਤੁਹਾਥੋਂ ਕਦੇ ਵੀ ਨਹੀਂ ਹੋਵੇਗਾ। ਇਹ ਕਲ੍ਹ 'ਤੇ ਟਾਲਣ ਦੀ ਆਦਤ ਗਹਿਰੀ ਹੈ, ਇਹ ਕਲ੍ਹ ਵੀ ਤੁਹਾਡੇ ਨਾਲ ਰਹੇਗੀ। ਜਦ ਕਲ੍ਹ ਆਏਗਾ, ਤਾਂ ਉਹ ਅੱਜ ਜਾ ਚੁੱਕਾ ਹੋਵੇਗਾ ਅਤੇ ਇਹ ਆਦਤ ਫਿਰ ਵੀ ਕਹੇਗੀ ਕਿ ਕਲ੍ਹ। ਤੁਸੀਂ ਮਰ ਜਾਉਗੇ ਅਤੇ ਇਹ ਆਦਤ ਨਹੀਂ ਛੁਟੇਗੀ।

ਅਤੇ ਧਿਆਨ ਰਖਣਾ, ਮੌਤ ਜਦ ਵੀ ਆਉਂਦੀ ਹੈ, ਅੱਜ ਆਉਂਦੀ ਹੈ, ਉਹ ਕਲ੍ਹ ਨਹੀਂ ਆਉਂਦੀ। ਤੁਸੀਂ ਮੌਤ ਨੂੰ ਨਹੀਂ ਕਹਿ ਸਕੋਗੇ ਕਿ ਕਲ੍ਹ, ਰੁਕ, ਕਲ੍ਹ ਆ ਜਾਵੀਂ। ਜਦ ਮੌਤ ਨੂੰ ਤੁਸੀਂ ਨਹੀਂ ਕਹਿ ਸਕਦੇ ਕਿ ਕਲ੍ਹ ਆ ਜਾਵੀਂ, ਤਾਂ ਜ਼ਰਾ ਸੋਚਣਾ, ਸਮਾਂ ਕਾਫੀ ਨਹੀਂ ਹੈ ਅਤੇ ਸਮਾਂ ਤੁਹਾਡੇ ਹੱਥ ਵਿਚ ਵੀ ਨਹੀਂ ਹੈ, ਅਤੇ ਸਮੇਂ ਦੇ ਤੁਸੀਂ ਮਾਲਕ ਨਹੀਂ ਹੋ।

ਯਾਦ ਆਉਂਦੀ ਹੈ ਮੈਨੂੰ ਛੋਟੀ-ਜਿਹੀ ਇਕ ਘਟਨਾ। ਯੁਧਿਸ਼ਠਿਰ ਬੈਠੇ ਹਨ ਆਪਣੇ ਅਗਿਆਤਵਾਸ, ਬਣਵਾਸ ਦੇ ਸਮੇਂ। ਛੁਪੇ ਹਨ, ਭੇਖ ਵਟਾ ਰਖਿਆ ਹੈ, ਕਿਸੇ ਨੂੰ ਪਤਾ ਨਹੀਂ ਹੈ ਕਿ ਕੌਣ ਹਨ—ਕੁਟੀਆ ਦੇ ਸਾਹਮਣੇ ਬੈਠੇ ਹਨ! ਭੀਮ ਇਕ ਨੁੱਕਰ 'ਚ ਬੈਠਾ ਕੁਝ ਸੋਚ ਰਿਹਾ ਹੈ। ਇਕ ਭਿਖਾਰੀ ਆਇਆ ਅਤੇ ਉਸਨੇ ਯੁਧਿਸ਼ਠਿਰ ਨੂੰ ਕਿਹਾ, ਕੁਝ ਭੀਖ ਮਿਲ ਜਾਵੇ। ਯੁਧਿਸ਼ਠਿਰ ਨੇ ਕਿਹਾ ਤੂੰ ਕਲ੍ਹ ਆ ਜਾਵੀਂ। ਭੀਮ ਇਕਦਮ ਛਾਲ ਮਾਰ ਕੇ ਖੜ੍ਹਾ ਹੋ ਗਿਆ ਅਤੇ ਨੱਚਣ ਲਗਾ ਅਤੇ ਅੰਦਰ ਘਰ ਵਲ ਨੂੰ ਦੌੜਿਆ। ਯੁਧਿਸ਼ਠਿਰ ਨੇ ਪੁਛਿਆ ਕਿ ਤੈਨੂੰ ਕੀ ਹੋ ਗਿਆ ਹੈ?

ਤਾਂ ਭੀਮ ਨੇ ਕਿਹਾ ਕਿ ਮੈਂ ਖ਼ਬਰ ਕਰਨ ਜਾ ਰਿਹਾ ਹਾਂ ਕਿ ਮੇਰੇ ਭਾਈ ਨੇ ਸਮੇਂ 'ਤੇ ਜਿੱਤ ਪਾ ਲਈ ਹੈ। ਮੈਂ ਵੀ ਇਹੀ ਸੋਚ ਰਿਹਾ ਸੀ ਕਿ ਇਹ ਸਮਾਂ ਕੀ ਹੈ? ਅਤੇ ਤੂੰ ਕਿਹਾ ਕਿ ਕਲ੍ਹ ਆ ਜਾਵੀਂ! ਇਕ ਗੱਲ ਤਾਂ ਪੱਕੀ ਹੈ—ਕਿ ਤੈਨੂੰ ਪੱਕਾ ਹੈ ਕਿ ਕਲ੍ਹ ਆਏਗਾ, ਤਾਂ ਮੈਂ ਜ਼ਰਾ ਪਿੰਡ 'ਚ ਖ਼ਬਰ ਕਰ ਆਵਾਂ ਕਿ ਮੇਰੇ ਭਰਾ ਨੇ ਸਮੇਂ ਉੱਤੇ ਜਿੱਤ ਪਾ ਲਈ ਹੈ। ਯੁਧਿਸ਼ਠਿਰ ਭੱਜੇ, ਉਸ ਭਿਖਾਰੀ ਨੂੰ ਮੋੜਿਆ, ਅਤੇ ਕਿਹਾ, ਤੂੰ ਅੱਜ ਹੀ ਲੈ ਜਾ, ਕਿਉਂਕਿ ਕੱਲ੍ਹ ਦਾ ਸੱਚਮੁਚ ਹੀ, ਕਿਥੇ ਭਰੋਸਾ?

ਕਲ੍ਹ ਦੇ ਲਈ ਕੀ ਉਪਾਅ ਹੈ ਕਿ ਅਸੀਂ ਕੁਝ ਤੈਅ ਕਰ ਸਕੀਏ? ਜਿਹੜਾ ਟਾਲਦਾ ਹੈ, ਉਹ ਖ਼ੁਦ ਨੂੰ ਧੋਖਾ ਦਿੰਦਾ ਹੈ। ਜਿਹੜਾ ਕੱਲ੍ਹ 'ਤੇ ਛਡਦਾ ਹੈ, ਉਹ ਬੇਈਮਾਨ ਹੈ। ਕਿਸੇ ਹੋਰ ਨਾਲ ਬੇਈਮਾਨੀ ਨਹੀਂ ਕਰ ਰਿਹਾ, ਆਪਣੇ-ਆਪ ਨਾਲ

ਹੀ ਬੇਈਮਾਨੀ ਕਰ ਰਿਹਾ ਹੈ।

ਜੇਕਰ ਕਲ੍ਹ ਤੁਹਾਡੇ ਹੱਥ 'ਚ ਹੋਵੇ ਤਾਂ ਮੁਲਤਵੀ ਕਰਨਾ, ਅਤੇ ਕਲ੍ਹ ਜੇਕਰ ਹੱਥ 'ਚ ਨਾ ਹੋਵੇ, ਤਾਂ ਮੁਲਤਵੀ ਨਾ ਕਰਨਾ। ਅਤੇ ਜੇ ਮੁਲਤਵੀ ਹੀ ਕਰਨਾ ਹੋਵੇ ਕਲ੍ਹ ਦੇ ਲਈ ਤਾਂ ਬੁਰਾਈ ਦੇ ਲਈ ਕਰਨਾ; ਕਿਉਂਕਿ ਕਲ੍ਹ ਕਦੇ ਨਹੀਂ ਆਉਂਦਾ। ਕ੍ਰੋਧ ਕਰਨਾ ਹੋਵੇ ਤਾਂ ਕਹਿਣਾ, ਕਲ੍ਹ ਕਰਾਂਗੇ। ਚੋਰੀ ਕਰਨੀ ਹੋਵੇ ਤਾਂ ਕਹਿਣਾ, ਕਲ੍ਹ ਕਰਾਂਗੇ। ਕਿਸੇ ਦੀ ਗਰਦਨ ਕੱਟਣੀ ਹੋਵੇ ਤਾਂ ਕਹਿਣਾ, ਕਲ੍ਹ ਕੱਟਾਂਗੇ। ਫਿਰ ਤੁਹਾਥੋਂ ਪਾਪ ਨਹੀਂ ਹੋ ਸਕਣਗੇ। ਕਿਉਂਕਿ ਕਲ੍ਹ ਕਦੇ ਨਹੀਂ ਆਉਂਦਾ। ਜੋ ਠੀਕ ਕਰਨਾ ਹੋਵੇ, ਸ਼ੁਭ ਕਰਨਾ ਹੋਵੇ, ਤਾਂ ਉਹ ਹੁਣੇ ਕਰ ਲੈਣਾ। ਜੇ ਉਸਨੂੰ ਕਲ੍ਹ 'ਤੇ ਟਾਲਿਆ, ਤਾਂ ਉਹ ਵੀ ਨਹੀਂ ਹੋ ਸਕੇਗਾ।

ਅਸੀਂ ਬੁਰੇ ਨੂੰ ਹੁਣੇ ਕਰ ਲੈਂਦੇ ਹਾਂ, ਸ਼ੁਭ ਨੂੰ ਕਲ੍ਹ 'ਤੇ ਟਾਲ ਦਿੰਦੇ ਹਾਂ! ਇਸਦਾ ਮਤਲਬ ਜਾਹਰ ਹੈ ਕਿ ਜੋ ਅਸੀਂ ਕਰਨਾ ਚਾਹੁੰਦੇ ਹਾਂ, ਉਹ ਅਸੀਂ ਹੁਣੇ ਕਰ ਲੈਂਦੇ ਹਾਂ ਅਤੇ ਜੋ ਅਸੀਂ ਨਹੀਂ ਕਰਨਾ ਚਾਹੁੰਦੇ,ਉਹ ਅਸੀਂ ਕਲ੍ਹ 'ਤੇ ਟਾਲ ਦਿੰਦੇ ਹਾਂ। ਐਪਰ ਸਾਫ ਕਿਉਂ ਨਹੀਂ ਸਮਝਦੇ ਕਿ ਨਹੀਂ ਕਰਨਾ ਚਾਹੁੰਦੇ। ਕੀ ਜ਼ਰੂਰਤ ਹੈ ਕਿ ਇਕ ਆਦਮੀ ਕਹੇ ਕਿ ਸੰਨਿਆਸ ਮੈਂ ਕਲ੍ਹ ਲਵਾਂਗਾ। ਇੰਨਾ ਹੀ ਕੀ ਘਟ ਹੈ—ਕਾਫੀ ਹੈ ਕਿ ਅੱਜ ਸੰਨਿਆਸ ਨਹੀਂ ਲੈਣਾ ਹੈ। ਗੱਲ ਖ਼ਤਮ। ਪਰ ਅਜੇਹਾ ਜੇ ਕੋਈ ਕਹੇ ਕਿ ਅੱਜ ਸੰਨਿਆਸ ਨਹੀਂ ਲੈਣਾ ਹੈ, ਤਾਂ ਅੰਦਰ ਤਕਲੀਫ ਹੁੰਦੀ ਹੈ। ਅਸੀਂ ਲੈਣਾ ਵੀ ਨਹੀਂ ਚਾਹੁੰਦੇ ਅਤੇ ਲੈਣ ਦਾ ਮਜ਼ਾ ਵੀ ਲੈਣਾ ਚਾਹੁੰਦੇ ਹਾਂ। ਅਸੀਂ ਸੰਨਿਆਸੀ ਹੋਣਾ ਵੀ ਨਹੀਂ ਚਾਹੁੰਦੇ ਹਾਂ—ਡਰ ਵੀ ਲਗਦਾ ਹੈ ਤੇ ਲੋਭ ਵੀ ਚੁੰਬੜਦਾ ਹੈ। ਤਾਂ ਤਰਕੀਬ ਕੱਢ ਲੈਂਦੇ ਹਾਂ, ਕਿ ਕਲ੍ਹ ਲਵਾਂਗੇ। ਇਸ ਤੋਂ ਅਜੇਹਾ ਲਗਦਾ ਹੈ ਕਿ ਥੋੜ੍ਹਾ ਤਾਂ ਲੈ ਹੀ ਲਿਆ, ਕਾਫੀ ਤਾਂ ਲੈ ਹੀ ਲਿਆ; ਥੋੜ੍ਹੀ-ਜਿਹੀ ਉਪਰਲੀ ਰਸਮ ਰਹਿ ਗਈ ਹੈ,ਉਹ ਕਲ੍ਹ ਕਰ ਲਵਾਂਗੇ। ਸੰਨਿਆਸੀ ਤਾਂ ਅਸੀਂ ਹੋ ਹੀ ਗਏ, ਇਕ ਫੀ ਸਦੀ ਬਚਿਆ ਹੈ ਕਿ ਕੱਪੜੇ ਬਦਲ ਲੈਂਦੇ ਹਨ ਕਿ ਨਾਮ ਲੈ ਲੈਣਾ ਹੈ; ਉਹ ਕਲ੍ਹ ਕਰ ਲਵਾਂਗੇ। ਦੀਖਿਆ ਕਲ੍ਹ ਹੋ ਜਾਏਗੀ। ਇਉਂ ਖੁਦ ਨੂੰ ਧੋਖਾ ਦੇਣਾ ਸੌਖਾ ਹੋ ਜਾਂਦਾ ਹੈ।

ਸਮਾਂ ਕਾਫੀ ਨਹੀਂ ਹੈ। ਅਤੇ ਸਭ ਨੂੰ ਹੀ ਖਿਆਲ ਹੈ ਕਿ ਕਾਫੀ ਹੈ, ਜ਼ਰੂਰਤ ਤੋਂ ਜ਼ਿਆਦਾ ਹੈ, ਇਸੇਲਈ ਤਾਂ ਟਾਲਦੇ ਹਨ!

ਜੇ ਤੁਹਾਨੂੰ ਇਸੇ ਵੇਲੇ ਪਤਾ ਲਗੇ ਕਿ ਕਲ੍ਹ ਸਵੇਰ ਨਹੀਂ ਹੋਣੀ ਅਤੇ ਸੂਰਜ ਨਹੀਂ ਚੜ੍ਹਨਾ ਅਤੇ ਜ਼ਿੰਦਗੀ ਖ਼ਤਮ ਹੋ ਜਾਏਗੀ, ਤਾਂ ਮੈਂ ਤੁਹਾਥੋਂ ਪੁਛਦਾ ਹਾਂ, ਤੁਸੀਂ ਪਹਿਲਾ ਕੰਮ ਕੀ ਕਰਨਾ ਚਾਹੋਗੇ? ਧਨ ਇਕੱਠਾ ਕਰਨਾ ਚਾਹੋਗੇ? ਮੁਕਦਮਾ ਅਦਾਲਤ 'ਚ ਲੜਨਾ ਚਾਹੋਗੇ? ਮਕਾਨ ਬਣਾਉਣਾ ਚਾਹੋਗੇ? ਚੋਰੀ, ਹੱਤਿਆ, ਕ੍ਰੋਧ—ਕੀ ਕਰਨਾ ਚਾਹੋਗੇ? ਜੇ ਇਹ ਪੱਕਾ ਹੋ ਜਾਵੇ ਕਿ ਕਲ੍ਹ ਸੂਰਜ ਨਹੀਂ ਉਗੇਗਾ ਅਤੇ ਵਿਗਿਆਨਕ ਖ਼ਬਰ ਕਰ ਦੇਣ ਕਿ ਅੰਤ ਆ ਗਿਆ, ਅੱਜ ਆਖ਼ਰੀ ਰਾਤ ਹੈ, ਤਦ ਤੁਸੀਂ ਕੀ ਕਰੋਗੇ? ਜੋ ਵੀ ਤੁਹਾਨੂੰ ਕਰਨ-ਯੋਗ ਲਗੇ, ਉਸਨੂੰ ਅੱਜ ਹੀ ਕਰ ਲੈਣਾ। ਭਾਵੇਂ ਵਿਗਿਆਨੀ

ਖ਼ਬਰ ਕਰੇ, ਭਾਵੇਂ ਨਾ ਕਰੇ, ਕਿਉਂਕਿ ਕਲ੍ਹ ਦਾ ਭਰੋਸਾ ਨਹੀਂ ਹੋ ਸਕਦਾ ਹੈ ਕਿ ਤੁਹਾਡੇ ਲਈ ਕਲ੍ਹ ਨਾ ਹੀ ਹੋਵੇ। ਬਹੁਤਿਆਂ ਦੇ ਲਈ ਕਲ੍ਹ ਨਹੀਂ ਹੋਵੇਗਾ, ਤੁਸੀਂ ਵੀ ਉਸ ਵਿਚ ਹੋ ਸਕਦੇ ਹੋ। ਲੇਕਿਨ ਆਦਮੀ ਸਦਾ ਖ਼ੁਦ ਨੂੰ ਅਲੱਗ ਛਡ ਲੈਂਦਾ ਹੈ। ਸਭ ਨਿਯਮ ਹੋਰਨਾਂ ਦੇ ਲਈ ਹੁੰਦੇ ਹਨ, ਖ਼ੁਦ ਦੇ ਲਈ ਨਿਯਮ ਨਹੀਂ ਹੁੰਦਾ। ਖ਼ੁਦ ਆਦਮੀ ਅਪਵਾਦ ਹੁੰਦਾ ਹੈ।

ਦੂਜੀ ਗੱਲ ਸਮੇਂ ਦੇ ਸਬੰਧ ਵਿਚ ਬਹੁਤ ਮਜ਼ੇਦਾਰ, ਸਮਝਣਯੋਗ ਹੈ। ਅਤੇ ਉਹ ਇਹ ਹੈ ਕਿ ਸਮੇਂ ਨੂੰ ਅਸੀਂ ਦਬਾਈ ਰਖਿਆ ਹੈ। ਸਮੇਂ ਨੂੰ ਅਸੀਂ ਦਮਨ ਕੀਤਾ ਹੋਇਆ ਹੈ। ਇਸਲਈ ਵੀ ਸਾਨੂੰ ਸਮਾਂ ਕੀ ਹੈ, ਇਹ ਪਤਾ ਨਹੀਂ ਲਗਦਾ। ਕਿਉਂਕਿ ਸਮੇਂ ਦੇ ਨਾਲ ਮੌਤ ਬੱਝੀ ਹੈ। ਇਸਨੂੰ ਇਉਂ ਸਮਝੋ ਕਿ ਜੇ ਆਦਮੀ ਅਮਰ ਹੁੰਦਾ, ਜੇ ਤੁਸੀਂ ਅਮਰ ਹੁੰਦੇ, ਤਾਂ ਤੁਹਾਨੂੰ ਸਮੇਂ ਦਾ ਕੋਈ ਬੋਧ ਨਾ ਹੁੰਦਾ। ਜੇ ਮੌਤ ਨਾ ਹੋਵੇ ਤਾਂ ਸਮੇਂ ਦਾ ਕੀ ਮਤਲਬ? ਕੋਈ ਮਤਲਬ ਨਹੀਂ। ਜੇ ਮੌਤ ਨਾ ਹੋਵੇ, ਤਾਂ ਸਮਾਂ ਹੀ ਨਹੀਂ ਫਿਰ।

ਮੌਤ ਹੀ ਸਮੇਂ ਨੂੰ ਬਣਾਉਂਦੀ ਹੈ। ਇਸਲਈ ਪਸ਼ੂਆਂ ਨੂੰ ਮੌਤ ਦਾ ਕੋਈ ਪਤਾ ਨਹੀਂ ਹੈ, ਸਮੇਂ ਦਾ ਵੀ ਕੋਈ ਪਤਾ ਨਹੀਂ ਹੈ। ਪਸ਼ੂ ਹੁਣੇ ਜੀਂਦਾ ਹੈ, ਇਥੇ–ਈ ਜੀਂਦਾ ਹੈ। ਉਸਨੂੰ ਕਲ੍ਹ ਦੀ ਖ਼ਬਰ ਨਹੀਂ, ਉਸਨੂੰ ਬੀਤੇ ਕਲ੍ਹ ਦੀ ਵੀ ਕੋਈ ਖ਼ਬਰ ਨਹੀਂ, ਉਸਨੂੰ ਮੌਤ ਦਾ ਕੋਈ ਪਤਾ ਨਹੀਂ ਹੈ।

ਜਿਨ੍ਹਾਂ ਮੁਲਕਾਂ ਵਿਚ, ਜਿਵੇਂ ਸਾਡੇ ਮੁਲਕ ਵਿਚ ਇਹ ਖ਼ਿਆਲ ਹੈ ਕਿ ਆਤਮਾ ਅਮਰ ਹੈ, ਜਿਨ੍ਹਾਂ ਲੋਕਾਂ ਨੂੰ ਇਹ ਖ਼ਿਆਲ ਹੈ ਕਿ ਆਤਮਾ ਅਮਰ ਹੈ, ਉਹਨਾਂ ਦਾ ਵੀ ਸਮੇਂ ਦਾ ਬੋਧ ਬਹੁਤ ਕਮਜ਼ੋਰ ਹੁੰਦਾ ਹੈ, ਬਹੁਤਾ ਤੀਬਰ ਨਹੀਂ ਹੁੰਦਾ ਹੈ। ਈਸਾਇਅਤ ਨੇ ਸਮੇਂ ਦੇ ਬੋਧ ਨੂੰ ਬਹੁਤ ਗੂੜ੍ਹਾ ਕਰ ਦਿਤਾ ਪੱਛਮ ਵਿਚ। ਕਿਉਂਕਿ ਈਸਾਇਅਤ ਅਤੇ ਇਸਲਾਮ ਮੰਨਦੇ ਹਨ ਕਿ ਇਕ ਹੀ ਜਨਮ ਹੈ। ਫਿਰ ਕੋਈ ਦੁਬਾਰਾ ਜਨਮ ਨਹੀਂ ਹੈ। ਜੋ ਵੀ ਕਰਨਾ ਹੈ, ਇਸੇ ਜਨਮ ਤੇ ਮੌਤ ਦੇ ਦਰਮਿਆਨ ਕਰ ਲੈਣਾ, ਇੰਨਾ ਹੀ ਸਮਾਂ ਮਿਲਿਆ ਹੈ।

ਭਾਰਤ ਵਿਚ ਸਾਡੇ ਕੋਲ ਅਨੰਤ ਜਨਮਾਂ ਦੀ ਧਾਰਨਾ ਹੈ–ਇਕ ਜਨਮ, ਦੂਜਾ ਜਨਮ, ਤੀਜਾ ਜਨਮ। ਅਸੀਂ ਕਹਿੰਦੇ ਹਾਂ ਕਿ ਇਸ ਜਨਮ ਵਿਚ ਨਾ ਹੋਇਆ, ਤਾਂ ਅਗਲੇ ਜਨਮ ਵਿਚ ਕਰ ਲਵਾਂਗੇ। ਅਗਲੇ ਜਨਮ ਵਿਚ ਨਾ ਹੋਇਆ, ਤਾਂ ਛੇਤੀ ਕਿਹੜੀ ਹੈ? ਇਹ ਸੰਸਾਰ ਤਾਂ ਚਲਦਾ ਹੀ ਰਹੇਗਾ, ਕਦੇ ਵੀ ਕਰ ਲਵਾਂਗੇ। ਅੰਤ ਵਿਸਥਾਰ ਹੈ ਸਾਡੇ ਸਾਹਮਣੇ ਇਸਲਈ ਭਾਰਤ ਵਿਚ ਟਾਈਮ–ਕਾਂਸ਼ਸਨੇਸ, ਸਮੇਂ ਦਾ ਬੋਧ ਨਹੀਂ ਹੈ। ਜੇ ਕੋਈ ਤੁਹਾਨੂੰ ਕਹਿੰਦਾ ਹੈ ਕਿ ਪੰਜ ਵਜੇ ਆ ਜਾਵਾਂਗੇ, ਅਤੇ ਸੱਤ ਵਜੇ ਆਉਂਦਾ ਹੈ ਤਾਂ ਤੁਸੀਂ ਨਾਰਾਜ਼ ਨਾ ਹੋਣਾ, ਇਹ ਭਾਰਤੀ ਸੋਚਣੀ ਦਾ ਸਿੱਟਾ ਹੈ, ਇਸ ਵਿਚ ਕੋਈ ਉਸਦਾ ਕਸੂਰ ਨਹੀਂ ਹੈ। ਕੋਈ ਫ਼ਿਕਰ ਹੀ ਨਹੀਂ ਹੈ ਇਸ ਗੱਲ ਦਾ, ਕਿ ਪੰਜ ਜਾਂ ਸੱਤ ਵਿਚ ਕੋਈ ਫ਼ਰਕ ਹੁੰਦਾ ਹੈ? ਪੱਛਮ ਵਿਚ ਦੋ ਮਿਨਟ 'ਚ ਬੇਚੈਨੀ ਹੁੰਦੀ ਹੈ। ਬੇਚੈਨੀ ਦਾ ਕਾਰਨ ਬੇਚੈਨੀ ਦਾ ਕਾਰਨ ਹੈ ਈਸਾਇਅਤ।

ਈਸਾਇਅਤ ਦਾ ਖ਼ਿਆਲ ਹੈ ਕਿ ਇਕ ਹੀ ਜਨਮ ਹੈ। ਤਾਂ ਸਮਾਂ ਬਹੁਤ ਥੋੜ੍ਹਾ ਰਹਿ ਗਿਆ। ਉਸ ਵਿਚੋਂ ਤੁਸੀਂ ਕਿਸ

ਦੇ ਦੋ ਘੰਟੇ ਖ਼ਰਾਬ ਕਰ ਲਵੇ, ਤਾਂ ਤੁਸੀਂ ਉਸਦੀ ਜ਼ਿੰਦਗੀ ਖੋਹ ਰਹੇ ਹੋ। ਇਥੇ ਤੁਸੀਂ ਕਿਸੇ ਦੇ ਦੋ ਦਿਨ ਖ਼ਰਾਬ ਕਰਦੇ ਹੋ, ਕੁਝ ਵੀ ਨਹੀਂ ਖੋਹ ਰਹੇ ਹੋ। ਫਰਕ ਹੀ ਕੀ ਪੈਂਦਾ ਹੈ? ਇਸ ਸਮੇਂ ਦੇ ਵਿਸ਼ਾਲ ਫੈਲੇ ਹੋਏ ਵਹਿਣ ਵਿਚ ਦੋ ਦਿਨ ਦਾ ਕੀ ਲੈਣਾ-ਦੇਣਾ ਹੈ? ਇਥੇ ਤਾਂ ਅਸੀਂ ਖ਼ੂਬ ਇਕ-ਦੂਜੇ ਦਾ ਸਮਾਂ ਖ਼ਰਾਬ ਕਰਦੇ ਹਾਂ। ਕੋਈ ਚਿੰਤਾ ਹੀ ਨਹੀਂ ਮੰਨਦਾ ਇਸ ਗੱਲ ਦੀ।

ਪੱਛਮ ਵਿਚ ਈਸਾਇਅਤ ਦੇ ਵਿਚਾਰ ਕਾਰਨ ਸਮੇਂ ਦਾ ਬੋਧ ਜਾ ਗਿਆ। ਅਤੇ ਜੇਕਰ ਜ਼ਿੰਦਗੀ ਇੰਨੀ ਹੀ ਹੈ ਪੰਜਾਹ ਸਾਲ, ਸੌ ਸਾਲ, ਸੱਤਰ ਸਾਲ, ਤਾਂ ਉਸ ਵਿਚੋਂ ਕਿਸੇ ਦੇ ਦੋ ਘੰਟੇ ਅਕਾਰਨ ਖ਼ਰਾਬ ਕਰ ਦੇਣਾ ਹੱਤਿਆ ਹੈ। ਕਿਸੇ ਦੇ ਘਰ ਅਕਾਰਨ ਪਹੁੰਚ ਜਾਣਾ ਅਤੇ ਕੁਝ ਵੀ ਗੱਲਬਾਤ ਸ਼ੁਰੂ ਕਰ ਦੇਣੀ ਅਤੇ ਘੰਟੇ ਬਰਬਾਦ ਕਰ ਦੇਣੇ-ਉਸ ਦਿਨ ਜ਼ਿੰਦਗੀ ਖੋਹ ਰਹੇ ਹੋ। ਅਤੇ ਜ਼ਿੰਦਗੀ ਸੀਮਿਤ ਹੈ। ਅਤੇ ਦੋ ਘੰਟੇ ਜੋ ਤੁਸੀਂ ਖੋਹ ਲਏ ਹਨ, ਉਹ ਵਾਪਸ ਨਹੀਂ ਮੁੜਨਗੇ।

ਤਾਂ ਕਿਸੇ ਤੋਂ ਬਿਨਾਂ ਪੁਛੇ ਕਿਸੇ ਦੇ ਘਰ ਪਹੁੰਚ ਜਾਣਾ ਪੱਛਮ ਵਿਚ ਅਸ਼ਿਸ਼ਟਤਾ ਹੈ। ਇਥੇ ਕਿਸੇ ਤੋਂ ਪੁਛ ਕੇ ਜਾਣ ਵਿਚ ਅਸ਼ਿਸ਼ਟਤਾ ਜਾਣ ਪੈਂਦੀ ਹੈ ਕਿ ਤੁਸੀਂ ਵੀ ਕਿਹੜੀ ਗੱਲ ਕਰ ਰਹੇ ਹੋ, ਪੁਛ ਕੇ ਆਉਣ ਦੀ ਗੱਲ ਹੀ ਕੀ ਹੈ? ਮਹਿਮਾਨ ਤਾਂ ਦੇਵਤਾ ਹੈ, ਜਦ ਆ ਜਾਵੇ। ਅਤੇ ਫਿਰ ਮਹਿਮਾਨ ਜਿੰਨਾ ਟਿਕ ਜਾਵੇ ਉਨੀ ਉਸਦੀ ਕਿਰਪਾ।

ਸਮੇਂ ਦਾ ਬੋਧ ਮੌਤ ਨਾਲ ਬੱਧਾ ਹੈ। ਜੇਕਰ ਮੌਤ ਤੋਂ ਨੇੜੇ ਹੋ, ਤਾਂ ਸਮੇਂ ਦੀ ਚਿੰਤਾ ਗਹਿਰੀ ਹੋ ਜਾਏਗੀ। ਜੇ ਮੌਤ ਬਹੁਤ ਦੂਰ ਹੈ, ਤਾਂ ਹੈ ਹੀ ਨਹੀਂ; ਆਤਮਾ ਅਮਰ ਹੈ, ਤਾਂ ਸਮੇਂ ਦਾ ਭਾਵ ਬਿਲਕੁਲ ਅਲੋਪ ਹੋ ਜਾਏਗਾ।

ਧਿਆਨ ਰਖਣਾ, ਸਮੇਂ ਦਾ ਅਸੀਂ ਬਹੁਤ ਵਿਚਾਰ ਨਹੀਂ ਕਰਦੇ, ਕਿਉਂਕਿ ਜੇ ਉਸਦਾ ਅਸੀਂ ਬਹੁਤਾ ਵਿਚਾਰ ਕਰਾਂਗੇ, ਤਾਂ ਮੌਤ ਦਾ ਵਿਚਾਰ ਵੀ ਕਰਨਾ ਪਏਗਾ। ਮੌਤ ਹੈ ਟੈਬੂ, ਉਸ 'ਤੇ ਵਿਚਾਰ ਨਹੀਂ ਕਰਨਾ, ਡਰ ਲਗਦਾ ਹੈ। ਤਾਂ ਸਮੇਂ 'ਤੇ ਵੀ ਵਿਚਾਰ ਕਰਨਾ ਨਹੀਂ, ਉਸ ਤੋਂ ਵੀ ਭੈ ਆਉਂਦਾ ਹੈ। ਮੰਨ ਕੇ ਚਲਣਾ ਚੰਗਾ ਹੈ ਕਿ ਕਾਫੀ ਹੈ। ਮੰਨ ਕੇ ਚਲਣਾ ਚੰਗਾ ਲਗਦਾ ਹੈ ਕਿ ਆਤਮਾ ਅਮਰ ਹੈ। ਸਮੇਂ ਦੀ ਕੋਈ ਕਮੀ ਨਹੀਂ ਹੈ। ਸਮਾਂ ਸਦਾ ਰਹੇਗਾ, ਕੋਈ ਕਾਹਲੀ ਨਹੀਂ ਹੈ।

ਇਸਦੇ ਨਤੀਜੇ ਘਾਤਕ ਹੋ ਸਕਦੇ ਹਨ। ਅਸੀਂ ਐਵੇਂ ਹੀ ਬੈਠੇ-ਬੈਠੇ ਸਮੇਂ ਨੂੰ ਗੰਵਾ ਸਕਦੇ ਹਾਂ। ਅਤੇ ਇਕ-ਇਕ ਪਲ ਮੁਕਦਾ ਜਾਂਦਾ ਹੈ। ਅਤੇ ਇਕ-ਇਕ ਮੁਕਦੇ ਪਲ ਦੇ ਨਾਲ ਤੁਸੀਂ ਵੀ ਮੁਕਦੇ ਜਾਂਦੇ ਹੋ। ਇਕ-ਇਕ ਮੁਕਦੇ ਪਲ ਦੇ ਨਾਲ ਤੁਹਾਡੀ ਊਰਜਾ ਵੀ ਬੂੰਦ-ਬੂੰਦ ਖ਼ਾਲੀ ਹੁੰਦੀ ਜਾਂਦੀ ਹੈ, ਤੁਸੀਂ ਖ਼ਾਲੀ ਹੁੰਦੇ ਜਾਂਦੇ ਹੋ।

ਮੌਤ ਹੈ ਕੀ?

ਤੁਹਾਡੇ ਅੰਦਰ ਤੋਂ ਸਮੇਂ ਦੀ ਰੇਤ ਦਾ ਮੁਕਦੇ ਜਾਣਾ।

ਜੇ ਤੁਸੀਂ ਰੇਤ ਦੀ ਘੜੀ ਦੇਖੀ ਹੈ-ਤਾਂ ਕੱਚ ਦੇ ਇਕ ਬਰਤਨ ਵਿਚ ਰੇਤ ਭਰੀ ਹੁੰਦੀ ਹੈ। ਇਕ-ਇਕ ਰੇਤ ਦਾ ਦਾਣਾ ਹੇਠਾਂ ਦੇ ਬਰਤਨ ਵਿਚ ਗਿਰਦਾ ਰਹਿੰਦਾ ਹੈ, ਉਸਦੇ ਗਿਰਨ ਦੇ ਨਾਲ ਇਕ-ਇਕ ਪਲ ਦਾ ਪਤਾ ਲਗਦਾ ਰਹਿੰਦਾ

ਹੈ। ਜਦ ਪੂਰੀ ਰੇਤ ਖ਼ਾਲੀ ਹੋ ਜਾਂਦੀ ਹੈ। ਉਪਰਲੇ ਬਰਤਨ ਵਿਚੋਂ, ਤਾਂ ਸਮਝੋ ਚੌਵੀ ਘੰਟੇ ਖ਼ਤਮ ਹੋ ਗਏ। ਫਿਰ ਘੜੀ ਉਲਟਾ ਦਿੰਦੇ ਹਨ। ਹੇਠਲਾ ਬਰਤਨ ਉਪਰ, ਉਪਰਲਾ ਬਰਤਨਾ ਹੇਠਾਂ ਕਰ ਦਿੰਦੇ ਹਨ। ਫਿਰ ਇਕ-ਇਕ ਰੇਤ ਦਾ ਦਾਣਾ ਹੇਠਾਂ ਗਿਰਨ ਲਗਦਾ ਹੈ। ਚੌਵੀ ਘੰਟਿਆਂ ਵਿਚ ਰੇਤ ਫਿਰ ਤੋਂ ਹੇਠਲੇ ਬਰਤਨ ਵਿਚ ਆ ਜਾਂਦੀ ਹੈ।

ਮੌਤ ਹੈ ਕੀ?

ਤੁਹਾਡੀ ਜ਼ਿੰਦਗੀ ਵਿਚੋਂ ਸਮੇਂ ਦਾ ਇਕ-ਇਕ ਬੂੰਦ ਕਰਕੇ ਮੁਕ ਜਾਣਾ।

ਅਤੇ ਜਿਸ ਦਿਨ ਤੁਹਾਡੇ ਅੰਦਰ ਸਮਾਂ ਬਿਲਕੁਲ ਮੁਕ ਜਾਏਗਾ, ਤੁਸੀਂ ਮਰ ਗਏ। ਕੰਟੇਨਰ ਰਹਿ ਗਿਆ, ਕੰਟੇਂਟ ਚਲਿਆ ਗਿਆ। ਸਿਰਫ ਬਰਤਨ ਰਹਿ ਗਿਆ-ਖ਼ਾਲੀ। ਜੋ ਅੰਦਰ ਸੀ ਜੀਵਨ, ਉਹ ਖ਼ਾਲੀ ਹੋ ਗਿਆ, ਮੁਕ ਗਿਆ।

ਇਸ ਸੂਤਰ ਨੂੰ ਸਮਝਣ ਲਈ ਸਮੇਂ ਦੇ ਸਬੰਧ ਵਿਚ ਇਹ ਗੱਲ ਜਾਣ ਲੈਣੀ ਜ਼ਰੂਰੀ ਹੈ ਕਿ ਸਮਾਂ ਬਹੁਤ ਘਟ ਹੈ, ਕਰਨ ਨੂੰ ਬਹੁਤ ਜ਼ਿਆਦਾ ਹੈ। ਅਤੇ ਕਰਨ ਨੂੰ ਇੰਨਾ ਅਹਿਮ ਹੈ ਕਿ ਨਿਗੂਣੇ ਵਿਚ ਸਮੇਂ ਨੂੰ ਨਾ ਗੰਵਾ ਦੇਣਾ। ਅਤੇ ਜੋ ਅਹਿਮ ਹੈ, ਉਸਨੂੰ ਕਲ੍ਹ 'ਤੇ ਨਾ ਟਾਲ ਦੇਣਾ। ਜੋ ਵਿਅਰਥ ਹੈ, ਉਸਨੂੰ ਕਲ੍ਹ 'ਤੇ ਟਾਲ ਦੇਣਾ। ਜੋ ਸਾਰਥਕ ਹੈ, ਉਸਨੂੰ ਹੁਣੇ ਕਰ ਲੈਣਾ, ਇਹ ਇਕਨੌਮਿਕਲ ਹੈ, ਇਹੀ ਅਰਥ-ਸ਼ਾਸਤ੍ਰੀਯ ਹੈ, ਜੋ ਜ਼ਰੂਰੀ ਹੈ, ਏਸੇਂਸ਼ਿਅਲ ਹੈ ਉਸਨੂੰ ਹੁਣੇ ਕਰ ਲੈਣਾ।

ਲੇਕਿਨ ਅਸੀਂ ਅਜੀਬ ਹਾਂ। ਅਖ਼ਬਾਰ ਅਸੀਂ ਪਹਿਲਾਂ ਪੜ੍ਹ ਲੈਂਦੇ ਹਾਂ, ਧਿਆਨ ਅਸੀਂ ਸੋਚਦੇ ਹਾਂ, ਕਲ੍ਹ ਕਰ ਲਵਾਂਗੇ! ਅਖ਼ਬਾਰ ਪਹਿਲਾਂ ਪੜ੍ਹ ਲੈਂਦੇ ਹਾਂ, ਜਿਵੇਂ ਜ਼ਿੰਦਗੀ ਉਸ 'ਤੇ ਅਟਕੀ ਹੈ ਅਤੇ ਨਹੀਂ ਪੜ੍ਹ ਪਾਵਾਂਗੇ ਤਾਂ ਮਰ ਜਾਵਾਂਗੇ। ਅਤੇ ਅਖ਼ਬਾਰ ਨਹੀਂ ਜਾਣਿਆ ਤਾਂ ਗਿਆਨ ਤੋਂ ਵਿਰਵੇ ਰਹਿ ਜਾਵਾਂਗੇ! ਧਿਆਨ ਬਾਅਦ ਵਿਚ ਵੀ ਕੀਤਾ ਜਾ ਸਕਦਾ ਹੈ, ਅਖ਼ਬਾਰ ਤਾਂ ਹੁਣੇ ਪੜ੍ਹਨਾ ਪਏਗਾ! ਸਿਨੇਮਾ ਅੱਜ ਦੇਖ ਲੈਂਦੇ ਹਾਂ ਅਤੇ ਸੰਨਿਆਸ ਕਲ੍ਹ 'ਤੇ ਛਡ ਦਿੰਦੇ ਹਾਂ। ਸਿਨੇਮਾ ਜ਼ਰੂਰੀ ਹੈ, ਪਤਾ ਨਹੀਂ ਫਿਲਮ ਕਲ੍ਹ ਲਗੀ ਰਹੇ ਜਾਂ ਨਾ ਲਗੀ ਰਹੇ, ਅਤੇ ਕਲ੍ਹ ਦਾ ਭਰੋਸਾ ਕੀ ਹੈ ਕਿ ਜੇਬ ਵਿਚ ਪੈਸੇ ਰਹਿਣ ਜਾਂ ਨਾ ਰਹਿਣ। ਅੱਜ ਪੈਸੇ ਹਨ, ਫਿਲਮ ਵੀ ਲਗੀ ਹੈ, ਸੰਨਿਆਸ ਤਾਂ ਕਲ੍ਹ ਵੀ ਹੈ।

ਇਉਂ ਅਸੀਂ ਵਿਅਰਥ ਨੂੰ ਉਸੇ ਵੇਲੇ ਕਰਦੇ ਹਾਂ। ਸਾਰਥਕ ਨੂੰ ਅਸੀਂ ਕਲ੍ਹ 'ਤੇ ਛਡ ਦਿੰਦੇ ਹਾਂ। ਇਸਨੂੰ ਬਦਲੀਏ ਅਸੀਂ ਅਤੇ ਖ਼ਿਆਲ ਰਖੀਏ ਕਿ ਸਮੇਂ ਦਾ ਇਕ ਹੀ ਉਪਯੋਗ ਹੈ। ਅਤੇ ਜਿਹੜਾ ਆਦਮੀ ਉਹ ਉਪਯੋਗ ਕਰ ਲੈਂਦਾ ਹੈ, ਉਹ ਇਸ ਸੰਸਾਰ ਵਿਚ ਵਿਜੇਤਾ ਹੋ ਜਾਂਦਾ ਹੈ।

ਕੀ ਹੈ ਸਮੇਂ ਦਾ ਉਪਯੋਗ?

ਤੁਸੀਂ ਸੋਚ ਵੀ ਨਾ ਸਕੋਗੇ। ਸਮੇਂ ਦਾ ਇਕ ਹੀ ਸਾਰਥਕ ਉਪਯੋਗ ਹੈ-ਸਮੇਂ ਦੇ ਬਾਹਰ ਜਾਣ ਦੇ ਲਈ ਉਪਯੋਗ ਕਰ ਲੈਣਾ। ਜੇ ਤੁਸੀਂ ਸਮੇਂ ਦਾ ਇੰਨਾ ਉਪਯੋਗ ਕਰ ਲਿਆ ਕਿ ਤੁਸੀਂ ਸਮੇਂ ਦੇ ਤਟ 'ਤੇ ਪਹੁੰਚ ਗਏ, ਤਾਂ ਤੁਹਾਡਾ ਜੀਵਨ

ਸਾਰਥਕ, ਅਤੇ ਤੁਸੀਂ ਸਮੇਂ ਦਾ ਸਾਰ ਨਿਚੋੜ ਲਿਆ। ਅਤੇ ਜੇ ਸਮੇਂ ਦਾ ਤੁਸੀਂ ਇਸ ਕੰਮ ਦੇ ਲਈ ਉਪਯੋਗ ਨਾ ਕਰ ਸਕੇ ਤਾਂ ਤੁਸੀਂ ਕੁਝ ਵੀ ਕੀਤਾ ਹੋਵੇ, ਕਿੰਨੇ ਮਹਿਲ ਉਸਾਰੇ ਹੋਣ, ਕਿੰਨੀਆਂ ਤਿਜੌਰੀਆਂ ਭਰੀਆਂ ਹੋਣ, ਤੁਸੀਂ ਨਾਸਮਝ ਹੋ ਅਤੇ ਤੁਹਾਡੇ ਮਹਿਲ ਤੇ ਤੁਹਾਡੀਆਂ ਤਿਜੌਰੀਆਂ ਜ਼ਰਾ ਵੀ ਕੰਮ ਨਹੀਂ ਆਉਣਗੀਆਂ। ਸਮੇਂ ਦੇ ਬਾਹਰ ਦਾ ਇਕ ਅਨੁਭਵ ਵੀ ਹੋ ਜਾਵੇ, ਰੱਤੀ-ਭਰ ਵੀ, ਤਾਂ ਤੁਸੀਂ ਅਨੇਕਾਂ-ਅਨੇਕ ਜੀਵਨ ਦੇ ਸਮੇਂ ਦਾ ਮੁੱਲ ਪਾ ਲਿਆ।

ਇਸ ਸੂਤਰ ਨੂੰ ਸਮਝੀਏ:

ਤਿਆਰ ਰਹਿ।

'ਤਿਆਰ ਰਹਿ ਅਤੇ ਸਮਾਂ ਰਹਿੰਦਿਆਂ ਸੰਭਲ ਜਾ। ਜੇ ਤੂੰ ਯਤਨ ਕੀਤਾ ਅਤੇ ਅਸਫਲ ਹੋ ਗਿਆ ਅਜਿੱਤ ਲੜਾਕੇ, ਤਾਂ ਵੀ ਹੌਸਲਾ ਨਾ ਛਡ। ਲੜੀ ਜਾ ਅਤੇ ਵਾਰ-ਵਾਰ ਯੁੱਧ ਵਿਚ ਜੁਟਦਾ ਰਹਿ।'

ਸਮਾਂ ਰਹਿੰਦਿਆਂ ਸੰਭਲ ਜਾ।

ਸਾਨੂੰ ਸਭ ਨੂੰ ਲਗਦਾ ਹੈ, ਸਮਾਂ ਤਾਂ ਸਦਾ ਹੈ, ਸੰਭਲਣ ਦੀ ਛੇਤੀ ਕੀ ਹੈ, ਕਲ੍ਹ ਸੰਭਲ ਜਾਵਾਂਗੇ। ਮੈਂ ਸੁਣਿਆ ਹੈ, ਕਲਕੱਤੇ ਵਿਚ ਇਕ ਸਵੇਰ ਨੂੰ ਇਕ ਘਟਨਾ ਵਾਪਰੀ। ਇਕ ਬਿਰਧ ਸੱਜਣ ਸੱਠ ਸਾਲ ਦੇ ਆਪਣੇ ਨਿਤਾਪ੍ਰਤੀ ਦੇ ਨਿਯਮ ਅਨੁਸਾਰ ਘੁੰਮਣ ਨਿਕਲੇ, ਆਪਣੀ ਸੋਟੀ ਲੈ ਕੇ, ਸਵੇਰ ਦੀ ਚਹਿਲ-ਕਦਮੀ 'ਤੇ। ਕਿਸੇ ਮਕਾਨ ਵਿਚ, ਦਰਵਾਜ਼ਾ ਬੰਦ ਸੀ, ਕੋਈ ਇਸਤ੍ਰੀ ਕਿਸੇ ਨੂੰ ਜਗਾ ਰਹੀ ਸੀ, ਸ਼ਾਇਦ ਉਸਦੇ ਬੇਟੇ ਨੂੰ, ਸ਼ਾਇਦ ਉਸਦੇ ਦਿਉਰ ਨੂੰ, ਸ਼ਾਇਦ ਕਿਸੇ ਹੋਰ ਨੂੰ। ਉਹ ਕਹਿ ਰਹੀ ਸੀ : ਰਾਜਾਬਾਬੂ ਉਠ, ਰਾਤ ਜਾ ਚੁੱਕੀ, ਸਵੇਰ ਹੋ ਗਈ, ਹੁਣ ਸੌਣਾ ਮੁਨਾਸਬ ਨਹੀਂ। ਸੰਜੋਗ ਦੀ ਗੱਲ, ਉਹ ਜੋ ਬਜ਼ੁਰਗ ਆਦਮੀ ਸਨ, ਉਹਨਾਂ ਦਾ ਨਾਂ ਸੀ ਰਾਜਾਬਾਬੂ। ਅਟਕ ਗਏ, ਸੁਣਾਈ ਪਿਆ ਰਾਜਾਬਾਬੂ ਉਠ, ਸਵੇਰ ਹੋ ਗਈ, ਹੁਣ ਸੌਣ ਦੇ ਲਈ ਸਮਾਂ ਨਹੀਂ, ਜਾਗ। ਘਰ ਵਲ ਨੂੰ ਪਰਤ ਰਹੇ ਸਨ ਟਹਿਲ ਕੇ-ਉਥੋਂ ਹੀ ਕਿਸੇ ਨੂੰ ਕਿਹਾ ਕਿ ਮੇਰੇ ਘਰ ਖ਼ਬਰ ਕਰ ਦੇਈਂ ਕਿ ਰਾਜਾਬਾਬੂ ਜਾਗ ਗਏ ਹਨ ਅਤੇ ਹੁਣ ਨਹੀਂ ਸੁੱਤਣਗੇ।

ਇਕ ਸੰਨਿਆਸੀ ਦਾ ਜਨਮ ਹੋ ਗਿਆ।

ਘਰ ਦੇ ਲੋਕਾਂ ਨੇ ਆ ਕੇ ਬਹੁਤ ਸਮਝਾਇਆ ਕਿ ਵਾਪਸ ਚਲੋ, ਇਹ ਵੀ ਕੀ ਪਾਗਲਪਣ ਹੈ, ਕੋਣ ਔਰਤ ਕਿਸ ਨੂੰ ਜਗਾ ਰਹੀ ਹੈ? ਤੂੰ ਉਸ ਤੋਂ ਕੀ ਲੈਣਾ-ਦੇਣਾ, ਤੈਨੂੰ ਤਾਂ ਉਸਨੇ ਕਿਹਾ ਨਹੀਂ। ਉਸ ਬਿਰਧ ਨੇ ਕਿਹਾ, ਜ਼ਿੰਦਗੀ ਨੇ ਬਹੁਤ ਵਾਰ ਕਿਹਾ ਸੀ ਕਿ ਜਾਗ, ਸਮਾਂ ਰਹਿੰਦਿਆਂ ਜਾਗ। ਨਹੀਂ ਜਾਗ ਸਕਿਆ। ਸੰਜੋਗ ਦੀ ਗੱਲ ਸੀ ਕਿ ਅੱਜ ਚੋਟ ਲਗ ਗਈ। ਹੁਣ ਨਹੀਂ ਸੁੱਤਾਂਗਾ, ਸੌਣ ਦੇ ਲਈ ਹੁਣ ਨਹੀਂ ਜਾਵਾਂਗਾ। ਹੁਣ ਜਾਗ ਕੇ ਹੀ ਰਹਾਂਗਾ। ਅਤੇ ਸਮਾਂ ਹੈ ਵੀ ਕਿੰਨਾ ਘਟ। ਹੁਣ ਮੇਰੇ ਕੋਲ ਸਮਾਂ ਹੈ ਕਿਥੇ?

ਸਮਾਂ ਰਹਿੰਦਿਆਂ ਸੰਭਲ...

ਕਿਸ ਪਾਸੇ ਸੰਭਲਣਾ ਹੈ, ਕਿਸ ਤਰਫ ਜਾਗਣਾ ਹੈ? ਨਿਗੁਣੇ ਵਿਚ ਹੀ ਨਾ ਉਲਝਿਆ ਰਹਿ, ਵਿਅਰਥ ਵਿਚ ਸਮਾਂ ਨਾ ਗੰਵਾ। ਜਿਸਦਾ ਆਪਣੇ-ਆਪ ਦਾ ਮੁੱਲ ਨਹੀਂ ਹੈ, ਉਸਨੂੰ ਬਹੁਤਾ ਮੁੱਲ ਨਾ ਦੇ। ਇਹੀ ਮਤਲਬ ਹੈ ਜਾਗਣ ਦਾ। ਆਪਣੇ-ਆਪ ਦਾ ਮੁੱਲ ਕਿਹੜੀਆਂ ਚੀਜ਼ਾਂ ਦਾ ਹੈ? ਕੀ ਫਰਕ ਪਏਗਾ ਕਿ ਇਕ ਗਜ਼ ਜ਼ਮੀਨ ਵਧ ਸੀ ਕਿ ਘਟ? ਕੀ ਫਰਕ ਪਏਗਾ ਕਿ ਤਿਜੋਰੀ ਦਾ ਵਜ਼ਨ ਕਿੰਨਾ ਸੀ?

ਮੌਤ ਸਾਹਮਣੇ ਖੜ੍ਹੀ ਹੁੰਦੀ ਹੈ ਤਾਂ ਹਮੇਸ਼ਾ ਇਕ ਵਿਚਾਰ ਤੁਸੀਂ ਕਰਦੇ ਰਹਿਣਾ ਕਿ ਜੇ ਮੌਤ ਅੱਜ ਹੀ ਤੁਹਾਡੇ ਸਾਹਮਣੇ ਖੜ੍ਹੀ ਹੋ ਜਾਵੇ, ਤਾਂ ਤੁਹਾਡੇ ਕੋਲ ਜੋ ਹੈ, ਉਸਦਾ ਕੀ ਮੁੱਲ ਹੋਵੇਗਾ? ਇਹ ਕਸੌਟੀ ਹੈ ਤੋਲਣ ਦੀ ਕਿ ਮੇਰੇ ਕੋਲ ਮੁੱਲਵਾਨ ਕੁਝ ਹੈ ਜਾਂ ਨਹੀਂ? ਰੋਜ਼-ਰੋਜ਼ ਸ਼ਾਮ ਨੂੰ ਸੌਣ ਵੇਲੇ ਇਹ ਸੋਚਣਾ ਕਿ ਜੇ ਮੌਤ ਅੱਜ ਆ ਜਾਵੇ, ਤਾਂ ਮੇਰੇ ਕੋਲ ਕੀ ਹੈ, ਜੋ ਮੌਤ ਦੀ ਮੌਜੂਦਗੀ ਵਿਚ ਮੁੱਲਵਾਨ ਹੋਵੇਗਾ? ਕੀ ਮੇਰਾ ਧਨ, ਕੀ ਮੇਰੀ ਜ਼ਮੀਨ, ਕੀ ਮੇਰਾ ਨਾਂ, ਪਦਵੀ-ਪ੍ਰਸਿੱਧੀ-ਕਿਹੜੀ ਚੀਜ਼ ਮੁੱਲਵਾਨ ਹੋਵੇਗੀ? ਪ੍ਰਾਣ ਇਕਦਮ ਤੜਫਣ ਲਗਣਗੇ, ਕਿਉਂਕਿ ਮੌਤ ਨੂੰ ਸਾਹਮਣੇ ਦੇਖ ਕੇ ਇਹ ਕੋਈ ਵੀ ਚੀਜ਼ਾਂ ਮੁੱਲਵਾਨ ਨਹੀਂ ਹਨ। ਸਿਰਫ ਧਿਆਨ ਹੀ ਮੁੱਲਵਾਨ ਹੋ ਸਕਦਾ ਹੈ।

ਮੌਤ ਦੇ ਛਿਨ ਵਿਚ ਜੇਕਰ ਕੋਈ ਚੀਜ਼ ਬਚ ਸਕਦੀ ਹੈ, ਜੋ ਮੌਤ ਨਹੀਂ ਮਿਟਾ ਸਕਦੀ, ਤਾਂ ਉਹ ਤੁਹਾਡੇ ਧਿਆਨ ਦੀ ਸਮਰਥਾ ਹੈ, ਤੁਹਾਡੇ ਅੰਦਰ ਦਾ ਮੌਨ ਹੈ, ਤੁਹਾਡੇ ਅੰਦਰ ਦੀ ਸ਼ਾਂਤੀ ਹੈ, ਤੁਹਾਡਾ ਆਪਣਾ ਅਨੰਦ ਹੈ।

ਜੋ ਅਨੰਦ ਦੂਜਿਆਂ ਤੋਂ ਮਿਲਦਾ ਹੈ, ਵਸਤੂਆਂ ਤੋਂ ਮਿਲਦਾ ਹੈ, ਬਾਹਰ ਤੋਂ ਆਉਂਦਾ ਹੈ, ਮੌਤ ਉਸਨੂੰ ਖੋਹ ਲਵੇਗੀ। ਜੋ ਵੀ ਬਾਹਰ ਦਾ ਜਗਤ ਹੈ, ਮੌਤ ਉਸਨੂੰ ਖੋਹ ਲਵੇਗੀ। ਸਮਝੋ ਕਿ ਜੋ ਵੀ ਬਾਹਰੀ ਹੈ, ਮੌਤ ਉਸਨੂੰ ਖੋਹ ਲਵੇਗੀ।

ਅੰਦਰੂਨੀ ਕੀ ਹੈ ਤੁਹਾਡੇ ਕੋਲ? ਹੈ ਕੋਈ ਸੰਪਦਾ ਜੋ ਅੰਦਰੂਨੀ ਹੋਵੇ? ਹੈ ਅਜੇਹਾ ਕੋਈ ਸੁਖ, ਜੋ ਅਕਾਰਨ ਹੋਵੇ, ਜਿਸ ਦੀਆਂ ਬਾਹਰ ਕੋਈ ਜੜ੍ਹਾਂ ਨਾ ਹੋਣ? ਹੈ ਅਜੇਹੀ ਕੋਈ ਮੌਤ ਜੋ ਤੁਹਾਡੀ ਆਪਣੀ ਹੋਵੇ, ਜੋ ਪਤਨੀ ਦੇ ਕਾਰਨ ਨਹੀਂ ਹੈ, ਪਤੀ ਦੇ ਕਾਰਨ ਨਹੀਂ ਹੈ, ਪੁੱਤਰ ਦੇ ਕਾਰਨ ਨਹੀਂ ਹੈ, ਪਿਤਾ ਦੇ ਕਾਰਨ ਨਹੀਂ ਹੈ, ਮਿੱਤਰ ਦੇ ਕਾਰਨ ਨਹੀਂ ਹੈ? ਕਿਸੇ ਦੇ ਕਾਰਨ ਨਹੀਂ ਹੈ, ਬਸ ਤੁਹਾਡੇ ਹੀ ਕਾਰਨ ਹੈ। ਜੋ ਤੁਹਾਡੇ ਕਾਰਨ ਹੈ, ਮੌਤ ਤੁਹਾਨੂੰ ਨਹੀਂ ਮਿਟਾਉਂਦੀ ਹੈ। ਉਹ ਇਸਲਈ ਲਗਦਾ ਹੈ ਕਿ ਤੁਸੀਂ ਹੋ ਹੀ ਨਹੀਂ। ਤੁਹਾਡੇ ਕੋਲ ਜੋ ਹੈ, ਉਹ ਸਭ ਉਧਾਰਾ ਹੈ, ਬਾਹਰ ਤੋਂ ਲਿਆ ਹੋਇਆ। ਰਿਫਲੇਕਟਿਡ ਹੈ, ਝਲਕਾਰਾ ਹੈ।

ਇਉਂ ਸਮਝੋ ਕਿ ਚੰਦ ਹੈ। ਚੰਦ ਦੀ ਰਾਤ ਹੈ ਅਤੇ ਚੰਦ ਬੜੀ ਰੋਸ਼ਨੀ ਦਿੰਦਾ ਹੈ; ਲੇਕਿਨ ਚੰਦ ਦੀ ਰੋਸ਼ਨੀ ਉਧਾਰੀ ਹੈ। ਉਸ ਕੋਲ ਆਪਣੀ ਕੋਈ ਰੋਸ਼ਨੀ ਨਹੀਂ ਹੈ। ਸੂਰਜ ਦੀਆਂ ਕਿਰਨਾਂ ਹੀ ਉਸ ਉਤੇ ਪੈ ਕੇ ਵਾਪਸ ਮੁੜ ਜਾਂਦੀਆਂ ਹਨ। ਉਹ ਹੀ ਸਾਨੂੰ ਰੋਸ਼ਨੀ ਪ੍ਰਤੀਤ ਹੁੰਦੀ ਹੈ। ਇਸਲਈ ਠੰਡੀ ਹੈ ਉਸਦੀ ਰੋਸ਼ਨੀ। ਕਿਉਂਕਿ ਸੂਰਜ ਦੀ ਗਰਮੀ ਤਾਂ ਪੀ ਜਾਂਦਾ ਹੈ ਅਤੇ ਸਿਰਫ ਰੋਸ਼ਨੀ ਰਿਫਲੇਕਟ ਹੁੰਦੀ ਹੈ। ਇਸਲਈ ਚੰਦ ਠੰਡਾ ਹੈ। ਬਾਕੀ ਰੋਸ਼ਨੀ ਉਸ ਕੋਲ ਸੂਰਜ ਦੀ ਹੀ ਹੈ। ਇਹ ਨਾ ਸੋਚਣਾ

ਕਿ ਚੰਦ ਉੱਤੇ ਜਿਹੜੇ ਲੋਕ ਉਤਰੇ ਹਨ, ਉਹਨਾਂ ਨੂੰ ਚੰਦ 'ਤੇ ਰੋਸ਼ਨੀ ਮਿਲੀ ਹੋਵੇਗੀ। ਉਥੇ ਕੋਈ ਰੋਸ਼ਨੀ ਨਹੀਂ ਹੈ। ਉਹ ਤਾਂ ਚੰਦ ਸਿਰਫ ਰਿਫਲੈਕਟਿਡ ਹੈ। ਰੋਸ਼ਨੀ ਸਾਡੀਆਂ ਅੱਖਾਂ ਤਕ, ਸਾਡੀ ਅੱਖ 'ਤੇ ਚੋਟ ਕਰਕੇ ਸਾਨੂੰ ਜਾਣ ਪੈਂਦੀ ਹੈ।

ਸਾਡੀ ਪ੍ਰਿਥਵੀ ਵੀ ਚੰਦ ਉੱਤੇ ਖੜ੍ਹੇ ਹੋ ਕੇ ਚੰਦ ਜਿਹੀ ਪ੍ਰਤੀਤ ਹੁੰਦੀ ਹੈ। ਇਹ ਤੁਹਾਨੂੰ ਖਿਆਲ ਵਿਚ ਨਹੀਂ ਹੋਵੇਗਾ ਕਿ ਤੁਹਾਡੀ ਇਹ ਜ਼ਮੀਨ ਗੰਦੀ, ਮਿੱਟੀਰੰਗੀ, ਇਹ ਚੰਦ ਦਾ ਟੁਕੜਾ ਹੈ। ਚੰਦ 'ਪਰ' ਤੋਂ ਰੋਸ਼ਨ ਹੈ, ਇਸਦੇ ਕੋਲ ਵੀ ਉਧਾਰੀ ਸੰਪਤੀ ਹੈ; ਸੂਰਜ ਦੇ ਕੋਲ ਆਪਣੀ ਰੋਸ਼ਨੀ ਹੈ।

ਸੰਸਾਰਕ ਆਦਮੀ ਚੰਦ ਦੀ ਤਰ੍ਹਾਂ ਹੈ, ਅਧਿਆਤਮਕ ਵਿਅਕਤੀ ਸੂਰਜ ਦੀ ਤਰ੍ਹਾਂ ਹੋਣ ਲਗਦਾ ਹੈ।

ਤੁਹਾਡੀ ਮੌਤ ਤੁਹਾਥੋਂ ਉਹ ਸਭ ਖੋਹ ਲਵੇਗੀ, ਜੋ ਉਧਾਰਾ ਹੈ। ਸਿਰਫ ਤੁਹਾਡਾ ਆਪਣਾ ਜੋ ਹੈ, ਉਹੀ ਤੁਹਾਥੋਂ ਨਹੀਂ ਖੋਹਿਆ ਜਾਏਗਾ।

ਇਸਨੂੰ ਰੋਜ਼ ਰਾਤੀਂ ਸੌਣ ਸਮੇਂ ਸੋਚ ਲੈਣਾ ਕਿ ਜੇ ਮੌਤ ਵਾਪਰ ਜਾਵੇ, ਤਾਂ ਮੇਰੇ ਕੋਲ ਕੀ ਹੈ, ਜੋ ਮੌਤ ਨਹੀਂ ਮਿਟਾ ਸਕੇਗੀ। ਉਸ ਤੋਂ ਬੇਚੈਨੀ ਹੋਵੇ,ਤਾਂ ਘਬਰਾਉਣਾ ਨਾ। ਬੇਚੈਨੀ ਚੰਗੀ ਹੈ। ਉਸ ਬੇਚੈਨੀ ਨਾਲ ਸ਼ਾਇਦ ਇਹ ਖਿਆਲ ਜਾਗਣਾ ਸ਼ੁਰੂ ਹੋ ਜਾਵੇ ਕਿ ਮੈਂ ਕੁਝ ਕਮਾਵਾਂ ਜੋ ਮੌਤ ਮੈਥੋਂ ਨਾ ਖੋਹ ਸਕੇ। ਇਕ ਹੀ ਕਮਾਈ ਹੈ, ਕਮਾਉਣ ਯੋਗ—ਉਹ ਇਹ ਹੈ, ਜਿਸਨੂੰ ਮੌਤ ਨਾ ਖੋਹ ਸਕੇ। ਮੌਤ ਪ੍ਰੀਖਿਆ ਹੈ। ਜੋ ਮੌਤ ਖੋਹ ਲਵੇ, ਤੁਸੀਂ ਸਮਝਣਾ, ਤੁਸੀਂ ਕੂੜਾ-ਕਚਰਾ ਇਕੱਠਾ ਕਰ ਲਿਆ ਸੀ।

'ਸਮਾਂ ਰਹਿੰਦਿਆਂ ਸੰਭਲ ਜਾ। ਮੌਤ ਕਿਸੇ ਵੀ ਪਲ ਆ ਸਕਦੀ ਹੈ, ਉਸ ਤੋਂ ਪਹਿਲਾਂ ਸਾਰਥਕ ਦੀ ਖੋਜ 'ਤੇ ਨਿਕਲ ਜਾ।'

'ਜੇ ਤੂੰ ਯਤਨ ਕੀਤਾ ਤੇ ਅਸਫਲ ਹੋ ਗਿਆ, ਅਜਿੱਤ ਲਤਾੜੇ, ਤਾਂ ਵੀ ਹੌਸਲਾ ਨਾ ਛੱਡ।'

ਡਰ ਕੀ ਹੈ?

ਇਸ ਅੰਤਰਯਾਤਰਾ ਵਿਚ ਜਾਣ ਦਾ ਇਕ ਹੀ ਡਰ ਹੈ ਕਿ ਕਿਤੇ ਨਾਕਾਮ ਨਾ ਹੋ ਜਾਵਾਂ। ਅਤੇ ਡਰ ਸੁਭਾਵਕ ਹੈ, ਕਿਉਂਕਿ ਜਟਲ ਹੈ ਯਾਤਰਾ। ਮੁਸ਼ਕਲ ਨਾਲ ਕਦੇ ਕੋਈ ਬੁੱਧ, ਅਤੇ ਮਹਾਂਵੀਰ ਅਤੇ ਕ੍ਰਿਸ਼ਨ ਅਤੇ ਕ੍ਰਾਈਸਟ ਹੁੰਦਾ ਹੈ। ਅਰਬਾਂ-ਖਰਬਾਂ ਲੋਕ ਪੈਦਾ ਹੁੰਦੇ ਹਨ, ਤਦ ਕਦੇ ਇਕ ਬੁੱਧ ਪੈਦਾ ਹੁੰਦਾ ਹੈ। ਤਾਂ ਸੁਭਾਵਕ ਤੌਰ 'ਤੇ ਅਰਬਾਂ-ਖਰਬਾਂ ਲੋਕਾਂ ਨੂੰ ਲਗਦਾ ਹੈ ਕਿ ਇਹ ਕਦੇ-ਕਦੇ ਹੁੰਦਾ ਹੈ ਇਕ ਬੁੱਧ, ਆਪਣੇ ਵੱਸ ਦੇ ਬਾਹਰ ਹੈ। ਆਪਣੇ ਵੱਸ ਦੇ ਅੰਦਰ ਤਾਂ ਇਹੀ ਹੈ ਕਿ ਦਸ ਗਜ਼ ਜ਼ਮੀਨ ਹੈ, ਤਾਂ ਬਾਰਾਂ ਗਜ਼ ਕਰ ਲਵੋ। ਆਪਣੇ ਵੱਸ ਵਿਚ ਤਾਂ ਇਹੀ ਹੈ ਕਿ ਦੁਕਾਨ ਇਕ ਹੈ, ਤਾਂ ਦੋ ਦੁਕਾਨਾਂ ਕਰ ਲਵੋ। ਆਪਣੇ ਵੱਸ ਵਿਚ ਤਾਂ ਇਹੀ ਹੈ ਕਿ ਇਕ ਬੈਂਕ ਵਿਚ ਬੈਲੇਂਸ ਹੈ, ਤਾਂ ਦੂਜੇ ਬੈਂਕ ਵਿਚ ਵੀ ਕਰ ਲਵੋ। ਆਪਣੇ ਵੱਸ ਵਿਚ ਇਹੀ ਹੈ ਕਿ ਕਾਗਜ਼ ਦੇ ਨੋਟ ਇਕੱਠੇ ਕਰਦੇ ਜਾਉ। ਲੇਕਿਨ ਆਪਣੇ ਵੱਸ ਵਿਚ ਇਹ ਨਹੀਂ

ਹੈ ਕਿ ਬੁੱਧ ਬਣ ਜਾਉ। ਬੁੱਧ ਤਾਂ ਕਰੋੜਾਂ ਵਿਚ ਕਦੇ ਇਕ ਹੁੰਦਾ ਹੈ। ਇਹ ਆਪਣੇ ਵੱਸ ਦੀ ਗੱਲ ਨਹੀਂ ਹੈ। ਇਸਲਈ ਸੂਤਰ ਕਹਿੰਦਾ ਹੈ ਕਿ ਤੂੰ ਯਤਨ ਕੀਤਾ ਅਤੇ ਅਸਫਲ ਹੋ ਗਿਆ, ਅਜਿੱਤ ਲੜਾਕੇ, ਤਾਂ ਹੌਸਲਾ ਨਾ ਛਡ।

ਬੁੱਧ ਕਰੋੜਾਂ ਵਿਚ ਇਕ ਹੁੰਦਾ ਹੈ, ਇਸਦਾ ਮਤਲਬ ਇਹ ਨਹੀਂ ਕਿ ਕਰੋੜਾਂ ਵਿਚ ਇਕ ਹੀ ਹੋਣ ਦੀ ਸਮਰੱਥਾ ਹੋਵੇ। ਕਰੋੜਾਂ ਦੀ ਸਮਰੱਥਾ ਹੁੰਦੀ ਹੈ। ਪਰ ਉਸ ਸਮਰੱਥਾ ਦਾ ਕੋਈ ਇਸਤਮਾਲ ਨਹੀਂ ਕਰਦਾ ਹੈ। ਸਾਨੂੰ ਖ਼ਿਆਲ ਨਹੀਂ ਹੈ ਕਿ ਸਾਡੀਆਂ ਕਿੰਨੀਆਂ ਸਮਰੱਥਾਵਾਂ ਐਵੇਂ ਹੀ ਨਸ਼ਟ ਹੋ ਜਾਂਦੀਆਂ ਹਨ।

ਹੁਣ ਮਨਸਵਿਦ ਦੱਸਦੇ ਹਨ ਕਿ ਸਧਾਰਨ ਆਦਮੀ ਆਪਣੇ ਦਿਮਾਗ ਦਾ ਸਿਰਫ ਪੰਜ ਫੀ ਸਦੀ ਇਸਤਮਾਲ ਕਰਦਾ ਹੈ—ਆਮ ਆਦਮੀ। ਅਤੇ ਜਿਹਨਾਂ ਨੂੰ ਅਸੀਂ ਗੈਰ-ਸਧਾਰਨ ਕਹਿੰਦੇ ਹਾਂ, ਮਹਾਂਪ੍ਰਤਿਭਾਸ਼ਾਲੀ ਕਹਿੰਦੇ ਹਾਂ। ਉਹ ਵੀ ਪੰਦਰਾਂ ਫੀ ਸਦੀ ਤੋਂ ਵਧ ਦਾ ਉਪਯੋਗ ਨਹੀਂ ਕਰਦੇ ਹਨ। ਵਡੇ ਤੋਂ ਵਡੇ ਜੀਨੀਅਸ ਪੰਦਰਾਂ ਫੀ ਸਦੀ ਤੋਂ ਜ਼ਿਆਦਾ ਦੀ ਵਰਤੋਂ ਨਹੀਂ ਕਰਦੇ ਹਨ। ਵਡੇ ਤੋਂ ਵਡੇ ਜੀਨੀਅਸ ਪੰਦਰਾਂ ਫੀ ਸਦੀ ਬੁੱਧੀ ਦਾ ਇਸਤਮਾਲ ਕਰਦੇ ਹਨ, ਜਿੰਨੀ ਉਹਨਾਂ ਦੇ ਕੋਲ ਹੈ। ਜ਼ਰਾ ਸੋਚੋ, ਜੇ ਆਦਮੀ ਆਪਣੀ ਸੌ ਫੀ ਸਦੀ ਬੁੱਧੀ ਦਾ ਇਸਤਮਾਲ ਕਰਨ, ਤਾਂ ਇਹ ਜ਼ਮੀਨ ਬੁੱਧੀਮਾਨਾਂ ਨਾਲ ਭਰ ਜਾਵੇ! ਜੇ ਤੁਸੀਂ ਪੰਜ ਫੀ ਸਦੀ ਕਰ ਰਹੇ ਹੋ, ਜੇਕਰ ਤਿੰਨ ਗੁਣਾ, ਪੰਦਰਾਂ ਫੀ ਸਦੀ ਕਰੋ, ਤਾਂ ਤੁਸੀਂ ਵੀ ਆਈਂਸਟੀਨ ਅਤੇ ਬਰਟ੍ਰੰਡ ਰਸਲ ਦੀ ਹੈਸੀਅਤ ਦੇ ਆਦਮੀ ਹੋ। ਅਤੇ ਉਹ ਸਿਰਫ ਪੰਦਰਾਂ ਫੀ ਸਦੀ ਹੈ। ਤੁਸੀਂ ਵੀ ਜੇਕਰ ਸੌ ਫੀ ਸਦੀ ਦਾ ਉਪਯੋਗ ਕਰੋ, ਤਾਂ ਅਜੇਹੀ ਪ੍ਰਤਿਭਾ ਧਰਤੀ ਉਤੇ ਕਦੇ ਕੋਈ ਹੋਈ ਹੀ ਨਹੀਂ ਹੈ। ਲੇਕਿਨ ਖੋਪੜੀ ਐਵੇਂ ਹੀ ਸੜ ਜਾਂਦੀ ਹੈ, ਉਸਦਾ ਉਪਯੋਗ ਵੀ ਨਹੀਂ ਹੋ ਪਾਂਦਾ।

ਅਤੇ ਬੁੱਧ ਦੀ ਪ੍ਰਤਿਭਾ ਤਾਂ ਕੁਝ ਵੀ ਨਹੀਂ, ਅਸੀਂ ਫਿਰ ਵੀ ਪੰਜ ਫੀ ਸਦੀ ਦਾ ਉਪਯੋਗ ਕਰ ਲੈਂਦੇ ਹਾਂ। ਆਤਮਾ ਦੀ ਪ੍ਰਤਿਭਾ ਦਾ ਅਸੀਂ ਕਿੰਨਾ ਉਪਯੋਗ ਕਰਦੇ ਹਾਂ? ਕਦੇ ਕਰੋੜਾਂ ਵਿਚ ਇਕ ਬੁੱਧ ਉਪਯੋਗ ਕਰਦਾ ਹੈ। ਬਾਕੀ ਕਰੋੜ ਉਪਯੋਗ ਕਰਦੇ ਹੀ ਨਹੀਂ, ਸਿਫਰ ਫੀ ਸਦੀ ਵੀ ਨਹੀਂ। ਬੁੱਧੀ ਦਾ ਉਪਯੋਗ ਪੰਜ ਫੀ ਸਦੀ ਕਰਦਾ ਹੈ ਆਮ ਆਦਮੀ, ਆਤਮਾ ਦਾ ਤਾਂ ਉਪਯੋਗ ਹੀ ਨਹੀਂ ਕਰਦਾ ਹੈ! ਅਤੇ ਬੁੱਧੀ ਦਾ ਵੀ ਪੰਜ ਫੀ ਸਦੀ ਉਪਯੋਗ ਇਸਲਈ ਕਰਦਾ ਹੈ ਕਿ ਇਹ ਜੋ ਉਪੱਦਰ ਦੀਆਂ ਚੀਜ਼ਾਂ ਇਕੱਠੀਆਂ ਕਰ ਲਈਆਂ ਹਨ, ਉਹਨਾਂ ਦੇ ਲਈ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਉਹ ਉਸਦਾ ਵੀ ਨਾ ਕਰਨ।

ਇਸਲਈ ਤੁਸੀਂ ਜਾਣ ਕੇ ਹੈਰਾਨ ਹੋਵੋਗੇ ਕਿ ਅਮੀਰ ਘਰ ਵਿਚ ਅਕਸਰ ਬੁੱਧੀਹੀਣ ਬੱਚੇ ਪੈਦਾ ਹੁੰਦੇ ਹਨ। ਜੇ ਗਧੇ ਲਭਣੇ ਹੋਣ, ਤਾਂ ਅਮੀਰ ਘਰਾਂ ਵਿਚ ਲਭਣ ਜਾਉ। ਉਸਦਾ ਕਾਰਨ ਹੈ, ਕਿਉਂਕਿ ਪੰਜ ਫੀ ਸਦੀ ਦੀ ਵੀ ਕਰਨ ਦੀ ਜ਼ਰੂਰਤ ਨਹੀਂ, ਤਾਂ ਕਿਉਂ ਕਰਨ? ਗਰੀਬ ਬੱਚੇ ਜ਼ਿਆਦਾ ਤੇਜ਼ ਜਾਣ ਪੈਂਦੇ ਹਨ। ਤੇਜ਼ੀ ਦਾ ਕਾਰਨ ਇਹ ਨਹੀਂ ਹੈ ਕਿ ਉਹ ਤੇਜ਼ ਹਨ; ਉਹਨਾਂ ਦੀ ਤੇਜ਼ੀ ਦਾ ਕਾਰਨ ਇਹ ਹੈ ਕਿ ਉਹਨਾਂ ਦੇ ਕੋਲ ਕੁਝ ਵੀ ਨਹੀਂ ਹੈ—ਨਾ ਮਕਾਨ ਹੈ, ਨਾ ਗੱਡੀ ਹੈ,

ਨਾ ਧਨ ਹੈ; ਇਹ ਸਭ ਚਾਹੀਦਾ ਹੈ। ਉਹਦੇ ਲਈ ਪੰਜ ਫੀ ਸਦੀ ਉਹ ਵੀ ਜ਼ਰਾ ਨੱਚਣ–ਟੱਪਣ ਮਚਾਉਂਦੇ ਹਨ। ਅਮੀਰ ਘਰ ਵਿਚ ਇਹ ਸਭ ਹੈ। ਇਹ ਜੋ ਪੰਜ ਫੀ ਸਦੀ ਦਾ ਉਪਯੋਗ ਕਰਦੇ ਹਨ, ਮੁਸ਼ਕਲ ਨਾਲ ਮਰਦੇ–ਮਰਦੇ ਤਕ ਪ੍ਰਾਪਤ ਕਰ ਸਕਣਗੇ। ਉਹ ਉਸਨੂੰ ਉਂਜ ਹੀ ਮਿਲਿਆ ਹੋਇਆ ਹੈ, ਇਸਲਈ ਅਮੀਰ ਘਰ ਦੇ ਬੱਚੇ ਬੁੱਧੀ ਤੋਂ ਢਿਲੇ ਹੋ ਜਾਂਦੇ ਹਨ। ਉਹ ਪੰਜ ਫੀ ਸਦੀ ਦਾ ਉਪਯੋਗ ਵੀ ਨਹੀਂ ਕਰਦੇ ਹਨ। ਉਹ ਕਰਨ ਵੀ ਕਿਉਂ? ਸੱਚ ਤਾਂ ਇਹ ਹੈ ਕਿ ਅਮੀਰ ਆਦਮੀ ਨੂੰ ਕਰਨਾ ਹੀ ਨਹੀਂ ਚਾਹੀਦਾ। ਇਹ ਤਾਂ ਗਰੀਬਾਂ ਦਾ ਕੰਮ ਹੈ। ਜਿਵੇਂ ਗਰੀਬ ਆਦਮੀ ਸਰੀਰਕ ਮਿਹਨਤ ਕਰਦਾ ਹੈ, ਅਤੇ ਅਮੀਰ ਆਦਮੀ ਨਹੀਂ ਕਰਦਾ ਹੈ। ਇਹ ਵੀ ਤਾਂ ਗਰੀਬ ਦਾ ਕੰਮ ਹੈ, ਉਹ ਕਰੇ ਕਿਉਂ? ਇਵੇਂ ਹੀ ਉਹ ਬੌਧਕ ਮਿਹਨਤ ਵੀ ਨਹੀਂ ਕਰਦਾ, ਇਹ ਵੀ ਗਰੀਬ ਦਾ ਕੰਮ ਹੈ।

ਇਸਲਈ ਦੁਨੀਆਂ ਵਿਚ ਬੜੇ ਲਿਆਕਤ ਵਾਲੇ ਵਿਅਕਤੀ ਜੋ ਪੈਦਾ ਹੁੰਦੇ ਹਨ, ਉਹ ਦਰਮਿਆਨੇ ਤਬਕੇ ਤੋਂ ਆਉਂਦੇ ਹਨ। ਅਮੀਰ ਘਰਾਂ ਤੋਂ ਘਟ ਪ੍ਰਤਿਭਾਵਾਨ ਲੋਕ ਆਉਂਦੇ ਹਨ। ਗਰੀਬ ਦੇ ਘਰੋਂ ਵੀ ਘਟ ਆਉਂਦੇ ਹਨ, ਕਿਉਂਕਿ ਪੰਜ ਫੀ ਸਦੀ ਦਾ ਵੀ ਉਪਾਅ ਕਰਨ ਨੂੰ ਨਹੀਂ ਮਿਲਦਾ, ਕਿ ਉਹ ਪੰਜ ਫੀ ਸਦੀ ਪ੍ਰਤਿਭਾ ਦਾ ਵੀ ਉਪਯੋਗ ਕਰ ਲੈਣ। ਇਸਦੀ ਸਹੂਲਤ ਵੀ ਨਹੀਂ ਮਿਲਦੀ। ਅਮੀਰਾਂ ਨੂੰ ਸਾਰੀ ਸਹੂਲਤ ਮਿਲਦੀ ਹੈ, ਇਸਲਈ ਕੋਈ ਜ਼ਰੂਰਤ ਨਹੀਂ ਹੁੰਦੀ। ਦੋਹਾਂ ਦੇ ਵਿਚਕਾਰ ਜੋ ਮਿਡਲ ਕਲਾਸ ਹੈ, ਦਰਮਿਆਨਾ ਤਬਕਾ ਹੈ, ਉਸਨੂੰ ਕੁਝ ਸਹੂਲਤ ਵੀ ਮਿਲੀ ਹੈ ਕਿ ਉਹ ਉਪਯੋਗ ਕਰ ਸਕਣ। ਅਤੇ ਉਪਯੋਗ ਕਰਨਾ ਚਾਹੁੰਦਾ ਹੈ, ਕਿਉਂਕਿ ਉਸਨੂੰ ਦਿਸਦਾ ਹੈ ਕਿ ਜੋ ਉਸਦੇ ਕੋਲ ਨਹੀਂ ਹੈ ਉਹ ਉਸ ਕੋਲ ਹੋ ਸਕਦਾ ਹੈ। ਇਸਲਈ ਉਹ ਬੁੱਧੀ ਦਾ ਉਪਯੋਗ ਕਰਦੇ ਹਨ।

ਜੇਕਰ ਸੱਚਮੁਚ ਹੀ ਦੁਨੀਆਂ ਵਿਚ ਕਿਸੇ ਦਿਨ ਸਮਾਜਵਾਦ ਆ ਜਾਵੇ ਅਤੇ ਸਾਰਿਆਂ ਨੂੰ ਮਿਲਣ ਲਗੇ ਉਹਨਾਂ ਦੀ ਲੋੜ ਅਨੁਸਾਰ, ਅਤੇ ਸਭ ਨੂੰ ਬਰਾਬਰ ਮਿਲਣ ਲਗੇ, ਤਾਂ ਸ਼ਾਇਦ ਆਦਮੀ ਪੰਜ ਫੀ ਸਦੀ ਬੁੱਧੀ ਦਾ ਵੀ ਉਪਯੋਗ ਨਹੀਂ ਕਰੇਗਾ। ਉਹ ਵੀ ਖੋ ਦੇਵੇਗਾ। ਉਸਦੀ ਵੀ ਲੋੜ ਨਹੀਂ ਹੋਵੇਗੀ। ਇਸਦਾ ਡਰ ਪੈਦਾ ਹੋ ਰਿਹਾ ਹੈ, ਕਿਉਂਕਿ ਹੁਣ ਕੰਪਿਊਟਰ ਬਣ ਗਏ ਹਨ, ਜੋ ਮਨੁੱਖ ਦੀ ਬੁੱਧੀ ਦਾ ਕੰਮ ਕਰ ਸਕਦੇ ਹਨ। ਅਜੇਹੇ ਯੰਤਰ ਬਣ ਗਏ ਹਨ, ਇਸਲਈ ਇਸ ਗੱਲ ਦਾ ਡਰ ਹੈ। ਜਿਵੇਂ, ਤੁਹਾਨੂੰ ਖਿਆਲ ਵਿਚ ਨਾ ਹੋਵੇ, ਜਿਨ੍ਹਾਂ ਮੁਲਕਾਂ 'ਚ ਵਿਦਿਆਰਥੀਆਂ ਨੂੰ ਟਾਈਪਰਾਈਟਰ ਮਿਲ ਗਏ, ਉਹਨਾਂ ਦੀ ਹੱਥ ਲਿਖਤ ਬਿਲਕੁਲ ਵਿਗੜ ਗਈ, ਖ਼ਤਮ ਹੋ ਗਈ! ਹੱਥ ਨਾਲ ਉਹ ਕੁਝ ਵੀ ਲਿਖਣ, ਤਾਂ ਉਹਨਾਂ ਦੀ ਆਪਣੀ ਹੀ ਸਮਝ ਵਿਚ ਨਹੀਂ ਆਉਂਦਾ। ਯੰਤਰ ਨੇ ਕੰਮ ਸੰਭਾਲ ਲਿਆ ਹੈ। ਫਾਊਂਨਟੇਨ ਪੈੱਨ ਜਦ ਨਹੀਂ ਸੀ, ਤਾਂ ਅੱਖਰਾਂ ਵਿਚ ਜੋ ਸੁਹਜ ਸੀ, ਉਹ ਹੁਣ ਨਹੀਂ ਹੈ। ਟਾਈਪਰਾਈਟਰ ਜੇਕਰ ਮਿਲ ਜਾਵੇ ਸਭ ਨੂੰ ਕਰਨ ਲਈ, ਤਾਂ ਅੱਖਰ ਬਿਲਕੁਲ ਸਿਫ਼ਰ ਹੋ ਜਾਣਗੇ।

ਜੇ ਅੱਜ ਨਹੀਂ ਕਲ੍ਹ ਕੰਪਿਊਟਰ ਨੇ ਸਾਰਾ ਕੰਮ ਕਰਨਾ ਸ਼ੁਰੂ ਕਰ ਦਿਤਾ ਬੁੱਧੀ ਦਾ—ਅਤੇ ਉਹ ਤੁਹਾਥੋਂ ਲੱਖ ਗੁਣਾਂ

ਵਧ ਕੰਮ ਕਰ ਸਕਦਾ ਹੈ, ਤਾਂ ਤੁਹਾਡੀ ਬੁੱਧੀ ਦੀ ਕੀ ਜ਼ਰੂਰਤ ਰਹੀ? ਇੰਨੀ ਜ਼ਰੂਰਤ ਰਹੀ ਕਿ ਕੰਪਿਊਟਰ ਕਿਵੇਂ ਚਲਾਇਆ ਜਾਵੇ। ਉਸਨੂੰ ਚਲਾਉਣ-ਭਰ ਦੀ ਬੁੱਧੀ ਕਾਫੀ ਹੋਵੇਗੀ, ਬਾਕੀ ਸਭ ਕੰਮ ਕੰਪਿਊਟਰ ਕਰ ਲਵੇਗਾ ਤਾਂ ਸ਼ਾਇਦ ਆਦਮੀ ਪੰਜ ਫੀ ਸਦੀ ਦਾ ਵੀ ਉਪਯੋਗ ਨਾ ਕਰੇ।

ਅਤੇ ਆਤਮਾ ਦੇ ਮਾਮਲੇ ਵਿਚ ਤਾਂ ਅਸੀਂ ਉਪਯੋਗ ਕਰਦੇ ਹੀ ਨਹੀਂ, ਸਾਡੀ ਸੌ ਫੀ ਸਦੀ ਆਤਮਾ ਪੈਕਡ, ਬੰਦ ਵਾਪਸ ਮੁੜ ਜਾਂਦੀ ਹੈ, ਖੁਲ੍ਹਦੀ ਹੀ ਨਹੀਂ। ਕਦੇ ਕੋਈ ਇਕ ਬੁੱਧ ਖੋਲ੍ਹਦਾ ਹੈ। ਇਸ ਕਰਕੇ ਡਰਨ ਦਾ ਕਾਰਨ ਨਹੀਂ ਹੈ ਕਿ ਸਾਡੀ ਸਮਰੱਥਾ ਨਹੀਂ ਹੈ। ਸਾਡੀ ਵੀ ਸਮਰੱਥਾ ਹੈ, ਲੇਕਿਨ ਅਸਫਲ ਹੋਣ ਦੇ ਲਈ ਤਿਆਰ ਹੋਣਾ ਚਾਹੀਦਾ ਹੈ।

ਜਿਹੜਾ ਆਦਮੀ ਅਸਫਲਤਾ ਤੋਂ ਬਹੁਤ ਡਰਦਾ ਹੈ, ਉਹ ਕਦੇ ਵੀ ਸਫਲ ਨਹੀਂ ਹੁੰਦਾ। ਜਿਹੜਾ ਨਾਕਾਮੀ ਤੋਂ ਡਰਦਾ ਹੈ, ਉਹ ਕਦਮ ਹੀ ਨਹੀਂ ਚੁਕਦਾ ਕਿ ਕਿਤੇ ਨਾਕਾਮ ਨਾ ਹੋ ਜਾਈਏ। ਜਿਹੜਾ ਡਰਦਾ ਹੈ ਕਿ ਭੁੱਲ-ਚੁੱਕ ਨਾ ਹੋ ਜਾਵੇ, ਭੁੱਲ-ਚੁੱਕ ਤਾਂ ਨਹੀਂ ਹੁੰਦੀ, ਪਰ ਯਾਤਰਾ ਵੀ ਨਹੀਂ ਹੁੰਦੀ। ਅਸਫਲਤਾ ਦੀ ਤਿਆਰੀ ਹੋਣੀ ਚਾਹੀਦੀ ਹੈ, ਤਾਂ ਹੀ ਕੋਈ ਸਫਲ ਹੋ ਸਕਦਾ ਹੈ। ਇਸਲਈ ਬੱਚੇ ਸਿੱਖ ਲੈਂਦੇ ਹਨ। ਜਿਵੇਂ-ਜਿਵੇਂ ਉਮਰ ਵਧਦੀ ਹੈ, ਸਿੱਖਣ ਦੀ ਪਾਤਰਤਾ ਘਟ ਹੋ ਜਾਂਦੀ ਹੈ। ਕਿਉਂਕਿ ਬੱਚੇ ਅਸਫਲਤਾ ਤੋਂ ਨਹੀਂ ਡਰਦੇ ਹਨ, ਉਹਨਾਂ ਨੂੰ ਅਜੇ ਪਤਾ ਨਹੀਂ ਹੈ ਕਿ ਅਸਫਲਤਾ ਵਿਚ ਅਤੇ ਸਫਲਤਾ ਵਿਚ ਕੋਈ ਖ਼ਾਸ ਫਰਕ ਹੈ, ਅਜੇ ਉਹ ਸਿਖ ਲੈਂਦੇ ਹਨ। ਜਿਵੇਂ-ਜਿਵੇਂ ਤੁਹਾਨੂੰ ਪਤਾ ਲਗਦਾ ਹੈ ਕਿ ਕਿਤੇ ਅਸਫਲ ਨਾ ਹੋ ਜਾਵਾਂ, ਸਿੱਖਣਾ ਮੁਸ਼ਕਲ ਹੋ ਜਾਂਦਾ ਹੈ।

ਜੇ ਇਕ ਬੱਚੇ ਨੂੰ ਕੋਈ ਓਪਰੀ ਜ਼ਬਾਨ ਸਿਖਾਉਣੀ ਹੋਵੇ, ਦੂਜੇ ਦੀ ਭਾਸ਼ਾ ਸਿਖਾਉਣੀ ਹੋਵੇ, ਤਾਂ ਉਹ ਛੇਤੀ ਸਿਖ ਲੈਂਦਾ ਹੈ। ਤੁਸੀਂ ਨਹੀਂ ਸਿਖ ਪਾਂਦੇ, ਕਿਉਂਕਿ ਤੁਹਾਨੂੰ ਸਦਾ ਡਰ ਲਗਾ ਰਹਿੰਦਾ ਹੈ ਕਿ ਕਿਤੇ ਕੋਈ ਗਲਤੀ, ਕਿਤੇ ਕੋਈ ਭੁੱਲ-ਚੁੱਕ ਨਾ ਹੋ ਜਾਵੇ।

'ਇਸ ਆਤਮਾ ਦੀ ਯਾਤਰਾ 'ਤੇ ਜੇ ਅਸਫਲ ਵੀ ਹੋ ਗਿਆ, ਤਾਂ ਡਰ ਨਾ। ਹੌਸਲਾ ਨਾ ਛਡ, ਲੜੀ ਜਾ ਅਤੇ ਵਾਰ-ਵਾਰ ਯੁੱਧ ਵਿਚ ਜੁਟਦਾ ਰਹਿ।'

ਦਸ ਅਸਫਲਤਾਵਾਂ ਮਿਲ ਕੇ ਸਫਲਤਾ ਬਣ ਜਾਂਦੀਆਂ ਹਨ, ਸਫਲਤਾ ਹੋਰ ਕੁਝ ਹੈ ਵੀ ਨਹੀਂ। ਜਿਹੜਾ ਆਦਮੀ ਦਸ ਅਸਫਲਤਾਵਾਂ ਵਿਚ ਵੀ ਹੌਸਲੇ ਨਾਲ ਵਧਦਾ ਚਲਿਆ ਜਾਂਦਾ ਹੈ, ਸਫਲਤਾ ਉਸਨੂੰ ਹਾਸਲ ਹੋ ਜਾਂਦੀ ਹੈ। ਸਫਲਤਾ ਅਸਫਲਤਾ ਦੇ ਉਲਟ ਨਹੀਂ ਹੈ—ਸਭ ਅਸਫਲਤਾਵਾਂ ਦਾ ਸਾਰ-ਨਿਚੋੜ ਹੈ। ਇਹ ਜ਼ਰਾ ਉਲਟਾ ਲਗੇਗਾ। ਸਫਲਤਾ ਅਸਫਲਤਾ ਦਾ ਵਿਰੋਧ ਨਹੀਂ ਹੈ, ਅਸਫਲਤਾਵਾਂ ਦਾ ਸਾਰ-ਨਿਚੋੜ ਹੈ। ਜਿਹੜਾ ਜ਼ਰਾ ਛੇਤੀ ਰੁਕ ਜਾਂਦਾ ਹੈ, ਦੋ-ਚਾਰ ਅਸਫਲਤਾਵਾਂ ਵਿਚ ਵੀ ਘਬਰਾ ਜਾਂਦਾ ਹੈ, ਉਹ ਕਦੇ ਸਫਲ ਨਹੀਂ ਹੋ ਪਾਂਦਾ ਹੈ। ਕਿਉਂਕਿ ਉਸਨੂੰ ਇਹ ਕਲਾ ਹੀ ਪਤਾ ਨਹੀਂ ਕਿ ਸਾਰੀਆਂ ਅਸਫਲਤਾਵਾਂ ਜੁੜ ਕੇ ਸਫਲਤਾ ਬਣ ਜਾਂਦੀਆਂ ਹਨ।

ਉਡੀਕ ਚਾਹੀਦੀ ਹੈ। ਧੀਰਜ ਤੇ ਹੌਸਲਾ। ਅਤੇ ਜਿੰਨੀ ਵਡੀ ਯਾਤਰਾ ਹੋਵੇ... ਅੰਤਰ ਦੀ ਯਾਤਰਾ ਹੈ, ਉਥੇ ਤਾਂ ਬਹੁਤ ਅਸਫਲ ਹੋਣ ਦਾ ਹੌਸਲਾ ਚਾਹੀਦਾ ਹੈ।

'ਜਿਸਦੇ ਜ਼ਖਮਾਂ 'ਚੋਂ ਉਸਦੀ ਕੀਮਤੀ ਜੀਵਨ-ਰੱਤ ਵਹਿ ਰਹੀ ਹੋਵੇ, ਅਤੇ ਅਜੇਹਾ ਨਿਰਭੈ ਯੋਧਾ ਪ੍ਰਾਣ ਤਿਆਗਣ ਤੋਂ ਪਹਿਲਾਂ ਵੈਰੀ ਉਤੇ ਫਿਰ-ਫਿਰ ਹਮਲਾ ਕਰੇਗਾ। ਕਰਮ ਕਰੋ, ਤੁਸੀਂ ਸਾਰੇ ਜਿਹੜੇ ਨਿਹਫਲ ਤੇ ਦੁਖੀ ਹੋ, ਉਸਦੀ ਤਰ੍ਹਾਂ ਹੀ ਕਰਮ ਕਰੋ ਅਤੇ ਨਿਹਫਲ ਹੋਣ ਤੋਂ ਬਾਅਦ ਵੀ ਆਪਣੀ ਆਤਮਾ ਦੇ ਸਾਰੇ ਵੈਰੀਆਂ ਨੂੰ-ਉੱਚੀ ਆਸ, ਕ੍ਰੋਧ, ਘਿਰਨਾ ਅਤੇ ਆਪਣੀ ਵਾਸਨਾ ਦੇ ਪਰਛਾਵੇਂ ਤਕ ਨੂੰ ਕੱਢ ਬਾਹਰ ਕਰੋ।'

'ਯਾਦ ਰਹੇ ਕਿ ਤੂੰ ਮਨੁੱਖ ਦੀ ਮੁਕਤੀ ਦੇ ਲਈ ਯੁੱਧ ਕਰ ਰਿਹਾ ਹੈਂ, ਇਸਲਈ ਤੇਰੇ ਵਾਸਤੇ ਹਰੇਕ ਅਸਫਲਤਾ ਵੀ ਸਫਲਤਾ ਹੈ।'

ਇਹ ਬੜਾ ਕੀਮਤੀ ਸੂਤਰ ਹੈ, ਸਵਰਨ-ਸੂਤਰ ਹੈ। ਇਸਨੂੰ ਅਸੀਂ ਇਉਂ ਸਮਝੀਏ-

ਕੋਈ ਆਦਮੀ ਜੇਕਰ ਬੁਰਾ ਕਰਨ ਵਿਚ ਸਫਲ ਵੀ ਹੋ ਜਾਵੇ ਤਾਂ ਉਹ ਅਸਫਲਤਾ ਹੈ। ਬੁਰਾਈ ਵਿਚ ਪਾਈ ਗਈ ਸਫਲਤਾ ਅਸਫਲਤਾ ਹੈ। ਸਫਲਤਾ ਨਜ਼ਰ ਆਉਂਦੀ ਹੈ, ਲੇਕਿਨ ਤੁਹਾਨੂੰ ਪਤਾ ਨਹੀਂ ਹੈ ਕਿ ਤੁਹਾਡੀ ਆਤਮਾ ਅੰਦਰ ਅਸਫਲ ਹੋ ਗਈ। ਇਕ ਆਦਮੀ ਚੋਰੀ ਵਿਚ ਸਫਲ ਹੋ ਜਾਂਦਾ ਹੈ, ਪਰ ਚੋਰੀ ਦੀ ਸਫਲਤਾ ਵਿਚ ਉਸਦੀ ਆਤਮਾ ਟੁੱਟ ਜਾਂਦੀ ਹੈ, ਅਤੇ ਨਸ਼ਟ ਹੋ ਜਾਂਦੀ ਹੈ। ਬਾਹਰ ਸਫਲਤਾ ਦਿਖਾਈ ਪੈਂਦੀ ਹੈ, ਅੰਦਰ ਅਸਫਲਤਾ ਹੋ ਗਈ। ਸਸਤੇ ਵਿਚ ਕੀਮਤੀ ਚੀਜ਼ ਵੇਚ ਦਿਤੀ। ਉਸਦੀ ਹਾਲਤ ਅਜੇਹੀ ਹੈ, ਜਿਵੇਂ ਕਿਸੇ ਉੱਤੇ ਗੁੱਸਾ ਆ ਗਿਆ ਤੇ ਕੋਲ ਸੀ ਜੋ ਹੀਰਾ ਜ਼ੋਰ ਨਾਲ ਵਗਾਹ ਮਾਰਿਆ ਪੱਥਰ ਸਮਝ ਕੇ। ਸਫਲ ਤਾਂ ਹੋ ਗਿਆ ਚੋਟ ਪੁਜਾਉਣ ਵਿਚ, ਲੇਕਿਨ ਜੋ ਖੋ ਦਿਤਾ ਚੋਟ ਪੁਜਾਉਣ ਵਿਚ ਉਸਦਾ ਉਸਨੂੰ ਪਤਾ ਹੀ ਨਹੀਂ ਹੈ।

ਬੁਰਾਈ ਵਿਚ ਆਦਮੀ ਜਦ ਸਫਲ ਹੋ ਜਾਂਦਾ ਹੈ, ਤਾਂ ਅੰਦਰ ਟੁੱਟ ਜਾਂਦਾ ਹੈ, ਨਸ਼ਟ ਹੋ ਜਾਂਦਾ ਹੈ। ਅਤੇ ਜੋ ਚੁੱਕ ਰਿਹਾ ਹੈ ਉਹ ਬਹੁਤ ਜ਼ਿਆਦਾ ਹੈ, ਜੋ ਮਿਲ ਰਿਹਾ ਹੈ ਉਹ ਕੁਝ ਵੀ ਨਹੀਂ ਹੈ। ਇਸ ਤੋਂ ਉਲਟੀ ਘਟਨਾ ਵੀ ਵਾਪਰਦੀ ਹੈ, ਭਲਾਈ ਵਿਚ ਜਦ ਕੋਈ ਆਦਮੀ ਅਸਫਲ ਹੋ ਜਾਂਦਾ ਹੈ, ਤਾਂ ਵੀ ਸਫਲ ਹੁੰਦਾ ਹੈ। ਕਿਉਂਕਿ ਭਲਾਈ ਵਿਚ ਅਸਫਲ ਹੋ ਜਾਣਾ ਵੀ ਗੌਰਵਪੂਰਨ ਹੈ। ਭਲਾਈ ਕਰਨ ਦੀ ਕੋਸ਼ਿਸ਼ ਕੀਤੀ, ਇਹ ਵੀ ਕੀ ਘਟ ਹੈ? ਅਤੇ ਭਲਾਈ ਵਿਚ ਅਸਫਲ ਹੋ ਕੇ ਵੀ, ਫਿਰ ਭਲਾਈ ਜਾਰੀ ਰਖੀ-ਯਕੀਨਨ ਅੰਦਰ ਆਤਮਾ ਉਸਰਦੀ ਚਲੀ ਜਾਏਗੀ। ਆਤਮਾ ਇਕ ਗਹਿਰਾ ਅਨੁਭਵ ਹੈ-ਧੀਰਜ ਦਾ, ਉਡੀਕ ਦਾ, ਹੌਸਲੇ ਦਾ, ਮਿਹਨਤ ਦਾ ਅਤੇ ਭਰੋਸੇ ਦਾ।

ਸੁਣਿਆ ਹੈ ਮੈਂ, ਇਕ ਮੁਸਲਮਾਨ ਫ਼ਕੀਰ ਇਬਰਾਹੀਮ ਕਹਿੰਦਾ ਸੀ ਕਿ ਮੈਂ ਉਸ ਆਦਮੀ ਦੀ ਤਲਾਸ਼ ਵਿਚ ਹਾਂ, ਜਿਹੜਾ ਮੈਨੂੰ ਭਲਾਈ ਵਿਚ ਅਸਫਲ ਕਰ ਦੇਵੇ। ਅਸਫਲ ਤੋਂ ਉਸਦਾ ਮਤਲਬ ਇਹ ਸੀ ਕਿ ਜਿਸਦੀ ਵਜ੍ਹਾ ਨਾਲ ਮੈਨੂੰ

ਇਹ ਭਰੋਸਾ ਆ ਜਾਵੇ ਕਿ ਆਦਮੀ ਇੰਨਾ ਬੁਰਾ ਹੈ ਕਿ ਉਸਦੀ ਭਲਾਈ ਕਰਨਾ ਮੁਨਾਸਬ ਨਹੀਂ ਹੈ। ਜ਼ਿੰਦਗੀ ਵਿਚ ਬਹੁਤ ਲੋਕਾਂ ਨੇ ਉਸਨੂੰ ਧੋਖੇ ਦਿਤੇ, ਉਸ ਦੀਆਂ ਚੀਜ਼ਾਂ ਖੋਹ ਲਈਆਂ, ਉਸ ਦਾ ਸਮਾਨ ਚੁਰਾ ਕੇ ਲੈ ਗਏ, ਉਸਨੂੰ ਸੱਟਾਂ ਮਾਰੀਆਂ, ਪਰ ਹਰ ਵਾਰ ਉਹ ਹੱਸਦਾ ਰਿਹਾ ਅਤੇ ਕਹਿੰਦਾ ਰਿਹਾ—ਤੁਸੀਂ ਕੁਝ ਵੀ ਕਰੋ, ਪਰ ਮੈਂ ਇਨਸਾਨ ਉੱਤੇ ਭਰੋਸਾ ਨਹੀਂ ਗੁਆਵਾਂਗਾ। ਮੈਂ ਇੰਨਾ ਹੀ ਸਮਝਾਂਗਾ ਕਿ ਕਿਸੇ ਕੋਲੋਂ ਭੁੱਲ ਹੋ ਗਈ, ਪਰ ਇਹ ਕਦੇ ਨਹੀਂ ਸਮਝਾਂਗਾ ਕਿ ਆਦਮੀ ਬੁਰਾ ਹੈ।

ਜੇ ਇਕ ਆਦਮੀ ਤੁਹਾਨੂੰ ਧੋਖਾ ਦੇ ਦਿੰਦਾ ਹੈ—ਇਕ ਆਦਮੀ! ਇਸ ਜ਼ਮੀਨ ਉਤੇ ਤਿੰਨ ਅਰਬ ਆਦਮੀ ਹਨ। ਇਕ ਆਦਮੀ ਤੁਹਾਨੂੰ ਧੋਖਾ ਦੇ ਦਿੰਦਾ ਹੈ, ਤੁਸੀਂ ਕਹਿੰਦੇ ਹੋ : ਆਦਮੀ ਦਾ ਕੋਈ ਭਰੋਸਾ ਨਹੀਂ! ਆਦਮੀ ਦਾ ਕੋਈ ਭਰੋਸਾ ਨਹੀਂ ਹੈ ਹੁਣ ਤੁਸੀਂ ਕਿਸੇ ਉਤੇ ਭਰੋਸਾ ਨਹੀਂ ਕਰੋਗੇ। ਤੁਸੀਂ ਸਦਾ ਸਾਵਧਾਨ ਰਹੋਗੇ, ਕਿ ਕਿਤੇ ਕੋਈ ਧੋਖਾ ਦੇਣ ਦੀ ਕੋਸ਼ਿਸ਼ ਤਾਂ ਨਹੀਂ ਕਰ ਰਿਹਾ, ਕਿਉਂਕਿ ਇਕ ਆਦਮੀ ਨੇ ਤੁਹਾਨੂੰ ਧੋਖਾ ਦੇ ਦਿਤਾ! ਅਤੇ ਤਿੰਨ ਅਰਬ ਆਦਮੀਆਂ ਦੇ ਸਬੰਧ ਵਿਚ ਤੁਸੀਂ ਨਿਰਨਾ ਲੈ ਲਿਆ। ਬੜੀ ਛੋਟੀ ਤੁਹਾਡੀ ਭਲਾਈ ਅਸਫਲ ਹੋ ਜਾਂਦੀ ਹੈ ਅਤੇ ਤੁਸੀਂ ਅਸਫਲਤਾ ਵਿਚ ਭਰੋਸਾ ਕਰ ਲੈਂਦੇ ਹੋ।

ਭਲਾਈ ਵਿਚ ਕਿੰਨੀ ਹੀ ਅਸਫਲਤਾ ਮਿਲੇ, ਅਤੇ ਅੰਤਰਯਾਤਰਾ ਵਿਚ ਕਿੰਨੀਆਂ ਹੀ ਚੁੱਕਾਂ ਹੋ ਜਾਣ ਅਤੇ ਕਿੰਨੀ ਹੀ ਵਾਰ ਡਿਗਣਾ ਹੋ ਜਾਵੇ, ਘਬਰਾਣਾ ਨਾ; ਉਸ ਯਾਤਰਾ 'ਤੇ ਸਾਰੀਆਂ ਅਸਫਲਤਾਵਾਂ ਸਫਲਤਾਵਾਂ ਬਣ ਜਾਂਦੀਆਂ ਹਨ। ਉਸ ਤਰਫ ਚੱਲਣਾ ਹੀ ਵਡੀ ਸਫਲਤਾ ਹੈ। ਉਸ ਪਾਸੇ ਭੁੱਲਾਂ ਕਰਨਾ ਵੀ ਵਡਾ ਗੌਰਵ ਹੈ, ਵਡਾ ਗੁਣ ਹੈ। ਚੋਰ ਹੋ ਕੇ ਕੁਸ਼ਲ ਹੋ ਜਾਣਾ ਵੀ ਚੰਗਾ ਨਹੀਂ ਅਤੇ ਧਿਆਨੀ ਹੋ ਕੇ ਅਕੁਸ਼ਲ ਬਣੇ ਰਹਿਣਾ ਵੀ ਚੰਗਾ ਹੈ।

'ਫਿਰ ਯਾਦ ਰਹੇ, ਕਿ ਤੂੰ ਮਨੁੱਖ ਦੀ ਮੁਕਤੀ ਦੇ ਲਈ ਯੁੱਧ ਕਰ ਰਿਹਾ ਹੈਂ...'

ਤਾਂ ਇਹ ਇਕ ਹੋਰ ਵੀ ਕੀਮਤੀ ਧਾਰਨਾ ਹੈ। ਧਾਰਨਾ ਹੀ ਨਹੀਂ, ਇਕ ਕੀਮਤੀ ਸੱਚ ਹੈ ਕਿ ਜਦ ਵੀ ਇਕ ਆਦਮੀ ਮੁਕਤ ਹੁੰਦਾ ਹੈ ਇਸ ਪ੍ਰਿਥਵੀ ਉਤੇ, ਤਾਂ ਸਾਰੇ ਲੋਕਾਂ ਦੀ ਮੁਕਤੀ ਦਾ ਰਾਹ ਸਾਫ਼ ਹੁੰਦਾ ਹੈ। ਅਤੇ ਇਕ ਆਦਮੀ ਵੀ ਜਦ ਜ਼ਮੀਨ ਉਤੇ ਗਿਰਦਾ ਹੈ, ਪਤਤ ਹੁੰਦਾ ਹੈ, ਬੁਰਾ ਹੁੰਦਾ ਹੈ, ਤਾਂ ਉਹ ਸਾਰੇ ਲੋਕਾਂ ਨੂੰ ਵੀ ਕਿਸੇ ਨਾ ਕਿਸੇ ਢੰਗ ਨਾਲ ਬੁਰਾ ਕਰ ਜਾਂਦਾ ਹੈ, ਉਸਦਾ ਪਰਛਾਵਾਂ ਸਾਰਿਆਂ ਉਤੇ ਪੈ ਜਾਂਦਾ ਹੈ। ਅਸੀਂ ਇਕੱਠੇ ਹਾਂ, ਅਸੀਂ ਜੁੜੇ ਹਾਂ ਤੇ ਅਸੀਂ ਇਕ ਦੂਜੇ ਵਿਚ ਅੰਦੋਲਤ ਹੁੰਦੇ ਰਹਿੰਦੇ ਹਾਂ।

ਜਦ ਕੋਈ ਇਕ ਬੁੱਧ ਪੈਦਾ ਹੁੰਦਾ ਹੈ, ਤਾਂ ਸਾਰੀ ਪ੍ਰਿਥਵੀ ਵੀ ਉਸਦੇ ਬੁੱਧਤਵ ਨਾਲ ਅੰਦੋਲਤ ਹੁੰਦੀ ਹੈ। ਹੋਣੀ ਹੀ ਚਾਹੀਦੀ ਹੈ। ਇਕ ਫੁੱਲ ਵੀ ਖਿੜਦਾ ਹੈ, ਤਾਂ ਉਸਦੇ ਨਾਲ ਚਾਰ-ਚੁਫੇਰੇ ਦਾ ਮਾਹੌਲ ਖਿੜ ਜਾਂਦਾ ਹੈ। ਇਕ ਕਮਲ ਨੂੰ ਖਿੜਿਆ ਹੋਇਆ ਦੇਖਣਾ, ਉਸਦੇ ਨਾਲ ਪੂਰੀ ਝੀਲ ਵੀ ਖਿੜ ਜਾਂਦੀ ਹੈ, ਉਸਦੇ ਨਾਲ ਝੀਲ ਦੇ ਕੰਢੇ ਵੀ ਖਿੜ ਜਾਂਦੇ

ਹਨ। ਇਕ ਕਮਲ ਨੂੰ ਜੇਕਰ ਗੌਰ ਨਾਲ ਦੇਖੋ, ਤਾਂ ਉਸ ਛਿਨ ਵਿਚ ਸਾਰਾ ਜਗਤ ਉਸਦੇ ਨਾਲ ਖਿੜਦਾ ਹੈ, ਕਿਉਂਕਿ ਫੁੱਲ ਸਾਰੇ ਜਗਤ ਦਾ ਹਿੱਸਾ ਹੈ। ਅਸੀਂ ਨਾ ਦੇਖ ਸਕੀਏ, ਕਿਉਂਕਿ ਸਾਡੇ ਕੋਲ ਅੱਖਾਂ ਛੋਟੀਆਂ ਹਨ, ਅਤੇ ਸਮਝ ਨਾ ਦੇ ਬਰਾਬਰ ਹੈ ਤੇ ਅਸੀਂ ਗਹਿਰੇ 'ਚ ਨਹੀਂ ਉਤਰ ਸਕਦੇ, ਇਹ ਜੁਦਾ ਗੱਲ ਹੈ। ਫਿਰ ਜਦ ਬੁੱਧ ਵਰਗਾ ਫੁੱਲ ਖਿੜਦਾ ਹੋਵੇ ਤਾਂ ਸਾਨੂੰ ਭਾਵੇਂ ਦਿਖਾਈ ਪਵੇ ਜਾਂ ਨਾ ਪਵੇ, ਇਹ ਸਾਰਾ ਜਗਤ ਕਿਸੇ ਬੋਝ ਤੋਂ ਹੌਲਾ ਹੁੰਦਾ ਹੈ। ਬੁੱਧ ਦੇ ਹੋਣ ਪਿਛੋਂ ਤੁਸੀਂ ਜੋ ਹੋ, ਉਹ ਦੂਜੇ ਆਦਮੀ ਹੋ, ਬੁੱਧ ਦੇ ਹੋਣ ਤੋਂ ਪਹਿਲਾਂ ਤੁਸੀਂ ਦੂਜੇ ਆਦਮੀ ਸੀ।

ਲੋਕ ਮੇਰੇ ਕੋਲ ਆਉਂਦੇ ਹਨ ਕਦੀ ਅਤੇ ਪੁਛਦੇ ਹਨ ਕਿ ਕੀ ਫਾਇਦਾ ਹੋਇਆ ਬੁੱਧ, ਮਹਾਂਵੀਰ, ਕ੍ਰਿਸ਼ਨ ਅਤੇ ਕ੍ਰਾਈਸਟ ਤੋਂ; ਕੀ ਫਾਇਦਾ ਹੋਵੇਗਾ, ਤੁਹਾਥੋਂ; ਸਭ ਗੱਲਾਂ ਹਨ, ਸਭ ਖੋ ਜਾਂਦੀਆਂ ਹਨ, ਆਦਮੀ ਜਿਹੋ-ਜਿਹਾ ਹੈ, ਉਹੋ-ਜਿਹਾ ਹੀ ਬਣਿਆ ਰਹਿੰਦਾ ਹੈ; ਕਿਉਂ ਮਿਹਨਤ ਕਰਦੇ ਹੋ? ਕਿਉਂ ਵਿਅਰਥ ਪਰੇਸ਼ਾਨ ਹੁੰਦੇ ਹੋ? ਕਿਹਨਾਂ ਲਈ ਪਰੇਸ਼ਾਨ ਹੋ ਰਹੇ ਹੋ? ਬੁੱਧ ਪਰੇਸ਼ਾਨ ਹੋਏ, ਕ੍ਰਾਈਸਟ ਪਰੇਸ਼ਾਨ ਹੋਏ-ਕੀ ਫਾਇਦਾ ਹੈ?

ਉਹਨਾਂ ਨੂੰ ਪਤਾ ਨਹੀਂ। ਉਹਨਾਂ ਨੂੰ ਪਤਾ ਹੋ ਵੀ ਨਹੀਂ ਸਕਦਾ ਕਿ ਬੁੱਧ ਤੋਂ ਪਹਿਲਾਂ ਦੇ ਆਦਮੀ ਵਿਚ, ਅਤੇ ਬੁੱਧ ਤੋਂ ਬਾਅਦ ਦੇ ਆਦਮੀ ਵਿਚ ਜ਼ਮੀਨ ਤੇ ਅਸਮਾਨ ਦਾ ਫਰਕ ਹੈ, ਪਰ ਉਹ ਫਰਕ ਬੜਾ ਸੂਖਮ ਹੈ। ਬੁੱਧ ਦੇ ਖਿੜਨ ਦੇ ਨਾਲ ਆਦਮੀ ਦਾ ਭਵਿੱਖ ਹੋਰ ਹੋ ਗਿਆ, ਹੋਣੀ ਬਦਲ ਗਈ। ਬੁੱਧ ਦੇ ਬਾਅਦ ਹੁਣ ਇਤਿਹਾਸ ਕਦੇ ਉਹੀ ਨਹੀਂ ਹੋ ਸਕਦਾ, ਜੋ ਬੁੱਧ ਤੋਂ ਪਹਿਲਾਂ ਸੀ। ਰਾਹ 'ਚੋਂ ਇਕ ਪੱਥਰ ਹਟ ਗਿਆ, ਰਾਹ ਸਾਫ ਹੋ ਗਿਆ। ਹੁਣ ਤੁਸੀਂ ਨਾ ਤੁਰੋ ਤੁਹਾਡੀ ਜ਼ਿੰਮੇਦਾਰੀ ਹੈ, ਲੇਕਿਨ ਰਾਹ 'ਚ ਰੁਕਾਵਟ ਘਟ ਹੈ। ਇਕ ਆਦਮੀ ਚੱਲ ਚੁੱਕਾ ਹੈ। ਅਤੇ ਇਕ ਆਦਮੀ ਨੇ ਚੱਲ ਕੇ ਦਿਖਾ ਦਿਤਾ ਹੈ ਕਿ ਅਜੇਹਾ ਵੀ ਹੋ ਸਕਦਾ ਹੈ। ਇਹ ਹੋ ਸਕਦਾ ਹੈ ਕਿ ਬੁੱਧਤਵ ਆ ਜਾਵੇ। ਇਹ ਇਕ ਵਡੀ ਸੰਭਾਵਨਾ ਹੈ। ਅਤੇ ਇਹ ਸੰਭਾਵਨਾ ਭਵਿੱਖ ਵਿਚ ਹੈ। ਦੇਖਣਾ ਧਰਤੀ 'ਤੇ ਜਦ ਵੀ ਕੋਈ ਇਸ ਤਰ੍ਹਾਂ ਦੀ ਵਿਰਾਟ ਸ਼ਖਸੀਅਤ ਪੈਦਾ ਹੁੰਦੀ ਹੈ, ਤਾਂ ਸਾਰੀ ਪ੍ਰਿਥਵੀ 'ਤੇ ਉਸਦੀ ਪਰਤਵੀਂ ਗੂੰਜ ਸੁਣਾਈ ਪੈਂਦੀ ਹੈ।

ਪੰਜ ਸੌ ਸਾਲਾਂ ਵਿਚ, ਬੁੱਧ ਦੇ ਸਮੇਂ ਸਾਰੀ ਪ੍ਰਿਥਵੀ ਉਤੇ ਬੁੱਧਤਵ ਦੀ ਗੂੰਜ ਸੁਣਾਈ ਪਈ। ਜਦ ਬੁੱਧ ਭਾਰਤ ਵਿਚ ਪੈਦਾ ਹੋਏ, ਤਾਂ ਮਹਾਂਵੀਰ ਹੋ ਸਨ। ਸਿਰਫ ਬਿਹਾਰ ਵਿਚ, ਇਕ ਛੋਟੇ-ਜਿਹੇ ਸੂਬੇ ਵਿਚ, ਜੋ ਹਮੇਸ਼ਾ ਦਾ ਗਰੀਬ ਹੈ; ਜੋ ਉਸਦੇ ਪਹਿਲਾਂ ਵੀ ਗਰੀਬ ਸੀ, ਉਸਦੇ ਬਾਅਦ ਵੀ ਗਰੀਬ ਹੋ ਗਿਆ, ਕੁਝ ਵਰ੍ਹਿਆਂ ਦੇ ਲਈ ਬੁੱਧ ਦੇ ਨਾਲ-ਨਾਲ ਬਿਹਾਰ ਦੇ ਜਿਵੇਂ ਸਾਰੇ ਕਮਲ ਖਿੜ ਗਏ। ਸਿਰਫ ਛੋਟੇ-ਜਿਹੇ ਬਿਹਾਰ ਵਿਚ ਅੱਠ ਤੀਰਥੰਕਰ ਸਨ। ਗਜ਼ਬ ਉਹਨਾਂ ਦੀ ਪ੍ਰਤਿਭਾ ਸੀ ਅਤੇ ਠੀਕ ਉਸੇ ਸਮੇ ਯੂਨਾਨ ਵਿਚ ਪੈਥਾਗੋਰਸ ਸੀ, ਐਨ ਬੁੱਧ ਦੇ ਵਰਗੇ ਵਿਅਕਤੀ ਦੀ ਸਥਿਤੀ ਵਾਲਾ ਆਦਮੀ। ਥੋੜ੍ਹੇ ਦਿਨ ਪਿਛੋਂ ਸਾਕ੍ਰੇਟੀਜ਼ ਸੀ, ਪਲੈਟੋ ਸੀ, ਅਰਸਤੂ ਸੀ। ਚੀਨ ਵਿਚ ਲਾਓਤਸੂ ਸੀ, ਚੁਆਂਗਤਸੂ ਸੀ, ਕਨਫਿਊਸ਼ਿਅਸ ਸੀ, ਮੇਨਸ਼ੀਅਸ ਸੀ। ਉਸ ਛੋਟੇ-ਜਿਹੇ ਸਮੇਂ ਵਿਚ ਸਾਰੀ ਧਰਤੀ ਉਤੇ, ਛੋਟੇ-ਛੋਟੇ ਕਈ ਕਮਲ ਖਿੜੇ!

ਫਿਰ ਕਦੀ ਅਜੇਹਾ ਨਹੀਂ ਹੋਇਆ।

ਜਦ ਵੀ ਇਕ ਵਿਅਕਤੀ ਵੀ ਬੁੱਧਤਵ ਨੂੰ ਪਹੁੰਚਦਾ ਹੈ, ਤਾਂ ਉਸਦੀ ਝਣਕਾਰ ਬਹੁਤ ਵੀਣਾਵਾਂ 'ਚ ਵਜਦੀ ਹੈ। ਅਨੇਕਾਂ ਵਿਅਕਤੀ ਯਾਤਰਾਵਾਂ ਵਿਚ ਹਜ਼ਾਰਾਂ ਮੀਲ ਅੱਗੇ ਵਧ ਜਾਂਦੇ ਹਨ। ਜਿਹੜੇ ਆਪਣੀ ਮੰਜ਼ਲ ਦੇ ਬਿਲਕੁਲ ਕਰੀਬ ਸਨ, ਇਕ ਛਾਲ ਵਿਚ ਬੁੱਧਤਵ ਨੂੰ ਪਹੁੰਚ ਜਾਂਦੇ ਹਨ। ਜਿਹੜੇ ਬਹੁਤ ਦੂਰ ਸਨ, ਉਹ ਕਰੀਬ ਆ ਜਾਂਦੇ ਹਨ। ਜਿਹੜੇ ਬਿਲਕੁਲ ਸੁੱਤੇ ਹਨ, ਉਹ ਵੀ ਪਾਸਾ ਪਰਤਾਂਦੇ ਹਨ। ਜਿਨ੍ਹਾਂ ਦੀ ਨੀਂਦ ਗੂਹੜੀ ਸੀ, ਉਹਨਾਂ ਦਾ ਵੀ ਸੁਫਨਾ ਛਿਨ-ਭਰ ਨੂੰ ਟੁੱਟਦਾ ਹੈ। ਲੇਕਿਨ ਅਨੰਤ ਘਟਨਾਵਾਂ ਵਾਪਰਦੀਆਂ ਹਨ।

ਇਹ ਸੂਤਰ ਕਹਿੰਦਾ ਹੈ: 'ਯਾਦ ਰਹੇ, ਤੂੰ ਮਨੁੱਖ ਦੀ ਮੁਕਤੀ ਦੇ ਲਈ ਯੁੱਧ ਕਰ ਰਿਹਾ ਹੈਂ...'

ਇਹ ਮੁਕਤੀ ਦਾ ਯੁੱਧ ਤੇਰਾ ਆਪਣਾ ਇਕੱਲੇ ਦਾ ਨਹੀਂ, ਇਹ ਪੂਰੀ ਮਨੁੱਖਤਾ ਦਾ ਹੈ। ਤੇਰੇ ਨਾਲ, ਤੇਰੇ ਵਿਚ, ਤੇਰੇ ਦੁਆਰਾ, ਪੂਰੀ ਮਨੁੱਖਤਾ ਵੀ ਲੜ ਰਹੀ ਹੈ; ਤੂੰ ਤਾਂ ਲੜ ਹੀ ਰਿਹਾ ਹੈਂ। ਇਕ ਲਹਿਰ ਜੋ ਉਪਰ ਉਠਦੀ ਹੈ—ਲਹਿਰ ਤਾਂ ਉਪਰ ਉਠ ਹੀ ਰਹੀ ਹੈ, ਉਸਦੇ ਨਾਲ ਸਾਗਰ ਵੀ ਤਾਂ ਉਪਰ ਉਠ ਰਿਹਾ ਹੈ। ਜੇ ਲਹਿਰ ਕਿਸੇ ਦਿਨ ਚੰਦ ਨੂੰ ਛੋਹ ਲਵੇ, ਤਾਂ ਸਾਗਰ ਨੇ ਵੀ ਚੰਦ ਨੂੰ ਛੋਹ ਲਿਆ।

'ਤਾਂ ਯਾਦ ਰਹੇ, ਤੂੰ ਮਨੁੱਖ ਦੀ ਮੁਕਤੀ ਦੇ ਲਈ ਯੁੱਧ ਕਰ ਰਿਹਾ ਹੈਂ, ਇਸਲਈ ਤੇਰੇ ਵਾਸਤੇ ਹਰੇਕ ਅਸਫਲਤਾ ਵੀ ਸਫਲਤਾ ਹੈ। ਅਤੇ ਹਰੇਕ ਨਿਸ਼ਠਾਪੂਰਨ ਯਤਨ ਸਮੇਂ ਸਿਰ ਇਨਾਮ ਪਾਂਦਾ ਹੈ।'

ਕਾਹਲੀ ਨਾ ਕਰਨਾ ਇਨਾਮ ਦੀ, ਅਤੇ ਛੇਤੀ ਨਾ ਸਮਝ ਲੈਣਾ ਕਿ ਮੈਂ ਅਸਫਲ ਹੋ ਗਿਆ। ਕਿਉਂਕਿ ਸਭ ਚੀਜ਼ਾਂ ਸਮਾਂ ਚਾਹੁੰਦੀਆਂ ਹਨ, ਅਤੇ ਹਰ ਚੀਜ ਦਾ ਸਮਾਂ ਹੈ। ਬੀਜ ਅੱਜ ਬੀਜੇ ਜਾਣ, ਤਾਂ ਅੱਜ ਹੀ ਅੰਕੁਰ ਨਹੀਂ ਬਣ ਜਾਂਦੇ। ਉਡੀਕ ਕਰਨਗੇ ਬੀਜ ਠੀਕ ਮੌਸਮ ਦੀ, ਠੀਕ ਵਰਖਾ ਦੀ, ਠੀਕ ਸੂਰਜ ਦੀ। ਠੀਕ ਸਮੇਂ 'ਤੇ ਅੰਕੁਰਤ ਹੋਣਗੇ, ਠੀਕ ਸਮੇਂ 'ਤੇ ਪੱਕਣਗੇ, ਠੀਕ ਸਮੇਂ 'ਤੇ ਖਿੜਨਗੇ। ਤਾਂ ਧੀਰਜ ਰਖਣਾ, ਜੋ ਵੀ ਤੂੰ ਨਿਸ਼ਠਾਪੂਰਵਕ ਯਤਨ ਕੀਤਾ ਹੈ, ਉਹ ਸਮੇਂ ਸਿਰ ਇਨਾਮ ਪਾਂਦਾ ਹੈ। ਇਸ ਜਗਤ ਵਿਚ ਕੋਈ ਵੀ ਬੇਇਨਾਮ ਨਹੀਂ ਰਹਿੰਦਾ।

ਵਜੂਦ ਦਾ ਨਿਯਮ ਹੈ, ਜੋ ਵੀ ਚਲਦਾ ਹੈ, ਉਹ ਪਾਂਦਾ ਹੈ। ਜੋ ਵੀ ਬੀਜਦਾ ਹੈ, ਉਹ ਵੱਢਦਾ ਹੈ। ਲੇਕਿਨ ਜ਼ਰਾ ਧੀਰਜ ਦੀ ਜ਼ਰੂਰਤ ਹੈ, ਕਿਉਂਕਿ ਸਮਾਂ ਲਗੇਗਾ। ਕੋਈ ਵੀ ਬੀਜ ਛਾਲ ਮਾਰ ਕੇ ਬਿਰਛ ਨਹੀਂ ਬਣ ਸਕਦਾ।

'...ਸ਼ਿਸ਼ ਦੀ ਆਤਮਾ ਵਿਚ ਜਿਹੜੇ ਪਵਿੱਤਰ ਅੰਕੁਰ ਲਗਦੇ ਹਨ, ਅਤੇ ਅਣਦੇਖੇ ਵਧਦੇ ਹਨ ਉਹਨਾਂ ਦੀਆਂ ਟਹਿਣੀਆਂ ਹਰੇਕ ਪ੍ਰੀਖਿਆ ਵਿਚੋਂ ਗੁਜ਼ਰ ਕੇ ਵਡੀਆਂ ਹੁੰਦੀਆਂ ਹਨ। ਅਤੇ ਸਰਕੰਡੇ ਦੀ ਤਰ੍ਹਾਂ ਉਹ ਝੁਕ ਜਾਂਦੀਆਂ ਹਨ, ਪਰ ਕਦੇ ਟੁੱਟਦੀਆਂ ਨਹੀਂ ਹਨ ਅਤੇ ਨਾ ਉਹ ਕਦੇ ਨਸ਼ਟ ਹੋ ਸਕਦੀਆਂ ਹਨ। ਜਦ ਸਮਾਂ ਆਉਂਦਾ ਹੈ, ਤਦ ਉਹਨਾਂ ਵਿਚ ਫੁੱਲ ਵੀ ਆਣ ਖਿੜਦੇ ਹਨ।'

ਕਈ ਵਾਰ ਪਤਾ ਵੀ ਨਹੀਂ ਲਗਦਾ ਬੀਜ ਦਾ। ਬੀਜ ਦਾ ਪਤਾ ਵੀ ਕਿਵੇਂ ਲਗੇਗਾ? ਅੱਜ ਤੁਸੀਂ ਧਿਆਨ ਕਰ ਰਹੇ ਹੋ। ਹੋ ਸਕਦਾ ਹੈ ਅੱਜ ਤੁਹਾਨੂੰ ਪਤਾ ਵੀ ਨਾ ਲਗੇ ਕਿ ਕੀ ਹੋ ਰਿਹਾ ਹੈ ਅੰਦਰ? ਸ਼ਾਇਦ ਕੋਈ ਖ਼ਿਆਲ ਵੀ ਨਾ ਆਵੇ ਕਿ ਕੋਈ ਬੀਜ ਤੁਹਾਡੀ ਅੰਤਰਆਤਮਾ ਵਿਚ ਦਾਖ਼ਲ ਹੋ ਗਿਆ। ਵਰ੍ਹੇ, ਦੋ ਵਰ੍ਹੇ ਦਾ ਸਮਾਂ ਪਾ ਕੇ, ਅਨੁਭਵ ਦੀ ਧੁੱਪ ਪਾ ਕੇ, ਅਵਸਰ ਦੀ ਵਰਖਾ ਪਾ ਕੇ, ਬੀਜ ਅੰਕੁਰਤ ਹੋਣ ਲਗੇਗਾ। ਤਦ ਵੀ ਅੰਕੁਰ ਤੁਹਾਨੂੰ ਨਜ਼ਰ ਨਹੀਂ ਆਏਗਾ। ਅੰਕੁਰ ਅਦ੍ਰਿਸ਼ਟ ਹੈ, ਜਦ ਤਕ ਕਿ ਟਹਿਣੀਆਂ ਨਾ ਆ ਜਾਣ ਅਤੇ ਜਦ ਤਕ ਕਿ ਪੱਤੇ ਤੁਹਾਡੇ ਚਾਰ-ਚੁਫੇਰੇ ਛਾਵਾਂ ਨਾ ਫੈਲਾਉਣ ਲਗਣ। ਤੁਹਾਨੂੰ ਸ਼ਾਇਦ ਤਦ ਤਕ ਠੀਕ-ਠੀਕ ਪਤਾ ਨਹੀਂ ਲਗੇਗਾ, ਜਦ ਤਕ ਦੂਜਿਆਂ ਨੂੰ ਪਤਾ ਨਾ ਲਗਣ ਲਗੇ। ਜਦ ਦੂਜੇ ਤੁਹਾਡੀ ਸੁਗੰਧ ਨੂੰ ਮਹਿਸੂਸ ਕਰਨ ਲਗਣ ਅਤੇ ਕਹਿਣ ਲਗਣ ਕਿ ਕਿਥੋਂ ਪਾਈ ਹੈ ਇਹ ਸੁਗੰਧੀ, ਕੀ ਹੋਇਐ? ਜਦ ਦੂਜੇ ਥੱਕੇ-ਟੁੱਟੇ ਧੁਪ ਚੋਂ ਆਉਣ ਅਤੇ ਤੁਹਾਡੇ ਕੋਲ ਆ ਕੇ ਸੀਤਲ ਹੋ ਜਾਣ, ਅਤੇ ਕਹਿਣ ਕਿ ਕੈਸੀ ਸੀਤਲਤਾ ਹੈ ਤੁਹਾਡੀ! ਕਿਸ ਬੋਹੜ ਦੀ? ਤੁਹਾਡੇ ਹੇਠਾਂ ਵਿਸਰਾਮ ਕਰਨ ਦਾ ਮਨ ਹੁੰਦਾ ਹੈ—ਕਿ ਜਦ ਦੂਜੇ ਦੇ ਦੁਖ-ਤਾਪ ਤੁਹਾਡੇ ਕੋਲ ਆ ਕੇ ਅਚਾਨਕ ਛੂਮੰਤਰ ਹੋ ਜਾਣ, ਅਤੇ ਤੁਹਾਡੀ ਮੌਜੂਦਗੀ ਦਵਾਈ ਬਣ ਜਾਵੇ ਅਤੇ ਜਦ ਦੂਜੇ ਤੁਹਾਨੂੰ ਕਹਿਣ ਲਗਣ ਕਿ ਕੀ ਹੋਇਆ ਹੈ? ਸ਼ਾਇਦ ਤਦ ਤੁਹਾਨੂੰ ਪਤਾ ਲਗੇ।

ਬਹੁਤ ਹੌਲੀ-ਹੌਲੀ ਵਧਦੇ ਹਨ ਅੰਕੁਰ। ਅਤੇ ਹਰ ਸੰਘਰਸ਼—ਜੋ ਇਹਨਾਂ ਅੰਕੁਰਾਂ ਨੂੰ ਪਤਾ ਲਗਦਾ ਹੈ ਕਿ ਕਿਤੇ ਤੋੜ ਨਾ ਸੁੱਟੇ। ਹਰ ਹਵਾ ਦਾ ਬੁੱਲਾ, ਜਿਸ ਵਿਚ ਲਗਦਾ ਹੈ ਕਿ ਕਿਤੇ ਇਹ ਬਿਰਛ ਪੁੱਟੇ ਨਾ ਜਾਣ। ਉਹ ਬੁੱਲਾ ਵੀ ਬਿਰਛ ਨਾਲ ਸੰਘਰਸ਼ ਕਰਕੇ ਮਜ਼ਬੂਤ ਬਣਾ ਜਾਂਦਾ ਹੈ। ਜੇਕਰ ਕੋਈ ਹਵਾ ਦਾ ਬੁੱਲਾ ਬਿਰਛ ਨੂੰ ਨਾ ਟਕਰਾਵੇ, ਤਾਂ ਬਿਰਛ ਕਦੇ ਵੀ ਟੁੱਟ ਸਕਦਾ ਹੈ। ਹਰ ਬੁੱਲਾ ਚੁਣੌਤੀ ਦਿੰਦਾ ਹੈ ਬਿਰਛ ਨੂੰ। ਅਤੇ ਬਿਰਛ ਚੁਣੌਤੀ ਨੂੰ ਝੱਲ ਲੈਂਦਾ ਹੈ, ਬੁੱਲਾ ਗੁਜ਼ਰ ਜਾਂਦਾ ਹੈ, ਬਿਰਛ ਫਿਰ ਖੜ੍ਹਾ ਹੋ ਜਾਂਦਾ ਹੈ। ਲੋਚਪੂਰਨ ਰਹਿਣਾ ਸਰਕੰਡੇ ਦੀ ਤਰ੍ਹਾਂ।

ਲਾਓਤਸੇ ਨੇ ਕਿਹਾ ਹੈ: ਆਕੜੇ ਹੋਏ ਬਿਰਛ ਨਾ ਬਣ ਜਾਣਾ, ਨਹੀਂ ਤਾਂ ਪੁੱਟ ਦਿਤੇ ਜਾਓਗੇ।

ਆਕੜਨਾ ਨਾ। ਆਪਣੀ ਇਸ ਅੰਦਰ ਦੀ ਯਾਤਰਾ ਵਿਚ ਆਕੜ ਕੇ ਨਾ ਜਾਣਾ, ਨਹੀਂ ਤਾਂ ਕੋਈ ਵੀ ਤੂਫਾਨ ਤੁਹਾਨੂੰ ਪੁੱਟ ਕੇ ਰਖ ਦੇਵੇਗਾ। ਨਿਮਰ ਰਹਿਣਾ। ਅਤੇ ਜਦ ਤੂਫਾਨ ਆਵੇ, ਤਾਂ ਇਉਂ ਝੁਕ ਜਾਣਾ, ਜਿਵੇਂ ਘਾਹ ਝੁਕ ਜਾਂਦਾ ਹੈ। ਅਤੇ ਤੂਫਾਨ ਤੁਹਾਡਾ ਕੁਝ ਵਿਗਾੜ ਨਹੀਂ ਸਕੇਗਾ, ਤੁਹਾਨੂੰ ਤਾਜ਼ਾ ਕਰ ਜਾਏਗਾ। ਅਤੇ ਜਦ ਤੂਫਾਨ ਚਲਿਆ ਜਾਏਗਾ, ਤਦ ਤੁਸੀਂ ਖੜ੍ਹੇ ਹੋ ਜਾਓਗੇ ਅਕਾਸ਼ ਵਿਚ—ਹੋਰ ਵੀ ਨਰੋਏ, ਹੋਰ ਵੀ ਤਾਜ਼ੇ, ਹੋਰ ਵੀ ਨੱਚਦੇ ਹੋਏ,, ਹੋਰ ਵੀ ਅਲਮਸਤ। ਵਜੂਦ ਤੋਂ ਅਲਮਸਤ ਹੋਣਾ ਘਾਹ ਦੀ ਤਰ੍ਹਾਂ।

ਇਹ ਸੂਤਰ ਕਹਿੰਦਾ ਹੈ : ਜਿਵੇਂ ਸਰਕੰਡਾ ਝੁਕ ਜਾਂਦਾ ਹੈ, ਪਰ ਕਦੇ ਟੁੱਟਦਾ ਨਹੀਂ, ਉਵੇਂ ਹੀ ਇਸ ਅੰਦਰ ਦੇ ਬੀਜ ਨੂੰ ਜੇਕਰ ਨਿਮਰ, ਪੁਰਉਡੀਕ, ਪ੍ਰਾਰਥਨਾਪੂਰਨ ਭਾਵ ਨਾਲ ਵਧਾਇਆ ਤਾਂ ਇਹ ਕਦੇ ਟੁਟੇਗਾ ਨਹੀਂ ਅਤੇ ਕਦੇ ਨਸ਼ਟ

ਨਹੀਂ ਹੋਵੇਗਾ। ਅਤੇ ਜਦ ਸਮਾਂ ਆਏਗਾ, ਤਦ ਉਸ ਵਿਚ ਫੁੱਲ ਖਿੜ ਜਾਣਗੇ। ਤੁਸੀਂ ਕਾਹਲੀ ਨਾ ਕਰਨਾ, ਤੁਸੀਂ ਫੁੱਲਾਂ ਨੂੰ ਖਿੱਚਣ ਦੀ ਕੋਸ਼ਿਸ਼ ਨਾ ਕਰਨਾ, ਕਿਉਂਕਿ ਕੋਈ ਵੀ ਫੁੱਲ ਖਿੱਚ ਕੇ ਨਹੀਂ ਕਢੇ ਜਾ ਸਕਦੇ। ਸਮੇਂ ਤੋਂ ਪਹਿਲਾਂ ਕੁਝ ਵੀ ਨਹੀਂ ਹੋ ਸਕਦਾ। ਕਾਹਲੀ ਕਰਨਾ ਨਾਸਮਝੀ ਹੈ। ਜ਼ਿਦ, ਕਿ ਹੁਣੇ ਹੋ ਜਾਵੇ, ਉਪੱਦਰ ਕਰੇਗੀ। ਉਡੀਕ ਕਰਨਾ ਅਤੇ ਚੀਜ਼ਾਂ ਨੂੰ ਹੋਣ ਦੇਣਾ। ਮੌਕਾ ਦੇਣਾ ਕਿ ਠੀਕ ਆਪਣੇ ਮੌਸਮ 'ਚ ਚੀਜ਼ਾਂ ਖਿੜ ਜਾਣ। ਸਮਾਂ ਆਉਂਦਾ ਹੈ, ਤਾਂ ਉਹਨਾਂ ਵਿਚ ਵੀ ਫੁੱਲ ਆਣ ਖਿੜਦੇ ਹਨ।

'ਲੇਕਿਨ ਤੂੰ ਤਿਆਰੀ ਕਰਕੇ ਆਇਆ ਹੈਂ, ਤਾਂ ਭੈ ਦੀ ਕੋਈ ਗੱਲ ਨਹੀਂ ਹੈ।'

'ਇਥੋਂ ਤੋਂ ਸਿੱਧਾ ਵੀਰਜ–ਦੁਆਰ ਦੇ ਲਈ ਰਾਹ ਸਾਫ ਹੋ ਜਾਂਦਾ ਹੈ, ਸੱਤ ਦੁਆਰਾਂ ਵਿਚੋਂ ਇਹ ਪੰਜਵਾਂ ਦੁਆਰਾ ਹੈ।'

'ਹੁਣ ਤੂੰ ਉਸ ਰਾਹ 'ਤੇ ਹੈਂ, ਜੋ ਧਿਆਨ–ਆਸ਼ਰਮ ਜਾਂ ਛੇਵੇਂ ਬੋਧਿ–ਦੁਆਰ ਨੂੰ ਜਾਂਦਾ ਹੈ।'

ਵੀਰਜ–ਦੁਆਰ 'ਤੇ ਅਸੀਂ ਕਲ੍ਹ ਸਵੇਰੇ ਗੱਲ ਕਰਾਂਗੇ।

ਚੌਦ੍ਹਵਾਂ ਪ੍ਰਵਚਨ

ਤਿਤਿੱਕਛਾ

ਧਿਆਨ–ਦੁਆਰ ਸੰਗਮਰਮਰ ਦੇ ਕਲਸ ਜਿਹਾ ਹੈ—ਸਫੇਦ ਅਤੇ ਪਾਰਦਰਸ਼ੀ। ਉਸਦੇ ਅੰਦਰ ਇਕ ਸਵਰਨਅਗਨੀ ਬਲਦੀ ਹੈ, ਉਹ ਸੂਝ ਦੀ ਲਾਟ ਹੈ, ਜੋ ਆਤਮਾ 'ਚੋਂ ਨਿਕਲਦੀ ਹੈ।

ਤੂੰ ਹੀ ਉਹ ਕਲਸ ਹੈਂ।

ਹੁਣ ਤੂੰ ਖ਼ੁਦ ਨੂੰ ਇੰਦਰੀਆਂ ਦੇ ਵਿਸ਼ਿਆਂ ਨਾਲੋਂ ਤੋੜ ਲਿਆ ਹੈ, ਤੂੰ ਦਰਸ਼ਨ–ਪੰਧ ਅਤੇ ਸ੍ਰਵਣ–ਪੰਧ ਦੀ ਯਾਤਰਾ ਕਰ ਲਈ ਹੈ, ਅਤੇ ਹੁਣ ਤੂੰ ਗਿਆਨ ਦੇ ਪ੍ਰਕਾਸ਼ ਵਿਚ ਖੜ੍ਹਾ ਹੈਂ। ਹੁਣ ਤੂੰ ਤਿਤਿਕਸ਼ਾ ਦੀ ਅਵਸਥਾ ਨੂੰ ਪਹੁੰਚ ਗਿਆ ਹੈਂ।

ਓ ਨਾਰਜੋਲ (ਸਿੱਧ), ਤੂੰ ਸੁਰੱਖਿਅਤ ਹੈਂ।

ਪਾਪਾਂ ਦੇ ਵਿਜੇਤਾ, ਇਕ ਵਾਰ ਕਿਸੇ ਸੋਵਾਨੀ ਅਰਥਾਤ ਸ੍ਰੋਤਾਪੰਨ ਨੇ ਸੱਤਵੇਂ ਮਾਰਗ ਨੂੰ ਪਾਰ ਕਰ ਲਿਆ ਹੈ, ਤਦ ਸਮੁੱਚੀ ਪ੍ਰਕਿਰਤੀ ਅਨੰਦ–ਪੂਰਨ ਅਸਚਰਜ ਨਾਲ ਭਰ ਜਾਂਦੀ ਹੈ ਅਤੇ ਹਾਰ ਗਈ ਮਹਿਸੂਸ ਕਰਦੀ ਹੈ। ਰਜਤ–ਤਾਰਾ ਹੁਣ ਬਲਦੇ ਇਸ਼ਾਰਿਆਂ ਨਾਲ ਰਜਨੀਗੰਧਾ ਨੂੰ ਇਹ ਸਮਾਚਾਰ ਦੱਸਦਾ ਹੈ; ਝਰਨਾ ਆਪਣੀ ਕਲ–ਕਲ ਅਵਾਜ਼ ਵਿਚ ਕੰਕਰਾਂ ਨੂੰ ਇਹ ਕਥਾ ਸੁਣਾਉਂਦਾ ਹੈ; ਸਾਗਰ ਦੀਆਂ ਕਾਲੀਆਂ ਲਹਿਰਾਂ ਗਰਜ ਕੇ ਇਹੀ ਗੱਲ ਝੱਗੋ–ਝੱਗ ਚੱਟਾਨਾਂ ਨੂੰ ਦੱਸਦੀਆਂ ਹਨ; ਮਹਿਕ–ਭਰੀਆਂ ਹਵਾਵਾਂ ਘਾਟੀਆਂ ਦੇ ਕੰਨਾਂ ਵਿਚ ਇਸਦਾ ਹੀ ਗੀਤ ਗਾਉਂਦੀਆਂ ਹਨ, ਅਤੇ ਚੀਲ ਦੇ ਸ਼ਾਨਦਾਰ ਬਿਰਛ ਬੜੇ ਰਹੱਸਪੂਰਨ ਢੰਗ ਨਾਲ ਗੁਣਗੁਣਾਉਂਦੇ ਹਨ : ਬੁੱਧ ਦਾ ਉਦੈ ਹੋਇਆ ਹੈ—ਅੱਜ ਦੇ ਬੁੱਧ ਦਾ।

ਹੁਣ ਉਹ ਪੱਛਮ ਦੇ ਉੱਜਲ ਸਰੂਪ ਦੀ ਤਰ੍ਹਾਂ ਖੜ੍ਹਾ ਹੈ, ਜਿਸਦੇ ਮੁਖੜੇ 'ਤੇ ਸਦੀਵੀ ਭਾਵ ਦਾ ਚੜ੍ਹਦਾ ਸੂਰਜ ਆਪਣੀਆਂ ਪ੍ਰਿਥਮ ਮਹਾਂਗੌਰਵਮਈ ਕਿਰਨਾਂ ਨੂੰ ਬਰਸਾ ਰਿਹਾ ਹੈ। ਉਸਦਾ ਮਨ ਵਿਚ ਸ਼ਾਂਤ ਅਤੇ ਅਸੀਮ ਸਾਗਰ ਦੀ ਤਰ੍ਹਾਂ ਤਟਹੀਣ ਖਲਾਅ ਵਿਚ ਫੈਲਦਾ ਜਾ ਰਿਹਾ ਹੈ। ਅਤੇ ਉਸਨੇ ਜ਼ਿੰਦਗੀ ਤੇ ਮੌਤ ਨੂੰ ਆਪਣੇ ਮਜ਼ਬੂਤ ਹੱਥਾਂ ਵਿਚ ਧਾਰਨ ਕੀਤਾ ਹੋਇਆ ਹੈ।

ਸਮਾਧੀ ਦਾ ਪੰਜਵਾਂ ਦੁਆਰ ਹੈ: ਵੀਰਜ। ਇਸ ਸਬੰਧ ਵਿਚ ਕੁਝ ਗੱਲਾਂ ਜਾਣ ਲਵੋ, ਫਿਰ ਅਸੀਂ ਛੇਵੇਂ ਦੁਆਰ ਦੀ ਚਰਚਾ ਵਿਚ ਉਤਰੀਏ।

ਵੀਰਜ ਦੇ ਸਬੰਧ ਵਿਚ ਪਹਿਲੀ ਗੱਲ ਤਾਂ ਇਹ ਜਾਣ ਲੈਣੀ ਚਾਹੀਦੀ ਹੈ ਕਿ ਵੀਰਜ ਦੇ ਦੋ ਅੰਗ ਹਨ। ਇਕ ਵੀਰਜ ਦੀ ਦੇਹ ਅਤੇ ਇਕ ਵੀਰਜ ਦੀ ਆਤਮਾ—ਊਰਜਾ। ਕੁੱਲ ਯੋਗ ਦੀਆਂ ਕਿਰਿਆਵਾਂ ਵਿਚ, ਤੰਤਰ ਦੀਆਂ ਸਾਧਨਾਵਾਂ ਵਿਚ, ਪ੍ਰਿਥਵੀ ਉਤੇ ਅਨੇਕਾਂ-ਅਨੇਕਾਂ ਰੂਪਾਂ 'ਚ ਪੈਦਾ ਹੋਏ ਧਰਮ ਦੀਆਂ ਵਿਵਸਥਾਵਾਂ ਵਿਚ, ਵੀਰਜ ਦੀ ਉਤਾਂਹ-ਚੜ੍ਹਾਈ, ਵੀਰਜ ਦਾ ਉਪਰ ਵਲ-ਉਠਣਾ, ਕਾਮ-ਕੇਂਦਰ ਤੋਂ ਸਹੱਸਤ੍ਰਾਰ ਤਕ ਪਹੁੰਚਣਾ, ਇਸਨੂੰ ਲਾਜਮੀ ਕਿਹਾ ਹੈ। ਇਸ ਤੋਂ ਬੜੀ ਉਲਝਣ ਪੈਦਾ ਹੁੰਦੀ ਹੈ। ਵਿਗਿਆਨਕ ਬੁੱਧੀ ਬਹੁਤ ਅੜਿੱਚਣ ਵਿਚ ਪੈ ਜਾਂਦੀ ਹੈ। ਜਿਹੜੇ ਸਰੀਰ-ਸ਼ਾਸਤਰ ਨੂੰ ਸਮਝਦੇ ਹਨ, ਉਹ ਇਸ ਗੱਲ 'ਤੇ ਭਰੋਸਾ ਨਹੀਂ ਕਰ ਪਾਂਦੇ ਹਨ। ਕਿਉਂਕਿ ਇਹ ਗੱਲ ਅਸੰਭਵ ਹੈ।

ਕਾਮ-ਕੇਂਦਰ 'ਤੇ ਜੋ ਵੀਰਜ ਇਕੱਠਾ ਹੈ, ਉਸਦਾ ਸਹੱਸਤ੍ਰਾਰ ਤਕ ਜਾਣ ਦਾ ਨਾ ਤਾਂ ਕੋਈ ਰਾਹ ਹੈ, ਨਾ ਕੋਈ ਉਪਾਅ ਹੈ। ਦੇਹ ਵਿਚ ਅਜੇਹਾ ਕੋਈ ਰਾਹ ਨਹੀਂ ਹੈ, ਜਿਸ ਤੋਂ ਵੀਰਜ ਉਠ ਸਕੇ ਉਪਰ। ਵੀਰਜ ਦਾ ਤਾਂ ਪਤਨ ਹੀ ਹੋ ਸਕਦਾ ਹੈ, ਦੇਹ-ਸ਼ਾਸਤਰ ਦੀ ਦ੍ਰਿਸ਼ਟੀ ਤੋਂ; ਉੱਚਾ-ਉਠਣ ਨਹੀਂ ਹੋ ਸਕਦਾ, ਕਿਉਂਕਿ ਹੇਠਾਂ ਜਾਣ ਦਾ ਹੀ ਰਾਹ ਹੈ, ਉਪਰ ਜਾਣ ਦਾ ਕੋਈ ਰਾਹ ਨਹੀਂ ਹੈ। ਸਰੀਰ-ਸ਼ਾਸਤਰ ਦੀ ਦ੍ਰਿਸ਼ਟੀ ਤੋਂ, ਨਵੀਨ ਸਭ ਖੋਜਾਂ ਦੀ ਦ੍ਰਿਸ਼ਟੀ ਤੋਂ, ਤੰਤਰ, ਯੋਗ, ਧਰਮ ਦੀਆਂ ਸਭ ਧਾਰਨਾਵਾਂ ਗਲਤ ਹੋ ਜਾਂਦੀਆਂ ਹਨ। ਜਦ ਰਾਹ ਹੀ ਨਹੀਂ ਹੈ, ਤਾਂ ਵੀਰਜ ਦਾ ਉੱਚਾ-ਉੱਠਣ ਨਹੀਂ ਹੋ ਸਕਦਾ, ਉਤਾਂਹ-ਚੜ੍ਹਾਈ ਨਹੀਂ ਹੋ ਸਕਦੀ। ਅਤੇ ਜਿਹੜੇ ਉਸ ਚੇਸ਼ਟਾ 'ਚ ਲਗੇ ਹਨ, ਉਹ ਵਿਅਰਥ ਦੇ ਕੰਮ 'ਚ ਲਗੇ ਹਨ। ਜਿਹੜੇ ਨਵੀਨ ਸਰੀਰ ਸ਼ਾਸਤਰ ਨੂੰ ਪੜ੍ਹ ਲੈਂਦੇ ਹਨ, ਉਹਨਾਂ ਦਾ ਭਰੋਸਾ ਤੰਤਰ ਅਤੇ ਯੋਗ ਤੋਂ ਨਾਲ ਦੀ ਨਾਲ ਉਠ ਜਾਂਦਾ ਹੈ। ਸੁਭਾਵਕ ਹੈ, ਕਿਉਂਕਿ ਸਰੀਰ ਵਿਚ ਕੋਈ ਵਿਵਸਥਾ ਹੀ ਨਹੀਂ ਹੈ ਨਾੜਾਂ ਦੀ, ਕਿ ਵੀਰਜ ਉਪਰ ਜਾ ਸਕੇ।

ਇਹ ਠੀਕ ਹੈ ਅਤੇ ਜਿਥੋਂ ਤਕ ਵਿਗਿਆਨ ਜਾਣਦਾ ਹੈ, ਉਥੋਂ ਤਕ ਇਹ ਗੱਲ ਬਿਲਕੁਲ ਹੀ ਵਾਜਬ ਹੈ। ਅਜੇਹਾ ਨਹੀਂ ਹੋ ਸਕਦਾ ਹੈ। ਲੇਕਿਨ ਕੁਝ ਹੋਰ ਗੱਲ ਹੈ, ਜੋ ਵਿਗਿਆਨ ਤੋਂ ਚੁੱਕ ਜਾਂਦੀ ਹੈ। ਅਤੇ ਜਦ ਤਕ ਉਹ ਸਮਝ 'ਚ ਨਾ ਆ ਜਾਵੇ, ਤਦ ਤਕ ਅੱਜ ਦੇ ਦਿਮਾਗ ਨੂੰ ਵੀਰਜ ਦੀ ਉਤਾਂਹ-ਚੜ੍ਹਾਈ ਸਮਝ ਵਿਚ ਨਹੀਂ ਆ ਸਕਦੀ। ਜਿਵੇਂ, ਸਰੀਰ ਹੈ ਤੁਹਾਡੇ ਕੋਲ। ਵਿਗਿਆਨ ਤਾਂ ਸਰੀਰ ਨੂੰ ਸਵੀਕਾਰ ਕਰਦਾ ਹੈ, ਤੁਹਾਡੀ ਆਤਮਾ ਨੂੰ ਨਹੀਂ। ਅਤੇ ਤੁਹਾਡੇ ਅੰਦਰ ਜੋ ਜੀਵਨ ਹੈ, ਉਹ ਸਰੀਰ ਤੋਂ ਪਰਗਟ ਹੁੰਦਾ ਹੈ, ਪਰ ਸਰੀਰ ਦਾ ਨਹੀਂ ਹੈ। ਅਤੇ ਜਿਵੇਂ ਇਹ ਸਰੀਰ ਦੇ ਸਬੰਧ ਵਿਚ ਸੱਚ ਹੈ, ਇਵੇਂ ਇਕ-ਇਕ ਵੀਰਜ ਕੋਸ਼ਠ ਦੇ ਸਬੰਧ ਵਿਚ ਵੀ ਸੱਚ ਹੈ।

ਇਕ ਵੀਰਜ-ਕਣ ਦੋ ਚੀਜ਼ਾਂ ਤੋਂ ਬਣਿਆ ਹੈ। ਤਦੇ ਹੀ ਤਾਂ ਤੁਹਾਡਾ ਪੂਰਾ ਸਰੀਰ ਵੀ ਦੋ ਚੀਜ਼ਾਂ ਨਾਲ ਬਣ ਪਾਂਦਾ ਹੈ—ਇਕ ਤਾਂ ਵੀਰਜ-ਕਣ ਦੀ ਦੇਹ—ਦਿਖਾਈ ਪੈਣ ਵਾਲੀ ਅਤੇ ਇਕ ਵੀਰਜ-ਕਣ ਦੀ ਆਤਮਾ ਹੈ, ਊਰਜਾ ਹੈ—ਨਾ ਦਿਖਾਈ ਪੈਣ ਵਾਲੀ। ਸੰਭੋਗ ਵਿਚ ਵੀਰਜ-ਕਣ ਜਿਵੇਂ ਹੀ ਇਸਤ੍ਰੀ ਦੀ ਯੋਨੀ ਵਿਚ ਪ੍ਰਵੇਸ਼ ਕਰਦੇ ਹਨ, ਦੋ ਘੰਟੇ ਤਕ ਜੀਂਦੇ ਰਹਿੰਦੇ ਹਨ। ਜੇ ਇਸ ਦੋ ਘੰਟੇ ਦੇ ਅਰਸੇ 'ਚ ਉਹਨਾਂ ਨੇ ਇਸਤ੍ਰੀ ਦੇ ਆਂਡੇ ਨੂੰ ਹਾਸਲ ਕਰ ਲਿਆ, ਪਾ ਲਿਆ, ਤਾਂ ਜਿਹੜਾ ਵੀਰਜ-ਕਣ ਇਸਤ੍ਰੀ ਦੇ ਆਂਡੇ ਨੇੜੇ ਪਹੁੰਚ ਕੇ ਇਸਤ੍ਰੀ-ਆਂਡੇ ਵਿਚ ਪ੍ਰਵੇਸ਼ ਕਰ ਜਾਏਗਾ, ਜਨਮ ਹੋ ਗਿਆ—ਇਕ ਨਵੀਂ ਸ਼ਖਸੀਅਤ ਦਾ। ਐਪਰ ਲੰਮੀ ਯਾਤਰਾ ਹੈ ਵੀਰਜ-ਕਣਾਂ ਦੇ ਲਈ।

ਵੀਰਜ-ਕਣ ਬਹੁਤ ਛੋਟੇ ਹਨ, ਅੱਖ ਨਾਲ ਦਿਖਾਈ ਪੈਣ ਵਾਲੇ ਨਹੀਂ ਹਨ। ਅਤੇ ਦੋ ਘੰਟੇ ਦੀ ਉਹਨਾਂ ਦੀ ਜ਼ਿੰਦਗੀ ਹੈ। ਜੇ ਦੋ ਘੰਟੇ ਤਕ ਉਹ ਇਸਤ੍ਰੀ ਦੇ ਆਂਡੇ ਤਕ ਨਹੀਂ ਪਹੁੰਚ ਪਾਂਦੇ ਹਨ, ਤਾਂ ਮੁਰਦਾ ਹੋ ਜਾਂਦੇ ਹਨ। ਇਸਲਈ ਬੜੀ ਤੇਜ਼ੀ ਨਾਲ ਦੌੜਦੇ ਹਨ। ਪਰ ਬਹੁਤ ਛੋਟੇ ਹਨ। ਕਿੰਨੀ ਹੀ ਤੇਜ਼ੀ ਨਾਲ ਦੌੜਨ, ਯਾਤਰਾ-ਪੰਧ ਉਹਨਾਂ ਦੇ ਲਈ ਕਾਫੀ ਲੰਮਾ ਹੈ, ਅਤੇ ਸਮਾਂ ਬਹੁਤ ਛੋਟਾ ਹੈ। ਮੁਕਾਬਲਾ ਉਥੋਂ ਹੀ ਤੋਂ ਸ਼ੁਰੂ ਹੋ ਜਾਂਦਾ ਹੈ। ਉਹ ਜੋ ਮੁਕਾਬਲਾ ਤੁਸੀਂ ਪੂਰੇ ਸੰਸਾਰ ਵਿਚ ਦੇਖਦੇ ਹੋ, ਉਹ ਉਸਦਾ ਹੀ ਫੈਲਾਅ ਹੈ। ਕਿਉਂਕਿ ਇਕ ਸੰਭੋਗ ਵਿਚ ਲੱਖਾਂ ਵੀਰਜ-ਕਣ ਛੁੱਟਦੇ ਹਨ ਅਤੇ ਉਹਨਾਂ 'ਚੋਂ ਇਕ ਪਹੁੰਚ ਪਾਂਦਾ ਹੈ। ਲੱਖਾਂ ਨਸ਼ਟ ਹੋ ਜਾਂਦੇ ਹਨ। ਦਰਮਿਆਨ ਵਿਚ ਭਿਆਨਕ ਸੰਘਰਸ਼ ਹੈ, ਬੜਾ ਮੁਕਾਬਲਾ ਹੈ। ਅਤੇ ਇਕ ਵੀ ਸਦਾ ਨਹੀਂ ਪਹੁੰਚ ਪਾਂਦਾ, ਕਦੀ-ਕਦੀ ਪਹੁੰਚ ਪਾਂਦਾ ਹੈ। ਬਾਕੀ ਸਮੇਂ ਤਾਂ ਸਾਰੇ ਹੀ ਨਸ਼ਟ ਹੋ ਜਾਂਦੇ ਹਨ। ਦੋ ਘੰਟੇ ਵਿਚ ਵੀਰਜ-ਕਣ ਮਰ ਜਾਂਦਾ ਹੈ।

ਇਸ ਗੱਲ ਨੂੰ ਜ਼ਰਾ ਧਿਆਨ ਨਾਲ ਸਮਝ ਲੈਣਾ।

ਇਸਦਾ ਮਤਲਬ ਇਹ ਹੋਇਆ ਕਿ ਵੀਰਜ-ਕਣ ਜਿਉਂਦੇ ਵੀ ਹੁੰਦੇ ਹਨ ਅਤੇ ਮੁਰਦਾ ਵੀ ਹੁੰਦੇ ਹਨ। ਤਾਂ ਜਿਉਂਦੇ ਵੀਰਜ-ਕਣ ਵਿਚ ਅਤੇ ਮੁਰਦਾ ਵੀਰਜ-ਕਣ ਵਿਚ ਕੀ ਫਰਕ ਹੈ? ਕੁਝ ਫਰਕ ਹੋਣਾ ਚਾਹੀਦਾ ਹੈ, ਜਿਸਨੇ ਕਿਸੇ ਕਣ ਨੂੰ ਜਿਉਂਦਾ ਬਣਾਇਆ ਹੋਇਆ ਹੈ, ਅਤੇ ਫਿਰ ਕਿਸੇ ਛਿਨ ਵਿਚ ਮੁਰਦਾ ਬਣਾ ਦਿੰਦਾ ਹੈ। ਤੰਤਰ ਦੀ, ਯੋਗ ਦੀ ਦ੍ਰਿਸ਼ਟੀ

ਤੇ ਉਹੀ ਫਰਕ ਹੈ।

ਵੀਰਜ ਦੇ ਦੋ ਅੰਗ ਹਨ। ਜਦ ਤਕ ਵੀਰਜ ਜਿਉਂਦਾ ਹੈ, ਤਦ ਤਕ ਉਸ ਵਿਚ ਦੋ ਚੀਜ਼ਾ ਹਨ—ਉਸਦੀ ਦੇਹ ਵੀ ਹੈ, ਅਤੇ ਉਸਦੀ ਊਰਜਾ, ਆਤਮਾ ਵੀ ਹੈ। ਦੋ ਘੰਟੇ ਵਿਚ ਊਰਜਾ ਮੁਕਤ ਹੋ ਜਾਏਗੀ, ਵੀਰਜ–ਕਣ ਮੁਰਦਾ ਪਿਆ ਰਹਿ ਜਾਏਗਾ। ਜੇ ਇਸ ਊਰਜਾ–ਕਣ ਦੇ ਰਹਿੰਦਿਆਂ ਹੀ ਇਸਤ੍ਰੀ–ਕਣ ਨਾਲ ਮਿਲਾਪ ਹੋ ਗਿਆ, ਤਾਂ ਹੀ ਜੀਵਨ ਦਾ ਜਨਮ ਹੋਵੇਗਾ। ਜੇ ਇਸ ਊਰਜਾ ਦੇ ਹਟ ਜਾਣ 'ਤੇ ਮਿਲਾਪ ਹੋਇਆ, ਤਾਂ ਜੀਵਨ ਦਾ ਜਨਮ ਨਹੀਂ ਹੋਵੇਗਾ। ਇਸਲਈ ਵੀਰਜ–ਕਣ ਤਾਂ ਸਿਰਫ ਦੇਹ ਹੈ, ਵਾਹਨ ਹੈ। ਉਹ ਜੋ ਊਰਜਾ ਹੈ, ਜੋ ਉਸਨੂੰ ਜਿਉਂਦਾ ਬਣਾਉਂਦੀ ਹੈ, ਉਹੀ ਅਸਲੀ ਵੀਰਜ ਹੈ। ਵੀਰਜ–ਕਣ ਦੀ ਦੇਹ ਤਾਂ ਉਚੇ–ਚੜ੍ਹਨ ਨੂੰ ਪਹੁੰਚ ਨਹੀਂ ਸਕਦੀ, ਉਸਦਾ ਤਾਂ ਪਤਨ ਹੀ ਹੋਵੇਗਾ। ਕਿਉਂਕਿ ਉਹ ਪ੍ਰਿਥਵੀ ਦਾ ਹਿੱਸਾ ਹੈ, ਪਦਾਰਥ ਹੈ। ਪਦਾਰਥ ਦਾ ਕੋਈ ਉੱਚਾ–ਉਠਣ ਨਹੀਂ ਹੈ। ਪਦਾਰਥ ਨੀਵੇਂ ਹੀ ਗਿਰੇਗਾ। ਉਹ ਜੋ ਦੇਹ ਹੈ ਵੀਰਜ–ਕਣ ਦੀ, ਤਾਂ ਹੇਠਾਂ ਜ਼ਮੀਨ ਖਿੱਚ ਰਹੀ ਹੈ, ਉਸਨੂੰ, ਔਪਰ ਉਸ ਛੋਟੇ–ਜਿਹੇ ਨਾ ਦਿਖਾਈ ਦੇਣ ਵਾਲੇ ਵੀਰਜ–ਕਣ ਵਿਚ ਜੋ ਜੀਵਨ ਦੀ ਊਰਜਾ ਹੈ, ਉਹ ਉਪਰ ਵਲ ਨੂੰ ਦੌੜ ਰਹੀ ਹੈ। ਉਹਦੇ ਲਈ ਰਾਹ ਦੀ ਕੋਈ ਜ਼ਰੂਰਤ ਨਹੀਂ ਹੈ। ਉਹ ਅਦ੍ਰਿਸ਼ਟ ਹੈ। ਜੇ ਇਹੀ ਜੀਵਨ–ਊਰਜਾ ਇਸਤ੍ਰੀ–ਕਣ ਨਾਲ ਮਿਲ ਜਾਂਦੀ ਹੈ, ਤਾਂ ਇਕ ਵਿਅਕਤੀ ਦਾ ਜਨਮ ਹੋ ਜਾਏਗਾ। ਜੇ ਇਹੀ ਊਰਜਾ ਯੋਗ ਅਤੇ ਤੰਤਰ ਦੀ ਪ੍ਰਣਾਲੀ ਨਾਲ ਮੁਕਤ ਕਰ ਲਈ ਜਾਵੇ ਵੀਰਜ–ਕਣ ਤੋਂ, ਤਾਂ ਤੁਹਾਡੇ ਸਹੰਸਤ੍ਰਾਰ ਤਕ ਪਹੁੰਚ ਸਕਦੀ ਹੈ। ਅਤੇ ਜਦ ਸਹੱਸਤ੍ਰਾਰ ਤਕ ਪਹੁੰਚਦੀ ਹੈ ਇਹ ਵੀਰਜ–ਊਰਜਾ ਤਾਂ ਤੁਹਾਡੇ ਲਈ ਨਵੇਂ ਲੋਕ ਦਾ ਜਨਮ ਹੁੰਦਾ ਹੈ। ਤੁਸੀਂ ਵੀ ਨਵੇਂ ਹੋ ਜਾਂਦੇ ਹੋ। ਤੁਹਾਡਾ ਪੁਨਰਜਨਮ ਹੋ ਜਾਂਦਾ ਹੈ।

ਇਸ ਵੀਰਜ–ਊਰਜਾ ਦੇ ਜਾਣ ਲਈ ਕੋਈ ਸਥੂਲ, ਭੌਤਿਕ ਰਾਹ ਜ਼ਰੂਰੀ ਨਹੀਂ ਹੈ। ਇਹ ਬਿਨਾਂ ਭੌਤਿਕ ਰਾਹ ਦੇ ਯਾਤਰਾ ਕਰ ਲੈਂਦੀ ਹੈ। ਇਸਲਈ ਜਿਨ੍ਹਾਂ ਚੱਕਰਾਂ ਦੀ ਅਸੀਂ ਗੱਲ ਕਰਦੇ ਹਾਂ, ਜਿਨ੍ਹਾਂ ਸੱਤ ਚੱਕਰਾਂ ਦੀ, ਉਹ ਸਰੀਰ ਵਿਚ ਨਹੀਂ ਹਨ। ਉਹ ਸੱਤ ਚੱਕਰ ਦ੍ਰਿਸ਼ਟ ਨਹੀਂ ਹਨ। ਇਸਲਈ ਕਿਸੇ ਅਰਥ, ਵਿਗਿਆਨਕ ਪੁਣ–ਛਾਣ 'ਚ ਉਹਨਾਂ ਨੂੰ ਨਹੀਂ ਪਾਇਆ ਜਾ ਸਕੇਗਾ। ਉਹ ਸੱਤ ਚੱਕਰ ਅਦ੍ਰਿਸ਼ਟ ਜਾਣ ਪੈਂਦੇ ਹਨ। ਉਹਨਾਂ ਸੱਤ ਚੱਕਰਾਂ ਤੋਂ ਹੀ ਇਹ ਊਰਜਾ ਉਪਰ ਉਠਦੀ ਹੈ। ਇਸ ਊਰਜਾ ਦਾ ਨਾਂ 'ਵੀਰਜ' ਹੈ। ਤੁਸੀਂ ਜਿਸਨੂੰ ਆਮ ਤੌਰ 'ਤੇ ਵੀਰਜ ਕਹਿੰਦੇ ਹੋ, ਉਹ ਸਿਰਫ ਪਦਾਰਥ ਹੈ, ਵਾਹਨ ਹੈ।

ਇਉਂ ਸਮਝੋ ਕਿ ਇਕ ਬੀਜ ਹੈ। ਇਕ ਬੀਜ ਨੂੰ ਤੁਸੀਂ ਤੋੜੋ ਤਾਂ ਉਸਦੇ ਅੰਦਰ ਕਿਸੇ ਪੌਦੇ ਦੀ ਕੋਈ ਹੋਂਦ ਨਹੀਂ ਹੈ। ਕਿੰਨੀ–ਹੀ ਜਾਂਚ–ਪਰਖ ਕਰੋ ਬੀਜ ਨੂੰ ਤੋੜ ਕੇ, ਉਸਦੇ ਅੰਦਰ ਕੋਈ ਬਿਰਛ ਛੁਪਿਆ ਹੈ, ਇਸਨੂੰ ਲਭਣ ਦਾ ਕੋਈ ਉਪਾਅ ਨਹੀਂ ਹੈ। ਲੇਕਿਨ ਬਿਰਛ ਜ਼ਰੂਰ ਛੁਪਿਆ ਹੈ; ਕਿਉਂਕਿ ਬੀਜ ਨੂੰ ਜ਼ਮੀਨ ਵਿਚ ਗੱਡ ਦਿਉ—ਅਤੇ ਅੰਕੁਰਤ ਹੋ ਜਾਂਦਾ ਹੈ, ਅਤੇ ਬਿਰਛ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਬੀਜ ਵਿਚ ਬਿਰਛ ਸੀ, ਪਰ ਅਦ੍ਰਿਸ਼ਟ ਸੀ, ਦਿਸਦਾ ਸੀ। ਬੀਜ

ਦਿਸਦਾ ਸੀ, ਉਹ ਦੇਹ ਸੀ। ਬਿਰਛ ਹੋਣ ਦੀ ਜੋ ਸਮਰੱਥਾ ਹੈ, ਊਰਜਾ ਹੈ, ਸ਼ਕਤੀ ਹੈ, ਉਹ ਅਦ੍ਰਿਸ਼ਟ ਹੈ।

ਸ਼ਕਤੀ ਸਦਾ ਅਦ੍ਰਿਸ਼ਟ ਹੈ, ਸਿਰਫ ਦੇਹ ਦਿਖਾਈ ਪੈਂਦੀ ਹੈ।

ਫਿਰ ਪੌਦਾ ਪੌਦਾ ਹੋਇਆ, ਤਦ ਵੀ ਜੋ ਤੁਹਾਨੂੰ ਦਿਖਾਈ ਪੈਂਦਾ ਹੈ, ਉਹ ਵੀ ਦੇਹ ਹੈ। ਕਿਉਂਕਿ ਉਹ ਜੋ ਤੁਹਾਨੂੰ ਦਿਖਾਈ ਪੈ ਰਹੇ ਹਨ—ਹਰੇ ਪੱਤੇ, ਟਹਿਣੀਆਂ, ਉਹ ਨਹੀਂ ਹੈ ਪੌਦਾ। ਹਰੇ ਪੱਤਿਆਂ ਅਤੇ ਟਹਿਣੀਆਂ ਦੇ ਅੰਦਰ ਤੋਂ ਜੋ ਅਕਾਸ਼ ਵਲ ਨੂੰ ਉਠ ਰਿਹਾ ਹੈ, ਉਹ ਪ੍ਰਾਣ ਹੈ। ਜੋ ਧਰਤੀ ਤੋਂ ਦੂਰ ਹਟ ਰਿਹਾ ਹੈ, ਜੋ ਉੱਪਰ ਦੀ ਤਰਫ ਜਾ ਰਿਹਾ ਹੈ, ਉਹ ਤੁਹਾਨੂੰ ਦਿਖਾਈ ਨਹੀਂ ਪੈ ਰਿਹਾ ਹੈ। ਤੁਸੀਂ ਬਿਰਛ ਨੂੰ ਕੱਟ ਵੀ ਸੁਟੋ, ਤਾਂ ਵੀ ਉਸਦਾ ਪਤਾ ਨਹੀਂ ਲਗੇਗਾ। ਪਰ ਤੁਸੀਂ ਬਿਰਛ ਨੂੰ ਵਧਦਾ ਹੋਇਆ ਦੇਖ ਕੇ ਕਹਿੰਦੇ ਹੋ, ਜਿਉਂਦਾ ਹੈ! ਇਕ ਬਿਰਛ ਸੁੱਕ ਜਾਂਦਾ ਹੈ। ਅਤੇ ਵਧਣਾ ਬੰਦ ਹੋ ਜਾਂਦਾ ਹੈ, ਤੁਸੀਂ ਕਹਿੰਦੇ ਹੋ, ਮੁਰਦਾ ਹੋ ਗਿਆ!

ਜੀਵਨ ਦਾ ਲੱਛਣ ਕੀ ਹੈ?

ਜੀਵਨ ਦਾ ਲੱਛਣ ਹੈ ਗ੍ਰੋਥ, ਜੀਵਨ ਦਾ ਲੱਛਣ ਹੈ ਵਧਾਰਾ, ਜੀਵਨ ਦਾ ਲੱਛਣ ਹੈ ਪਸਾਰਾ। ਇਸਲਈ ਅਸੀਂ ਜੀਵਨ ਨੂੰ ਬ੍ਰਹਮ ਕਿਹਾ ਹੈ। ਬ੍ਰਹਮ ਦਾ ਅਰਥ ਹੈ, ਜੋ ਫੈਲਦਾ ਜਾਂਦਾ ਹੈ; ਵਡਾ ਹੁੰਦਾ ਜਾਂਦਾ ਹੈ, ਵਡਾ ਹੁੰਦਾ ਜਾਂਦਾ ਹੈ, ਅਨੰਤ ਤਕ ਵਡਾ ਹੁੰਦਾ ਜਾਂਦਾ ਹੈ। ਜੋ ਦਿਖਾਈ ਪੈਂਦਾ ਹੈ, ਉਹ ਉਸਦੀ ਦੇਹ ਹੈ। ਜੋ ਨਹੀਂ ਦਿਸਦਾ ਹੈ, ਉਹੀ ਸਹਾਰਾ ਹੈ। ਇਕ ਬਿਰਛ ਜਦ ਸੁੱਕ ਗਿਆ ਹੋਵੇ, ਤਾਂ ਕੀ ਸੁੱਕ ਗਿਆ ਉਸ ਵਿਚ? ਟਹਿਣੀਆਂ ਉਹੀ ਹਨ, ਸਭ ਉਹੀ ਹੈ, ਜੜ੍ਹਾਂ ਉਹੀ ਹਨ, ਪਰ ਕੋਈ ਪੰਛੀ ਪ੍ਰਾਣ ਦਾ ਉਡ ਗਿਆ ਹੈ। ਹੁਣ ਵਧਾਰਾ ਨਹੀਂ ਹੁੰਦਾ। ਹੁਣ ਚੀਜ਼ਾਂ ਫੈਲਦੀਆਂ ਨਹੀਂ ਹਨ।

ਬਿਰਛ ਹੀ ਵਧਦਾ ਹੈ ਅਜੇਹਾ ਨਹੀਂ, ਪਹਾੜ ਵੀ ਵਧਦੇ ਹਨ। ਸਾਡਾ ਹਿਮਾਲੀਆ ਅਜੇ ਵੀ ਵਧ ਰਿਹਾ ਹੈ, ਅਜੇ ਵੀ ਜਵਾਨ ਹੈ। ਕੁਝ ਪਹਾੜ ਬੁੱਢੇ ਹੋ ਗਏ ਹਨ, ਜਿਵੇਂ ਸਤਪੁੜਾ ਹੈ, ਵਿੰਧਿਆ ਹੈ, ਇਹ ਬੁੱਢੇ ਹੋ ਗਏ ਹਨ। ਹੁਣ ਉਹ ਨਹੀਂ ਵਧ ਰਹੇ ਹਨ। ਕੁਝ ਪਹਾੜ ਮਰ ਗਏ ਹਨ, ਜਿਨ੍ਹਾਂ ਦੀ ਸਿਰਫ ਦੇਹ ਰਹਿ ਗਈ ਹੈ। ਹਿਮਾਲੀਆ ਹੁਣ ਵੀ ਉੱਪਰ ਉਠ ਰਿਹਾ ਹੈ, ਹੁਣ ਵੀ ਵਧ ਰਿਹਾ ਹੈ, ਅਜੇ ਜਿਉਂਦਾ ਹੈ।

ਹਿਮਾਲੀਆ ਦੇ ਪ੍ਰਤੀ ਇਸ ਮੁਲਕ ਦਾ ਇੰਨੇ ਆਦਰ ਦਾ ਭਾਵ ਉਸਦੀ ਉਚਾਈ ਦੇ ਕਾਰਨ ਨਹੀਂ ਹੈ, ਉਸਦੇ ਜੀਵਨ ਦੇ ਕਾਰਨ ਹੈ। ਜੋ ਅਸੀਂ ਹਿਮਾਲੀਆ ਨੂੰ ਮਹਾਂਦੇਵ ਦਾ, ਸ਼ਿਵ ਦਾ ਨਿਵਾਸ ਦਸਿਆ ਹੈ, ਤਾਂ ਸਿਰਫ ਇਸਲਈ ਕਿ ਇਸ ਪ੍ਰਿਥਵੀ ਉੱਤੇ ਜੀਵਨ ਦੇ ਵਧਾਰੇ ਦਾ ਉਹ ਪ੍ਰਤੀਕ ਹੈ। ਅਤੇ ਵਿਰਾਟ ਪ੍ਰਤੀਕ ਹੈ। ਅਤੇ ਵਧਦਾ ਹੀ ਚਲਿਆ ਜਾਂਦਾ ਹੈ। ਅਜੇ ਵੀ ਜਵਾਨ ਹੈ, ਅਜੇ ਵੀ ਉਸਦਾ ਵਧਣਾ ਰੁਕਿਆ ਨਹੀਂ ਹੈ। ਪਰ ਜੋ ਦਿਖਾਈ ਪੈਂਦੇ ਹਨ, ਉਹ ਤਾਂ ਪੱਥਰ ਹਨ। ਲੇਕਿਨ ਉਹਨਾਂ ਪੱਥਰਾਂ ਦੇ ਅੰਦਰ ਜ਼ਰੂਰ ਕੋਈ ਊਰਜਾ ਛੁਪੀ ਹੈ, ਜੋ ਉਠ ਰਹੀ ਹੈ, ਅਕਾਸ਼ ਵਲ ਨੂੰ ਵਧ ਰਹੀ ਹੈ।

ਇਹ ਸਮੁੱਚੇ ਜੀਵਨ ਦੇ ਸਬੰਧ ਵਿਚ ਸੱਚ ਹੈ। ਅਤੇ ਬੀਜ ਦੀ ਬਾਬਤ ਜੋ ਮੈਂ ਕਿਹਾ, ਉਹੀ ਵੀਰਜ ਦੀ ਬਾਬਤ ਹੈ।

ਕਿਉਂਕਿ ਵੀਰਜ ਬੀਜ ਹੈ, ਜਿਵੇਂ ਪੌਦਿਆਂ ਦਾ ਬੀਜ ਹੈ, ਇਵੇਂ ਆਦਮੀ ਦਾ ਬੀਜ ਹੈ। ਉਸ ਬੀਜ ਨੂੰ ਤੋੜ ਕੇ ਅੰਦਰ ਦੀ ਊਰਜਾ ਦਾ ਪਤਾ ਨਹੀਂ ਲਗਦਾ। ਕਿਉਂਕਿ ਤੋੜਦਿਆਂ ਹੀ ਉਹ ਊਰਜਾ ਅਕਾਸ਼ ਵਿਚ ਲੀਨ ਹੋ ਜਾਂਦੀ ਹੈ। ਉਸ ਊਰਜਾ ਦਾ ਦੋ ਤਰ੍ਹਾਂ ਨਾਲ ਪਤਾ ਲਗ ਸਕਦਾ ਹੈ।

ਇਕ ਢੰਗ ਹੈ, ਕਿ ਵੀਰਜ ਦਾ ਕਣ, ਰਜ ਦੇ ਕਣ ਨਾਲ—ਪੁਰਸ਼ ਦਾ ਕਣ, ਇਸਤ੍ਰੀ ਦੇ ਕਣ ਨਾਲ ਮਿਲੇ, ਤਾਂ ਜੀਵਨ ਪਰਗਟ ਹੋ ਜਾਏਗਾ, ਇਕ ਬੱਚਾ ਜਨਮ ਲਵੇਗਾ। ਕਿਉਂਕਿ ਪੁਰਸ਼ ਦਾ ਕਣ ਤੇ ਇਸਤ੍ਰੀ ਦਾ ਕਣ ਦੋਵੇਂ ਅਧੂਰੇ ਹਨ, ਅੱਧੇ-ਅੱਧੇ ਹਨ। ਅਤੇ ਇਕ ਤੋਂ ਜੀਵਨ ਦਾ ਜਨਮ ਨਹੀਂ ਹੋ ਸਕਦਾ। ਜੀਵਨ ਦੇ ਲਈ ਪੂਰਨਤਾ ਚਾਹੀਦੀ ਹੈ। ਜਿਵੇਂ ਹੀ ਇਸਤ੍ਰੀ ਅਤੇ ਪੁਰਸ਼ ਦਾ ਕਣ ਮਿਲਦਾ ਹੈ, ਇਕ ਪੂਰਨ ਬਣ ਗਿਆ, ਇਕ ਛੋਟੀ ਇਕਾਈ ਪੈਦਾ ਹੋ ਗਈ—ਜੋ ਹੁਣ ਅੱਧੀ ਨਹੀਂ ਹੈ, ਹੁਣ ਜੋ ਵਧ ਸਕਦੀ ਹੈ। ਇਕ ਤਾਂ ਉਪਾਅ ਹੈ ਵੀਰਜ-ਕਣ ਦੇ ਅੰਦਰ ਛੁਪੇ ਜੀਵਨ ਨੂੰ ਮੁਕਤ ਕਰਨ ਦਾ, ਕਿ ਉਸਨੂੰ ਉਲਟ ਰਜਕਣ ਨਾਲ ਮਿਲਾ ਦੇਣਾ।

ਇਕ ਹੋਰ ਵੀ ਉਪਾਅ ਹੈ, ਇਸ ਵੀਰਜ-ਕਣ ਨੂੰ ਪਰਗਟ ਕਰਨ ਦਾ। ਤਦ ਦੋ ਦੋਹਾਂ—ਵੀਰਜਕਣ ਦੀ ਅਤੇ ਰਜਕਣ ਦੀ—ਦੋ ਦੇਹਾਂ ਨਹੀਂ ਮਿਲਦੀਆਂ, ਬਲਕਿ ਵੀਰਜਕਣ ਦੀ ਅਤੇ ਰਜਕਣ ਦੀ ਊਰਜਾ ਮਿਲ ਜਾਂਦੀ ਹੈ—ਸਿਰਫ ਊਰਜਾ।

ਅਜੋਕਾ ਮਨੋਵਿਗਿਆਨ ਹੁਣ ਸਵੀਕਾਰ ਕਰਦਾ ਹੈ ਕਿ ਕੋਈ ਪੁਰਸ਼, ਨਾ ਤਾਂ ਸਿਰਫ ਪੁਰਸ਼ ਹੈ, ਅਤੇ ਨਾ ਕੋਈ ਇਸਤ੍ਰੀ, ਸਿਰਫ ਇਸਤ੍ਰੀ ਹੈ। ਦੋਹਾਂ ਦੇ ਅੰਦਰ ਦੋਵੇਂ ਹਨ। ਹੋਣਾ ਵੀ ਚਾਹੀਦਾ ਹੈ, ਕਿਉਂਕਿ ਤੁਹਾਡਾ ਜਨਮ ਹੁੰਦਾ ਹੈ ਇਸਤ੍ਰੀ, ਪੁਰਸ਼ ਤੋਂ ਮਿਲ ਕੇ ਇਸਲਈ ਨਾ ਤਾਂ ਤੁਸੀਂ ਪੁਰਸ਼ ਹੋ ਸਕਦੇ ਹੋ ਤੇ ਨਾ ਇਸਤ੍ਰੀ ਪੂਰੇ-ਪੂਰੇ। ਤੁਸੀਂ ਅੱਧੇ-ਅੱਧੇ ਹੋਵੋਗੇ। ਤੁਹਾਡੀ ਜੋ ਪਹਿਲੀ ਇਕਾਈ ਤਿਆਰ ਹੁੰਦੀ ਹੈ, ਉਸ ਵਿਚ ਅੱਧੀ ਇਸਤ੍ਰੀ ਹੈ ਅਤੇ ਅੱਧਾ ਪੁਰਸ਼ ਹੈ। ਤੁਸੀਂ ਭਾਵੇਂ ਹੁਣ ਇਸਤ੍ਰੀ ਹੋਵੋ ਅਤੇ ਭਾਵੇਂ ਪੁਰਸ਼, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਤੁਹਾਡੀ ਜੋ ਮਿਲਾਵਟ ਹੈ, ਤੁਹਾਡਾ ਜੋ ਬੁਨਿਆਦ ਦਾ ਨੀਂਹ-ਪੱਥਰ ਹੈ ਉਸ ਵਿਚ ਅੱਧਾ ਇਸਤ੍ਰੀ ਦਾ ਦਾਨ ਹੈ, ਅੱਧਾ ਪੁਰਸ਼ ਦਾ। ਅਤੇ ਇਹ ਦਾਨ ਕਦੇ ਨਸ਼ਟ ਨਹੀਂ ਹੋ ਸਕਦਾ, ਤੁਸੀਂ ਕੁਝ ਵੀ ਬਣ ਜਾਓ, ਉਸ ਵਿਚ ਅੱਧੀ ਇਸਤ੍ਰੀ ਹੋਵੇਗੀ ਅਤੇ ਅੱਧਾ ਪੁਰਸ਼ ਹੋਵੇਗਾ। ਤੁਹਾਡੇ ਅੰਦਰ ਦੋ ਊਰਜਾਵਾਂ ਮਿਲੀਆਂ ਹਨ, ਦੋ ਸਰੀਰ ਮਿਲੇ ਹਨ। ਅਤੇ ਇਹਨਾਂ ਦੋਨਾਂ ਸਰੀਰਾਂ ਦਾ ਜੋੜ ਹੈ, ਅਤੇ ਦੋ ਊਰਜਾਵਾਂ ਦਾ ਜੋੜ ਹੈ, ਜਿਸ ਤੋਂ ਤੁਸੀਂ ਇਕ ਵਿਅਕਤੀ ਬਣੇ।

ਤੁਹਾਡਾ ਵੀਰਜ-ਕਣ ਦੋ ਤਰ੍ਹਾਂ ਦੀਆਂ ਚਾਹਤਾਂ ਰਖਦਾ ਹੈ। ਇਕ ਚਾਹਨਾ ਤਾਂ ਰਖਦਾ ਹੈ ਬਾਹਰ ਦੀ ਇਸਤ੍ਰੀ ਨਾਲ ਮਿਲ ਕੇ, ਫਿਰ ਇਕ ਨਵੇਂ ਜੀਵਨ ਦੀ ਪੂਰਨਤਾ ਪੈਦਾ ਕਰਨ ਦੀ। ਇਕ ਹੋਰ ਗਹਿਰੀ ਚਾਹਨਾ ਹੈ, ਜਿਸਨੂੰ ਅਸੀਂ ਅਧਿਆਤਮ ਕਹਿੰਦੇ ਹਾਂ, ਉਹ ਚਾਹਨਾ ਹੈ, ਆਪਣੇ ਹੀ ਅੰਦਰ ਛੁਪੀ ਇਸਤ੍ਰੀ ਜਾਂ ਆਪਣੇ ਹੀ ਅੰਦਰ ਛੁਪੇ ਪੁਰਸ਼ ਨਾਲ

ਮਿਲਣ ਦੀ। ਜੇ ਬਾਹਰ ਦੀ ਇਸਤ੍ਰੀ ਨਾਲ ਮਿਲਣਾ ਹੁੰਦਾ ਹੈ, ਤਾਂ ਸੰਭੋਗ ਵਾਪਰਦਾ ਹੈ। ਉਹ ਵੀ ਸੁਖਾਵਾਂ ਹੈ, ਛਿਨ-ਭਰ ਦੇ ਲਈ। ਜੇ ਅੰਦਰ ਦੀ ਇਸਤ੍ਰੀ ਨਾਲ ਮੇਲ ਹੁੰਦਾ ਹੈ, ਤਾਂ ਸਮਾਧੀ ਵਾਪਰਦੀ ਹੈ। ਉਹ ਮਹਾਂਸੁਖ ਹੈ ਅਤੇ ਸਦਾ ਲਈ ਹੈ। ਕਿਉਂਕਿ ਬਾਹਰ ਦੀ ਇਸਤ੍ਰੀ ਨਾਲ ਕਿੰਨਾ ਚਿਰ ਮਿਲੋਗੇ ? ਉਹ ਮਿਲਾਪ ਛੁੱਟ ਜਾਂਦਾ ਹੈ ਛਿਨ-ਭਰ 'ਚ। ਛਿਨ-ਭਰ ਨੂੰ ਵੀ ਮਿਲਾਪ ਹੋ ਜਾਵੇ ਤਾਂ ਬਹੁਤ ਮੁਸ਼ਕਲ ਹੈ। ਦੇਹ ਹੀ ਮਿਲ ਪਾਂਦੀ ਹੈ, ਮਨ ਨਹੀਂ ਮਿਲ ਪਾਂਦੇ। ਮਨ ਵੀ ਮਿਲ ਜਾਵੇ, ਤਾਂ ਆਤਮਾ ਨਹੀਂ ਮਿਲ ਪਾਂਦੀ। ਅਤੇ ਸਭ-ਕੁਝ ਵੀ ਮਿਲ ਜਾਵੇ ਤਾਂ ਵੀ ਮਿਲਾਪ ਤਾਂ ਛਿਨ-ਭਰ ਦਾ ਹੀ ਹੋ ਸਕਦਾ ਹੈ। ਅੰਦਰ ਦੀ ਇਸਤ੍ਰੀ ਨਾਲ ਮਿਲਾਪ ਸਦੀਵੀ ਹੋ ਸਕਦਾ ਹੈ। ਉਸ ਸਦੀਵੀ ਮਿਲਾਪ ਦੇ ਕਾਰਨ ਹੀ ਸਮਾਧੀ ਪਰਗਟ ਹੁੰਦੀ ਹੈ।

ਬਾਹਰ ਦੀ ਇਸਤ੍ਰੀ ਨਾਲ ਮਿਲਣਾ ਹੈ, ਤਾਂ ਵੀਰਜ-ਕਣ ਦੀ ਜੋ ਦੇਹ ਹੈ, ਉਸਦੇ ਸਹਾਰੇ ਹੀ ਮਿਲਣਾ ਪਏਗਾ, ਕਿਉਂਕਿ ਦੇਹ ਦਾ ਮੇਲ ਤਾਂ ਦੇਹ ਦੇ ਸਹਾਰੇ ਹੀ ਹੋ ਸਕਦਾ ਹੈ। ਜੇ ਅੰਦਰ ਦੀ ਇਸਤ੍ਰੀ ਨਾਲ ਮਿਲਣਾ ਹੈ, ਤਾਂ ਦੇਹ ਦੀ ਕੋਈ ਜ਼ਰੂਰਤ ਨਹੀਂ ਹੈ। ਵੀਰਜ-ਕਣ ਦੀ ਦੇਹ ਤਾਂ ਆਪਣੇ ਕੇਂਦਰ, ਕਾਮ-ਕੇਂਦਰ ਵਿਚ ਪਈ ਰਹਿ ਜਾਂਦੀ ਹੈ; ਅਤੇ ਵੀਰਜ-ਕਣ ਦੀ ਊਰਜਾ ਉਸਤੋਂ ਮੁਕਤ ਹੋ ਜਾਂਦੀ ਹੈ। ਉਹੀ ਊਰਜਾ ਅੰਦਰ ਦੀ ਇਸਤ੍ਰੀ ਨਾਲ ਮਿਲ ਜਾਂਦੀ ਹੈ। ਇਸ ਮਿਲਾਪ ਦੀ ਜੋ ਆਪਣੇ-ਆਪ ਦੀ ਹੀ ਘਟਨਾ ਹੈ, ਉਹ ਸੱਹਸਤ੍ਰਾਰ ਵਿਚ ਵਾਪਰਦੀ ਹੈ। ਕਿਉਂਕਿ ਸਹੱਸਤ੍ਰਾਰ ਊਰਜਾ ਦਾ ਸ੍ਰੇਸ਼ਠ ਤੋਂ ਸ੍ਰੇਸ਼ਠ ਕੇਂਦਰ ਹੈ, ਅਤੇ ਕਾਮ-ਕੇਂਦਰ ਦੇਹ ਦਾ ਸ੍ਰੇਸ਼ਠ ਤੋਂ ਸ੍ਰੇਸ਼ਠ ਕੇਂਦਰ ਹੈ।

ਅਸੀਂ ਸ਼ੰਕਰ ਦੀ ਮੂਰਤੀ ਬਣਾਈ ਹੈ—ਅੱਧਾ ਪੁਰਸ਼ ਅਤੇ ਅੱਧੀ ਇਸਤ੍ਰੀ ਦੀ। ਅੱਧਾ ਅੰਗ ਪੁਰਸ਼ ਦਾ ਹੈ ਅਤੇ ਅੱਧਾ ਅੰਗ ਇਸਤ੍ਰੀ ਦਾ ਹੈ। ਇਹ ਇਸ ਗਹਿਰੇ ਮਿਲਾਪ ਦੀ ਸੂਚਨਾ ਹੈ। ਅਤੇ ਜੋ ਅਰਥ-ਨਾਰੀਸ਼ਵਰ ਦਾ ਮਿਲਾਪ ਹੈ, ਇਹ ਹੁੰਦਾ ਹੈ ਕੈਲਾਸ਼ ਵਿਚ, ਗੌਰੀਸ਼ੰਕਰ ਉਤੇ। ਉਹ ਜੋ ਤੁਹਾਡੇ ਅੰਦਰ ਸ੍ਰੇਸ਼ਠ ਤੋਂ ਸ੍ਰੇਸ਼ਠ ਸਿਖਰ ਹੈ ਹਿਮਾਲੀਆ ਦਾ—ਸਹੱਸਤ੍ਰਾਰ, ਕੈਲਾਸ਼, ਗੌਰੀਸ਼ੰਕਰ, ਜੋ ਵੀ ਨਾਂ ਦਿਉ, ਉਥੇ ਮਿਲਾਪ ਵਾਪਰਦਾ ਹੈ।

ਨੀਵੇਂ ਤੋਂ ਨੀਵਾਂ ਤਲ ਹੈ ਕਾਮ-ਕੇਂਦਰ ਦਾ, ਉਥੇ ਤਾਂ ਪਸ਼ੂ ਵੀ ਮਿਲ ਲੈਂਦੇ ਹਨ, ਉਥੇ ਮਿਲਣਾ ਹੁੰਦਾ ਹੈ ਸੰਭੋਗ ਦਾ। ਸ੍ਰੇਸ਼ਠ ਤੋਂ ਸ੍ਰੇਸ਼ਠ ਕੇਂਦਰ ਹੈ ਮਿਲਾਪ ਦਾ, ਸਮਾਧੀ ਦਾ, ਉਥੇ ਕਦੇ ਕੋਈ ਬੁੱਧ, ਕਦੇ ਕੋਈ ਮਹਾਂਵੀਰ ਆਪਣੇ ਅੰਦਰ ਦੀ ਇਸਤ੍ਰੀ ਜਾਂ ਆਪਣੇ ਅੰਦਰ ਦੇ ਪੁਰਸ਼ ਨੂੰ ਖੋਜ ਪਾਂਦਾ ਹੈ। ਅਤੇ ਜਿਸ ਦਿਨ ਇਹ ਘਟਨਾ ਵਾਪਰਦੀ ਹੈ, ਉਸੇ ਦਿਨ ਬ੍ਰਹਮਚਰਜ ਹਾਸਲ ਹੁੰਦਾ ਹੈ; ਉਸ ਤੋਂ ਪਹਿਲਾਂ ਨਹੀਂ ਹੋ ਸਕਦਾ। ਜਦ ਅੰਦਰ ਦੀ ਇਸਤ੍ਰੀ ਮਿਲ ਗਈ, ਤਾਂ ਫਿਰ ਬਾਹਰ ਦੀ ਇਸਤ੍ਰੀ ਦੀ ਕੋਈ ਚਿੰਤਾ ਨਹੀਂ ਰਹਿ ਜਾਂਦੀ। ਜਦ ਅੰਦਰ ਦਾ ਪੁਰਸ਼ ਮਿਲ ਗਿਆ, ਤਦ ਫਿਰ ਬਾਹਰ ਦੇ ਪੁਰਸ਼ ਦੀ ਖੋਜ ਨਹੀਂ ਰਹਿ ਜਾਂਦੀ। ਅਤੇ ਜਦ ਤਕ ਇਹ ਮੇਲ ਨਹੀਂ ਹੁੰਦਾ, ਤਦ ਤਕ ਇਹ ਖੋਜ ਜਾਰੀ ਹੀ ਰਹੇਗੀ। ਵੀਰਜ ਦਾ ਦੁਆਰ ਇਸ ਪਰਕਿਰਿਆ ਦਾ ਦੁਆਰ ਹੈ।

ਕਿਵੇਂ ਅਸੀਂ ਆਪਣੇ ਵੀਰਜ-ਕਣ ਵਿਚ ਛੁਪੀ ਹੋਈ ਜੀਵਨ-ਊਰਜਾ ਨੂੰ ਮੁਕਤ ਕਰੀਏ, ਅਤੇ ਕਿਵੇਂ ਸਾਡੇ ਸਹੰਸਤ੍ਰਾਰ ਵਿਚ ਛੁਪੇ ਹੋਏ ਸਾਡੇ ਹੀ ਉਲਟ ਕੇਂਦਰ ਨਾਲ ਇਸਦਾ ਮਿਲਾਪ ਕਰਾ ਦੇਈਏ?

ਇਕ ਮਿੱਤਰ ਨੇ ਸਵਾਲ ਪੁਛਿਆ ਹੈ ਕਿ ਜਦ ਉਹ ਧਿਆਨ ਕਰਦੇ ਹਨ, ਇਹ ਸਕ੍ਰਿਯ ਧਿਆਨ ਕਰਦੇ ਹਨ, ਤਾਂ ਕੁਝ ਸਮੇਂ ਦੇ ਲਈ ਉਹਨਾਂ ਦੀ ਕਾਮ-ਵਾਸਨਾ ਬਿਲਕੁਲ ਛੂਪਨ ਹੋ ਜਾਂਦੀ ਹੈ। ਉਸ ਤੋਂ ਉਹਨਾਂ ਨੂੰ ਡਰ ਪੈਦਾ ਹੋ ਗਿਆ ਹੈ। ਪੁਛਿਆ ਹੈ ਕਾਮ-ਵਾਸਨਾ ਅਲੋਪ ਹੋ ਜਾਂਦੀ ਹੈ। ਅਤੇ ਸ਼ਕਤੀ ਬਹੁਤ ਪ੍ਰਤੀਤ ਹੁੰਦੀ ਹੈ। ਚੇਸ਼ਟਾ ਵੀ ਕਰਨ, ਤਾਂ ਕਾਮ-ਕਰਮ ਵਿਚ ਨਹੀਂ ਉਤਰ ਸਕਦੇ ਕੁਝ ਸਮੇਂ ਦੇ ਲਈ। ਤਾਂ ਉਹਨਾਂ ਨੂੰ ਘਬਰਾਹਟ ਹੋ ਗਈ ਕਿ ਕਿਤੇ ਉਹ ਇਸ ਤੋਂ ਕਿਸੇ ਨਪੁੰਸਕਤਾ ਨੂੰ ਤਾਂ ਨਹੀਂ ਪਹੁੰਚ ਜਾਣਗੇ, ਕੋਈ ਇੰਪੋਟੈਂਸੀ ਤਾਂ ਨਹੀਂ ਹੋ ਜਾਏਗੀ। ਅਤੇ ਸ਼ਕਤੀ ਬਹੁਤ ਜਾਣ ਪੈਂਦੀ ਹੈ, ਜਿੰਨੀ ਕਦੇ ਵੀ ਨਹੀਂ ਜਾਣ ਪੈਂਦੀ, ਇੰਨੀ ਜਾਣ ਪੈਂਦੀ ਹੈ। ਪਰ ਕਾਮ-ਕਰਮ ਵਿਚ ਨਹੀਂ ਉਤਰ ਸਕਦੇ।

ਖੁਸ਼ਕਿਸਮਤ ਹੋ ਤੁਸੀਂ। ਡਰੋ ਨਾ ਤੁਸੀਂ। ਇਹੀ ਚਾਹੀਦਾ ਹੈ ਕਿ ਸ਼ਕਤੀ ਜ਼ਿਆਦਾ ਪ੍ਰਤੀਤ ਹੋਵੇ ਅਤੇ ਕਾਮ-ਕਰਮ ਵਿਚ ਨਾ ਉਤਰਿਆ ਜਾ ਸਕੇ। ਇਸਦਾ ਅਰਥ ਹੈ, ਸ਼ਕਤੀ ਉਪਰ ਵਲ ਨੂੰ ਦੌੜ ਰਹੀ ਹੈ; ਇਸਲਈ ਕਾਮ-ਕੇਂਦਰ ਨੂੰ ਸ਼ਕਤੀ ਪਹੁੰਚ ਨਹੀਂ ਪਾ ਰਹੀ ਹੈ। ਅਤੇ ਇਸ ਪਰਕਿਰਿਆ ਦਾ ਪੂਰਾ ਮਨੋਰਥ ਇਹੀ ਹੈ ਕਿ ਤੁਹਾਡੇ ਵੀਰਜ-ਕਣ ਹੇਠਾਂ ਪਏ ਜਾਣ ਅਤੇ ਵੀਰਜ-ਕਣਾਂ ਤੋਂ ਵੀਰਜ-ਊਰਜਾ ਮੁਕਤ ਹੋ ਜਾਵੇ, ਏਨਰਜੀ ਮੁਕਤ ਹੋ ਜਾਵੇ, ਅਤੇ ਉਪਰ ਵਲ ਨੂੰ ਦੌੜਨ ਲਗੇ। ਜਦ ਏਨਰਜੀ ਉਪਰ ਵਲ ਨੂੰ ਦੌੜਦੀ ਹੋਵੇਗੀ, ਊਰਜਾ ਉਪਰ ਦੀ ਤਰਫ ਜਾ ਰਹੀ ਹੋਵੇਗੀ, ਤਦ ਤੁਸੀਂ ਕਾਮ-ਕੇਂਦਰ ਦਾ ਉਪਯੋਗ ਨਹੀਂ ਕਰ ਸਕਦੇ, ਤਦ ਕਾਮ-ਕੇਂਦਰ ਅਸਲ ਵਿਚ ਨਪੁੰਸਕ ਹਾਲਤ ਵਿਚ ਹੈ। ਪਰ ਇਹ ਸੁਭਾਗ ਹੈ।

ਜੀਸਸ ਨੂੰ ਮੰਨਣ ਵਾਲੇ ਸਾਧੂਆਂ ਦਾ ਇਕ ਸੰਪਰਦਾ ਹੈ, ਆਪਣੇ-ਆਪ ਨੂੰ 'ਐਨਕਸ ਆੱਫ ਜੀਸਸ' ਕਹਿੰਦਾ ਹੈ—ਜੀਸਸ ਦੇ ਨਪੁੰਸਕ। ਬੜੀ ਮਿੱਠੀ ਗੱਲ ਹੈ। ਕੀ ਤੁਹਾਨੂੰ ਪਤਾ ਹੈ ਕਿ ਬ੍ਰਹਮ ਨੂੰ ਅਸੀਂ ਨਪੁੰਸਕ ਲਿੰਗ ਵਿਚ ਲਿਖਿਆ ਹੈ। ਬ੍ਰਹਮ ਨੂੰ ਅਸੀਂ ਪੁਰਸ਼-ਲਿੰਗ ਵਿਚ ਰਖ ਸਕਦੇ ਹਾਂ, ਨਾ ਇਸਤ੍ਰੀ-ਲਿੰਗ ਵਿਚ। ਜਾਂ ਤਾਂ ਉਹ ਦੋਨੋਂ ਹੈ, ਜਾਂ ਉਹ ਦੋਨੋਂ ਨਹੀਂ ਹੈ। ਇਸਲਈ ਬ੍ਰਹਮ ਨੂੰ ਅਸੀਂ ਇਸ ਮੁਲਕ ਵਿਚ ਨਪੁੰਸਕ ਲਿੰਗ ਵਿਚ ਲਿਖਿਆ ਹੈ, ਸੋਚ ਕੇ।

ਨਪੁੰਸਕਤਾ ਦੋ ਤਰ੍ਹਾਂ ਦੀ ਹੈ ਕਿ ਤੁਹਾਡੇ ਕੋਲ ਵੀਰਜ-ਸ਼ਕਤੀ ਹੀ ਨਾ ਹੋਵੇ—ਇਹ ਨੀਵੀਂ ਤੋਂ ਨੀਵੀਂ ਹਾਲਤ ਹੈ। ਇਕ ਹੋਰ ਨਪੁੰਸਕਤਾ ਹੈ—ਕਿ ਸ਼ਕਤੀ ਤੁਹਾਡੇ ਕੋਲ ਵਿਰਾਟ ਹੋਵੇ, ਪਰ ਕਾਮ-ਕੇਂਦਰ ਤੋਂ ਮੁਕਤ ਹੋ ਗਈ ਹੋਵੇ, ਅਤੇ ਉਪਰ ਦੀ ਯਾਤਰਾ 'ਤੇ ਨਿਕਲ ਗਈ ਹੋਵੇ। ਅਜੇਹੀ ਨਪੁੰਸਕਤਾ ਧੰਨਭਾਗ ਹੈ, ਕਿਉਂਕਿ ਉਹੀ ਬ੍ਰਹਮਚਰਜ ਹੈ। ਉਹੀ ਬ੍ਰਹਮਚਰਜ ਹੈ ਕਿ ਤੁਹਾਡੇ ਵਿਚ ਊਰਜਾ ਤਾਂ ਪੂਰੀ ਹੈ ਲੇਕਿਨ ਵਾਸਨਾ ਹੀ ਨਹੀਂ ਉਠਦੀ। ਊਰਜਾ ਵਿਰਾਟ ਹੈ, ਔਪਰ ਹੇਠਾਂ ਵਲ ਨੂੰ ਵਹਿਣ ਦਾ ਭਾਵ ਨਹੀਂ ਉਠਦਾ। ਸਕ੍ਰਿਯ ਧਿਆਨ ਵਿਚ ਅਜੇਹਾ ਹੋਵੇਗਾ।

ਉਸ ਮਿੱਤਰ ਨੇ ਇਹ ਵੀ ਪੁਛਿਆ ਹੈ ਕਿ ਸਮਝ ਵਿਚ ਨਹੀਂ ਆਉਂਦਾ ਕਿ 'ਹੂ' ਦੀ ਅਵਾਜ਼ ਨਾਲ ਕਾਮ-ਕੇਂਦਰ 'ਤੇ ਚੋਟ ਕਿਵੇਂ ਲਗਦੀ ਹੋਵੇਗੀ। ਉਹਨਾਂ ਨੇ ਪੁਛਿਆ ਹੈ ਕਿ ਸਾਹ ਤਾਂ ਨਾਭੀ ਤਕ ਹੀ ਜਾਂਦਾ ਹੈ, ਉਸ ਤੋਂ ਹੇਠਾਂ ਨਹੀਂ ਜਾਂਦਾ, ਤਾਂ ਫਿਰ ਇਸ ਸਾਹ ਵਿਚ 'ਹੂ' ਦੀ ਜੋ ਪਰਤਵੀਂ ਅਵਾਜ਼ ਗੂੰਜਦੀ ਹੈ, ਉਹ ਹੇਠਾਂ ਤਕ ਕਿਵੇਂ ਜਾਂਦੀ ਹੋਵੇਗੀ?

ਬਹੁਤ ਗੱਲਾਂ ਹਨ।

ਪਹਿਲੀ, ਤੁਸੀਂ ਸਾਹ ਸਿਰਫ ਨੱਕ ਨਾਲ ਹੀ ਨਹੀਂ ਲੈਂਦੇ ਹੋ,ਪੂਰੇ ਸਰੀਰ ਨਾਲ ਲੈਂਦੇ ਹੋ। ਰੋਮ-ਰੋਮ ਸਾਹ ਲੈ ਰਿਹਾ ਹੈ। ਅਤੇ ਜੇ ਤੁਹਾਡੀ ਨੱਕ ਖੁਲ੍ਹੀ ਛਡ ਦਿਤੀ ਜਾਵੇ, ਅਤੇ ਸਾਰੇ ਸਰੀਰ ਨੂੰ ਪੇਂਟ ਕਰਕੇ ਸਭ ਰੋਮ ਬੰਦ ਕਰ ਦਿੱਤੇ ਜਾਣ, ਤਾਂ ਤੁਸੀਂ ਕਿੰਨਾ ਹੀ ਸਾਹ ਲਵੋ, ਤਿੰਨ ਘੰਟੇ ਤੋਂ ਜ਼ਿਆਦਾ ਜੀਂਦੇ ਨਹੀਂ ਰਹਿ ਸਕਦੇ ਹੋ। ਕਿਉਂਕਿ ਸਾਹ ਤੁਸੀਂ ਸਭ ਥਾਵਾਂ ਤੋਂ ਲੈ ਰਹੇ ਹੋ। ਅਤੇ ਸਭ ਥਾਵਾਂ ਤੋਂ ਸਾਹ ਲੈਣਾ ਜ਼ਰੂਰੀ ਹੈ। ਕਿਉਂਕਿ ਤੁਹਾਡਾ ਰੋਮ-ਰੋਮ ਜਿਉਂਦਾ ਹੈ, ਉਹ ਵੀ ਤਾਂ ਸਾਹ ਲੈ ਰਿਹਾ ਹੈ, ਤੁਹਾਡਾ ਪੂਰਾ ਸਰੀਰ ਸਾਹ ਲੈ ਰਿਹਾ ਹੈ। ਤੁਹਾਡੇ ਸਰੀਰ ਵਿਚ ਇਕ ਵੀ ਟੁਕੜਾ ਅਜੇਹਾ ਨਹੀਂ ਹੈ, ਜੋ ਬਿਨਾਂ ਸਾਹ ਦੇ ਹੋਵੇ।

ਤਾਂ ਜਦ 'ਹੂ' ਦੀ ਹੁੰਕਾਰ ਤੁਸੀਂ ਕਰਦੇ ਹੋ, ਤਾਂ ਉਹ ਹੁੰਕਾਰ ਸਿਰਫ ਤੁਹਾਡੇ ਹਿਰਦੇ ਵਿਚ ਅਤੇ ਤੁਹਾਡੀ ਨਾਭੀ ਵਿਚ, ਜਿਥੋਂ ਤਕ ਤੁਹਾਡਾ ਸਾਹ ਜਾਂਦਾ ਹੈ, ਉਥੋਂ ਤਕ ਹੀ ਨਹੀਂ ਗੂੰਜਦੀ, ਉਹ ਹੁੰਕਾਰ ਹੌਲੀ-ਹੌਲੀ ਜਿਥੇ ਸਾਹ ਤੁਹਾਡੇ ਸਰੀਰ ਵਿਚ ਦਾਖਲ ਹੁੰਦੀ ਹੈ, ਰੋਮ-ਰਮ ਤਕ, ਉਥੇ-ਉਥੇ ਤਕ ਗੂੰਜ ਜਾਂਦੀ ਹੈ।

ਅਤੇ ਜਿਵੇਂ ਸਾਹ ਰੋਮ-ਰੋਮ ਵਿਚ ਛੁਪਿਆ ਹੈ, ਉਵੇਂ ਹੀ ਕਾਮ-ਵਾਸਨਾ ਵੀ ਰੋਮ-ਰੋਮ ਵਿਚ ਛੁਪੀ ਹੈ। ਕਾਮ-ਕੇਂਦਰ 'ਤੇ ਤਾਂ ਕੰਨਸੰਟ੍ਰੇਟਿਡ ਹੈ, ਇਕਾਗਰ ਹੈ, ਲੇਕਿਨ ਛੁਪੀ ਤਾਂ ਸਭ ਤਰਫ ਹੈ। ਸਰੀਰ ਵਿਚ ਸਿਰਫ ਕਾਮ-ਕੇਂਦਰ ਹੀ ਨਹੀਂ ਹੈ, ਹੋਰ ਇਰੋਟਿਕ ਜ਼ੋਨਸ ਵੀ ਹਨ, ਹੋਰ ਅੰਗ ਵੀ ਹਨ ਸਰੀਰ ਦੇ ਜਿਹੜੇ ਕਾਮ-ਉਤੇਜਨਾ ਨਾਲ ਭਰ ਜਾਂਦੇ ਹਨ। ਹਿੱਕ-ਉਭਾਰ ਹਨ, ਉਹ ਵੀ ਕਾਮ-ਉਤੇਜਨਾ ਨਾਲ ਭਰ ਜਾਂਦੇ ਹਨ। ਕਾਮ ਵੀ ਕਾਮ-ਕੇਂਦਰ 'ਤੇ ਕੰਨਸੰਟ੍ਰੇਟਿਡ ਹੈ, ਉਥੇ ਸਭ ਤੋਂ ਵਧ ਹੈ, ਲੇਕਿਨ ਫੈਲਿਆ ਹੈ ਪੂਰੇ ਸਰੀਰ ਵਿਚ। ਜਿਵੇਂ ਸਾਹ ਫੈਲਿਆ ਹੈ, ਇਵੇਂ ਹੀ ਕਾਮ-ਵਾਸਨਾ ਵੀ ਫੈਲੀ ਹੈ। ਜਦ ਤੁਸੀਂ ਚੋਟ ਕਰਦੇ ਹੋ ਹੁੰਕਾਰ ਦੀ, ਤਾਂ ਇਹ ਹੁੰਕਾਰ ਦੀ ਚੋਟ ਜਿਥੇ-ਜਿਥੇ ਸਾਹ ਜਾਂਦੀ ਹੈ, ਉਥੇ-ਉਥੇ ਤਕ ਫੈਲ ਜਾਂਦੀ ਹੈ। ਤੁਹਾਡੇ ਅੰਦਰ ਜਿਥੇ-ਜਿਥੇ ਵਾਯੂ ਹੈ, ਉਥੇ-ਉਥੇ ਅਵਾਜ਼ ਗੂੰਜ ਜਾਂਦੀ ਹੈ, ਫੈਲ ਜਾਂਦੀ ਹੈ।

ਇਸੇਲਈ ਤਾਂ ਇੰਨਾ ਝੁਕਾਅ ਹੈ ਮੇਰਾ ਕਿ ਬਹੁਤ ਜ਼ੋਰ ਨਾਲ ਕਰਨਾ ਕਿ ਜ਼ਰਾ ਵੀ, ਇਕ ਹਿੱਸਾ ਵੀ ਇਸ ਅਵਾਜ਼ ਤੋਂ ਵਾਂਝਾ ਨਾ ਰਹਿ ਜਾਵੇ, ਅਤੇ ਤੁਹਾਡੇ ਸਾਰੇ ਸਰੀਰ ਦੀ ਕਾਮ-ਊਰਜਾ ਉਤੇ ਚੋਟ ਪੈ ਜਾਵੇ। ਅਤੇ ਥਾਂ-ਥਾਂ ਤੋਂ ਕਾਮ-ਊਰਜਾ ਇਸ ਚੋਟ ਨਾਲ ਮੁਕਤ ਹੋਣ ਲਗੇ। ਇਹ ਹੈਮਰਿੰਗ ਹੈ, ਹਥੌੜੇ ਦੀ ਤਰ੍ਹਾਂ ਅਸੀਂ ਬੀਜ ਨੂੰ ਤੋੜ ਰਹੇ ਹਾਂ। ਅੰਦਰ ਤਾਂ ਬੀਜ ਉਥੇ ਹੀ ਪਿਆ ਰਹਿ ਜਾਵੇ ਅਤੇ ਬੀਜ ਦੀ ਊਰਜਾ ਮੁਕਤ ਹੋ ਜਾਵੇ। ਅਤੇ ਊਰਜਾ ਦਾ ਨਿਯਮ ਹੈ ਕਿ ਮੁਕਤ ਹੁੰਦਿਆਂ

ਹੀ, ਊਰਜਾ ਉਪਰ ਵਲ ਨੂੰ ਦੌੜਦੀ ਹੈ। ਊਰਜਾ ਦੌੜਦੀ ਹੀ ਉਪਰ ਦੀ ਤਰਫ ਹੈ, ਜਿਵੇਂ ਅੱਗ ਦੀ ਲਾਟ ਉਪਰ ਦੀ ਤਰਫ ਦੌੜਦੀ ਹੈ। ਸਭ ਊਰਜਾਵਾਂ ਉਪਰ ਦੀ ਤਰਫ ਦੌੜਦੀਆਂ ਹਨ। ਸਭ ਪਦਾਰਥ ਹੇਠਾਂ ਵਲ ਡਿਗਦੇ ਹਨ। ਕਿਉਂਕਿ ਪਦਾਰਥ ਉੱਤੇ ਗ੍ਰੇਵਿਟੇਸ਼ਨ ਦਾ, ਧਰਤੀ ਦੀ ਖਿੱਚ-ਸ਼ਕਤੀ ਦਾ ਅਸਰ ਪੈਂਦਾ ਹੈ। ਊਰਜਾ ਉੱਤੇ ਇਸ ਖਿੱਚ-ਸ਼ਕਤੀ ਦਾ ਕੋਈ ਅਸਰ ਨਹੀਂ ਪੈਂਦਾ।

ਅਤੇ ਜਦ ਅਜੇਹਾ ਹੋਣ ਲਗੇ ਕਿ ਤੁਹਾਡੀ ਕਾਮ-ਵਾਸਨਾ ਲਗੇ ਕਿ ਨਹੀਂ ਉਠਦੀ ਹੈ ਤਾਂ ਪ੍ਰਭੂ ਨੂੰ ਧੰਨਵਾਦ ਦੇਣਾ। ਅਤੇ ਚਿੰਤਾ ਨਾ ਲੈਣਾ ਅਤੇ ਚਿੰਤਾ ਤੋਂ ਡਰ ਕੇ ਧਿਆਨ ਕਰਨ ਤੋਂ ਰੁਕ ਨਾ ਜਾਣਾ। ਛੇਤੀ ਹੀ ਅੰਦਰ ਸਮਾਧੀ ਵਾਪਰੇਗੀ। ਅਤੇ ਤਦੇ ਪਤਾ ਲਗੇਗਾ ਕਿ ਜਿਸ ਸ਼ਕਤੀ ਤੋਂ ਸਮਾਧੀ ਮਿਲ ਸਕਦੀ ਸੀ, ਉਸਨੂੰ ਅਸੀਂ ਸੰਭੋਗ ਵਿਚ ਵਿਅਰਥ ਖੋਂਦੇ ਰਹੇ। ਲੇਕਿਨ ਜਦ ਤਕ ਉਹ ਨਹੀਂ ਮਿਲੀ, ਤਦ ਤਕ ਸੰਭੋਗ ਹੀ ਸਮਾਧੀ ਜਾਣ ਪੈਂਦਾ ਹੈ। ਜਦ ਉਹ ਮਿਲੇਗੀ, ਤਦੇ ਤੁਲਣਾ ਹੋ ਸਕਦੀ ਹੈ।

ਤਾਂ ਬੁੱਧ ਅਤੇ ਮਹਾਂਵੀਰ ਜੇਕਰ ਤੁਹਾਡੇ ਉੱਤੇ ਬਹੁਤ ਦਯਾ ਨਾਲ ਭਰ ਜਾਂਦੇ ਹਨ, ਤਾਂ ਉਸ ਦਯਾ ਦਾ ਸਭ ਤੋਂ ਵਡਾ ਕਾਰਨ ਤਾਂ ਇਹ ਹੈ ਕਿ ਤੁਸੀਂ ਹੀਰੇ ਖੋ ਰਹੇ ਹੋ, ਅਤੇ ਬਦਲੇ ਵਿਚ ਕੁਝ ਵੀ ਨਹੀਂ ਪਾ ਰਹੇ ਹੋ, ਨਾ ਦੇ ਬਰਾਬਰ। ਇਹਨਾਂ ਹੀਰਿਆਂ ਨਾਲ ਉਹ ਖ਼ਰੀਦਿਆ ਜਾ ਸਕਦਾ ਹੈ, ਜੋ ਫਿਰ ਕਦੇ ਨਹੀਂ ਖੋਏਗਾ। ਮਨੁੱਖ ਦੀ ਜ਼ਿੰਦਗੀ ਵਿਚ ਜੋ ਉਚੀ ਤੋਂ ਉਚੀ ਯਾਤਰਾ ਹੈ, ਉਹ ਸੰਭੋਗ ਤੋਂ ਸਮਾਧੀ ਵਲ ਨੂੰ ਹੈ। ਅਤੇ ਜਦ ਤਕ ਅਸੀਂ ਸੰਭੋਗ ਤੋਂ ਸਮਾਧੀ ਵਲ ਨਹੀਂ ਪਹੁੰਚ ਜਾਂਦੇ, ਤਦ ਤਕ ਮੰਜ਼ਲ ਨਹੀਂ ਮਿਲੀ, ਤਦ ਤਕ ਅਸੀਂ ਭਟਕ ਰਹੇ ਹਾਂ।

ਹੁਣ ਅਸੀਂ ਇਸ ਸੂਤਰ ਨੂੰ ਲਈਏ।

'ਛੇਵਾਂ ਦੁਆਰ ਧਿਆਨ-ਦੁਆਰ ਸੰਗਮਰਮਰ ਦੇ ਕਲਸ ਜਿਹਾ ਹੈ—ਸਫੇਦ ਅਤੇ ਪਾਰਦਰਸ਼ੀ। ਉਸਦੇ ਅੰਦਰ ਇਕ ਸਵਰਨ-ਅਗਨੀ ਬਲਦੀ ਹੈ, ਉਹ ਸੁਝ ਦੀ ਲਾਟ ਹੈ, ਜੋ ਆਤਮਾ 'ਚੋਂ ਨਿਕਲਦੀ ਹੈ।'

ਵੀਰਜ ਮੁਕਤ ਹੋ ਜਾਵੇ ਕਾਮ-ਕੇਂਦਰ ਤੋਂ, ਤਾਂ ਧਿਆਨ ਬਣਨਾ ਸ਼ੁਰੂ ਹੋ ਜਾਂਦਾ ਹੈ। ਜਿਵੇਂ-ਜਿਵੇਂ ਅਸੀਂ ਉਪਰ ਵਧਦੇ ਹਾਂ, ਉਵੇਂ-ਉਵੇਂ ਧਿਆਨ ਹੋਣ ਲਗਦਾ ਹੈ। ਸੰਭੋਗ ਵਿਚ ਵੀ ਧਿਆਨ ਹੁੰਦਾ ਹੈ। ਸ਼ਾਇਦ ਇਸਲਈ ਸਾਡੇ ਮਨ ਵਿਚ ਸੰਭੋਗ ਦੀ ਇੰਨੀ ਜ਼ੋਰਦਾਰ ਚਾਹਨਾ ਹੈ: ਉਹ ਧਿਆਨ ਦੀ ਹੀ ਖੋਜ ਹੈ। ਅਤੇ ਸਾਨੂੰ ਪਤਾ ਨਹੀਂ, ਇਸਲਈ ਪਹਿਲੇ ਦੁਆਰ ਨੂੰ ਅਸੀਂ ਸਭ-ਕੁਝ ਸਮਝ ਲੈਂਦੇ ਹਾਂ। ਸੰਭੋਗ ਧਿਆਨ ਦੀ ਪਹਿਲੀ ਘਟਨਾ ਹੈ, ਨੀਵੀਂ ਤੋਂ ਨੀਵੀਂ ਹੈ। ਹੈ ਧਿਆਨ ਦੀ ਹੀ।

ਫਿਰ ਜਿਵੇਂ-ਜਿਵੇਂ ਵੀਰਜ-ਊਰਜਾ ਇਕ ਕੇਂਦਰ ਤੋਂ ਦੂਜੇ ਕੇਂਦਰ ਵਿਚ ਉਠਦੀ ਹੈ, ਧਿਆਨ ਹੋਰ ਗਹਿਰਾ ਹੋ ਜਾਂਦਾ ਹੈ। ਤੀਜੇ ਕੇਂਦਰ ਵਿਚ ਹੋਰ ਗਹਿਰਾ ਹੋ ਜਾਂਦਾ ਹੈ। ਚੌਥੇ ਕੇਂਦਰ ਵਿਚ ਹੋਰ ਗਹਿਰਾ ਹੋ ਜਾਂਦਾ ਹੈ; ਗਹਿਰਾ ਹੁੰਦਾ ਜਾਂਦਾ ਹੈ। ਪੰਜਵੇਂ ਕੇਂਦਰ ਤੋਂ ਧਿਆਨ ਦੀ ਲਾਟ ਬਹੁਤ ਸਾਫ ਹੋ ਜਾਂਦੀ ਹੈ। ਪੰਜਵਾਂ ਕੇਂਦਰ ਆਗਿਆਚੱਕਰ ਹੈ, ਜਿਸਨੂੰ ਮੈਂ ਤੀਸਰਾ

ਨੇਤਰ ਤੁਹਾਨੂੰ ਕਹਿੰਦਾ ਹਾਂ। ਉਸਨੂੰ ਰਗੜਨਾ ਉਹ ਪੰਜਵਾਂ ਕੇਂਦਰ ਹੈ। ਜਦ ਕਾਮ ਦੀ ਊਰਜਾ ਉਥੇ ਪਹੁੰਚਦੀ ਹੈ, ਤਾਂ ਬੜਾ ਉੱਜਲ ਹੋਣ ਲਗਦਾ ਹੈ। ਪੂਰਨ ਉਜਲਤਾ ਤਾਂ ਸੱਤਵੇਂ ਦੁਆਰ 'ਤੇ ਆਉਂਦੀ ਹੈ।

'ਧਿਆਨ ਦਾ ਦੁਆਰ ਹੈ ਸੰਗਮਰਮਰ ਦੇ ਕਲਸ ਜਿਹਾ। ਸਫੇਦ ਅਤੇ ਪਾਰਦਰਸ਼ੀ ਹੈ। ਉਸਦੇ ਅੰਦਰ ਇਕ ਸਵਰਨ ਅਗਨੀ ਬਲਦੀ ਹੈ। ਉਹ ਸੂਝ ਦੀ ਲਾਟ ਹੈ, ਜੋ ਆਤਮਾ 'ਚੋਂ ਨਿਕਲਦੀ ਹੈ।'

ਗਿਆਨ ਸ਼ਾਸਤਰ ਵਿਚ ਨਹੀਂ, ਸ਼ਬਦ ਵਿਚ ਵੀ ਨਹੀਂ, ਗਿਆਨ ਹੈ ਤੁਹਾਡੇ ਅੰਦਰ ਛੁਪੇ ਧਿਆਨ ਦੇ ਕਲਸ ਵਿਚ। ਉਸ ਗਿਆਨ ਦਾ ਨਾਂ ਸੂਝ ਹੈ, ਉਹ ਜੋ ਲਾਟ ਅੰਦਰ ਬਲ ਰਹੀ ਹੈ ਧਿਆਨ ਦੇ ਕਲਸ ਵਿਚ। ਅਤੇ ਧਿਆਨ ਪਾਰਦਰਸ਼ੀ ਕਲਸ ਹੈ, ਸ਼ੁੱਧ ਸੰਗਮਰਮਰ ਦਾ। ਬਾਹਰ ਵੀ ਉਸ ਦੀਆਂ ਕਿਰਨਾਂ ਦਿਖਾਈ ਦਿੰਦੀਆਂ ਹਨ। ਜਿਹੜੇ ਲੋਕ ਧਿਆਨ ਨੂੰ ਪਹੁੰਚਦੇ ਹਨ, ਉਹਨਾਂ ਦੇ ਸ਼ਬਦਾਂ ਵਿਚ, ਉਹਨਾਂ ਦੀ ਵਾਣੀ ਵਿਚ, ਉਠਣ-ਬੈਠਣ ਵਿਚ ਸੂਝ ਦੀ ਝਲਕ ਆਉਣ ਲਗਦੀ ਹੈ। ਉਹ ਜੋ ਛੁਪਿਆ ਹੈ, ਬਾਹਰ ਵੀ ਵਗਣ ਲਗਦਾ ਹੈ।

'ਤੂੰ ਹੀ ਉਹ ਕਲਸ ਹੈਂ।'

'ਧਿਆਨ ਦਾ ਉਹ ਕਲਸ ਤੂੰ ਹੈਂ।'

'ਹੁਣ ਤੂੰ ਖ਼ੁਦ ਨੂੰ ਇੰਦਰੀਆਂ ਦੇ ਵਿਸ਼ਿਆਂ ਨਾਲੋਂ ਤੋੜ ਲਿਆ ਹੈ। ਤੂੰ ਦਰਸ਼ਨ-ਪੰਧ ਅਤੇ ਸ੍ਰਵਣ-ਪੰਧ ਦੀ ਯਾਤਰਾ ਕਰ ਲਈ ਹੈ ਅਤੇ ਹੁਣ ਤੂੰ ਗਿਆਨ ਦੇ ਪ੍ਰਕਾਸ਼ ਵਿਚ ਖੜ੍ਹਾ ਹੈਂ। ਹੁਣ ਤੂੰ ਤਿਤਿੱਕਛਾ ਦੀ ਅਵਸਥਾ ਨੂੰ ਪਹੁੰਚ ਗਿਆ ਹੈਂ।'

ਵੀਰਜ ਦੇ ਪੰਜਵੇਂ ਦੁਆਰ ਦੇ ਬਾਅਦ, ਇਹ ਘਟਨਾਵਾਂ ਆਪਣੇ-ਆਪ ਵਾਪਰ ਜਾਂਦੀਆਂ ਹਨ। ਇਹ ਉਸਦੇ ਨਤੀਜੇ ਹਨ ਕਿ ਵਿਅਕਤੀ ਇੰਦਰੀਆਂ ਨਾਲੋਂ ਟੁੱਟ ਜਾਂਦਾ ਹੈ। ਇੰਦਰੀਆਂ ਨਾਲ ਸਾਡਾ ਜੋੜ ਸੰਭੋਗ ਦੀ ਚਾਹਨਾ ਦੇ ਕਾਰਨ ਹੈ। ਕਾਮ-ਵਾਸਨਾ, ਸਾਡੀਆਂ ਇੰਦਰੀਆਂ ਅਤੇ ਸਾਡੇ ਦਰਮਿਆਨ ਜੋੜ ਹੈ। ਜਦ ਕਾਮ-ਵਾਸਨਾ ਮੁਕਤ ਹੋ ਜਾਂਦੀ ਹੈ, ਤਾਂ ਇੰਦਰੀਆਂ ਨਾਲੋਂ ਸਾਡਾ ਸਬੰਧ ਟੁੱਟ ਜਾਂਦਾ ਹੈ।

ਹੱਥ ਨਾਲ ਮੇਰਾ ਸਬੰਧ ਕੀ ਹੈ?

ਮੇਰਾ ਹੱਥ ਨਾਲ ਸਬੰਧ ਦੋ ਤਰ੍ਹਾਂ ਦਾ ਹੈ। ਇਕ ਤਾਂ ਉਹ ਹੈ, ਜੋ ਮੇਰੇ ਹੱਥ ਦੀ ਹੱਡੀ ਟੁੱਟ ਜਾਵੇ ਅਤੇ ਫ੍ਰੈਕਚਰ ਹੋ ਜਾਵੇ, ਤਾਂ ਡਾਕਟਰ ਜਾਣਦਾ ਹੈ ਕਿ ਕੀ ਸਬੰਧ ਹੈ। ਉਹ ਹੱਡੀ ਨੂੰ ਫਿਰ ਜੋੜ ਦੇਵੇਗਾ। ਉਹ ਮੇਰਾ ਦੇਹ ਦਾ ਦੇਹ ਨਾਲ ਸਬੰਧ ਹੈ। ਇਕ ਹੋਰ ਸਬੰਧ ਹੈ ਮੇਰੇ ਹੱਥ ਦਾ ਜੋ ਅਸਲੀ ਸਬੰਧ ਹੈ, ਜਿਸਨੂੰ ਕੋਈ ਡਾਕਟਰ ਨਹੀਂ ਜੋੜ ਸਕਦਾ, ਕੋਈ ਡਾਕਟਰ ਨਹੀਂ ਤੋੜ ਸਕਦਾ। ਉਹ ਸਬੰਧ ਹੈ, ਮੇਰੇ ਛੋਹਣ ਦੀ ਵਾਸਨਾ, ਇਹ ਹੱਥ ਨਾਲ ਮੈਂ ਛੋਂਹਦਾ ਹਾਂ।

ਹੱਥ ਨਾਲ ਮੇਰੇ ਦੋ ਸਬੰਧ ਹਨ—ਇਕ ਮੇਰਾ ਦੇਹ ਦਾ ਸਬੰਧ ਹੈ ਕਿ ਹੱਡੀਆਂ ਨਾਲ ਹੱਡੀਆਂ ਜੁੜੀਆਂ ਹਨ, ਤਾਂ ਉਹ

ਯਾਂਤ੍ਰਿਕ ਹੈ; ਇਕ ਹੋਰ ਸਬੰਧ ਹੈ ਮੇਰੇ ਛੋਹਣ ਦੀ ਵਾਸਨਾ ਦਾ। ਅਸਲ ਵਿਚ ਉਸਦੇ ਕਾਰਨ ਹੀ ਮੈਂ ਹੱਥ ਨਾਲ ਜੁੜਿਆ ਹਾਂ। ਜਿਸ ਦਿਨ ਮੇਰੇ ਛੋਹਣ ਦੀ ਵਾਸਨਾ ਪੂਰੀ ਤਰ੍ਹਾਂ ਖ਼ਤਮ ਹੋ ਜਾਵੇ, ਉਸ ਦਿਨ ਹੱਥ ਨਾਲ ਮੈਂ ਨਹੀਂ ਜੁੜਿਆ ਹਾਂ, ਹੱਥ ਭਾਵੇਂ ਮੇਰੇ ਨਾਲ ਜੁੜਿਆ ਹੋਵੇ। ਜੋ ਹੱਥ ਦੇ ਸਬੰਧ ਵਿਚ ਸਹੀ ਹੈ, ਉਹ ਸਭ ਇੰਦਰੀਆਂ ਦੇ ਸਬੰਧ ਵਿਚ ਸਹੀ ਹੈ।

ਜਣਨ–ਇੰਦਰੀਆਂ ਨਾਲ ਤੁਸੀਂ ਜੁੜੇ ਹੋ ਚਮੜੀ ਨਾਲ, ਹੱਡੀ ਨਾਲ; ਉਹ ਜੁਦਾ ਗੱਲ ਹੈ। ਗਹਿਰਾ ਜੋੜ ਤਾਂ ਤੁਹਾਡੀ ਕਾਮ–ਵਾਸਨਾ ਦਾ ਹੈ। ਇਸਲਈ ਕਦੇ ਤੁਸੀਂ ਖ਼ਿਆਲ ਕੀਤਾ ਹੈ ਕਿ ਮਨ ਵਿਚ ਕਾਮ ਦਾ ਵਿਚਾਰ ਉਠਿਆ ਤਾਂ ਜਣਨ–ਇੰਦਰੀਆਂ ਉਸੇ ਵੇਲੇ ਭਖ ਜਾਂਦੀਆਂ ਹਨ। ਮਨ ਵਿਚ ਵਿਚਾਰ ਉਠਿਆ ਨਹੀਂ ਕਿ ਜਣਨ–ਇੰਦਰੀਆਂ ਪ੍ਰਭਾਵਤ ਹੋਈਆਂ ਨਹੀਂ। ਇਕ ਵਿਚਾਰ ਦਾ ਜੋੜ ਹੈ ਅੰਦਰ, ਵਾਸਨਾ ਦਾ ਜੋੜ ਹੈ। ਉਹ ਵਾਸਨਾ ਦਾ ਜੋੜ ਜਿਵੇਂ ਹੀ ਊਰਜਾ ਉਪਰ ਉਠਣੀ ਸ਼ੁਰੂ ਹੁੰਦੀ ਹੈ, ਟੁੱਟਦਾ ਜਾਂਦਾ ਹੈ। ਫਿਰ ਹੱਥ ਰਹਿ ਜਾਂਦਾ ਹੈ, ਪਰ ਛੋਹਣ ਦੀ ਵਾਸਨਾ ਨਹੀਂ ਰਹਿ ਜਾਂਦੀ। ਤਦ ਤੁਸੀਂ ਚੀਜ਼ਾਂ ਚੁੱਕ ਸਕਦੇ ਹੋ, ਛੋਹ ਵੀ ਸਕਦੇ ਹੋ, ਲੇਕਿਨ ਛੋਹ ਦੀ ਕਾਮਨਾ ਲੁਪਤ ਹੋ ਜਾਂਦੀ ਹੈ। ਚੀਜ਼ਾਂ ਛੋਹੀਆਂ ਜਾਣਗੀਆਂ, ਪਰ ਛੋਹਣ ਦਾ ਕੋਈ ਮੋਹ, ਕੋਈ ਪਾਗਲਪਣ ਤੁਹਾਡੇ ਅੰਦਰ ਨਹੀਂ ਹੈ। ਇੰਦਰੀਆਂ ਦਾ ਤੁਸੀਂ ਉਪਯੋਗ ਕਰ ਸਕੋਗੇ, ਲੇਕਿਨ ਇੰਦਰੀਆਂ ਹੁਣ ਤੁਹਾਡੀਆਂ ਗੁਲਾਮ ਹਨ, ਮਾਲਕ ਨਹੀਂ ਹਨ। ਅਤੇ ਇਹ ਘਟਨਾ ਤਦੇ ਵਾਪਰ ਸਕਦੀ ਹੈ।

ਇਸਨੂੰ ਕੋਈ ਉਲਟੇ ਢੰਗ ਨਾਲ ਵਰਤਾਉਣਾ ਚਾਹੇ, ਤਾਂ ਮੁਸ਼ਕਲ ਵਿਚ ਪੈ ਜਾਂਦਾ ਹੈ। ਕੋਈ ਇਸ ਡਰੋਂ ਕਿ ਇਹ ਹੱਥ ਵਿਚ ਛੋਹਣ ਦੀ ਵਾਸਨਾ ਹੈ, ਇਸਲਈ ਹੱਥ ਨੂੰ ਕੱਟ ਸੁਟੇ ਅਤੇ ਅੱਖ ਵਿਚ ਸੁਹੱਪਣ ਨੂੰ ਦੇਖਣ ਦੀ ਵਾਸਨਾ ਹੈ, ਇਸਲਈ ਅੱਖ ਭੰਨ ਸੁਟੇ—ਇਹ ਵੀ ਲੋਕ ਕਰਦੇ ਹਨ, ਇਹ ਪਾਗਲਪਣ ਹੈ। ਕਿਉਂਕਿ ਅੱਖ ਭੰਨ ਸੁੱਟਣ ਨਾਲ ਵੀ ਉਹ ਜੋ ਦੇਖਣ ਦੀ ਵਾਸਨਾ ਸੀ, ਉਹ ਨਹੀਂ ਛੁਟੇਗੀ; ਅੰਨ੍ਹੀਆਂ ਅੱਖਾਂ ਦੇ ਅੰਦਰ ਵੀ ਖੜ੍ਹੀ ਰਹੇਗੀ, ਫੁੱਟੀਆਂ ਅੱਖਾਂ ਦੇ ਅੰਦਰ ਖੜ੍ਹੀ ਰਹੇਗੀ। ਤੁਸੀਂ ਅੱਖਾਂ ਬੰਦ ਕਰ ਲਵੋ, ਇਸ ਨਾਲ ਕੀ ਹੁੰਦਾ ਹੈ ? ਸੁਫਨੇ ਦੇਖੋਗੇ ਤੁਸੀਂ। ਜੋ ਬਾਹਰ ਦੇਖਦੇ ਸੀ, ਉਹ ਹੁਣ ਅੰਦਰ ਦੇਖਣ ਲਗੋਗੇ। ਸਾਰਾ ਸੰਸਾਰ ਅੰਦਰ ਆ ਜਾਏਗਾ। ਜੇ ਸੁੰਦਰ ਇਸਤ੍ਰੀ ਨੂੰ ਦੇਖਣ ਦੀ ਕਾਮਨਾ ਸੀ, ਅੱਖ ਭੰਨ ਲਈ ਇਸ ਡਰੋਂ ਕਿ ਨਾ ਹੋਵੇਗੀ ਅੱਖ... ਨਾ ਰਹੇਗਾ ਬਾਂਸ, ਨਾ ਵਜੇਗੀ ਬੰਸਰੀ। ਇੰਨਾ ਅਸਾਨ ਨਹੀਂ ਹੈ ਬੰਸਰੀ ਦਾ ਬੰਦ ਹੋਣਾ। ਬਾਂਸ ਦੀ ਵਜ੍ਹਾ ਨਾਲ ਬੰਸਰੀ ਵਜਦੀ ਹੀ ਨਹੀਂ। ਬੰਸਰੀ ਵਜਦੀ ਹੈ ਅੰਦਰ ਕਿਸੇ ਰਾਗ ਦੀ ਵਜ੍ਹਾ ਨਾਲ। ਬਾਂਸ ਨਹੀਂ ਹੋਵੇਗਾ, ਤਾਂ ਕਿਤੇ ਹੋਰ ਵਜੇਗੀ, ਕਿਸੇ ਹੋਰ ਢੰਗ ਨਾਲ ਵਜੇਗੀ—ਵਜੇਗੀ। ਜੇ ਬਾਂਸ ਨਹੀਂ ਹੋਵੇਗਾ ਤਾਂ ਬਾਹਰ ਪਰਗਟ ਨਹੀਂ ਹੋਵੇਗੀ, ਅੰਦਰ ਹੀ ਵਜਦੀ ਰਹੇਗੀ। ਬਾਂਸ ਨਾਲ ਬੰਸਰੀ ਵਜਦੀ ਹੁੰਦੀ ਤਾਂ ਬੜੀ ਅਸਾਨ ਗੱਲ ਸੀ। ਬਾਂਸ ਨੂੰ ਤੋੜ ਦਿੰਦੇ, ਬੰਸਰੀ ਦਾ ਵੱਜਣਾ ਵੀ ਟੁੱਟ ਜਾਂਦਾ। ਬਾਂਸ ਨੂੰ ਅਸੀਂ ਉਠਾਂਦੇ ਹੀ ਇਸਲਈ ਹਾਂ, ਬੰਸਰੀ ਬਣਾਉਂਦੇ ਹੀ ਇਸਲਈ ਹਾਂ ਕਿ ਅੰਦਰ ਉਹ ਵੱਜ ਰਹੀ ਹੈ ਪਹਿਲਾਂ ਤੋਂ, ਉਸਨੂੰ ਪਰਗਟ ਕਰਨਾ ਹੈ।

ਇੰਦਰੀਆਂ ਬਾਂਸ ਦੀਆਂ ਪੋਰੀਆਂ ਹਨ ਅਤੇ ਅੰਦਰੋਂ ਜੋ ਰਸ ਵਾਸਨਾ ਦਾ ਵਗ ਰਿਹਾ ਹੈ, ਉਹੀ ਅਸਲੀ ਚੀਜ਼ ਹੈ।

ਬਾਂਸ ਨੂੰ ਤੋੜਨ ਵਿਚ ਨਾ ਲਗ ਜਾਣਾ, ਨਾਸਮਝ ਉਸ ਵਿਚ ਲਗਦੇ ਹਨ। ਅੰਦਰ ਦੇ ਰਸ ਨੂੰ ਹੀ ਮੁਕਤ ਕਰਨ ਵਿਚ ਲਗਣਾ। ਬੰਸਰੀ ਪਈ ਹੀ ਰਹਿ ਜਾਏਗੀ, ਵੱਜਣਾ ਬੰਦ ਹੋ ਜਾਏਗਾ। ਬੁੱਲ੍ਹਾਂ 'ਤੇ ਹੀ ਰਖੀ ਰਹੇ ਬੰਸਰੀ ਤਾਂ ਵੱਜਣਾ ਬੰਦ ਹੋ ਜਾਏਗਾ।

ਸੂਤਰ ਕਹਿੰਦਾ ਹੈ ਕਿ ਤੂੰ ਇਥੋਂ ਤਕ ਪਹੁੰਚ ਕੇ, ਵੀਰਜ ਦੇ ਰਾਹ ਤਕ ਪਹੁੰਚ ਕੇ, ਦਰਸ਼ਨ-ਪੰਧ, ਸ੍ਰਵਣ-ਪੰਧ ਦੀ ਯਾਤਰਾ ਕਰ ਲਈ।

ਜੋ ਵੀ ਦੇਖਣ ਯੋਗ ਸੀ, ਉਹ ਦੇਖ ਲਿਆ, ਜੋ ਵੀ ਸੁਣਨ ਯੋਗ ਸੀ, ਉਹ ਸੁਣ ਲਿਆ। ਉਹ ਅੰਦਰ ਦੇ ਸਬੰਧ ਵਿਚ ਹੈ। ਜਿਹੜਾ ਵੀਰਜ ਦੇ ਦੁਆਰ 'ਤੇ ਪਹੁੰਚ ਗਿਆ, ਉਸਨੇ ਜੋ ਵੀ ਦੇਖਣ ਯੋਗ ਸੀ ਅੰਦਰ ਦੇ ਜਗਤ ਵਿਚ, ਉਹ ਦੇਖ ਲਿਆ; ਜੋ ਵੀ ਸੁਣਨ ਯੋਗ ਸੀ,ਉਹ ਸੁਣ ਲਿਆ।

...ਹੁਣ ਤੂੰ ਗਿਆਨ ਦੇ ਪ੍ਰਕਾਸ਼ ਵਿਚ ਖੜ੍ਹਾ ਹੈਂ।

ਹੁਣ ਨਾ ਸੁਣ ਰਿਹਾ ਹੈਂ ਤੂੰ, ਨਾ ਦੇਖ ਰਿਹਾ ਹੈਂ ਤੂੰ—ਹੁਣ ਤੂੰ ਖ਼ੁਦ ਹੀ ਪ੍ਰਕਾਸ਼ ਵਿਚ ਡੁਬਾ ਹੋਇਆ ਹੈਂ। ਹੁਣ ਇੰਨਾ ਵੀ ਫ਼ਾਸਲਾ ਨਹੀਂ ਹੈ ਕਿ ਸੁਣਨਾ ਅਤੇ ਦੇਖਣਾ। ਹੁਣ ਤੂੰ ਖ਼ੁਦ ਹੀ ਗਿਆਨ ਹੁੰਦਾ ਜਾ ਰਿਹਾ ਹੈਂ, ਲੀਨ ਹੁੰਦਾ ਜਾ ਰਿਹਾ ਹੈਂ।

...ਤੂੰ ਪ੍ਰਕਾਸ਼ ਵਿਚ ਖੜ੍ਹਾ ਹੈਂ, ਹੁਣ ਤੂੰ ਤਿਤਿੱਕਛਾ ਦੀ ਅਵਸਥਾ ਨੂੰ ਪਹੁੰਚ ਗਿਆ ਹੈਂ। ਇਸ ਪ੍ਰਕਾਸ਼ ਦੇ ਛਿਨ ਵਿਚ ਤਿਤਿੱਕਛਾ ਪ੍ਰਾਪਤ ਹੁੰਦੀ ਹੈ।

ਤਿਤਿੱਕਛਾ ਦਾ ਅਰਥ ਹੈ: ਹੁਣ ਤੇਰੇ ਲਈ ਦੁਖ ਅਤੇ ਸੁਖ ਬਰਾਬਰ ਹਨ। ਹੁਣ ਤੈਨੂੰ ਦੁਖ ਅਤੇ ਸੁਖ ਵਿਚ ਕੋਈ ਸਰੋਕਾਰ ਨਹੀਂ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਹੁਣ ਸੁਖ ਦਾ ਪਤਾ ਨਹੀਂ ਲਗੇਗਾ, ਦੁਖ ਦਾ ਪਤਾ ਨਹੀਂ ਲਗੇਗਾ। ਜੇ ਬੁੱਧ ਦੇ ਪੈਰ ਵਿਚ ਵੀ ਕੰਡਾ ਚੁਭੋਵੋਗੇ, ਤਾਂ ਦਰਦ ਦਾ ਪਤਾ ਲਗੇਗਾ। ਸ਼ਾਇਦ ਜਿੰਨਾ ਤੁਹਾਨੂੰ ਪਤਾ ਲਗਦਾ, ਉਸ ਤੋਂ ਵੀ ਜ਼ਿਆਦਾ ਲਗੇਗਾ। ਕਿਉਂਕਿ ਬੁੱਧ ਦੀ ਸੰਵੇਦਨਸ਼ੀਲਤਾ, ਸੈਂਸਿਟਿਵਿਟੀ ਪਰਮ ਹੈ। ਇਹ ਤਾਂ ਪਤਾ ਲਗੇਗਾ। ਕੰਡਾ ਚੁਭੇਗਾ ਤਾਂ ਦਰਦ ਪਤਾ ਲਗੇਗਾ; ਲੇਕਿਨ ਦਰਦ ਦੁਖ ਨਹੀਂ ਦੇਵੇਗਾ, ਉਹ ਜੁਦਾ ਗੱਲ ਹੈ। ਬੁੱਧ ਦੇ ਹੱਥ 'ਤੇ ਇਕ ਕੋਮਲ ਫੁੱਲ ਰਖੋਗੇ, ਤਾਂ ਉਸ ਕੋਮਲ ਫੁੱਲ ਦੀ ਨਾਜ਼ਕੀ, ਉਸਦੀ ਕੋਮਲਤਾ, ਉਸਦੀ ਮਹਿਕ, ਉਸਦਾ ਸੁਹੱਪਣ ਸਭ ਪਤਾ ਲਗੇਗਾ। ਇਹ ਸਭ ਪ੍ਰਤੀਤੀ ਹੋਵੇਗੀ, ਇਹ ਸਭ ਅਨੁਭਵ ਬਣੇਗਾ, ਐਪਰ ਇਸ ਨਾਲ ਕੋਈ ਸੁਖ ਨਹੀਂ ਹੋਵੇਗਾ।

ਕੀ ਮਤਲਬ ਇਸਦਾ ਕਿ ਕੰਡਾ ਚੁਭੇਗਾ ਤਾਂ ਦੁਖ ਨਹੀਂ ਹੋਵੇਗਾ? ਕੰਡਾ ਚੁਭੇਗਾ, ਤਾਂ ਕਸ਼ਟ ਹੋਵੇਗਾ, ਦੁਖ ਨਹੀਂ ਹੋਵੇਗਾ।

ਕਸ਼ਟ ਬਾਹਰੀ ਘਟਨਾ ਹੈ, ਸਰੀਰਕ ਘਟਨਾ ਹੈ, ਦੁਖ ਉਸਦੀ ਵਿਆਖਿਆ ਹੈ। ਜਦ ਕੰਡਾ ਪੈਰ ਵਿਚ ਚੁਭਦਾ ਹੈ, ਤਾਂ ਇਹ ਤਾਂ ਕਸ਼ਟ ਹੋਵੇਗਾ ਹੀ। ਕਸ਼ਟ ਦਾ ਮਤਲਬ ਪ੍ਰਤੀਤੀ ਹੋਵੇਗੀ। ਪੈਰ ਖ਼ਬਰ ਦੇਵੇਗਾ, ਪੈਰ ਦੇ ਤੰਤੂ ਉਸ ਵੇਲੇ ਖ਼ਬਰ ਭੇਜਣਗੇ, ਸੰਦੇਸ਼ ਭੇਜਣਗੇ ਦਿਮਾਗ ਨੂੰ ਕਿ ਕੰਡਾ ਚੁਭਿਆ ਹੈ। ਲੇਕਿਨ ਦਿਮਾਗ ਇਸਦੀ ਵਿਆਖਿਆ ਨਹੀਂ ਕਰੇਗਾ। ਦਿਮਾਗ ਇਹ ਨਹੀਂ ਕਹੇਗਾ ਕਿ ਅਜੇਹਾ ਨਹੀਂ ਹੋਣਾ ਚਾਹੀਦਾ, ਜਾਂ ਦਿਮਾਗ ਇਹ ਨਹੀਂ ਕਹੇਗਾ ਕਿ ਅਜੇਹਾ ਹੁਣ ਕਦੇ ਨਾ ਹੋਵੇ; ਦਿਮਾਗ ਇਹ ਨਹੀਂ ਕਹੇਗਾ ਕਿ ਮੈਂ ਸ਼ਿਕਾਇਤ ਕਰਦਾ ਹਾਂ ਪਰਮਾਤਮਾ ਨੂੰ ਕਿ ਕੰਡਾ ਕਿਉਂ ਚੁਭਿਆ?

ਦਿਮਾਗ ਇਸਨੂੰ ਸਵੀਕਾਰ ਕਰ ਲਵੇਗਾ ਕਿ ਠੀਕ ਹੈ।

ਹੱਥ ਵਿਚ ਫੁੱਲ ਹੋਵੇ, ਖ਼ਬਰ ਮਿਲੇਗੀ, ਲੇਕਿਨ ਦਿਮਾਗ ਵਿਆਖਿਆ ਨਹੀਂ ਕਰੇਗਾ ਕਿ ਇਹ ਫੁੱਲ ਰੋਜ਼-ਰੋਜ਼ ਹੀ ਇਉਂ ਮੇਰੇ ਹੱਥ ਵਿਚ ਹੋਵੇ, ਕਿ ਕਲ੍ਹ ਨਹੀਂ ਹੋਵੇਗਾ ਤਾਂ ਮੈਂ ਦੁਖੀ ਹੋ ਜਾਵਾਂਗਾ; ਕਿ ਕਲ੍ਹ ਨਹੀਂ ਸੀ ਤਾਂ ਮੇਰੀ ਜ਼ਿੰਦਗੀ ਬੇਕਾਰ ਸੀ, ਹੁਣ ਮੇਰੀ ਜ਼ਿੰਦਗੀ ਵਿਚ ਅਰਥ ਹੈ; ਅਜੇਹੀ ਵਿਆਖਿਆ ਨਹੀਂ ਕਰੇਗਾ।

ਸੁਖ-ਦੁਖ ਵਿਆਖਿਆਵਾਂ ਹਨ।

ਕਸ਼ਟ, ਸਹੂਲਤਾਂ, ਅਣਸਹੂਲਤਾਂ ਤੱਥ ਹਨ।

ਤੱਥ ਪਤਾ ਲਗਦਾ ਰਹੇਗਾ, ਵਿਆਖਿਆ ਛੂਪਨ ਹੋ ਜਾਏਗੀ।

ਸੁਖ-ਦੁਖ ਸਾਡੀਆਂ ਕਾਮਨਾਵਾਂ ਹਨ; ਸਹੂਲਤਾਂ, ਅਣਸਹੂਲਤਾਂ ਬਾਹਰੀ ਜੀਵਨ ਦੇ ਤੱਥ ਹਨ।

ਤਿਤਿੱਕਛਾ ਦਾ ਅਰਥ ਹੈ : ਹੁਣ ਬਾਹਰੀ ਘਟਨਾਵਾਂ ਹੀ ਪਤਾ ਲਗਣਗੀਆਂ, ਉਹਨਾਂ ਦੇ ਕਾਰਨ ਅੰਦਰ ਕੋਈ ਘਟਨਾ ਤਿਆਰ ਨਹੀਂ ਹੋਵੇਗੀ, ਕੋਈ ਭੁਕਾਅ, ਕੋਈ ਉਮੀਦ ਅੰਦਰ ਤਿਆਰ ਨਹੀਂ ਹੋਵੇਗੀ। ਕੰਡਾ ਚੁਭੇ ਤਾਂ ਠੀਕ, ਹੱਥ ਵਿਚ ਫੁੱਲ ਹੋਵੇ ਤਾਂ ਠੀਕ। ਬੁੱਧ ਜਿਵੇਂ ਅੰਦਰ ਸਨ ਕੰਡੇ ਦੇ ਚੁਭਣ ਤੋਂ ਪਹਿਲਾਂ, ਉਵੇਂ ਕੰਡਾ ਚੁਭਣ 'ਤੇ ਵੀ ਰਹਿਣਗੇ। ਬੁੱਧ ਜਿਵੇਂ ਸਨ ਫੁੱਲ ਤਾਂ ਠੀਕ, ਹੱਥ ਵਿਚ ਆਉਣ ਦੇ ਪਹਿਲਾਂ, ਬੁੱਧ ਅੰਦਰ ਉਵੇਂ ਹੀ ਰਹਿਣਗੇ। ਇਹ ਅੰਦਰ ਉਹੀ ਹਾਲਤ ਬਣੀ ਰਹੇਗੀ, ਭਾਵੇਂ ਬਾਹਰ ਕੁਝ ਵੀ ਵਾਪਰੇ। ਇਸਦਾ ਨਾਂ ਹੈ ਤਿਤਿੱਕਛਾ।

'ਓ ਨਾਰਜੇਲ ਹੁਣ ਤੂੰ ਸੁਰੱਖਿਅਤ ਹੈਂ।'

ਸੂਤਰ ਕਹਿੰਦਾ ਹੈ, ਓ ਸਿੱਧ।

ਨਾਰਜੋਲ ਤਿੱਬਤੀ ਸ਼ਬਦ ਹੈ ਸਿੱਧ ਦੇ ਲਈ।

'ਓ ਨਾਰਜੇਲ, ਹੁਣ ਤੂੰ ਸੁਰੱਖਿਅਤ ਹੈਂ।'

ਵੀਰਜ ਉਪਰ ਵਲ ਨੂੰ ਚੱਲ ਪਿਆ, ਹੁਣ ਅਸੁਰੱਖਿਆ ਨਹੀਂ ਹੈ। ਹੁਣ ਤਕ ਡਰ ਸੀ। ਵੀਰਜ ਦੀ ਯਾਤਰਾ ਧਿਆਨ ਬਣ ਗਈ, ਹੁਣ ਡਰ ਨਹੀਂ ਹੈ, ਹੁਣ ਤੂੰ ਸੁਰੱਖਿਅਤ ਹੈਂ।

ਪਾਪਾਂ ਦੇ ਵਿਜੇਤਾ...

ਹੁਣ ਪਾਪ ਜਿੱਤ ਲਏ ਗਏ।

'...ਇਕ ਵਾਰ ਜਦ ਕਿਸੇ ਸ੍ਰੋਤਾਪੰਨ ਨੇ ਸੱਤਵੇਂ ਮਾਰਗ ਨੂੰ ਪਾਰ ਕਰ ਲਿਆ ਹੈ, ਤਦ ਸਮੁੱਚੀ ਪ੍ਰਕਿਰਤੀ ਅਨੰਦਪੂਰਨ ਅਸਚਰਜ ਨਾਲ ਭਰ ਜਾਂਦੀ ਹੈ ਅਤੇ ਹਾਰ ਗਈ ਮਹਿਸੂਸ ਕਰਦੀ ਹੈ।'

ਹੁਣ ਅੱਗੇ ਦੀ ਇਕ ਝਲਕ ਦਿੰਦਾ ਹੈ ਇਹ ਸੂਤਰ। ਛੇਵਾਂ ਦੁਆਰ ਹੈ ਧਿਆਨ। ਹੁਣ ਸੱਤਵਾਂ ਹੀ ਬਚਿਆ ਹੈ, ਹੁਣ ਮੰਜ਼ਲ ਬਿਲਕੁਲ ਕਰੀਬ ਹੈ। ਹੁਣ ਇਕ ਕਦਮ ਹੋਰ ਹੈ ਅਤੇ ਧਿਆਨ ਦਾ ਕਲਸ ਟੁੱਟ ਜਾਏਗਾ, ਅਤੇ ਰਹਿ ਜਾਏਗੀ ਸ਼ੁੱਧ ਸੂਝ। ਅਜੇ ਝਲਕ ਮਿਲ ਰਹੀ ਹੈ। ਜਿਵੇਂ ਇਕ ਲਾਲਟੈਨ ਹੋਵੇ, ਕਿੰਨਾ ਹੀ ਉਜਲ ਹੋਵੇ ਕੱਚ, ਕਿ ਕਿੰਨਾ ਹੀ ਸ਼ੁੱਧ ਤੇ ਪਾਰਦਰਸ਼ੀ, ਦਿਖਾਈ ਵੀ ਨਾ ਪੈਂਦਾ ਹੋਵੇ, ਤਾਂ ਵੀ ਜ਼ਰਾ-ਕੁ ਫਾਸਲਾ ਅਜੇ ਕਾਇਮ ਹੈ। ਕੱਚ ਦੀ ਇਕ ਕੰਧ ਹੈ ਅਤੇ

ਉਸਦੇ ਅੰਦਰ ਹੈ ਜੋਤ।

ਧਿਆਨ ਕੱਚ ਦੀ ਕੰਧ ਹੈ, ਸਮਾਧੀ ਕੱਚ ਦੀ ਕੰਧ ਦਾ ਵੀ ਟੁੱਟ ਜਾਣਾ ਹੈ।

ਪਰ ਕੱਚ ਦੀ ਕੰਧ ਵੀ ਕੰਧ ਹੈ। ਅਜੇ ਵੀ ਜ਼ਰਾ ਫਾਸਲਾ ਹੈ। ਅਤੇ ਕੱਚ ਕਿੰਨਾ ਹੀ ਸ਼ੁੱਧ ਹੋਵੇ, ਸ਼ੁੱਧੀ ਵੀ ਵਿਚਾਲੇ ਖੜ੍ਹੀ ਹੋਵੇ, ਤਾਂ ਉਹ ਵੀ ਰੁਕਾਵਟ ਹੈ। ਉਹ ਵੀ ਟੁੱਟ ਜਾਏਗੀ। ਸੱਤਵੇਂ ਵਿਚ ਸਭ ਰੁਕਾਵਟਾਂ ਗਿਰ ਜਾਣਗੀਆਂ; ਮਹਿਜ਼ ਸੂਝ, ਮਹਿਜ਼ ਬੋਧ, ਅਵੇਅਰਨੈੱਸ, ਚੇਤੰਨਤਾ, ਜਿਸਨੂੰ ਅਸੀਂ ਸਚਿੱਦਾਨੰਦ ਕਿਹਾ ਹੈ, ਬਸ ਇਕ ਉਹੀ ਬਾਕੀ ਰਹਿ ਜਾਏਗਾ। ਇਸ ਸੱਤਵੇਂ ਦੁਆਰ ਦੀ ਘਟਨਾ ਤਦ ਵਾਪਰਦੀ ਹੈ, ਜਦ ਕੋਈ ਸੋਮੇ ਵਿਚ ਦਾਖ਼ਲ, ਨਦੀ ਦੀ ਧਾਰਾ ਵਿਚ ਵਗਿਆ।

ਸ੍ਰੋਤਾਪੰਨ ਜਾਂ ਸੋਵਾਨੀ—ਇਹ ਬੋਧੀ ਤਿੱਬਤੀ ਸ਼ਬਦ ਹੈ। ਸੋਵਾਨੀ ਦਾ ਅਰਥ ਹੈ, ਜੋ ਨਦੀ ਵਿਚ ਦਾਖ਼ਲ ਹੋਇਆ ਸੀ ਪਹਿਲੇ ਦੁਆਰ 'ਤੇ, ਹੁਣ ਉਹ ਸੱਤਵੇਂ ਦੁਆਰ ਨੂੰ ਪਾਰ ਕਰ ਜਾਂਦਾ ਹੈ। ਤਦ ਸਮੁੱਚੀ ਪ੍ਰਕਿਰਤੀ ਅਨੰਦਪੂਰਨ ਅਸਚਰਜ ਨਾਲ ਭਰ ਜਾਂਦੀ ਹੈ ਅਤੇ ਹਾਰ ਗਈ ਮਹਿਸੂਸ ਕਰਦੀ ਹੈ।

ਇਸਨੂੰ ਰਤਾ ਸਮਝਣਾ, ਬਹੁਤ ਕੀਮਤੀ ਹੈ, ਬਹੁਤ ਡੂੰਘਾ ਹੈ, ਅਤੇ ਸਾਡੇ ਖ਼ਿਆਲ ਵਿਚ ਨਾ ਆਵੇ, ਕਿਉਂਕਿ ਸਾਨੂੰ ਪਤਾ ਵੀ ਨਹੀਂ ਹੈ ਕਿ ਕੀ ਹੋ ਰਿਹਾ ਹੈ ਸਾਡੇ ਅੰਦਰ।

ਜਦ ਤੁਸੀਂ ਗੁੱਸੇ ਹੋ ਜਾਂਦੇ ਹੋ, ਤਦ ਪ੍ਰਕਿਰਤੀ ਜਿੱਤਦੀ ਹੈ ਅਤੇ ਤੁਸੀਂ ਹਾਰਦੇ ਹੋ। ਜਦ ਤੁਸੀਂ ਕਾਮ–ਵਾਸਨਾ ਨਾਲ ਭਰ ਜਾਂਦੇ ਹੋ, ਤਾਂ ਪ੍ਰਕਿਰਤੀ ਜਿੱਤਦੀ ਹੈ ਅਤੇ ਤੁਸੀਂ ਹਾਰਦੇ ਹੋ। ਤਦ ਪ੍ਰਿਥਵੀ ਦੀਆਂ ਸ਼ਕਤੀਆਂ ਜਿੱਤ ਜਾਂਦੀਆਂ ਹਨ। ਅਤੇ ਉਪਰ ਉੱਡਣ ਵਾਲੀ ਊਰਜਾ, ਉਪਰ ਜਾਣ ਵਾਲੀ ਊਰਜਾ ਝਟਕ ਕੇ ਹੇਠਾਂ ਗਿਰ ਜਾਂਦੀ ਹੈ। ਸੰਭੋਗ ਦੇ ਬਾਅਦ ਸਾਰਿਆਂ ਨੂੰ ਹੀ ਜੋ ਇਕ ਉਦਾਸੀ, ਇਕ ਵਿਖਾਧ ਤੇ ਇਕ ਪਸ਼ਚਾਤਾਪ ਦਾ ਭਾਵ ਘੇਰ ਲੈਂਦਾ ਹੈ, ਉਹ ਪ੍ਰਕਿਰਤੀ ਤੋਂ ਹਾਰ ਦੇ ਕਾਰਨ। ਕ੍ਰੋਧ ਤੋਂ ਬਾਅਦ ਕ੍ਰੋਧੀ ਤੋਂ ਕ੍ਰੋਧੀ ਆਦਮੀ ਨੂੰ ਵੀ ਲਗਦਾ ਹੈ ਕਿ ਗਲਤ ਹੋਇਆ, ਨਾ ਹੁੰਦਾ ਤਾਂ ਚੰਗਾ ਸੀ। ਕਿਉਂ ਲਗਦਾ ਹੈ ਅਜੇਹਾ? ਅਤੇ ਆਦਮੀ ਕ੍ਰੋਧੀ ਹੈ, ਆਦਮੀ ਦੁਸ਼ਟ ਸੁਭਾਅ ਦਾ ਹੈ, ਕਠੋਰ ਹੈ; ਉਸਨੂੰ ਲਗਦਾ ਹੈ ਕਿ ਬੁਰਾ ਹੋਇਆ! ਕੀ ਬੁਰਾ ਲਗਾ? ਕੀ ਉਸਨੂੰ ਇਹ ਬੁਰਾ ਲਗਦਾ ਹੈ ਕਿ ਮੇਰੇ ਕ੍ਰੋਧ ਦੇ ਕਾਰਨ ਦੂਜੇ ਨੂੰ ਚੋਟ ਪੁੱਜੀ?

ਨਹੀਂ, ਉਹ ਕਾਫ਼ੀ ਕਠੋਰ ਹੈ, ਦੁਸ਼ਟ ਹੈ। ਦੂਜੇ ਨੂੰ ਤਾਂ ਚੋਟ ਪੁਜਾਉਣ ਵਿਚ ਉਸਨੂੰ ਰਸ ਆਉਂਦਾ ਹੈ, ਉਸਨੂੰ ਪਛਤਾਵਾ ਨਹੀਂ ਹੁੰਦਾ। ਪਛਤਾਵਾ ਇਹ ਹੁੰਦਾ ਹੈ ਕਿ ਮੈਂ ਹਾਰਿਆ। ਜਦ ਵੀ ਕ੍ਰੋਧ ਉਸਨੂੰ ਘੇਰ ਲੈਂਦਾ ਹੈ, ਤਾਂ ਉਸ ਤੋਂ ਕੋਈ ਵਡੀ ਤਾਕਤ ਜਿਵੇਂ ਉਸਨੂੰ ਖਿੱਚ ਕੇ ਚਲਾ ਦਿੰਦੀ ਹੈ ਅਤੇ ਉਹ ਆਪਣੇ ਵੱਸ ਵਿਚ ਨਹੀਂ ਰਹਿ ਜਾਂਦਾ, ਇਸਦਾ ਪਛਤਾਵਾ ਹੁੰਦਾ ਹੈ।

ਸੰਭੋਗ ਤੋਂ ਜੋ ਪਸ਼ਚਾਤਾਪ ਹੁੰਦਾ ਹੈ, ਉਹ ਇਹ ਨਹੀਂ ਕਿ ਸੰਭੋਗ ਵਿਚ ਕੋਈ ਦੁਖ ਹੈ; ਸੰਭੋਗ ਵਿਚ ਸੁਖ ਦਾ ਛਿਨ ਹੈ, ਪਸ਼ਚਾਤਾਪ ਇਹ ਹੁੰਦਾ ਹੈ ਕਿ ਮੈਥੋਂ ਵਿਰਾਟਤਰ ਸ਼ਕਤੀ ਨੇ ਮੇਰੀ ਗਰਦਨ ਪਕੜ ਲਈ ਅਤੇ ਮੈਨੂੰ ਤੋਰ ਦਿਤਾ ਅਤੇ ਮੈਂ ਕੁਝ ਵੀ ਨਾ ਕਰ ਸਕਿਆ। ਪਸ਼ਚਾਤਾਪ ਹਾਰ ਦਾ ਹੈ, ਇਕ ਮਾਤ ਦਾ ਹੈ।

ਪਾਪ ਅਸੀਂ ਕਹਿੰਦੇ ਹੀ ਉਸਨੂੰ ਹਾਂ, ਜਿਸਦੇ ਪਿਛੋਂ ਤੁਹਾਨੂੰ ਹਾਰ ਦੀ ਪ੍ਰਤੀਤੀ ਹੋਵੇ।

ਅਤੇ ਪੁੰਨ ਅਸੀਂ ਕਹਿੰਦੇ ਹੀ ਉਸਨੂੰ ਹਾਂ, ਜਿਸਦੇ ਪਿਛੋਂ ਤੁਹਾਨੂੰ ਜਿੱਤ ਦੀ ਪ੍ਰਤੀਤੀ ਹੋਵੇ।

ਜਿਸ ਕੰਮ ਨੂੰ ਕਰਨ ਨਾਲ ਤੁਹਾਨੂੰ ਅੰਦਰ ਗੌਰਵ ਦਾ ਅਨੁਭਵ ਹੋਵੇ ਅਤੇ ਲਗੇ ਕਿ ਮੈਂ ਮੁਕਤ ਹੋਇਆ, ਕੋਈ ਤਕੜੀ ਮੁਕਤੀ ਮੈਨੂੰ ਖਿੱਚਦੀ ਨਹੀਂ, ਮੈਂ ਖੁਦ ਸ਼ਕਤੀਸ਼ਾਲੀ ਹੋ ਗਿਆ ਹਾਂ, ਉਸ ਪ੍ਰਤੀਤੀ ਦਾ ਨਾਂ ਪੁੰਨ ਹੈ।

ਉਸ ਪ੍ਰਤੀਤੀ ਦਾ ਨਾਂ ਪਾਪ ਹੈ, ਜਦ ਤੁਹਾਨੂੰ ਲਗੇ ਕਿ ਕਿਸੇ ਹੋਰ ਨੇ ਮੈਥੋਂ ਕੁਝ ਕਰਵਾ ਲਿਆ, ਮੈਂ ਆਪਣਾ ਮਾਲਕ ਨਾ ਰਿਹਾ।

ਗੁਲਾਮੀ ਦਾ ਬੋਧ ਪਾਪ ਹੈ, ਮਾਲਕੀਅਤ ਦਾ ਬੋਧ ਪੁੰਨ ਹੈ।

ਇਸਲਈ ਅਸੀਂ ਸੰਨਿਆਸੀ ਨੂੰ ਸੁਆਮੀ ਕਹਿੰਦੇ ਹਾਂ। ਸਿਰਫ ਇਸਲਈ ਕਿ ਹੁਣ ਉਹ ਹੌਲੀ-ਹੌਲੀ ਸੁਆਮੀਪਣ ਦੀ ਤਰਫ ਵਧ ਰਿਹਾ ਹੈ, ਅਤੇ ਹੌਲੀ-ਹੌਲੀ ਉਸਦੇ ਅੰਦਰ ਜੋ ਦਾਸਤਾ ਦਾ ਤੱਤ ਹੈ, ਉਸਨੂੰ ਉਹ ਕੱਢ ਬਾਹਰ ਕਰੇਗਾ, ਨਸ਼ਟ ਕਰੇਗਾ ਅਤੇ ਹਰ ਮੌਕੇ ਨੂੰ ਆਪਣੀ ਮਾਲਕੀਅਤ, ਆਪਣਾ ਸੁਆਮੀਪਣ ਬਣਾਏਗਾ।

ਜਨਮਾਂ-ਜਨਮਾਂ ਤਕ ਅਸੀਂ ਹਾਰਦੇ ਹਾਂ, ਮਾਤ ਖਾਂਦੇ ਹਾਂ। ਪ੍ਰਕਿਰਤੀ ਮੰਨ ਹੀ ਲੈਂਦੀ ਹੈ ਕਿ ਅਸੀਂ ਜਿੱਤ ਨਹੀਂ ਸਕਦੇ। ਸੋਚੋ ਤੁਸੀਂ ਖੁਦ ਹੀ, ਇਸੀ ਜ਼ਿੰਦਗੀ ਨੂੰ ਸੋਚਣਾ, ਦੂਜੀ ਜ਼ਿੰਦਗੀ ਦਾ ਤੁਹਾਨੂੰ ਪਤਾ ਵੀ ਨਹੀਂ ਹੈ। ਇਸੇ ਜ਼ਿੰਦਗੀ ਵਿਚ ਹੀ ਕਿੰਨੀ ਵਾਰ ਤੈਅ ਕੀਤਾ ਹੈ ਕਿ ਨਹੀਂ ਕਰਾਂਗੇ ਕ੍ਰੋਧ, ਅਤੇ ਫਿਰ-ਫਿਰ ਕੀਤਾ ਹੈ। ਇਕ ਵੀ ਵਾਰ ਨਹੀਂ ਜਿੱਤ ਸਕੇ।

ਤਾਂ ਤੁਹਾਡੇ ਅੰਦਰ ਜੋ ਕ੍ਰੋਧ ਦੀ ਊਰਜਾ ਹੈ, ਜੋ ਪ੍ਰਿਥਵੀ ਦੀ ਕਸ਼ਿਸ਼ ਹੈ ਤੁਹਾਡੇ ਅੰਦਰ, ਜ਼ਮੀਨ ਦੀ ਤਰਫ ਖਿੱਚਣ ਦੀ ਜੋ ਤਾਕਤ ਹੈ, ਉਸਨੂੰ ਤਸੱਲੀ ਹੋ ਗਈ ਹੈ ਕਿ ਤੁਹਾਡੀਆਂ ਗੱਲਾਂ ਦਾ, ਤੁਹਾਡੇ ਵਚਨਾਂ ਦਾ, ਤੁਹਾਡੀਆਂ ਕਸਮਾਂ ਦਾ ਕੋਈ ਮੁੱਲ ਨਹੀਂ ਹੈ। ਤੁਸੀਂ ਨਾਹਕ ਬਕਵਾਸ ਕੀਤਾ ਕਰਦੇ ਹੋ। ਕਿਉਂਕਿ ਜਦ ਵੀ ਹੁੰਦਾ ਹੈ ਉਹੀ ਹੁੰਦਾ ਹੈ, ਜੋ ਕੁਦਰਤ ਚਾਹੁੰਦੀ ਹੈ। ਤੁਹਾਡੇ ਕੀਤੇ ਕੀ ਹੁੰਦਾ ਹੈ। ਤਾਂ ਜਨਮਾਂ ਜਨਮਾਂ ਤੋਂ ਪ੍ਰਕਿਰਤੀ ਨਿਸਚਿੰਤ ਹੈ ਤੁਹਾਥੋਂ, ਕਿ ਤੁਸੀਂ ਭਰੋਸੇ ਦੇ ਆਦਮੀ ਹੋ। ਤੁਸੀਂ ਕਿੰਨੇ ਮੰਦਰ ਜਾਉ, ਪੂਜਾ-ਪ੍ਰਾਰਥਨਾ ਕਰੋ, ਕਿੰਨੀਆਂ ਕਸਮਾਂ ਖਾਉ, ਕਿੰਨੇ ਗੁਰੂਆਂ ਦੇ ਚਰਨਾਂ ਵਿਚ ਭਟਕੋ; ਪ੍ਰਕਿਰਤੀ ਜਾਣਦੀ ਹੈ ਕਿ ਤੁਸੀਂ ਨਾਹਕ ਇਥੇ-ਉਥੇ ਸਮਾਂ ਗੁਆ ਰਹੇ ਹੋ, ਆਖਰ ਤੁਸੀਂ ਮੇਰੀ ਹੀ ਸ਼ਰਨ ਹੋ, ਅਤੇ ਸਭ ਕਰਕੇ। ਤੁਸੀਂ ਮੇਰੀ ਹੀ ਸ਼ਰਨ ਆ ਜਾਂਦੇ ਹੋ। ਸਵੇਰ ਦਾ ਭਟਕਿਆ ਸ਼ਾਮ ਤਕ ਘਰ ਆ ਜਾਂਦਾ ਹੈ, ਜ਼ਿਆਦਾ ਦੇਰ ਨਹੀਂ ਲਗਦੀ। ਕੁਦਰਤ ਨੂੰ ਤੁਹਾਡੀਆਂ ਗੱਲਾਂ ਤੋਂ ਕੋਈ ਚਿੰਤਾ ਪੈਦਾ ਨਹੀਂ ਹੁੰਦੀ।

ਇਸਲਈ ਜਦ ਪਹਿਲੀ ਦਫਾ ਕੋਈ ਵਿਅਕਤੀ ਨਾਰਜੋਲ ਦੀ, ਸਿੱਧਿ ਦੀ ਅਵਸਥਾ ਵਿਚ ਪਹੁੰਚਦਾ ਹੈ, ਅਤੇ ਕਾਮ-ਊਰਜਾ ਛੋਹ ਲੈਂਦੀ ਹੈ ਉਪਰ ਦੇ ਕੇਂਦਰਾਂ ਨੂੰ,ਤਾਂ ਸਮੁੱਚੀ ਪ੍ਰਕਿਰਤੀ ਅਨੰਦਪੂਰਨ ਅਸਚਰਜ ਨਾਲ ਭਰ ਜਾਂਦੀ ਹੈ, ਅਤੇ ਹਾਰ ਗਈ ਮਹਿਸੂਸ ਕਰਦੀ ਹੈ।

ਅਨੰਦਪੂਰਨ ਅਸਚਰਜ ਨਾਲ ਭਰ ਜਾਂਦੀ ਹੈ ਅਤੇ ਹਾਰ ਗਈ ਮਹਿਸੂਸ ਕਰਦੀ ਹੈ।

ਇਹ ਬੜੇ ਉਲਟ ਸ਼ਬਦ ਹਨ। ਹਾਰ ਗਈ ਮਹਿਸੂਸ ਕਰਦੀ ਹੈ; ਕਿਉਂਕਿ ਸਦਾ ਉਹ ਵਿਜੇਤਾ ਸੀ ਅਤੇ ਤੁਸੀਂ ਹਾਰੇ ਹੋਏ ਸੀ। ਪਹਿਲੀ ਦਫਾ ਤੁਸੀਂ ਜਿੱਤ ਗਏ, ਅਤੇ ਪ੍ਰਕਿਰਤੀ ਹਾਰ ਗਈ। ਇਸਲਈ ਹਾਰੀ ਹੋਈ ਮਹਿਸੂਸ ਕਰਦੀ ਹੈ। ਲੇਕਿਨ ਦੁਖ ਦਾ ਅਨੁਭਵ ਨਹੀਂ ਕਰਦੀ, ਅਨੰਦਪੂਰਨ ਮਹਿਸੂਸ ਕਰਦੀ ਹੈ।

ਕਿਉਂ?

ਇਕ ਰਹੱਸ ਹੈ। ਅਤੇ ਉਹ ਇਹ ਹੈ ਕਿ ਜਿਸਨੂੰ ਤੁਸੀਂ ਗੁਲਾਮ ਬਣਾਉਂਦੇ ਹੋ, ਤੁਸੀਂ ਵੀ ਉਸਦੇ ਗੁਲਾਮ ਬਣ ਜਾਂਦੇ ਹੋ। ਕਿਸੇ ਨੂੰ ਗੁਲਾਮ ਬਣਾਉਣਾ ਅਸਾਨ ਨਹੀਂ, ਗੁਲਾਮ ਬਣਾਉਣ 'ਚ ਖੁਦ ਵੀ ਗੁਲਾਮ ਬਣਨਾ ਪੈਂਦਾ ਹੈ।

ਸੁਣਿਆ ਹੈ ਮੈਂ, ਇਕ ਆਦਮੀ ਇਕ ਗਊ ਨੂੰ ਬੰਨ੍ਹ ਕੇ ਲਿਜਾ ਰਿਹਾ ਸੀ, ਅਤੇ ਰਾਹ ਵਿਚ ਉਸਨੂੰ ਮਿਲ ਗਿਆ ਇਕ ਸੂਫੀ ਫਕੀਰ! ਫਰੀਦ ਨੇ ਆਪਣੇ ਸ਼ਿਸ਼ਾਂ ਨੂੰ ਕਿਹਾ ਕਿ ਇਸ ਆਦਮੀ ਨੂੰ ਘੇਰ ਲਵੋ, ਮੈਂ ਤੁਹਾਨੂੰ ਕੁਝ ਗਿਆਨ ਦਿਆਂਗਾ। ਫਰੀਦ ਨੂੰ ਇਉਂ ਹੀ ਸਿੱਖਿਆ ਦੇਣ ਦੀ ਆਦਤ ਸੀ। ਉਸਨੇ ਕਿਹਾ ਕਿ ਦੇਖੋ, ਮੈਂ ਤੁਹਾਥੋਂ ਪੁਛਦਾ ਹਾਂ ਕਿ ਇਸ 'ਚ ਗੁਲਾਮ ਕੌਣ ਹੈ—ਇਹ ਆਦਮੀ ਜਾਂ ਗਊ? ਸ਼ਿਸ਼ਾਂ ਨੇ ਕਿਹਾ ਕਿ ਉਹ ਕੋਈ ਪੁਛਣ ਦੀ ਗੱਲ ਹੈ, ਗਊ ਗੁਲਾਮ ਹੈ; ਇਹ ਆਦਮੀ ਮਾਲਕ ਹੈ। ਤਾਂ ਫਰੀਦ ਨੇ ਕਿਹਾ ਕਿ ਇਹ ਜੇਕਰ ਸੱਚ ਹੈ, ਤਾਂ ਜੇ ਇਹਨਾਂ ਦੋਹਾਂ ਦੇ ਵਿਚਾਲੇ ਦਾ ਸਬੰਧ ਤੋੜ ਦਿਤਾ ਜਾਵੇ, ਤਾਂ ਗਊ ਆਦਮੀ ਨੂੰ ਲਭੇਗੀ, ਕਿ ਆਦਮੀ ਗਊ ਨੂੰ ਲਭੇਗਾ?

ਆਦਮੀ ਗਊ ਨੂੰ ਲਭੇਗਾ। ਫਿਰ ਗੁਲਾਮ ਕੌਣ ਹੈ? ਜਿਸਨੂੰ ਅਸੀਂ ਬੰਨ੍ਹਦੇ ਹਾਂ, ਉਸ ਨਾਲ ਅਸੀਂ ਬੱਝ ਵੀ ਜਾਂਦੇ ਹਾਂ। ਅਤੇ ਬੜੀ ਸੂਖਮ ਗੁਲਾਮੀ ਪੈਦਾ ਹੋ ਜਾਂਦੀ ਹੈ। ਮਾਲਕ ਵੀ ਗੁਲਾਮ ਹੁੰਦਾ ਹੈ ਸੂਖਮ ਵਿਚ। ਮਾਲਕ ਤਾਂ ਉਹੀ ਹੁੰਦਾ ਹੈ, ਜਿਹੜਾ ਕਿਸੇ ਨੂੰ ਗੁਲਾਮ ਨਹੀਂ ਬਣਾਉਂਦਾ।

ਤਾਂ ਪ੍ਰਕਿਰਤੀ ਨੇ ਵੀ ਤੁਹਾਨੂੰ ਗੁਲਾਮ ਬਣਾਇਆ ਹੋਇਆ ਹੈ। ਲੇਕਿਨ ਜਿਸ ਦਿਨ ਤੁਸੀਂ ਮੁਕਤ ਹੁੰਦੇ ਹੋ, ਉਸ ਦਿਨ ਉਹ ਵੀ ਅਨੰਦ ਨਾਲ ਭਰ ਜਾਂਦੀ ਹੈ; ਕਿਉਂਕਿ ਉਹ ਵੀ ਤੁਹਾਥੋਂ ਮੁਕਤ ਹੋਈ। ਪ੍ਰਿਥਵੀ ਨੂੰ ਵੀ ਝੰਜਟ ਤੁਹਾਡੀ ਮਿਟੀ। ਤੁਸੀਂ ਕੁਝ ਛੋਟੀ ਝੰਜਟ ਨਹੀਂ ਹੋ। ਆਪਣੇ ਲਈ ਹੀ ਝੰਜਟ ਹੋ, ਅਜੇਹਾ ਨਹੀਂ ਹੈ। ਤੁਸੀਂ ਇਸ ਪੂਰੀ ਪ੍ਰਿਥਵੀ ਦੇ ਲਈ ਝੰਜਟ ਹੋ। ਤੁਸੀਂ ਉਪੱਦਰ ਦੇ ਸੋਮੇ ਹੋ। ਤੁਹਾਨੂੰ ਬੰਨ੍ਹ-ਬੰਨ੍ਹ ਕੇ ਹੀ ਰਖਣਾ ਪੈਂਦਾ ਹੈ। ਜਿਸ ਦਿਨ ਤੁਸੀਂ ਮੁਕਤ ਹੁੰਦੇ ਹੋ, ਤੁਹਾਨੂੰ ਬੰਨ੍ਹਣ ਦੀ ਜ਼ਰੂਰਤ ਹੀ ਚਲੀ ਜਾਂਦੀ ਹੈ।

ਸਮੁੱਚੀ ਪ੍ਰਕਿਰਤੀ ਅਨੰਦਪੂਰਨ ਅਸਚਰਜ ਨਾਲ ਭਰ ਜਾਂਦੀ ਹੈ। ਅਨੰਦ ਵੀ ਹੁੰਦਾ ਹੈ ਅਤੇ ਅਸਚਰਜ ਵੀ ਕਿ ਤੁਸੀਂ ਅਤੇ ਇਹ ਕਰ ਸਕੇ! ਤੁਹਾਥੋਂ ਕੋਈ ਆਸ ਨਹੀਂ ਸੀ, ਤੁਸੀਂ ਬੜੇ ਭਰੋਸੇ ਦੇ ਨਹੀਂ ਸੀ, ਤੁਸੀਂ ਵੀ ਇਹ ਕਰ ਸਕੇ! ਇੰਨੇ ਜਨਮਾਂ ਤਕ ਭਟਕ ਕੇ ਵੀ ਤੁਸੀਂ ਜਿੱਤ ਸਕੇ, ਇੰਨੇ ਜਨਮਾਂ ਦੀ ਹਾਰੇ ਹੋਏ ਹੋਣ ਦੀ ਆਦਤ ਨੂੰ ਵੀ ਤੁਸੀਂ ਤੋੜ ਸਕੇ! ਸੁਭਾਵਕ ਹੀ ਇਕ ਗਹਿਰਾ ਅਸਚਰਜ ਛਾ ਜਾਂਦਾ ਹੈ।

ਰਜਤ-ਤਾਰਾ—ਬੜੇ ਮਿੱਠੇ ਵਚਨ ਹਨ।

'ਰਜਤ-ਤਾਰਾ ਹੁਣ ਬਲਦੇ ਇਸ਼ਾਰਿਆਂ ਨਾਲ ਰਜਨੀ-ਗੰਧਾ ਨੂੰ ਇਹ ਸਮਾਚਾਰ ਦੱਸਦਾ ਹੈ, ਝਰਨਾ ਆਪਣੀ ਕਰਲ-ਕਰਲ ਅਵਾਜ਼ ਵਿਚ ਕੰਕੜਾਂ ਨੂੰ ਇਹ ਕਥਾ ਸੁਣਾਉਂਦਾ ਹੈ, ਸਾਗਰ ਦੀਆਂ ਕਾਲੀਆਂ ਲਹਿਰਾਂ ਗਰਜ ਕੇ ਇਹੀ ਗੱਲ ਝੱਗੋ-ਝੱਗ ਚਟਾਨਾਂ ਨੂੰ ਦੱਸਦੀਆਂ ਹਨ, ਮਹਿਕ ਭਰੀਆਂ ਹਵਾਵਾਂ ਘਾਟੀਆਂ ਦੇ ਕੰਨ ਵਿਚ ਇਸਦਾ ਹੀ ਗੀਤ ਗਾਉਂਦੀਆਂ ਹਨ, ਅਤੇ ਚੀਲ ਦੇ ਸ਼ਾਨਦਾਰ ਬਿਰਛ ਬੜੇ ਰਹੱਸਪੂਰਨ ਢੰਗ ਨਾਲ ਗੁਣਗੁਣਾਉਂਦੇ ਹਨ: ਬੁੱਧ ਦਾ ਉਦੇ ਹੋਇਆ ਹੈ—ਅੱਜ ਦੇ ਬੁੱਧ ਦਾ।'

ਇਹ ਸਾਨੂੰ ਕਠਨ ਲਗੇਗਾ, ਅਤੇ ਲਗੇਗਾ ਸ਼ਾਇਦ ਕਾਵਿ ਹੈ। ਲਗੇਗਾ ਕਿ ਕਵੀ ਦੀ ਕਲਪਨਾ ਹੈ। ਜੇ ਅਜੇਹਾ

ਲਗਿਆ, ਤਾਂ ਤੁਸੀਂ ਮੁੱਦਾ ਚੁੱਕ ਗਏ। ਤਾਂ ਤੁਸੀਂ ਸਮਝ ਨਾ ਸਕੇ ਕਿ ਗੱਲ ਕੀ ਹੈ। ਅਜੇਹੇ ਸੂਤਰਾਂ ਨੂੰ ਲਿਖਣ ਵਾਲੇ ਲੋਕ ਕਵਿਤਾਵਾਂ ਵਿਚ ਨਹੀਂ ਉਲਝਦੇ। ਅਜੇਹੇ ਸੂਤਰਾਂ ਨੂੰ ਜਾਣਨ ਵਾਲੇ ਲੋਕ ਕਲਪਨਾਵਾਂ ਨਾਲ ਨਹੀਂ ਖੇਡਦੇ। ਇਹ ਤੱਥ ਹਨ। ਕਹਿਣ ਦਾ ਢੰਗ ਕਾਵਿਪੂਰਨ ਹੈ, ਕਿਉਂਕਿ ਇਹ ਤੱਥ ਹੀ ਕਾਵਿਪੂਰਨ ਹੈ।

ਜਿਸ ਦਿਨ ਬੁੱਧ ਦਾ ਜਨਮ ਹੁੰਦਾ ਹੈ—ਕੋਈ ਇਕ ਵਿਅਕਤੀ ਬੁੱਧਤਵ ਨੂੰ ਪਹੁੰਚਦਾ ਹੈ, ਤਾਂ ਉਸਦੇ ਨਾਲ ਹੀ ਇਸ ਸਾਰੀ ਪ੍ਰਕਿਰਤੀ ਵਿਚ ਝਣਝਣਾਹਟ ਫੈਲ ਜਾਂਦੀ ਹੈ। ਇਹ ਘਟਨਾ ਗੈਰ-ਸਧਾਰਨ ਹੈ। ਇਹ ਕੋਈ ਛੋਟੀ ਘਟਨਾ ਨਹੀਂ ਹੈ। ਜਿਵੇਂ ਇਕ ਜੁਆਲਾਮੁਖੀ ਫੁੱਟ ਪੈਂਦਾ ਹੈ, ਸਾਰੀ ਪ੍ਰਿਥਵੀ ਕੰਬਣੀ ਨਾਲ ਭਰ ਜਾਂਦੀ ਹੈ। ਇਹ ਵੀ ਇਕ ਜੁਆਲਾਮੁਖੀ ਦਾ ਵਿਸਫੋਟ ਹੈ; ਪਦਾਰਥ ਦਾ ਨਹੀਂ, ਚੇਤਨਾ ਦਾ। ਇਸਦੀ ਤਰਲ ਤਰੰਗ ਸਾਰੀ ਪ੍ਰਕਿਰਤੀ ਨੂੰ ਛੋਹੇਗੀ। ਕੁਝ ਵੀ ਅਣਛੋਹਿਆ ਨਹੀਂ ਰਹਿ ਜਾਏਗਾ। ਬੁੱਧ ਦੀ ਘਟਨਾ ਐਕਸਪਲੋਜ਼ਨ ਹੈ, ਵਿਸਫੋਟ ਹੈ। ਇਸ ਘਟਨਾ 'ਚ ਚੇਤੰਨਤਾ ਦਾ ਕਣ-ਕਣ ਪ੍ਰਭਾਵਤ ਹੋਵੇਗਾ, ਛਾਇਆ ਜਾਏਗਾ।

ਇਹ ਸਾਰਾ ਜਗਤ ਚੇਤੰਨਤਾ ਨਾਲ ਬਣਿਆ ਹੈ। ਇਸ ਵਿਚ ਪੱਥਰ ਦੀ ਵੀ ਆਤਮਾ ਹੈ। ਅਸੀਂ ਨਹੀਂ ਦੇਖ ਪਾਂਦੇ, ਕਿਉਂਕਿ ਸਾਡੀਆਂ ਅੱਖਾਂ ਪਥਰੀਲੀਆਂ ਹਨ। ਇਥੇ ਪੱਥਰਾਂ ਦੀਆਂ ਵੀ ਆਤਮਾਵਾਂ ਹਨ, ਇਥੇ ਝਰਨਿਆਂ ਦੀਆਂ ਵੀ ਆਤਮਾਵਾਂ ਹਨ। ਇਥੇ ਸਾਗਰ ਦੀ ਵੀ ਆਤਮਾ ਹੈ। ਇਥੇ ਜੋ ਵੀ ਹੈ ਚਾਰ-ਚੁਫੇਰ, ਸਭ ਆਤਮਾਵਨ ਹੈ। ਅਤੇ ਜਦ ਬੁੱਧਤਵ ਦੀ ਘਟਨਾ ਵਾਪਰਦੀ ਹੈ ਅਤੇ ਇਕ ਵਿਅਕਤੀ ਸਮੁੱਚੇ ਬੰਧਨਾਂ ਦੇ ਬਾਹਰ ਹੋ ਜਾਂਦਾ ਹੈ, ਅਤੇ ਇਕ ਵਿਅਕਤੀ ਪਰਮ-ਸੁਤੰਤਰਤਾ ਨੂੰ ਪਹੁੰਚਦਾ ਹੈ, ਅਤੇ ਇਕ ਵਿਅਕਤੀ ਸਮੁੱਚੇ ਹੰਕਾਰ, ਕੁੱਲ ਰੋਗਾਂ ਤੋਂ ਮੁਕਤ ਹੋ ਜਾਂਦਾ ਹੈ, ਇਕ ਵਿਅਕਤੀ ਦੇ ਜਦ ਸਾਰੇ ਬੰਧਨ ਗਿਰ ਜਾਂਦੇ ਹਨ, ਤਾਂ ਇਹ ਕਾਵਿ ਸੱਚ ਹੋ ਜਾਂਦਾ ਹੈ, ਇਹ ਤੱਥ ਹੋ ਜਾਂਦਾ ਹੈ।

'ਰਜਤ-ਤਾਰਾ ਆਪਣੇ ਬਲਦੇ ਇਸ਼ਾਰਿਆਂ ਨਾਲ ਰਜਨੀ-ਗੰਧਾ ਨੂੰ ਇਹੀ ਸਮਾਚਾਰ ਦੱਸਦਾ ਹੈ...'

ਰਾਤੀਂ ਖਿੜਿਆ ਹੈ ਰਜਨੀ-ਗੰਧਾ ਦਾ ਫੁੱਲ, ਤਾਰੇ ਉਸਨੂੰ ਵੀ ਇਹੀ ਕਹਿੰਦੇ ਹਨ—ਬੁੱਧ ਦਾ ਜਨਮ ਹੋਇਐ!

'ਝਰਨਾ ਆਪਣੀ ਕਰਲ-ਕਰਲ ਅਵਾਜ਼ ਵਿਚ ਕੰਕਰਾਂ ਨੂੰ ਇਹੀ ਕਥਾ ਸੁਣਾਉਂਦਾ ਹੈ! ਸਾਗਰ ਦੀਆਂ ਕਾਲੀਆਂ ਲਹਿਰਾਂ ਗਰਜ ਕੇ ਇਹੀ ਗੱਲ ਝੱਗੋ-ਝੱਗ ਚੱਟਾਨਾਂ ਨੂੰ ਕਹਿ ਜਾਂਦੀਆਂ ਹਨ। ਮਹਿਕ ਭਰੀਆਂ ਘਾਟੀਆਂ ਇਸੇ ਦਾ ਗੀਤ ਗੁਣਗੁਣਾਉਂਦੀਆਂ ਹਨ। ਚੀਲ ਦੇ ਸ਼ਾਨਦਾਰ ਬਿਰਛ ਬੜੇ ਰਹੱਸਪੂਰਨ ਢੰਗ ਨਾਲ ਗੁਣਗੁਣਾਉਂਦੇ ਹਨ : ਬੁੱਧ ਦਾ ਉਦੇ ਹੋਇਆ—ਅੱਜ ਦੇ ਬੁੱਧ ਦਾ।'

'ਹੁਣ ਉਹ ਪੱਛਮ ਦੇ ਉੱਜਲ ਸਤੂਪ ਦੀ ਤਰ੍ਹਾਂ ਖੜ੍ਹਾ ਹੈ, ਜਿਸਦੇ ਮੁਖੜੇ 'ਤੇ ਸਦੀਵੀ ਭਾਵ ਦਾ ਚੜ੍ਹਦਾ ਸੂਰਜ ਆਪਣੀਆਂ ਪ੍ਰਿਥਮ ਮਹਾਂਗੌਰਵਮਈ ਕਿਰਨਾਂ ਨੂੰ ਬਰਸਾ ਰਿਹਾ ਹੈ। ਉਸਦਾ ਮਨ ਇਕ ਸ਼ਾਂਤ ਅਤੇ ਅਸੀਮ ਸਾਗਰ ਦੀ ਤਰ੍ਹਾਂ ਤਟਹੀਣ ਖ਼ਲਾਅ ਵਿਚ ਫੈਲਦਾ ਜਾ ਰਿਹਾ ਹੈ। ਅਤੇ ਉਸਨੇ ਜ਼ਿੰਦਗੀ ਤੇ ਮੌਤ ਨੂੰ ਆਪਣੇ ਮਜ਼ਬੂਤ ਹੱਥਾਂ ਵਿਚ ਧਾਰਨ ਕੀਤਾ ਹੋਇਆ ਹੈ।'

ਅਜੇਹਾ ਨਵ-ਜਨਮਿਆਂ ਬੁੱਧ ਜਿਵੇਂ ਖੜ੍ਹਾ ਹੈ ਪੱਛਮ ਵਿਚ, ਮੁਖ ਉਸਦਾ ਪੂਰਬ ਵਲ ਹੈ, ਅਤੇ ਬੁੱਧਤਵ ਦੇ ਉਦੇ ਦਾ ਸੂਰਜ, ਬਾਲ-ਸੂਰਜ, ਸ਼ੁਭ ਦਾ ਸੂਰਜ ਆਪਣੀਆਂ ਪਹਿਲੀਆਂ ਕਿਰਨਾਂ ਉਸ ਉਤੇ ਪਾ ਰਿਹਾ ਹੈ।

'ਹੁਣ ਉਹ ਪੱਛਮ ਦੇ ਉੱਜਲ ਸਤੂਪ ਦੀ ਤਰ੍ਹਾਂ ਖੜ੍ਹਾ ਹੈ, ਜਿਸਦੇ ਮੁਖੜੇ 'ਤੇ ਸਦੀਵੀ ਭਾਵ ਦਾ ਚੜ੍ਹਦਾ ਸੂਰਜ ਆਪਣੀਆਂ ਪ੍ਰਿਥਮ ਮਹਾਂਗੌਰਵਮਈ ਕਿਰਨਾਂ ਨੂੰ ਬਰਸਾ ਰਿਹਾ ਹੈ। ਉਸਦਾ ਮਨ ਇਕ ਸ਼ਾਂਤ ਅਤੇ ਅਸੀਮ ਸਾਗਰ ਦੀ ਤਰ੍ਹਾਂ ਤਟਹੀਣ ਖਲਾਅ ਵਿਚ ਫੈਲਦਾ ਜਾ ਰਿਹਾ ਹੈ।'

ਇਸ ਸੂਰਜ ਦੇ ਉਦੈ ਹੋਣ ਦੇ ਨਾਲ ਹੀ ਉਸਦੀ ਚੇਤਨਾ ਫੈਲ ਰਹੀ ਹੈ। ਜਿਵੇ-ਜਿਵੇਂ ਇਹ ਸੂਰਜ ਫੈਲ ਰਿਹਾ ਹੈ ਅਤੇ ਜਿਵੇਂ-ਜਿਵੇਂ ਇਸ ਸੂਰਜ ਦੀਆਂ ਕਿਰਨਾਂ ਦਾ ਤਾਣਾ-ਬਾਣਾ ਫੈਲ ਰਿਹਾ ਹੈ, ਉਵੇਂ-ਉਵੇਂ ਉਸਦੀ ਚੇਤਨਾ ਵੀ ਫੈਲਦੀ ਜਾ ਰਹੀ ਹੈ। ਕਿਉਂਕਿ ਇਹ ਸੂਰਜ ਕਿਤੇ ਬਾਹਰ ਦਾ ਸੂਰਜ ਨਹੀਂ, ਉਸਦੀ ਚੇਤਨਾ ਦਾ ਹੀ ਸੂਰਜ ਹੈ। ਅੰਤਹੀਣ ਖਲਾਅ ਬਣ ਜਾਏਗਾ ਉਸਦੀ ਆਤਮਾ, ਉਸ ਦੀਆਂ ਕੋਈ ਸੀਮਾਵਾਂ ਨਹੀਂ ਹੋਣਗੀਆਂ। ਛਿਨ-ਭਰ ਦੀ ਦੇਰ ਹੈ। ਅਤੇ ਉਹ ਜੋ ਵਿਅਕਤੀ ਸੀ, ਖੋ ਜਾਏਗਾ। ਉਹ ਦੀਪ ਖੋ ਜਾਏਗਾ। ਸਾਗਰ ਹੀ ਰਹਿ ਜਾਏਗਾ। ਉਹ ਹੁਣ ਤਕ ਸੀਮਾ ਵਿਚ ਬੱਧਾ ਸੀ, ਹੁਣ ਨਹੀਂ ਰਹੇਗਾ। ਅਸੀਮ ਹੀ ਰਹਿ ਜਾਏਗਾ।

ਬੁੱਧ ਨੇ ਕਿਹਾ ਹੈ ਗਿਆਨ ਦੇ ਹੋ ਜਾਣ 'ਤੇ, ਜਿਸ ਮਕਾਨ ਵਿਚ ਮੈਂ ਹੁਣ ਤਕ ਜਨਮਾਂ-ਜਨਮਾਂ ਤਕ ਰਹਿੰਦਾ ਆਇਆ, ਉਸ ਦੀਆਂ ਕੰਧਾਂ ਢਹਿ ਗਈਆਂ ਹਨ। ਹੁਣ ਤਾਂ ਅੰਦਰ ਦਾ ਸ਼ੂੰਨਯ ਅਕਾਸ਼ ਹੀ ਬਾਕੀ ਰਹਿ ਗਿਆ ਹੈ।

ਜਿਸਨੂੰ ਅਸੀਂ ਸਮਝਦੇ ਹਾਂ ਆਪਣਾ ਹੋਣਾ, ਉਹ ਸਾਡੀਆਂ ਕੰਧਾਂ ਦੇ ਕਾਰਨ ਹੈ। ਇਕ ਦਿਨ ਕੰਧਾਂ ਢਹਿ ਜਾਣਗੀਆਂ। ਇਸ ਛੇਵੇਂ ਦੁਆਰ ਦੇ ਬਾਅਦ ਆਖ਼ਰੀ ਕੰਧ ਗਿਰ ਰਹੀ ਹੈ, ਉਹ ਕੱਚ ਦੀ ਕੰਧ, ਪਾਰਦਰਸ਼ੀ ਕੰਧ। ਹੁਣ ਧਿਆਨ ਵੀ ਮਿਟ ਜਾਏਗਾ, ਸਿਰਫ ਚੇਤੰਨਤਾ ਰਹਿ ਜਾਏਗੀ। ਅਤੇ ਚੇਤੰਨਤਾ ਅਸੀਮ ਹੈ, ਉਸਦੀ ਕੋਈ ਸੀਮਾ ਨਹੀਂ ਹੈ।

'...ਜ਼ਿੰਦਗੀ ਅਤੇ ਮੌਤ ਨੂੰ ਉਸਨੇ ਆਪਣੇ ਮਜ਼ਬੂਤ ਹੱਥਾਂ ਵਿਚ ਧਾਰਨ ਕੀਤਾ ਹੋਇਆ ਹੈ।' ਹੁਣ ਜ਼ਿੰਦਗੀ ਅਤੇ ਮੌਤ ਦੋਹਾਂ ਦੇ ਪਾਰ ਹੋ ਗਿਆ ਹੈ। ਜ਼ਿੰਦਗੀ ਅਤੇ ਮੌਤ ਦੋਵੇਂ ਉਸਦੇ ਹੱਥ ਵਿਚ ਹਨ। ਨਾ ਉਹ ਜ਼ਿੰਦਗੀ ਹੈ, ਨਾ ਉਹ ਮੌਤ ਹੈ।'

ਜਦ ਤਕ ਅਸੀਂ ਜ਼ਿੰਦਗੀ ਨਾਲ ਬੱਝੇ ਹਾਂ, ਤਦ ਤਕ ਮੌਤ ਨਾਲ ਵੀ ਬੱਝੇ ਹਾਂ। ਜਦ ਤਕ ਅਸੀਂ ਜ਼ਿੰਦਗੀ ਚਾਹੁੰਦੇ ਹਾਂ, ਤਦ ਤਕ ਸਾਨੂੰ ਮੌਤ ਵੀ ਮਿਲਦੀ ਰਹੇਗੀ। ਜਦ ਤਕ ਜਨਮ ਹੈ, ਤਦ ਤਕ ਮੌਤ ਹੋਵੇਗੀ। ਹੁਣ ਇਸ ਬੁੱਧ ਦੇ ਹੱਥ ਵਿਚ ਜ਼ਿੰਦਗੀ ਅਤੇ ਮੌਤ, ਦੋਵੇਂ ਇਸਦੇ ਹੱਥ ਵਿਚ ਹਨ। ਇਹ ਖ਼ੁਦ ਦੋਹਾਂ ਤੋਂ ਅਲੱਗ ਅਤੇ ਜੁਦਾ ਹੈ। ਇਹ ਤੀਸਰਾ ਹੈ। ਇਸਦਾ ਕੋਈ ਨਾਂ ਨਹੀਂ ਹੈ। ਇਸਨੂੰ ਅਸੀਂ ਅਮ੍ਰਿਤ-ਜੀਵਨ ਕਹਿੰਦੇ ਹਾਂ। ਉਹ ਸਿਰਫ ਇਸ ਪ੍ਰਿਥਵੀ ਦੀ ਭਾਸ਼ਾ ਵਿਚ। ਇਸ ਪ੍ਰਿਥਵੀ ਵਿਚ ਜੀਵਨ ਦੀ ਚਾਹਨਾ ਨਾਲ ਭਰੇ ਹੋਏ ਲੋਕਾਂ ਦੀ ਸਮਝ ਵਿਚ ਆ ਸਕੇ, ਇਸਲਈ। ਨਹੀਂ ਤਾਂ ਨਾ ਉਹ ਜੀਵਨ ਹੈ, ਨਾ ਉਹ ਮੌਤ। ਉਹ ਦੋਹਾਂ ਦੇ ਪਾਰ ਦੀ ਸਦੀਵਤਾ ਹੈ। ਇਸ ਛੇਵੇਂ ਦੁਆਰ ਦੇ ਬਾਅਦ ਉਹ ਸਦੀਵਤਾ ਵਿਚ ਛਾਲ ਲਗ ਜਾਏਗੀ। ਸੀਮਿਤ ਅਸੀਮ ਹੋ ਜਾਏਗਾ, ਅਤੇ ਬੂੰਦ ਸਾਗਰ ਹੋ ਜਾਏਗੀ।

ਵੀਰਜ ਤੋਂ ਧਿਆਨ ਦਾ ਦੁਆਰ ਖੁਲ੍ਹਦਾ ਹੈ, ਧਿਆਨ ਤੋਂ ਸਮਾਧੀ ਦਾ।

ਪੰਦਰ੍ਹਵਾਂ ਪ੍ਰਵਚਨ

ਬੋਧਿਸੱਤਵ ਬਣ !

ਹਾਂ, ਉਹ ਸ਼ਕਤੀਸ਼ਾਲੀ ਹੈ! ਉਹ ਜਾਨਦਾਰ ਸ਼ਕਤੀ, ਜੋ ਉਸ ਵਿਚ ਮੁਕਤ ਹੋਈ ਹੈ ਅਤੇ ਜੋ ਸ਼ਕਤੀ ਉਹ ਖ਼ੁਦ ਹੈ, ਮਾਯਾ ਦੇ ਮੰਡਪ ਨੂੰ ਦੇਵਤਿਆਂ ਦੇ ਵੀ ਉਪਰ ਮਹਾਨ ਬ੍ਰਹਮਾ ਅਤੇ ਇੰਦਰ ਦੇ ਉਪਰ ਚੁੱਕ ਸਕਦੀ ਹੈ। ਹੁਣ ਉਹ ਨਿਸਚਿਤ ਹੀ ਆਪਣੇ ਮਹਾਂ ਪੁਰਸਕਾਰ ਨੂੰ ਹਾਸਲ ਕਰੇਗਾ।

ਕੀ ਉਹ, ਜਿਸਨੇ ਮਹਾਂ ਮਾਯਾ ਨੂੰ ਜਿੱਤ ਲਿਆ ਹੈ, ਇਹਨਾਂ ਵਰਦਾਨਾਂ ਨੂੰ ਆਪਣੇ ਹੀ ਵਿਸਰਾਮ ਅਤੇ ਅਨੰਦ ਦੇ ਲਈ, ਆਪਣੇ ਹੀ ਕਮਾਏ ਸੁਖ ਅਤੇ ਗੌਰਵ ਦੇ ਲਈ ਉਪਯੋਗ ਨਹੀਂ ਕਰੇਗਾ?

ਨਹੀਂ, ਓ ਕੁਦਰਤ ਦੀ ਗੁੱਝੀ-ਵਿਦਿਆ ਦੇ ਸਾਧਕ, ਜੇ ਕੋਈ ਪਵਿੱਤਰ ਤਥਾਗਤ ਦੀਆਂ ਪੈੜਾਂ 'ਤੇ ਚਲੇ ਤਾਂ ਉਹ ਵਰਦਾਨ ਅਤੇ ਸ਼ਕਤੀਆਂ ਉਸਦੇ ਲਈ ਨਹੀਂ ਹਨ।

ਕੀ ਤੂੰ ਉਸ ਨਦੀ ਨੂੰ ਬੰਨ੍ਹ ਦੇਵੇਂਗਾ, ਜਿਸਦਾ ਜਨਮ ਸੁਮੇਰੂ" ਉਤੇ ਹੋਇਆ ਹੈ? ਕੀ ਤੂੰ ਉਸਦੇ ਸੋਮੇ ਆਪਣੇ ਲਈ ਅਤੇ ਆਪਣੀ ਤਰਫ਼ ਵਹਾਏਂਗਾ ਜਾਂ ਉਸਨੂੰ ਸਿਖਰ-ਟੀਸੀ ਦੇ ਪੰਧ ਤੋਂ ਉਸਦੇ ਮੂਲ ਸੋਮੇ ਨੂੰ ਵਾਪਸ ਭੇਜ ਦੇਵੇਂਗਾ?

ਜੇ ਤੂੰ ਕਠਨ ਮਿਹਨਤ ਨਾਲ ਪ੍ਰਾਪਤ ਗਿਆਨ ਦੇ ਉਸ ਸੋਮੇ ਨੂੰ, ਸਵਰਗ ਵਿਚ ਜਨਮੀ ਸੂਝ ਨੂੰ ਪ੍ਰਵਾਹਮਾਨ ਰਹਿਣ ਦੇਣਾ ਚਾਹੁੰਦਾ ਹੈਂ, ਤਾਂ ਤੈਨੂੰ ਉਸਨੂੰ ਇਕ ਠਹਿਰਿਆ ਹੋਇਆ ਸਰੋਵਰ ਬਣਨ ਤੋਂ ਬਚਾਉਣਾ ਹੋਵੇਗਾ।

ਜਾਣ ਕਿ ਤੂੰ ਅਮਿਤ ਯੁਗ ਦੇ ਅਮਿਤਾਭ ਦਾ ਸਹਿਯੋਗੀ ਬਣਨਾ ਹੈ, ਤਾਂ ਤੈਨੂੰ ਪ੍ਰਾਪਤ ਪ੍ਰਕਾਸ਼ ਨੂੰ, ਜੇਤੇ ਬੋਧਿਸੱਤਵਾਂ" ਦੀ ਤਰ੍ਹਾਂ ਤਿੰਨਾਂ ਲੋਕਾਂ" 'ਤੇ ਖਿਲਾਰਨਾ ਹੋਵੇਗਾ।

ਜਾਣ ਕਿ ਅਤਿ-ਮਨੁੱਖੀ ਗਿਆਨ ਅਤੇ ਦੇਵ-ਸੂਝ ਦੀ ਇਸ ਧਾਰਾ ਨੂੰ, ਜਿਸਨੂੰ ਤੂੰ ਕਮਾਇਆ ਹੈ, ਆਪਣੇ-ਆਪ ਤੋਂ, ਆਲਯ (ਪਰਮ-ਸੱਤਾ) ਦੀ ਨਹਿਰ ਦੇ ਦੁਆਰਾ, ਦੂਜੀ ਨਦੀ ਵਿਚ ਪ੍ਰਵਾਹਤ ਕਰ ਦੇਣਾ ਹੈ।

ਓ, ਗੁੱਝੇ-ਮਾਰਗ ਦੇ ਯਾਤਰੀ, ਨਾਰਜੋਲ (ਸਿੱਧ) ਜਾਣ ਕਿ ਇਸਦੇ ਸ਼ੁੱਧ ਤੇ ਤਾਜ਼ੇ ਜਲ ਨਾਲ ਸਮੁੰਦਰ ਦੀਆਂ ਤਿੱਖੀਆਂ ਲਹਿਰਾਂ ਨੂੰ—ਉਸ ਸ਼ੋਕ ਸਮੁੰਦਰ ਦੀਆਂ ਖਾਰੀਆਂ ਲਹਿਰਾਂ ਨੂੰ ਜੋ ਮਨੁੱਖ ਦੇ ਹੰਝੂਆਂ ਤੋਂ ਬਣਿਆ ਹੈ—ਮਿੱਠਾ ਬਨਾਉਣਾ ਹੈ।

ਆਹ, ਜਦ ਤੂੰ ਇਕ ਵਾਰ ਉਸ ਸਭ ਤੋਂ ਉਚੇ ਅਕਾਸ਼ ਦਾ ਧਰੂੰ ਤਾਰਾ ਬਣ ਗਿਆ ਹੈਂ, ਤਦ ਉਸ ਸਵਰਗੀ ਨੂਰ-ਮੰਡਲ ਨੂੰ ਖਲਾਅ ਦੀਆਂ ਗਹਿਰਾਈਆਂ ਤੋਂ, ਆਪਣੇ ਸਿਵਾਇ ਸਭ ਦੇ ਲਈ ਖਿਲਾਰਨਾ ਹੈ। ਪ੍ਰਕਾਸ਼ ਸਭ ਨੂੰ ਦੇ, ਕਿਸੇ ਤੋਂ ਵੀ ਲੈ ਨਾ।

ਆਹ, ਜਦ ਤੂੰ ਇਕ ਵਾਰ ਪਰਬਤ ਦੀਆਂ ਘਾਟੀਆਂ ਵਿਚ ਸ਼ੁੱਧ ਕੋਰੇ ਜਿਹਾ ਹੋ ਗਿਆ ਹੈਂ, ਜੋ ਠੰਡਾ ਹੈ ਅਤੇ ਛੋਹ ਦੇ ਲਈ ਸੰਵੇਦਨਾ-ਸ਼ੂੰਨਯ ਹੈ, ਪਰ ਜੋ ਉਸਦੇ ਹਿਰਦੇ ਵਿਚ ਸੌਂਣ ਵਾਲੇ ਬੀਜ ਦੇ ਲਈ ਗਰਮ ਤੇ ਰਖਿਆਕਾਰੀ ਹੈ, ਤਦ ਉਸ ਕੋਰੇ ਨੂੰ ਆਪਣੀਆਂ ਹੀ ਹੱਡੀਆਂ ਨੂੰ ਛੇਕਣ ਵਾਲੀਆਂ ਉੱਤਰ ਦੀਆਂ ਬਰਫਬਾਰੀਆਂ ਨੂੰ ਪੀ ਜਾਣਾ ਹੋਵੇਗਾ ਤਾਂ ਜੋ ਉਹਨਾਂ ਦੇ ਤਿੱਖੇ ਤੇ ਨਿਰਦਯੀ ਦੰਦਾਂ ਤੋਂ ਧਰਤੀ ਦੀ ਰਖਿਆ ਕੀਤੀ ਜਾ ਸਕੇ। ਉਸੇ ਧਰਤੀ ਵਿਚ ਉਹ ਫਸਲ ਛੁਪੀ ਪਈ ਹੈ, ਜਿਸ ਤੋਂ ਭੁੱਖਿਆਂ ਨੂੰ ਭੋਜਨ ਮਿਲੇਗਾ।

ਸੂਤਰ ਤੋਂ ਪਹਿਲਾਂ ਇਕ ਪ੍ਰਸ਼ਨ — ਪੁਛਿਆ ਹੈ ਕਿਸੇ ਨੇ ਬੁੱਧ ਅਤੇ ਮਹਾਂਵੀਰ, ਕ੍ਰਿਸ਼ਨ ਅਤੇ ਜੀਸਸ, ਮੁਹੰਮਦ, ਲਾਓਤਸੇ, ਓਸ਼ੋ, ਮਤਲਬ ਸਾਰੇ ਪੁਰਸ਼ ਹੀ! ਤਾਂ ਕਿਸੇ ਇਸਤ੍ਰੀ ਨੇ ਬੁੱਧਤਵ ਦੀ ਖ਼ਬਰ ਦੁਨੀਆਂ ਤਕ ਕਿਉਂ ਨਹੀਂ ਪੁਜਾਈ? ਕੀ ਬੋਧਿਸੱਤਵ ਬਣਨਾ ਇਸਤ੍ਰੀ ਦੀ ਦ੍ਰਿਸ਼ਟੀ ਤੋਂ ਕਠਨ ਹੈ?

ਇਸ ਸਬੰਧ ਵਿਚ ਬਹੁਤ-ਸਾਰੀਆਂ ਗੱਲਾਂ ਸਮਝਣੀਆਂ ਪੈਣਗੀਆਂ।

ਇਕ ਤਾਂ ਇਸਤ੍ਰੀ ਤੇ ਪੁਰਸ਼ ਬੁਨਿਆਦੀ ਰੂਪ ਨਾਲ ਭਿੰਨ ਹਨ। ਭਿੰਨ ਤੋਂ ਅਰਥ ਉਚੇ-ਨੀਵੇਂ ਹਨ, ਅਜੇਹਾ ਨਹੀਂ ਹੈ : ਦੋਵੇਂ ਬਰਾਬਰ ਹਨ, ਲੇਕਿਨ ਉਲਟ ਹਨ। ਉਚਾ-ਨੀਚਾ ਕੋਈ ਵੀ ਨਹੀਂ ਹੈ। ਦੋਵੇਂ ਇਕਸਾਰ ਹਨ; ਪਰ ਉਲਟ ਧਰੁਵ ਹਨ। ਇਕ-ਦੂਜੇ ਤੋਂ ਬਿਲਕੁਲ ਉਲਟੇ ਹਨ। ਅਤੇ ਇਹ ਉਹਨਾਂ ਦਾ ਉਲਟਾਪਣ ਜ਼ਰੂਰੀ ਹੈ। ਇਹਨਾਂ ਦੇ ਉਲਟਪੁਣਿਆਂ ਤੋਂ ਮਿਲ ਕੇ ਹੀ ਤਾਂ ਜਨਮ ਹੁੰਦਾ ਹੈ, ਜੀਵਨ ਦੀ ਧਾਰਾ ਵਗਦੀ ਹੈ। ਉਹ ਉਲਟ ਹਨ, ਇਸਲਈ ਉਹਨਾਂ ਵਿਚ ਆਕਰਸ਼ਣ ਹੈ। ਉਹ ਉਲਟ ਹਨ, ਇਸਲਈ ਉਹਨਾਂ ਵਿਚ ਪ੍ਰੇਮ ਵੀ ਹੈ ਅਤੇ ਝਗੜਾ ਵੀ ਹੈ। ਪ੍ਰੇਮ ਹੈ, ਕਿਉਂਕਿ ਕਸ਼ਿਸ਼ ਹੈ। ਝਗੜਾ ਹੈ, ਕਿਉਂਕਿ ਉਹ ਉਲਟ ਹਨ। ਇਸਤ੍ਰੀ ਤੇ ਪੁਰਸ਼ ਦੇ ਵਿਚਾਲੇ ਕਦੇ ਵੀ ਸੁਲਹ ਨਹੀਂ ਹੋ ਪਾਂਦੀ ਹੈ। ਹੋ ਨਹੀਂ ਸਕਦੀ ਹੈ। ਉਹਨਾਂ ਦੇ ਉਲਟਪੁਣੇ ਦੇ ਕਾਰਨ ਖਿਚਾਅ ਹੈ, ਅਤੇ ਉਲਟਪੁਣੇ ਦੇ ਕਾਰਨ ਹੀ ਕਸ਼ਿਸ਼ ਵੀ ਹੈ।

ਪੁਰਸ਼ ਅਧੂਰਾ ਹੈ, ਇਸਤ੍ਰੀ ਦੇ ਬਿਨਾਂ; ਇਸਤ੍ਰੀ ਅਧੂਰੀ ਹੈ, ਪੁਰਸ਼ ਦੇ ਬਿਨਾਂ। ਪੁਰਸ਼ ਪੂਰਾ ਹੋਣਾ ਚਾਹੁੰਦਾ ਹੈ ਇਸਤ੍ਰੀ ਦੇ ਨਾਲ। ਇਸਤ੍ਰੀ ਪੂਰੀ ਹੋਣੀ ਚਾਹੁੰਦੀ ਹੈ—ਪੁਰਸ਼ ਦੇ ਨਾਲ। ਇਕੱਲਿਆਂ ਪੂਰਾ ਹੋਣਾ ਬਹੁਤ ਕਠਨ ਹੈ। ਜਦ ਤਕ ਕਿ ਅੰਦਰ ਦੀ ਯਾਤਰਾ ਸ਼ੁਰੂ ਨਾ ਹੋ ਜਾਵੇ, ਤਦ ਤਕ ਬਾਹਰ ਦੀ ਪੂਰਨਤਾ ਦੀ ਖੋਜ ਚਲਦੀ ਹੈ। ਲੇਕਿਨ ਜਿਸ ਨਾਲ ਅਸੀਂ ਪੂਰੇ ਹੋਣਾ ਚਾਹੁੰਦੇ ਹਾਂ, ਉਹ ਸਾਡੇ ਉਲਟ ਹੈ। ਉਲਟ ਹੈ, ਤਾਂ ਇਕ ਨਿਸਚਿਤ ਝਗੜਾ ਵੀ ਮੌਜੂਦ ਹੈ, ਇਕ ਤਣਾਓ ਵੀ ਹੈ। ਕੋਲ ਵੀ ਆਉਂਦੇ ਹਨ, ਅਤੇ ਦੂਰ ਵੀ ਹੋ ਜਾਂਦੇ ਹਨ। ਦੂਰ ਹੋ ਜਾਂਦੇ ਹਨ, ਅਤੇ ਮੁੜ ਕੇ ਕੋਲ ਵੀ ਆਉਂਦੇ ਹਨ। ਅਤੇ ਹਰ

ਮਾਸ, ਚਰਬੀ ਹੈ। ਇਸਲਈ ਮਾਂ ਅਤੇ ਬੱਚੇ ਦੇ ਦਰਮਿਆਨ ਜੋ ਨੇੜਤਾ ਹੈ ਤੇ ਅਪਣੱਤ ਹੈ, ਉਹ ਪਿਤਾ ਅਤੇ ਬੱਚੇ ਦੇ ਦਰਮਿਆਨ ਨਹੀਂ ਹੋ ਸਕਦੀ ਹੈ। ਮਾਂ ਅਤੇ ਬੱਚੇ ਜਿਵੇਂ ਇਕ ਹੀ ਚੀਜ਼ ਦਾ ਵਿਸਥਾਰ ਹਨ। ਤਾਂ ਉਸਨੂੰ ਗ੍ਰਾਹਕ ਹੋਣਾ ਜ਼ਰੂਰੀ ਹੈ। ਉਹ ਹਮਲਾਵਰ ਨਹੀਂ ਹੈ। ਉਹ ਗਰਭ ਧਾਰਨ ਕਰਦੀ ਹੈ।

ਇਹ ਮੈਂ ਇਸਲਈ ਕਹਿ ਰਿਹਾ ਹਾਂ, ਕਿਉਂਕਿ ਇਹੀ ਉਸਦੇ ਅੰਦਰ ਦਾ ਢੰਗ ਹੈ। ਹੁਣ ਇਸਨੂੰ ਸਮਝਣਾ, ਕਿ ਇਸਦਾ ਅਧਿਆਤਮ ਨਾਲ ਕੀ ਲੈਣਾ–ਦੇਣਾ ਹੈ।

ਇਸਤ੍ਰੀ ਜੇਕਰ ਸ਼ਿਸ਼ ਹੋਵੇ, ਤਾਂ ਉਸ ਤੋਂ ਸ੍ਰੇਸ਼ਠ ਸ਼ਿਸ਼ ਭਾਲਣਾ ਮੁਸ਼ਕਲ ਹੈ। ਇਸਤ੍ਰੀ ਦਾ ਸ਼ਿਸ਼ਤਵ ਸ੍ਰੇਸ਼ਠ ਤੋਂ ਸ੍ਰੇਸ਼ਠ ਹੈ। ਕੋਈ ਪੁਰਸ਼ ਉਸਦਾ ਮੁਕਾਬਲਾ ਨਹੀਂ ਕਰ ਸਕਦਾ ਹੈ। ਕਿਉਂਕਿ ਸਮਰਪਣ ਦੀ ਜੋ ਸਮਰੱਥਾ ਉਸ ਵਿਚ ਹੈ, ਉਹ ਕਿਸੇ ਪੁਰਸ਼ ਵਿਚ ਨਹੀਂ ਹੈ। ਜਿਸ ਸੰਪੂਰਨ ਭਾਵ ਨਾਲ ਉਹ ਅੰਗੀਕਾਰ ਕਰਦੀ ਹੈ, ਗ੍ਰਹਿਣ ਕਰ ਲੈਂਦੀ ਹੈ, ਉਸ ਤਰ੍ਹਾਂ ਨਾਲ ਕੋਈ ਪੁਰਸ਼ ਕਦੇ ਅੰਗੀਕਾਰ ਨਹੀਂ ਕਰ ਪਾਂਦਾ, ਗ੍ਰਹਿਣ ਨਹੀਂ ਕਰ ਸਕਦਾ।

ਇਧਰ ਮੇਰਾ ਵੀ ਰੋਜ਼ਾਨਾ ਦਾ ਅਨੁਭਵ ਹੈ। ਇਸਤ੍ਰੀਆਂ ਦੇ ਸਮਰਪਣ ਨਾਲ ਕਿਸੇ ਪੁਰਸ਼ ਦੇ ਸਮਰਪਣ ਦੀ ਤੁਲਣਾ ਨਹੀਂ ਕੀਤੀ ਜਾ ਸਕਦੀ। ਅਤੇ ਜਦ ਕੋਈ ਇਸਤ੍ਰੀ ਸਵੀਕਾਰ ਕਰ ਲੈਂਦੀ ਹੈ, ਤਾਂ ਫਿਰ ਉਸ ਵਿਚ ਰੰਚਕ–ਮਾਤਰ ਵੀ ਉਸਦੇ ਅੰਦਰ ਕੋਈ ਵਿਵਾਦ ਨਹੀਂ ਹੁੰਦਾ ਹੈ, ਕੋਈ ਸ਼ੱਕ ਨਹੀਂ ਹੁੰਦਾ ਹੈ; ਉਸਦਾ ਭਰੋਸਾ ਮੁਕੰਮਲ ਹੈ। ਜੇਕਰ ਉਹ ਮੇਰੇ ਵਿਚਾਰ ਨੂੰ ਜਾਂ ਕਿਸੇ ਦੇ ਵਿਚਾਰ ਨੂੰ ਸਵੀਕਾਰ ਕਰ ਲੈਂਦੀ ਹੈ, ਤਾਂ ਉਹ ਵਿਚਾਰ ਵੀ ਉਸਦੇ ਗਰਭ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਉਹ ਉਸਦੇ ਹੱਡ–ਮਾਸ ਦਾ ਹਿੱਸਾ ਬਣ ਜਾਂਦਾ ਹੈ। ਉਹ ਉਸ ਵਿਚਾਰ ਨੂੰ ਵੀ, ਬੀਜ ਦੀ ਤਰ੍ਹਾਂ ਗਰਭ ਦੀ ਤਰ੍ਹਾਂ ਆਪਣੇ ਅੰਦਰ ਪੋਸਣ ਲਗਦੀ ਹੈ। ਕੋਈ ਪੁਰਸ਼ ਇਹ ਨਹੀਂ ਕਰ ਸਕਦਾ।

ਪੁਰਸ਼ ਜੇਕਰ ਸਵੀਕਾਰ ਵੀ ਕਰਦਾ ਹੈ, ਤਾਂ ਬੜੀ ਜਦੋ–ਜ਼ਹਿਦ ਕਰਦਾ ਹੈ, ਬੜੇ ਸ਼ੱਕ ਖੜ੍ਹੇ ਕਰਦਾ ਹੈ, ਬੜੇ ਸਵਾਲ ਉਠਾਉਂਦਾ ਹੈ। ਅਤੇ ਜੇ ਝੁਕਦਾ ਵੀ ਹੈ, ਤਾਂ ਉਹ ਇਹੀ ਕਹਿ ਕੇ ਝੁਕਦਾ ਹੈ ਕਿ ਅੱਧੇ ਮਨ ਨਾਲ ਝੁਕ ਰਿਹਾ ਹਾਂ, ਪੂਰੇ ਮਨ ਨਾਲ ਨਹੀਂ ਝੁਕ ਰਿਹਾ ਹਾਂ। ਕੀ ਕਰਾਂ, ਕੋਈ ਉਪਾਅ ਨਹੀਂ ਹੈ।

ਮੇਰੇ ਕੋਲ ਆ ਕੇ ਪੁਰਸ਼ ਕਹਿੰਦੇ ਹਨ—ਸਿੱਧੀ ਸੱਚੀ ਗੱਲ ਹੈ, ਉਹ ਕਹਿੰਦੇ ਹਨ—ਪੂਰੇ ਮਨ ਨਾਲ ਸਮਰਪਣ ਨਹੀਂ ਹੋ ਰਿਹਾ ਹੈ। ਇਕ ਹਿੱਸਾ ਵਿਰੋਧ ਵਿਚ ਹੈ, ਇਕ ਹਿੱਸਾ ਪੱਖ 'ਚ ਹੈ। ਕਿਉਂਕਿ ਪੁਰਸ਼ ਹਮਲਾਵਰ ਹੈ, ਸਮਰਪਣ ਉਸਦੇ ਲਈ ਅਤਿ ਕਠਨ ਹੈ। ਅਤੇ ਇਸਤ੍ਰੀ ਗ੍ਰਾਹਕ ਹੈ, ਸਮਰਪਣ ਉਸਦੇ ਲਈ ਅਤਿ ਸਰਲ ਹੈ। ਇਸਲਈ ਸ਼ਿਸ਼ਤਵ ਦੀ ਜੋ ਉਚਾਈ ਇਸਤ੍ਰੀ ਨੂੰ ਹਾਸਲ ਹੁੰਦੀ ਹੈ, ਉਹ ਪੁਰਸ਼ ਨੂੰ ਕਦੇ ਨਹੀਂ ਹਾਸਲ ਹੁੰਦੀ।

ਪੁਰਸ਼ ਵਿਚ ਜੋ ਸ੍ਰੇਸ਼ਠ ਤੋਂ ਸ੍ਰੇਸ਼ਠ ਸ਼ਿਸ਼ ਹੈ, ਉਹ ਵੀ ਇਸਤ੍ਰੀਆਂ ਵਿਚ ਨੀਵੇਂ ਤੋਂ ਨੀਵੇਂ ਸ਼ਿਸ਼ ਦੇ ਕਰੀਬ ਪਹੁੰਚ ਪਾਂਦਾ ਹੈ। ਇਸਲਈ ਸ਼ਿਸ਼ ਤਾਂ ਬਹੁਤ ਅਨੋਖੇ ਇਸਤ੍ਰੀਆਂ ਨੇ ਪੈਦਾ ਕੀਤੇ ਹਨ। ਲੇਕਿਨ ਸ਼ਿਸ਼ਾਂ ਦੇ ਨਾਂ ਤਾਂ ਜਾਣੇ ਨਹੀਂ ਜਾਂਦੇ

ਕੋਲ ਆਉਣਾ, ਫਿਰ ਮੁੜਕੇ ਦੂਰ ਜਾਣ ਦਾ ਉਪਾਅ ਹੋ ਜਾਂਦਾ ਹੈ।

ਇਸਤ੍ਰੀ ਤੇ ਪੁਰਸ਼ ਦੇ ਵਿਚਾਲੇ ਕੋਈ ਥਿਰ ਸਬੰਧ ਤਿਆਰ ਨਹੀਂ ਹੋ ਪਾਂਦਾ। ਹੋ ਵੀ ਨਹੀਂ ਸਕਦਾ। ਸਭ ਸਬੰਧ ਅਸਥਿਰ ਹੋਣਗੇ। ਇਸਲਈ ਸਾਰਾ ਸੰਸਾਰ ਇਸਤ੍ਰੀ-ਪੁਰਸ਼ ਦੇ ਸਬੰਧ ਜਿਹਾ ਹੈ, ਅਸਥਿਰ ਹੈ—ਹੁਣੇ ਕੁਝ, ਹੁਣੇ ਕੁਝ। ਛਿਨ ਭਰ ਪਹਿਲਾਂ ਸੁਖਾਵਾਂ ਜਾਪੇ ਜੋ ਸਬੰਧ, ਛਿਨ ਭਰ ਵਿਚ ਦੁਖਦਾਈ ਹੋ ਜਾਏਗਾ। ਛਿਨ ਭਰ ਪਹਿਲਾਂ ਜਿਥੇ ਪ੍ਰੇਮ ਹੈ, ਛਿਨ ਭਰ ਪਿਛੋਂ ਘਿਰਣਾ ਹੋ ਜਾਏਗੀ। ਇਹ ਸੁਭਾਵਕ ਹੈ। ਇਸਨੂੰ ਬਦਲਣ ਦਾ ਕੋਈ ਉਪਾਅ ਨਹੀਂ ਹੈ, ਅਜੇਹਾ ਹੈ; ਜਦ ਤਕ ਕਿ ਵਿਅਕਤੀ ਅੰਦਰ ਦੀ ਯਾਤਰਾ 'ਤੇ ਨਾ ਨਿਕਲ ਜਾਵੇ। ਸੋ ਪਹਿਲੀ ਗੱਲ ਇਹ ਸਮਝ ਲੈਣੀ ਜ਼ਰੂਰੀ ਹੈ ਕਿ ਇਸਤ੍ਰੀ ਤੇ ਪੁਰਸ਼ ਉਲਟ ਹਨ ਅਤੇ ਭਿੰਨ ਹਨ। ਇਸਲਈ ਉਹਨਾਂ ਦੇ ਗੁਣ ਵੀ ਉਲਟ ਅਤੇ ਭਿੰਨ ਹਨ।

ਸਰੀਰ ਤੋਂ ਸਮਝੋ, ਤਾਂ ਅੰਦਰ ਦੀ ਗੱਲ ਸਮਝ ਵਿਚ ਆ ਜਾਏਗੀ। ਕਿਉਂਕਿ ਸਰੀਰ ਦਾ ਜੋ ਢੰਗ ਹੈ, ਉਹੀ ਅੰਦਰ ਦੀ ਸ਼ਖਸੀਅਤ ਦਾ ਵੀ ਢੰਗ ਹੈ। ਪੁਰਸ਼ ਹਮਲਾਵਰ ਹੈ ਤੇ ਇਸਤ੍ਰੀ ਅਣਹਮਲਾਵਰ ਹੈ। ਪੁਰਸ਼ ਕਾਰਜਸ਼ੀਲ ਹੈ ਤੇ ਇਸਤ੍ਰੀ ਨਿਰਕਿਰਿਆ ਹੈ। ਪੁਰਸ਼ ਪ੍ਰੇਮ ਕਰਦਾ ਹੈ ਤੇ ਇਸਤ੍ਰੀ ਪ੍ਰੇਮ ਲੈਂਦੀ ਹੈ। ਜੀਵਿਕ ਤਲ 'ਤੇ ਵੀ, ਬਾਯੋਲਾਜੀ ਦੇ ਤਲ 'ਤੇ ਵੀ, ਪੁਰਸ਼ ਦਿੰਦਾ ਹੈ ਵੀਰਜਕਣ, ਇਸਤ੍ਰੀ ਅੰਗੀਕਾਰ ਕਰਦੀ ਹੈ। ਉਥੇ ਵੀ ਦੇਣ ਵਾਲਾ ਪੁਰਸ਼ ਹੈ, ਲੈਣ ਵਾਲੀ ਇਸਤ੍ਰੀ ਹੈ। ਉਥੇ ਵੀ ਪੁਰਸ਼ ਪਹਿਲ ਕਰਦਾ ਹੈ, ਇਨਿਸ਼ਿਏਟਿਵ ਲੈਂਦਾ ਹੈ।

ਕੋਈ ਇਸਤ੍ਰੀ ਕਿਸੇ ਪੁਰਸ਼ ਨੂੰ ਜਾ ਕੇ ਸਿੱਧਾ ਨਹੀਂ ਕਹਿੰਦੀ ਕਿ ਮੈਂ ਤੈਨੂੰ ਪ੍ਰੇਮ ਕਰਦੀ ਹਾਂ। ਉਡੀਕ ਕਰਦੀ ਹੈ ਕਿ ਪੁਰਸ਼ ਉਸਨੂੰ ਕਹੇ। ਉਸਦਾ ਨਿਉਂਦਾ ਵੀ ਮੌਨ ਹੈ, ਨਿਰਕਿਰਿਆ ਹੈ। ਪੁਰਸ਼ ਨੂੰ ਹੀ ਪਹਿਲ ਕਰਨੀ ਪੈਂਦੀ ਹੈ। ਕਾਰਜਸ਼ੀਲ ਪੁਰਸ਼ ਨੂੰ ਹੀ ਹੋਣਾ ਪੈਂਦਾ ਹੈ। ਪੁਰਸ਼ ਨੂੰ ਹੀ ਦਰਖ਼ਾਸਤ ਕਰਨੀ ਪੈਂਦੀ ਹੈ ਕਿ ਮੈਨੂੰ ਪ੍ਰੇਮ ਹੈ। ਇਸਤ੍ਰੀ ਉਸ ਦਰਖ਼ਾਸਤ 'ਤੇ ਹਾਂ ਜਾਂ ਨਾਂਹ ਕਰੇਗੀ। ਪਰ ਦਰਖ਼ਾਸਤ ਉਹ ਨਹੀਂ ਕਰੇਗੀ। ਅਤੇ ਜਿਹੜੀ ਇਸਤ੍ਰੀ ਕਿਸੇ ਪੁਰਸ਼ ਨੂੰ ਦਰਖ਼ਾਸਤ ਕਰੇਗੀ ਕਿ ਮੈਨੂੰ ਤੇਰੇ ਨਾਲ ਪਿਆਰ ਹੈ, ਉਸ ਪੁਰਸ਼ ਦੀ ਦਿਲਚਸਪੀ ਉਸ ਇਸਤ੍ਰੀ ਵਿਚ ਨਹੀਂ ਹੋ ਸਕਦੀ ਹੈ। ਕਿਉਂਕਿ ਉਹ ਇਸਤ੍ਰੀ ਪੁਰਸ਼ ਵਰਗਾ ਵਤੀਰਾ ਕਰ ਰਹੀ ਹੈ। ਉਹ ਇਸਤ੍ਰੀ ਹੀ ਨਹੀਂ ਰਹੀ, ਹਮਲਾਵਰ ਹੋ ਗਈ।

ਪੁਰਸ਼ ਅਤੇ ਇਸਤ੍ਰੀ ਦੀ ਸ਼ਖਸੀਅਤ ਦਾ ਤਾਲਮੇਲ...ਚੀਨ ਵਿਚ ਬਹੁਤ ਪੁਰਾਣੇ ਦਿਨਾਂ ਤੋਂ ਦੋ ਸ਼ਬਦ ਉਪਯੋਗ ਵਿਚ ਆਉਂਦੇ ਰਹੇ ਹਨ—ਯਿਨ ਅਤੇ ਯਾਂਗ। ਯਿਨ ਇਸਤ੍ਰੀ ਹੈ ਤੇ ਯਾਂਗ ਪੁਰਸ਼। ਇਸਤ੍ਰੀ ਹੈ ਖਾਈ ਦੀ ਤਰ੍ਹਾਂ, ਪੁਰਸ਼ ਹੈ ਪਰਬਤ-ਸਿਖਰ ਦੀ ਤਰ੍ਹਾਂ।

ਇਸਤ੍ਰੀ ਹੈ ਗ੍ਰਾਹਕ। ਜ਼ਰੂਰੀ ਹੈ ਕਿ ਉਹ ਗ੍ਰਾਹਕ ਹੋਵੇ, ਕਿਉਂਕਿ ਗਰਭ ਉਸ ਵਿਚ ਤਿਆਰ ਹੋਵੇਗਾ। ਪੁਰਸ਼ ਗਰਭ ਨਹੀਂ ਖਿੱਚ ਸਕਦਾ ਹੈ, ਗਰਭ ਨਹੀਂ ਰਖ ਸਕਦਾ ਹੈ। ਬੱਚੇ ਦੇ ਜਨਮ ਵਿਚ ਪੁਰਸ਼ ਦਾ ਇਕ ਛਿਨ ਦਾ ਸਬੰਧ ਹੁੰਦਾ ਹੈ। ਇਸਤ੍ਰੀ ਦਾ ਸਬੰਧ ਬਹੁਤ ਗਹਿਰਾ ਹੈ। ਬੱਚਾ ਉਸਦੇ ਅੰਦਰ ਵਡਾ ਹੋਵੇਗਾ। ਵਧੇਗਾ, ਉਸਦਾ ਅੰਗ ਹੈ; ਉਸਦਾ ਖ਼ੂਨ, ਹੱਡੀ,

ਇਤਿਹਾਸ ਵਿਚ, ਨਾਂ ਤਾਂ ਗੁਰੂਆਂ ਦੇ ਜਾਣੇ ਜਾਂਦੇ ਹਨ। ਮਹਾਂਵੀਰ ਦੇ ਕੋਲ ਜੇਕਰ ਚਾਰ ਸ਼ਿੱਸ਼ ਸਨ, ਤਾਂ ਤਿੰਨ ਉਹਨਾਂ 'ਚੋਂ ਸ਼ਿਸ਼ਿਆਵਾਂ ਸਨ ਅਤੇ ਇਕ ਸ਼ਿਸ਼ ਸੀ। ਚਾਲੀ ਹਜ਼ਾਰ ਮਹਾਂਵੀਰ ਦੇ ਸੰਨਿਆਸੀ ਸਨ। ਉਸ ਵਿਚ ਤੀਹ ਹਜ਼ਾਰ ਸੰਨਿਆਸਣਾਂ ਸਨ, ਅਤੇ ਦਸ ਹਜ਼ਾਰ ਸੰਨਿਆਸੀ ਸਨ। ਬੁੱਧ ਦੇ ਕੋਲ ਵੀ ਸ਼ਿੱਸ਼ਾਂ ਦਾ ਅਨੁਪਾਤ ਇਹੀ ਸੀ। ਚਾਰ ਵਿਚੋਂ ਤਿੰਨ ਇਸਤ੍ਰੀਆਂ, ਇਕ ਪੁਰਸ਼!

ਜੀਸਸ ਨੂੰ ਜਿਸ ਦਿਨ ਸੂਲੀ ਲਗੀ, ਉਸ ਦਿਨ ਸਾਰੇ ਪੁਰਸ਼ ਛਡ ਕੇ ਚਲੇ ਗਏ। ਜਿਨ੍ਹਾਂ ਨੇ ਜੀਸਸ ਨੂੰ ਸੂਲ ਉੱਤੋਂ ਉਤਾਰਿਆ, ਉਹ ਦੋ ਇਸਤ੍ਰੀਆਂ ਸਨ। ਇਹ ਬੜੀ ਮਜ਼ੇਦਾਰ ਗੱਲ ਹੈ। ਮੇਰੀ ਮੋੱਗਦਾਲਿਨ ਇਕ ਵੇਸਵਾ ਸੀ। ਉਸਦੀ ਵਜ੍ਹਾ ਨਾਲ ਹੀ ਜੀਸਸ ਨੂੰ ਬਹੁਤ ਪਰੇਸ਼ਾਨੀਆਂ ਝੱਲਣੀਆਂ ਪਈਆਂ। ਕਿਉਂਕਿ ਲੋਕਾਂ ਨੇ ਕਿਹਾ ਕਿ ਜੀਸਸ ਜਿਹਾ ਮਹਾਂਪੁਰਸ਼ ਅਤੇ ਮੇਰੀ ਮੋੱਗਦਾਲਿਨ ਦੇ ਘਰ ਰੁਕ ਜਾਵੇ—ਵੇਸਵਾ ਦੇ ਘਰ! ਤਾਂ ਸਮਾਜ ਦੀ ਨੀਤੀ, ਆਚਾਰ ਨੂੰ ਬੜਾ ਧੱਕਾ ਲਗਿਆ ਸੀ। ਅਤੇ ਜਿਨ੍ਹਾਂ ਸ਼ਿਸ਼ਾਂ ਨੇ ਜੀਸਸ ਨੂੰ ਕਿਹਾ ਸੀ ਕਿ ਇਸ ਮੇਰੀ ਮੋੱਗਦਾਲਿਨ ਨੂੰ ਛਡ ਦਿਉ, ਇਸ ਇਕ ਦੇ ਪਿਛੇ ਅਕਾਰਨ ਸਾਡੇ ਵਿਚਾਰ ਨੂੰ ਨੁਕਸਾਨ ਪਹੁੰਚ ਰਿਹਾ ਹੈ, ਤਾਂ ਜੀਸਸ ਹੱਸੇ ਸਨ, ਮੁਸਕਰਾਏ ਸਨ, ਕੁਝ ਬੋਲੇ ਨਹੀਂ ਸੀ। ਅਤੇ ਜਿਸ ਰਾਤ ਜੀਸਸ ਫੜੇ ਗਏ, ਉਸ ਰਾਤ ਹੀ ਉਹ ਸ਼ਿਸ਼, ਜਿਨ੍ਹਾਂ ਨੇ ਕਿਹਾ ਸੀ ਮੇਰੀ ਮੋੱਗਦਾਲਿਨ ਨੂੰ ਹਟਾ ਦਿਉ ਰਾਹ 'ਚੋਂ, ਇਸਦੇ ਪਿਛੇ ਵਿਚਾਰ ਨੂੰ ਨੁਕਸਾਨ ਪਹੁੰਚਦਾ ਹੈ, ਤਾਂ ਜੀਸਸ ਨੇ ਕਿਹਾ ਸੀ, ਸਵੇਰ ਹੋਣ ਤੋਂ ਪਹਿਲਾਂ, ਉਸਦੇ ਪਹਿਲਾਂ ਕਿ ਮੁਰਗਾ ਬਾਂਗ ਦੇਵੇ, ਤੁਸੀਂ ਸਭ ਮੈਨੂੰ ਛਡ ਕੇ ਚਲੇ ਜਾਉਗੇ ਅਤੇ ਜਿਸਨੂੰ ਤੁਸੀਂ ਛਡਣ ਨੂੰ ਕਹਿ ਰਹੇ ਹੋ, ਉਹੀ ਇਕ ਬਾਕੀ ਰਹਿ ਜਾਏਗੀ।

ਅਤੇ ਅਜੇਹਾ ਹੋਇਆ। ਜਿਸ ਰਾਤ ਜੀਸਸ ਫੜੇ ਗਏ ਅਤੇ ਜਦ ਦੁਸ਼ਮਣ ਉਹਨਾਂ ਨੂੰ ਲਿਜਾਣ ਲਗੇ, ਤਾਂ ਉਹਨਾਂ ਦਾ ਇਕ ਸ਼ਿਸ਼ ਲਿਊਕ ਪਿਛੇ—ਪਿਛੇ ਭੀੜ 'ਚ ਹੋ ਤੁਰਿਆ। ਬਾਕੀ ਸਭ ਤਾਂ ਹਟ ਗਏ, ਕਿਉਂਕਿ ਖ਼ਤਰਾ ਸੀ—ਉਹਨਾਂ ਦੀ ਜਾਨ ਦਾ ਵੀ। ਇਕ, ਲਿਊਕ, ਪਿਛੇ—ਪਿਛੇ ਹੋ ਤੁਰਿਆ। ਦੁਸ਼ਮਣ ਨੇ ਦੇਖਿਆ ਕਿ ਕੋਈ ਇਕ ਅਜਨਬੀ ਆਦਮੀ ਸਾਡੇ ਦਰਮਿਆਨ ਹੈ। ਉਹਨਾਂ ਨੇ ਪੁਛਿਆ ਕਿ ਤੂੰ ਕੌਣ ਹੈਂ, ਤੂੰ ਜੀਸਸ ਦਾ ਸਾਥੀ ਤਾਂ ਨਹੀਂ? ਤਾਂ ਲਿਊਕ ਨੇ ਕਿਹਾ ਕਿ ਕੌਣ ਜੀਸਸ? ਮੈਂ ਤਾਂ ਪਛਾਣਦਾ ਹੀ ਨਹੀਂ। ਜੀਸਸ ਨੇ ਪਿਛੇ ਮੁੜ ਕੇ—ਉਹਨਾਂ ਦੇ ਹੱਥ ਬੱਧੇ ਸਨ, ਦੁਸ਼ਮਣ ਨੇ ਉਹਨਾਂ ਨੂੰ ਫੜ ਰਖਿਆ ਸੀ—ਪਿਛੇ ਮੁੜ ਕੇ ਕਿਹਾ : ਸੁਣ,ਅਜੇ ਮੁਰਗੇ ਨੇ ਬਾਂਗ ਵੀ ਨਹੀਂ ਦਿਤੀ ਅਤੇ ਤੂੰ ਇਕ ਦਫਾ ਇਨਕਾਰ ਕਰ ਦਿਤਾ। ਸੂਲੀ ਤੋਂ ਵੀ ਜਿਸ ਇਸਤ੍ਰੀ ਨੇ ਉਤਾਰਿਆ, ਉਹ ਮੇਰੀ ਮੋੱਗਦਾਲਿਨ ਸੀ।

ਸ਼ਿਸ਼ਤਵ ਦੀ ਜਿਸ ਉਚਾਈ 'ਤੇ ਇਸਤ੍ਰੀਆਂ ਪਹੁੰਚ ਸਕਦੀਆਂ ਹਨ, ਪੁਰਸ਼ ਨਹੀਂ ਪਹੁੰਚ ਸਕਦੇ। ਕਿਉਂਕਿ ਨੇੜਤਾ ਦੀ ਜਿਸ ਉਚਾਈ 'ਤੇ ਇਸਤ੍ਰੀਆਂ ਪਹੁੰਚ ਸਕਦੀਆਂ ਹਨ, ਪੁਰਸ਼ ਨਹੀਂ ਪਹੁੰਚ ਸਕਦਾ—ਸਵੀਕਾਰ ਦੀ, ਸਮਰਪਣ ਦੀ। ਪਰ ਸ਼ਿਸ਼ਿਆਵਾਂ ਦੇ ਨਾਂ ਤਾਂ ਬਹੁਤੇ ਜਾਹਰ ਨਹੀਂ ਹੋ ਸਕਦੇ ਹਨ। ਸ਼ਿਸ਼ ਆਖ਼ਰ ਸ਼ਿੱਸ਼ ਹਨ। ਨਾਂ ਤਾਂ ਗੁਰੂਆਂ ਦੇ ਹੀ ਹੋਣਗੇ।

ਅਤੇ ਕਿਉਂਕਿ ਇਸਤ੍ਰੀਆਂ ਬਹੁਤ ਅਨੋਖੇ ਰੂਪ ਨਾਲ, ਗਹਿਰੇ ਰੂਪ ਨਾਲ, ਸ੍ਰੇਸ਼ਠ ਤੋਂ ਸ੍ਰੇਸ਼ਠ ਰੂਪ ਨਾਲ ਸ਼ਿਸ਼ ਬਣ ਸਕਦੀਆਂ ਹਨ, ਇਸਲਈ ਗੁਰੂ ਨਹੀਂ ਬਣ ਸਕਦੀਆਂ। ਕਿਉਂਕਿ ਸ਼ਿਸ਼ ਦਾ ਜੋ ਗੁਣ ਹੈ, ਉਹੀ ਗੁਰੂ ਦੇ ਲਈ ਰੁਕਾਵਟ ਹੈ। ਗੁਰੂ ਨੂੰ ਤਾਂ ਹਮਲਾਵਰ ਹੋਣਾ ਪਏਗਾ। ਗੁਰੂ ਤਾਂ ਸ਼ਿੱਸ਼ਾਂ ਨੂੰ ਮਿਟਾਏਗਾ, ਤੋੜੇਗਾ, ਨਸ਼ਟ ਕਰੇਗਾ। ਉਹ ਇਸਤ੍ਰੀ ਦੇ ਵੱਸ ਦੀ ਗੱਲ ਨਹੀਂ ਹੈ। ਇਸਤ੍ਰੀ ਬਣਾ ਸਕਦੀ ਹੈ, ਗ੍ਰਹਿਣ ਕਰ ਸਕਦੀ ਹੈ, ਸੰਭਾਲ ਸਕਦੀ ਹੈ ਬੀਜ ਨੂੰ ਆਪਣੇ ਅੰਦਰ ਅਰੋਪਤ ਕਰਕੇ ਗਰਭ ਬਣਾ ਸਕਦੀ ਹੈ, ਜਨਮ ਦੇ ਸਕਦੀ ਹੈ, ਨਸ਼ਟ ਨਹੀਂ ਕਰ ਸਕਦੀ। ਹਮਲਾਵਰ ਨਹੀਂ ਹੋ ਸਕਦੀ ਹੈ।

ਅਤੇ ਗੁਰੂ ਦਾ ਤਾਂ ਸਾਰਾ ਕਰਮ ਹੀ ਹਮਲਾ ਹੈ। ਉਹ ਤਾਂ ਤੋੜੇਗਾ, ਮਿਟਾਏਗਾ, ਨਸ਼ਟ ਕਰੇਗਾ; ਕਿਉਂਕਿ ਪੁਰਾਣੇ ਨੂੰ ਨਾ ਮਿਟਾਵੇ, ਤਾਂ ਨਵੇਂ ਦਾ ਜਨਮ ਨਹੀਂ ਹੋ ਸਕਦਾ ਹੈ। ਇਸਲਈ ਗੁਰੂ ਤਾਂ ਲਾਜ਼ਮੀ ਰੂਪ ਨਾਲ ਮਿਟਾਉਣ ਵਾਲਾ ਹੈ; ਕਿਉਂਕਿ ਉਸੇ ਤੋਂ ਸਿਰਜਣ ਲਿਆਏਗਾ। ਉਹ ਤੁਹਾਡੀ ਮੌਤ ਨਾ ਲਿਆ ਸਕੇ, ਤਾਂ ਤੁਹਾਨੂੰ ਨਵੀਂ ਜ਼ਿੰਦਗੀ ਨਹੀਂ ਦੇ ਸਕੇਗਾ। ਇਸਤ੍ਰੀ ਦੀ ਉਹ ਸਮਰੱਥਾ ਨਹੀਂ ਹੈ। ਉਹ ਹਮਲਾ ਨਹੀਂ ਕਰ ਸਕਦੀ, ਸਮਰਪਣ ਕਰ ਸਕਦੀ ਹੈ। ਸਮਰਪਣ ਉਸਨੂੰ ਸ਼ਿਸ਼ਤਵ ਵਿਚ ਤਾਂ ਬਹੁਤ ਉਚਾਈ 'ਤੇ ਲੈ ਜਾਂਦਾ ਹੈ, ਲੇਕਿਨ ਇਸਤ੍ਰੀ ਕਿੰਨੀ ਹੀ ਵੱਡੀ ਸ਼ਿੱਸ਼ਯਾ ਬਣ ਜਾਵੇ, ਉਹ ਗੁਰੂ ਨਹੀਂ ਬਣ ਸਕਦੀ। ਉਸਦਾ ਸ਼ਿਸ਼ ਹੋਣ ਦਾ ਜੋ ਗੁਣਧਰਮ ਹੈ, ਜੋ ਖ਼ੂਬੀ ਹੈ, ਉਹੀ ਤਾਂ ਰੁਕਾਵਟ ਬਣ ਜਾਂਦੀ ਹੈ ਕਿ ਉਹ ਗੁਰੂ ਨਹੀਂ ਹੋ ਸਕਦੀ ਹੈ।

ਜੇਕਰ ਇਸਤ੍ਰੀ ਗੁਰੂ ਬਣੇ, ਤਾਂ ਪੁਰਸ਼ਾਂ ਵਿਚ ਜੋ ਨੀਵੇਂ ਤੋਂ ਨੀਵੇਂ ਗੁਰੂ ਹੁੰਦਾ ਹੈ, ਇਸਤ੍ਰੀਆਂ ਵਿਚ ਸ੍ਰੇਸ਼ਠ ਤੋਂ ਸ੍ਰੇਸ਼ਠ ਗੁਰੂ ਉਸਦੇ ਕੋਲ ਪਹੁੰਚਦਾ ਹੈ, ਉਸ ਤੋਂ ਜ਼ਿਆਦਾ ਨਹੀਂ। ਪੁਰਸ਼ ਦੀ ਅੜਿੱਚਣ ਹੈ ਸ਼ਿਸ਼ ਬਣਨ ਵਿਚ। ਲੇਕਿਨ ਜੇ ਉਹ ਸ਼ਿਸ਼ ਬਣ ਜਾਵੇ—ਬਹੁਤ ਅੜਿੱਚਣ ਹੈ—ਜੇਕਰ ਬਣ ਜਾਵੇ ਤਾਂ ਉਸ ਵਿਚ ਗੁਰੂ ਬਣਨ ਦੀ ਸਮਰੱਥਾ ਹੈ। ਸ਼ਿਸ਼ ਬਣਨ ਵਿਚ ਉਸਨੂੰ ਬਹੁਤ ਕਠਿਨਾਈ ਹੋਵੇਗੀ, ਪਰ ਗੁਰੂ ਬਣਨ ਵਿਚ ਉਸਨੂੰ ਜ਼ਰਾ ਵੀ ਕਠਨਾਈ ਨਹੀਂ ਹੋਵੇਗੀ। ਇਸਤ੍ਰੀ ਨੂੰ ਸ਼ਿਸ਼ ਬਣਾਉਣਾ ਇਕਦਮ ਸੌਖਾ ਹੈ, ਪਰ ਗੁਰੂ ਬਣਾਉਣਾ ਇਕਦਮ ਮੁਸ਼ਕਲ ਹੈ।

ਇਸੇ ਕਾਰਨ ਬੁੱਧ ਨੇ, ਹੋਰ ਵੀ ਕਾਰਨਾਂ ਦੇ ਨਾਲ ਇਹ ਵੀ ਇਕ ਮਹਤੱਵਪੂਰਨ ਕਾਰਨ ਸੀ ਕਿ ਬਹੁਤ ਸਮੇਂ ਤਕ ਇਸਤ੍ਰੀਆਂ ਨੂੰ ਦੀਖਿਆ ਨਹੀਂ ਦਿਤੀ। ਅਤੇ ਇਨਕਾਰ ਕੀਤਾ ਕਿ ਮੈਂ ਇਸਤ੍ਰੀਆਂ ਨੂੰ ਦੀਖਿਆ ਨਹੀਂ ਦੇਵਾਂਗਾ। ਕਾਰਨ ਬਹੁਤ ਸਨ, ਇਕ ਕਾਰਨ ਇਹ ਸੀ ਕਿ ਬੁੱਧ ਦਾ ਖ਼ਿਆਲ ਸੀ ਅਤੇ ਗੱਲ ਸਹੀ ਹੈ ਕਿ ਇਸਤ੍ਰੀ ਲਈ ਕਿੰਨੀ ਹੀ ਮਿਹਨਤ ਕਰ ਲਵੇ, ਉਸਦੇ ਨਾਲ ਉਸਦੀ ਮਿਹਨਤ ਉਸਦੇ ਨਾਲ ਖ਼ਤਮ ਹੋ ਜਾਏਗੀ। ਉਹ ਗੁਰੂ ਨਹੀਂ ਬਣ ਸਕਦੀ ਹੈ। ਛੇਤੀ ਸ਼ਿਸ਼ ਬਣ ਜਾਂਦੀ ਹੈ, ਛੇਤੀ ਸਮਰਪਤ ਹੋ ਜਾਂਦੀ ਹੈ, ਛੇਤੀ ਪ੍ਰਾਪਤੀ ਵੀ ਕਰ ਸਕਦੀ ਹੈ, ਐਪਰ ਪ੍ਰਾਪਤੀ ਉਸੇ ਦੇ ਨਾਲ ਖੋ ਜਾਂਦੀ ਹੈ। ਉਹ ਪ੍ਰਾਪਤੀ ਅੱਗੋਂ ਨਹੀਂ ਫੈਲ ਸਕਦੀ ਹੈ। ਇਕ ਪੁਰਸ਼ ਨੂੰ ਤਿਆਰ ਕਰ ਲਵੋ, ਤਾਂ ਇਕ ਪੁਰਸ਼ ਕਰੋੜਾਂ ਲੋਕਾਂ ਦੇ ਲਈ ਦਾਨ-ਦਾਤਾ ਹੋ ਜਾਏਗਾ। ਕਰੋੜਾਂ ਇਸਤ੍ਰੀਆਂ ਨੂੰ ਵੀ ਤਿਆਰ ਕਰ ਲਵੋ, ਤਾਂ ਵੀ ਉਹ ਆਪੇ ਵਿਚ ਹੀ ਖੋ

ਜਾਣਗੀਆਂ ਅਤੇ ਸ਼ਾਂਤ ਹੋ ਜਾਣਗੀਆਂ। ਉਹਨਾਂ ਤੋਂ ਦਾਨ ਨਹੀਂ ਮਿਲ ਸਕਦਾ।

ਤਾਂ ਬੁੱਧ ਦਾ ਇਹ ਖਿਆਲ ਦੂਰ ਤਕ ਸਹੀ ਸੀ ਕਿ ਮੇਰੀ ਮਿਹਨਤ ਪੁਰਸ਼ਾਂ ਉੱਤੇ ਹੀ ਹੋਣ ਦਿਉ। ਉੰਨੀ ਹੀ ਮਿਹਨਤ ਕਰਕੇ ਮੈਂ ਪੁਰਸ਼ ਨੂੰ ਤਿਆਰ ਕਰ ਲਵਾਂ, ਤਾਂ ਉਹ ਦੂਰ ਤਕ ਇਹਨਾਂ ਬੀਜਾਂ ਨੂੰ ਲੈ ਜਾਣਗੇ ਅਤੇ ਖਿਲਾਰ ਦੇਣਗੇ। ਸਿੱਧੇ ਮੈਂ ਇਸਤ੍ਰੀਆਂ ਨਾਲ ਮਿਹਨਤ ਨਹੀਂ ਕਰਨੀ ਹੈ।

ਇਸ ਵਿਚ ਹੋਰ ਵੀ ਗੱਲਾਂ ਸਮਝ ਲੈਣ ਯੋਗ ਹਨ।

ਇਸਤ੍ਰੀ ਦੀ ਦਿਲਚਸਪੀ ਆਪਣੇ–ਆਪ ਤੋਂ ਬਾਹਰ ਨਾ ਦੇ ਬਰਾਬਰ ਹੁੰਦੀ ਹੈ, ਹੁੰਦੀ ਹੀ ਨਹੀਂ। ਪੁਰਸ਼ ਦੀ ਦਿਲਚਸਪੀ ਦੂਜੇ ਵਿਚ ਬਹੁਤ ਜਿਆਦਾ ਹੁੰਦੀ ਹੈ। ਪੁਰਸ਼ ਹੈ ਐਕਸਟ੍ਰੋਵਰਟ, ਇਸਤ੍ਰੀ ਹੈ ਇੰਟ੍ਰੋਵਰਟ। ਇਸਤ੍ਰੀ ਹੁੰਦੀ ਹੈ ਅੰਤਰਮੁਖੀ, ਪੁਰਸ਼ ਹੈ ਬਾਹਰਮੁਖੀ। ਆਮ ਤੌਰ 'ਤੇ ਇਸਨੂੰ ਅਸੀਂ ਇਉਂ ਸਮਝੀਏ।

ਜੇ ਤੁਸੀਂ ਇਸਤ੍ਰੀ ਨੂੰ ਪ੍ਰੇਮ ਵੀ ਕਰਦੇ ਹੋ, ਤਾਂ ਇਸਤ੍ਰੀ, ਕਦੇ ਪ੍ਰਕਾਸ਼ ਵਿਚ ਪ੍ਰੇਮ ਕੀਤਾ ਜਾਵੇ, ਉਹ ਪਸੰਦ ਨਹੀਂ ਕਰਦੀ ਹੈ; ਹਨੇਰਾ ਚਾਹੀਦਾ ਹੈ। ਅਤੇ ਇਸਤ੍ਰੀ ਨੂੰ ਜਦ ਤੁਸੀਂ ਪਿਆਰ ਕਰਦੇ ਹੋ, ਤਾਂ ਉਹ ਉਸੇ ਵੇਲੇ ਅੱਖਾਂ ਬੰਦ ਕਰ ਲੈਂਦੀ ਹੈ; ਉਹ ਅੱਖ ਖੁਲ੍ਹੀ ਨਹੀਂ ਰਖਦੀ। ਪੁਰਸ਼ ਚਾਹੁੰਦਾ ਹੈ : ਪਿਆਰ ਦੇ ਛਿਨ ਪ੍ਰਕਾਸ਼ ਵਿਚ ਹੋਣਾ। ਅਤੇ ਪੁਰਸ਼ ਇਹ ਵੀ ਚਾਹੁੰਦਾ ਹੈ ਕਿ ਉਸ ਦੀਆਂ ਅੱਖਾਂ ਖੁਲ੍ਹੀਆਂ ਰਹਿਣ। ਪੁਰਸ਼ ਪਿਆਰ ਦੇ ਛਿਨ ਵਿਚ ਵੀ, ਸੰਭੋਗ ਦੇ ਛਿਨ ਵਿਚ ਵੀ ਅੱਖਾਂ ਖੁਲ੍ਹੀਆਂ ਰਖਦਾ ਹੈ। ਉਹ ਇਸਤ੍ਰੀ ਦੇ ਚੇਹਰੇ ਨੂੰ ਵੀ ਦੇਖਣਾ ਚਾਹੁੰਦਾ ਹੈ, ਜਿਸਨੂੰ ਉਹ ਪਿਆਰ ਕਰਦਾ ਹੈ। ਸੰਭੋਗ ਦੇ ਛਿਨ ਵਿਚ ਵੀ ਉਸਦੇ ਚੇਹਰੇ ਨੂੰ ਦੇਖਣਾ ਚਾਹੁੰਦਾ ਹੈ। ਕਿਉਂ? ਕਿਉਂਕਿ ਜੇ ਉਸ ਚੇਹਰੇ ਉੱਤੇ ਉਸਨੂੰ ਪ੍ਰਸੰਨਤਾ ਦਿਖਾਈ ਪੈਂਦੀ ਹੈ, ਤਾਂ ਹੀ ਉਹ ਪ੍ਰਸੰਨ ਹੁੰਦਾ ਹੈ। ਉਹ ਬਾਹਰਮੁਖੀ ਹੈ। ਇਸਤ੍ਰੀ ਆਪਣੀਆਂ ਅੱਖਾਂ ਬੰਦ ਕਰ ਲੈਂਦੀ ਹੈ, ਅਤੇ ਅੰਦਰ ਆਪਣਾ ਸੁਖ ਲੈਣ ਲਗਦੀ ਹੈ। ਉਸਦੀ ਫਿਕਰ ਹੀ ਛਡ ਦਿੰਦੀ ਹੈ ਕਿ ਪੁਰਸ਼ ਨੂੰ ਕੀ ਹੋ ਰਿਹਾ ਹੈ; ਉਹ ਅੱਖ ਖੋਲ੍ਹ ਕੇ ਦੇਖਦੀ ਵੀ ਨਹੀਂ ਹੈ। ਉਸ ਲਈ ਅੰਦਰ ਕੀ ਹੋ ਰਿਹਾ ਹੈ, ਇਹ ਕਾਫੀ ਹੈ। ਉਹ ਆਪਣੇ–ਆਪ 'ਚ ਕਾਫੀ ਹੈ, ਬੰਦ ਹੈ, ਉਸਦਾ ਰਸ ਅੰਦਰੂਨੀ ਹੈ। ਪੁਰਸ਼ ਦਾ ਰਸ ਬਾਹਰੀ ਵੀ ਹੈ।

ਸੈਂਕੜੇ ਇਸਤ੍ਰੀਆਂ ਦਾ ਮੈਨੂੰ ਅਨੁਭਵ ਹੈ। ਮੈਂ ਅਜੇ ਤਕ ਇਕ ਵੀ ਇਸਤ੍ਰੀ ਨਹੀਂ ਦੇਖੀ, ਜੋ ਅਸਲ ਵਿਚ ਦੂਜਿਆਂ 'ਚ ਉਤਸੁਕ ਹੋਵੇ। ਉਹ ਆਪਣੇ–ਆਪ ਵਿਚ ਹੀ ਉਤਸੁਕ ਹੈ। ਜੇ ਉਹ ਦੂਜਿਆਂ ਵਿਚ ਉਤਸੁਕਤਾ ਦਿਖਾਉਂਦੀ ਵੀ ਹੈ, ਤਾਂ ਉਸਦੇ ਮੂਲ ਵਿਚ ਖ਼ੁਦ ਦਾ ਕੋਈ ਗਹਿਰਾ ਸਵਾਰਥ ਹੁੰਦਾ ਹੈ। ਉਸਦੀ ਸ਼ਖ਼ਸੀਅਤ ਵਿਚ ਉਹ ਗੱਲ ਹੈ, ਇਸ ਵਿਚ ਭਲਾ–ਬੁਰਾ ਕੁਝ ਵੀ ਨਹੀਂ ਹੈ। ਤੱਥ ਇੰਨਾ ਹੈ ਕਿ ਉਹ ਆਪਣੇ–ਆਪ ਵਿਚ ਉਤਸੁਕ ਹੈ। ਤਾਂ ਜੇਕਰ ਇਸਤ੍ਰੀ ਨੂੰ ਅਸੀਂ ਕਿਸੇ ਦਿਨ ਪਰਮ–ਗਿਆਨ 'ਤੇ ਵੀ ਪੁਜਾ ਦੇਈਏ, ਤਾਂ ਪਰਮ–ਗਿਆਨ ਦੇ ਬਾਅਦ ਉਹ ਬੋਧਿਸੱਤਵ ਨਹੀਂ ਬਣ ਸਕਦੀ ਹੈ, ਕਿਉਂਕਿ ਪਰਮ–ਗਿਆਨ ਦੇ ਬਾਅਦ ਉਹ ਲੀਨ ਹੋ ਜਾਏਗੀ, ਉਸ ਮਹਾਂਸ਼ੂੰਨਯ ਵਿਚ।

ਬੁੱਧਤਵ ਦੀਆਂ ਦੋ ਅਵਸਥਾਵਾਂ ਹਨ। ਦੋ ਤਰ੍ਹਾਂ ਨਾਲ ਵਿਅਕਤੀ ਬੁੱਧਤਵ ਨੂੰ ਪਹੁੰਚ ਜਾਂਦਾ ਹੈ। ਇਕ ਹੈ, ਜਿਸਨੂੰ ਅਰਹਤ ਕਿਹਾ ਹੈ, ਅਤੇ ਦੂਜਾ ਜਿਸਨੂੰ ਬੋਧਿਸੱਤਵ ਕਿਹਾ ਹੈ।

ਅਰਹਤ ਦਾ ਮਤਲਬ ਹੁੰਦਾ ਹੈ, ਅਜੇਹਾ ਬੁੱਧ, ਜੋ ਬੁੱਧ ਹੋਣ ਦੇ ਬਾਅਦ ਜਗਤ ਦੀ ਚਿੰਤਾ ਨਹੀਂ ਕਰੇਗਾ, ਮਹਾਂ-ਨਿਰਵਾਣ ਵਿਚ ਲੀਨ ਹੋ ਜਾਏਗਾ। ਉਸਦੇ ਬੰਧਨ ਗਿਰ ਗਏ, ਉਸਦਾ ਦੁਖ ਖ਼ਤਮ ਹੋ ਗਿਆ, ਉਸਦੀ ਚਿੰਤਾ ਮਿਟ ਗਈ, ਉਸਦਾ ਸੰਸਾਰ ਸਮਾਪਤ ਹੋ ਗਿਆ। ਹੁਣ ਉਸਨੂੰ ਚਿੰਤਾ ਦਾ ਕੋਈ ਕਾਰਨ ਨਹੀਂ ਹੈ। ਉਸਨੂੰ ਖਿਆਲ ਵੀ ਨਹੀਂ ਆਏਗਾ ਕਿ ਹੋਰ ਲੋਕ ਵੀ ਚਾਰ-ਚੁਫੇਰੇ ਦੁਖੀ ਅਤੇ ਪੀੜਤ ਹਨ। ਉਸਦੇ ਵੈਰੀਆਂ ਦਾ ਨਾਸ ਹੋ ਗਿਆ, ਇਸਲਈ ਉਸਨੂੰ ਨਾਂ ਦਿਤਾ ਅਰਹਤ। ਉਸਦੇ ਜਿੰਨੇ ਵੈਰੀ ਸਨ, ਉਹ ਨਸ਼ਟ ਹੋ ਗਏ। ਹੁਣ ਉਹ ਮਹਾਂਸ਼ੂੰਨਯ ਵਿਚ ਲੀਨ ਹੋ ਜਾਏਗਾ। ਬੁੱਧਤਵ ਵਿਚ ਉਸਦੇ ਕੋਈ ਕਮੀ ਨਹੀਂ ਹੈ, ਪਰ ਉਹ ਦੂਜਿਆਂ ਦੇ ਲਈ ਕਿਸ਼ਤੀ ਨਹੀਂ ਬਣਦਾ ਹੈ। ਉਸਦਾ ਕੰਮ ਪੂਰਾ ਹੋ ਗਿਆ।

ਇਸਤ੍ਰੀ ਪ੍ਰੇਮ ਵਿਚ ਅੱਖਾਂ ਬੰਦ ਕਰ ਲੈਂਦੀ ਹੈ, ਸਮਾਧੀ ਵਿਚ ਵੀ ਅੱਖਾਂ ਬੰਦ ਕਰ ਲੈਂਦੀ ਹੈ। ਅਤੇ ਜਦ ਪਰਮ-ਸਮਾਧੀ ਹਾਸਲ ਹੁੰਦੀ ਹੈ, ਤਾਂ ਉਹ ਬਿਲਕੁਲ ਭੁੱਲ ਜਾਂਦੀ ਹੈ ਕਿ ਕੋਈ ਬਾਹਰ ਬਚਿਆ ਹੈ, ਉਹ ਅੰਦਰ ਲੀਨ ਹੋ ਜਾਂਦੀ ਹੈ। ਬੁੱਧਤਵ ਤਾਂ ਹਾਸਲ ਹੋ ਜਾਂਦਾ ਹੈ ਇਸਤ੍ਰੀ ਨੂੰ, ਪਰ ਬੋਧਿਸੱਤਵ ਨਹੀਂ ਬਣਦੀ ਹੈ।

ਬੋਧਿਸੱਤਵ ਦਾ ਮਤਲਬ ਹੈ, ਅਜੇਹਾ ਬੁੱਧ, ਜੋ ਖ਼ੁਦ ਜਾਣ ਗਿਆ ਹੋਵੇ, ਲੇਕਿਨ ਅਜੇ ਲੀਨ ਨਹੀਂ ਹੋਵੇਗਾ। ਪਿੱਠ ਫੇਰ ਲਵੇਗਾ ਲੀਨਤਾ ਦੀ ਤਰਫ਼ ਅਤੇ ਪਿਛੇ ਜਿਹੜੇ ਲੋਕ ਰਹਿ ਗਏ, ਉਹਨਾਂ ਲਈ ਰਾਹ ਬਣਾਏਗਾ, ਉਹਨਾਂ ਨੂੰ ਸਾਥ ਦੇਵੇਗਾ, ਉਹਨਾਂ ਲਈ ਕਿਸ਼ਤੀ ਬਣਾਏਗਾ, ਉਹਨਾਂ ਨੂੰ ਕਿਸ਼ਤੀ ਵਿਚ ਬਿਠਾ ਕੇ ਮੱਲਾਹ ਬਣੇਗਾ, ਉਹਨਾਂ ਨੂੰ ਯਾਤਰਾ ਪੰਧ 'ਤੇ ਲਾਏਗਾ।

ਤਾਂ ਬੋਧਿਸੱਤਵ ਇਸਤ੍ਰੀ ਹੁਣ ਤਕ ਨਹੀਂ ਹੋ ਸਕੀ, ਅਤੇ ਕਦੇ ਹੋ ਵੀ ਨਹੀਂ ਸਕੇਗੀ। ਉਹ ਗੱਲ ਇਸਤ੍ਰੀ ਦੀ ਸ਼ਖ਼ਸੀਅਤ ਵਿਚ ਨਹੀ। ਅਰਹਤ ਹੋ ਸਕਦੀ ਹੈ, ਬੁੱਧ ਹੋ ਸਕਦੀ ਹੈ।

ਲੇਕਿਨ ਸਮਝੋ। ਜੋ ਵਿਅਕਤੀ ਖ਼ੁਦ ਲੀਨ ਹੋ ਜਾਏਗਾ ਸ਼ੂੰਨਯ ਵਿਚ, ਉਸਦਾ ਇਤਿਹਾਸ ਵਿਚ ਕੋਈ ਨਿਸ਼ਾਨ ਨਹੀਂ ਛੁੱਟੇਗਾ। ਕਿਉਂਕਿ ਇਤਿਹਾਸ ਵਿਚ ਨਿਸ਼ਾਨ ਉਸਦਾ ਛੁੱਟੇਗਾ, ਜਿਹੜਾ ਦੂਜਿਆਂ ਨੂੰ ਉਸ ਸ਼ੂੰਨਯਤਾ ਦੀ ਤਰਫ਼ ਲਿਜਾਏਗਾ। ਇਤਿਹਾਸ ਤਾਂ ਉਹ ਲੋਕ ਬਣਾਉਂਦੇ ਹਨ, ਜਿਹੜੇ ਦੂਜਿਆਂ ਵਿਚ ਉਤਸੁਕ ਹਨ। ਜਿਹੜੇ ਖ਼ੁਦ ਵਿਚ ਉਤਸੁਕ ਹਨ, ਉਹ ਇਤਿਹਾਸ ਤਿਆਰ ਨਹੀਂ ਕਰਦੇ ਹਨ। ਉਹਨਾਂ ਦਾ ਕੋਈ ਪਤਾ ਨਹੀਂ ਲਗੇਗਾ, ਉਹ ਖੋ ਜਾਂਦੇ ਹਨ। ਇਸਲਈ ਸਾਨੂੰ ਬੁੱਧਾਂ ਦਾ ਪਤਾ ਹੈ, ਬੁੱਧ ਇਸਤ੍ਰੀਆਂ ਦਾ ਪਤਾ ਨਹੀਂ ਹੈ।

ਇਸਤ੍ਰੀਆਂ ਵੀ ਬੁੱਧਤਵ ਨੂੰ ਪਹੁੰਚੀਆਂ ਹਨ, ਪਰ ਉਹ ਗੁਰੂ ਨਹੀਂ ਬਣ ਸਕੀਆਂ। ਗੁਰੂ ਬਣਨਾ ਉਹਨਾਂ ਦੇ ਲਈ ਉਵੇਂ ਹੀ ਅਸੰਭਵ ਹੈ, ਜਿਵੇਂ ਪੁਰਸ਼ ਨੂੰ ਮਾਂ ਬਣਨਾ ਅਸੰਭਵ ਹੈ। ਕੋਈ ਨਹੀਂ ਪੁਛਦਾ ਕਿ ਹੁਣ ਤਕ ਕੋਈ ਪੁਰਸ਼ ਮਾਂ ਕਿਉਂ

ਨਹੀਂ ਬਣ ਸਕਿਆ? ਬਣਨ ਦੀ ਕੋਈ ਗੱਲ ਹੀ ਨਹੀਂ ਹੈ। ਪੁਰਸ਼ ਪਿਤਾ ਬਣ ਸਕਦਾ ਹੈ, ਮਾਂ ਨਹੀਂ ਬਣ ਸਕਦਾ। ਇਸਤ੍ਰੀ ਸ਼ਿਸ਼ ਬਣ ਸਕਦੀ ਹੈ, ਗੁਰੂ ਨਹੀਂ ਬਣ ਸਕਦੀ। ਇਹੀ ਸੁਭਾਵਕ ਹੈ, ਅਤੇ ਇਸ ਨਾਲੋਂ ਭਿੰਨ ਹੋਣ ਦਾ ਉਪਾਅ ਨਹੀਂ ਹੈ। ਇਸੇ ਅੰਤਰਮੁਖਤਾ ਦੇ ਕਾਰਨ ਇਸਤ੍ਰੀ ਬਹੁਤ ਨਿਗੁਣੀ ਜਾਣ ਪੈਂਦੀ ਹੈ, ਨੀਵੀਂ ਜਾਣ ਪੈਂਦੀ ਹੈ। ਉਸਦੇ ਜੋ ਸੋਚ-ਵਿਚਾਰ ਦੇ ਢੰਗ ਹਨ, ਉਹ ਸੰਕੀਰਨ, ਨੇੜੇ ਜਾਣ ਪੈਂਦੇ ਹਨ। ਪਰ ਇਸ ਵਿਚ ਉਸਦਾ ਕੋਈ ਕਸੂਰ ਨਹੀਂ ਹੈ। ਉਸਦੀ ਦਿਲਚਸਪੀ ਆਪਣੇ ਗੁਆਂਢ ਵਿਚ, ਆਪਣੇ ਘਰ ਵਿਚ, ਆਪਣੇ ਬੱਚਿਆਂ ਵਿਚ ਅਜੇਹੀ ਹੁੰਦੀ ਹੈ।

ਪੁਰਸ਼ ਦੀ ਦਿਲਚਸਪੀ ਨਾ ਗੁਆਂਢ ਵਿਚ ਹੁੰਦੀ ਹੈ ਜ਼ਿਆਦਾ; ਨਾ ਬੱਚਿਆਂ ਵਿਚ ਹੁੰਦੀ ਹੈ, ਨਾ ਘਰ ਵਿਚ ਹੁੰਦੀ ਹੈ। ਉਹ ਇਸਤ੍ਰੀ ਦੇ ਦਬਾਅ ਹੇਠ ਇਹਨਾਂ ਵਿਚ ਦਿਲਚਸਪੀ ਲੈਂਦਾ ਹੈ। ਉਸਦੀ ਦਿਲਚਸਪੀ ਹੁੰਦੀ ਹੈ—ਵੀਅਤਨਾਮ ਵਿਚ ਕੀ ਹੋ ਰਿਹਾ ਹੈ, ਰੂਸ ਵਿਚ ਕੀ ਹੋ ਰਿਹਾ ਹੈ, ਅਮਰੀਕਾ ਵਿਚ ਕੀ ਹੋ ਰਿਹਾ ਹੈ? ਦੂਰ, ਫੈਲਿਆ...। ਇਸ ਵਿਚ ਕੁਝ ਗੁਣ ਨਹੀਂ ਹੈ। ਬਸ, ਮੈਂ ਇਹ ਕਹਿ ਰਿਹਾ ਹਾਂ, ਇਹ ਸੁਭਾਅ ਹੈ, ਇਹ ਤੱਥ ਹੈ।

ਇਸਤ੍ਰੀ ਨੂੰ ਫਿਕਰ ਹੁੰਦੀ ਹੈ, ਗੁਆਂਢਣ ਇਸਤ੍ਰੀ ਦੇ ਕੱਪੜੇ ਕਿਹੋ-ਜਿਹੇ ਪਹਿਨੇ ਹੋਏ ਹਨ, ਅਤੇ ਉਹ ਇਸਲਈ ਫਿਕਰ ਹੁੰਦੀ ਹੈ ਕਿ ਉਸਦੇ ਕੱਪੜਿਆਂ ਨਾਲ ਉਹ ਖ਼ੁਦ ਨੂੰ ਤੋਲ ਰਹੀ ਹੈ। ਇਸਤ੍ਰੀ ਆਪਣੇ ਨਾਲ ਕੇਂਦਰਤ ਹੈ। ਅਤੇ ਇਸਲਈ ਕਦੇ-ਕਦੇ ਉਸਨੂੰ ਹੈਰਾਨੀ ਹੁੰਦੀ ਹੈ ਪੁਰਸ਼ਾਂ ਦੀਆਂ ਗੱਲਾਂ ਸੁਣ ਕੇ ਕਿ ਇਹ ਕਿਥੋਂ ਦੀਆਂ ਗੱਲਾਂ ਹਨ! ਵੀਅਤਨਾਮ ਨਾਲ ਕੀ ਲੈਣਾ-ਦੇਣਾ? ਦਿੱਲੀ ਵਿਚ ਕੀ ਹੋ ਰਿਹਾ ਹੈ, ਇਸ ਵਿਚ ਕੀ ਅਰਥ ਹੈ? ਇਹ ਫ਼ਜ਼ੂਲ ਦੀਆਂ ਗੱਲਾਂ ਹਨ। ਅਤੇ ਇਸਲਈ ਕੋਈ ਪੁਰਸ਼, ਇਸਤ੍ਰੀ ਨਾਲ ਗੱਲਬਾਤ ਵਿਚ ਰੁਚੀ ਨਹੀਂ ਲੈਂਦਾ। ਕਿਉਂਕਿ ਇਸਤ੍ਰੀ ਦੀ ਗੱਲਬਾਤ ਨਿਗੁਣੀ ਹੁੰਦੀ ਹੈ, ਸੀਮਿਤ ਹੁੰਦੀ ਹੈ।

ਬਰਨਾਰਡ ਸ਼ਾੱ ਨੇ ਕਿਹਾ ਹੈ ਕਿ ਸੋਹਣੀ ਤੋਂ ਸੋਹਣੀ ਇਸਤ੍ਰੀ ਨਾਲ ਵੀ ਗੱਲਬਾਤ ਕਰੋ, ਤਾਂ ਅਕਾਅ ਪੈਦਾ ਹੁੰਦਾ ਹੈ। ਉਹ ਚੁੱਪ ਰਹੇ, ਉਨਾ ਹੀ ਚੰਗਾ ਹੈ। ਉਸਦਾ ਕਾਰਨ ਹੈ, ਕਿਉਂਕਿ ਪੁਰਸ਼ ਦਾ ਗੱਲਬਾਤ ਵਿਚ ਜੋ ਰਸ ਹੈ, ਉਹ ਇਸਤ੍ਰੀ ਨੂੰ ਉਸ ਗੱਲਬਾਤ ਵਿਚ ਰਸ ਨਹੀਂ ਹੈ। ਉਹਨਾਂ ਦੇ ਜੋ ਆਯਾਮ ਹਨ, ਵਖੋ-ਵਖਰੇ ਹਨ। ਇਸਤ੍ਰੀ ਵੀ ਪਰੇਸ਼ਾਨ ਹੁੰਦੀ ਹੈ ਪੁਰਸ਼ਾਂ ਦੀਆਂ ਗੱਲਾਂ ਸੁਣ ਕੇ ਕਿ ਕਿਧਰਲੀ ਬਕਵਾਸ 'ਚ ਲਗੇ ਹੋਏ ਨੇ! ਅਤੇ ਇੰਨਾ ਵਿਵਾਦ ਕਰਦੇ ਹਨ ਅਜੇਹੀਆਂ ਗੱਲਾਂ 'ਤੇ, ਜਿਨ੍ਹਾਂ ਵਿਚ ਕੋਈ ਸਾਰ ਹੀ ਨਹੀਂ ਹੈ। ਕੀ ਸਾਰ ਹੈ ਕਿ ਕਮਿਊਨਿਜ਼ਮ ਠੀਕ ਹੈ, ਕਿ ਸ਼ੋਸ਼ਲਿਜ਼ਮ ਠੀਕ ਹੈ; ਕਿ ਬਾਈਬਲ ਠੀਕ ਹੈ, ਕਿ ਕੁਰਾਨ ਠੀਕ ਹੈ ਇਸ ਵਿਚ ਸਾਰ ਕੀ ਹੈ? ਇਸਤ੍ਰੀ ਨੂੰ ਲਗਦਾ ਹੈ : ਇਹ ਵਿਅਰਥ ਹਵਾਈ ਗੱਲਾਂ ਹਨ, ਅਤੇ ਇਹਨਾਂ ਵਿਚ ਸਮਾਂ ਖੋਣਾ, ਅਤੇ ਇਹਨਾਂ ਵਿਚ ਸਿਰ ਖਪਾਉਣਾ, ਅਤੇ ਇਹਨਾਂ ਪਿਛੇ ਲੜ-ਮਰ ਬੈਠਣਾ ਤੇ ਵਿਵਾਦ ਕਰਨਾ—ਇਸਤ੍ਰੀ ਦੀ ਬਿਲਕੁਲ ਪਕੜ 'ਚ ਨਹੀਂ ਆਉਂਦਾ। ਪੁਰਸ਼ ਨੂੰ ਬਿਲਕੁਲ ਸਮਝ ਵਿਚ ਨਹੀਂ ਆਉਂਦਾ ਹੈ ਕਿ ਕੱਪੜੇ! ਇਸਤ੍ਰੀਆਂ ਦੀ ਗੱਲਬਾਤ ਦੋ-ਚਾਰ ਚੀਜ਼ਾਂ ਉਤੇ ਸੀਮਿਤ ਹੁੰਦੀ ਹੈ—ਕੱਪੜੇ ਹਨ, ਬੱਚੇ ਹਨ,

ਮਕਾਨ ਹੈ, ਕਾਰ ਹੈ, ਜ਼ੇਵਰ ਹਨ—ਇਹ ਉਹਨਾਂ ਦੀ ਗੱਲਬਾਤ ਹੈ! ਇਸ ਗੱਲਬਾਤ ਦੇ ਬਾਹਰ ਉਹ ਕਿਤੇ ਨਹੀਂ ਜਾਂਦੀਆਂ। ਐਪਰ ਇਹ ਵੀ ਜੋ ਸਾਡੀ ਅੰਤਰਮੁਖਤਾ ਤੇ ਬਾਹਰਮੁਖਤਾ ਹੈ, ਉਸਦੇ ਸੰਦਰਭ ਵਿਚ ਹੈ, ਉਸਦੇ ਕਾਰਨ ਅਜੇਹਾ ਹੁੰਦਾ ਹੈ।

ਜਦ ਇਸਤ੍ਰੀ ਪਰਮ–ਗਿਆਨ ਦੇ ਵਲ ਵੀ ਚਲਦੀ ਹੈ, ਤਦ ਵੀ ਉਹ ਅੰਤਰਮੁਖੀ ਹੀ ਹੁੰਦੀ ਹੈ। ਅਤੇ ਜਿਸ ਦਿਨ ਪਰਮ–ਗਿਆਨ ਵਾਪਰਦਾ ਹੈ, ਉਸ ਦਿਨ ਗੱਲ ਖ਼ਤਮ ਹੋ ਗਈ। ਹੁਣ ਉਸਨੂੰ ਕੀ ਚਿੰਤਾ ਕਿ ਕਿੰਨੇ ਲੋਕ ਅਗਿਆਨ ਵਿਚ ਪਏ ਹਨ, ਅਤੇ ਕਿੰਨੇ ਲੋਕ ਪੀੜ ਵਿਚ ਹਨ, ਅਤੇ ਕਿੰਨੇ ਲੋਕ ਇਸ ਸੰਘਰਸ਼ ਵਿਚ ਲਗੇ ਹਨ ਕਿ ਉਹਨਾਂ ਨੂੰ ਵੀ ਗਿਆਨ ਮਿਲ ਜਾਵੇ। ਇਸਤ੍ਰੀ ਨੂੰ ਫਿਰ ਇਸਦੀ ਕੋਈ ਚਿੰਤਾ ਨਹੀਂ, ਗੱਲ ਪੂਰੀ ਹੋ ਗਈ। ਪੁਰਸ਼ ਨੂੰ ਇਸਦੀ ਬੜੀ ਚਿੰਤਾ ਹੈ, ਉਸਦੀ ਦ੍ਰਿਸ਼ਟੀ ਸਦਾ ਦੂਜੇ ਉੱਤੇ ਪੈ ਰਹੀ ਹੈ। ਇਸਦੇ ਫਾਇਦੇ ਹਨ, ਇਸਦੇ ਨੁਕਸਾਨ ਹਨ।

ਹਰ ਫਾਇਦੇ ਦੇ ਨਾਲ ਨੁਕਸਾਨ ਜੁੜਿਆ ਹੈ, ਅਤੇ ਹਰ ਨੁਕਸਾਨ ਦੇ ਨਾਲ ਫਾਇਦਾ ਹੈ। ਕਿਉਂਕਿ ਇਸਤ੍ਰੀ ਦੀ ਦੂਜੇ ਵਿਚ ਦਿਲਚਸਪੀ ਨਹੀਂ ਹੈ, ਧਿਆਨ ਉਸਨੂੰ ਤੇਜ਼ੀ ਨਾਲ ਵਾਪਰਦਾ ਹੈ। ਆਪਣੇ–ਆਪ ਵਿਚ ਹੀ ਉਸਦੀ ਉਤਸੁਕਤਾ ਹੈ, ਇਸਲਈ ਉਸਦੇ ਦਿਮਾਗ ਵਿਚ ਬਹੁਤਾ ਉਪੱਦਰ ਨਹੀਂ ਹੁੰਦਾ ਹੈ। ਅਤੇ ਜੋ ਉਪੱਦਰ ਹੁੰਦਾ ਹੈ, ਉਹ ਇੰਨਾ ਸਧਾਰਨ ਹੁੰਦਾ ਹੈ ਕਿ ਉਸਨੂੰ ਛਡਣ ਵਿਚ ਅੜਿੱਚਣ ਨਹੀਂ ਪੈਂਦੀ। ਨਾ ਸਿਧਾਂਤ ਨਾ ਵਾਦ, ਨਾ ਸ਼ਾਸਤਰ—ਇਹ ਸਭ ਉਪੱਦਰ ਨਹੀਂ ਹੁੰਦਾ ਹੈ। ਇਸਤ੍ਰੀ ਦਾ ਮਨ ਇਕ ਲਿਹਾਜ ਨਾਲ ਹਲਕਾ–ਫੁਲਕਾ ਹੁੰਦਾ ਹੈ। ਉਸ ਉੱਤੇ ਬਹੁਤਾ ਬੋਝ ਨਹੀਂ ਹੁੰਦਾ। ਇਸਤ੍ਰੀ ਇਕ ਲਿਹਾਜ ਨਾਲ ਸਰਲ ਹੁੰਦੀ ਹੈ, ਅਤੇ ਬੱਚਿਆਂ ਜਿਹੀ ਹੁੰਦੀ ਹੈ। ਇਸਲਈ ਧਿਆਨ ਉਸਨੂੰ ਬਹੁਤ ਅਸਾਨੀ ਨਾਲ ਵਾਪਰ ਜਾਂਦਾ ਹੈ; ਕਿਉਂਕਿ ਧਿਆਨ ਇਕ ਤਰ੍ਹਾਂ ਦਾ ਸਵਾਰਥ ਹੈ। ਜਦ ਮੈਂ ਇਹ ਕਹਿੰਦਾ ਹਾਂ ਤਾਂ ਤੁਹਾਨੂੰ ਕਠਨਾਈ ਹੁੰਦਾ ਹੈ—ਇਕ ਤਰ੍ਹਾਂ ਦੀ ਸੈਲਫਿਸ਼ਨੇੱਸ ਹੈ! ਹੈ ਵੀ, ਕਿਉਂਕਿ ਜਿਥੇ ਇੰਨਾ ਦੁਖ ਹੈ।

ਮੇਰੇ ਕੋਲ ਲੋਕ ਆਉਂਦੇ ਹਨ, ਉਹ ਕਹਿੰਦੇ ਹਨ ਕਿ 'ਪਿੰਡ 'ਚ ਗਰੀਬੀ ਹੈ, ਫਲਾਣੀ ਥਾਂ 'ਕਾਲ ਪਿਆ ਹੈ, ਇਥੇ ਇਹ ਹੋ ਰਿਹਾ ਹੈ, ਅਤੇ ਤੁਸੀਂ ਕਹਿੰਦੇ ਹੋ ਕਿ ਧਿਆਨ ਕਰੋ! ਅਤੇ ਜਿਵੇਂ ਧਿਆਨ ਕਰੀਏ? ਅਜੇ ਗਰੀਬੀ ਹੈ, ਅਜੇ 'ਕਾਲ ਹੈ, ਅਜੇ ਦੇਸ ਵਿਚ ਸਮਾਜਵਾਦ ਲਿਆਉਣਾ ਹੈ। ਅਜੇ–ਅਜੇ ਕਿਵੇਂ ਧਿਆਨ ਕਰੀਏ!' ਇਹ ਪੁਰਸ਼ ਦੀ ਸੁਭਾਵਕ ਜਿਗਿਆਸਾ ਹੈ। ਉਸਨੂੰ ਲਗਦਾ ਹੈ ਕਿ ਇੰਨੀਆਂ ਮੁਸੀਬਤਾਂ ਚਾਰ–ਚੁਫੇਰੇ ਹਨ, ਪਹਿਲਾਂ ਇਹਨਾਂ ਨੂੰ ਹੱਲ ਕਰੀਏ, ਫਿਰ ਧਿਆਨ ਕਰ ਲਵਾਂਗੇ।

ਲੇਕਿਨ ਧਿਆਨ ਰਹੇ, ਇਹ ਮੁਸੀਬਤਾਂ ਤਾਂ ਸਦਾ ਹਨ, ਅਤੇ ਸਦਾ ਰਹਿਣਗੀਆਂ। ਅਜੇਹਾ ਦੁਨੀਆਂ ਵਿਚ ਕੋਈ ਛਿਨ ਨਹੀਂ ਆਇਆ, ਜਦ ਬਾਹਰ ਮੁਸੀਬਤਾਂ ਨਹੀਂ ਸਨ। ਅਜੇਹਾ ਕਦੇ ਕੋਈ ਛਿਨ ਨਹੀਂ ਆਏਗਾ, ਜਦ ਬਾਹਰ ਮੁਸੀਬਤਾਂ ਨਹੀਂ ਹੋਣਗੀਆਂ। ਹਾਂ, ਮੁਸੀਬਤ ਦੂਜੀ ਹੋਵੇਗੀ, ਇਹ ਹੋ ਸਕਦਾ ਹੈ। ਮੁਸੀਬਤਾਂ ਹੋਣਗੀਆਂ। ਅਤੇ ਜੇ ਕੋਈ ਆਦਮੀ ਇਹ ਕਹਿੰਦਾ ਹੈ ਕਿ ਧਿਆਨ ਅਸੀਂ ਤਦ ਕਰਾਂਗੇ, ਜਦ ਕਿ ਦੁਨੀਆਂ ਵਿਚ ਕੋਈ ਮੁਸੀਬਤ ਨਹੀਂ ਹੋਵੇਗੀ, ਤਾਂ

ਸਮਝਣਾ ਉਹ ਧਿਆਨ ਕਦੇ ਵੀ, ਅਨੰਤਕਾਲ ਵਿਚ ਵੀ ਨਹੀਂ ਕਰ ਸਕੇਗਾ। ਅੰਪਰ ਪੁਰਸ਼ ਨੂੰ ਇਹ ਭਾਵ ਉਠਦਾ ਹੈ ਕਿ ਧਿਆਨ ਕਿਵੇਂ ਕਰੀਏ। ਅਜੇ ਚਾਰ-ਚੁਫੇਰੇ ਇੰਨਾ ਕੁਝ ਕਰਨ ਨੂੰ ਬਾਕੀ ਹੈ। ਤੁਸੀਂ ਖ਼ਤਮ ਹੋ ਜਾਉਗੇ, ਕੰਮ ਤਾਂ ਬਾਕੀ ਰਹੇਗਾ।

ਇਸਤ੍ਰੀ ਨੂੰ ਇਹ ਸਵਾਲ ਕਦੇ ਨਹੀਂ ਉਠਦਾ। ਮੇਰੇ ਕੋਲ ਇੰਨੀਆਂ ਇਸਤ੍ਰੀਆਂ ਆਉਂਦੀਆਂ ਹਨ, ਉਹਨਾਂ ਵਿਚੋਂ ਕੋਈ ਵੀ ਨਹੀਂ ਕਹਿੰਦੀ ਕਿ ਇਹ ਮੁਸੀਬਤ ਹੈ, ਫਲਾਣਾ ਹੈ, ਢਿਗਾਣਾ ਹੈ। ਉਸਦੀ ਦਿਲਚਸਪੀ ਆਪਣੇ-ਆਪ ਵਿਚ ਹੈ। ਜੇ ਉਸਨੂੰ ਅਨੰਦ ਅਤੇ ਸ਼ਾਂਤੀ ਮਿਲ ਸਕਦੀ ਹੈ, ਤਾਂ ਉਹ ਧਿਆਨ ਲਈ ਤਿਆਰ ਹੈ। ਇਸ ਤੋਂ ਸਹੂਲਤ ਉਸਨੂੰ ਇਕ ਹੈ ਕਿ ਉਹ ਧਿਆਨ ਵਿਚ ਤੇਜੀ ਨਾਲ ਜਾ ਸਕਦੀ ਹੈ, ਉਸਦੇ ਬਾਹਰੀ ਉਲਝਾਵੇ ਨਹੀਂ ਹਨ, ਧਿਆਨ ਦੀ ਪੂਰਨ ਪ੍ਰਾਪਤੀ 'ਤੇ ਉਹ ਇਸਦੀ ਚਿੰਤਾ ਵਿਚ ਨਹੀਂ ਪਏਗੀ ਕਿ ਬਾਹਰ ਦੀ ਦੁਨੀਆਂ ਨੂੰ ਸ਼ਾਂਤੀ ਦੇਣੀ ਹੈ, ਅਨੰਦ ਦੇਣਾ ਹੈ, ਧਿਆਨ ਦੇਣਾ ਹੈ, ਉਹ ਲੀਨ ਹੋ ਜਾਏਗੀ।

ਪੁਰਸ਼ ਨੂੰ ਬਹੁਤ ਉਪੱਦਰ ਹਨ-ਇਹ ਠੀਕ ਹੋਣਾ, ਉਹ ਠੀਕ ਹੋਣਾ; ਸਾਰੀ ਦੁਨੀਆਂ ਠੀਕ ਕਰਨ ਦਾ ਖ਼ਿਆਲ ਉਸਨੂੰ ਹੈ। ਜਦ ਸਾਰੀ ਦੁਨੀਆਂ ਠੀਕ ਹੋਵੇਗੀ, ਤਦ ਉਹ ਧਿਆਨ ਕਰੇਗਾ। ਤਾਂ ਇਸਲਈ ਧਿਆਨ ਉਹ ਕਦੇ ਨਹੀਂ ਕਰ ਪਾਂਦਾ। ਅਤੇ ਜੇ ਕਦੇ ਕਰ ਵੀ ਪਾਂਦਾ ਹੈ, ਤਾਂ ਸੁਭਾਵਕ ਤੌਰ 'ਤੇ ਜਿਸ ਦਿਨ ਉਸਨੂੰ ਧਿਆਨ ਦਾ ਫਲ ਹਾਸਲ ਹੁੰਦਾ ਹੈ, ਉਸ ਦਿਨ ਉਹ ਉਸਨੂੰ ਲੋਕਾਂ ਤਕ ਪੁਜਾਉਣਾ ਚਾਹੁੰਦਾ ਹੈ, ਜਿਨ੍ਹਾਂ ਦੇ ਲਈ ਉਹ ਸਦਾ ਤੋਂ ਫਿਕਰਮੰਦ ਰਿਹਾ ਸੀ।

ਇਸਲਈ ਪੁਰਸ਼ ਜੇਕਰ ਧਿਆਨੀ ਹੋਵੇ, ਤਾਂ ਬੋਧਿਸੱਤਵ ਹੋ ਸਕਦਾ ਹੈ ਅਸਾਨੀ ਨਾਲ। ਇਸਤ੍ਰੀ ਜੇ ਧਿਆਨੀ ਹੋਵੇ, ਤਾਂ ਅਰਹਤ ਹੋ ਸਕਦੀ ਹੈ ਅਸਾਨੀ ਨਾਲ। ਇਹ ਦੋਵੇਂ ਹਾਲਤਾਂ ਇਕਸਾਰ ਹਨ। ਹਾਲਤਾਂ ਵਿਚ ਕੋਈ ਫਰਕ ਨਹੀਂ ਹੈ, ਅੰਪਰ ਹਾਲਤ ਦੇ ਨਤੀਜੇ ਸੰਸਾਰ ਉਤੇ ਭਿੰਨ ਹੋਣਗੇ। ਬੋਧਿਸੱਤਵ ਸੰਸਾਰ ਨੂੰ ਵੀ ਇਸ ਰਾਹ 'ਤੇ ਲੈ ਜਾਣ ਦੀ ਚੇਸ਼ਟਾ ਕਰੇਗਾ। ਅਰਹਤ ਇਸ ਰਾਹ ਉਤੇ ਲਿਜਾਣ ਦੇ ਲਈ ਕੋਈ ਚੇਸ਼ਟਾ ਨਹੀਂ ਕਰੇਗਾ। ਉਹ ਸ਼ਾਂਤੀ ਨਾਲ ਸ਼ੂੰਨਯ ਵਿਚ ਅਲੋਪ ਹੋ ਜਾਏਗਾ।

ਬੋਧੀਆਂ ਦੇ ਦੋ ਧਰਮ ਹਨ। ਇਕ ਦਾ ਨਾਂ ਹੈ ਹੀਨਯਾਨ ਅਤੇ ਇਕ ਦਾ ਨਾਂ ਹੈ ਮਹਾਂਯਾਨ। ਮਹਾਂਯਾਨ ਬੋਧਿਸੱਤਵਾਂ ਨੂੰ ਸਵੀਕਾਰ ਕਰਦਾ ਹੈ, ਉਹ ਕਹਿੰਦਾ ਹੈ ਕਿ ਇੰਨੀ ਵਡੀ ਕਿਸ਼ਤੀ ਬਣਾਉ ਕਿ ਸਾਰਾ ਸੰਸਾਰ ਉਸ ਵਿਚ ਪਾਰ ਲੰਘ ਸਕੇ। ਮਹਾਂਯਾਨ ਦਾ ਮਤਲਬ ਹੈ ਵਡੀ ਕਿਸ਼ਤੀ।

ਹੀਨਯਾਨ ਦਾ ਮਤਲਬ ਹੈ ਛੋਟੀ ਕਿਸ਼ਤੀ, ਬੇੜੀ, ਜਿਸ ਵਿਚ ਇਕ ਹੀ ਆਦਮੀ ਬੈਠੇ ਅਤੇ ਪਾਰ ਹੋ ਜਾਵੇ। ਹੀਨਯਾਨ ਕਹਿੰਦਾ ਹੈ ਕਿ ਇਹ ਸਭ ਵਿਅਰਥ ਦੀ ਗਲਬਾਤ ਹੈ ਕਿ ਦੂਜੇ ਨੂੰ ਤੁਸੀਂ ਪਾਰ ਕਰੋ; ਕਿਉਂਕਿ ਕੌਣ ਕਿਸਨੂੰ ਪਾਰ ਕਰ ਸਕਦਾ ਹੈ? ਅਤੇ ਜਿਹੜਾ ਪਾਰ ਨਹੀਂ ਹੋਣਾ ਚਾਹੁੰਦਾ, ਉਸਨੂੰ ਪਾਰ ਕਰਨ ਦਾ ਕੋਈ ਉਪਾਅ ਨਹੀਂ ਹੈ। ਤੁਸੀਂ ਹੀ ਪਾਰ

ਹੋ ਜਾਉ, ਕਾਫੀ ਹੈ। ਕਿਤੇ ਦੂਜਿਆਂ ਦੀ ਚਿੰਤਾ ਵਿਚ ਤੁਸੀਂ ਹੀ ਇਸ ਕੰਢੇ 'ਤੇ ਨਾ ਰਹਿ ਜਾਣਾ। ਅਤੇ ਮੁਨਾਸਬ ਇਹੀ ਹੈ ਕਿ ਤੁਹਾਨੂੰ ਲੋਕ ਪਾਰ ਹੁੰਦਿਆਂ ਦੇਖ ਲੈਣ, ਤਾਂ ਸ਼ਾਇਦ ਉਹਨਾਂ ਨੂੰ ਵੀ ਜਾਗ ਜਾਵੇ ਖ਼ਿਆਲ ਪਾਰ ਹੋਣ ਦਾ। ਕਿਤੇ ਤੁਸੀਂ ਵੀ ਇਸੇ ਕੰਢੇ 'ਤੇ ਉਲਝੇ ਰਹੋ ਉਹਨਾਂ ਦੇ ਨਾਲ, ਉਹਨਾਂ ਨੂੰ ਪਾਰ ਕਰਨ ਵਿਚ, ਤੁਹਾਨੂੰ ਵੀ ਇਸੇ ਕੰਢੇ'ਤੇ ਦੇਖ ਕੇ ਉਹਨਾਂ ਨੂੰ ਜਿਗਿਆਸਾ ਵੀ ਨਾ ਹੋਵੇ, ਸਿੱਕ ਵੀ ਨਾ ਜਾਗੇ। ਤਾਂ ਹੀਨਯਾਨ ਕਹਿੰਦਾ ਹੈ ਕਿ ਤੁਹਾਨੂੰ ਕਿਸ਼ਤੀ ਮਿਲ ਗਈ, ਕਿਰਪਾ ਕਰੋ, ਤੁਸੀਂ ਪਾਰ ਹੋ ਜਾਉ। ਇਸ ਕੰਢੇ 'ਤੇ ਜਿਨ੍ਹਾਂ ਨੂੰ ਉਤਸੁਕਤਾ ਹੈ, ਉਹ ਤੁਹਾਨੂੰ ਪਾਰ ਲੰਘਦਾ ਦੇਖ ਕੇ, ਪਾਰ ਹੋਣ ਦੀ ਖੋਜ ਕਰ ਲੈਣਗੇ। ਤੁਸੀਂ ਉਹਨਾਂ ਦੀ ਚਿੰਤਾ ਵਿਚ ਸਮਾਂ ਬਰਬਾਦ ਨਾ ਕਰੋ।

ਮਹਾਂਯਾਨ ਕਹਿੰਦਾ ਹੈ ਕਿ ਇੰਨੀ ਛੋਟੀ-ਛੋਟੀ ਕਿਸ਼ਤੀ ਵਿਚ ਜੇ ਲੋਕ ਪਾਰ ਲੰਘਦੇ ਵੀ ਰਹੇ ਤਾਂ ਇਸ ਵਿਰਾਟ ਸਾਗਰ ਵਿਚ ਕਦ ਸ਼ਾਂਤੀ ਹੋਵੇਗੀ, ਕਦ ਅਨੰਦ ਹੋਵੇਗਾ? ਕਦੇ ਨਹੀਂ ਹੋ ਸਕੇਗਾ। ਇਹ ਤਾਂ ਇਕ ਚਮਚੇ ਨਾਲ ਜਿਵੇਂ ਕੋਈ ਸਾਗਰ ਨੂੰ ਸ਼ੁੱਧ ਕਰ ਰਿਹਾ ਹੋਵੇ, ਤਾਂ ਇਕ-ਇਕ ਚਮਚੇ ਨਾਲ ਸਾਗਰ ਕਦ ਸ਼ੁੱਧ ਹੋ ਪਾਏਗਾ? ਇਸ ਪੂਰੇ ਸਾਗਰ ਨੂੰ ਵਿਰਾਟ ਇੰਤਜ਼ਾਮ ਨਾਲ ਸ਼ੁੱਧ ਕਰਨਾ ਹੈ। ਉਹ ਵਿਰਾਟ ਇੰਤਜ਼ਾਮ ਬੋਧਿਸੱਤਵ ਦਾ ਅਯੋਜਨ ਹੈ। ਉਹ ਉਸ ਮਹਾਂ ਕੁਰਣਾਵਾਨ ਦਾ ਹੈ, ਜੋ ਕੰਢੇ 'ਤੇ ਰੁਕ ਜਾਂਦਾ ਹੈ,ਆਪਣੀ ਕਿਸ਼ਤੀ ਨੂੰ ਠੋਕ ਦਿੰਦਾ ਹੈ ਉਥੇ ਹੀ ਅਤੇ ਕਹਿੰਦਾ ਹੈ, ਮੇਰੀ ਕਿਸ਼ਤੀ ਤਿਆਰ ਹੈ; ਪਰ ਮੈਂ ਤਦ ਤਕ ਨਹੀਂ ਜਾਵਾਂਗਾ ਜਦ ਤਕ ਮੈਂ ਹੋਰ ਲੋਕਾਂ ਨੂੰ ਰਾਜ਼ੀ ਨਾ ਕਰ ਲਵਾਂ, ਭਾਵੇਂ ਮੈਨੂੰ ਅਨੰਤਕਾਲ ਤਕ ਰੁਕਣਾ ਪਵੇ। ਇਸਲਈ ਉਸ ਧਰਮ ਦਾ ਨਾਂ ਮਹਾਂਯਾਨ ਹੈ। ਮਹਾਂਯਾਨ : ਵਡੀ ਕਿਸ਼ਤੀ ਦਾ ਧਰਮ।

ਮੇਰੀ ਦ੍ਰਿਸ਼ਟੀ ਵਿਚ ਹੀਨਯਾਨ ਵਾਲੇ ਲੋਕ ਕਹਿੰਦੇ ਹਨ—ਉਹ ਬੋਧਿਸੱਤਵਾਂ ਦੀ ਸਭ ਗੱਲਬਾਤ ਵਿਅਰਥ ਹੈ, ਕੋਈ ਕਿਸੇ ਨੂੰ ਪਾਰ ਨਹੀਂ ਕਰਵਾ ਸਕਦਾ ਹੈ। ਇਸ ਵਿਚ ਵੀ ਸੱਚਾਈ ਜਾਣ ਪੈਂਦੀ ਹੈ। ਕਿਸੇ ਨੂੰ ਪਾਰ ਕਰਵਾਉਣ ਦੀ ਕੋਸ਼ਿਸ਼ ਕਰੋ, ਤਦ ਪਤਾ ਲਗਦਾ ਹੈ ਕਿ ਕਿੰਨੇ ਉਪੱਦਰ ਦਾ ਮਾਮਲਾ ਹੈ। ਜਦ ਮੈਂ ਤੁਹਾਡੇ ਨਾਲ ਮਿਹਨਤ ਕਰਦਾ ਹਾਂ, ਤਾਂ ਮੈਨੂੰ ਹੀਨਯਾਨ ਵਾਲਿਆਂ ਦੀ ਗੱਲ ਬਿਲਕੁਲ ਠੀਕ ਲਗ ਰਹੀ ਹੈ। ਉਹ ਠੀਕ ਕਹਿੰਦੇ ਹਨ, ਸੱਚ ਹੀ ਕਹਿੰਦੇ ਹਨ। ਇਹ ਕੇਹਾ ਉਪੱਦਰ ਹੈ, ਕਿਸੇ ਨੂੰ ਪਾਰ ਕਰਵਾਉਣ ਦੀ ਕੋਸ਼ਿਸ਼! ਕਿਉਂਕਿ ਜਿਸਨੂੰ ਤੁਸੀਂ ਮੁਕਤ ਕਰਨਾ ਚਾਹੁੰਦੇ ਹੋ, ਉਹ ਮੁਕਤ ਹੋਣਾ ਹੀ ਨਹੀਂ ਚਾਹੁੰਦਾ ਹੈ। ਬਲਕਿ ਤੁਸੀਂ ਉਸਨੂੰ ਮੁਕਤ ਕਰਨਾ ਚਾਹੁੰਦੇ ਹੋ, ਤਾਂ ਉਹ ਤੁਹਾਨੂੰ ਸਮਝਦਾ ਹੈ ਕਿ ਤੁਸੀਂ ਉਸਨੂੰ ਪਰੇਸ਼ਾਨ ਕਰ ਰਹੇ ਹੋ, ਤੁਸੀਂ ਉਸਨੂੰ ਹੈਰਾਨ ਕਰ ਰਹੇ ਹੋ, ਕਿ ਤੁਸੀਂ ਉਸਦੀ ਨੀਂਦ ਵਿਚ ਵਿਘਨ ਪਾ ਰਹੇ ਹੋ, ਕਿ ਤੁਸੀਂ ਉਸਦੇ ਸੁਫਨੇ ਤੋੜ ਰਹੇ ਹੋ। ਅਤੇ ਫਿਰ ਉਹ ਤੁਹਾਥੋਂ ਬਦਲਾ ਲੈਣ ਦੀ ਕੋਸ਼ਿਸ਼ ਕਰਦਾ ਹੈ, ਜੇ ਉਸਦਾ ਕੋਈ ਸੁਫਨਾ ਟੁੱਟ ਜਾਵੇ, ਉਸਨੂੰ ਕੋਈ ਅੜਿੱਚਣ ਹੋ ਜਾਵੇ। ਅਤੇ ਅੜਿੱਚਣਾਂ ਪੰਜਾਹ ਹੋਣਗੀਆਂ; ਕਿਉਂਕਿ ਤੁਸੀਂ ਉਸਨੂੰ ਪੁੱਟ ਰਹੇ ਹੋ ਜੜ੍ਹਾਂ ਸਮੇਤ; ਜਿਥੇ ਉਹ ਜੰਮਿਆ ਹੈ, ਉਥੋਂ ਤੋਂ ਹਟਾ ਰਹੇ ਹੋ। ਉਸਨੂੰ ਤਾਂ ਲਗਦਾ ਹੈ ਕਿ ਤੁਸੀਂ ਉਸਨੂੰ ਮਿਟਾਉਣ 'ਚ ਲਗੇ ਹੋ, ਦੁਸ਼ਮਣ ਹੋ। ਉਹ ਹਜ਼ਾਰ ਤਰ੍ਹਾਂ ਦੀਆਂ ਅੜਿੱਚਣਾਂ ਖ਼ੁਦ ਖੜ੍ਹੀਆਂ ਕਰਦਾ ਹੈ ਕਿ ਕਿਤੇ ਤੁਸੀਂ ਉਖੇੜ ਹੀ ਨਾ ਦਿਉ

ਬਿਲਕੁਲ। ਤਾਂ ਹੀਨਯਾਨ ਵਾਲੇ ਵੀ ਠੀਕ ਕਹਿੰਦੇ ਜਾਪਦੇ ਹਨ, ਦੂਜੇ ਨੂੰ ਪਾਰ ਲੰਘਾਉਣਾ ਬੜਾ ਮੁਸ਼ਕਲ ਹੈ।

ਮਹਾਂਯਾਨ ਵਾਲੇ ਵੀ ਗੱਲ ਠੀਕ ਕਰਦੇ ਜਾਣ ਪੈਂਦੇ ਹਨ ਕਿ ਜਦ ਇਕ ਵਿਅਕਤੀ ਪਾਰ ਹੋ ਹੀ ਗਿਆ ਅਤੇ ਉਸਨੂੰ ਅਨੰਦ ਮਿਲ ਹੀ ਗਿਆ, ਤਾਂ ਇਸ ਅਨੰਦ ਤੋਂ ਜ਼ਿਆਦਾ ਅਨੰਦ ਉਸ ਸ਼ੂਨਯ ਵਿਚ ਖੋਣ ਨਾਲ ਵੀ ਮਿਲਣ ਵਾਲਾ ਨਹੀਂ ਹੈ। ਗੱਲ ਤਾਂ ਪੂਰੀ ਹੋ ਗਈ। ਹੁਣ ਕੁਝ ਹਰਜ ਨਹੀਂ ਕਿ ਉਹ ਥੋੜ੍ਹੀ ਦੇਰ ਇਕ ਕੰਢੇ 'ਤੇ ਰੁਕ ਜਾਵੇ। ਇਸ ਕੰਢੇ ਤੋਂ ਉਸਨੂੰ ਹੁਣ ਕੋਈ ਪੀੜ ਨਹੀਂ ਹੋਣ ਵਾਲੀ। ਜੋ ਉਸਨੇ ਪਾ ਲਿਆ ਹੈ, ਉਹ ਹੁਣ ਖੋਹਿਆ ਨਹੀਂ ਜਾ ਸਕਦਾ ਹੈ। ਕੀ ਹਰਜ ਹੈ ਕਿ ਉਹ ਥੋੜ੍ਹੀ ਦੇਰ ਰੁਕ ਜਾਵੇ; ਲੋਕ ਉਸਨੂੰ ਅਤਿੱਚਣ ਵੀ ਦੇਣ, ਤਾਂ ਉਸਨੂੰ ਕੋਈ ਖ਼ਾਸ ਅਤਿੱਚਣ ਨਹੀਂ ਪਾਂਦੀ ਹੈ, ਅੰਦਰ ਤਾਂ ਉਸਨੂੰ ਕੋਈ ਪੀੜ ਪਹੁੰਚ ਨਹੀਂ ਪਾਂਦੀ ਹੈ। ਲੋਕ ਦੇਰ ਵੀ ਲਾਉਣ—ਤਦ ਦੇਰ-ਸਵੇਰ ਵੀ ਕੀ ਹੈ ਉਹਦੇ ਲਈ। ਜਿਸਨੇ ਪਾ ਲਿਆ ਹੈ, ਉਹਦੇ ਲਈ ਸਮਾਂ ਮਿਟ ਗਿਆ। ਅਤੇ ਲੋਕ ਜੇਕਰ ਉਸਨੂੰ ਅਨੰਤ ਜਨਮਾਂ ਤਕ ਰੋਕੀ ਰਖਣ, ਤਾਂ ਵੀ ਹਰਜ ਕੀ ਹੈ ? ਕਿਉਂਕਿ ਹੁਣ ਸਮੇਂ ਦਾ ਉਸ ਲਈ ਕੋਈ ਸਵਾਲ ਹੀ ਨਹੀਂ ਹੈ। ਅਤੇ ਜੇ ਇਸ ਚੇਸ਼ਟਾ ਵਿਚ ਕੋਈ ਪਾਰ ਹੋ ਜਾਵੇ, ਤਾਂ ਲਾਭ ਹੀ ਲਾਭ ਹੈ; ਹਾਨੀ ਕੁਝ ਵੀ ਨਹੀਂ ਹੈ।

ਬੋਧਿਸਤੱਵ ਨੂੰ ਕੋਈ ਹਾਨੀ ਨਹੀਂ ਹੋ ਰਹੀ ਹੈ ਰੁਕ ਕੇ। ਜੇਕਰ ਲਾਭ ਨਾ ਵੀ ਹੋਇਆ ਲੋਕਾਂ ਨੂੰ, ਤਾਂ ਵੀ ਕੋਈ ਹਾਨੀ ਨਹੀਂ ਹੈ। ਅਤੇ ਜੇ ਕੋਈ ਲਾਭ ਹੋਇਆ, ਤਾਂ ਲਾਭ ਤਾਂ ਹੈ ਹੀ। ਇਹ ਸੌਦਾ ਕਰਨ ਯੋਗ ਹੈ, ਜਿਸ ਵਿਚ ਹਾਨੀ ਤਾਂ ਹੋਣ ਵਾਲੀ ਨਹੀਂ; ਜੇ ਹੋਵੇ ਤਾਂ ਲਾਭ ਹੀ ਹੋ ਸਕਦਾ ਹੈ। ਨਾ ਵੀ ਹੋਵੇ, ਤਾਂ ਹਾਨੀ ਨਹੀਂ ਹੋ ਸਕਦੀ ਹੈ। ਤਾਂ ਮਹਾਂਯਾਨ ਦੀ ਵੀ ਗੱਲ ਠੀਕ ਲਗਦੀ ਹੈ। ਲੇਕਿਨ ਮਹਾਂਯਾਨ ਤੇ ਹੀਨਯਾਨ ਦੋਵੇਂ ਲੜਦੇ ਹਨ ਅਤੇ ਇਕ-ਦੂਜੇ ਨੂੰ ਕਹਿੰਦੇ ਹਨ ਕਿ ਦੂਜਾ ਗਲਤ ਹੈ। ਮੈਂ ਨਹੀਂ ਕਹਿੰਦਾ।

ਮੈਂ ਮੰਨਦਾ ਹਾਂ ਕਿ ਮਨੁੱਖ ਵਿਚ ਦੋ ਤਰ੍ਹਾਂ ਦੇ ਲੋਕ ਹਨ। ਅਤੇ ਕੋਈ ਗਲਤ ਤੇ ਸਹੀ ਨਹੀਂ ਹੈ। ਕੁਝ ਲੋਕ ਹਨ ਜਨਾਨਾ ਬਿਰਤੀ ਤੇ, ਜਿਨ੍ਹਾਂ ਵਿਚ ਇਸਤ੍ਰੀਆਂ ਸੁਭਾਵਕ ਤੌਰ 'ਤੇ ਜ਼ਿਆਦਾ ਹਨ। ਅੰਤਰਮੁਖੀ, ਜਿਨ੍ਹਾਂ ਵਿਚ ਇਸਤ੍ਰੀਆਂ ਸੁਭਾਵਕ ਹੀ ਵਧ ਹਨ। ਉਹ ਆਪਣੀ ਕਿਸ਼ਤੀ ਪਾ ਜਾਣਗੇ, ਤਾਂ ਪਾਰ ਹੋ ਜਾਣਗੇ ਅਤੇ ਮੈਂ ਕਹਿੰਦਾ ਹਾਂ ਕਿ ਉਹਨਾਂ ਨੂੰ ਪਾਰ ਹੋ ਜਾਣਾ ਚਾਹੀਦਾ ਹੈ। ਉਸ ਤਰ੍ਹਾਂ ਦੀ ਬਿਰਤੀ ਦੇ ਲੋਕਾਂ ਲਈ ਤਟ 'ਤੇ ਰੁਕਣ ਦਾ ਕੋਈ ਕਾਰਨ ਨਹੀਂ ਹੈ, ਕੋਈ ਅਰਥ ਵੀ ਨਹੀਂ ਹੈ।

ਪਰ ਕੁਝ ਲੋਕ ਹਨ, ਜੋ ਬਾਹਰਮੁਖੀ ਹਨ, ਪੁਰਸ਼ ਸੁਭਾਅ ਦੇ। ਸੁਭਾਵਕ ਹੀ ਪੁਰਸ਼ਾਂ ਵਿਚ ਉਸ ਤਰ੍ਹਾਂ ਦੇ ਜ਼ਿਆਦਾ ਲੋਕ ਹਨ। ਉਹ ਕਰੁਣਾ ਚਾਹੁਣਗੇ। ਇਹ ਸਵਾਲ ਨਹੀਂ ਹੈ ਕਿ ਕੀ ਕਰਨਾ ਚਾਹੀਦਾ ਹੈ; ਸਵਾਲ ਇਹ ਹੈ ਕਿ ਤੁਹਾਡੀ ਪ੍ਰਾਲੱਬਧ, ਤੁਹਾਡਾ ਸੁਭਾਅ ਜੋ ਕਰਵਾਏ ਉਹੀ ਠੀਕ ਹੈ। ਜੇ ਤੁਹਾਡਾ ਸੁਭਾਅ ਇਹ ਕਹੇ ਕਿ ਮੈਂ ਜਦ ਪਹੁੰਚ ਗਿਆ ਅੰਤਮ ਛਿਨ ਵਿਚ, ਤਾਂ ਹੁਣ ਮੈਂ ਨਹੀਂ ਰੁਕਾਂਗਾ, ਮੈਂ ਖੋ ਜਾਵਾਂਗਾ, ਤਾਂ ਬਿਲਕੁਲ ਖੋ ਜਾਓ। ਤੁਹਾਡਾ ਸੁਭਾਅ ਕਹੇ ਕਿ ਰੁਕ ਜਾਓ,

ਖੋਣ ਤੋਂ ਪਹਿਲਾਂ ਕੁਝ ਖ਼ਬਰ ਪੁਜਾ ਦਿਉ, ਕਈ ਹੋਰ ਵੀ ਸ਼ਾਇਦ ਤਿਆਰ ਹੋ ਜਾਵੇ, ਤਾਂ ਬਰਾਬਰ ਰੁਕ ਜਾਣਾ ਹੈ। ਮੈਂ ਨਾ ਕਹਿੰਦਾ ਹਾਂ ਕਿ ਇਹ ਠੀਕ ਹੈ,ਅਤੇ ਨਾ ਕਹਿੰਦਾ ਹਾਂ ਕਿ ਉਹ ਗਲਤ ਹੈ। ਇੰਨਾ ਹੀ ਕਹਿੰਦਾ ਹਾਂ ਕਿ ਆਪਣੀ ਪ੍ਰਾਲੱਬਧ ਦੇ ਮੁਤਾਬਕ ਚਲਣਾ ਠੀਕ ਹੈ।

ਇਸਲਈ ਇਸਤ੍ਰੀਆਂ ਗੁਰੂ ਨਹੀਂ ਹੋ ਸਕੀਆਂ। ਅਤੇ ਜਦ ਵੀ ਇਸਤ੍ਰੀਆਂ ਗੁਰੂ ਹੋਣ ਦੀ ਕੋਸ਼ਿਸ਼ ਕਰਦੀਆਂ ਹਨ, ਤਾਂ ਬਹੁਤ ਨਿਗੁਣੀਆਂ ਤੇ ਸਧਾਰਨ ਗੁਰੂ ਹੋ ਪਾਂਦੀਆਂ ਹਨ। ਅਤੇ ਬੜੀ ਹੈਰਾਨੀ ਦੀ ਗੱਲ ਹੈ ਕਿ ਜੇਕਰ ਇਸਤ੍ਰੀ–ਗੁਰੂਆਂ ਦੇ ਕੋਲ ਵੀ ਲੋਕ ਜਾਂਦੇ ਹਨ, ਤਾਂ ਸਮਝਣਾ ਚਾਹੀਦਾ ਹੈ ਕਿ ਸੰਸਾਰ ਤੋਂ ਛੁਟਕਾਰਾ ਬਹੁਤ ਮੁਸ਼ਕਲ ਹੈ। ਕਿਉਂਕਿ ਇਕ ਇਸਤ੍ਰੀ ਦਾ ਗੁਰੂ ਹੋਣਾ ਮੁਸ਼ਕਲ ਹੈ, ਅਤੇ ਹੋਵੇ ਤਾਂ ਬਹੁਤ ਸਧਾਰਨ ਸ਼੍ਰੇਣੀ ਦੀ ਹੋਣ ਵਾਲੀ ਹੈ। ਅਤੇ ਫਿਰ ਉਸਦੇ ਵੀ ਸ਼ਿਸ਼ ਜੇਕਰ ਲੋਕ ਬਣ ਜਾਂਦੇ ਹਨ, ਤਾਂ ਫਿਰ ਬਹੁਤ ਅਕਿੱਚਣ ਹੈ–ਬਹੁਤ ਅਕਿੱਚਣ ਹੈ। ਇਸਲਈ ਬੁੱਧ ਤੇ ਮਹਾਂਵੀਰ, ਕ੍ਰਿਸ਼ਨ, ਕ੍ਰਾਈਸਟ ਪੁਰਸ਼ ਹਨ। ਕਿਸੇ ਹੋਰ ਕਾਰਨ ਨਾਲ ਨਹੀਂ ਹਨ। ਪੁਰਸ਼ ਦੇ ਹੋਣ ਵਿਚ ਗੁਰੂ ਹੋਣ ਦੀ ਸਹੂਲਤ ਹੈ। ਇਸਤ੍ਰੀ ਦੇ ਹੋਣ ਵਿਚ ਸ਼ਿਸ਼ ਹੋਣ ਦੀ ਸਹੂਲਤ ਹੈ।

ਦੋਨਾਂ ਦੇ ਫਾਇਦੇ ਹਨ, ਦੋਨਾਂ ਦੇ ਨੁਕਸਾਨ ਹਨ। ਧਿਆਨ ਇਹੀ ਰਖਣਾ ਕਿ ਜੇ ਤੁਸੀਂ ਇਸਤ੍ਰੀ ਹੋ, ਤਾਂ ਆਪਣੀ ਪ੍ਰਾਲੱਬਧ ਨੂੰ ਸਵੀਕਾਰ ਕਰਕੇ ਉਸੇ ਦੇ ਮੁਤਾਬਕ ਚਲਣਾ। ਜੇ ਤੁਸੀਂ ਪੁਰਸ਼ ਹੋ, ਤਾਂ ਆਪਣੀ ਪ੍ਰਾਲੱਬਧ ਨੂੰ ਸਵੀਕਾਰ ਕਰਕੇ, ਉਸੇ ਦੇ ਅਨੁਸਾਰ ਚੱਲਣਾ। ਕਿਉਂਕਿ ਜੋ ਤੁਸੀਂ ਹੋ, ਉਥੋਂ ਹੀ ਤੋਂ ਯਾਤਰਾ ਸੌਖੀ, ਸਰਲ ਤੇ ਸਹਿਜ ਹੈ। ਨਹੀਂ ਤਾਂ ਹੋਣ ਦੀ ਕੋਸ਼ਿਸ਼ ਨਾਲ ਕਸ਼ਟ ਤੇ ਉਪੱਦਰ ਹੈ। ਅਤੇ ਨਤੀਜਾ ਨਿਸਚਿਤ ਨਹੀਂ ਹੈ, ਸ਼ੱਕੀ ਹੈ।

ਇਸ ਸੂਤਰ ਵਿਚ ਪ੍ਰਵੇਸ਼ ਤੋਂ ਪਹਿਲਾਂ ਥੋੜ੍ਹੀਆਂ–ਜਿਹੀਆਂ ਗੱਲਾਂ ਛੇਵੇਂ ਦੁਆਰ ਧਿਆਨ ਦੇ ਸਬੰਧ ਵਿਚ ਹੋਰ :

ਧਿਆਨ ਦਾ ਅਰਥ ਹੈ ਚੇਤੰਨਤਾ ਦੀ ਅਜੇਹੀ ਦਸ਼ਾ, ਜਿਥੇ ਵਿਚਾਰ ਦੀ ਕੋਈ ਤਰੰਗ, ਕੋਈ ਲਹਿਰ ਨਾ ਹੋਵੇ। ਜਿਵੇਂ ਸਾਗਰ ਹੈ, ਝੀਲ ਹੈ, ਅਤੇ ਝੀਲ ਉਤੇ ਤਰੰਗਾਂ ਹਨ। ਇਹ ਇਕ ਦਸ਼ਾ ਹੈ। ਜਦ ਝੀਲ 'ਤੇ ਤਰੰਗਾਂ ਹਨ, ਇਸਨੂੰ ਅਸੀਂ ਕਹੀਏ ਤੂਫਾਨ, ਅਸ਼ਾਂਤੀ। ਇਵੇਂ ਹੀ ਜਦ ਚੇਤਨਾ ਉਤੇ ਤਰੰਗਾਂ ਹਨ, ਵਿਚਾਰ ਦੀਆਂ, ਤਦ ਜੋ ਅਵਸਥਾ ਹੈ ਉਸਦਾ ਨਾਂ ਹੈ ਮਨ। ਮਨ ਕੋਈ ਅਲੱਗ ਵਸਤੂ ਨਹੀਂ ਹੈ, ਤਰੰਗਤ ਚੇਤਨਾ ਦਾ ਨਾਂ ਹੈ। ਜਦ ਝੀਲ ਸ਼ਾਂਤ ਹੋ ਗਈ, ਲਹਿਰਾਂ ਸੌਂ ਗਈਆਂ ਅਤੇ ਝੀਲ ਦੀ ਹਿੱਕ ਉਤੇ ਕੋਈ ਕੰਬਣੀ ਨਾ ਰਹੀ, ਅਣਕੰਬ ਹੋ ਗਈ, ਇਕ ਮੌਨ ਦਰਪਣ ਬਣ ਗਈ ਜਾਂ ਇਉਂ ਸਮਝੋ ਕਿ ਜੰਮ ਗਈ, ਬਰਫ ਹੋ ਗਈ, ਹੁਣ ਕੋਈ ਲਹਿਰ ਨਹੀਂ ਉਠਦੀ, ਹੁਣ ਕੋਈ ਲਹਿਰ ਉਠ ਵੀ ਨਹੀਂ ਸਕਦੀ–ਇਵੇਂ ਹੀ ਜਦ ਚੇਤਨਾ ਵਿਚਾਰ ਤੋਂ ਸ਼ੂੰਨਯ ਅਤੇ ਤਰੰਗ ਤੋਂ ਰਹਿਤ ਹੋ ਜਾਂਦੀ ਹੈ–ਬਰਫ ਜੰਮ ਗਈ ਹੈ ਝੀਲ ਦੀ, ਤਦ ਜੋ ਅਵਸਥਾ ਹੈ, ਉਸਦਾ ਨਾਂ ਧਿਆਨ ਹੈ।

ਮਨ ਧਿਆਨ ਦੀ ਅਣਹੋਂਦ ਹੈ।

ਧਿਆਨ ਮਨ ਦੀ ਅਣਹੋਂਦ ਹੈ।

ਮਨ ਹੈ ਤਰੰਗਤ ਚੇਤਨਾ, ਧਿਆਨ ਹੈ ਅਣਤਰੰਗਤ ਚੇਤਨਾ।

ਇਹ ਛੇਵਾਂ ਦੁਆਰ ਹੈ : ਅਣਤਰੰਗਤ ਹੋ ਜਾਣਾ। ਕਿਉਂਕਿ ਜਦ ਤਕ ਅਸੀਂ ਅਣਤਰੰਗਤ ਨਾ ਹੋ ਜਾਈਏ, ਤਦ ਤਕ ਤਰੰਗਾਂ ਬਾਹਰ ਦੀ ਤਰਫ ਲੈ ਜਾਂਦੀਆਂ ਹਨ। ਹਰ ਤਰੰਗ ਸਾਨੂੰ ਬਾਹਰ ਵਲ ਲੈ ਜਾਂਦੀ ਹੈ। ਜਿਵੇਂ ਹਰ ਲਹਿਰ ਕੰਢੇ ਦੇ ਵਲ ਜਾਂਦੀ ਹੈ, ਇਵੇਂ ਹੀ ਹਰ ਤਰੰਗ ਸੰਸਾਰ ਦੇ ਵਲ ਜਾਂਦੀ ਹੈ। ਜਿੰਨੀ ਵਡੀ ਤਰੰਗ, ਉਨੀ ਜੋਰ ਦੀ ਸੰਸਾਰ ਵਲ ਨੂੰ ਜਾਂਦੀ ਹੈ। ਜਦ ਕੋਈ ਤਰੰਗ ਨਹੀਂ ਰਹਿ ਜਾਂਦੀ, ਤਾਂ ਸਾਡਾ ਸੰਸਾਰ ਦੀ ਤਰਫ ਜਾਣਾ ਬੰਦ ਹੋ ਜਾਂਦਾ ਹੈ। ਸਾਡੀ ਚੇਤਨਾ ਫਿਰ ਸੰਸਾਰ ਦੇ ਵਲ ਨਹੀਂ ਜਾ ਸਕਦੀ, ਕਿਉਂਕਿ ਜਾਣ ਦੇ ਲਈ ਤਰੰਗਾਂ ਦਾ ਸਹਾਰਾ ਚਾਹੀਦਾ ਹੈ।

ਅਤੇ ਜਦ ਚੇਤਨਾ ਬਾਹਰ ਨਹੀਂ ਜਾਂਦੀ, ਤਾਂ ਫਿਰ ਅੰਦਰ ਰਹਿ ਜਾਂਦੀ ਹੈ। ਜਦ ਬਾਹਰ ਜਾਣ ਦਾ ਦੁਆਰ ਨਹੀਂ ਮਿਲਦਾ, ਚੇਤਨਾ ਆਪਣੇ ਵਿਚ ਠਹਿਰ ਜਾਂਦੀ ਹੈ। ਉਸ ਠਹਿਰੀ ਹੋਈ ਚੇਤਨਾ ਦਾ ਨਾਂ ਹੈ ਧਿਆਨ।

ਅਸੀਂ ਜੋ ਵੀ ਇਥੇ ਕਰ ਰਹੇ ਹਾਂ, ਉਹ ਇਹੀ ਕੋਸ਼ਿਸ਼ ਹੈ ਕਿ ਮਨ ਕਿਵੇਂ ਅਣਤਰੰਗਤ ਹੋ ਜਾਵੇ। ਅਤੇ ਜੋ ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਤੁਹਾਡੇ ਅੰਦਰ ਜੋ ਵੀ ਤਰੰਗਾਂ ਹੋਣ, ਉਹਨਾਂ ਨੂੰ ਬਾਹਰ ਕੱਢ ਦਿਉ, ਇਸੇਲਈ ਕਹਿ ਰਿਹਾ ਹਾਂ। ਕਿਉਂਕਿ ਉਹਨਾਂ ਨੂੰ ਅੰਦਰ ਦਬਾਈ ਰਖੋ, ਤਾਂ ਮਨ ਅਣਤਰੰਗਤ ਨਹੀਂ ਹੋ ਸਕੇਗਾ। ਉਹਨਾਂ ਨੂੰ ਕੱਢ ਹੀ ਦੇਣਾ, ਉਹਨਾਂ ਨੂੰ ਸੁੱਟ ਹੀ ਦੇਣਾ, ਉਹਨਾਂ ਨੂੰ ਕੁਲੰਜ ਦੇਣਾ; ਕੁਝ ਬਚੇ ਹੀ ਨਾ ਅੰਦਰ ਤਰੰਗਾਂ ਪੈਦਾ ਕਰਨ ਨੂੰ। ਹੌਲੇ ਹੋ ਜਾਉ, ਕੋਈ ਉਪੱਦਰ ਅੰਦਰ ਨਾ ਰਹਿ ਜਾਵੇ। ਸਭ ਉਪੱਦਰ ਬਾਹਰ ਸੁੱਟ ਦਿਉ, ਤਾਂ ਮਨ ਅਣਤਰੰਗਤ ਹੋ ਸਕੇਗਾ। ਇਸ ਮਨ ਦੀ ਅਣਤਰੰਗਤ ਅਵਸਥਾ ਦੇ ਬਿਨਾਂ ਕੋਈ ਆਪਣੇ–ਆਪ ਦੇ ਗਿਆਨ ਨੂੰ ਨਹੀਂ ਪਹੁੰਚਦਾ ਹੈ।

ਇਸਲਈ ਦੁਨੀਆਂ ਵਿਚ ਇੰਨੇ ਧਰਮ ਹਨ, ਇੰਨੇ ਪੰਥ ਹਨ, ਇੰਨੇ ਮਾਰਗ ਹਨ। ਉਹਨਾਂ ਵਿਚ ਹਜ਼ਾਰ–ਹਜ਼ਾਰ ਸਿਧਾਂਤਾਂ ਦੇ ਫਰਕ ਹਨ, ਲੇਕਿਨ ਧਿਆਨ ਦੇ ਸਬੰਧ ਵਿਚ ਇਕ–ਰਾਇ ਹੈ। ਇਹ ਕੋਈ ਨਹੀਂ ਕਹਿ ਸਕਦਾ ਕਿ ਧਿਆਨ ਦੇ ਬਿਨਾਂ, ਧਰਮ ਹਾਸਲ ਹੋਵੇਗਾ। ਮਸਜਿਦ ਵਿਚ ਕਰੋ ਧਿਆਨ, ਕਿ ਮੰਦਰ ਵਿਚ ਕਰੋ, ਕਿ ਗਿਰਜੇ ਵਿਚ ਕਰੋ, ਕਿ ਗੁਰਦੁਆਰੇ ਵਿਚ, ਇਸ ਨਾਲ ਫਰਕ ਨਹੀਂ ਹੈ ਕੋਈ–ਧਿਆਨ ਕਰੋ। ਕ੍ਰਾਈਸਟ ਦਾ ਸਹਾਰਾ ਲਵੋ, ਕਿ ਕ੍ਰਿਸ਼ਨ ਦਾ, ਮਹਾਂਵੀਰ ਦਾ ਸਹਾਰਾ ਲਵੋ, ਕਿ ਮੁਹੰਮਦ ਦਾ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਹੈ–ਧਿਆਨ ਕਰੋ। ਕੁਰਾਨ 'ਤੇ ਸਿਰ ਟੇਕੋ, ਕਿ ਗੀਤਾ ਉਤੇ, ਇਸ ਨਾਲ ਬਹੁਤਾ ਫਰਕ ਨਹੀਂ ਹੈ–ਧਿਆਨ ਕਰੋ।

ਸਾਰੀ ਦੁਨੀਆਂ ਦੇ ਧਰਮ ਜੇ ਇਕ ਗੱਲ 'ਤੇ ਸਹਿਮਤ ਹਨ, ਤਾਂ ਉਹ ਹੈ ਧਿਆਨ। ਅਤੇ ਧਿਆਨ ਦਾ ਮਤਲਬ ਹੈ ਅਣਤਰੰਗਤ ਕਰੋ ਚਿੱਤ ਨੂੰ। ਮਨ ਨੂੰ ਕਰ ਦਿਉ ਸ਼ੂੰਨਯ। ਵਿਚਾਰਾਂ ਤੋਂ। ਕੋਈ ਲਹਿਰ ਨਾ ਆਉਂਦੀ ਹੋਵੇ। ਉਸ ਲਹਿਰਹੀਣ ਅਵਸਥਾ ਵਿਚ ਜੋ ਵਾਪਰੇਗਾ, ਉਹ ਛੇਵਾਂ ਦੁਆਰ ਹੈ।

ਹੁਣ ਅਸੀਂ ਸੂਤਰ ਨੂੰ ਲਈਏ।

'ਹਾਂ, ਉਹ ਸ਼ਕਤੀਸ਼ਾਲੀ ਹੈ। ਉਹ ਜਾਨਦਾਰ ਸ਼ਕਤੀ, ਜੋ ਉਸ ਵਿਚ ਮੁਕਤ ਹੋਈ ਹੈ ਅਤੇ ਜੋ ਸ਼ਕਤੀ ਉਹ ਖ਼ੁਦ ਹੈ, ਮਾਯਾ ਦੇ ਮੰਡਪ ਨੂੰ ਦੇਵਤਿਆਂ ਦੇ ਵੀ ਉਪਰ ਮਹਾਨ ਬ੍ਰਹਮਾ ਅਤੇ ਇੰਦਰ ਦੇ ਵੀ ਉਪਰ ਚੁੱਕ ਸਕਦੀ ਹੈ। ਹੁਣ ਉਹ ਨਿਸਚਿਤ ਹੀ ਆਪਣੇ ਮਹਾਂ ਪੁਰਸਕਾਰ ਨੂੰ ਹਾਸਲ ਕਰੇਗਾ।'

ਧਿਆਨ ਦੇ ਨਾਲ ਹੀ ਮਹਾਂਸ਼ਕਤੀ ਹੁੰਦੀ ਹੈ। ਉਹ ਪੁਰਸਕਾਰ ਹੈ। ਜਿਹੜਾ ਮਨ ਨਾਲ ਲੜਿਆ, ਜਿਸਦੇ ਮਨ ਨੂੰ ਵਿਸਰਜਤ ਕੀਤਾ, ਉਹ ਹੁਣ ਖ਼ੁਦ ਨੂੰ ਹਾਸਲ ਹੋਣ ਦੇ ਕਰੀਬ ਪਹੁੰਚ ਰਿਹਾ ਹੈ। ਹੁਣ ਤਕ ਉਸ ਕੋਲ ਜਿੰਨੀਆਂ ਸ਼ਕਤੀਆਂ ਸਨ, ਸਭ ਉਧਾਰੀਆਂ ਸਨ। ਧਨ ਦੀ ਸੀ, ਤਾਂ ਬਾਹਰ ਤੋਂ ਮਿਲੀ ਸੀ; ਸ਼ਾਸਤਰਾਂ ਦੀ ਸੀ, ਤਾਂ ਬਾਹਰ ਤੋਂ ਮਿਲੀ ਸੀ; ਸਰੀਰ ਦੀ ਸੀ, ਤਾਂ ਵੀ ਬਾਹਰ ਤੋਂ ਮਿਲੀ ਸੀ। ਹੁਣ ਤਕ ਜਿੰਨੀਆਂ ਸ਼ਕਤੀਆਂ ਸਨ, ਸਭ ਬਾਹਰੋਂ ਮਿਲੀਆਂ ਸਨ। ਹੁਣ ਪਹਿਲੀ ਦਫ਼ਾ ਅਣਤਰੰਗਤ ਹੋ ਕੇ ਬਾਹਰ ਦੀਆਂ ਸ਼ਕਤੀਆਂ ਤੋਂ ਸਬੰਧ ਛੁੱਟ ਗਿਆ ਹੈ। ਹੁਣ ਉਸਦਾ ਸਬੰਧ ਆਪਣੀ ਖ਼ੁਦ ਦੀ ਸ਼ਕਤੀ ਨਾਲ ਹੈ—ਜਿਸ ਤੋਂ ਉਸਦਾ ਜੀਵਨ ਜਨਮਿਆਂ ਹੈ। ਉਸ ਨਾਲ ਜੋ ਉਸਦੇ ਅੰਦਰ ਵਹਿ ਰਹੀ ਹੈ ਅਤੇ ਜਾਨਦਾਰ ਹੈ। ਹੁਣ ਪ੍ਰਾਣ ਦੇ ਮੂਲ ਨਾਲ ਉਸਦਾ ਸਬੰਧ ਬਣੇਗਾ। ਉਹ ਮਹਾਂਸ਼ਕਤੀ ਦੇ ਦੁਆਰ 'ਤੇ ਖੜ੍ਹਾ ਹੈ। ਧਿਆਨ ਦਾ ਉਹੀ ਪੁਰਸਕਾਰ ਹੈ।

'ਕੀ ਉਹ, ਜਿਸਨੇ ਮਹਾਂਮਾਯਾ ਨੂੰ ਜਿੱਤ ਲਿਆ ਹੈ, ਇਹਨਾਂ ਵਰਦਾਨਾਂ ਨੂੰ ਆਪਣੇ ਹੀ ਵਿਸਰਾਮ ਅਤੇ ਅਨੰਦ ਦੇ ਲਈ, ਆਪਣੇ ਹੀ ਕਮਾਏ ਸੁਖ ਅਤੇ ਗੌਰਵ ਦੇ ਲਈ ਉਪਯੋਗ ਨਹੀਂ ਕਰੇਗਾ?'

ਇਥੋਂ ਤੋਂ ਹੀ ਫ਼ਰਕ ਸ਼ੁਰੂ ਹੁੰਦਾ ਹੈ। ਇਸ ਛਿਨ ਵਿਚ ਹੀ ਪਤਾ ਲਗੇਗਾ ਕਿ ਤੁਸੀਂ ਅਰਹਤ ਹੋਣ ਦੇ ਰਾਹ 'ਤੇ ਜਾਂ ਬੋਧਿਸੱਤਵ ਹੋਣ ਦੇ ਰਾਹ 'ਤੇ। ਬਲਾਵਟਸਕੀ ਦਾ ਝੁਕਾਅ ਬੋਧਿਸੱਤਵ ਦੇ ਵਲ ਹੈ। ਇਸਲਈ ਸੂਤਰ ਵਿਚ ਇਥੋਂ ਤੋਂ ਰਾਹ ਬੋਧਿਸੱਤਵ ਦਾ ਹੋ ਜਾਏਗਾ, ਅਰਹਤ ਦਾ ਨਹੀਂ। ਇਥੋਂ ਤਕ ਅਰਹਤ ਅਤੇ ਬੋਧਿਸੱਤਵ ਦੋਨੋਂ ਬਰਾਬਰ ਹਨ, ਧਿਆਨ ਦੀ ਪ੍ਰਾਪਤੀ ਤਕ। ਧਿਆਨ ਦੀ ਪ੍ਰਾਪਤੀ ਹੁੰਦਿਆਂ ਹੀ ਮਹਾਂਸ਼ਕਤੀਆਂ ਹਾਸਲ ਹੁੰਦੀਆਂ ਹਨ।

ਬਲਾਵੱਟਸਕੀ ਇਹੀ ਸਵਾਲ ਉਠਾਉਂਦੀ ਹੈ ਕਿ ਕੀ ਉਹ, ਜਿਸਨੇ ਮਹਾਂਮਾਯਾ ਨੂੰ ਜਿੱਤ ਲਿਆ ਹੈ, ਇਹਨਾਂ ਵਰਦਾਨਾਂ ਨੂੰ ਆਪਣੇ ਹੀ ਵਿਸਰਾਮ ਅਤੇ ਅਨੰਦ ਦੇ ਲਈ, ਆਪਣੇ ਹੀ ਕਮਾਏ ਸੁਖ ਅਤੇ ਗੌਰਵ ਦੇ ਲਈ ਉਪਯੋਗ ਨਹੀਂ ਕਰੇਗਾ?

'ਨਹੀਂ, ਓ ਕੁਦਰਤ ਦੀ ਗੁੱਝੀ-ਵਿੱਦਿਆ ਦੇ ਸਾਧਕ, ਜੇ ਕੋਈ ਪਵਿੱਤਰ ਤਥਾਗਤ ਦੀਆਂ ਪੈੜਾਂ 'ਤੇ ਚਲੇ, ਤਾਂ ਉਹ ਵਰਦਾਨ ਅਤੇ ਸ਼ਕਤੀਆਂ ਉਸਦੇ ਲਈ ਨਹੀਂ ਹਨ।'

'ਕੀ ਤੂੰ ਉਸ ਨਦੀ ਨੂੰ ਬੰਨ੍ਹ ਦੇਵੇਂਗਾ, ਜਿਸਦਾ ਜਨਮ ਸੁਮੇਰੂ ਉਤੇ ਹੋਇਆ ਹੈ?'

'ਕੀ ਤੂੰ ਬੰਨ੍ਹ ਲਵੇਂਗਾ ਆਪਣੇ ਨਾਲ ਹੀ ਉਸ ਸ਼ਕਤੀ ਨੂੰ। ਕੀ ਤੂੰ ਆਪਣੇ ਸਵਾਰਥ ਵਿਚ ਉਸਦੀ ਸੀਮਾ ਬਣਾ ਲਵੇਂਗਾ।'

'ਕੀ ਤੂੰ ਉਸਦੇ ਸੋਮੇ ਨੂੰ ਆਪਣੇ ਲਈ ਅਤੇ ਆਪਣੇ ਵਲ ਨੂੰ ਵਹਾਏਂਗਾ, ਜਾਂ ਉਸਨੂੰ ਸਿਖਰ ਟੀਸੀ ਦੇ ਪੰਧ ਤੋਂ ਉਸਦੇ ਮੂਲ ਸੋਮੇ ਨੂੰ ਵਾਪਸ ਭੇਜ ਦੇਵੇਂਗਾ?'

ਕੀ ਤੂੰ ਸਾਰਿਆਂ ਵਿਚ ਵੰਡ ਦੇਵੇਂਗਾ? ਕੀ ਤੂੰ ਆਪਣੇ ਲਈ ਹੀ ਜਮ੍ਹਾਂ ਕਰ ਲਵੇਂਗਾ? ਕੀ ਤੂੰ ਉਸ ਮਹਾਂਨਦੀ ਨੂੰ ਇਕ ਬੰਧ ਬਣਾ ਲਵੇਂਗਾ ਆਪਣੇ ਹੀ ਸੁਖ ਦੇ ਲਈ, ਜਾਂ ਭੇਜ ਦੇਵੇਂਗਾ ਇਸਨੂੰ ਉਥੇ ਜਿਥੇ ਅਨੇਕਾਂ ਦਾ ਸੁਖ ਉਸ ਤੋਂ ਪਰਗਟ ਹੋ ਸਕੇ?

'ਜੇ ਤੂੰ ਕਠਨ ਮਿਹਨਤ ਨਾਲ ਪ੍ਰਾਪਤ ਗਿਆਨ ਦੇ ਉਸ ਸੋਮੇ ਨੂੰ, ਸਵਰਗ ਵਿਚ ਜਨਮੀ ਸੂਝ ਨੂੰ ਪ੍ਰਵਾਹਮਾਨ ਰਹਿਣ ਦੇਣਾ ਚਾਹੁੰਦਾ ਹੈਂ, ਤਾਂ ਤੈਨੂੰ ਉਸਨੂੰ ਇਕ ਠਹਿਰਿਆ ਹੋਇਆ ਸਰੋਵਰ ਬਣਨ ਤੋਂ ਬਚਾਉਣਾ ਹੋਵੇਗਾ।'

ਤੇਰੇ ਅਨੰਦ ਦੇ ਲਈ ਤਾਂ ਇੰਨਾ ਹੀ ਕਾਫੀ ਹੈ ਕਿ ਇਹ ਸੋਮਾ ਇਕ ਸਰੋਵਰ ਬਣ ਜਾਵੇ, ਤੂੰ ਇਸ ਵਿਚ ਡੁਬ ਜਾਵੇਂ, ਲੀਨ ਹੋ ਜਾਵੇਂ। ਲੇਕਿਨ ਤੂੰ ਇਸਨੂੰ ਇਕ ਸਰੋਵਰ ਨਾ ਬਣਾਵੀਂ, ਤੂੰ ਇਸਨੂੰ ਇਕ ਨਦੀ ਬਣਾਵੀਂ, ਜੋ ਵਗੇ, ਜੋ ਪ੍ਰਵਾਹਮਾਨ ਹੋਵੇ। ਅਤੇ ਪਤਾ ਨਹੀਂ ਕਿੰਨੇ ਲੋਕਾਂ ਦੇ ਪਿੰਡਾਂ ਦੇ ਕੰਢਿਆਂ ਤੋਂ, ਅਤੇ ਪਤਾ ਨਹੀਂ ਕਿੰਨੇ ਲੋਕਾਂ ਦੇ ਪ੍ਰਾਣਾਂ ਦੇ ਕੰਢਿਆਂ ਤੋਂ ਗੁਜ਼ਰੇ, ਅਤੇ ਪਤਾ ਨਹੀਂ ਕਿੰਨੇ ਲੋਕਾਂ ਨੂੰ ਇਸਦੇ ਸੀਤਲ ਜਲ ਦਾ, ਇਸਦੇ ਅਨੰਦ ਜਲ ਦਾ ਅਨੁਭਵ ਹੋ ਸਕੇ। ਇਸਦੀ ਇਕ ਬੂੰਦ ਵੀ ਕਿਸੇ ਦੇ ਕੋਲ ਪਹੁੰਚ ਜਾਵੇ, ਤਾਂ ਚੰਗਾ ਹੈ।

'ਜਾਣ ਕਿ ਤੂੰ ਅਮਿਤ ਯੁਗ ਦੇ ਅਮਿਤਾਭ ਦਾ ਸਹਿਯੋਗੀ ਬਣਨਾ ਹੈ...

'ਜੇ ਤੂੰ ਬੁਧਾਂ ਦਾ ਸਹਿਯੋਗੀ ਬਣਨਾ ਹੈ...ਤਾਂ ਤੈਨੂੰ ਪ੍ਰਾਪਤ ਪ੍ਰਕਾਸ਼ ਨੂੰ, ਜੇਤੇ ਬੋਧਿਸੱਤਵਾਂ ਦੀ ਤਰ੍ਹਾਂ ਤਿੰਨਾਂ ਲੋਕਾਂ 'ਤੇ ਖਿਲਾਰਨਾ ਹੋਵੇਗਾ।'

ਚੀਨ ਵਿਚ, ਜਪਾਨ ਵਿਚ, ਦੋ ਬੋਧਿਸਤਵਾਂ ਦੀ ਕਥਾ ਹੈ—ਜਿਨ੍ਹਾਂ ਨੇ ਪਰਮ-ਗਿਆਨ ਨੂੰ ਪਾਣ ਦੇ ਬਾਅਦ ਨਾਲ ਦੀ ਨਾਲ ਸਾਰੇ ਗਿਆਨ ਨੂੰ ਜਗਤ ਵਿਚ ਵੰਡ ਦਿਤਾ, ਅਤੇ ਖੁਦ ਸ਼ੂੰਨਯ ਹੋ ਕੇ ਖੜ੍ਹੇ ਰਹਿ ਗਏ। ਖੁਦ ਬਿਲਕੁਲ ਦੀਨ ਹੋ ਕੇ ਖੜ੍ਹੇ ਰਹਿ ਗਏ। ਇੰਨੀ ਮਿਹਨਤ ਨਾਲ ਜੋ ਪਾਇਆ ਸੀ, ਉਹ ਵੰਡ ਦਿਤਾ। ਆਪਣੇ ਕੋਲ ਕੁਝ ਵੀ ਨਾ ਰਖਿਆ। ਅਜੇਹੇ ਦੋ ਬੋਧਿਸੱਤਵਾਂ ਦੀ ਕਥਾ ਚੀਨ ਅਤੇ ਜਪਾਨ ਵਿਚ ਹੈ।

ਇਹ ਸੂਤਰ ਕਹਿੰਦਾ ਹੈ ਕਿ ਕੀ ਤੂੰ ਵੀ ਉਹਨਾਂ ਜੇਤੇ ਬੋਧਿਸੱਤਵਾਂ ਵਾਂਗ ਆਪਣੇ ਅਨੰਦ ਨੂੰ, ਆਪਣੀ ਸਮਾਧੀ ਨੂੰ, ਆਪਣੀ ਸੂਝ ਨੂੰ ਵੰਡ ਨਹੀਂ ਦੇਵੇਂਗਾ। ਤੈਨੂੰ ਖਿਲਾਰ ਦੇਣਾ ਪਏਗਾ, ਜੇ ਤੂੰ ਚਾਹੁੰਦਾ ਹੈਂ ਕਿ ਤੂੰ ਵੀ ਬੁੱਧਾਂ ਦਾ ਸਹਿਯੋਗੀ ਅਤੇ ਸਾਥੀ ਹੋ ਸਕੇਂ।

'ਜਾਣ ਕਿ ਅਤਿ-ਮਨੁੱਖੀ ਗਿਆਨ ਅਤੇ ਦੇਵ-ਸੂਝ ਦੀ ਇਸ ਧਾਰਾ ਨੂੰ, ਜਿਸਨੂੰ ਤੂੰ ਕਮਾਇਆ ਹੈ, ਆਪਣੇ-ਆਪ ਤੋਂ, ਆਲਯ (ਪਰਮਾਤਮਾ) ਦੀ ਨਹਿਰ ਦੇ ਦੁਆਰਾ, ਦੂਜੀ ਨਦੀ ਵਿਚ ਪ੍ਰਵਾਹਤ ਕਰ ਦੇਣਾ ਹੈ।'

ਇਹ ਜੋ ਤੈਨੂੰ ਮਿਲਿਆ ਹੈ, ਉਸਨੂੰ ਪ੍ਰਵਾਹ ਦੇਣਾ ਹੈ। ਉਸਨੂੰ ਰੋਕ ਨਹੀਂ ਲੈਣਾ ਆਪਣੇ ਲਈ।

'ਓ ਗੁੰਝੇ-ਰਾਹ ਦੇ ਯਾਤਰੀ, ਨਾਰਜੋਲ (ਸਿੱਧ), ਜਾਣ ਕਿ ਇਸਦੇ ਸ਼ੁੱਧ ਤੇ ਤਾਜ਼ੇ ਜਲ ਨਾਲ ਸਮੁੰਦਰ ਦੀਆਂ ਤਿੱਖੀਆਂ ਲਹਿਰਾਂ ਨੂੰ-ਉਸ ਸ਼ੋਕ ਸਮੁੰਦਰ ਦੀਆਂ ਖਾਰੀਆਂ ਲਹਿਰਾਂ ਨੂੰ, ਜੋ ਮਨੁੱਖ ਦੇ ਹੰਝੂਆਂ ਤੋਂ ਬਣਿਆ ਹੈ-ਮਿੱਠਾ ਬਣਾਉਣਾ ਹੈ।'

ਸਾਰਾ ਜਗਤ ਇਕ ਖਾਰਾ ਸਮੁੰਦਰ ਹੈ-ਲੋਕਾਂ ਦੇ ਹੰਝੂਆਂ ਤੇ ਪੀੜਾਂ ਤੋਂ ਬਣਿਆ। ਕੀ ਤੂੰ ਇਸ ਖਾਰੇ ਸਮੁੰਦਰ ਦੀ ਫਿਕਰ ਛਡ ਦੇਵੇਂਗਾ? ਅਤੇ ਇਸ ਦੁਖ ਨਾਲ ਭਰੇ ਲੋਕਾਂ ਦੇ ਸੰਸਾਰ ਵਲ ਬਿਲਕੁਲ ਪਿੱਠ ਕਰ ਲਵੇਂਗਾ? ਕਿਉਂਕਿ ਤੈਨੂੰ ਅਨੰਦ ਮਿਲ ਗਿਆ, ਤਾਂ ਕੀ ਤੂੰ ਸੋਚਦਾ ਹੈਂ, ਸਭ ਨੂੰ ਅਨੰਦ ਮਿਲ ਗਿਆ? ਕੀ ਹੋਰਨਾਂ ਦੀ ਪੀੜ ਤੈਨੂੰ ਨਹੀਂ ਛੋਹੇਗੀ? ਅਤੇ ਤੈਨੂੰ ਦਿਖਾਈ ਨਹੀਂ ਪਏਗਾ ਕਿ ਜਿਵੇਂ ਸਮੁੰਦਰ ਲੋਕਾਂ ਦੇ ਹੰਝੂਆਂ ਨਾਲ ਭਰਿਆ ਹੋਵੇ, ਅਜੇਹਾ ਇਹ ਸੰਸਾਰ ਹੈ? ਕੀ ਤੂੰ ਆਪਣੇ ਪਵਿੱਤਰ ਜਲ ਨਾਲ ਇਸ ਸਾਗਰ ਦੀਆਂ ਲਹਿਰਾਂ ਨੂੰ ਮਿੱਠਾ ਨਹੀਂ ਬਣਾਏਂਗਾ?

'ਆਹ, ਜਦ ਤੂੰ ਇਕ ਵਾਰ ਉਸ ਸਭ ਤੋਂ ਉੱਚੇ ਅਕਾਸ਼ ਦਾ ਧਰੂੰ ਤਾਰਾ ਬਣ ਗਿਆ ਹੈਂ, ਤਦ ਉਸ ਸਵਰਗੀ ਨੂਰ-ਮੰਡਲ ਨੂੰ ਖ਼ਲਾਅ ਦੀ ਗਹਿਰਾਈਆਂ ਤੋਂ, ਆਪਣੇ ਸਿਵਾਇ ਸਭ ਦੇ ਲਈ ਖਿਲਾਰਨਾ ਹੈ। ਪ੍ਰਕਾਸ਼ ਸਭ ਨੂੰ ਦੇ, ਕਿਸੇ ਤੋਂ ਵੀ ਲੈ ਨਾ।'

ਅਤੇ ਜਦ ਕਿ ਤੂੰ ਧਰੂੰ ਤਾਰੇ ਦੀ ਤਰ੍ਹਾਂ ਹੋ ਗਿਆ ਅਤੇ ਉਚਾਈ ਦੇ ਆਖਰੀ ਸਿਖਰ 'ਤੇ ਪਹੁੰਚ ਗਿਆ, ਜਿਸਦੇ ਪਾਰ ਕੋਈ ਉਚਾਈ ਨਹੀਂ ਹੈ। ਜੋ ਵੀ ਤੂੰ ਪਾਣਾ ਸੀ, ਪਾ ਲਿਆ, ਅਤੇ ਜੋ ਵੀ ਤੂੰ ਹੋਣਾ ਸੀ, ਉਹ ਤੂੰ ਹੋ ਗਿਆ। ਹੁਣ ਤੇਰੇ ਲਈ ਨਾ ਪਾਣ ਨੂੰ ਕੁਝ ਹੈ, ਨਾ ਹੋਣ ਨੂੰ ਕੁਝ। ਕੀ ਤੂੰ ਹੁਣ ਇਸ ਵਿਚ ਹੀ ਖ਼ੁਦ ਨੂੰ ਲੀਨ ਕਰ ਲਵੇਂਗਾ? ਕੀ ਤੂੰ ਮੰਨ ਲਵੇਂਗਾ ਕਿ ਯਾਤਰਾ ਖ਼ਤਮ ਹੋ ਗਈ?

ਯਕੀਨਨ ਹੀ ਤੇਰੀ ਯਾਤਰਾ ਖ਼ਤਮ ਹੋ ਗਈ, ਪਰ ਹੋਰਨਾਂ ਦੀ ਯਾਤਰਾ ਬਾਕੀ ਰਹਿੰਦੀ ਹੈ। ਕੀ ਤੂੰ ਇਹਨਾਂ ਨੂੰ ਪ੍ਰਕਾਸ਼ ਦੇਣਾ ਨਹੀਂ ਚਾਹੇਂਗਾ? ਸ਼ੂੰਨਯ ਵਿਚ ਖੋਣ ਤੋਂ ਪਹਿਲਾਂ, ਮਹਾਂਸ਼ੂੰਨਯ ਵਿਚ ਮਿਲ ਜਾਣ ਦੇ ਪਹਿਲਾਂ, ਬ੍ਰਹਮ ਦੇ ਨਾਲ ਇਕ ਹੋ ਜਾਣ ਤੋਂ ਪਹਿਲਾਂ, ਕੀ ਤੂੰ ਅਟਕ ਨਹੀਂ ਜਾਏਂਗਾ ਦੁਆਰ 'ਤੇ ਹੀ, ਅਤੇ ਇਨਕਾਰ ਨਹੀਂ ਕਰ ਦੇਵੇਂਗਾ ਕਿ ਅਜੇ ਮੈਂ ਅੰਦਰ ਨਹੀਂ ਆਉਂਦਾ? ਕਿਉਂਕਿ ਅਜੇ ਬਾਹਰ ਭਟਕਦੇ ਹੋਏ ਲੋਕ ਹਨ, ਅਤੇ ਮੈਂ ਇਹਨਾਂ ਨੂੰ ਰਾਹ ਦੱਸ ਸਕਦਾ ਹਾਂ। ਕਿਉਂਕਿ ਰਾਹ ਮੈਂ ਦੁਆਰ ਤਕ ਦੇਖ ਲਿਆ ਹੈ। ਹੁਣ ਮੈਂ ਮੁੜ ਜਾਵਾਂਗਾ ਪਿਛੇ ਅਤੇ ਉਹਨਾਂ ਨੂੰ ਖ਼ਬਰ ਦੇਵਾਂਗਾ ਕਿ ਉਹ ਵੀ ਦੁਆਰ ਤਕ ਆ ਜਾਣ, ਦੁਆਰ ਦਾ ਮੈਨੂੰ ਪਤਾ ਹੈ।

ਅਤੇ ਜੇ ਦੁਆਰ ਦੇ ਅੰਦਰ ਕੋਈ ਦਾਖ਼ਲ ਹੋ ਜਾਵੇ, ਤਾਂ ਫਿਰ ਵਾਪਸ ਨਹੀਂ ਮੁੜ ਸਕਦਾ। ਕਿਉਂਕਿ ਦੁਆਰ ਦੇ ਅੰਦਰ ਪ੍ਰਵੇਸ਼ ਦਾ ਮਤਲਬ ਹੀ ਇਹ ਹੈ ਕਿ ਉਹ ਸਭ ਸਾਧਨ, ਜੋ ਸੰਸਾਰ ਵਿਚ ਕੰਮ ਆਉਂਦੇ ਸੀ, ਦੁਆਰ 'ਤੇ ਹੀ ਨਸ਼ਟ ਹੋ ਜਾਂਦੇ ਹਨ। ਦੁਆਰ ਤਕ ਸਾਰੀਆਂ ਚੀਜ਼ਾਂ ਬਾਕੀ ਬਚੀਆਂ ਰਹਿੰਦੀਆਂ ਹਨ, ਸ਼ੁੱਧ ਹੋ ਕੇ। ਇਹ ਆਖ਼ਰੀ ਮੌਕਾ ਹੈ, ਇਕ ਛਿਨ ਕੋਈ ਦੁਆਰ ਦੇ ਅੰਦਰ ਦਾਖ਼ਲ ਹੋਇਆ ਕਿ ਫਿਰ ਵਾਪਸ ਨਹੀਂ ਮੁੜ ਸਕਦਾ। ਦੁਆਰ 'ਤੇ ਹੀ ਠਹਿਰ ਜਾਣਾ ਹੋਵੇਗਾ।

'ਆਹ, ਜਦ ਤੂੰ ਇਕ ਵਾਰੀ ਪਰਬਤ ਦੀਆਂ ਘਾਟੀਆਂ ਵਿਚ ਸ਼ੁੱਧ ਕੋਰੇ ਜਿਹਾ ਹੋ ਗਿਆ ਹੈਂ, ਜੋ ਠੰਡਾ ਹੈ ਅਤੇ ਛੋਹ ਦੇ ਲਈ ਸੰਵੇਦਨ–ਸ਼ੂੰਨਯ ਹੈ, ਪਰ ਜੋ ਉਸਦੇ ਹਿਰਦੇ ਵਿਚ ਸੌਣ ਵਾਲੇ ਬੀਜ ਦੇ ਲਈ ਗਰਮ ਤੇ ਰਖਿਆਕਾਰੀ ਹੈ।'

...ਤੂੰ ਬਾਹਰ ਤੋਂ ਠੰਡਾ ਹੋ ਗਿਆ ਹੈਂ, ਸੀਤਲ, ਸ਼ੂੰਨਯ ਹੋ ਗਿਆ ਹੈਂ; ਪਰ ਅੰਦਰ ਤੇਰੇ ਕੋਲ ਇਕ ਬੀਜ ਹੈ ਮਹਾਂਸੁਖ ਦਾ, ਤਾਂ ਉਸਦੇ ਲਈ ਤੂੰ ਬਹੁਤ ਗਰਭ ਹੈਂ, ਨਿੱਘਾ ਹੈਂ, ਉਸਨੂੰ ਤੂੰ ਬਚਾਇਆ ਹੋਇਐ ਆਪਣੇ ਹਿਰਦੇ ਵਿਚ।

'ਤਦ ਉਸ ਕੋਰੇ ਨੂੰ ਆਪਣੀਆਂ ਹੀ ਹੱਡੀਆਂ ਨੂੰ ਛੇਕਣ ਵਾਲੀਆਂ ਉੱਤਰ ਦੀਆਂ ਬਰਫ਼ਬਾਰੀਆਂ ਨੂੰ ਪੀ ਜਾਣਾ ਹੋਵੇਗਾ, ਤਾਂ ਜੋ ਉਹਨਾਂ ਦੇ ਤਿੱਖੇ ਤੇ ਨਿਰਦਈ ਦੰਦਾਂ ਤੋਂ ਧਰਤੀ ਦੀ ਰਖਿਆ ਕੀਤੀ ਜਾ ਸਕੇ। ਉਸੇ ਧਰਤੀ ਵਿਚ ਉਹ ਫ਼ਸਲ ਛੁਪੀ ਪਈ ਹੈ, ਜਿਸ ਤੋਂ ਭੁੱਖਿਆਂ ਨੂੰ ਭੋਜਨ ਮਿਲੇਗਾ।'

ਤੂੰ ਆਪਣੇ ਲਈ ਤਾਂ ਸ਼ਾਂਤ ਤੇ ਸ਼ੂੰਨਯ ਹੋ ਗਿਆ ਹੈਂ ਕੋਰੇ ਵਾਂਗ, ਪਰ ਤੈਨੂੰ ਬੀਜਾਂ ਨੂੰ ਘੇਰ ਲੈਣਾ ਹੋਵੇਗਾ, ਅਤੇ ਉਹਨਾਂ ਦੇ ਲਈ ਤਪਿਆ ਰਹਿਣਾ ਹੋਵੇਗਾ। ਅਤੇ ਉਹਨਾਂ ਤਕ ਨਾ ਪਹੁੰਚਿਆ, ਤਾਂ ਉਹ ਭੁੱਖੇ ਪਏ ਹਨ, ਉਹ ਭੁੱਖੇ ਹਨ, ਉਹ ਜਨਮਾਂ–ਜਨਮਾਂ ਤੋਂ ਭੁੱਖੇ ਹਨ ਇਸ ਭੋਜਨ ਦੇ ਲਈ, ਜੋ ਤੇਰੇ ਹੱਥ ਵਿਚ ਹੈ, ਅਤੇ ਤੂੰ ਵੰਡ ਸਕਦਾ ਹੈਂ।

ਇਹ ਸੂਤਰ ਬੋਧਿਸੱਤਵ ਮਾਰਗ ਦਾ ਸੂਤਰ ਹੈ। ਵਾਜਬ ਹੈ ਕਿ ਕੋਈ ਗਿਆਨ ਦੇ ਉਸ ਮਹਾਂਸਾਗਰ ਦੇ ਕੰਢੇ ਖਲੋ ਕੇ ਨਾ ਖੋਵੇ, ਪਰਤ ਆਵੇ। ਲੇਕਿਨ ਫਿਰ ਵੀ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਜੋ ਤੁਹਾਡੇ ਲਈ ਸਹਿਜ ਹੋਵੇ, ਸੁਭਾਵਕ ਹੋਵੇ, ਉਹੀ ਵਾਜਬ ਹੈ। ਇਹ ਬਲਾਵਟਸਕੀ ਦੀ ਚਾਹਨਾ ਮਿੱਠੀ ਹੈ, ਪਿਆਰੀ ਹੈ, ਸੁਖਾਵੀਂ ਹੈ ਕਿ ਕੋਈ ਪਰਤ ਆਵੇ, ਅਤੇ ਵੰਡ ਦੇਵੇ। ਐਪਰ ਜਿਹੜਾ ਪਰਤ ਸਕਦਾ ਹੈ, ਉਹੀ ਪਰਤਦਾ ਹੈ; ਜਿਹੜਾ ਨਹੀਂ ਪਰਤ ਸਕਦਾ, ਉਹ ਨਹੀਂ ਪਰਤਦਾ। ਇਹ ਗੱਲ ਵੀ ਉਸੇ ਨੂੰ ਜਚੇਗੀ ਮਨ ਵਿਚ, ਜਿਹੜਾ ਪਰਤ ਸਕਦਾ ਹੈ। ਇਹ ਗੱਲ ਉਸਨੂੰ ਨਹੀਂ ਜਚੇਗੀ ਮਨ ਵਿਚ, ਜਿਹੜਾ ਪਰਤ ਨਹੀਂ ਸਕਦਾ। ਇਸ ਤੋਂ ਭਾਵ ਤਾਂ ਪਤਾ ਲਗਦਾ ਹੈ—ਕਿ ਸੁਖਾਵਾਂ ਹੈ; ਪਿਛੇ ਸੰਸਾਰ 'ਚ ਇੰਨੇ ਲੋਕ ਦੁਖੀ ਹਨ ਤੇ ਪੀੜਤ ਹਨ, ਉਥੋਂ ਤਕ ਜਾਣਾ ਜ਼ਰੂਰੀ ਹੈ। ਲੇਕਿਨ ਖ਼ੁਦ ਬੁੱਧ ਨੂੰ ਅਜੇਹਾ ਹੋਇਆ ਸੀ।

ਬੁੱਧ ਨੂੰ ਸਮਾਧੀ ਹਾਸਲ ਹੋਈ, ਉਹ ਪਰਮ–ਦੁਆਰ 'ਤੇ ਖੜ੍ਹੇ ਹੋ ਗਏ, ਸੱਤ ਦਿਨਾਂ ਤਕ ਮੌਨ ਰਹੇ ! ਮਿੱਠੀ ਕਥਾ ਹੈ ਇੰਦਰ ਅਤੇ ਬ੍ਰਹਮਾ ਉਹਨਾਂ ਦੇ ਚਰਨਾਂ 'ਚ ਆਣ ਡਿਗੇ, ਦੇਵਤੇ ਉਹਨਾਂ ਕੋਲ ਭੀੜ ਲਾ ਕੇ ਸ਼ੋਰਗੁਲ ਕਰਨ ਲਗੇ ਅਤੇ

ਪ੍ਰਾਰਥਨਾ ਕਰਨ ਲਗੇ ਕਿ ਤੁਸੀਂ ਉਠੋ ਤੇ ਬੋਲੋ। ਕਿਉਂਕਿ ਜਿਸ ਗਿਆਨ ਨੂੰ ਸੁਣਨ ਦੇ ਲਈ ਸਦੀਆਂ-ਸਦੀਆਂ ਤੋਂ ਲੋਕ ਉਡੀਕ ਕਰ ਰਹੇ ਹਨ ਉਹ ਤੈਨੂੰ ਮਿਲ ਗਿਆ, ਹੁਣ ਤੂੰ ਚੁੱਪ ਕਿਉਂ ਹੈਂ? ਹੁਣ ਤੂੰ ਬੋਲ, ਅਤੇ ਦੱਸ ਦੇ ਤੂੰ ਕੀ ਪਾ ਲਿਆ ਹੈ?

ਬ੍ਰਹਮਾ ਵੀ, ਇੰਦਰ ਵੀ ਉਹੋ-ਜਿਹੇ ਹੀ ਪਿਆਸੇ ਹਨ। ਪੂਰਾ ਵਜੂਦ ਪਿਆਸਾ ਹੈ-ਇਸ ਜੀਵਨ ਦੇ ਪਰਮ-ਰਹੱਸ ਨੂੰ ਜਾਣ ਲੈਣ ਦੇ ਲਈ। ਤੈਨੂੰ ਪਤਾ ਲਗ ਗਿਆ-ਦੱਸ, ਅਸੀਂ ਵੀ ਉਸਨੂੰ ਜਾਣ ਲਈਏ।

ਬੁੱਧ ਨੇ ਕਿਹਾ, ਕੋਈ ਸਾਰ ਨਹੀਂ। ਕੋਈ ਸਾਰ ਨਹੀਂ ਹੈ ਦੱਸਣ ਵਿਚ। ਕਿਉਂਕਿ ਜੋ ਮੈਂ ਜਾਣਿਆ ਹੈ, ਇਕ ਤਾਂ ਉਹ ਕਹਿ ਕੇ ਦੱਸਿਆ ਨਹੀਂ ਜਾ ਸਕੇਗਾ। ਅਤੇ ਜੇ ਮੈਂ ਅਣਥੱਕ ਚੇਸ਼ਟਾ ਕਰਕੇ ਕਿਹਾ ਵੀ, ਤਾਂ ਉਸਨੂੰ ਸਿਰਫ ਉਹ ਹੀ ਲੋਕ ਸਮਝ ਸਕਣਗੇ, ਜਿਹੜੇ ਮੇਰੇ ਬਿਨਾਂ ਕਹੇ ਵੀ ਉਸਨੂੰ ਜਾਣ ਲੈ ਸਕਦੇ ਹਨ। ਜਿਹੜੇ ਮੇਰੇ ਬਿਨਾਂ ਕਹੇ ਉਸਨੂੰ ਜਾਣ ਨਹੀਂ ਸਕਦੇ, ਉਹ ਸਮਝ ਨਹੀਂ ਸਕਣਗੇ, ਇਸਲਈ ਕਹਿਣ ਵਿਚ ਸਾਰ ਕੀ ਹੈ? ਜਿਹੜੇ ਮੇਰੇ ਬਿਨਾਂ ਵੀ ਪਹੁੰਚ ਜਾਣਗੇ, ਉਹੀ ਸਿਰਫ ਸਮਝ ਸਕਣਗੇ। ਗੱਲ ਅਜੇਹੀ ਜਟਲ ਹੈ। ਅਤੇ ਉਹਨਾਂ ਨੂੰ ਦੱਸਣ ਦਾ ਕੋਈ ਅਰਥ ਨਹੀਂ ਹੈ, ਕਿਉਂਕਿ ਉਹ ਪਹੁੰਚ ਹੀ ਜਾਣਗੇ, ਦਿਨ-ਦੋ-ਦਿਨ ਦੀ ਦੇਰ ਲਗੇਗੀ। ਮੈਨੂੰ ਵਿਅਰਥ ਕਸ਼ਟ ਵਿਚ ਨਾ ਪਾਵੋ। ਅਤੇ ਜਿਹੜੇ ਮੇਰੇ ਬਿਨਾਂ ਨਹੀਂ ਪਹੁੰਚ ਸਕਦੇ, ਉਹ ਮੇਰੀ ਗੱਲ ਸਮਝ ਹੀ ਨਹੀਂ ਸਕਣਗੇ। ਇਸਲਈ ਕਿਸਨੂੰ ਮੈਂ ਕਹਾਂ?

ਦੇਵਤੇ ਉਦਾਸ ਹੋ ਗਏ, ਉਹਨਾਂ ਦੀਆਂ ਅੱਖਾਂ 'ਚ ਉਦਾਸੀ ਛਾ ਗਈ। ਤਰਕ ਠੀਕ ਸੀ, ਉਸਨੂੰ ਝੂਠਾ ਨਹੀਂ ਪਾਇਆ ਜਾ ਸਕਦਾ ਸੀ। ਫਿਰ ਉਹਨਾਂ ਨੇ ਵਿਚਾਰ-ਵਟਾਂਦਰਾ ਕੀਤਾ ਆਪਸ ਵਿਚ ਕਿ ਕਿਸ ਤਰ੍ਹਾਂ ਅਸੀਂ ਬੁੱਧ ਨੂੰ ਮਨਾਈਏ। ਫਿਰ ਉਹ ਇਕ ਤਰਕ ਲਭ ਕੇ ਲਿਆਏ। ਅਤੇ ਤਰਕ ਕੀਮਤੀ ਸੀ, ਅਤੇ ਬੁੱਧ ਨੂੰ ਮੰਨ ਲੈਣਾ ਪਿਆ।

ਉਹਨਾਂ ਨੇ ਕਿਹਾ : ਅਸੀਂ ਤੁਹਾਡੇ ਨਾਲ ਸਹਿਮਤ ਹਾਂ। ਸੌ 'ਚੋਂ ਬਹੁਤੇ ਲੋਕ ਅਜੇਹੇ ਹੀ ਹਨ, ਜਿਹੜੇ ਤੁਹਾਡੀ ਗੱਲ ਸਮਝ ਨਹੀਂ ਸਕਣਗੇ, ਉਹਨਾਂ ਨੂੰ ਕਹਿਣਾ ਫਜ਼ੂਲ ਹੈ, ਅਸੀਂ ਮੰਨਦੇ ਹਾਂ। ਸੌ 'ਚੋਂ ਥੋੜ੍ਹੇ-ਜਿਹੇ ਦੋ-ਚਾਰ ਅਜੇਹੇ ਹਨ, ਜਿਹੜੇ ਤੁਹਾਡੇ ਬਿਨਾਂ ਵੀ ਸਮਝ ਲੈਣਗੇ, ਉਹਨਾਂ ਨੂੰ ਵੀ ਫਜ਼ੂਲ ਹੈ। ਲੇਕਿਨ ਸੌ 'ਚੋਂ ਇਕ-ਅੱਧਾ ਅਜੇਹਾ ਵੀ ਹੈ, ਜੋ ਦੋਹਾਂ ਦੇ ਮੱਧ ਵਿਚ ਖੜ੍ਹਾ ਹੈ, ਜਿਸਨੂੰ ਤੁਸੀਂ ਨਹੀਂ ਦੱਸੋਗੇ, ਤਾਂ ਉਹ ਜਨਮਾਂ-ਜਨਮਾਂ ਤੀਕ ਭਟਕ ਜਾਏਗਾ। ਅਤੇ ਜਿਸਨੂੰ ਤੁਸੀਂ ਦੱਸੋਗੇ, ਤਾਂ ਉਹ ਪਹੁੰਚ ਵੀ ਸਕਦਾ ਹੈ। ਜੋ ਬਿਲਕੁਲ ਕੰਢੇ 'ਤੇ ਆਣ ਖਲੋਤਾ ਹੈ, ਜਿਸਨੂੰ ਜ਼ਰਾ-ਕੁ ਧੱਕੇ ਦੀ ਲੋੜ ਹੈ। ਊਠ ਉੱਤੇ ਆਖਰੀ ਤੀਲਾ ਹੈ, ਬੈਠਣ ਦੇ ਕਰੀਬ ਹੈ, ਬਸ ਆਖਰੀ ਤੀਲੇ ਦਾ ਬੋਝ ਨਾ ਮਿਲਿਆ, ਤਾਂ ਹੋ ਸਕਦਾ ਹੈ ਜਨਮਾਂ ਤੀਕ ਭਟਕ ਜਾਵੇ, ਤੁਸੀਂ ਉਸ ਇਕ ਦੇ ਲਈ ਬੋਲੋ।

ਗੱਲ ਠੀਕ ਲਗੀ ਬੁੱਧ ਨੂੰ ਕਿ ਜੇ ਇਹ ਦੋਨੋਂ ਹਨ ਤਾਂ ਇਹਨਾਂ ਦੇ ਦਰਮਿਆਨ ਵਿਚ ਕੋਈ ਨਾ ਕੋਈ ਜ਼ਰੂਰ ਹੋਵੇਗਾ। ਜਿਥੇ ਦੋ ਹੁੰਦੇ ਹਨ, ਉਥੇ ਤੀਜਾ ਵੀ ਹੁੰਦਾ ਹੀ ਹੈ। ਦੋਹਾਂ ਦੇ ਵਿਚਾਲੇ ਕੋਈ ਮੱਧ ਵਿਚ ਖੜ੍ਹਾ ਹੀ ਹੋਵੇਗਾ। ਉਹ ਦਰਮਿਆਨਾ

ਤਬਕਾ ਜੋ ਹੈ, ਉਸਦੇ ਲਈ ਬੋਲੇ। ਇਸਲਈ ਬੁੱਧ ਬੋਲੇ।

ਇਹ ਜੋ ਛਿਨ ਹੈ ਸਮਾਧੀ–ਸਥਿਤ ਹਾਲਤ ਦਾ, ਉਸ ਛਿਨ ਵਿਚ ਹਰੇਕ ਨੂੰ ਅਜੇਹਾ ਲਗਦਾ ਹੈ ਕਿ ਹੁਣ ਕੀ ਸਾਰ ਹੈ—ਕੀ ਕਹਿਣਾ, ਕੀ ਸੁਣਨਾ, ਕਿਸਨੂੰ ਦੱਸਣਾ? ਹੁਣ ਮੈਨੂੰ ਮਿਲ ਗਿਆ, ਗੂੰਗੇ ਦਾ ਗੁੜ, ਉਸਦਾ ਸੁਆਦ ਲੈਣਾ, ਅਤੇ ਸੁਆਦ ਵਿਚ ਹੀ ਖੋ ਜਾਣਾ।

ਇਹ ਸੂਤਰ ਕਹਿੰਦਾ ਹੈ : ਉਸ ਸਮੇਂ ਸਾਵਧਾਨੀ ਵਰਤਣਾ। ਜੋ ਮਹਾਂਸ਼ਕਤੀ ਮਿਲੀ ਹੈ, ਜੇਕਰ ਉਪਯੋਗ ਆ ਸਕੇ, ਤਾਂ ਇਸਨੂੰ ਵੰਡਣਾ। ਇਸਦਾ ਸਰੋਵਰ ਨਾ ਬਣਾਉਣਾ; ਇਸਨੂੰ ਇਕ ਵਗਦਾ ਪ੍ਰਵਾਹ ਬਣਾ ਦੇਣਾ।

ਸੋਲਵਾਂ ਪ੍ਰਵਚਨ

ਅਜੇਹਾ ਹੈ ਆਰੀਆ ਮਾਰਗ

ਅਤੇ ਜੇ ਤੂੰ ਸੱਤਵਾਂ ਦੁਆਰ ਵੀ ਪਾਰ ਕਰ ਗਿਆ, ਤਾਂ ਕੀ ਤੈਨੂੰ ਆਪਣੇ ਭਵਿੱਖ ਦਾ ਪਤਾ ਹੈ? ਆਉਣ ਵਾਲੇ ਕਲਪਾਂ[9] ਵਿਚ ਸ੍ਵੈਇੱਛਿਆ ਨਾਲ ਜੀਣ ਦੇ ਲਈ ਤੂੰ ਪਾਬੰਦ ਹੋਵੇਂਗਾ, ਲੇਕਿਨ ਮਨੁੱਖਾਂ ਦੁਆਰਾ ਨਹੀਂ ਦੇਖਿਆ ਜਾਏਂਗਾ, ਅਤੇ ਨਾ ਉਹਨਾਂ ਦਾ ਧੰਨਵਾਦ ਹੀ ਤੈਨੂੰ ਮਿਲੇਗਾ। ਅਤੇ ਅਭਿਭਾਵਕ ਦੁਰਗ[10] ਨੂੰ ਬਨਾਉਣ ਵਾਲੇ ਅਣ–ਗਿਣਤ ਪੱਥਰਾਂ ਦੇ ਦਰਮਿਆਨ ਤੂੰ ਵੀ ਇਕ ਪੱਥਰ ਬਣ ਕੇ ਜੀਵੇਂਗਾ। ਕਰੁਣਾ ਦੇ ਅਨੇਕਾਂ ਗੁਰੂਆਂ ਦੁਆਰਾ ਉੱਸਰਿਆ ਉਹਨਾਂ ਦੀਆਂ ਯਾਤਨਾਵਾਂ ਦੇ ਸਹਾਰੇ ਉਪਰ ਉਠਿਆ ਅਤੇ ਉਹਨਾਂ ਦੇ ਰੱਤ ਨਾਲ ਜੁੜਿਆ ਇਹ ਕਿਲਾ ਮਨੁੱਖ ਜਾਤੀ ਦੀ ਰਖਿਆ ਕਰਦਾ ਹੈ। ਕਿਉਂਕਿ ਮਨੁੱਖ ਮਨੁੱਖ ਹੈ, ਇਸਲਈ ਇਹ ਉਸਨੂੰ ਭਾਰੀ ਬਿਪਤਾਵਾਂ ਅਤੇ ਸ਼ੋਕ ਤੋਂ ਬਚਾਉਂਦਾ ਹੈ।

ਨਾਲ ਹੀ, ਕਿਉਂਕਿ ਮਨੁੱਖ ਇਸਨੂੰ ਨਹੀਂ ਦੇਖਦਾ ਹੈ, ਇਸਲਈ ਉਹ ਨਾ ਛੋਹ ਸਕਦਾ ਹੈ ਤੇ ਨਾ ਸੁਭ ਦੀ ਅਵਾਜ ਨੂੰ ਸੁਣ ਸਕਦਾ ਹੈ... ਕਿਉਂਕਿ ਉਹ ਜਾਣਦਾ ਹੀ ਨਹੀਂ ਹੈ।

ਲੇਕਿਨ ਓ ਜਿਗਿਆਸੂ, ਨਿਰਦੋਸ਼ ਆਤਮਵਾਲੇ ਤੂੰ ਤਾਂ ਇਸਨੂੰ ਸੁਣਿਆ ਹੈ ਅਤੇ ਤੂੰ ਤਾਂ ਸਭ–ਕੁਝ ਜਾਣਦਾ ਹੈਂ... ਇਸਲਈ ਤੂੰ ਨਿਰਨਾ ਕਰਨਾ ਹੈ, ਇਸਲਈ ਇਕ ਵਾਰ ਫਿਰ ਤੋਂ ਸੁਣ।

ਹੇ ਸੋਵਾਨ ਦੇ ਮਾਰਗ, ਹੇ ਸ੍ਰੋਤਾਪੰਨ,[11] ਤੂੰ ਸੁਰਖਿਅਤ ਹੈਂ। ਦੇਖ, ਉਸ ਰਾਹ 'ਤੇ ਜਿਥੇ ਥੱਕੇ ਹੋਏ ਯਾਤਰੀ ਨੂੰ ਹਨੇਰੇ ਦਾ ਸਾਹਮਣਾ ਕਰਨਾ ਹੁੰਦਾ ਹੈ, ਜਿਥੇ ਕੰਡਿਆਂ ਨਾਲ ਛੇਕੇ ਜਾ ਕੇ ਹੱਥ ਲਹੂ–ਲੁਹਾਣ ਹੋ ਜਾਂਦੇ ਹਨ, ਜਿਥੇ ਪੈਰ ਤਿੱਖੇ ਤੇ ਕਠੋਰ ਪੱਥਰਾਂ ਨਾਲ ਕੱਟੇ–ਵੱਢੇ ਜਾਂਦੇ ਹਨ, ਅਤੇ ਜਿਥੇ 'ਕਾਮ' ਆਪਣੇ ਸ਼ਕਤੀਸ਼ਾਲੀ ਸ਼ਸਤਰ ਚਲਾਉਂਦਾ ਹੈ, ਉਥੇ ਜਰਾ–ਕੁ ਦੂਰੀ ਹੀ ਪਾਰ ਕਰ ਇਕ ਵਡਾ ਵਰਦਾਨ, ਮਹਾਨ–ਪੁਰਸਕਾਰ ਤੇਰੀ ਉਡੀਕ ਕਰ ਰਿਹਾ ਹੈ।

ਉਹ ਸ਼ਾਂਤ ਅਤੇ ਅਣਕੰਬ ਯਾਤਰੀ ਇਸ ਧਾਰਾ 'ਤੇ ਵਹਿੰਦਾ ਚਲਦਾ ਹੈ, ਜੋ ਨਿਰਵਾਣ ਨੂੰ ਚਲੀ ਜਾਂਦੀ ਹੈ। ਉਹ ਜਾਣਦਾ ਹੈ ਕਿ ਜਿੰਨਾ ਹੀ ਉਸਦੇ ਪੈਰ ਖ਼ੂਨ ਉਗਲਣਗੇ, ਉੰਨਾ ਹੀ ਉਹ ਖ਼ੁਦ ਧੋ ਹੋ ਕੇ ਸਾਫ਼–ਸੁਥਰਾ ਹੋ ਜਾਏਗਾ। ਉਹ ਭਲੀ–ਭਾਂਤ ਜਾਣਦਾ ਹੈ ਕਿ ਸੱਤ ਛੋਟੇ–ਛੋਟੇ ਅਤੇ ਛਿਨਭੰਗਰ ਜਨਮਾਂ ਦੇ ਬਾਅਦ ਉਸਦਾ ਨਿਰਵਾਣ ਹੈ...

ਅਜੇਹਾ ਹੈ ਧਿਆਨ ਦਾ ਰਾਹ, ਜੋ ਯੋਗੀਆਂ ਦਾ ਆਸ਼ਰਮ ਹੈ ਅਤੇ ਜਿਸ ਅਪੂਰਵ ਟੀਚੇ ਦੇ ਲਈ ਸ੍ਰੋਤਾਪੰਨ ਲਲਚਾਇਆ ਹੋਇਆ ਹੈ।

ਲੇਕਿਨ, ਜਦ ਉਸਨੇ ਅਰਹਤਾਂ[12] ਦਾ ਰਾਹ ਪਾਰ ਕਰ ਲਿਆ ਤਦ ਕੋਈ ਲਾਲਸਾ ਨਹੀਂ ਹੈ।

ਉਥੇ ਸਦਾ ਲਈ ਕਲੇਸ਼[13] ਮਿਟ ਜਾਂਦਾ ਹੈ ਅਤੇ ਤਨਹਾਂ[14] ਦੀਆਂ ਜੜ੍ਹਾਂ ਉਖੜ ਜਾਂਦੀਆਂ ਹਨ। ਔਪਰ, ਓ ਸ਼ਿੱਸ਼, ਰੁਕ... ਅਜੇ ਵੀ ਇਕ ਹੋਰ ਸ਼ਬਦ ਕਹਿਣਾ ਬਾਕੀ ਹੈ। ਕੀ ਤੂੰ ਰੱਬੀ ਕਰੁਣਾ ਨੂੰ ਮਿਟਾ ਸਕਦਾ ਹੈਂ? ਕਰੁਣਾਂ[15] ਕੋਈ

ਸਦਗੁਣ ਨਹੀਂ ਹੈ। ਇਹ ਨਿਯਮਾਂ ਦਾ ਨਿਯਮ ਹੈ—ਸਦੀਵੀਂ ਲੈਅਬੱਧਤਾ, ਆਲਯ ਦੀ ਆਤਮਾ। ਇਸਨੂੰ ਹੀ ਤਟਹੀਣ ਸੰਸਾਰਕ ਤੱਤ, ਨਿੱਤਯ ਸੱਮਯਕਤ੍ਰ ਦੀ ਪ੍ਰਭਾ, ਸਾਰੀਆਂ ਵਸਤਾਂ ਦਾ ਕੌਸ਼ਲ ਅਤੇ ਕਦੀਮੀ ਪ੍ਰੇਮ ਦਾ ਵਿਧਾਨ ਕਹਿੰਦੇ ਹਨ।

ਜਿੰਨਾ ਤੂੰ ਇਸਦੇ ਨਾਲ ਇਕਾਤਮ ਹੁੰਦਾ ਹੈਂ, ਉੱਨਾ ਹੀ ਇਸਦੇ ਵਜੂਦ ਵਿਚ ਤੇਰਾ ਵਜੂਦ ਘੁਲਮਿਲ ਜਾਂਦਾ ਹੈ, ਜਿੰਨਾ ਹੀ ਤੂੰ ਇਸਦੇ ਨਾਲ ਇਕ ਹੁੰਦਾ ਹੈਂ—ਜੋ ਹੈ—ਉੱਨਾ ਹੀ ਤੂੰ ਖ਼ੁਦ ਮੁਕੰਮਲ ਕਰੁਣਾ ਬਣ ਜਾਏਂਗਾ।

ਅਜੇਹਾ ਹੈ ਆਰੀਆ ਮਾਰਗ—ਪੂਰਨਤਾ ਦੇ ਬੁੱਧਾਂ ਦਾ ਮਾਰਗ।

●

ਅਤੇ ਜੇ ਤੂੰ ਸੱਤਵਾਂ ਦੁਆਰ ਵੀ ਪਾਰ ਕਰ ਗਿਆ, ਤਾਂ ਕੀ ਤੈਨੂੰ ਆਪਣੇ ਭਵਿੱਖ ਦਾ ਪਤਾ ਹੈ? ਆਉਣ ਵਾਲੇ ਕਲਪਾਂ ਵਿਚ ਸ੍ਵੈਇੱਛਿਆ ਨਾਲ ਜੀਣ ਦੇ ਲਈ ਤੂੰ ਪਾਬੰਦ ਹੋਵੇਂਗਾ, ਲੇਕਿਨ ਮਨੁੱਖਾਂ ਦੁਆਰਾ ਨਹੀਂ ਦੇਖਿਆ ਜਾਏਂਗਾ, ਅਤੇ ਨਾ ਉਹਨਾਂ ਦਾ ਧੰਨਵਾਦ ਤੈਨੂੰ ਮਿਲੇਗਾ।'

ਬੋਧਿਸੱਤਵ ਦੀ ਜੋ ਹਾਲਤ ਹੈ ਉਸਨੂੰ ਸਮਝਣਾ, ਤਾਂ ਇਹ ਸੂਤਰ ਸਮਝ ਵਿਚ ਆਏਗਾ।

ਬੋਧਿਸੱਤਵ ਸਰੀਰ ਤੋਂ ਮੁਕਤ ਹੋ ਜਾਂਦਾ ਹੈ। ਜਗਤ ਉਸਨੂੰ ਦੇਖ ਨਹੀਂ ਪਾਂਦਾ, ਪਰ ਉਹ ਜਗਤ ਨੂੰ ਦੇਖ ਸਕਦਾ ਹੈ। ਜਗਤ ਉਸਨੂੰ ਸਮਝ ਨਹੀਂ ਪਾਂਦਾ, ਪਰ ਉਹ ਜਗਤ ਨੂੰ ਸਮਝ ਪਾਂਦਾ ਹੈ। ਅਤੇ ਜਗਤ ਨੂੰ ਪਤਾ ਨਹੀਂ ਕਿਨ੍ਹਿ ਉਪਾਵਾਂ ਨਾਲ ਉਹ ਸਹਾਇਤਾ ਵੀ ਪੁਜਾਉਂਦਾ ਹੈ। ਉਸਦਾ ਕੋਈ ਧੰਨਵਾਦ ਵੀ ਉਸਨੂੰ ਨਹੀਂ ਮਿਲਦਾ ਹੈ। ਮਿਲਣ ਦਾ ਕੋਈ ਕਾਰਨ ਵੀ ਨਹੀਂ, ਕਿਉਂਕਿ ਜਿਨ੍ਹਾਂ ਨੂੰ ਸਹਾਇਤਾ ਪੁਜਾਈ ਜਾਂਦੀ ਹੈ, ਉਹ ਉਸਨੂੰ ਦੇਖ ਵੀ ਨਹੀਂ ਸਕਦੇ ਹਨ।

ਇਹ ਸੂਤਰ ਕਹਿੰਦਾ ਹੈ : ਜੇ ਤੂੰ ਸੱਤਵਾਂ ਦੁਆਰ ਵੀ ਪਾਰ ਕਰ ਗਿਆ, ਤਾਂ ਫਿਰ ਇਕ ਧੰਨਵਾਦ ਰਹਿਤ ਕੰਮ ਵਿਚ ਤੈਨੂੰ ਪੈ ਜਾਣਾ ਪਏਗਾ। ਕੋਈ ਤੈਨੂੰ ਧੰਨਵਾਦ ਵੀ ਨਹੀਂ ਦੇਵੇਗਾ, ਕੋਈ ਜਾਣੇਗਾ ਵੀ ਨਹੀਂ ਕਿ ਤੂੰ ਕੀ ਕੀਤਾ, ਕੋਈ ਪਛਾਣੇਗਾ ਵੀ ਨਹੀਂ। ਕਿਤੇ ਲਿਪੀਬੱਧ ਵੀ ਨਹੀਂ ਹੋਵੇਗੀ ਤੇਰੀ ਗੱਲ। ਜੋ ਸਹਾਇਤਾ ਤੂੰ ਪੁਜਾਈ ਹੈ, ਉਸਨੂੰ ਤੂੰ ਹੀ ਜਾਣੇਗਾ; ਉਹ ਵੀ ਨਹੀਂ ਜਾਣਨਗੇ, ਜਿਨ੍ਹਾਂ ਨੂੰ ਸਹਾਇਤਾ ਪੁਜਾਈ ਗਈ।

ਸੁਭਾਵਕ ਤੌਰ 'ਤੇ ਅਜੇਹੇ ਕਰਮ ਵਿਚ ਕੋਈ ਤਦੇ ਉਲਝ ਸਕਦਾ ਹੈ, ਜਦ ਉਸਦੀ ਹਮੈਂ ਪੂਰੀ ਮਿਟ ਗਈ ਹੋਵੇ। ਹੰਕਾਰ ਤਾਂ ਇਕ ਹੀ ਗੱਲ ਵਿਚ ਉਤਸੁਕ ਹੁੰਦਾ ਹੈ ਕਿ ਮੈਂ ਜਾਣਿਆ ਜਾਵਾਂ, ਮੰਨਿਆ ਜਾਵਾਂ, ਕੋਈ ਧੰਨਵਾਦ ਸਵੀਕਾਰ ਕਰੇ, ਕੋਈ ਮਸ਼ਕੂਰ ਹੋਵੇ। ਬੋਧਿਸੱਤਵ ਦੀ ਅਵਸਥਾ ਤਾਂ ਹਾਸਲ ਹੁੰਦੀ ਹੈ ਹੰਕਾਰ ਦੇ ਮਿਟ ਜਾਣ ਤੋਂ ਬਾਅਦ। ਤਾਂ ਹੁਣ ਇਹ ਸਵਾਲ ਨਹੀਂ ਹੈ ਕਿ ਜਿਸਨੂੰ ਸਹਾਇਤਾ ਦਿਤੀ ਹੈ, ਉਹ ਧੰਨਵਾਦੀ ਹੋਵੇ। ਹੁਣ ਤਾਂ ਸਹਾਇਤਾ ਦੇਣਾ ਹੀ ਆਪਣੇ-ਆਪ ਵਿਚ ਕਾਫੀ ਹੈ। ਲੇਕਿਨ ਇਹ ਸੂਤਰ ਇਹ ਹੋਰ ਗੱਲ ਕਹਿੰਦਾ ਹੈ, ਜੋ ਬੜੀ ਅਜੀਬ ਅਤੇ ਵਿਰੋਧ-ਭਾਸੀ ਹੈ।

ਇਹ ਸੂਤਰ ਕਹਿੰਦਾ ਹੈ : ਆਉਣ ਵਾਲੇ ਕਲਪਾਂ ਵਿਚ ਸ੍ਵੈਇੱਛਿਆ ਨਾਲ ਜੀਣ ਦੇ ਲਈ ਤੂੰ ਪਾਬੰਦ ਹੋਵੇਂਗਾ।

ਇਹ ਬੜੀ ਉਲਟੀ ਗੱਲ ਹੈ—ਸ੍ਵੈਇੱਛਿਆ ਨਾਲ ਜੀਣ ਦੇ ਲਈ ਪਾਬੰਦ! ਤੈਨੂੰ ਕੋਈ ਮਜਬੂਰ ਨਹੀਂ ਕਰੇਗਾ ਕਿ ਤੂੰ ਬੋਧਿਸੱਤਵ ਬਣ; ਕੋਈ ਤੈਨੂੰ ਜੋਰਾ-ਜਬਰੀ ਨਹੀਂ ਕਰੇਗਾ ਕਿ ਤੂੰ ਮਨੁੱਖਾਂ ਦੀ ਸੇਵਾ ਵਿਚ ਲਗ, ਕਿ ਸੁੱਤੇ ਹੋਇਆਂ ਨੂੰ ਜਗਾ, ਕਿ ਭਟਕੇ ਹੋਇਆਂ ਨੂੰ ਰਾਹ 'ਤੇ ਲਿਆ; ਕੋਈ ਤੈਨੂੰ ਮਜਬੂਰ ਨਹੀਂ ਕਰੇਗਾ। ਤੂੰ ਚਾਹੇਂ ਤਾਂ ਖੋ ਸਕਦਾ ਹੈਂ ਮਹਾਂਸ਼ੂਨਯ ਵਿਚ; ਤੂੰ ਚਾਹੇਂ ਤਾਂ ਲਗ ਸਕਦਾ ਹੈਂ ਇਸ ਮਹਾਂਕਾਰਜ ਵਿਚ, ਮਹਾਂਕਰੁਣਾ ਦੇ ਕੰਮ ਵਿਚ। ਇਸਲਈ ਬੜੇ ਉਲਟੇ ਸ਼ਬਦਾਂ ਦੀ ਵਰਤੋਂ ਕੀਤੀ ਹੈ—ਸ੍ਵੈਇੱਛਿਆ ਨਾਲ ਜੀਣ ਨੂੰ ਪਾਬੰਦ ਹੋਵੇਂਗਾ। ਔਪਰ ਤੇਰੀ ਸ੍ਵੈ-ਇੱਛਿਆ ਹੀ ਤੈਨੂੰ ਕਹੇਗੀ ਕਿ ਤੂੰ ਜਿਉਂ, ਰੁਕ, ਠਹਿਰ; ਖੋ ਨਾ ਜਾ, ਉਹਨਾਂ ਦੇ ਕੰਮ 'ਤੇ ਅਜੇ ਜਿਨ੍ਹਾਂ ਨੂੰ ਜਰੂਰਤ ਹੈ। ਇਹ ਤੇਰੀ ਸ੍ਵੈਇੱਛਿਆ ਦੀ ਹੀ ਮਜਬੂਰੀ ਹੋਵੇਗੀ।

ਮਜਬੂਰੀ ਤਾਂ ਹੁੰਦੀ ਹੈ ਹਮੇਸ਼ਾ ਆਪਣੀ ਮਰਜ਼ੀ ਦੇ ਬਿਨਾਂ, ਕੋਈ ਹੋਰ ਜਬਰਦਸਤੀ ਕਰਦਾ ਹੈ। ਬੋਧਿਸੱਤਵ ਦੀ ਹਾਲਤ ਵਿਚ ਕੋਈ ਜਬਰਦਸਤੀ ਪ੍ਰਕਿਰਤੀ ਹੀ ਨਹੀਂ ਰਹਿ ਜਾਂਦੀ। ਪਰਮਾਤਮਾ ਦਾ ਵੀ ਕੋਈ ਹੁਕਮ ਨਹੀਂ ਰਹਿ ਜਾਂਦਾ ਹੈ—ਨਿਯਮ ਦੇ ਬਾਹਰ ਹੋ ਗਿਆ, ਉਹ ਵਿਅਕਤੀ। ਉਸਨੂੰ ਹੁਣ ਤੋਰਿਆ ਨਹੀਂ ਜਾ ਸਕਦਾ। ਉਹ ਤੁਰਨਾ ਚਾਹੇ, ਤਾਂ ਤੁਰ ਸਕਦਾ ਹੈ। ਉਸਨੂੰ ਰੋਕਿਆ ਨਹੀਂ ਜਾ ਸਕਦਾ, ਉਹ ਰੁਕਣਾ ਚਾਹੇ ਤਾਂ ਰੁਕ ਸਕਦਾ ਹੈ।

ਅਸੀਂ ਸਭ ਇਸ ਜਗਤ ਵਿਚ ਚਲਦੇ ਹਾਂ ਕਾਰਜ ਅਤੇ ਕਾਰਨ ਦੇ ਨਿਯਮ ਨਾਲ ਬੱਧੇ, ਕਾਜੇਲਿਟੀ 'ਚ ਬੱਧੇ। ਅਸੀਂ ਜੋ ਵੀ ਕਰ ਰਹੇ ਹਾਂ, ਉਹ ਸਾਨੂੰ ਲਗਦਾ ਹੈ ਕਿ ਅਸੀਂ ਕਰ ਰਹੇ ਹਾਂ; ਪਰ ਅਸੀਂ ਕਰਦੇ ਨਹੀਂ, ਸਾਥੋਂ ਕਰਵਾਇਆ ਜਾਂਦਾ ਹੈ। ਜਦ ਤੁਹਾਨੂੰ ਕ੍ਰੋਧ ਹੁੰਦਾ ਹੈ ਤਾਂ ਕੀ ਤੁਹਾਨੂੰ ਲਗਦਾ ਹੈ ਕਿ ਤੁਸੀਂ ਕ੍ਰੋਧ ਕਰਦੇ ਹੋ? ਜੇਕਰ ਤੁਸੀਂ ਹੀ ਕ੍ਰੋਧ ਕਰਦੇ ਹੋ ਤਾਂ ਰੋਕ ਸਕਦੇ ਹੋ। ਲੇਕਿਨ ਕ੍ਰੋਧ ਕੌਣ ਕਰਦਾ ਹੈ, ਉਹ ਤਾਂ ਜਿਵੇਂ ਬੇਬਸ, ਸ੍ਵੈਇੱਛਿਆ ਦੇ ਉਲਟ, ਮਜਬੂਰੀ ਵਿਚ ਕੀਤਾ ਜਾਂਦਾ ਹੈ। ਤੁਹਾਥੋਂ ਕਰਵਾ ਲਿਆ ਜਾਂਦਾ ਹੈ, ਤੁਸੀਂ ਕਰਦੇ ਨਹੀਂ ਹੋ। ਕਰਦੇ ਹੁੰਦੇ, ਤਦ ਤਾਂ ਮਾਲਕ ਸੀ।

ਤਾਂ ਇਸਨੂੰ ਇਉਂ ਸਮਝਣਾ ਕਿ ਜੇ ਤੁਹਾਨੂੰ ਕੋਈ ਕਹੇ ਕਿ ਤੁਸੀਂ ਹੁਣੇ ਕ੍ਰੋਧ ਕਰਕੇ ਦਿਖਾਉ, ਤਾਂ ਤੁਸੀਂ ਕ੍ਰੋਧ ਨਹੀਂ ਕਰ ਸਕੋਗੇ। ਇਸਲਈ ਤੁਸੀਂ ਕਰਦੇ ਹੋ, ਇਸ ਭੁਲੇਖੇ ਵਿਚ ਨਾ ਰਹਿਣਾ। ਅਤੇ ਜਦ ਕ੍ਰੋਧ ਹੋ ਰਿਹਾ ਹੋਵੇ, ਤਦ ਕੋਈ ਕਹੇ ਕਿ ਇਸੇ ਵੇਲੇ ਰੁਕ ਜਾਉ, ਤਦ ਤੁਸੀਂ ਰੁਕ ਨਹੀਂ ਸਕੋਗੇ। ਤਾਂ ਕ੍ਰੋਧ ਤੁਹਾਨੂੰ ਤੋਰ ਰਿਹਾ ਹੈ, ਤੁਸੀਂ ਕ੍ਰੋਧ ਨੂੰ ਤੋਰਦੇ ਹੋ, ਅਜੇਹਾ ਨਹੀਂ ਹੈ। ਪ੍ਰੇਮ ਤੁਹਾਨੂੰ ਤੋਰ ਰਿਹਾ ਹੈ; ਤੁਸੀਂ ਪ੍ਰੇਮ ਨੂੰ ਤੋਰਦੇ ਹੋ, ਅਜੇਹਾ ਨਹੀਂ ਹੈ।

ਤੁਹਾਡੀ ਜ਼ਿੰਦਗੀ ਵਿਚ ਜਿਥੇ-ਜਿਥੇ ਤੁਹਾਨੂੰ ਲਗਦਾ ਹੈ ਮੈਂ ਕਰ ਰਿਹਾ ਹਾਂ, ਤੁਸੀਂ ਭੁਲੇਖੇ ਵਿਚ ਹੁੰਦੇ ਹੋ। ਤੁਸੀਂ ਕਰ ਨਹੀਂ ਰਹੇ ਹੁੰਦੇ, ਤੁਹਾਥੋਂ ਕਰਵਾਇਆ ਜਾ ਰਿਹਾ ਹੁੰਦਾ ਹੈ। ਅਜੇ ਤੁਸੀਂ ਨਿਯਮਾਂ ਵਿਚ ਬੱਧੇ ਹੋ। ਇਸ ਨਿਯਮ ਦੀ ਪਰਕਿਰਿਆ ਨੂੰ ਅਸੀਂ ਕਰਮ ਦਾ ਸਿਲਸਿਲਾ ਕਿਹਾ ਹੈ। ਵਿਗਿਆਨ ਇਸਨੂੰ ਕਾਜੇਲਿਟੀ ਕਹਿੰਦਾ ਹੈ, ਕਾਰਜ-ਕਾਰਨ ਦਾ ਨਿਯਮ

ਕਹਿੰਦਾ ਹੈ।

ਜੇ ਪਾਣੀ ਨੂੰ ਵੀ ਬੁੱਧੀ ਹੋਵੇ, ਤਾਂ ਜਦ ਪਾਣੀ ਗਰਮ ਹੋ ਕੇ ਭਾਫ਼ ਬਣਦਾ ਹੈ, ਤਾਂ ਪਾਣੀ ਸੋਚੇਗਾ ਕਿ ਮੈਂ ਭਾਫ਼ ਬਣ ਰਿਹਾ ਹਾਂ। ਅਤੇ ਜਦ ਪਾਣੀ ਠੰਡਾ ਹੋ ਕੇ ਬਰਫ਼ ਬਣੇਗਾ, ਤਾਂ ਪਾਣੀ ਸੋਚੇਗਾ ਕਿ ਮੈਂ ਬਰਫ਼ ਬਣ ਰਿਹਾ ਹਾਂ। ਲੇਕਿਨ ਪਾਣੀ ਭਾਫ਼ ਬਣ ਰਿਹਾ ਹੈ ਜਾਂ ਬਣਾਇਆ ਜਾ ਰਿਹਾ ਹੈ? ਪਾਣੀ ਬਰਫ਼ ਬਣ ਰਿਹਾ ਹੈ ਜਾਂ ਬਣਾਇਆ ਜਾ ਰਿਹਾ ਹੈ? ਪਾਣੀ ਬੇਬਸ ਹੈ, ਕਾਰਜ-ਕਾਰਨ ਦਾ ਨਿਯਮ ਕੰਮ ਕਰ ਰਿਹਾ ਹੈ। ਅਤੇ ਨਿਯਮ ਦੇ ਅੰਦਰ ਸਾਰੇ ਹੀ ਦਬੇ ਹਨ। ਇਸਨੂੰ ਅਸੀਂ ਕਿਸਮਤ ਕਹੀਏ, ਤਾਂ ਵੀ ਚਲੇਗਾ।

ਇਸਲਈ ਜਿਹੜੀ ਬਹੁਤ ਗਹਿਰੀ ਖੋਜ ਭਾਰਤ ਦੀ ਹੈ, ਉਹ ਕਿਸਮਤ ਦੀ ਹੈ। ਜਿਵੇਂ ਪੱਛਮ ਦੇ ਵਿਗਿਆਨ ਨੇ ਕਾਰਜ-ਕਾਰਨ ਖੋਜ ਲਿਆ ਕਿ ਸਾਰਾ ਜੀਵਨ ਨਿਯਮਾਂ ਨਾਲ ਬੱਝਿਆ ਹੋਇਆ ਚੱਲ ਰਿਹਾ ਹੈ। ਅਤੇ ਨਿਯਮਾਂ ਦੇ ਦਰਮਿਆਨ ਸੰਕਲਪ ਦੀ ਗੱਲ 'ਕਿ ਮੈਂ ਕਰ ਰਿਹਾ ਹਾਂ', ਸਿਰਫ ਮਨੁੱਖ ਦੇ ਝੂਠੇ ਹੰਕਾਰ ਦੀ ਪ੍ਰਤੀਕ ਹੈ। ਕੋਈ ਸ੍ਵੈਇੱਛਿਆ, ਕੋਈ ਫ੍ਰੀ ਵਿਲ ਨਹੀਂ ਹੈ। ਆਦਮੀ ਬੱਧਾ ਹੋਇਆ ਹੈ, ਬਿਲਕੁਲ ਪਰਤੰਤਰ ਹੈ। ਇਥੇ ਜੋ ਵੀ ਹੋ ਰਿਹਾ ਹੈ ਜੇਕਰ ਅਸੀਂ ਉਸਦੀ ਠੀਕ ਤਰ੍ਹਾਂ ਨਾਲ ਖੋਜ ਕਰ ਸਕੀਏ, ਤਾਂ ਸਾਨੂੰ ਉਸਦੇ ਕਾਰਨ ਮਿਲ ਜਾਣਗੇ ਕਿ ਕਿਸ ਕਾਰਨ ਉਹ ਹੋ ਰਿਹਾ ਹੈ। ਤੁਸੀਂ ਕਰ ਰਹੇ ਹੋ, ਅਜੇਹਾ ਨਹੀਂ ਹੈ। ਕਾਰਨ ਤੁਹਾਨੂੰ ਦਿਖਾਈ ਨਹੀਂ ਪੈਂਦਾ, ਇਸਲਈ ਤੁਸੀਂ ਅਰਾਮ ਨਾਲ ਇਹ ਮੰਨੀ ਤੁਰੀ ਜਾਂਦੇ ਹੋ ਕਿ ਮੈਂ ਕਰ ਰਿਹਾ ਹਾਂ। ਪਾਣੀ ਨੂੰ ਦਿਖਾਈ ਨਹੀਂ ਪੈਂਦਾ ਕਿ ਹੇਠਾਂ ਅੱਗ ਬਲ ਰਹੀ ਹੈ, ਜੋ ਉਸਨੂੰ ਗਰਮ ਕਰ ਰਹੀ ਹੈ, ਜਿਸਦੀ ਵਜ੍ਹਾ ਨਾਲ ਉਹ ਭਾਫ਼ ਬਣ ਰਿਹਾ ਹੈ।

ਰਾਹ ਤੁਰਦਿਆਂ ਤੁਹਾਨੂੰ ਇਕ ਇਸਤ੍ਰੀ ਨਜ਼ਰ ਆਉਂਦੀ ਹੈ, ਪੁਰਸ਼ ਨਜ਼ਰ ਆਉਂਦਾ; ਸੁੰਦਰ ਮਕਾਨ ਦਿਖਾਈ ਪੈਂਦਾ ਹੈ; ਅੰਦਰ ਇਕ ਵਾਸਨਾ ਜਾਗ ਪੈਂਦੀ ਹੈ ਕਿ ਇਹ ਇਸਤ੍ਰੀ ਮੇਰੇ ਕੋਲ ਹੋਵੇ, ਇਹ ਮਕਾਨ ਮੇਰੇ ਕੋਲ ਹੋਵੇ। ਤੁਸੀਂ ਸੋਚਦੇ ਹੋ ਕਿ ਤੁਸੀਂ ਇਹ ਵਾਸਨਾ ਕਰ ਰਹੇ ਹੋ? ਅੰਦਰ ਕੋਈ ਅੱਗ ਬਲ ਰਹੀ ਹੈ, ਜਿਸ ਨਾਲ ਤੁਸੀਂ ਗਰਮ ਹੋ ਗਏ ਅਤੇ ਤਪ ਰਹੇ ਹੋ, ਉਹੀ ਅੱਗ ਵਾਸਨਾ ਬਣ ਰਹੀ ਹੈ। ਅਤੇ ਤੁਸੀਂ ਸੋਚ ਰਹੇ ਹੋ ਕਿ ਮੈਂ ਕਰ ਰਿਹਾ ਹਾਂ। ਜੇ ਤੁਸੀਂ ਹੀ ਕਰ ਰਹੇ ਹੁੰਦੇ- ਤਾਂ ਤੁਸੀਂ ਰੋਕ ਕੇ ਦੇਖਣਾ, ਤਾਂ ਪਤਾ ਲਗ ਜਾਏਗਾ। ਕਿਉਂਕਿ ਜੋ ਵੀ ਤੁਸੀਂ ਕਰਦੇ ਹੋ, ਉਹ ਤੁਸੀਂ ਰੋਕ ਸਕਦੇ ਹੋ। ਤਾਂ ਸੋਹਣੀ ਇਸਤ੍ਰੀ ਨਜ਼ਰ ਆਵੇ ਅਤੇ ਮਨ ਵਿਚ ਵਾਸਨਾ ਨਾ ਜਾਗੇ, ਅਜੇਹਾ ਕਰਕੇ ਦੇਖਣਾ। ਪਾਣੀ ਜੇਕਰ ਇਹ ਮੰਨਦਾ ਹੈ ਕਿ ਉਹ ਭਾਫ਼ ਬਣ ਰਿਹਾ ਹੈ, ਤਾਂ ਉਸਨੂੰ ਇਹ ਕਰਨਾ ਚਾਹੀਦਾ ਹੈ ਕਿ ਹੇਠਾਂ ਅੱਗ ਬਲੇ ਤੇ ਉਹ ਭਾਫ਼ ਨਾ ਬਣੇ, ਤਾਂ ਪੱਕਾ ਹੋ ਜਾਏਗਾ ਕਿ ਅੱਗ ਨਾਲ ਭਾਫ਼ ਨਹੀਂ ਬਣ ਰਿਹਾ ਹੈ, ਆਪਣੀ ਮਰਜ਼ੀ ਨਾਲ ਬਣ ਰਿਹਾ ਹੈ। ਗਰਮੀ ਹੇਠਾਂ ਗਿਰਦੀ ਜਾਵੇ, ਸਿਫਰ ਡਿਗਰੀ ਦੇ ਹੇਠਾਂ ਪਹੁੰਚ ਜਾਵੇ, ਅਤੇ ਪਾਣੀ ਇਨਕਾਰ ਕਰੇ, ਬਰਫ਼ ਨਾ ਬਣੇ। ਧਨ ਤੁਹਾਡੇ ਸਾਹਮਣੇ ਪਿਆ ਹੋਵੇ, ਹੀਰੇ-ਜਵਾਹਰਾਤਾਂ ਦਾ ਢੇਰ ਲਗਾ ਹੋਵੇ, ਅਤੇ ਤੁਹਾਡੇ ਅੰਦਰ ਵਾਸਨਾ ਨਾ ਜਾਗੇ ਉਹਨਾਂ ਦਾ ਮਾਲਕ ਬਣ ਜਾਣ

ਦੀ, ਤਾਂ ਸਮਝਣਾ ਵਾਸਨਾ ਤੁਸੀਂ ਕਰ ਰਹੇ ਹੋ।

ਜਿਸਨੂੰ ਅਸੀਂ ਰੋਕ ਨਹੀਂ ਸਕਦੇ, ਉਸਨੂੰ ਅਸੀਂ ਕਰ ਰਹੇ ਹਾਂ, ਇਹ ਭੁਲੇਖਾ ਹੈ।

ਜੋ ਸਾਡੇ ਵੱਸ ਵਿਚ ਨਹੀਂ ਹੈ, ਉਸਦੇ ਅਸੀਂ ਵੱਸ ਵਿਚ ਹਾਂ। ਪਰ ਆਦਮੀ ਦੇ ਹੰਕਾਰ ਨੂੰ ਚੋਟ ਲਗਦੀ ਹੈ।

ਇਸ ਦੇਸ ਦੇ ਮਨੁੱਖਾਂ ਨੇ ਤਾਂ ਸਦਾ ਕਿਹਾ ਹੈ ਕਿ ਆਦਮੀ ਵੀ ਕੁਦਰਤ ਦੇ ਕਾਰਜ-ਕਾਰਨ ਨਾਲ ਬੱਧਾ ਚੱਲ ਰਿਹਾ ਹੈ। ਇਸਨੂੰ ਅਸੀਂ ਹੋਣੀ ਕਹਿੰਦੇ ਹਾਂ, ਕਿਸਮਤ ਕਹਿੰਦੇ ਹਾਂ। ਤੁਹਾਡੇ ਕੀਤੇ ਕੁਝ ਹੋ ਨਹੀਂ ਰਿਹਾ ਹੈ। ਅਤੇ ਜਦ ਅਸੀਂ ਇਹ ਕਿਹਾ ਕਿ ਪਰਮਾਤਮਾ ਦੀ ਮਰਜ਼ੀ ਦੇ ਬਿਨਾਂ ਪੱਤਾ ਵੀ ਨਹੀਂ ਹਿਲਦਾ, ਤਾਂ ਉਸਦਾ ਮਤਲਬ ਇਹ ਹੈ ਕਿ ਤੁਸੀਂ ਆਪਣੀ ਮਰਜ਼ੀ ਦੀਆਂ ਗੱਲਾਂ ਛਡ ਦਿਉ; ਇਹ ਕੁਦਰਤ ਦਾ ਵਿਰਾਟ ਨਿਯਮ ਹੀ ਸਭ ਹਿਲਾ ਰਿਹਾ ਹੈ। ਪੱਤਾ ਵੀ ਹਿਲਦਾ ਹੈ, ਤਾਂ ਉਸ ਵਿਰਾਟ ਨਿਯਮ ਨਾਲ ਹਿਲਦਾ ਹੈ। ਤੁਸੀਂ ਇਸ ਵਿਚ ਵਿਚਾਲੇ ਖ਼ੁਦ ਨੂੰ ਖੜ੍ਹੇ ਨਾ ਕਰੋ। ਜੇ ਇਹ ਵੀ ਖ਼ਿਆਲ ਵਿਚ ਆ ਜਾਵੇ, ਤਾਂ ਤੁਹਾਡੀ ਜ਼ਿੰਦਗੀ ਵਿਚ ਕ੍ਰਾਂਤੀ ਹੋ ਜਾਏਗੀ। ਤਦ ਤੁਸੀਂ ਇਹ ਨਹੀਂ ਕਹੋਗੇ ਕਿ ਮੈਂ ਕ੍ਰੋਧ ਕਰਦਾ ਹਾਂ। ਤੁਸੀਂ ਇਹੀ ਕਹੋਗੇ ਕਿ ਕ੍ਰੋਧ ਹੁੰਦਾ ਹੈ, ਪ੍ਰੇਮ ਹੁੰਦਾ ਹੈ, ਘਿਰਨਾ ਹੁੰਦੀ ਹੈ, ਸੁਖ ਹੁੰਦਾ ਹੈ, ਦੁਖ ਹੁੰਦਾ ਹੈ।

ਜੇ ਇਹ ਗੱਲ ਤੁਹਾਨੂੰ ਬਿਲਕੁਲ ਸਾਫ਼ ਸਮਝ ਵਿਚ ਆ ਜਾਵੇ ਕਿ ਤੁਹਾਡੇ ਅੰਦਰ ਵੀ ਕੁਦਰਤ ਦੇ ਅੰਨ੍ਹੇ ਨਿਯਮ ਕੰਮ ਕਰ ਰਹੇ ਹਨ, ਅਤੇ ਤੁਸੀਂ ਉਹਨਾਂ ਦੇ ਮਾਲਕ ਨਹੀਂ ਹੋ, ਤਾਂ ਮਾਲਕੀਅਤ ਦੀ ਪਹਿਲੀ ਕਿਰਨ ਤੁਹਾਡੇ ਅੰਦਰ ਪੈਦਾ ਹੋ ਗਈ। ਇਹ ਸਮਝ ਵੀ ਲੈਣਾ ਕਿ ਮੈਂ ਗੁਲਾਮ ਹਾਂ, ਮਾਲਕੀਅਤ ਦਾ ਅਰੰਭ ਹੈ। ਅਤੇ ਗੁਲਾਮ ਖ਼ੁਦ ਨੂੰ ਇਹ ਸਮਝ ਰਹੇ ਹਨ ਕਿ ਮੈਂ ਮਾਲਕ ਹਾਂ, ਤਾਂ ਫਿਰ ਉਸਦੀ ਮਾਲਕੀਅਤ ਕਦੇ ਵੀ ਤੈਅ ਨਹੀਂ ਹੋ ਸਕਦੀ ਕਿਉਂਕਿ ਉਹ ਭੁਲੇਖੇ ਵਿਚ ਹੀ ਮਰੇਗਾ।

ਬੋਧਿਸਤੱਵ ਸਾਥੋਂ ਬਿਲਕੁਲ ਦੂਜਾ ਸਿਰਾ ਹੈ, ਜਿਥੇ ਨਿਯਮ ਧੱਕਾ ਦੇਣਾ ਬੰਦ ਕਰ ਦਿੰਦੇ ਹਨ, ਜਿਥੇ ਪਾਣੀ ਗਰਮ ਕਰਕੇ ਭਾਫ਼ ਨਹੀਂ ਬਣਾਇਆ ਜਾ ਸਕਦਾ, ਜਿਥੇ ਪਾਣੀ ਠੰਡਾ ਕਰਕੇ ਬਰਫ਼ ਨਹੀਂ ਬਣਾਇਆ ਜਾ ਸਕਦਾ। ਬੋਧਿਸੱਤਵ ਸੰਸਾਰ ਦੇ ਛੁਟਦਿਆਂ ਹੀ, ਵਿਰਾਗ ਦੇ ਜਨਮਦਿਆਂ ਹੀ, ਧਿਆਨ ਦੀ ਪ੍ਰਾਪਤੀ 'ਤੇ, ਸੂਝ ਦੀ ਕਿਰਨ ਦੇ ਪੈਦਾ ਹੁੰਦਿਆਂ ਹੀ-ਹੌਲੀ-ਹੌਲੀ-ਹੌਲੀ ਜਿਸ ਜਗਤ ਵਿਚ ਕੰਮ ਹੁੰਦਾ ਹੈ ਨਿਯਮਾਂ ਦਾ, ਉਸਦੇ ਪਾਰ ਹੋ ਰਿਹਾ ਹੈ, ਸ੍ਵੈਇੱਛਿਆ ਦੇ ਜਗਤ ਵਿਚ ਪ੍ਰਵੇਸ਼ ਕਰ ਰਿਹਾ ਹੈ।

ਬੁੱਧ ਦੇ ਜੀਵਨ ਦੀ ਬੜੀ ਮਿੱਠੀ ਕਥਾ ਹੈ। ਜਦ ਉਹਨਾਂ ਦਾ ਜਨਮ ਹੋਇਆ ਤਾਂ ਜੋਤਸ਼ੀਆਂ ਨੇ ਕਿਹਾ ਕਿ ਇਹ ਵਿਅਕਤੀ ਜਾਂ ਤਾਂ ਸਮਰਾਟ ਬਣੇਗਾ ਜਾਂ ਸੰਨਿਆਸੀ ਹੋਵੇਗਾ। ਸਭ ਲੱਛਣ ਸਮਰਾਟ ਦੇ ਸਨ। ਫਿਰ ਬੁੱਧ ਤਾਂ ਭਿੱਖੂ ਹੋ ਗਏ, ਸੰਨਿਆਸੀ ਹੋ ਗਏ। ਅਤੇ ਸਮਰਾਟ ਵੀ ਸਧਾਰਨ ਨਹੀਂ, ਚੱਕਰਵਰਤੀ ਸਮਰਾਟ ਬਣੇਗਾ, ਸਾਰੀ ਪ੍ਰਿਥਵੀ ਦਾ ਸਮਰਾਟ ਹੋਵੇਗਾ।

ਬੁੱਧ ਇਕ ਦਿਨ ਨਦੀ ਦੇ ਕੋਲੋਂ ਦੀ ਲੰਘ ਰਹੇ ਸਨ, ਨਿਰਜੰਨਾ ਨਦੀ ਦੇ ਕੋਲੋਂ ਦੀ ਲੰਘਦੇ ਸਨ। ਰੇਤ ਉੱਤੇ ਉਹਨਾਂ ਦੀਆਂ ਪੈੜਾਂ ਬਣ ਗਈਆਂ, ਗਿੱਲੀ ਰੇਤ ਹੈ, ਤਟ ਉੱਤੇ ਉਹਨਾਂ ਦੀਆਂ ਪੈੜਾਂ ਬਣ ਗਈਆਂ। ਇਕ ਜੋਤਸ਼ੀ ਕਾਸ਼ੀ ਤੋਂ ਪਰਤ ਰਿਹਾ ਸੀ। ਹੁਣੇ–ਹੁਣੇ ਜੋਤਿਸ਼ ਪੜ੍ਹਿਆ ਹੈ। ਇਹ ਸੋਹਣੇ ਪੈਰ ਰੇਤ ਉੱਤੇ ਦੇਖ ਕੇ ਉਸਨੇ ਗੌਰ ਨਾਲ ਨਜ਼ਰ ਪਾਈ। ਪੈਰ ਨਾਲ ਜੋ ਨਿਸ਼ਾਨ ਬਣ ਗਿਆ ਹੈ ਹੇਠਾਂ, ਉਹ ਖ਼ਬਰ ਦਿੰਦਾ ਹੈ ਕਿ ਚੱਕਰਵਰਤੀ ਸਮਰਾਟ ਦਾ ਪੈਰ ਹੈ। ਜੋਤਸ਼ੀ ਬੜਾ ਸੋਚੀਂ ਪੈ ਗਿਆ। ਚੱਕਰਵਰਤੀ ਸਮਰਾਟ ਦਾ ਜੇ ਇਹ ਪੈਰ ਹੋਵੇ, ਤਾਂ ਇਹ ਸਧਾਰਨ ਜਿਹੀ ਨਦੀ ਦੇ ਰੇਤ 'ਤੇ ਚੱਕਰਵਰਤੀ ਤੁਰਨ ਕਿਉਂ ਆਇਆ? ਅਤੇ ਉਹ ਵੀ ਨੰਗੇ ਪੈਰੀਂ ਤੁਰੇਗਾ ਕਿ ਉਸਦੇ ਪੈਰਾਂ ਦੇ ਨਿਸ਼ਾਨ ਰੇਤ ਉੱਤੇ ਬਣ ਜਾਣ! ਬੜੀ ਮੁਸ਼ਕਲ ਵਿਚ ਪੈ ਗਿਆ। ਸਾਰਾ ਜੋਤਿਸ਼ ਪਹਿਲੇ ਹੀ ਕਦਮ 'ਤੇ ਵਿਅਰਥ ਹੁੰਦਾ ਜਾਣ ਪਿਆ। ਹੁਣੇ–ਹੁਣੇ ਪਰਤਿਆ ਸੀ ਨਿਪੁੰਨ ਹੋ ਕੇ ਜੋਤਿਸ਼ ਵਿਚ। ਆਪਣੀ ਪੋਥੀ, ਆਪਣਾ ਸ਼ਾਸਤਰ ਨਾਲ ਲਿਆ ਹੋਇਆ ਸੀ। ਸੋਚਿਆ, ਇਸਨੂੰ ਨਦੀ ਵਿਚ ਡੋਬ ਕੇ ਆਪਣੇ ਘਰ ਮੁੜ ਜਾਵਾਂ, ਕਿਉਂਕਿ ਜੇ ਇਸ ਪੈਰ ਦਾ ਆਦਮੀ ਇਸ ਰੇਤ ਉੱਤੇ ਸਿਖਰ ਦੁਪਹਿਰੇ ਤੁਰ ਰਿਹਾ ਹੈ ਨੰਗੇ ਪੈਰੀਂ—ਅਤੇ ਇੰਨੇ ਸਪੱਸ਼ਟ ਲੱਛਣ ਤਾਂ ਕਦੇ ਯੁਗਾਂ ਵਿਚ ਕਿਸੇ ਆਦਮੀ ਦੇ ਪੈਰ ਵਿਚ ਹੁੰਦੇ ਹਨ ਕਿ ਉਹ ਚੱਕਰਵਰਤੀ ਸਮਰਾਟ ਹੋਵੇ—ਤਾਂ ਸਭ ਹੋ ਗਿਆ ਵਿਅਰਥ। ਹੁਣ ਕਿਸੇ ਨੂੰ ਜੋਤਿਸ਼ ਦੇ ਅਧਾਰ 'ਤੇ ਕੁਝ ਕਹਿਣਾ ਮੁਨਾਸਬ ਨਹੀਂ ਹੈ।

ਮਗਰ ਇਸ ਤੋਂ ਪਹਿਲਾਂ ਕਿ ਉਹ ਆਪਣੇ ਸ਼ਾਸਤਰ ਸੁੱਟੇ, ਉਸਨੇ ਸੋਚਿਆ, ਜ਼ਰਾ ਦੇਖ ਵੀ ਤਾਂ ਲਵਾਂ, ਤੁਰ ਕੇ ਇਹਨਾਂ ਪੈਰਾਂ ਦੇ ਸਹਾਰੇ, ਉਹ ਆਦਮੀ ਕਿੱਥੇ ਹੈ। ਉਸਦੀ ਸ਼ਕਲ ਵੀ ਤਾਂ ਦੇਖ ਲਵਾਂ। ਇਹ ਚੱਕਰਵਰਤੀ ਹੈ ਕੌਣ, ਜਿਹੜਾ ਪੈਦਲ ਤੁਰ ਰਿਹਾ ਹੈ!

ਤਾਂ ਉਹਨਾਂ ਪੈੜਾਂ ਦੇ ਸਹਾਰੇ ਉਹ ਗਿਆ। ਇਕ ਬਿਰਛ ਦੀ ਛਾਂ ਹੇਠ ਬੁੱਧ ਅਰਾਮ ਕਰ ਰਹੇ ਸਨ। ਹੋਰ ਵੀ ਮੁਸ਼ਕਲ ਵਿਚ ਪੈ ਗਿਆ, ਕਿਉਂਕਿ ਚੇਹਰਾ ਵੀ ਚੱਕਰਵਰਤੀ ਦਾ ਸੀ, ਮੱਥੇ 'ਤੇ ਨਿਸ਼ਾਨ ਵੀ ਚੱਕਰਵਰਤੀ ਦੇ ਸੀ। ਬੁੱਧ ਦੀਆਂ ਅੱਖਾਂ ਬੰਦ ਸਨ, ਉਹਨਾਂ ਦੇ ਦੋਵੇਂ ਹੱਥ ਉਹਨਾਂ ਦੀ ਚੌਕੜੀ ਵਿਚ ਰੱਖੇ ਸੀ; ਹੱਥ 'ਤੇ ਨਜ਼ਰ ਮਾਰੀ, ਹੱਥ ਵੀ ਚੱਕਰਵਰਤੀ ਦਾ ਸੀ। ਇਹ ਦੇਹ, ਇਹ ਸਾਰਾ ਢੰਗ ਚੱਕਰਵਰਤੀਆਂ ਦਾ, ਅਤੇ ਆਦਮੀ ਭਿਖਾਰੀ ਸੀ, ਭੀਖ ਦਾ ਕਾਸਾ ਰੱਖੀ, ਬਿਰਛ ਹੇਠਾਂ ਬੈਠਾ ਸੀ, ਸਿਖਰ ਦੁਪਹਿਰੇ ਇਕੱਲਾ ਸੀ।

ਹਲੂਣ ਕੇ ਬੁੱਧ ਨੂੰ ਉਸਨੇ ਕਿਹਾ ਕਿ ਸ੍ਰੀਮਾਨ ਜੀ, ਮੇਰੀ ਵਰ੍ਹਿਆਂ ਦੀ ਮਿਹਨਤ ਵਿਅਰਥ ਕਰੀ ਜਾ ਰਹੇ ਹੋ—ਇਹ ਸਭ ਸ਼ਾਸਤਰ ਨਦੀ 'ਚ ਸੁੱਟ ਦਿਆਂ, ਜਾਂ ਕੀ ਕਰਾਂ? ਮੈਂ ਕਾਸ਼ੀ ਤੋਂ ਵਰ੍ਹਿਆਂ ਦੀ ਮਿਹਨਤ ਕਰਕੇ, ਜੋਤਿਸ਼ ਨੂੰ ਸਿੱਖ ਕੇ ਪਰਤ ਰਿਹਾ ਹਾਂ। ਅਤੇ ਤੇਰੇ ਵਿਚ ਜਿਵੇਂ ਪੂਰੇ ਲੱਛਣ ਪਰਗਟ ਹੋਏ ਹਨ, ਅਜੇਹੇ ਸਿਰਫ਼ ਦ੍ਰਿਸ਼ਟਾਂਤ ਮਿਲਦੇ ਹਨ ਜੋਤਿਸ਼ ਦੇ ਸ਼ਾਸਤਰਾਂ ਵਿਚ। ਆਦਮੀ ਤਾਂ ਕਦੀ–ਕਦਾਈਂ ਹਜ਼ਾਰਾਂ–ਲੱਖਾਂ ਸਾਲਾਂ 'ਚ ਅਜੇਹਾ ਮਿਲਦਾ ਹੈ। ਅਤੇ ਪਹਿਲੇ ਹੀ

ਕਦਮ 'ਤੇ ਤੂੰ ਮੈਨੂੰ ਮੁਸ਼ਕਲ ਵਿਚ ਪਾ ਦਿਤਾ। ਤੈਨੂੰ ਹੋਣਾ ਚਾਹੀਦਾ ਹੈ ਚੱਕਰਵਰਤੀ ਸਮਰਾਟ ਅਤੇ ਤੂੰ ਇਹ ਭੀਖ ਵਾਲਾ ਕਾਸਾ ਰਖੀ ਇਸ ਬਿਰਛ ਦੇ ਹੇਠਾਂ ਕੀ ਕਰ ਰਿਹਾ ਹੈ?

ਤਾਂ ਬੁੱਧ ਨੇ ਕਿਹਾ ਕਿ ਸ਼ਾਸਤਰਾਂ ਨੂੰ ਸੁੱਟਣ ਦੀ ਜ਼ਰੂਰਤ ਨਹੀਂ ਹੈ, ਤੈਨੂੰ ਅਜੇਹਾ ਆਦਮੀ ਦੁਬਾਰਾ ਜ਼ਿੰਦਗੀ ਵਿਚ ਨਹੀਂ ਮਿਲੇਗਾ। ਕਾਹਲੀ ਨਾ ਕਰ, ਤੈਨੂੰ ਜਿਹੜੇ ਲੋਕ ਮਿਲਣਗੇ, ਉਹਨਾਂ ਉਤੇ ਤੇਰਾ ਜੋਤਿਸ਼ ਕੰਮ ਕਰੇਗਾ। ਤੂੰ ਸੰਜੋਗ ਨਾਲ, ਦੁਰਘਟਨਾ ਵੱਸ ਅਜੇਹੇ ਆਦਮੀ ਨਾਲ ਮਿਲ ਗਿਆ ਹੈਂ, ਜਿਹੜਾ ਤਕਦੀਰ ਦੀ ਸੀਮਾ ਦੇ ਬਾਹਰ ਹੋ ਗਿਆ ਹੈ। ਲੱਛਣ ਬਿਲਕੁਲ ਠੀਕ ਕਹਿੰਦੇ ਹਨ। ਜਦ ਮੈਂ ਪੈਦਾ ਹੋਇਆ ਸੀ, ਤਦ ਇਹੀ ਹੋਣ ਦੀ ਸੰਭਾਵਨਾ ਸੀ। ਜੇ ਮੈਂ ਬੱਝਾ ਹੋਇਆ ਚਲਦਾ ਕੁਦਰਤ ਦੇ ਨਿਯਮ ਨਾਲ ਤਾਂ ਇਹੀ ਹੋ ਜਾਂਦਾ। ਤੂੰ ਚਿੰਤਾ ਵਿਚ ਨਾ ਪੈ, ਤੈਨੂੰ ਬਹੁਤੇ ਬੁੱਧ-ਪੁਰਸ਼ ਨਹੀਂ ਮਿਲਣਗੇ ਜੋ ਤੇਰੇ ਨਿਯਮਾਂ ਨੂੰ ਤੋੜ ਦੇਣ। ਅਤੇ ਜਿਹੜਾ ਅ-ਬੁੱਧ ਹੈ, ਉਹ ਨਿਯਮ ਦੇ ਅੰਦਰ ਹੈ। ਅਤੇ ਜੋ ਅ-ਜਾਗ੍ਰਤ ਹੈ, ਉਹ ਕੁਦਰਤ ਦੇ ਬਣੇ ਹੋਏ ਨਿਯਮ ਦੇ ਅੰਦਰ ਹੈ। ਜਿਹੜਾ ਜਾਗ੍ਰਤ ਹੈ, ਉਹ ਨਿਯਮ ਦੇ ਬਾਹਰ ਹੈ।

ਜਾਗ੍ਰਤ ਵਿਅਕਤੀ ਦਾ ਸੰਕਲਪ ਹੁੰਦਾ ਹੈ, ਉਸਦੀ ਸ੍ਵੈਇੱਛਿਆ ਹੁੰਦੀ ਹੈ, ਉਹ ਜੋ ਚਾਹੇ ਕਰੇ। ਇਸਲਈ ਇਹ ਸੂਤਰ ਬੜੇ ਮਜ਼ੇ ਦੀ ਗੱਲ ਕਰਦਾ ਹੈ। ਇਹ ਕਹਿੰਦਾ ਹੈ, ਸ੍ਵੈਇੱਛਿਆ ਨਾਲ ਜੀਣ ਦੇ ਲਈ ਤੂੰ ਪਾਬੰਦ ਹੋਵੇਂਗਾ। ਕੋਈ ਤੈਨੂੰ ਮਜਬੂਰ ਨਹੀਂ ਕਰ ਸਕੇਗਾ ਕਿ ਰੁਕ ਅਤੇ ਸੇਵਾ ਕਰ, ਰੁਕ ਅਤੇ ਕਰੁਣਾ ਨਾਲ ਲੋਕਾਂ ਨੂੰ ਜਗਾ; ਅਤੇ ਸੁੱਤੇ, ਪੀੜਤ, ਦੁਖੀ, ਸ਼ੁਦਾਈ ਲੋਕਾਂ ਦੀ ਬੀਮਾਰੀ ਦੂਰ ਕਰ, ਉਹਨਾਂ ਲਈ ਦਵਾਈ ਬਣ, ਉਹਨਾਂ ਲਈ ਇਲਾਜ-ਕਰਤਾ ਬਣ। ਤੈਨੂੰ ਕੋਈ ਮਜਬੂਰ ਨਹੀਂ ਕਰੇਗਾ, ਲੇਕਿਨ ਤੂੰ ਖ਼ੁਦ ਹੀ ਪਾਬੰਦ ਹੋਵੇਂਗਾ। ਇਹ ਤੇਰੀ ਸ੍ਵੈਇੱਛਿਆ ਹੀ ਹੋਵੇਗੀ, ਤੂੰ ਆਪ ਹੀ ਚੁਣੇਂਗਾ ਕਿ ਮੈਂ ਰੁਕ ਜਾਵਾਂ।

'ਲੇਕਿਨ ਤੂੰ ਮਨੁੱਖਾਂ ਦੁਆਰਾ ਨਹੀਂ ਦੇਖਿਆ ਜਾਏਂਗਾ, ਅਤੇ ਨਾ ਉਹਨਾਂ ਦਾ ਧੰਨਵਾਦ ਹੀ ਤੈਨੂੰ ਮਿਲੇਗਾ। ਅਤੇ ਅਭਿਭਾਵਕ ਦੁਰਗ ਨੂੰ ਬਨਾਉਣ ਵਾਲੇ ਦੂਸਰੇ ਅਣਗਿਣਤ ਪੱਥਰਾਂ ਦੇ ਦਰਮਿਆਨ ਤੂੰ ਵੀ ਇਕ ਪੱਥਰ ਬਣ ਕੇ ਜੀਵੇਂਗਾ। ਕਰੁਣਾ ਦੇ ਅਨੇਕਾਂ ਗੁਰੂਆਂ ਦੁਆਰਾ ਉੱਸਰਿਆ ਉਹਨਾਂ ਦੀਆਂ ਯਾਤਨਾਵਾਂ ਦੇ ਸਹਾਰੇ ਉਪਰ ਉਠਿਆ ਅਤੇ ਉਹਨਾਂ ਦੇ ਰੱਤ ਨਾਲ ਜੁੜਿਆ ਇਹ ਕਿਲਾ ਮਨੁੱਖ-ਜਾਤੀ ਦੀ ਰੱਖਿਆ ਕਰਦਾ ਹੈ। ਕਿਉਂਕਿ ਮਨੁੱਖ ਮਨੁੱਖ ਹੈ, ਇਸਲਈ ਇਹ ਉਸਨੂੰ ਭਾਰੀ ਬਿਪਤਾਵਾਂ ਅਤੇ ਸ਼ੋਕ ਤੋਂ ਬਚਾਉਂਦਾ ਹੈ।'

ਇਹ ਇਕ ਪ੍ਰਤੀਕ ਹੈ ਸੱਚ ਸਮਝਣ ਯੋਗ।

ਪਹਿਲੀ ਤਾਂ ਗੱਲ ਇਹ ਹੈ ਕਿ ਬੋਧਿਸੱਤਵ ਦਾ ਕਰਮ ਦਿਖਾਈ ਨਹੀਂ ਪੈਂਦਾ। ਬੋਧਿਸੱਤਵ ਵੀ ਦਿਖਾਈ ਪੈ ਜਾਵੇ ਤਾਂ ਉਸਦਾ ਕਰਮ ਨਹੀਂ ਦਿਸਦਾ। ਉਹ ਜੋ ਕਰ ਰਿਹਾ ਹੈ, ਉਹ ਸੂਖਮ ਹੈ। ਉਹ ਜੋ ਕਰ ਰਿਹਾ ਹੈ, ਉਹ ਤੁਹਾਡੇ ਅਚੇਤਨ ਵਿਚ ਉਥੇ ਕੰਮ ਕਰ ਰਿਹਾ ਹੈ, ਜਿਥੋਂ ਦਾ ਤੁਹਾਨੂੰ ਪਤਾ ਵੀ ਨਹੀਂ ਹੈ। ਉਸਦੇ ਕਰਨ ਦੇ ਆਪਣੇ ਰਾਹ ਹਨ।

ਤਿੱਬਤ ਵਿਚ ਇਕ ਸ਼ਬਦ ਹੈ 'ਤੁਲਕੂ'। ਬਲਾਵਟੱਸਕੀ ਨੂੰ ਵੀ ਤਿੱਬਤ ਵਿਚ 'ਤੁਲਕੂ' ਹੀ ਕਿਹਾ ਜਾਂਦਾ ਹੈ। 'ਤੁਲਕੂ' ਦਾ ਅਰਥ ਹੁੰਦਾ ਹੈ ਅਜੇਹਾ ਕੋਈ ਵਿਅਕਤੀ, ਜੋ ਕਿਸੇ ਬੋਧਿਸੱਤਵ ਦੇ ਪ੍ਰਭਾਵ ਵਿਚ ਇੰਨਾ ਸਮਰਪਤ ਹੋ ਗਿਆ ਹੈ ਕਿ ਬੋਧਿਸੱਤਵ ਉਸਦੇ ਦੁਆਰਾ ਕੰਮ ਕਰ ਸਕੇ। ਬਲਾਵੱਟਸਕੀ ਤੁਲਕੂ ਬਣ ਸਕੀ। ਇਸਤ੍ਰੀ ਸੀ, ਇਸਲਈ ਅਸਾਨੀ ਨਾਲ ਬਣ ਸਕੀ; ਸਮਰਪਤ ਸੀ। ਜਿਹੜੇ ਲੋਕ ਬਲਾਵਟਸਕੀ ਦੇ ਕੋਲ ਰਹਿੰਦੇ ਸਨ, ਉਹ ਲੋਕ ਹੈਰਾਨ ਸਨ। ਜਦ ਉਹ ਲਿਖਣ ਬੈਠਦੀ ਸੀ, ਤਾਂ ਛਾਈ ਜਾਂਦੀ ਸੀ, ਪਜੇਸਡ ਹੁੰਦੀ ਸੀ। ਲਿਖਣ ਵੇਲੇ ਉਸਦੇ ਚੇਹਰੇ ਦਾ ਰੰਗ-ਰੂਪ ਬਦਲ ਜਾਂਦਾ ਸੀ। ਅੱਖਾਂ ਕਿਸੇ ਹੋਰ ਲੋਕ ਵਿਚ ਚੜ੍ਹ ਜਾਂਦੀਆਂ ਸੀ। ਅਤੇ ਜਦ ਉਹ ਲਿਖਣ ਬੈਠਦੀ ਸੀ ਤਾਂ ਕਦੇ ਦਸ ਘੰਟੇ, ਕਦੇ ਬਾਰਾਂ ਘੰਟੇ ਲਿਖਦੀ ਤੁਰੀ ਜਾਂਦੀ ਸੀ। ਪਾਗਲ ਦੀ ਤਰ੍ਹਾਂ ਲਿਖਦੀ ਸੀ। ਕਦੇ ਕੱਟਦੀ ਨਹੀਂ ਸੀ, ਜੋ ਲਿਖਿਆ ਸੀ ਉਸਨੇ। ਇਹ ਕਦੀ-ਕਦੀ ਹੁੰਦਾ ਸੀ। ਜਦ ਉਹ ਖ਼ੁਦ ਲਿਖਦੀ ਸੀ, ਤਦ ਉਸਨੂੰ ਬਹੁਤ ਮਿਹਨਤ ਕਰਨੀ ਪੈਂਦੀ ਸੀ। ਤਾਂ ਉਸਦੇ ਸੰਗੀ-ਸਾਥੀ ਉਸ ਤੋਂ ਪੁਛਦੇ ਸੀ, ਇਹ ਕੀ ਹੁੰਦਾ ਹੈ? ਤਾਂ ਉਹ ਕਹਿੰਦੀ ਸੀ ਕਿ ਜਦ ਮੈਂ 'ਤੁਲਕੂ' ਦੀ ਹਾਲਤ ਵਿਚ ਹੁੰਦੀ ਹਾਂ, ਤਦ ਮੈਥੋਂ ਕੋਈ ਲਿਖਵਾਉਂਦਾ ਹੈ। ਥਿਓਸਾਫੀ ਵਿਚ ਉਹਨਾਂ ਨੂੰ ਮਾਸਟਰਸ ਕਿਹਾ ਗਿਆ ਹੈ। ਕੋਈ ਸਤਿਗੁਰੂ ਲਿਖਵਾਉਂਦਾ ਹੈ, ਮੈਂ ਨਹੀਂ ਲਿਖਦੀ; ਮੇਰੇ ਹੱਥ ਕਿਸੇ ਦੇ ਹੱਥ ਬਣ ਜਾਂਦੇ ਹਨ; ਕੋਈ ਮੇਰੇ ਵਿਚ ਛਾ ਜਾਂਦਾ ਹੈ, ਅਤੇ ਤਦ ਲਿਖਣਾ ਸ਼ੁਰੂ ਹੋ ਜਾਂਦਾ ਹੈ, ਤਦ ਮੈਂ ਆਪਣੇ ਵੱਸ ਵਿਚ ਨਹੀਂ ਹੁੰਦੀ, ਮੈਂ ਸਿਰਫ ਵਾਹਨ ਹੁੰਦੀ ਹਾਂ। ਇਹ ਪੁਸਤਕ ਵੀ ਅਜੇਹੇ ਹੀ ਵਾਹਨ ਦੀ ਅਵਸਥਾ ਵਿਚ ਹਾਸਲ ਹੋਈ ਹੈ।

ਕਦੀ-ਕਦੀ ਅਜੇਹਾ ਹੁੰਦਾ ਸੀ ਕਿ ਕੁਝ ਲਿਖਿਆ ਜਾਂਦਾ ਸੀ ਅਤੇ ਉਸ ਤੋਂ ਬਾਅਦ ਮਹੀਨਿਆਂ ਤੀਕ ਉਹ ਅਧੂਰਾ ਹੀ ਪਿਆ ਰਹਿੰਦਾ ਸੀ। ਸੰਗੀ-ਸਾਥੀ ਬਲਾਵੱਟਸਕੀ ਦੇ ਕਹਿੰਦੇ ਕਿ ਉਹ ਪੂਰਾ ਕਰ ਛਡ, ਜੋ ਅਧੂਰਾ ਪਿਆ ਹੈ। ਉਹ ਕਹਿੰਦੀ, ਕੋਈ ਉਪਾਅ ਨਹੀਂ ਹੈ ਪੂਰਾ ਕਰਨ ਦਾ; ਕਿਉਂਕਿ ਮੈਂ ਪੂਰਾ ਕਰਾਂ, ਤਾਂ ਸਭ ਖ਼ਤਰਾ ਹੋ ਜਾਵੇ; ਜਦ ਮੈਂ ਫਿਰ ਛਾਈ ਜਾਵਾਂਗੀ, ਤਦ ਪੂਰਾ ਹੋ ਜਾਏਗਾ। ਉਸ ਦੀਆਂ ਕੁਝ ਕਿਤਾਬਾਂ ਅਧੂਰੀਆਂ ਹੀ ਛੁੱਟ ਗਈਆਂ ਹਨ, ਕਿਉਂਕਿ ਜਦ ਕੋਈ ਬੋਧਿਸੱਤਵ ਚੇਤਨਾ ਉਸਨੂੰ ਪਕੜ ਲਵੇ, ਤਦੇ ਲਿਖਣਾ ਹੋ ਸਕਦਾ ਹੈ।

ਇਹ ਜੋ ਬੋਧਿਸੱਤਵ ਹਨ, ਅਜੇਹੀਆਂ ਚੇਤਨਾਵਾਂ ਜੋ ਪਰਮ-ਦੁਆਰ 'ਤੇ ਖੜ੍ਹੀਆਂ ਹਨ; ਘਟ ਜਾਣ ਦੇ, ਛੁਪਨ ਹੋਣ ਦੇ, ਸ਼ਾਂਤ ਹੋਣ ਦੇ, ਨਸ਼ਟ ਹੋ ਜਾਣ ਦੇ ਦੁਆਰ 'ਤੇ ਖੜ੍ਹੀਆਂ ਹਨ-ਮਹਾਂਮਿਰਤੂ ਹੁਣੇ ਵਾਪਰਨ ਵਾਲੀ ਹੈ, ਜਿਨ੍ਹਾਂ ਦੇ ਲਈ, ਇਹ ਹਜਾਰ ਤਰ੍ਹਾਂ ਨਾਲ ਕੰਮ ਕਰਦੀਆਂ ਹਨ। ਕਿਸੇ ਵਿਅਕਤੀ ਵਿਚ ਛਾ ਸਕਦੀਆਂ ਹਨ, ਕਿਸੇ ਵਿਅਕਤੀ ਨੂੰ ਪਤਾ ਵੀ ਨਾ ਲਗੇ, ਉਸਦਾ ਉਪਯੋਗ ਕਰ ਸਕਦੀਆਂ ਹਨ। ਇਹਨਾਂ ਸਾਰੀਆਂ ਆਤਮਾਵਾਂ ਦਾ ਤਿੱਬਤ ਵਿਚ ਖ਼ਿਆਲ ਹੈ, ਅਤੇ ਖ਼ਿਆਲ ਸਹੀ ਹੈ ਕਿ ਇਕ ਕਿਲਾ ਹੈ, ਜਿਸਨੇ ਮਨੁੱਖ-ਜਾਤੀ ਨੂੰ ਘੇਰਿਆ ਹੋਇਆ ਹੈ ਚਾਰ-ਚੁਫੇਰੇ ਤੋਂ।

ਆਦਮੀ ਜਿਹੋ-ਜਿਹਾ ਹੈ, ਉਹ ਬਿਲਕੁਲ ਪਾਗਲ ਹੈ। ਅਤੇ ਉਹ ਜੋ ਵੀ ਕਰਦਾ ਹੈ, ਉਹ ਸਭ ਪਾਗਲਪਣ ਨਾਲ

ਭਰਿਆ ਹੈ। ਜੇ ਆਦਮੀ ਨੂੰ ਬਿਲਕੁਲ ਉਸਦੇ ਹੀ ਸਹਾਰੇ ਛਡ ਦਿਤਾ ਜਾਵੇ, ਤਾਂ ਉਹ ਖ਼ੁਦ ਨੂੰ ਨਸ਼ਟ ਵੀ ਕਰ ਲੈ ਸਕਦਾ ਹੈ। ਉਹ ਜੋ ਵੀ ਕਰ ਰਿਹਾ ਹੈ ਉਹ ਸਭ ਉਪੱਦਰ ਨਾਲ ਗ੍ਰਸਿਤ ਹੈ। ਉਸਨੂੰ ਕੁਝ ਪਤਾ ਹੀ ਨਹੀਂ ਕਿ ਕੀ ਕਰ ਰਿਹਾ ਹੈ, ਅਤੇ ਕੀ ਹੋ ਰਿਹਾ ਹੈ। ਇਹ ਬੋਧਿਸੱਤਵ ਦਾ ਕਿਲਾ, ਉਸਨੂੰ ਵਾਰ-ਵਾਰ ਰਾਹ 'ਤੇ ਲੈ ਆਉਂਦਾ ਹੈ, ਵਾਰ-ਵਾਰ ਉਸਨੂੰ ਭਟਕਣ ਤੋਂ ਬਚਾਉਂਦਾ ਹੈ, ਵਾਰ-ਵਾਰ ਅਨੇਕਾਂ ਉਪਾਅ ਕਰਕੇ ਦਿਸ਼ਾ ਅਤੇ ਦ੍ਰਿਸ਼ਟੀ ਬਦਲਣ ਦੀ ਕੋਸ਼ਿਸ਼ ਕਰਦਾ ਹੈ।

ਇਹ ਸੂਤਰ ਕਹਿ ਰਿਹਾ ਹੈ ਕਿ ਜਦ ਤੂੰ ਸੱਤਵੇਂ ਦੁਆਰ ਨੂੰ ਵੀ ਪਾਰ ਕਰ ਜਾਏਂਗਾ, ਤਦ ਆਪਣੀ ਹੀ ਸ੍ਵੈਇੱਛਿਆ ਨਾਲ ਤੂੰ ਵੀ ਇਸ ਮਹਾਂਕਿਲੇ ਦੀ ਇਕ ਇੱਟ ਬਣਨਾ ਚਾਹੇਂਗਾ। ਅਨੇਕਾਂ ਗੁਰੂਆਂ ਦੀਆਂ ਯਾਤਨਾਵਾਂ ਨਾਲ ਉੱਸਰਿਆ ਇਹ ਕਿਲਾ ਹੈ। ਇਹ ਕਿਲਾ ਮਨੁੱਖ-ਜਾਤੀ ਦੀ ਰਖਿਆ ਕਰਦਾ ਹੈ।

ਤਿੱਬਤ ਵਿਚ ਹਰ ਬੁੱਧ-ਪੂਰਨਮਾਸੀ ਨੂੰ ਇਕ ਵਿਸ਼ੇਸ਼ ਪਰਬਤ ਉੱਤੇ ਪੰਜ ਸੌ ਬੋਧੀ ਲਾਮਾ ਇਕੱਠੇ ਹੁੰਦੇ ਹਨ। ਹਰ ਸਾਲ ਬੁੱਧ-ਪੁੰਨਿਆਂ ਦੀ ਰਾਤ, ਅੱਧੀ ਰਾਤ ਨੂੰ ਬੁੱਧ ਦੀ ਵਾਣੀ ਸੁਣਾਈ ਪੈਂਦੀ ਹੈ। ਇਹ ਬੋਧਿਸੱਤਵ-ਵਾਣੀ ਹੈ। ਇਕ ਨੀਅਤ ਯੋਜਨਾ ਦੇ ਅਨੁਸਾਰ, ਇਕ ਨੀਅਤ ਘੜੀ ਵਿਚ ਬੁੱਧ ਦੀ ਵਾਣੀ ਹਾਸਲ ਹੁੰਦੀ ਹੈ। ਨੀਅਤ ਲੋਕ, ਨਿਸਚਿਤ ਲੋਕ, ਜਿਹੜੇ ਉਸ ਵਾਣੀ ਨੂੰ ਸੁਣ ਸਕਦੇ ਹਨ-ਕਿਉਂਕਿ ਵਾਣੀ ਅ-ਸਰੀਰੀ ਹੈ-ਉਹ ਹੀ ਸਿਰਫ਼ ਉਥੇ ਇਕੱਤਰ ਹੁੰਦੇ ਹਨ। ਪੰਜ ਸੌ ਤੋਂ ਵਧ ਲਾਮਾ ਉਥੇ ਕਦੇ ਇਕੱਠੇ ਨਹੀਂ ਹੁੰਦੇ ਹਨ। ਜਦ ਇਕ ਲਾਮਾ ਉਹਨਾਂ ਵਿਚੋਂ ਮਰ ਜਾਂਦਾ ਹੈ, ਖ਼ਤਮ ਹੋ ਜਾਂਦਾ ਹੈ, ਤਦੇ ਇਕ ਨਵੇਂ ਲਾਮਾ ਨੂੰ ਪ੍ਰਵੇਸ਼ ਮਿਲਦਾ ਹੈ। ਥਾਂ ਗੁਪਤ ਰਖਿਆ ਜਾਂਦਾ ਹੈ; ਕਿਉਂਕਿ ਕੋਈ ਵੀ ਗੈਰ-ਵਿਅਕਤੀ ਉਥੇ ਪਹੁੰਚ ਜਾਵੇ, ਤਾਂ ਵਿਘਨ ਪੈ ਸਕਦਾ ਹੈ ਉਸ ਘਟਨਾ ਵਿਚ। ਬੁੱਧ ਮਰਦੇ ਸਮੇਂ ਉਹ ਥਾਂ ਨਿਸਚਿਤ ਕਰ ਗਏ ਹਨ।

ਸਤਿਗੁਰੂ ਅਕਸਰ ਨਿਸਚਿਤ ਕਰ ਜਾਂਦੇ ਹਨ ਕਿ ਉਹਨਾਂ ਦੇ ਨਾਲ, ਬਾਅਦ ਵਿਚ ਜਦ ਉਹਨਾਂ ਦਾ ਸਰੀਰ ਨਹੀਂ ਹੋਵੇਗਾ, ਤਾਂ ਕਿਵੇਂ ਸਬੰਧ ਕਾਇਮ ਕੀਤਾ ਜਾਵੇ। ਇਹ ਸਬੰਧ ਕਾਇਮ ਕਰਨ ਦੇ ਨਿਸਚਿਤ ਸੂਤਰ ਹਨ ਅਤੇ ਉਹਨਾਂ ਦੇ ਅਨੁਸਾਰ ਹੀ ਚਲਿਆ ਜਾਵੇ, ਤਾਂ ਸਬੰਧ ਸਥਾਪਤ ਹੁੰਦੇ ਹਨ। ਜੋ ਪਰੰਪਰਾਵਾਂ ਆਪਣੇ ਗੁਰੂ ਨਾਲ ਸਬੰਧ ਸਥਾਪਤ ਕਰਦੀਆਂ ਰਹਿੰਦੀਆਂ ਹਨ, ਉਹ ਜਿਉਂਦੀਆਂ ਹਨ।

ਬਹੁਤ-ਸਾਰੀਆਂ ਪਰੰਪਰਾਵਾਂ ਹਨ, ਜਿਨ੍ਹਾਂ ਦਾ ਸਬੰਧ ਸੂਤਰ ਖੋ ਗਿਆ ਹੈ, ਉਹ ਮੁਰਦਾ ਹਨ। ਜਿਵੇਂ ਜੈਨੀਆਂ ਦੀ ਪਰੰਪਰਾ ਹੈ, ਉਹ ਮੁਰਦਾ ਹੈ। ਮਹਾਂਵੀਰ ਨਾਲ ਸੰਪਰਕ-ਸੂਤਰ ਖੋ ਗਿਆ ਹੈ। ਅਤੇ ਜੈਨੀਆਂ ਵਿਚ ਅੱਜ ਇਕ ਵੀ ਸਿੱਧ-ਪੁਰਸ਼ ਨਹੀਂ ਹੈ, ਜੋ ਮਹਾਂਵੀਰ ਨਾਲ ਸੰਪਰਕ ਸੂਤਰ ਕਾਇਮ ਕਰ ਸਕੇ। ਇਸਲਈ ਜੈਨੀਆਂ ਦੀ ਜੋ ਵੀ ਗਹਿਰੀ ਗੂਹੜੀ-ਵਿੱਦਿਆ ਹੈ, ਉਹ ਢਕੀ ਪਈ ਹੈ, ਉਸਨੂੰ ਉਘਾੜਨ ਦਾ ਕੋਈ ਉਪਾਅ ਨਹੀਂ ਹੈ। ਜੈਨੀ ਪੰਡਤ, ਜੈਨੀ ਸਾਧੂ ਤੇ ਸੰਨਿਆਸੀ ਜੋ ਵੀ ਕਰਦੇ ਰਹਿੰਦੇ ਹਨ, ਉਹ ਸਭ ਬੌਧਕ ਹੈ; ਉਸ ਵਿਚ ਕੋਈ ਅਧਿਆਤਮਕ ਅਨੁਭਵ ਨਹੀਂ ਹੈ। ਇਸਲਈ ਮਹਾਂਵੀਰ

ਵਰਗੇ ਮਹਾਂਪ੍ਰਾਣ ਗੁਰੂ ਦਾ ਵੀ ਸੰਦੇਸ਼ ਜਗਤ ਤਕ ਨਹੀਂ ਪਹੁੰਚ ਸਕਿਆ। ਕਿਉਂਕਿ ਪਰੰਪਰਾ ਛਿਟ-ਪੁਟ ਹੋ ਗਈ ਹੈ। ਉਪਾਅ ਛਡ ਕੇ ਗਏ ਹਨ ਮਹਾਂਵੀਰ, ਜਿਨ੍ਹਾਂ ਉਪਾਵਾਂ ਦੁਆਰਾ ਉਹਨਾਂ ਨਾਲ ਸਬੰਧ ਸਥਾਪਤ ਕੀਤਾ ਜਾ ਸਕਦਾ ਹੈ। ਲੇਕਿਨ ਕੋਈ ਉਪਾਅ ਕੰਮ ਵਿਚ ਨਹੀਂ ਹੈ।

ਬੁੱਧ ਦੀ ਪਰੰਪਰਾ ਅੱਜ ਵੀ ਜਿਉਂਦੀ ਹੈ। ਅੱਜ ਵੀ ਸੰਪਰਕ-ਸੂਤਰ ਸਥਾਪਤ ਕਰਨ ਵਾਲੇ ਲੋਕ ਹਨ, ਜਿਹੜੇ ਅੱਜ ਵੀ ਬੁੱਧ ਦੀ ਵਾਣੀ ਹਾਸਲ ਕਰ ਸਕਦੇ ਹਨ। ਬੁੱਧ ਦੀ ਵਾਣੀ ਸਦੀਵੀ ਹਾਸਲ ਕਰੇਗੀ, ਬੁੱਧ ਦੀਆਂ ਯਕੀਨ-ਦਹਾਨੀਆਂ ਹਨ।

ਜੀਸਸ ਦਾ ਸਬੰਧ-ਸੂਤਰ ਖੋ ਗਿਆ ਹੈ। ਈਸਾਇਅਤ ਰਸਮੀ ਧਰਮ ਬਣ ਕੇ ਰਹਿ ਗਈ ਹੈ। ਚਰਚ ਹਨ, ਪਾਦਰੀ ਹਨ, ਪੋਪ ਹਨ, ਭਾਰੀ ਵਿਸਥਾਰ ਹੈ। ਪਰ ਵਿਸਥਾਰ ਹੀ ਹੈ, ਇਸਟੈਬਲਿਸ਼ਮੈਂਟ ਹੀ ਹੈ; ਅੰਦਰ ਜੋ ਸੱਤ੍ਹ ਹੈ, ਉਹ ਖੋ ਗਿਆ ਹੈ। ਜੀਸਸ ਨਾਲ ਸਬੰਧ ਨਹੀਂ ਰਹਿ ਗਿਆ ਹੈ। ਈਸਾਇਅਤ ਤਾਂ ਇੰਨੀ ਫੈਲ ਗਈ, ਲੇਕਿਨ ਫਿਰ ਵੀ ਜੀਸਸ ਨਾਲ ਕੋਈ ਸਬੰਧ ਨਹੀਂ ਹੈ। ਤਾਂ ਪ੍ਰਾਣ ਨਹੀਂ ਹੈ ਅੰਦਰ।

ਸੈਂਕੜੇ ਪਰੰਪਰਾਵਾਂ ਪ੍ਰਿਥਵੀ ਉਤੇ ਹਨ। ਹਰ ਪਰੰਪਰਾ ਕਿਸੇ ਮਹਾਂ ਗੁਰੂ, ਕਿਸੇ ਬੋਧਿਸੱਤਵ ਦੀ ਚੇਤਨਾ ਨਾਲ ਚਲਦੀ ਹੈ। ਪਰ ਉਸ ਨਾਲ ਸਬੰਧ ਕਾਇਮ ਹੁੰਦਾ ਹੀ ਰਹਿਣਾ ਚਾਹੀਦਾ ਹੈ। ਕਿਉਂਕਿ ਯੁਗ ਬਦਲਦਾ ਹੈ, ਸਮਾਂ ਬਦਲਦਾ ਹੈ, ਭਾਸ਼ਾ ਬਦਲਦੀ ਹੈ। ਫਿਰ ਤੋਂ ਮੁੜ ਕੇ ਸਬੰਧ ਸਥਾਪਤ ਹੋਣਾ ਚਾਹੁੰਦਾ ਹੈ ਕਿ ਬੁੱਧ ਹੁਣ ਕੀ ਕਹਿਣਗੇ। ਬੁੱਧ ਇਸ ਛਿਨ ਵਿਚ ਕੀ ਕਹਿਣਗੇ। ਬੁੱਧ ਦਾ ਅੱਜ ਦੇ ਲਈ ਕੀ ਸੰਦੇਸ ਹੋਵੇਗਾ। ਜੇ ਸਬੰਧ ਟੁੱਟ ਜਾਵੇ, ਤਾਂ ਦੋ ਹਜ਼ਾਰ, ਢਾਈ ਹਜ਼ਾਰ ਸਾਲ ਪਹਿਲਾਂ ਬੁੱਧ ਨੇ ਜੋ ਕਿਹਾ ਸੀ, ਉਹ ਸਾਡੇ ਕੋਲ ਕਿਤਾਬਾਂ ਵਿਚ ਰਹਿ ਜਾਂਦਾ ਹੈ। ਲੇਕਿਨ ਢਾਈ ਹਜ਼ਾਰ ਸਾਲ ਪਹਿਲਾਂ ਦੀ ਜੋ ਹਾਲਤ ਸੀ, ਉਹ ਅੱਜ ਨਹੀਂ ਹੈ। ਢਾਈ ਹਜ਼ਾਰ ਸਾਲ ਪਹਿਲਾਂ ਜਿਨ੍ਹਾਂ ਲੋਕਾਂ ਨੂੰ ਉਹਨਾਂ ਨੇ ਕਿਹਾ ਸੀ, ਉਹ ਲੋਕ ਅੱਜ ਨਹੀਂ ਹਨ। ਢਾਈ ਹਜ਼ਾਰ ਸਾਲ ਪਹਿਲਾਂ ਉਹਨਾਂ ਨੇ ਜੋ ਵਿਧੀਆਂ ਦਿਤੀਆਂ ਸੀ, ਉਹ ਅੱਜ ਕਾਰਗਰ ਨਹੀਂ ਹੋਣਗੀਆਂ, ਕਿਉਂਕਿ ਆਦਮੀ ਬਦਲ ਗਿਆ ਹੈ, ਆਦਮੀ ਦਾ ਮਨ ਬਦਲ ਗਿਆ ਹੈ।

ਜਿਉਂਦੀ ਪਰੰਪਰਾ ਦਾ ਅਰਥ ਹੁੰਦਾ ਹੈ ਕਿ ਬੁੱਧ ਨਾਲ ਵਾਰ-ਵਾਰ ਸਬੰਧ ਕਾਇਮ ਕਰਕੇ ਅੱਜ ਦੇ ਲਈ ਸੰਦੇਸ਼ ਪਾਇਆ ਜਾ ਸਕੇ। ਜੇ ਇਹ ਨਾ ਹੋ ਸਕੇ, ਤਾਂ ਪਰੰਪਰਾ ਬੋਝ ਬਣ ਜਾਂਦੀ ਹੈ, ਅਤੇ ਮੁਰਦਾ ਹੋ ਜਾਂਦੀ ਹੈ।

ਇਹ ਬੋਧਿਸੱਤਵ ਦਾ ਜੋ ਕਿਲਾ ਹੈ, ਸਾਡੇ ਚਾਰ-ਚੁਫੇਰੇ ਮੌਜੂਦ ਹੈ ਬਹੁਤ ਨਜ਼ਦੀਕ, ਕਿਉਂਕਿ ਸਾਡੇ ਹਿਰਦੇ ਦੇ ਕੋਲ ਹੈ ਕਿਲਾ। ਇਸ ਨਾਲ ਸਬੰਧ ਬਣਾਇਆ ਜਾ ਸਕਦਾ ਹੈ। ਐਪਰ ਉਸ ਸਬੰਧ ਨੂੰ ਬਨਾਉਣ ਦੇ ਲਈ ਪੂਰਨ ਸਮਰਪਣ ਚਾਹੀਦਾ ਹੈ।

ਮੂਰਤੀਆਂ ਹਨ, ਮੰਦਰ ਹਨ, ਚਰਚ ਹਨ, ਗਿਰਜੇ ਹਨ, ਗੁਰਦੁਆਰੇ ਹਨ, ਉਹ ਸਭ ਪ੍ਰਤੀਕ ਹਨ, ਸਬੰਧ ਸਥਾਪਤ

ਕਰਨ ਦੇ ਇਕ ਤਰ੍ਹਾਂ ਦੇ ਯੰਤਰ ਹਨ, ਜਿਨ੍ਹਾਂ ਨਾਲ ਸਬੰਧ ਸਥਾਪਤ ਕੀਤਾ ਜਾ ਸਕਦਾ ਹੈ, ਜਿਨ੍ਹਾਂ ਉੱਤੇ ਧਿਆਨ ਇਕਾਗਰ ਕਰਨ ਨਾਲ ਤੁਸੀਂ ਇਸ ਲੋਕ ਤੋਂ ਹਟਦੇ ਹੋ ਅਤੇ ਉਸ ਲੋਕ ਵਲ ਮੂੰਹ ਕਰ ਲੈਂਦੇ ਹੋ।

ਕਰੀਬ-ਕਰੀਬ ਅੱਜ ਪ੍ਰਿਥਵੀ ਉੱਤੇ ਬੋਧਿਸਤੱਵਾਂ ਦਾ ਸੰਪਰਕ ਨਾਂ-ਮਾਤਰ ਰਹਿ ਗਿਆ ਹੈ। ਇਧਰ ਪਿਛਲੇ ਕੁਝ ਦਹਾਕਿਆਂ 'ਚ ਬਲਾਵੱਟਸਕੀ ਦੇ ਯਤਨ ਨਾਲ ਮਹਾਂਪ੍ਰਯੋਗ ਹੋਇਆ। ਅਤੇ ਬੜੀ ਚੇਸ਼ਟਾ ਹੋਈ ਕਿ ਬੋਧਿਸੱਤਵ ਦੇ ਕਿਲੇ ਨਾਲ ਮੁੜ ਕੇ ਸਬੰਧ ਕਾਇਮ ਹੋ ਜਾਵੇ। ਥਿਓਸਾੱਫੀ ਦਾ ਪੂਰੇ ਦਾ ਪੂਰਾ ਅੰਦੋਲਨ ਇਸ ਸਬੰਧ-ਸੂਤਰ ਨੂੰ ਸਥਾਪਤ ਕਰਨ ਦੇ ਲਈ ਹੀ ਸੀ, ਲੇਕਿਨ ਯਤਨ ਅਸਫਲ ਹੋ ਗਿਆ; ਹੋ ਹੀ ਨਹੀਂ ਸਕਿਆ, ਥੋੜ੍ਹਾ-ਜਿਹਾ ਕੰਮ ਹੋਇਆ ਅਤੇ ਸਭ ਰੁਕ ਗਿਆ। ਅਤੇ ਅੱਜ ਕੋਈ ਇੰਨਾ ਵਡਾ ਯਤਨ ਦੂਸਰਾ ਨਹੀਂ ਹੈ, ਜੋ ਗਿਆਨ ਦੀ ਜੋ ਸਦੀਵੀ ਧਾਰਾ ਹੈ, ਜੋ ਪਰੰਪਰਾ ਹੈ, ਗਿਆਨ ਦੇ ਜਿਹੜੇ ਸੂਤਰ ਸਦਾ ਹਾਸਲ ਕਰ ਲਏ ਗਏ ਹਨ, ਉਹਨਾਂ ਨੂੰ ਮੁੜ-ਸੁਰਜੀਤ ਕੀਤਾ ਜਾ ਸਕੇ। ਅਤੇ ਜ਼ਰੂਰਤ ਬਹੁਤ ਜ਼ਿਆਦਾ ਹੈ ਕਿ ਇਹ ਹੋਵੇ; ਅਤੇ ਜੇ ਇਹ ਨਾ ਹੋਵੇ, ਤਾਂ ਆਦਮੀ ਭਟਕ ਸਕਦਾ ਹੈ, ਖੋ ਸਕਦਾ ਹੈ। ਕਿਉਂਕਿ ਆਦਮੀ ਦੇ ਕੋਲ ਬੁੱਧਾਂ ਦਾ ਜੋ ਜਾਨਦਾਰ ਕਿਲਾ ਹੈ, ਜੇ ਉਸ ਨਾਲੋਂ ਹੀ ਸਾਡਾ ਸਬੰਧ ਟੁੱਟ ਜਾਵੇ, ਤਾਂ ਅਸੀਂ ਭਟਕਦੇ ਹੀ ਚਲੇ ਜਾਵਾਂਗੇ, ਅਤੇ ਗਿਰਦੇ ਹੀ ਚਲੇ ਜਾਵਾਂਗੇ।

ਅੱਜ ਆਦਮੀ ਦੀ ਗਿਰਾਵਟ ਦਾ ਕਾਰਨ ਨਾ ਤਾਂ ਵਿਗਿਆਨ ਹੈ, ਆਦਮੀ ਦੀ ਗਿਰਾਵਟ ਦਾ ਕਾਰਨ ਨਾ ਤਾਂ ਅਨੀਤੀ ਹੈ—ਆਦਮੀ ਦੀ ਗਿਰਾਵਟ ਦਾ ਕਾਰਨ ਇਕ ਹੀ ਹੈ ਕਿ ਅਨੰਤ-ਅਨੰਤ ਕਾਲ ਵਿਚ ਜੋ ਸਦੀਵੀ ਸੱਚ ਖੋਜੇ ਗਏ ਹਨ ਅਤੇ ਉਹਨਾਂ ਦੀ ਸੰਪਤੀ ਜਿਨ੍ਹਾਂ ਦੇ ਕੋਲ ਸੁਰੱਖਿਅਤ ਹੈ, ਉਹਨਾਂ ਨਾਲੋਂ ਸਾਡਾ ਸਬੰਧ ਲਗਪਗ ਟੁੱਟ ਗਿਆ ਹੈ। ਉਸ ਸਬੰਧ ਨੂੰ ਮੁੜ-ਸੁਰਜੀਤ ਕੀਤਾ ਜਾ ਸਕੇ, ਤਾਂ ਹੀ ਮਨੁੱਖ ਨੂੰ ਬਚਾਇਆ ਜਾ ਸਕਦਾ ਹੈ। ਨਹੀਂ ਤਾਂ ਇਹ ਪ੍ਰਿਥਵੀ ਖ਼ਾਲੀ ਕਰ ਦੇਣੀ ਪਏਗੀ। ਨਹੀਂ ਤਾਂ ਇਸ ਪ੍ਰਿਥਵੀ ਉੱਤੇ ਆਦਮੀ ਦੇ ਬਚਣ ਦੀ ਇਸ ਸਦੀ ਦੇ ਬਾਅਦ ਕੋਈ ਸੰਭਾਵਨਾ ਨਹੀਂ ਹੈ। ਇਕ ਮਹਾਂ-ਅੰਦੋਲਨ ਦੀ ਜ਼ਰੂਰਤ ਹੈ ਕਿ ਪ੍ਰਿਥਵੀ ਦੇ ਕੋਨੇ-ਕੋਨੇ ਵਿਚ ਸਾਰੀਆਂ ਧਰਮ-ਪਰੰਪਰਾਵਾਂ ਨਾਲ ਸੰਪਰਕ ਮੁੜ-ਸੁਰਜੀਤ ਕੀਤਾ ਜਾ ਸਕੇ। ਇਹ ਕੀਤਾ ਜਾ ਸਕਦਾ ਹੈ।

ਜੇ ਤੁਸੀਂ ਸਮਰਪਤ ਹੋ ਅਤੇ ਧਿਆਨ ਵਿਚ ਪੂਰੀ ਤਰ੍ਹਾਂ ਡੁੱਬਦੇ ਹੋ, ਤਾਂ ਅੱਜ ਨਹੀਂ ਕਲ੍ਹ ਅਚਾਨਕ ਤੁਸੀਂ ਪਾਉਗੇ ਕਿ ਤੁਸੀਂ ਇਕ ਦੂਸਰੇ ਲੋਕ ਵਿਚ ਪ੍ਰਵੇਸ਼ ਕਰਨ ਲਗੇ, ਅਤੇ ਦੂਸਰੇ ਲੋਕ ਦੀ ਵਾਣੀ ਤੁਹਾਨੂੰ ਸੁਣਾਈ ਪੈਣ ਲਗੀ, ਅਤੇ ਦੂਸਰੇ ਲੋਕ ਦੀਆਂ ਆਤਮਾਵਾਂ ਤੁਹਾਡੇ ਨਾਲ ਸਬੰਧ ਸਥਾਪਤ ਕਰਨ ਲਗੀਆਂ ਹਨ। ਉਹ ਸਦਾ ਉਤਸੁਕ ਹਨ, ਸਿਰਫ ਤੁਹਾਡੀ ਤਰਫੋਂ ਦੁਆਰ ਖੁੱਲ੍ਹਾ ਚਾਹੀਦਾ ਹੈ। ਅਤੇ ਤਦ ਤੁਸੀਂ ਪਾਉਗੇ ਕਿ ਤੁਸੀਂ ਨਾਹਕ ਹੀ ਪਰੇਸ਼ਾਨ ਹੋ ਰਹੇ ਸੀ; ਜਿਨ੍ਹਾਂ ਤੋਂ ਰਹਿਨੁਮਾਈ ਮਿਲ ਸਕਦੀ ਹੈ ਉਹ ਬਹੁਤ ਨਜ਼ਦੀਕ ਹਨ।

ਇਹ ਸੂਤਰ ਕਹਿੰਦਾ ਹੈ : ਨਾਲ ਹੀ, ਕਿਉਂਕਿ ਮਨੁੱਖ ਇਸਨੂੰ ਨਹੀਂ ਦੇਖਦਾ ਹੈ, ਇਸਲਈ ਉਹ ਨਾ ਛੋਹ ਸਕਦਾ ਹੈ, ਅਤੇ ਨਾ ਸੂਝ ਦੀ ਅਵਾਜ਼ ਸੁਣ ਸਕਦਾ ਹੈ... ਕਿਉਂਕਿ ਉਹ ਜਾਣਦਾ ਹੀ ਨਹੀਂ ਹੈ।

'ਲੇਕਿਨ ਓ ਜਿਗਿਆਸੂ, ਨਿਰਦੋਸ਼ ਆਤਮਾ ਵਾਲੇ, ਤੂੰ ਤਾਂ ਇਸਨੂੰ ਸੁਣਿਆ ਹੈ ਅਤੇ ਤੂੰ ਤਾਂ ਸਭ-ਕੁਝ ਜਾਣਦਾ ਹੈਂ... ਇਸਲਈ ਤੂੰ ਨਿਰਨਾ ਕਰਨਾ ਹੈ। ਇਸਲਈ ਇਕ ਵਾਰ ਫਿਰ ਤੋਂ ਸੁਣ।'

'ਹੇ ਸੇਵਾਨ ਦੇ ਮਾਰਗ, ਹੇ ਸ੍ਰੋਤਾਪੰਨ, ਤੂੰ ਸੁਰੱਖਿਅਤ ਹੈਂ। ਦੇਖ, ਉਸ ਰਾਹ 'ਤੇ ਜਿਥੇ ਥੱਕੇ ਹੋਏ ਯਾਤਰੀ ਨੂੰ ਹਨੇਰੇ ਦਾ ਸਾਹਮਣਾ ਕਰਨਾ ਹੁੰਦਾ ਹੈ।'

ਇਹ ਉਸਨੂੰ ਯਾਦ ਦਿਵਾ ਰਿਹਾ ਹੈ, ਇਹ ਸੂਤਰ ਸਿਰਫ ਚੇਤਾ ਕਰਵਾ ਰਿਹਾ ਹੈ। ਨਿਰਵਾਣ ਦੇ ਪਹਿਲਾਂ ਖੋ ਜਾਣ ਦੀ ਸੰਭਾਵਨਾ ਹੈ। ਇਹ ਸੂਤਰ ਯਾਦ ਦਿਵਾ ਰਿਹਾ ਹੈ ਕਿ ਤੂੰ ਤਾਂ ਹੁਣ ਸੁਰੱਖਿਅਤ ਹੈਂ। ਹੁਣ ਤੈਨੂੰ ਤਾਂ ਕੋਈ ਭੈ ਨਹੀਂ ਰਿਹਾ। ਤੂੰ ਉਹ ਅਵਾਜ ਸੁਣ ਲਈ, ਜੋ ਮੁਕਤ ਕਰਦੀ ਹੈ, ਅਤੇ ਤੂੰ ਉਹ ਸੱਚ ਛੋਹ ਲਿਆ ਹੈ। ਹੁਣ ਤੈਨੂੰ ਕੋਈ ਦੁਖ ਨਹੀਂ ਹੈ। ਤੇਰੇ ਪੈਰ ਲਗਾਤਾਰ ਅਨੰਦ ਵਿਚ ਵਧੇ ਜਾ ਰਹੇ ਹਨ, ਲੇਕਿਨ ਚੇਤਾ ਕਰ ਉਸ ਰਾਹ ਦਾ, ਜਿਥੇ ਤੂੰ ਕਲ੍ਹ ਤੁਰ ਰਿਹਾ ਸੀ, ਅਤੇ ਜਿਥੇ ਤੈਨੂੰ ਕੋਈ ਸਹਾਰਾ ਨਹੀਂ ਸੀ, ਅਤੇ ਜਿਥੇ ਤੈਨੂੰ ਕੋਈ ਰਹਿਨੁਮਾਈ ਦੇਣ ਵਾਲਾ ਨਹੀਂ ਸੀ, ਉਸ ਰਾਹ 'ਤੇ ਅਜੇ ਵੀ ਥੱਕੇ ਹੋਏ ਮੁਸਾਫਰ ਹਨੇਰੇ ਦਾ ਸਾਹਮਣਾ ਕਰ ਰਹੇ ਹਨ।

'ਜਿਥੇ ਕੰਡਿਆਂ ਨਾਲ ਛੇਕੇ ਜਾ ਕੇ ਹੱਥ ਲਹੂ-ਲੁਹਾਣ ਹੋ ਜਾਂਦੇ ਹਨ, ਜਿਥੇ ਪੈਰ ਤਿੱਖੇ ਤੇ ਕਠੋਰ ਪੱਥਰਾਂ ਨਾਲ ਕੱਟੇ-ਵੱਢੇ ਜਾਂਦੇ ਹਨ ਅਤੇ ਜਿਥੇ ਕਾਮ ਆਪਣੇ ਸ਼ਕਤੀਸ਼ਾਲੀ ਸ਼ਸਤਰ ਚਲਾਉਂਦਾ ਹੈ, ਉਥੇ ਜ਼ਰਾ-ਕੁ ਦੂਰੀ ਹੀ ਪਾਰ ਕਰ, ਇਕ ਵਡਾ ਵਰਦਾਨ, ਮਹਾਨ ਪੁਰਸਕਾਰ ਤੇਰੀ ਉਡੀਕ ਕਰ ਰਿਹਾ ਹੈ।'

ਜੇ ਤੂੰ ਜ਼ਰਾ-ਜਿੰਨਾ ਪਰਤ ਕੇ ਪਿਛੇ ਦੇਖੋਂ ਤਾਂ ਜਿਸ ਰਾਹ 'ਤੇ ਤੂੰ ਕਲ੍ਹ ਤਕ ਸੀ, ਉਥੇ ਕਰੋੜਾਂ ਲੋਕ ਹਨ। ਜਿਵੇਂ ਤੂੰ ਭਟਕਦਾ ਸੀ, ਉਹ ਭਟਕ ਰਹੇ ਹਨ। ਜਿਨ੍ਹਾਂ ਦੁਖਾਂ ਵਿਚ ਤੂੰ ਡੁਬਦਾ ਸੀ, ਉਸ ਵਿਚ ਉਹ ਡੁੱਬ ਰਹੇ ਹਨ, ਜਿਨ੍ਹਾਂ ਪੀੜਾਂ ਨੂੰ ਤੂੰ ਆਪਣੇ ਹੱਥੀਂ ਸਹੇੜ ਕੇ ਭੋਗਦਾ ਸੀ, ਉਥੇ ਉਹ ਆਪਣੇ ਹੀ ਹੱਥੀਂ ਆਪਣੀਆਂ ਪੀੜਾਂ ਤਿਆਰ ਕਰ ਰਹੇ ਹਨ ਅਤੇ ਭੁਗਤ ਰਹੇ ਹਨ। ਪਿਛੇ ਦੇ ਨਰਕ ਨੂੰ ਦੇਖ, ਇਹ ਨਰਕ ਜੇਕਰ ਦਿਖਾਈ ਪੈ ਜਾਵੇ ਤੈਨੂੰ, ਤਾਂ ਤੂੰ ਉਹਨਾਂ ਦੀ ਸਹਾਇਤਾ ਦੇ ਕੰਮ ਆ ਸਕਦਾ ਹੈਂ।

'ਉਹ ਸ਼ਾਂਤ ਅਤੇ ਅਣਥੱਕ ਯਾਤਰੀ ਇਸ ਧਾਰਾ 'ਤੇ ਵਹਿੰਦਾ ਚਲਿਆ ਜਾਂਦਾ ਹੈ, ਜੋ ਨਿਰਵਾਣ ਨੂੰ ਚਲੀ ਜਾਂਦੀ ਹੈ। ਉਹ ਜਾਣਦਾ ਹੈ ਕਿ ਜਿੰਨਾ ਹੀ ਉਸਦੇ ਪੈਰ ਖ਼ੂਨ ਉਗਲਣਗੇ ਉਂਨਾ ਹੀ ਉਹ ਖ਼ੁਦ ਧੋ ਹੋ ਕੇ ਸਾਫ-ਸੁਥਰਾ ਹੋ ਜਾਏਗਾ। ਉਹ ਭਲੀਭਾਂਤ ਜਾਣਦਾ ਹੈ ਕਿ ਸੱਤ ਛੋਟੇ-ਛੋਟੇ ਅਤੇ ਛਿਨਭੰਗਰ ਜਨਮਾਂ ਦੇ ਬਾਅਦ ਉਸਦਾ ਨਿਰਵਾਣ ਹੈ।'

ਇਹ ਵੀ ਤੈਨੂੰ ਸਾਫ ਹੈ ਕਿ ਜ਼ਿਆਦਾ ਦੇਰ ਨਹੀਂ ਹੈ ਤੇਰੇ ਮਹਾਂ ਨਿਰਵਾਣ ਵਿਚ ਖੋ ਜਾਣ ਵਿਚ। ਛੇਤੀ ਹੀ ਥੋੜ੍ਹੇ ਹੀ ਜਨਮਾਂ ਵਿਚ ਸਮੁੱਚੇ ਰੂਪ ਵਿਚ ਮਹਾਂਸ਼ੂੰਨਯ ਹੋ ਜਾਏਗਾ। ਇਸ ਤੋਂ ਪਹਿਲਾਂ ਕਿ ਤੂੰ ਮਹਾਂਸ਼ੂੰਨਯ ਹੋ ਜਾਵੇਂ, ਤੂੰ ਮਹਾਂਸ਼ੂੰਨਯ ਹੋਣ ਦੀ ਕਾਹਲੀ ਨਾ ਕਰੀਂ।

'ਅਜੇਹਾ ਹੈ ਧਿਆਨ ਦਾ ਰਾਹ, ਜੋ ਯੋਗੀਆਂ ਦਾ ਆਸ਼ਰਮ ਹੈ ਅਤੇ ਜਿਸ ਅਪੂਰਵ ਟੀਚੇ ਦੇ ਲਈ ਸ੍ਰੋਤਾਪੰਨ ਲਲਚਾਇਆ ਹੋਇਆ ਹੈ।'

ਉਹ ਧਾਰਾ ਵਿਚ ਪ੍ਰਵੇਸ਼ ਕਰ ਰਿਹਾ ਹੈ, ਸਾਧਕ ਹੈ, ਨਵਾਂ ਹੈ, ਲਲਚਾਇਆ ਹੋਇਆ ਹੈ—ਇਸ ਮਹਾਂਸ਼ੂੰਨਯ ਵਿਚ ਜਾਣ ਵਾਲੇ ਰਾਹ 'ਤੇ ਚੱਲਣ ਦੇ ਲਈ।

ਲੇਕਿਨ, ਜਦ ਉਸਨੇ ਅਰਹਤ ਦਾ ਰਾਹ ਪਾ ਲਿਆ, ਤਦ ਕੋਈ ਲਾਲਸਾ ਨਹੀਂ ਹੈ।

ਅਰਹਤ ਹੁੰਦਿਆਂ ਹੀ ਸਾਰੀਆਂ ਲਾਲਸਾਵਾਂ ਸ਼ਾਂਤ ਹੋ ਜਾਂਦੀਆਂ ਹਨ, ਸਾਰੀਆਂ ਵਾਸਨਾਵਾਂ ਮਰ-ਮੁੱਕ ਜਾਂਦੀਆਂ ਹਨ। ਤਦ ਖ਼ਤਰਾ ਹੈ, ਕਿਉਂ ਜਦ ਆਪਣੀ ਵਾਸਨਾ ਮੁਕ ਜਾਵੇ, ਤਾਂ ਦੂਜੇ ਦੀ ਵੀ ਦਿਖਾਈ ਨਹੀਂ ਪੈਂਦੀ ਅਤੇ ਜਦ ਖ਼ੁਦ ਦੇ ਦੁਖ ਮਿਟ ਜਾਣ, ਤਾਂ ਦੂਜਿਆਂ ਦੇ ਦੁਖਾਂ ਦਾ ਕੋਈ ਖ਼ਿਆਲ ਨਹੀਂ ਰਹਿ ਜਾਂਦਾ ਹੈ।

ਅਸੀਂ ਉਹੀ ਜਾਣਦੇ ਹਾਂ ਜੋ ਸਾਡੇ ਅੰਦਰ ਹੁੰਦਾ ਰਹਿੰਦਾ ਹੈ। ਜੋ ਸਾਡੇ ਅੰਦਰ ਬੰਦ ਹੋ ਗਿਆ, ਅਸੀਂ ਭੁੱਲ ਜਾਂਦੇ ਹਾਂ ਕਿ ਉਹ ਦੂਜਿਆਂ ਦੇ ਅੰਦਰ ਅਜੇ ਜਾਰੀ ਹੈ।

'ਉਥੇ ਸਦਾ ਲਈ ਕਲੇਸ਼ ਮਿਟ ਜਾਂਦਾ ਹੈ...'

ਅਰਹਤ ਹੁੰਦਿਆਂ ਹੀ, ਸਿੱਧ ਹੁੰਦਿਆਂ ਹੀ ਸਾਰਾ ਕਲੇਸ਼ ਮਿਟ ਜਾਂਦਾ ਹੈ।

'ਅਤੇ ਤਨਹਾ ਦੀਆਂ ਜੜ੍ਹਾਂ ਉਖੜ ਜਾਂਦੀਆਂ ਹਨ।'

ਤ੍ਰਿਸ਼ਨਾ ਦੇ ਸਾਰੇ ਜਾਲ ਟੁੱਟ ਜਾਂਦੇ ਹਨ।

'ਐਪਰ ਓ ਸ਼ਿਸ਼, ਰੁਕ...ਅਜੇ ਵੀ ਇਕ ਹੋਰ ਸ਼ਬਦ ਕਹਿਣਾ ਬਾਕੀ ਹੈ। ਕੀ ਤੂੰ ਰੱਬੀ ਕਰੁਣਾ ਨੂੰ ਮਿਟਾ ਸਕਦਾ ਹੈਂ? ਕਰੁਣਾ ਕੋਈ ਸਦਗੁਣ ਨਹੀਂ ਹੈ। ਇਹ ਨਿਯਮਾਂ ਦਾ ਨਿਯਮ ਹੈ—ਸਦੀਵੀ ਲੈਅਬੱਧਤਾ, ਆਲਯ ਦੀ ਆਤਮਾ। ਇਸਨੂੰ ਹੀ ਤਟਹੀਣ ਸੰਸਾਰਕ ਤੱਤ, ਨਿੱਤਯ, ਸਮੱਯਕਤੱਵ ਦੀ ਵੀ ਪ੍ਰਭਾ, ਵਸਤੂਆਂ ਦਾ ਕੌਸ਼ਲ ਅਤੇ ਕਦੀਮੀ ਪ੍ਰੇਮ ਦਾ ਵਿਧਾਨ ਕਹਿੰਦੇ ਹਨ।'

ਇਕ ਸ਼ਬਦ ਹੋਰ ਹੈ ਅਰਹਤ ਦੇ ਲਈ। ਸੂਤਰ ਕਹਿੰਦਾ ਹੈ ਕਿ ਇਕ ਸ਼ਬਦ ਹੋਰ ਹੈ, ਸਭ ਖੋ ਚੁੱਕਾ, ਤੇਰੀ ਤ੍ਰਿਸ਼ਨਾ ਮਿਟ ਗਈ। ਤੇਰੀ ਤ੍ਰਿਸ਼ਨਾ ਦੇ ਨਾਲ ਹੀ ਤੇਰੇ ਦੁਖਾਂ ਦਾ ਸਾਗਰ ਅਲੋਪ ਹੋ ਗਿਆ। ਖ਼ੁਦ ਦੀ ਤ੍ਰਿਸ਼ਨਾ ਹੀ ਖ਼ੁਦ ਦਾ ਦੁਖ ਹੈ। ਤੇਰੇ ਲਈ ਕੁਝ ਪਾਣ ਨੂੰ ਨਾ ਬਚਿਆ, ਤੂੰ ਸਭ ਪਾ ਲਿਆ। ਤੂੰ ਹੋ ਗਿਆ ਜੋ ਹੋ ਸਕਦਾ ਸੀ। ਤੇਰਾ ਫੁੱਲ ਖਿੜ ਗਿਆ, ਲੇਕਿਨ ਇਕ ਆਖ਼ਰੀ ਸ਼ਬਦ ਹੋਰ ਹੈ। ਅਤੇ ਉਹ ਆਖ਼ਰੀ ਸ਼ਬਦ ਹੈ ਕਰੁਣਾ ਦੇ ਸਬੰਧ ਵਿਚ।

ਇਸਨੂੰ ਅਸੀਂ ਸਮਝ ਲਈਏ।

ਜਿਸ ਜਗਤ ਵਿਚ ਅਸੀਂ ਰਹਿੰਦੇ ਹਾਂ, ਉਥੇ ਵਾਸਨਾ ਨਿਯਮ ਹੈ।

ਵਾਸਨਾ ਦਾ ਅਰਥ ਹੈ: ਅਸੀਂ ਲੈਣਾ ਚਾਹੁੰਦੇ ਹਾਂ, ਪਾਣਾ ਚਾਹੁੰਦੇ ਹਾਂ, ਖੋਹਣਾ ਚਾਹੁੰਦੇ ਹਾਂ। ਜਿਸ ਜਗਤ ਵਿਚ ਅਸੀਂ ਰਹਿੰਦੇ ਹਾਂ ਉਥੇ ਵਾਸਨਾ ਨਿਯਮ ਹੈ। ਇਸ ਜਗਤ ਦੇ ਪਾਰ ਹੁੰਦਿਆਂ ਹੀ ਵਾਸਨਾ ਦੀ ਥਾਂ ਕਰੁਣਾ ਨਿਯਮ ਬਣ ਜਾਂਦੀ ਹੈ।

ਵਾਸਨਾ ਦਾ ਅਰਥ ਹੈ ਲੈਣਾ। ਕਰੁਣਾ ਦਾ ਅਰਥ ਹੈ ਦੇਣਾ—ਵਾਸਨਾ ਦੇ ਐਨ ਉਲਟ।

ਵਾਸਨਾ ਚਾਹੁੰਦੀ ਹੈ : ਦੇਣਾ ਕੁਝ ਵੀ ਨਾ ਪਵੇ ਅਤੇ ਸਭ ਮਿਲ ਜਾਵੇ। ਅਤੇ ਕਰੁਣਾ ਚਾਹੁੰਦੀ ਹੈ, ਲੈਣਾ ਕੁਝ ਵੀ ਨਾ ਪਵੇ, ਸਭ ਦੇ ਦਿਤਾ ਜਾਵੇ। ਇਹ ਵਾਸਨਾ ਤੋਂ ਕਰੁਣਾ ਵਿਚ ਪ੍ਰਵੇਸ਼ ਹੈ।

ਅਰਹਤ ਦੀ ਵਾਸਨਾ ਨਸ਼ਟ ਹੋ ਗਈ, ਹੁਣ ਉਹ ਚਾਹੇ ਤਾਂ ਸਿੱਧਾ ਸ਼ੂੰਨਯ ਵਿਚ ਅਲੋਪ ਹੋ ਸਕਦਾ ਹੈ। ਐਪਰ ਬੋਧਿਸੱਤਵ ਨੂੰ, ਜੋ ਦੂਸਰਾ ਮਾਰਗ ਹੈ ਉਹ ਕਹਿੰਦਾ ਹੈ, ਜੋ-ਜੋ ਵਾਸਨਾ ਤੋਂ ਤੂੰ ਮੰਗਿਆ ਸੀ, ਉਹ ਕਰੁਣਾ ਨੂੰ ਵਾਪਸ ਮੋੜ ਦੇ। ਨਿਪਟਾਰਾ ਪੂਰਾ ਕਰ ਦੇ। ਜਿਨ੍ਹਾਂ ਤੋਂ ਤੂੰ ਚਾਹਿਆ ਸੀ, ਉਹਨਾਂ ਨੂੰ ਦੇ ਦੇ। ਬਿਨਾਂ ਦਿਤੇ ਖੋਇਆ ਵੀ ਜਾ ਸਕਦਾ ਹੈ, ਬਿਨਾਂ

ਵੰਡਿਆਂ ਵੀ ਖੋਇਆ ਜਾ ਸਕਦਾ ਹੈ। ਕੋਈ ਵੰਡਣ ਦੀ ਲਾਜ਼ਮਤਾ ਨਹੀਂ ਹੈ। ਹੁਣ ਕੋਈ ਦਬਾਅ ਨਹੀਂ ਹੈ, ਹੁਣ ਕੋਈ ਜ਼ੋਰ–ਜ਼ਬਰਦਸਤੀ ਨਹੀਂ ਹੈ ਕਿ ਵੰਡ ਹੀ। ਸੱਚ ਤਾਂ ਇਹ ਹੈ ਕਿ ਜਦ ਤਕ ਜ਼ੋਰ–ਜ਼ਬਰਦਸਤੀ ਹੈ ਵੰਡਣ ਦੀ, ਤਦ ਤਕ ਸਾਡੇ ਕੋਲ ਵੰਡਣ ਨੂੰ ਕੁਝ ਵੀ ਨਹੀਂ ਹੁੰਦਾ ਹੈ। ਜਿਸ ਦਿਨ ਵੰਡਣ ਨੂੰ ਮਿਲਦਾ ਹੈ ਕੁਝ, ਉਸ ਦਿਨ ਕੋਈ ਜ਼ੋਰ–ਜ਼ਬਰਦਸਤੀ ਨਿਯਮਾਂ ਦੀ ਨਹੀਂ ਰਹਿ ਜਾਂਦੀ। ਪਰਮ–ਸੁਤੰਤਰ ਹੈ ਚੇਤਨਾ, ਚਾਹੇ ਤਾਂ ਵੰਡੀ ਜਾ ਸਕਦੀ ਹੈ।

ਇਹ ਸੂਤਰ ਕਹਿੰਦਾ ਹੈ : ਕਰੁਣਾ ਕੋਈ ਸਦਗੁਣ ਨਹੀਂ ਹੈ।

ਇਹ ਕੋਈ ਨੈਤਿਕ ਗੁਣ ਨਹੀਂ ਹੈ।

'ਕਰੁਣਾ ਕੋਈ ਸਦਗੁਣ ਨਹੀਂ ਹੈ। ਇਹ ਹੈ ਨਿਯਮਾਂ ਦਾ ਨਿਯਮ–ਸਦੀਵੀ ਲੈਅਬੱਧਤਾ, ਆਲਯ ਦੀ ਆਤਮਾ। ਇਸਨੂੰ ਹੀ ਤਟਹੀਣ ਸੰਸਰਾਕ ਤੱਤ, ਨਿੱਤਯ ਸਮਯੱਕਤਵ ਦੀ ਪ੍ਰਭਾ, ਸਾਰੀਆਂ ਵਸਤਾਂ ਦਾ ਕੌਸ਼ਲ ਅਤੇ ਕਦੀਮੀ ਪ੍ਰੇਮ ਦਾ ਵਿਧਾਨ ਕਹਿੰਦੇ ਹਨ।'

ਇਹ ਕਰੁਣਾ ਕੋਈ ਨੈਤਿਕਤਾ ਨਹੀਂ ਹੈ–ਜਿਸ ਕਰੁਣਾ ਦੀ ਗੱਲ ਇਥੇ ਕੀਤੀ ਜਾ ਰਹੀ ਹੈ। ਇਹ ਕਰੁਣਾ ਕੋਈ ਦਯਾ ਵੀ ਨਹੀਂ ਹੈ ਕਿ ਦੂਜਿਆਂ ਉੱਤੇ ਦਯਾ ਕਰੋ। ਕਿਉਂਕਿ ਦਯਾ ਵਿਚ ਵੀ ਹੰਕਾਰ ਮੌਜੂਦ ਹੈ। ਇਹ ਕਰੁਣਾ ਤਾਂ ਪ੍ਰੇਮ ਦਾ ਇਕ ਵਿਧਾਨ ਹੈ। ਇਸ ਵਿਚ ਕੋਈ ਹਮੀਂ ਨਹੀਂ ਕਿ ਮੈਂ ਦਯਾ ਕਰਾਂ, ਤਾਂ ਸ੍ਰੇਸ਼ਠ ਹੋ ਜਾਵਾਂਗਾ। ਹੁਣ ਕੋਈ ਸ੍ਰੇਸ਼ਠਤਾ ਅਰਹਤ ਦੇ ਲਈ ਬਾਕੀ ਨਾ ਬਚੀ, ਉਸਨੇ ਸਾਰੀ ਸ੍ਰੇਸ਼ਠਤਾ ਪਾ ਲਈ। ਹੁਣ ਦੇਣ ਨਾਲ ਵੀ ਕੁਝ ਹੋਰ ਜ਼ਿਆਦਾ ਨਹੀਂ ਹੋ ਜਾਏਗਾ ਉਹ। ਹੁਣ ਵੰਡਣਾ ਉਸਦੇ ਲਈ ਕੋਈ ਪੁੰਨ ਨਹੀਂ ਹੈ। ਉਸਨੇ ਸਭ ਪੁੰਨ ਪਾ ਲਏ ਹਨ। ਇਸਲਈ ਸਵਾਲ ਉਠਦਾ ਹੈ ਕਿ ਅਰਹਤ ਕਿਉਂ ਵੰਡੇ? ਕਿਉਂਕਿ ਸਾਡੀ ਭਾਸ਼ਾ ਵਿਚ ਤਕਲੀਫ ਇਹ ਹੈ ਕਿ ਅਸੀਂ ਸੋਚਦੇ ਹਾਂ ਕਿ ਜਦ ਕੁਝ ਮਿਲਣ ਵਾਲਾ ਨਹੀਂ ਹੈ ਉਸ ਤੋਂ ਤਾਂ ਵੰਡੇ ਕਿਉਂ? ਤਾਂ ਵੰਡਣਾ ਕੀ ਹੈ? ਨਾ ਕੋਈ ਦਬਾਅ ਹੈ, ਨਾ ਮਿਲਣ ਦੀ ਕੋਈ ਆਸ ਹੈ, ਨਾ ਕੋਈ ਵਧਾਰਾ ਹੋਣ ਵਾਲਾ ਹੈ। ਅਰਹਤ ਤੋਂ ਉਪਰ ਜਾਣ ਦਾ ਕੋਈ ਉਪਾਅ ਨਹੀਂ ਹੈ, ਆਖ਼ਰੀ ਸਿਖਰ ਛੋਹ ਲਿਆ ਗਿਆ।

ਸੂਤਰ ਕਹਿੰਦਾ ਹੈ, ਇਹ ਕੋਈ ਦਯਾ ਨਹੀਂ ਹੈ, ਇਸ ਤੋਂ ਕੁਝ ਕਮਾਈ ਹੋਣ ਵਾਲੀ ਨਹੀਂ ਹੈ। ਲੇਕਿਨ ਇਹ ਪ੍ਰੇਮ ਦਾ ਵਿਧਾਨ ਹੈ। ਜਿਵੇਂ ਵਾਸਨਾ ਜਗਤ ਦਾ ਵਿਧਾਨ ਹੈ, ਇਵੇਂ ਕਰੁਣਾ ਦੇ ਪਾਰ ਜਾਣ ਵਾਲੇ ਦਾ ਵਿਧਾਨ ਹੈ। ਇਹ ਸ੍ਵੈਇੱਛਿਆ ਨਾਲ ਚੁਣਿਆ ਹੋਇਆ ਨਿਯਮ ਹੈ, ਇਸਲਈ ਇਸਨੂੰ ਨਿਯਮਾਂ ਦਾ ਨਿਯਮ ਕਿਹਾ ਹੈ, ਕਿਉਂਕਿ ਜਿਹੜੇ ਨਿਯਮ ਸ੍ਵੈਇੱਛਿਆ ਨਾਲ ਨਹੀਂ ਚੁਣੇ ਜਾਂਦੇ, ਉਹ ਬੁਨਿਆਦੀ ਨਹੀਂ ਹਨ। ਇਹ ਅਲਟੀਮੇਟ ਲਾੱ ਹੈ–ਤਾਓ। ਇਸਦੇ ਉਪਰ ਹੋਰ ਕੋਈ ਨਿਯਮ ਨਹੀਂ ਜਾਂਦਾ। ਮੰਗਣਾ ਉਪਰ–ਉਪਰ ਹੈ, ਦੇਣਾ ਹੇਠਾਂ ਹੈ। ਵਾਸਨਾ ਸਤਹਿ 'ਤੇ ਹੈ, ਕਰੁਣਾ ਬੁਨਿਆਦ ਵਿਚ ਹੈ।

'ਜਿੰਨਾ ਹੀ ਤੂੰ ਇਸਦੇ ਨਾਲ ਇਕਾਤਮ ਹੁੰਦਾ ਹੈਂ, ਜਿੰਨਾ ਹੀ ਇਸਦੇ ਵਜੂਦ ਵਿਚ ਤੇਰਾ ਵਜੂਦ ਘੁਲ ਮਿਲ ਜਾਂਦਾ ਹੈ, ਜਿੰਨਾ ਹੀ ਤੂੰ ਇਸਦੇ ਨਾਲ ਇਕ ਹੁੰਦਾ ਹੈਂ–ਜੋ ਹੈ–ਉਨਾ ਹੀ ਤੂੰ ਮੁਕੰਮਲ ਕਰੁਣਾ ਬਣ ਜਾਏਂਗਾ।'

'ਅਜੇਹਾ ਹੈ ਆਰੀਆ ਮਾਰਗ–ਪੂਰਨਤਾ ਦੇ ਬੁੱਧਾਂ ਦਾ ਮਾਰਗ।'

ਬੁੱਧ ਨੇ ਆਰੀਆ ਸ਼ਬਦ ਦਾ ਬਹੁਤ ਇਸਤਮਾਲ ਕੀਤਾ ਹੈ। ਆਰੀਆ ਦਾ ਅਰਥ ਹੁੰਦਾ ਹੈ ਸਭ ਤੋਂ ਸ੍ਰੇਸ਼ਠ। ਅਜੇਹਾ

ਹੈ ਆਰੀਆ ਦਾ ਰਾਹ—ਜੋ ਸਭ ਤੋਂ ਸ੍ਰੇਸ਼ਠ ਹਨ, ਉਹਨਾਂ ਦਾ ਰਾਹ। ਅਜੇਹਾ ਹੈ ਪੂਰਨਤਾ ਨੂੰ ਪ੍ਰਾਪਤ ਬੁੱਧਾਂ ਦਾ ਰਾਹ—ਕਿ ਵਾਸਨਾ ਦੇ ਜਗਤ ਦੇ ਬਾਅਦ, ਉਹ ਕਰੁਣਾ ਦੇ ਨਿਯਮ ਨੂੰ ਸ੍ਵੈਇੱਛਿਆ ਨਾਲ ਚੁਣ ਲੈਂਦੇ ਹਨ। ਇਹ ਚੋਣ ਉਹਨਾਂ ਦੀ ਹੈ, ਕੋਈ ਪਾਬੰਦੀ ਨਹੀਂ ਹੈ। ਮੁਕੰਮਲ ਸ੍ਵੈਇੱਛਿਆ ਹੈ। ਸ੍ਵੈਇੱਛਿਆ ਨਾਲ ਹੀ ਖੜ੍ਹੇ ਹੋ ਜਾਂਦੇ ਹਨ ਸੰਸਾਰ ਵਿਚ ਉਹਨਾਂ ਦੀ ਸਹਾਇਤਾ ਕਰਨ ਨੂੰ, ਜਿਹੜੇ ਅਜੇ ਭਟਕ ਰਹੇ ਹਨ। ਇਸਲਈ ਉਹਨਾਂ ਨੂੰ ਸਮਝਣ ਵਿਚ ਹਮੇਸ਼ਾ ਕਠਨਾਈ ਹੁੰਦੀ ਹੈ। ਕਿਉਂਕਿ ਸਾਨੂੰ ਲਗਦਾ ਹੈ ਕਿ ਜੇ ਇਕ ਬੁੱਧ ਵੀ ਤੁਹਾਨੂੰ ਸਮਝਾ ਰਿਹਾ ਹੈ, ਤਾਂ ਜ਼ਰੂਰ ਉਸਦਾ ਮਤਲਬ ਹੋਵੇਗਾ, ਕੋਈ ਮਕਸਦ ਹੋਵੇਗਾ। ਕਿਉਂਕਿ ਅਸੀਂ ਮਕਸਦ ਦੀ ਹੀ ਭਾਸ਼ਾ ਸਮਝ ਸਕਦੇ ਹਾਂ। ਸਾਡੀ ਕੋਈ ਗਲਤੀ ਵੀ ਨਹੀਂ ਹੈ। ਜੇ ਕੋਈ ਤੁਹਾਨੂੰ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ, ਤਾਂ ਜ਼ਰੂਰ ਉਸਦਾ ਕੋਈ ਮਕਸਦ ਹੋਵੇਗਾ, ਜ਼ਰੂਰ ਇਸ ਤੋਂ ਉਸਨੂੰ ਕੁਝ ਲਾਭ ਮਿਲਦਾ ਹੋਵੇਗਾ, ਜ਼ਰੂਰ ਇਸ ਵਿਚ ਉਹ ਕੁਝ ਪਾ ਰਿਹਾ ਹੋਵੇਗਾ ਜਾਂ ਪਾਣ ਦੀ ਵਾਸਨਾ ਰਖਦਾ ਹੋਵੇਗਾ। ਕੋਈ ਪ੍ਰਸਿੱਧੀ, ਕੋਈ ਪਦਵੀ, ਕੋਈ ਯਸ਼, ਕੋਈ ਉੱਚੀ ਆਸ ਜ਼ਰੂਰ ਅੰਦਰ ਹੋਵੇਗੀ। ਨਹੀਂ ਤਾਂ ਕੌਣ ਕਿਸਦੇ ਲਈ ਪਰੇਸ਼ਾਨ ਹੁੰਦਾ ਹੈ ਅਤੇ ਕਿਉਂ ਪਰੇਸ਼ਾਨ ਹੋਵੇਗਾ?

ਵਾਸਨਾ ਦੀ ਭਾਸ਼ਾ ਵਿਚ ਜਿਹੜੇ ਜੀਂਦੇ ਹਨ, ਉਹਨਾਂ ਨੂੰ ਕਰੁਣਾ ਦਾ ਕੋਈ ਵੀ ਪਤਾ ਨਹੀਂ ਹੋ ਸਕਦਾ ਹੈ। ਇਸ ਵਿਚ ਵੀ ਕੋਈ ਗਲਤੀ ਨਹੀਂ ਹੈ, ਕੋਈ ਉਪਾਅ ਵੀ ਨਹੀਂ ਹੈ। ਜਿਵੇਂ ਅੰਨ੍ਹੇ ਨੂੰ ਕੋਈ ਪ੍ਰਕਾਸ਼ ਦਿਖਾਈ ਨਹੀਂ ਪੈਂਦਾ, ਉਵੇਂ ਵਾਸਨਾ ਵਾਲੇ ਨੂੰ ਕਰੁਣਾ ਨਹੀਂ ਦਿਸਦੀ। ਕਰੁਣਾ ਵੀ ਜੇ ਦਿਖਾਈ ਪੈਂਦੀ ਹੈ,ਤਾਂ ਉਹ ਸਮਝਦਾ ਹੈ ਇਸਦੇ ਅੰਦਰ ਕੋਈ ਵਾਸਨਾ ਜ਼ਰੂਰ ਛੁਪੀ ਹੈ।

ਇਸਲਈ ਬੁੱਧ ਸਦਾ ਹੀ ਗਲਤ ਸਮਝੇ ਜਾਣਗੇ। ਇਹ ਉਹਨਾਂ ਦੀ ਤਕਦੀਰ। ਗਲਤ ਉਹਨਾਂ ਨੂੰ ਸਮਝਿਆ ਹੀ ਜਾਏਗਾ। ਕਿਉਂਕਿ ਉਹ ਜਿਨ੍ਹਾਂ ਨਾਲ ਗੱਲ ਕਰ ਰਹੇ ਹਨ, ਉਹਨਾਂ ਦੀ ਭਾਸ਼ਾ ਹੋਰ ਹੈ, ਉਹਨਾਂ ਦਾ ਨਿਯਮ ਹੋਰ ਹੈ। ਲੇਕਿਨ ਫਿਰ ਵੀ ਉਹ ਚੇਸ਼ਟਾ ਵਿਚ ਰੁੱਝੇ ਰਹਿਣਗੇ। ਕਿਉਂਕਿ ਜਿਵੇਂ-ਜਿਵੇਂ ਉਹਨਾਂ ਨੂੰ ਦਿਖਾਈ ਪੈਣਾ ਸ਼ੁਰੂ ਹੁੰਦਾ ਹੈ, ਆਪਣੀਆਂ ਪੀੜਾਂ ਦਾ ਪੰਧ, ਜਿਸ ਉੱਤੇ ਉਹ ਗੁਜ਼ਰੇ ਹਨ ਅਨੇਕਾਂ-ਅਨੇਕਾਂ ਜਨਮਾਂ ਵਿਚ, ਉਵੇਂ ਹੀ ਉਹਨਾਂ ਨੂੰ ਦਿਖਾਈ ਪੈਣ ਲਗਦੀਆਂ ਹਨ, ਅਨੇਕਾਂ-ਅਨੇਕਾਂ ਆਤਮਾਵਾਂ, ਉਸੇ ਤਰ੍ਹਾਂ ਦੀਆਂ ਪੀੜਾਂ ਵਿਚੋਂ ਦੀ ਗੁਜ਼ਰਦੀਆਂ ਹੋਈਆਂ।

ਇਹ ਸੂਤਰ ਬੋਧਿਸੱਤਵ ਪੈਦਾ ਕਰਨ ਦੇ ਸੂਤਰ ਹਨ। ਜੋ ਵੀ ਅਰਹਤ ਦੇ ਰਾਹ 'ਤੇ ਜਾ ਰਿਹਾ ਹੈ, ਉਸਨੂੰ ਉਹਨਾਂ ਦਾ ਚੇਤਾ ਨਾ ਹੋਵੇ, ਇਹ ਸੂਤਰ ਖਿਆਲ ਵਿਚ ਨਾ ਹੋਵੇ, ਤਾਂ ਉਹ ਲੀਨ ਹੋ ਜਾਏਗਾ। ਅਨੇਕਾਂ ਬੁੱਧ ਖੋ ਗਏ ਹਨ ਸ਼ੂੰਨਯ ਵਿਚ ਸਿੱਧੇ। ਇਹ ਸੂਤਰ ਸਿਰਫ ਇਸ ਗੱਲ ਦੇ ਲਈ ਗਹਿਰੀ ਚੋਟ ਕਰਨ ਲਈ ਹੈ ਕਿ ਇਸਦਾ ਖਿਆਲ ਬਣਿਆ ਰਹੇ, ਤਾਂ ਮਹਾਂਯਾਨ ਵਿਚ ਜਿਵੇਂ ਹੀ ਸਾਧਕ ਧਿਆਨ ਵਿਚ ਕਰੀਬ ਪਹੁੰਚਣ ਲਗਦਾ ਹੈ ਇਸ ਤਰ੍ਹਾਂ ਦੇ ਸੂਤਰ ਉਸਦਾ ਗੁਰੂ ਉਸਨੂੰ ਦੇਣ ਲਗਦਾ ਹੈ। ਕਿਉਂਕਿ ਹੁਣ ਡਰ ਦਾ ਛਿਨ ਕਰੀਬ ਆ ਰਿਹਾ ਹੈ। ਹੁਣ ਉਹ ਖ਼ਤਰਨਾਕ ਛਿਨ ਕਰੀਬ ਆ ਰਿਹਾ ਹੈ, ਜਦ ਸਾਧਕ ਚੁੰਬਕ ਵਾਂਗ ਖਿੱਚ ਲਿਆ ਜਾਏਗਾ ਸ਼ੂੰਨਯ ਵਿਚ ਅਤੇ ਖੋ ਜਾਏਗਾ।

ਖਿਆਲ ਰਖਣਾ, ਜਦ ਵੀ ਅਨੰਦ ਵਾਪਰਦਾ ਹੈ, ਤਾਂ ਕੌਣ ਰੁਕਦਾ ਹੈ? ਇਕ ਕਦਮ ਵੀ ਕੌਣ ਰੁਕਣਾ ਚਾਹੁੰਦਾ ਹੈ? ਜਦ ਮਹਾਂ-ਅਨੰਦ ਨਜ਼ਦੀਕ ਖੜ੍ਹਾ ਹੋਵੇ, ਤਾਂ ਤੁਸੀਂ ਉਸ ਵਲ ਪਿੱਠ ਨਹੀਂ ਕਰ ਪਾਉਗੇ। ਤਦ ਤਾਂ ਮਨ ਹੋਵੇਗਾ ਕਿ ਕੁੱਦ

ਜਾਈਏ, ਡੁੱਬ ਜਾਈਏ। ਉਸ ਸਮੇਂ ਇਹਨਾਂ ਸੂਤਰਾਂ ਦਾ ਚੇਤਾ ਬਣਿਆ ਰਹੇ ਤਾਂ ਸ਼ਾਇਦ ਕੋਈ ਪਿੱਠ ਕਰਕੇ ਖੜ੍ਹਾ ਹੋ ਜਾਵੇ ਅਤੇ ਪਰਤ ਕੇ ਸੰਸਾਰ ਦੀ ਤਰਫ਼ ਦੇਖੇ, ਜੋ ਪਿਛੇ ਰਹਿ ਗਿਆ ਹੈ। ਦੇਖਦਿਆਂ ਹੀ ਸੰਸਾਰ ਦਾ ਦੂਸਰਾ ਨਿਯਮ ਸ਼ੁਰੂ ਹੋ ਜਾਏਗਾ ਕਰੁਣਾ ਦਾ। ਪਰ ਜੇ ਨਾ ਦੇਖਿਆ, ਤਾਂ ਉਹ ਨਿਯਮ ਕੰਮ ਨਹੀਂ ਕਰੇਗਾ। ਇਕ ਵਾਰ ਵੀ ਪਿਛੇ ਮੁੜ ਕੇ ਦੇਖ ਲਿਆ ਤਾਂ ਵਾਸਨਾ ਅਲੋਪ ਹੋ ਗਈ, ਕਰੁਣਾ ਕਾਰਜਸ਼ੀਲ ਹੋ ਜਾਏਗੀ, ਦੂਜੇ ਨਿਯਮ ਦਾ ਸੂਤਰਪਾਤ ਹੋ ਗਿਆ।

ਅਰਹਤ ਦੇ ਰਾਹ 'ਤੇ, ਹੀਨਯਾਨ ਦੇ ਰਾਹ 'ਤੇ, ਐਨ ਇਸ ਤੋਂ ਉਲਟੇ ਨਿਯਮਾਂ ਦਾ ਸੂਤਰ ਕੰਮ ਆਉਂਦਾ ਹੈ, ਕਿਉਂਕਿ ਹੀਨਯਾਨ ਦੇ ਸਾਧਕ ਨੂੰ ਸਮਝਾਇਆ ਜਾਂਦਾ ਹੈ ਕਿ ਜਦ ਮਹਾਂਸ਼ੂੰਨਯ ਕਰੀਬ ਆਵੇ ਤਾਂ ਤੂੰ ਮੁੜ ਕੇ ਪਿਛੇ ਨਾ ਦੇਖੀਂ। ਕਿਉਂਕਿ ਜੇ ਤੂੰ ਮੁੜ ਕੇ ਪਿਛੇ ਦੇਖਿਆ, ਤਾਂ ਫਿਰ ਯੁਗਾਂ ਤੀਕ ਤੈਨੂੰ ਠਹਿਰਨਾ ਪਏਗਾ।

ਇਕ ਵਾਰ ਪਿਛੇ ਦੇਖ ਲਿਆ, ਤਾਂ ਇਹ ਜੋ ਦ੍ਰਿਸ਼ ਹੈ ਪਿਛੇ, ਉਹ ਸਾਨੂੰ ਪਤਾ ਨਹੀਂ ਹੈ ਕਿ ਉਹ ਦ੍ਰਿਸ਼ ਕਿੰਨਾ ਭਿਆਨਕ ਹੈ। ਇਉਂ ਸਮਝੋ ਕਿ ਜੇ ਮੈਂ ਤੁਹਾਡੀਆਂ ਸਾਰੀਆਂ ਵਾਸਨਾਵਾਂ ਨੂੰ ਖੋਲ੍ਹ ਕੇ ਦੇਖਾਂ। ਤੁਹਾਡੀਆਂ ਸਾਰੀਆਂ ਪੀੜਾਂ ਨੂੰ, ਹਿਰਦੇ ਦੇ ਕੰਡਿਆਂ ਨੂੰ, ਸਭ ਨੂੰ ਉਘਾੜ ਕੇ ਰਖ ਲਵਾਂ, ਤਦ ਜੋ ਮੈਨੂੰ ਦਿਖਾਈ ਪਏਗਾ, ਇਕ-ਇਕ ਆਦਮੀ ਇਕ-ਇਕ ਨਰਕ ਹੈ। ਉਪਰ ਤੋਂ ਲਿੰਿਪਿਆ-ਪੋਚਿਆ ਹੈ, ਵ੍ਹਾਈਟ-ਵਾਸ਼ਡ ਹੈ, ਤਾਂ ਉਹ ਜੁਦਾ ਗੱਲ ਹੈ। ਉਪਰੋਂ ਕੰਧ ਬਣਾ ਰਖੀ ਹੈ ਲਿੱਪ-ਪੋਚ ਕੇ, ਰੰਗ-ਰੋਗਨ ਕਰ ਰਖਿਆ ਹੈ, ਕੁਝ ਦਿਖਾਈ ਨਹੀਂ ਪੈਂਦਾ। ਜੇ ਅਸੀਂ ਆਦਮੀ ਨੂੰ ਖੋਲ੍ਹ ਦੇਈਏ ਤਾਂ ਨਰਕ ਦੀ ਮਵਾਦ ਵਹਿਣੀ ਸ਼ੁਰੂ ਹੋ ਜਾਵੇ। ਜੇ ਅਸੀਂ ਸਾਰੇ ਜਗਤ ਨੂੰ... ਜਦ ਕੋਈ ਬੋਧਿਸੱਤਵ ਪਿਛੇ ਮੁੜ ਕੇ ਦੇਖਦਾ ਹੈ, ਤਾਂ ਉਥੇ ਮਵਾਦ ਦਾ, ਪੀੜ ਦਾ, ਦੁਖ ਦਾ, ਘਿਰਨਾ ਦਾ, ਹਿੰਸਾ ਦਾ ਰਾਜ ਹੈ।

ਤਾਂ ਹੀਨਯਾਨ ਦੇ ਸਾਧਕ ਨੂੰ ਆਖਰੀ ਛਿਨ ਵਿਚ ਕਿਹਾ ਜਾਂਦਾ ਹੈ ਕਿ ਤੂੰ ਪਿਛੇ ਮੁੜ ਕੇ ਨਾ ਦੇਖੀਂ, ਕਿਉਂਕਿ ਨਦੀ ਜਦ ਗਿਰਨ ਲਗਦੀ ਹੈ ਸਾਗਰ ਵਿਚ, ਤਾਂ ਇਕ ਵਾਰ ਪਿਛੇ ਮੁੜ ਕੇ ਦੇਖ ਲੈਂਦੀ ਹੈ, ਉਸ ਰਾਹ ਨੂੰ, ਜਿਸ ਤੋਂ ਹੋ ਕੇ ਆਈ ਹੈ। ਤੂੰ ਮੁੜ ਕੇ ਪਿਛੇ ਨਾ ਦੇਖੀਂ, ਨਹੀਂ ਤਾਂ ਫਿਰ ਤੈਨੂੰ ਕੰਢੇ 'ਤੇ ਪਿਆ ਰਹਿ ਜਾਣਾ ਪਏਗਾ ਅਨੇਕਾਂ-ਅਨੇਕਾਂ ਯੁਗਾਂ ਤੀਕ। ਕਿਉਂਕਿ ਜੋ ਤੈਨੂੰ ਦਿਖਾਈ ਪਏਗਾ, ਉਹ ਤੈਨੂੰ, ਤੇਰੀ ਕਰੁਣਾ ਨੂੰ ਪੈਦਾ ਕਰੇਗਾ।

ਆਪੋ-ਆਪਣਾ ਸੂਤਰ ਚੁਣ ਲੈਣਾ ਚਾਹੀਦਾ ਹੈ। ਅਤੇ ਉਸ ਸੂਤਰ ਨੂੰ ਧਿਆਨਪੂਰਵਕ ਮਨ ਵਿਚ ਬਿਠਾਇਆ ਜਾਣਾ ਚਾਹੀਦਾ ਹੈ ਗਹਿਰੇ-ਗਹਿਰੇ ਤਾਂ ਜੋ ਅਚੇਤਨ ਵਿਚ ਪ੍ਰਵੇਸ਼ ਕਰ ਜਾਵੇ। ਅਤੇ ਜਦ ਅਸੀਂ ਦੁਆਰ 'ਤੇ ਖੜ੍ਹੇ ਹੋਈਏ, ਤਾਂ ਸਾਡੇ ਕੰਮ ਆ ਜਾਵੇ। ਜੇ ਲਗਦਾ ਹੋਵੇ ਕਿ ਹੀਨਯਾਨ ਹੀ ਰਾਹ ਹੈ, ਲਗਦਾ ਹੋਵੇ ਕਿ ਮੈਂ ਸ਼ੂੰਨਯ ਵਿਚ ਹੀ ਚਲੇ ਜਾਣਾ ਹੈ, ਤਾਂ ਫਿਰ ਇਹਨਾਂ ਸੂਤਰਾਂ ਤੋਂ ਬਚਣਾ ਚਾਹੀਦਾ ਹੈ। ਅਤੇ ਲਗਦਾ ਹੋਵੇ ਕਿ ਮੁਨਾਸਬ ਹੈ ਇਹੀ, ਕਿਉਂਕਿ ਮੇਰਾ ਫਿਰ ਕੁਝ ਖੋਏਗਾ ਨਹੀਂ, ਅਨੰਤ ਕਾਲ ਤਕ ਜੇ ਰੁਕਿਆ ਰਹਾਂ ਮੈਂ ਕੰਢੇ 'ਤੇ, ਤਾਂ ਵੀ ਮੈਂ ਜੋ ਪਾਣਾ ਸੀ, ਉਹ ਪਾ ਲਿਆ ਹੈ। ਕੁਝ ਮੇਰਾ ਖੋਂਦਾ ਨਹੀਂ, ਪਰ ਮੈਂ ਦੂਜੇ ਦੇ ਕੰਮ ਆ ਸਕਦਾ ਹਾਂ। ਅਤੇ ਇਕ ਦੂਸਰੇ ਕਰੁਣਾ ਦੇ ਨਿਯਮ ਦੇ ਸੂਤਰ ਹੱਥ ਵਿਚ ਆਉਂਦਿਆਂ ਹੀ ਮੈਂ ਸਹਿਯੋਗੀ ਤੇ ਸਹਾਰਾ ਬਣ ਜਾਂਦਾ ਹਾਂ।

ਸਤਾਰੁਵਾਂ ਪ੍ਰਵਚਨ

ਪ੍ਰਾਣੀਮਾਤਰ ਦੇ ਲਈ ਸ਼ਾਂਤੀ

ਇਸ ਤੋਂ ਇਲਾਵਾ, ਉਹਨਾਂ ਪਵਿੱਤਰ ਲਿਖਤਾਂ ਦਾ ਹੋਰ ਕੀ ਭਾਵ, ਜੋ ਤੈਥੋਂ ਇਹ ਅਖਵਾਉਂਦੇ ਹਨ :

'ਓਮ, ਮੇਰਾ ਵਿਸ਼ਵਾਸ ਹੈ ਕਿ ਸਾਰੇ ਹੀ ਅਰਹਤ ਨਿਰਵਾਣ–ਮਾਰਗ ਦੇ ਮਿੱਠੇ ਫਲ ਨਹੀਂ ਚਖਦੇ ਹਨ।'

'ਓਮ, ਮੇਰਾ ਵਿਸ਼ਵਾਸ ਹੈ ਕਿ ਸਾਰੇ ਹੀ ਬੁੱਧ" ਨਿਰਵਾਣ–ਧਰਮ ਵਿਚ ਪ੍ਰਵੇਸ਼ ਨਹੀਂ ਕਰਦੇ ਹਨ।'

ਹਾਂ, ਆਰੀਆ–ਪੰਥ ਉੱਤੇ ਹੁਣ ਤੂੰ ਸ੍ਰੋਤਾਪੰਨ ਨਹੀਂ ਹੈਂ, ਤੂੰ ਇਕ ਬੋਧਿਸੱਤਵ" ਹੈਂ। ਨਦੀ ਪਾਰ ਕੀਤੀ ਜਾ ਚੁੱਕੀ ਹੈ। ਸੱਚ ਹੈ ਕਿ ਤੂੰ 'ਧਰਮ ਕਾਇਆ' ਦੇ ਵਸਤਰ ਦਾ ਅਧਿਕਾਰੀ ਹੋ ਗਿਆ ਹੈਂ, ਲੇਕਿਨ 'ਸੰਭੋਗ ਕਾਇਆ', ਨਿਰਵਾਣੀ ਤੋਂ ਵਡਾ ਹੈ। ਅਤੇ ਉਸ ਤੋਂ ਵੀ ਵਡੇ ਹਨ, 'ਨਿਰਮਾਣ ਕਾਇਆ ਵਾਲੇ'— ਕਾਰੁਣਿਕ ਬੁੱਧ"।

ਹੁਣ ਓ ਬੋਧਿਸੱਤਵ, ਆਪਣਾ ਸਿਰ ਝੁਕਾ ਅਤੇ ਚੰਗੀ ਤਰ੍ਹਾਂ ਸੁਣ। ਕਰੁਣਾ ਖ਼ੁਦ ਬੋਲਦੀ ਹੈ : ਜਦ ਤਕ ਪ੍ਰਾਣੀਮਾਤਰ ਦੁਖ ਵਿਚ ਹਨ, ਕੀ ਤਦ ਤਕ ਅਨੰਦ ਸੰਭਵ ਹੈ? ਕੀ ਤੂੰ ਇਕੱਲਾ ਸੁਰੱਖਿਅਤ ਹੋਵੇਂਗਾ ਅਤੇ ਸਾਰਾ ਸੰਸਾਰ ਰੋਂਦਾ ਰਹੇਗਾ?

ਹੁਣ ਤੂੰ ਉਹ ਸੁਣ ਲਿਆ ਹੈ, ਜੋ ਕਿਹਾ ਗਿਆ ਸੀ।

ਤੂੰ ਸੱਤਵੇਂ ਪਦ ਨੂੰ ਪ੍ਰਾਪਤ ਕਰੇਂਗਾ ਅਤੇ ਪਰਮ–ਵਿੱਦਿਆ ਦੇ ਦੁਆਰ ਨੂੰ ਪਾਰ ਕਰੇਂਗਾ, ਪਰ ਕੀ ਮਹਿਜ਼ ਇਸਲਈ ਕਿ ਦੁਖ ਦੇ ਨਾਲ ਤੇਰਾ ਗਠਬੰਧਨ ਹੋਵੇ! ਜੇ ਤੂੰ ਤਥਾਗਤ ਹੋਣਾ ਹੈ, ਤਾਂ ਆਪਣੇ ਪੂਰਵਵਰਤੀ ਦੀਆਂ ਪੈੜਾਂ 'ਤੇ ਚੱਲ ਅਤੇ ਅੰਤਹੀਣ ਅੰਤ ਤਕ ਹੰਕਾਰਸ਼ੂੰਨਯ ਰਹਿ।

ਤੂੰ ਸੰਬੁੱਧ ਹੈਂ—ਆਪਣਾ ਰਾਹ ਚੁਣ!

ਉਸ ਚਿਲਕਣੇ ਪ੍ਰਕਾਸ਼ ਨੂੰ ਦੇਖ, ਜੋ ਪੂਰਬ ਦੇ ਅਕਾਸ਼ ਨੂੰ ਓਤ–ਪ੍ਰੋਤ ਕਰ ਰਿਹਾ ਹੈ। ਉਸਦੀ ਪ੍ਰਸੰਸਾ ਦੇ ਪ੍ਰਤੀਕ ਦੇ ਰੂਪ ਵਿਚ ਸਵਰਗ ਅਤੇ ਪ੍ਰਿਥਵੀ ਗਲਵੱਕੜੀ ਪਾਈ ਖਲੋਤੇ ਹਨ। ਅਤੇ ਚਤੁਰਮੁਖੀ ਪਰਗਟ ਸ਼ਕਤੀਆਂ ਤੋਂ—ਦਹਿਕਦੀ ਅਗਨੀ ਤੇ ਪ੍ਰਵਾਹਮਾਨ ਜਲ ਤੋਂ, ਮਧੂ–ਗੰਧੀ ਮਿੱਟੀ ਤੇ ਵਗਦੀਆਂ ਹਵਾਵਾਂ ਤੋਂ—ਪ੍ਰੇਮ ਦਾ ਮਿੱਠਾ ਸੰਗੀਤ ਪਰਗਟ ਹੋ ਰਿਹਾ ਹੈ।

...ਜਿਸ ਵਿਚ ਵਿਜੇਤਾ ਇਸ਼ਨਾਨ ਕਰਦਾ ਹੈ, ਉਸ ਸਵਰਨ ਪ੍ਰਕਾਸ਼ ਦੇ ਗਹਿਰੇ ਅਤੇ ਅਪਹੁੰਚ ਵਰੋਲੇ ਤੋਂ ਉਠ ਕੇ ਸਮੁੱਚੀ ਕੁਦਰਤ ਦੀ ਨਿਰਸ਼ਬਦ ਅਵਾਜ਼ ਹਜ਼ਾਰ–ਹਜ਼ਾਰ ਰਾਗਾਂ ਵਿਚ ਐਲਾਨ ਕਰਦੀ ਹੈ : ਅਨੰਦ ਮਨਾ, ਓ ਮਿਯਾਲਬਾ" ਦੇ ਮਨੁੱਖ, ਇਕ ਤੀਰਥਯਾਤਰੀ ਦੂਸਰੇ ਤਟ ਤੋਂ ਪਰਤ ਆਉਂਦਾ ਹੈ।

ਇਕ ਨਵੇਂ ਅਰਹਤ" ਦਾ ਜਨਮ ਹੋਇਆ ਹੈ।

ਪ੍ਰਾਣੀਮਾਤਰ ਦੇ ਲਈ ਸ਼ਾਂਤੀ"।

ਅਨੰਦ ਪਾਣ ਦਾ ਇਕ ਅਨੰਦ ਹੈ, ਲੇਕਿਨ ਉਸ ਅਨੰਦ ਨੂੰ ਵੰਡਣ ਦਾ ਹੋਰ ਹੀ ਅਨੰਦ ਹੈ। ਜੋ ਮਿਲਿਆ ਹੈ,ਉਹ ਜਦ ਤਕ ਦਿਤਾ ਨਾ ਜਾਵੇ, ਤਦ ਤਕ ਉਸਦੀ ਪੂਰੀ ਪ੍ਰਤੀਤੀ, ਉਸਦਾ ਪੂਰਾ ਰਸ, ਉਸਦਾ ਪੂਰਾ ਸੁਆਦ ਨਹੀਂ ਮਿਲਦਾ। ਅਨੰਦ ਨੂੰ ਵੰਡ ਕੇ ਹੀ ਪਤਾ ਲਗਦਾ ਹੈ ਕਿ ਕੀ ਮਿਲਿਆ ਹੈ।

ਜਦ ਉਸ ਪਰਮ ਸਥਿਤੀ ਦੇ ਨਜ਼ਦੀਕ ਪਹੁੰਚਦਾ ਹੈ ਸਾਧਕ, ਸ਼ੂੰਨਯ ਹੋਣ ਦਾ ਛਿਨ ਆ ਜਾਂਦਾ ਹੈ, ਤਦ ਉਸਨੂੰ ਜੋ ਮਿਲਦਾ ਹੈ, ਉਹ ਅਪਾਰ ਹੈ, ਅਸੀਮ ਹੈ। ਉਸਨੂੰ ਉਹ ਇਕੱਲਾ ਲੈ ਕੇ ਡੁੱਬ ਸਕਦਾ ਹੈ, ਅੰਪਰ ਇਹ ਸੂਤਰ ਮਹਾਂਯਾਨ ਦੇ ਕਹਿੰਦੇ ਹਨ ਕਿ ਉਹ ਅਨੰਦ ਦੇ ਅੰਤਮ ਅਤੇ ਮਿਠੇ ਫਲ ਤੋਂ ਵਿਰਵਾ ਰਹਿ ਜਾਏਗਾ। ਅਨੰਦ ਉਸਨੂੰ ਪੂਰਾ ਮਿਲ ਜਾਏਗਾ, ਫਿਰ ਵੀ ਅਨੰਦ ਦੇ ਅੰਤਮ ਮਿਠੇ ਫਲ ਤੋਂ ਵਾਂਝਾ ਰਹਿ ਜਾਏਗਾ। ਉਹ ਮਿੱਠਾ ਫਲ ਹੈ ਅਨੰਦ ਨੂੰ ਵੰਡਣ ਦਾ।

ਇਕ ਅਨੰਦ ਹੈ ਅਨੰਦ ਨੂੰ ਪਾਣ ਦਾ, ਅਤੇ ਫਿਰ ਉਸ ਤੋਂ ਵੀ ਵਿਰਾਟਤਰ ਅਨੰਦ ਹੈ—ਅਨੰਦ ਨੂੰ ਵੰਡਣ ਦਾ।

ਉਹ ਜੋ ਵੰਡਣਾ ਹੈ, ਉਹ ਜੋ ਖਿਲਾਰਨਾ ਹੈ ਬੀਜਾਂ ਦਾ, ਸਾਰੇ ਹੀ ਬੁੱਧ ਉਸਨੂੰ ਨਹੀਂ ਕਰ ਪਾਂਦੇ। ਕੁਝ ਬੁੱਧ ਉਸਨੂੰ ਕਰ ਪਾਂਦੇ ਹਨ, ਕੁਝ ਬੁੱਧ ਸ਼ੂੰਨਯ ਵਿਚ ਖੋ ਜਾਂਦੇ ਹਨ। ਇਹ ਸੂਤਰ ਇਸੇ ਦੇ ਸਬੰਧ ਵਿਚ ਹੈ। ਅਸੀਂ ਇਸਨੂੰ ਸਮਝੀਏ।

'ਇਸ ਤੋਂ ਇਲਾਵਾ, ਉਹਨਾਂ ਪਵਿੱਤਰ ਲਿਖਤਾਂ ਦਾ ਹੋਰ ਕੀ ਭਾਵ ਹੈ, ਜੋ ਤੈਥੋਂ ਇਹ ਅਖਵਾਉਂਦੇ ਹਨ।'

...ਸਾਰੇ ਹੀ ਅਰਹਤ ਨਿਰਵਾਣ–ਮਾਰਗ ਦੇ ਮਿਠੇ ਫਲ ਨਹੀਂ ਚਖਦੇ ਹਨ—ਮਿੱਠਾ ਫਲ ਨਿਰਵਾਣ ਮਾਰਗ ਦਾ, ਉਸ ਫਲ ਨੂੰ ਵੰਡ ਦੇਣ ਵਿਚ ਹੈ, ਉਸਨੂੰ ਫੈਲਾ ਦੇਣ ਵਿਚ ਹੈ। ਆਪਣੇ ਲਈ ਪਾਣ ਦੇ ਲਈ ਤਾਂ ਸੰਸਾਰ ਵਿਚ ਸਾਰੇ ਹੀ ਲੋਕ ਜੀਂਦੇ ਹਨ। ਸੰਸਾਰਕ ਸੁਖ ਆਪਣੇ ਲਈ ਪਾਣਾ ਚਾਹੁੰਦੇ ਹਨ। ਫਿਰ ਇਵੇਂ ਹੀ ਅਧਿਆਤਮ ਦੇ ਜਗਤ ਵਿਚ ਵੀ ਅਧਿਆਤਮਕ ਅਨੰਦ ਆਪਣੇ ਲਈ ਪਾਣਾ ਚਾਹੁੰਦੇ ਹਨ। ਇਸ ਵਿਚ ਇਕ ਅਰਥ 'ਚ ਸੰਸਾਰ ਦੀ ਪੁਰਾਣੀ ਆਦਤ ਮੌਜੂਦ ਹੈ—ਆਪਣੇ ਲਈ ਪਾਣ ਦੀ। ਮਿਲ ਵੀ ਜਾਂਦਾ ਹੈ, ਲੇਕਿਨ ਸੰਸਾਰ ਦੀ ਇਕ ਪੁਰਾਣੀ ਆਦਤ ਜਿਵੇਂ ਕੰਮ ਕਰਦੀ ਚਲੀ ਜਾਂਦੀ ਹੈ—ਮੈਂ ਹੀ ਕੇਂਦਰ ਬਣਿਆ ਰਹਿੰਦਾ ਹਾਂ। ਹੰਕਾਰ ਮਿਟ ਗਿਆ ਹੁਣ, ਆਤਮਾ ਬਣ ਗਈ ਕੇਂਦਰ, ਪਰ ਫਿਰ

ਵੀ ਮੈਂ ਕੇਂਦਰ ਬੈਠਾ ਹਾਂ। ਝੂਠਾ ਹੰਕਾਰ ਖੋ ਗਿਆ, ਸੱਚੀ ਆਤਮਾ ਮਿਲ ਗਈ, ਫਿਰ ਵੀ ਕੇਂਦਰ ਮੈਂ ਹੀ ਹਾਂ।

ਸਾਰੇ ਹੀ ਅਰਹਤ, ਸਾਰੇ ਹੀ ਪਹੁੰਚੇ ਹੋਏ ਵਿਅਕਤੀ ਪਰਤ ਕੇ ਇਸ ਆਖਰੀ ਸੂਤਰ ਨੂੰ ਨਹੀਂ ਤੋੜ ਦਿੰਦੇ ਕਿ ਮੈਂ ਕੇਂਦਰ ਨਹੀਂ ਹਾਂ, ਹੁਣ ਕੇਂਦਰ ਦੂਸਰੇ ਹੋ ਗਏ। ਹੁਣ ਇਹ ਸਾਰਾ ਵਜੂਦ ਕੇਂਦਰ ਹੈ, ਅਤੇ ਮੈਂ ਇਸ ਵਜੂਦ ਦੇ ਲਈ ਸਮਰਪਤ ਹਾਂ।

'ਮੇਰਾ ਵਿਸ਼ਵਾਸ ਹੈ ਕਿ ਸਾਰੇ ਹੀ ਅਰਹਤ ਨਿਰਵਾਣ ਮਾਰਗ ਦੇ ਮਿੱਠੇ ਫਲ ਨਹੀਂ ਚਖਦੇ ਹਨ।'

'ਓਮ ਮੇਰਾ ਵਿਸ਼ਵਾਸ ਹੈ ਕਿ ਸਾਰੇ ਹੀ ਬੁੱਧ ਨਿਰਵਾਣ–ਧਰਮ ਵਿਚ ਪ੍ਰਵੇਸ਼ ਨਹੀਂ ਕਰਦੇ ਹਨ।'

ਸਾਰੇ ਹੀ ਬੁੱਧ ਵਾਪਸ ਮੁੜ ਕੇ ਵੰਡਦੇ ਨਹੀਂ ਹਨ, ਕੋਈ ਬੁੱਧ ਕਦੀ ਵੰਡਦਾ ਹੈ।

ਜੈਨੀਆਂ ਨੇ ਉਹਨਾਂ ਬੁੱਧਾਂ ਨੂੰ ਤੀਰਥੰਕਰ ਕਿਹਾ ਹੈ, ਜਿਹੜੇ ਵੰਡਦੇ ਵੀ ਹਨ। ਜੈਨੀਆਂ ਦਾ ਸ਼ਬਦ ਤੀਰਥੰਕਰ, ਕੀਮਤੀ ਹੈ। ਉਸ ਸ਼ਬਦ ਨੂੰ ਸਮਝ ਲੈਣ 'ਤੇ ਬਹੁਤ ਅਸਾਨੀ ਹੋ ਜਾਏਗੀ। ਜੈਨੀਆਂ ਦੇ ਚੌਵੀ ਤੀਰਥੰਕਰ ਹੋਏ ਹਨ। ਇਹ ਚੌਵੀ ਬੁੱਧਪੁਰਸ਼–ਸਿਰਫ ਚੌਵੀ ਹੀ ਬੁੱਧਪੁਰਸ਼ ਹੋਏ ਹਨ, ਅਜੇਹਾ ਨਹੀਂ ਹੈ, ਅਜੇਹੇ ਬਹੁਤ–ਸਾਰੇ ਜਿਨ, ਬਹੁਤ–ਸਾਰੇ ਬੁੱਧਪੁਰਸ਼ ਹੋਏ ਹਨ। ਸਮਯੱਕਤਵ ਨੂੰ, ਸਹੀ ਗਿਆਨ ਨੂੰ, ਕੇਵਲ ਗਿਆਨ ਨੂੰ ਪਹੁੰਚੇ ਹੋਏ ਬਹੁਤ–ਸਾਰੇ ਅਰਿਹੰਤ ਹੋਏ ਹਨ। ਅਰਹਤ ਬੋਧੀਆਂ ਦਾ ਸ਼ਬਦ ਹੈ, ਅਰਿਹੰਤ ਜੈਨੀਆਂ ਦਾ ਸ਼ਬਦ ਹੈ। ਅਰਥ ਇਕ ਹੀ ਹੈ। ਲੇਕਿਨ ਤੀਰਥੰਕਰ ਚੌਵੀ ਹੋਏ ਹਨ। ਅਨੰਤ–ਅਨੰਤ ਬੁੱਧਾਂ, ਜਿਨਾਂ, ਅਰਹਤਾਂ, ਅਰਿਹੰਤਾਂ, ਵਿਚੋਂ ਸਿਰਫ ਚੌਵੀ ਵਿਅਕਤੀ ਪਰਤ ਕੇ ਆਏ ਹਨ। ਅਤੇ ਉਹਨਾਂ ਨੂੰ ਜੋ ਮਿਲਿਆ ਹੈ, ਉਸਨੂੰ ਉਹਨਾਂ ਨੇ ਵੰਡਣ ਦੀ ਕੋਸ਼ਿਸ਼ ਕੀਤੀ ਹੈ।

ਤੀਰਥੰਕਰ ਸ਼ਬਦ ਦਾ ਅਰਥ ਹੈ : ਘਾਟ ਦੇ ਬਨਾਉਣ ਵਾਲੇ।

ਇਕ ਵਿਅਕਤੀ ਜਦ ਬੁੱਧ ਹੁੰਦਾ ਹੈ , ਤਾਂ ਦੂਸਰੇ ਕੰਢੇ ਪਹੁੰਚ ਗਿਆ। ਜੇ ਉਹ ਮੁੜ ਕੇ ਨਾ ਆਵੇ ਵਾਪਸ ਉਸ ਕੰਢੇ 'ਤੇ, ਜਿਥੇ ਸੰਸਾਰ ਹੈ, ਜਿਥੇ ਉਸਦੇ ਸੰਗੀ–ਸਾਥੀ, ਮਿੱਤਰ, ਸ਼ਿਸ਼, ਰਿਸ਼ਤੇਦਾਰ, ਜਨਮਾਂ–ਜਨਮਾਂ ਦੇ ਸਬੰਧੀ, ਅਨੇਕਾਂ–ਅਨੇਕਾਂ ਯਾਤਰਾਵਾਂ ਵਿਚ ਉਸਦੇ ਨਾਲ, ਜਿਥੇ ਉਸਦਾ ਵਡਾ ਪਰਿਵਾਰ ਹੈ ਦੁਖ ਵਿਚ ਲੀਨ, ਉਸ ਤਟ 'ਤੇ ਜੇ ਕੋਈ ਵਾਪਸ ਨਾ ਮੁੜੇ, ਤਾਂ ਤੀਰਥ ਤਿਆਰ ਨਹੀਂ ਹੁੰਦਾ। ਉਸ ਤਟ 'ਤੇ ਜੇ ਕੋਈ ਵਾਪਸ ਪਰਤ ਆਵੇ, ਤਾਂ ਉਹ ਘਾਟ ਨੂੰ ਬਣਾਉਂਦਾ ਹੈ। ਹੁਣ ਉਸਨੂੰ ਅਨੁਭਵ ਹੈ–ਦੂਸਰੇ ਪਾਰ ਜਾਣ ਦਾ ਰਾਹ ਕਿਵੇਂ ਕੀਤਾ ਜਾਂਦਾ ਹੈ ਅਤੇ ਕਿਥੋਂ ਦੀ ਉਤਰੀਏ ਕਿ ਅਸੀਂ ਦੂਸਰੇ ਪਾਰ ਸੌਖ ਨਾਲ ਪਹੁੰਚ ਸਕਾਂਗੇ।

ਤਾਂ ਇਸ ਕੰਢੇ 'ਤੇ ਪਰਤ ਕੇ ਉਹ ਘਾਟ ਦੀ ਉਸਾਰੀ ਕਰਦਾ ਹੈ, ਜਿਥੋਂ ਕਿ ਕਿਸ਼ਤੀ ਦੂਸਰੇ ਕੰਢੇ ਦੇ ਲਈ ਜਾ ਸਕੇ। ਉਸ ਘਾਟ ਦਾ ਨਾਂ ਹੈ ਤੀਰਥ। ਅਤੇ ਉਸਨੂੰ ਜੋ ਤਿਆਰ ਕਰਦਾ ਹੈ, ਉਸਦਾ ਨਾਂ ਹੈ ਤੀਰਥੰਕਰ। ਉਸ ਕੰਢੇ ਗਿਆ ਹੋਇਆ ਪਰਤ ਕੇ ਜਦ ਇਸ ਕੰਢੇ ਅਜੇਹਾ ਘਾਟ ਬਣਾਉਂਦਾ ਹੈ, ਜਿਸ ਤੋਂ ਦੂਸਰੇ ਵੀ ਕਿਸ਼ਤੀ ਫੜ ਲੈਣ, ਅਤੇ ਦੂਜੇ ਤਟ ਵਲ

ਨੂੰ ਚੱਲ ਪੈਣ, ਅਜੇਹਾ ਬੁੱਧ, ਅਜੇਹਾ ਜਿਨ, ਅਜੇਹਾ ਅਰਹਤ ਤੀਰਥੰਕਰ ਹੈ। ਔਪਰ ਸਾਰੇ ਹੀ ਬੁੱਧ ਅਜੇਹਾ ਨਹੀਂ ਕਰਦੇ, ਅਤਿ ਕਠਨ ਕੰਮ ਹੈ।

ਉਸ ਪਾਰ ਦਾ ਅਨੰਦ ਬਿਆਨ ਦੇ ਪਾਰ ਹੈ। ਉਸ ਪਾਰ ਦੀ ਸ਼ਾਂਤੀ ਦੀ ਕੋਈ ਤੁਲਣਾ ਨਹੀਂ ਹੈ। ਉਸ ਪਾਰ ਮਹਾਂਸੁਖ ਹੈ। ਉਸ ਪਾਰ ਰੰਚਕ–ਮਾਤਰ ਵੀ ਪੀੜ ਬਾਕੀ ਨਹੀਂ ਰਹਿ ਜਾਂਦੀ ਹੈ। ਉਥੋਂ ਤੋਂ ਇਸ ਪਾਸੇ ਮੁੜਨਾ, ਅਤਿ ਅਸੰਭਵ ਕੰਮ ਹੈ। ਦੁਖ ਤੋਂ ਸੁਖ ਵਲ ਜਾਣਾ ਹੋਵੇ ਤਾਂ ਬਹੁਤ ਅਸਾਨ ਹੈ, ਸੁਖ ਤੋਂ ਦੁਖ ਵਲ ਨੂੰ ਆਉਣਾ ਬਹੁਤ ਕਠਨ ਹੈ। ਨਰਕ ਤੋਂ ਸਵਰਗ ਨੂੰ ਜਾਣ ਲਈ ਤਾਂ ਕੋਈ ਵੀ ਤਿਆਰ ਹੋਵੇਗਾ, ਲੇਕਿਨ ਸਵਰਗ ਤੋਂ ਕੌਣ ਨਰਕ ਵਲ ਜਾਣਾ ਚਾਹੇਗਾ? ਉਸ ਪਾਰ ਤੋਂ ਇਸ ਪਾਸੇ ਮੁੜਨਾ ਅਤਿ ਦੁਰਗਮ ਹੈ। ਇਸ ਪਾਸੇ ਤੋਂ ਉਸ ਪਾਰ ਜਾਣਾ ਹੋਵੇ ਤਾਂ ਅਤਿ ਦੁਰਗਮ ਹੈ, ਫਿਰ ਉਸ ਪਾਰ ਤੋਂ ਇਸ ਪਾਰ ਪਰਤਣਾ ਤਾਂ ਬਹੁਤ ਹੀ ਮਹਾਂਦੁਰਗਮ ਹੈ; ਅਸੰਭਵ ਜਿਹਾ ਕਾਰਜ ਹੈ।

ਇਸਲਈ ਅਸੀਂ ਤੀਰਥੰਕਰਾਂ ਅਤੇ ਬੁੱਧਾਂ ਨੂੰ ਇੰਨਾ ਸਨਮਾਨ ਦਿਤਾ ਹੈ। ਉਹਨਾਂ ਨੇ ਅਸੰਭਵ ਕੀਤਾ ਹੈ: ਉਸ ਪਰਮ ਅਨੰਦ ਦੇ ਅਨੁਭਵ ਤੋਂ ਬਾਅਦ ਪਰਤਣਾ ਇਸ ਤਪਦੇ ਜਗਤ ਵਿਚ, ਜਿਥੇ ਸਭ ਚਲ ਰਿਹਾ ਹੈ ਅਤੇ ਸਭ ਨਰਕ ਹੈ। ਸਾਨੂੰ ਤਾਂ ਇਸਦੇ ਨਰਕ ਦੀ ਪ੍ਰਤੀਤੀ ਜ਼ਿਆਦਾ ਨਹੀਂ ਹੁੰਦੀ; ਕਿਉਂਕਿ ਅਸੀਂ ਇਸੇ ਵਿਚ ਵਡੇ ਹੋਏ ਹਾਂ, ਇਸੇ ਵਿਚ ਜੀਵੇ ਹਾਂ, ਇਹ ਸਾਡੇ ਸੁਆਸ–ਸੁਆਸ ਵਿਚ ਭਰਿਆ ਹੈ। ਅਸੀਂ ਇਸਨੂੰ ਜੀਵਨ ਹੀ ਮੰਨਦੇ ਹਾਂ। ਇਸ ਨਰਕ ਦੀ ਪ੍ਰਤੀਤੀ ਤਾਂ ਉਸਨੂੰ ਹੀ ਹੁੰਦੀ ਹੈ ਇਸਦੀ ਪੂਰਨਤਾ ਵਿਚ, ਜੋ ਉਸ ਪਾਰ ਦੀ ਝਲਕ ਲੈ ਆਇਆ ਹੈ।

ਤਾਂ ਜਿੰਨਾ ਦੁਖ ਤੁਹਾਨੂੰ ਪ੍ਰਤੀਤ ਹੁੰਦਾ ਹੈ, ਤੁਹਾਨੂੰ ਪਤਾ ਨਹੀਂ, ਤੁਸੀਂ ਸੋਚਦੇ ਹੋਵੋਗੇ ਕਿ ਅਜੇਹੀ ਵੀ ਕੀ ਤਕਲੀਫ ਹੈ। ਥੋੜ੍ਹੀ–ਜਿਹੀ ਤਕਲੀਫ ਹੈ ਮੰਨਿਆ। ਅਜੇਹੀ ਕਿਹੜੀ ਤਕਲੀਫ ਹੈ ਕਿ ਕੋਈ ਉਸ ਤਰਫ ਤੋਂ ਪਰਤਣਾ ਹੀ ਨਾ ਚਾਹੇ। ਸਾਨੂੰ ਅੰਦਾਜ਼ਾ ਨਹੀਂ ਹੈ।

ਗਰੀਬ ਆਦਮੀ ਨੂੰ ਜੋ ਤਕਲੀਫ ਹੈ, ਜੇ ਅਮੀਰ ਆਦਮੀ ਗਰੀਬ ਦੀ ਥਾਂ ਖੜ੍ਹਾ ਹੋਵੇ, ਤਾਂ ਉਸਨੂੰ ਜੋ ਤਕਲੀਫ ਪਤਾ ਲਗੇਗੀ, ਉਹ ਗਰੀਬ ਨੂੰ ਕਦੇ ਪਤਾ ਨਹੀਂ ਲਗੇਗੀ। ਉਹ ਤਾਂ ਅਮੀਰ ਨੂੰ ਜਦ ਗਰੀਬ ਹੋ ਜਾਵੇ, ਤਦ ਦੁਖ ਦਾ ਪਤਾ ਲਗੇਗਾ, ਉਹ ਉਸੇ ਝੋਪੜੇ ਵਿਚ ਰਹਿਣ ਵਾਲੇ ਗਰੀਬ ਨੂੰ ਬਿਲਕੁਲ ਪਤਾ ਨਹੀਂ ਲਗਦਾ। ਗਰੀਬ ਉਸਦਾ ਆਦੀ ਹੈ। ਤੁਹਾਡੇ ਪਾਸ ਤੁਲਣਾ ਦਾ ਕੋਈ ਉਪਾਅ ਵੀ ਨਹੀਂ ਹੈ। ਕਿਸ ਨਾਲ ਤੋਲੇ, ਕਿਸਨੂੰ ਕਹੇ ਕਿ ਇਹ ਦੁਖ ਹੈ, ਕਿਸ ਅਧਾਰ 'ਤੇ ਉਸਨੂੰ ਦੁਖ ਕਹੇ? ਇਹੀ ਜ਼ਿੰਦਗੀ ਹੈ। ਕਠਨ ਹੈ। ਲੇਕਿਨ ਜਿਸਨੇ ਸੁਖ ਜਾਣਿਆ ਹੋਵੇ, ਉਸਦੇ ਲਈ ਮਹਾਂ ਦੁਖ ਹੈ।

ਇਕ ਵਾਰ ਜਿਸਨੇ ਉਸ ਪਾਰ ਦੀ ਝਲਕ ਪਾ ਲਈ ਹੋਵੇ, ਉਸਦੇ ਲਈ ਇਸ ਪਾਰ ਦਾ ਜਗਤ 'ਮਿਯਾਲਬਾ' ਹੈ। ਇਹ ਤਿੱਬਤੀ ਸ਼ਬਦ ਹੈ। 'ਮਿਯਾਲਬਾ' ਦਾ ਅਰਥ ਹੈ ਮਹਾਂ ਨਰਕ। ਸਧਾਰਨ ਨਰਕ ਨਹੀਂ, ਮਹਾਂ ਨਰਕ। ਇਸ ਮਹਾਂ ਨਰਕ ਦੀ ਤਰਫ ਜਿਹੜਾ ਪਰਤਦਾ ਹੈ, ਉਸਨੂੰ ਤੀਰਥੰਕਰ, ਬੋਧਿਸੱਤਵ ਕਹਿੰਦੇ ਹਨ। ਸੁਭਾਵਕ ਹੈ, ਉਸਨੂੰ ਇੰਨਾ ਸਨਮਾਨ

ਦਿਤਾ ਗਿਆ।

'ਮੇਰਾ ਵਿਸ਼ਵਾਸ ਹੈ ਕਿ ਸਾਰੇ ਹੀ ਬੁੱਧ ਨਿਰਵਾਣ ਧਰਮ ਵਿਚ ਪ੍ਰਵੇਸ਼ ਨਹੀਂ ਕਰਦੇ ਹਨ।'

'ਹਾਂ, ਆਰੀਆ-ਪੰਥ ਉੱਤੇ ਹੁਣ ਤੂੰ ਸ੍ਰੋਤਾਪੰਨ ਨਹੀਂ ਹੈਂ, ਤੂੰ ਇਕ ਬੋਧਿਸੱਤਵ ਹੈਂ। ਨਦੀ ਪਾਰ ਕੀਤੀ ਜਾ ਚੁੱਕੀ ਹੈ। ਸੱਚ ਹੈ ਕਿ ਤੂੰ 'ਧਰਮਕਾਇਆ' ਦੇ ਵਸਤਰ ਦਾ ਅਧਿਕਾਰੀ ਹੋ ਗਿਆ ਹੈਂ, ਲੇਕਿਨ 'ਸੰਭੋਗ ਕਾਇਆ' ਨਿਰਵਾਣੀ ਤੋਂ ਵਡਾ ਹੈ। ਅਤੇ ਉਸ ਤੋਂ ਵੀ ਵਡੇ ਹਨ, 'ਨਿਰਮਾਣ ਕਾਇਆ ਵਾਲੇ' ਕਾਰੁਣਿਕ ਬੁੱਧ।'

ਤਿੰਨ ਤਰ੍ਹਾਂ ਦੀਆਂ ਕਾਇਆਵਾਂ ਦਾ ਵਿਚਾਰ ਬੁੱਧ ਵਿਚਾਰਧਾਰਾ ਵਿਚ ਹੈ। ਤਿੰਨ ਕਾਇਆ ਦੇ ਸ਼ਬਦ ਨੂੰ ਠੀਕ ਤਰ੍ਹਾਂ ਨਾਲ ਸਮਝ ਲੈਣਾ ਚਾਹੀਦਾ ਹੈ।

ਇਕ ਸ਼ਬਦ ਹੈ ਧਰਮਕਾਇਆ। ਅਜੇ ਅਸੀਂ ਇਕ ਸਰੀਰ ਵਿਚ ਹਾਂ, ਇਹ ਹੈ ਪਦਾਰਥਕ ਸਥੂਲ ਕਾਇਆ। ਇਸ ਸਥੂਲ ਕਾਇਆ ਦੇ ਬਿਨਾਂ ਸੰਸਾਰ ਵਿਚ ਨਹੀਂ ਹੋਇਆ ਜਾ ਸਕਦਾ ਹੈ। ਸੰਸਾਰ ਵਿਚ ਹੋਣ ਦੇ ਲਈ ਇਹ ਸਰੀਰ ਜ਼ਰੂਰੀ ਹੈ। ਮੋਕਸ਼ ਵਿਚ, ਮਹਾਂ-ਸ਼ੂੰਨਯ ਵਿਚ ਜਦ ਅਸੀਂ ਪ੍ਰਵੇਸ਼ ਕਰਦੇ ਹਾਂ, ਤਦ ਜੋ ਸਾਨੂੰ ਘੇਰ ਲੈਂਦੀ ਹੈ ਦੇਹ, ਉਸਦਾ ਨਾਂ ਹੈ ਧਰਮਕਾਇਆ। ਉਹ ਕੋਈ ਸਰੀਰ ਨਹੀਂ, ਸਿਰਫ ਪ੍ਰਤੀਕ ਹੈ। ਜਦ ਮਹਾਂਸ਼ੂੰਨਯ ਵਿਚ ਕੋਈ ਪ੍ਰਵੇਸ਼ ਕਰਦਾ ਹੈ ਤਾਂ ਉਸਦੇ ਆਸਪਾਸ ਜੋ ਨੂਰ ਹੁੰਦਾ ਹੈ, ਜੋ ਸ਼ਖਸੀਅਤ ਦਾ ਸੁਆਸ ਹੁੰਦਾ ਹੈ ਉਸਦਾ ਨਾਂ ਹੈ ਧਰਮਕਾਇਆ।

ਧਰਮਕਾਇਆ ਇਸਲਈ ਕਿ ਉਹ ਸਾਡਾ ਸਰੂਪ ਹੈ, ਧਰਮ ਹੈ। ਉਸਨੂੰ ਸਾਥੋਂ ਖੋਹਿਆ ਨਹੀਂ ਜਾ ਸਕਦਾ ਹੈ। ਉਸਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਉਸਨੂੰ ਮਿਟਾਉਣ ਦਾ ਕੋਈ ਉਪਾਅ ਨਹੀਂ ਹੈ। ਉਹ ਅਸੀਂ ਹੀ ਹਾਂ। ਉਹ ਸਾਡੀ ਆਤਮਾ ਹੈ। ਉਹ ਸਾਡਾ ਮੌਲਿਕ ਵਜੂਦ ਹੈ, ਜਿਸਨੂੰ ਅਸੀਂ ਸੁਭਾਅ ਕਹਿੰਦੇ ਹਾਂ, ਉਹ ਆਪਣੇ-ਆਪ ਦਾ ਸੁਭਾਅ ਹੈ। ਉਸ ਵਿਚੋਂ ਰੱਤੀ-ਭਰ ਅਲਗ ਨਹੀਂ ਕੀਤਾ ਜਾ ਸਕਦਾ; ਕਿਉਂਕਿ ਉਹ ਅਸੀਂ ਹੀ ਹਾਂ। ਜੋ ਵੀ ਅਲਗ ਕੀਤਾ ਜਾ ਸਕਦਾ ਹੈ, ਉਹ ਸੁਭਾਅ ਨਹੀਂ ਹੈ। ਸੁਭਾਅ ਦਾ ਅਰਥ ਹੈ... ਜਿਸ ਤੋਂ ਅਸੀਂ ਅਲੱਗ ਹੋ ਸਕਦੇ ਹਾਂ ਅਤੇ ਫਿਰ ਵੀ ਹੋ ਸਕਦੇ ਹਾਂ ਤਾਂ ਉਹ ਸੁਭਾਅ ਨਹੀਂ ਹੈ। ਸੁਭਾਅ ਤਦ ਹੈ, ਜਦ ਜਿਸ ਤੋਂ ਅਸੀਂ ਅਲਗ ਹੀ ਨਾ ਹੋ ਸਕੀਏ। ਅਲਗ ਕਰਨ ਦਾ ਕੋਈ ਉਪਾਅ ਵੀ ਨਾ ਹੋਵੇ, ਤਦ ਸੁਭਾਅ ਹੈ।

ਧਰਮਕਾਇਆ ਦਾ ਅਰਥ ਹੈ : ਆਪਣੇ-ਆਪ ਦਾ ਸੁਭਾਅ।

ਜਦ ਕੋਈ ਸ਼ੂੰਨਯ ਵਿਚ ਪ੍ਰਵੇਸ਼ ਕਰਦਾ ਹੈ, ਤਦ ਉਸ ਕੋਲੋਂ ਸਭ ਖੋਹਿਆ ਜਾਂਦਾ ਹੈ। ਜੋ ਵੀ ਪਰਾਇਆ ਸੀ, ਪਰਾਈ ਜਾਤ ਦਾ ਸੀ, ਫਾਰੇਨ ਸੀ, ਜੋ ਉਸਦਾ ਆਪਣਾ ਨਹੀਂ ਸੀ, ਉਹ ਸਭ ਖੋਹਿਆ ਜਾਂਦਾ ਹੈ। ਬਚ ਰਹਿੰਦਾ ਹੈ ਉਹੀ, ਜੋ ਉਸਦਾ ਸ਼ੁੱਧ ਵਜੂਦ ਹੈ, ਪਿਓਰ ਐਗਜ਼ਿਸਟੈਂਸ। ਉਸਦਾ ਨਾਂ ਹੈ, ਧਰਮਕਾਇਆ। ਉਸ ਤੋਂ ਹੇਠਲੀ ਕਾਇਆ ਦਾ ਨਾਂ ਹੈ, ਸੰਭੋਗ ਕਾਇਆ। ਅਤੇ ਉਸ ਤੋਂ ਵੀ ਹੇਠਾਂ ਦੀ ਕਾਇਆ ਦਾ ਨਾਂ ਹੈ, ਨਿਰਵਾਣ-ਕਾਇਆ।

ਧਰਮਕਾਇਆ ਮਿਲੀ ਕਿ ਵਿਅਕਤੀ ਸ਼ੂੰਨਯ ਹੋਇਆ। ਧਰਮਕਾਇਆ ਆਖਰੀ ਹੈ, ਫਿਰ ਪਰਤਣਾ ਸੰਭਵ ਨਹੀਂ ਹੈ; ਕਿਉਂਕਿ ਪਰਤਣ ਦੇ ਸਾਰੇ ਸਾਧਨ ਖੋ ਗਏ। ਪਰਤਣ ਦੇ ਲਈ ਵਾਹਨ ਚਾਹੀਦਾ ਹੈ।

ਉਸ ਤੋਂ ਹੇਠਾਂ ਦੇ ਤਲ 'ਤੇ ਹੈ ਸੰਭੋਗ ਕਾਇਆ। ਸੰਭੋਗ ਕਾਇਆ ਉਹੋ-ਜਿਹੀ ਹੀ ਸਥਿਤੀ ਹੈ-ਮੱਧ ਦੀ। ਸੰਭੋਗ ਕਾਇਆ ਵਿਚ ਖੜ੍ਹਾ ਹੋਇਆ ਵਿਅਕਤੀ ਧਰਮ ਕਾਇਆ ਦੀ ਸਾਰੀ ਹਾਲਤ ਨੂੰ ਦੇਖ ਪਾਂਦਾ ਹੈ। ਇਕ ਕਦਮ ਅੱਗੇ ਧਰਮਕਾਇਆ ਹੈ, ਆਖਰੀ ਹੈ, ਉਥੇ ਅੰਤ ਹੁੰਦਾ ਹੈ ਵਜੂਦ ਦਾ। ਉਥੇ ਮਹਾਂਸ਼ੂੰਨਯ ਅਤੇ ਨਿਰਵਾਣ ਸ਼ੁਰੂ ਹੁੰਦਾ ਹੈ। ਉਸਦੇ ਬਾਅਦ ਪਰਤਣਾ ਮੁਸ਼ਕਲ ਹੈ।

ਸੰਭੋਗ ਕਾਇਆ ਉਹ ਛਿਨ ਹੈ, ਜਿਥੇ ਤੋਂ ਵਿਅਕਤੀ ਦੇਖ ਪਾਂਦਾ ਹੈ ਕਿ ਜੇ ਇਕ ਕਦਮ ਹੋਰ ਅੱਗੇ ਵਧਿਆ, ਤਾਂ ਫਿਰ ਪਰਤ ਨਹੀਂ ਸਕਾਂਗਾ। ਇਥੋਂ ਝਲਕ ਮਿਲਦੀ ਹੈ। ਇਥੋਂ ਅੱਗੇ ਦਾ ਦਿਖਾਈ ਪੈਂਦਾ ਹੈ, ਉਹ ਮਹਾਂਸ਼ੂੰਨਯ, ਸੁਭਾਅ ਦਾ ਅਨੰਤ ਵਿਸਥਾਰ, ਬ੍ਰਹਮ-ਨਿਰਵਾਣ। ਉਹ ਇਥੋਂ ਤੋਂ ਦਿਖਾਈ ਪੈਂਦਾ ਹੈ। ਐਪਰ ਜੇ ਸਾਧਕ ਇਕ ਕਦਮ ਹੋਰ ਅੱਗੇ ਵਧਾਉਂਦਾ ਹੈ, ਤਾਂ ਉਹ ਉਸ ਨਿਰਵਾਣ ਦੇ ਨਾਲ ਇਕ ਹੋ ਜਾਏਗਾ। ਆਖਰੀ ਕਾਇਆ ਹੈ, ਸੰਭੋਗ ਕਾਇਆ। ਜੇ ਪਰਾਈ ਹੈ, ਉਹ ਛੁੱਟ ਗਈ, ਤਾਂ ਫਿਰ ਪਰਤਿਆ ਨਹੀਂ ਜਾ ਸਕਦਾ।

ਜਿਨ੍ਹਾਂ ਨੇ ਬੋਧਿਸੱਤਵ ਹੋਣਾ ਹੈ, ਉਹਨਾਂ ਨੂੰ ਸੰਭੋਗ ਕਾਇਆ ਦੇ ਛਿਨ ਵਿਚ ਹੀ ਠਹਿਰ ਜਾਣਾ ਪੈਂਦਾ ਹੈ। ਜਿਥੇ ਤੋਂ ਦਿਖਾਈ ਪੈਂਦਾ ਹੈ ਮਹਾਂਸ਼ੂੰਨਯ। ਪਰ ਅਜੇ ਫਰਕ ਹੈ, ਅਜੇ ਖੁਦ ਮਹਾਂਸ਼ੂੰਨਯ ਨਹੀਂ ਹੋ ਗਏ ਹਾਂ। ਅਜੇ ਮਹਾਂਸ਼ੂੰਨਯ ਵੀ ਪ੍ਰਤੀਤ ਹੁੰਦਾ ਹੈ, ਦਿਸਦਾ ਹੈ, ਉਸਦਾ ਦਰਸ਼ਨ ਹੁੰਦਾ ਹੈ। ਅਜੇ ਵੀ ਅਸੀਂ ਦ੍ਰਸ਼ਟਾ ਹਾਂ। ਅਜੇ ਵੀ ਥੋੜ੍ਹੀ-ਜਿਹੀ ਬਰੀਕ-ਦੂਰੀ ਹੈ। ਇੰਨੀ ਦੂਰੀ ਜੇ ਬਚਾਈ ਰਖੀਏ ਤਾਂ ਪਰਤਣਾ ਹੋ ਸਕਦਾ ਹੈ।

ਸੰਭੋਗ ਕਾਇਆ ਤੋਂ ਹੋਰ ਵੀ ਪਹਿਲਾਂ ਹੈ ਕਿ ਇਕ ਕਦਮ ਕਾਇਆ ਦਾ, ਉਹ ਹੈ ਨਿਰਵਾਣ ਕਾਇਆ। ਸੰਭੋਗ ਕਾਇਆ ਨਾਲ ਕੋਈ ਸੰਸਾਰ ਵਿਚ ਨਹੀਂ ਪਰਤ ਸਕਦਾ। ਇਕੱਲੀ ਸੰਭੋਗ ਕਾਇਆ ਸਿਰਫ ਵਕਫਾ ਹੈ ਵਿਚਕਾਰਲਾ। ਜਦ ਕੋਈ ਵਿਅਕਤੀ ਨਿਰਵਾਣ ਕਾਇਆ ਵਿਚ ਹੁੰਦਾ ਹੈ, ਤਾਂ ਹੀ ਸੰਸਾਰ ਦੇ ਕੰਮ ਆ ਸਕਦਾ ਹੈ।

ਨਿਰਵਾਣ ਕਾਇਆ, ਅਜੇਹਾ ਸਮਝ ਲਈਏ ਅਸੀਂ, ਸੰਸਾਰ ਤੇ ਨਿਰਵਾਣ ਦੇ ਵਿਚਕਾਰਲਾ ਸਬੰਧ ਪੁਲ ਹੈ। ਨਿਰਵਾਣ ਕਾਇਆ ਦੇ ਮਾਧਿਅਮ ਨਾਲ ਕੋਈ ਬੁੱਧ, ਜੇਕਰ ਚਾਹੇ, ਤਾਂ ਜਗਤ ਦੇ ਉਪਕਾਰ ਵਿਚ, ਕਰੁਣਾ ਦੇ ਜਗਤ ਵਿਚ, ਜਗਾਉਣ ਵਿਚ ਲਗ ਸਕਦਾ ਹੈ। ਨਿਰਵਾਣ ਕਾਇਆ ਮਾਧਿਅਮ ਹੈ, ਜਗਤ ਅਤੇ ਨਿਰਵਾਣ ਦੇ ਵਿਚਾਲੇ। ਨਿਰਵਾਣ ਕਾਇਆ ਅਤੇ ਧਰਮ ਕਾਇਆ ਦੇ ਵਿਚਾਲੇ ਹੈ ਸੰਭੋਗ ਕਾਇਆ। ਜੇ ਕੋਈ ਨਿਰਵਾਣ ਕਾਇਆ ਵਿਚ ਹੀ ਰੁਕਿਆ ਰਹੇ, ਤਾਂ ਉਸਨੂੰ ਧਰਮ ਕਾਇਆ ਦਾ ਅਨੁਭਵ ਨਹੀਂ ਹੋ ਪਾਂਦਾ, ਮਹਾਂਸ਼ੂੰਨਯ ਦਾ ਅਨੁਭਵ ਨਹੀਂ ਹੋ ਪਾਂਦਾ-ਦੂਰ ਹੈ ਉਸਦੇ ਇਕ ਕਦਮ ਅੱਗੇ ਵਧ ਕੇ ਸੰਭੋਗ ਕਾਇਆ ਹੈ।

ਸੰਭੋਗ ਕਾਇਆ ਇਸਨੂੰ ਇਸਲਈ ਨਾਂ ਦਿਤਾ ਹੈ ਕਿ ਖੁਦ ਦੇ ਅਤੇ ਅਨੰਤ ਦੇ ਵਿਚਾਲੇ ਸੰਭੋਗ ਦਾ ਅਨੁਭਵ ਹੁੰਦਾ ਹੈ। ਥੋੜ੍ਹਾ-ਜਿਹਾ ਫਾਸਲਾ ਰਹਿ ਗਿਆ ਹੈ, ਅਜੇ ਬਿਲਕੁਲ ਇਕ ਨਹੀਂ ਹੋ ਗਏ ਹਾਂ।

ਇਉਂ ਸਮਝੋ, ਜਦ ਇਕ ਪ੍ਰੇਮੀ ਆਪਣੀ ਪ੍ਰੇਮਿਕਾ ਨਾਲ ਮਿਲਦਾ ਹੈ ਗਹਿਰਾ-ਦੋ ਤਾਂ ਬਣੇ ਰਹਿੰਦੇ ਹਨ, ਪਰ ਇਕ ਛਿਨ ਨੂੰ ਅਜੇਹਾ ਲਗਦਾ ਹੈ ਕਿ ਦੋ ਨਹੀਂ ਰਹਿ ਗਏ, ਇਕ ਹੀ ਰਹਿ ਗਿਆ। ਉਹ ਹੈ ਸੰਭੋਗ ਦਾ ਛਿਨ। ਫਿਰ ਵੀ ਦੋ ਤਾਂ ਰਹਿੰਦੇ ਹੀ ਹਨ। ਅਜੇਹਾ ਲਗਦਾ ਹੈ ਇਕ ਛਿਨ ਲਈ ਪ੍ਰਤੀਤੀ ਹੁੰਦੀ ਹੈ-ਇਕ ਹਲਕੀ-ਜਿਹੀ ਝਲਕ, ਹਵਾ ਦਾ ਇਕ ਤਾਜ਼ਾ ਬੁੱਲ੍ਹਾ ਅਤੇ ਅਜੇਹਾ ਲਗਦਾ ਹੈ ਕਿ ਦੋ ਖੋ ਗਏ ਅਤੇ ਇਕ ਤਰੰਗ ਹੋ ਗਈ। ਦੋ ਤਰੰਗਾਂ ਮਿਲ ਗਈਆਂ, ਦੋ ਗੀਤ ਆਪਣੇ ਵਿਚ ਇਕ-ਦੂਜੇ ਵਿਚ ਡੁਬ ਗਏ, ਦੋ ਨਦੀਆਂ ਇਕ-ਦੂਜੇ 'ਚ ਘੁਲਮਿਲ ਗਈਆਂ। ਇਕ ਛਿਨ ਨੂੰ ਅਜੇਹੀ ਜੋ ਪ੍ਰਤੀਤੀ ਹੁੰਦੀ ਹੈ, ਉਸਨੂੰ ਅਸੀਂ ਸੰਭੋਗ ਕਹਿੰਦੇ ਹਾਂ। ਇਸ ਅਵਸਥਾ ਵਿਚ ਸੰਭੋਗ ਕਾਇਆ। ਇਸ ਕਾਇਆ ਨੂੰ ਇਸਲਈ ਕਿਹਾ ਹੈ ਕਿ ਇਸ ਕਾਇਆ ਵਿਚ ਖੜ੍ਹੇ ਹੋਏ ਵਿਅਕਤੀ ਨੂੰ, ਉਸ ਮਹਾਂਸ਼ੂੰਨਯ ਦੇ ਨਾਲ ਛਿਨ-ਭਰ ਨੂੰ ਇਕ ਹੋ ਜਾਣ ਦਾ ਅਨੁਭਵ ਹੁੰਦਾ ਹੈ, ਇਕ ਹੋ ਨਹੀਂ ਜਾਂਦਾ। ਇਕ ਹੋ ਜਾਵੇ, ਤਾਂ ਫਿਰ ਪਰਤਣਾ ਨਹੀਂ ਹੈ। ਸੰਭੋਗ ਕਾਇਆ ਵਿਚ ਜਿਹੜਾ ਸੰਭਲ ਗਿਆ, ਜਿਥੇ ਸੰਭੋਗ ਦਾ ਅਨੁਭਵ ਹੋਇਆ ਵਜੂਦ ਦੇ ਨਾਲ-ਦੂਰੀ ਕਾਇਮ ਰਹੀ, ਪਰ ਮਿਲਾਪ ਹੋ ਗਿਆ। ਜਿਵੇਂ ਪ੍ਰੇਮੀ ਤੇ ਪ੍ਰੇਮਿਕਾ ਦਾ ਮਿਲਾਪ। ਇਥੋਂ ਹੀ ਤੋਂ ਸਾਵਧਾਨ ਹੋ ਕੇ ਕੋਈ ਹੇਠਾਂ ਉਤਰ ਆਵੇ-ਤਾਂ ਨਿਰਵਾਣ ਕਾਇਆ ਹੈ। ਅਜੇ ਹੇਠਾਂ ਉਤਰਿਆ ਜਾ ਸਕਦਾ ਹੈ। ਅਜੇ ਸਬੰਧ ਟੁੱਟ ਨਹੀਂ ਗਏ ਹਨ। ਨਿਰਵਾਣ ਕਾਇਆ ਵਿਚ ਰਹਿ ਕੇ ਹੀ ਕੋਈ ਬੋਧਿ, ਬੋਧਿਸੱਤਵ ਰਹਿ ਪਾਂਦਾ ਹੈ।

ਤਾਂ ਇਹ ਸੂਤਰ ਬਹੁਤ ਅਨੋਖਾ ਹੈ। ਇਹ ਕਹਿੰਦਾ ਹੈ ਕਿ ਨਦੀ ਪਾਰ ਕੀਤੀ ਜਾ ਚੁੱਕੀ ਹੈ। ਅਤੇ ਸੱਚ ਹੈ ਕਿ ਤੂੰ ਧਰਮ ਕਾਇਆ ਦੇ ਵਸਤਰ ਦਾ ਅਧਿਕਾਰੀ ਹੋ ਗਿਆ। ਹੁਣ ਤੂੰ ਹੱਕਦਾਰ ਹੈਂ ਮਹਾਂਸ਼ੂੰਨਯ ਦੇ ਨਾਲ ਇਕ ਹੋਣ ਲਈ, ਲੇਕਿਨ ਸੰਭੋਗ ਕਾਇਆ ਨਿਰਵਾਣੀ ਤੋਂ ਵਡਾ ਹੈ। ਤੂੰ ਰੁਕ, ਨਿਰਵਾਣ ਵਿਚ ਡੁਬ ਜਾਣਾ ਬਿਲਕੁਲ ਸਹਿਜ ਹੈ, ਸਾਰੇ ਹੀ ਡੁਬ ਜਾਂਦੇ ਹਨ, ਉਸ ਤੋਂ ਵੀ ਵਡਾ ਕਰਮ ਹੈ ਕਿ ਤੂੰ ਸੰਭੋਗ ਕਾਇਆ ਵਿਚ ਰੁਕ ਜਾਵੇਂ। ਜਿਥੇ ਇਕ ਹੋਣ ਦੇ ਬਿਲਕੁਲ ਕਰੀਬ ਆ ਗਿਆ, ਉਥੇ ਪਿੱਠ ਮੋੜ ਲਵੇ, ਅਤੇ ਪਰਤ ਆਵੇ।

'ਅਤੇ ਉਸ ਤੋਂ ਵੀ ਵਡੇ ਹਨ ਨਿਰਵਾਣ-ਕਾਇਆ ਵਿਚ ਰਹਿਣ ਵਾਲੇ ਕਾਰੁਣਿਕ ਬੁੱਧ।'

ਐਪਰ ਸੰਭੋਗ ਕਾਇਆ ਵਿਚ ਰਹਿ ਜਾਵੇ ਤਾਂ ਸੰਸਾਰ ਦਾ ਕੋਈ ਉਪਯੋਗ ਨਹੀਂ ਹੈ। ਉਸ ਤੋਂ ਵੀ ਹੇਠਾਂ ਉਤਰ ਆ, ਅਤੇ ਜਗਤ ਦੇ ਆਖ਼ਰੀ ਸਬੰਧ ਦਾ ਜੋ ਪੁਲ ਹੈ, ਉਸਨੂੰ ਬਣਾ ਲਵੇ-ਨਿਰਵਾਣ ਕਾਇਆ। ਅਤੇ ਪੁਲ ਦੇ ਮਾਧਿਅਮ ਨਾਲ ਜਗਤ ਦੇ ਪ੍ਰਤੀ ਕਰੁਣਾ ਨਾਲ ਭਰਪੂਰ ਕਰਨ ਵਿਚ ਲਗ।

'ਹੁਣ ਓ ਬੋਧਿਸੱਤਵ, ਆਪਣਾ ਸਿਰ ਝੁਕਾ ਅਤੇ ਚੰਗੀ ਤਰ੍ਹਾਂ ਸੁਣ। ਕਰੁਣਾ ਖੁਦ ਬੋਲਦੀ ਹੈ: ਜਦ ਤਕ ਪ੍ਰਾਣੀਮਾਤਰ

ਦੁਖ ਵਿਚ ਹੈ, ਕੀ ਤਦ ਤਕ ਅਨੰਦ ਸੰਭਵ ਹੈ?'

ਇਹ ਬੋਧੀ ਮਹਾਂਯਾਨ ਦੇ ਸਾਰ ਸੂਤਰ ਹਨ ਅਤੇ ਬੜੇ ਗਹਿਰੇ ਹਨ। ਇਹ ਸੂਤਰ ਕਹਿੰਦਾ ਹੈ ਕਿ ਜਦ ਪ੍ਰਾਣੀਮਾਤਰ ਦੁਖ ਵਿਚ ਹਨ, ਤਦ ਤਕ ਕੀ ਅਨੰਦ ਸੰਭਵ ਹੈ? ਤੇਰਾ ਦੁਖ ਮਿਟ ਗਿਆ, ਮੰਨਿਆ, ਲੇਕਿਨ ਜਦ ਤਕ ਇਸ ਜਗਤ ਵਿਚ ਦੁਖ ਹੈ, ਕੀ ਸੱਚਮੁਚ ਹੀ ਤੇਰਾ ਦੁਖ ਮਿਟ ਗਿਆ? ਕੀ ਤੈਨੂੰ ਇਸ ਜਗਤ ਦਾ ਦੁਖ ਬਿਲਕੁਲ ਨਹੀਂ ਛੋਹੇਗਾ? ਕੀ ਇਸ ਜਗਤ ਦਾ ਦੁਖ ਜਿਸਦਾ ਕਿ ਤੂੰ ਇਕ ਹਿੱਸਾ ਹੈਂ, ਇਸ ਵਜੂਦ ਦੀ ਪੀੜ ਜਿਸਦਾ ਕਿ ਤੂੰ ਇਕ ਅੰਗ ਹੈਂ, ਤੈਨੂੰ ਨਹੀਂ ਛੋਹੇਗੀ? ਅਤੇ ਇਸ ਪੀੜ ਦੀਆਂ ਤਰੰਗਾਂ ਤੇਰੇ ਹਿਰਦੇ ਵਿਚ ਵੀ ਪ੍ਰਵੇਸ਼ ਨਹੀਂ ਕਰ ਜਾਣਗੀਆਂ? ਕੀ ਇਹ ਸੱਚਮੁਚ ਹੀ ਸੰਭਵ ਹੈ, ਇਸ ਵਜੂਦ ਵਿਚ ਦੁਖ ਬਣਿਆ ਰਹੇ ਅਤੇ ਤੂੰ ਅਨੰਦ ਨੂੰ ਪਹੁੰਚ ਜਾਵੇਂ? ਤੂੰ ਆਪਣਾ ਅਨੰਦ ਪਾ ਲਿਆ, ਪਰ ਹੋਰ ਹਨ, ਬਹੁਤ ਹਨ, ਜੋ ਦੁਖੀ ਹਨ, ਕੀ ਇਹ ਦੁਖ ਬਿਲਕੁਲ ਹੀ ਵਿੱਸਰ ਜਾਏਗਾ ਤੈਨੂੰ? ਕੀ ਤੂੰ ਭੁੱਲ ਜਾਏਂਗਾ ਕਿ ਵਜੂਦ ਵਿਚ ਦੁਖ ਅਜੇ ਬਾਕੀ ਹੈ—ਇਹ ਪ੍ਰਸ਼ਨ ਹੈ।

ਇਹ ਪ੍ਰਸ਼ਨ ਹੈ ਕਿ ਜਦ ਤਕ ਪ੍ਰਾਣੀਮਾਤਰ ਦੁਖ ਵਿਚ ਹਨ, ਕੀ ਤਦ ਤਕ ਅਨੰਦ ਸੰਭਵ ਹੈ?

'ਕੀ ਤੂੰ ਇਕੱਲਾ ਸੁਰੱਖਿਅਤ ਹੋਵੇਂਗਾ, ਅਤੇ ਸਾਰਾ ਸੰਸਾਰ ਰੋਂਦਾ ਰਹੇਗਾ?

'ਹੁਣ ਤੂੰ ਉਹ ਸੁਣ ਲਿਆ ਹੈ, ਜੋ ਕਿਹਾ ਗਿਆ ਸੀ।

'ਤੂੰ ਸੱਤਵੇਂ ਪਦ ਨੂੰ ਪ੍ਰਾਪਤ ਕਰੇਂਗਾ ਅਤੇ ਪਰਮਵਿੱਦਿਆ ਦੇ ਦੁਆਰ ਨੂੰ ਪਾਰ ਕਰੇਂਗਾ, ਪਰ ਕੀ ਮਹਿਜ ਇਸਲਈ ਕਿ ਦੁਖ ਦੇ ਨਾਲ ਤੇਰਾ ਗਠਬੰਧਨ ਨਾ ਹੋਵੇ!'

ਕੀ ਸਾਰੀ ਯਾਤਰਾ ਬਸ ਇੰਨੀ ਹੀ ਸੀ ਕਿ ਦੁਖ ਨਾਲੋਂ ਤੇਰਾ ਸਬੰਧ ਟੁੱਟ ਜਾਵੇ?

'..ਜੇ ਤੂੰ ਤਥਾਗਤ ਹੋਣਾ ਹੈ, ਤਾਂ ਆਪਣੇ ਪੂਰਵਵਰਤੀ ਦੀਆਂ ਪੈੜਾਂ 'ਤੇ ਚਲ ਅਤੇ ਅੰਤਹੀਣ ਅੰਤ ਤਕ ਹੰਕਾਰਸ਼ੂਨਯ ਰਹਿ।'

'ਤੂੰ ਸੰਬੁੱਧ ਹੈਂ, ਆਪਣਾ ਰਾਹ ਚੁਣ।'

ਹੁਣ ਤੂੰ ਸਿਰਫ ਖੋਜਣ ਦੀ ਗੱਲ ਨਾ ਸੋਚ। ਬਹੁਤ ਹਨ, ਜੋ ਦੁਖੀ ਹਨ, ਉਹਨਾਂ ਦਾ ਵੀ ਚੇਤਾ ਕਰ। ਅਤੇ ਜਿਵੇਂ ਤੈਥੋਂ ਪਹਿਲੇ ਤਥਾਗਤ ਗੌਤਮ ਬੁੱਧ ਨੇ ਖ਼ੁਦ ਨੂੰ ਰੋਕ ਲਿਆ—ਤਦ ਤਕ ਦੇ ਲਈ, ਜਦ ਤਕ ਇਹ ਅੰਤਹੀਣ ਸੰਸਾਰ ਅਨੰਦ ਨੂੰ ਪਹੁੰਚ ਨਹੀਂ ਜਾਂਦਾ, ਅਜੇਹਾ ਮਹਾਂ ਸੰਕਲਪ ਲਿਆ—ਅਜੇਹਾ ਤੂੰ ਵੀ ਮਹਾਂ ਸੰਕਲਪ ਲੈ।

'ਹੁਣ ਤੂੰ ਸੰਬੁੱਧ ਹੈਂ'—ਹੁਣ ਤੂੰ ਜਾਗ ਗਿਆ।

'—ਆਪਣਾ ਰਾਹ ਚੁਣ।'

ਹੁਣ ਤੂੰ ਸਿਰਫ ਅਨੰਦ ਵਿਚ ਆਕਰਸ਼ਤ ਹੋ ਕੇ ਨਾ ਡੁੱਬ।

ਇਸਨੂੰ ਅਸੀਂ ਇਉਂ ਵੀ ਸਮਝ ਸਕਦੇ ਹਾਂ, ਮਹਾਂਯਾਨ ਦੀ ਦ੍ਰਿਸ਼ਟੀ ਤੋਂ ਅਜੇਹਾ ਹੈ ਹੀ ਕਿ ਇਹ ਆਖ਼ਰੀ ਵਾਸਨਾ ਹੈ ਕਿ ਮੈਂ ਅਨੰਦ ਵਿਚ ਡੁੱਬ ਜਾਵਾਂ। ਮੇਰਾ ਅਨੰਦ ਮਿਲ ਗਿਆ, ਗੱਲ ਖ਼ਤਮ ਹੋ ਗਈ।

ਇਸਨੂੰ ਵੀ ਤੋੜ ਦੇ। ਮੇਰਾ ਵੀ ਕੀ? ਜਦ ਤਕ ਦੁਖ ਹੈ, ਤਦ ਤਕ ਮੇਰੇ-ਤੇਰੇ ਦੀ ਗੱਲ ਹੀ ਨਾ ਕਰ। ਜਦ ਤਕ ਅਨੰਦ ਹੀ ਅਨੰਦ ਨਾ ਹੋ ਜਾਵੇ, ਅਤੇ ਕੋਈ ਵੀ ਦੁਖ ਨਾ ਰਹਿ ਜਾਵੇ, ਤਦ ਤਕ ਤੂੰ ਰੁਕ।

ਅਤੇ ਤੂੰ ਰੁਕ ਸਕਦਾ ਹੈਂ, ਤੇਰੀ ਸਮਰੱਥਾ ਹੈ। ਕਿਉਂਕਿ ਤੂੰ ਸੰਬੁੱਧ ਹੈਂ, ਜਾਗਿਆ ਹੋਇਆ ਹੈਂ, ਨਿਯਮ ਦੇ ਬਾਹਰ ਹੋ ਗਿਐਂ। ਹੁਣ ਤੇਰੇ ਉਪਰ ਕੋਈ ਵੀ ਜ਼ੋਰ-ਜ਼ਬਰਦਸਤੀ ਨਹੀਂ। ਹੁਣ ਤੂੰ ਖ਼ੁਦ ਭਗਵਾਨ ਹੈਂ। ਹੁਣ ਤਾਂ ਕੋਈ ਕਾਰਨ ਨਹੀਂ ਜੋ ਤੈਨੂੰ ਧੱਕਾ ਦੇ ਰਿਹਾ ਹੋਵੇ ਕਿ ਤੂੰ ਇੰਜ ਕਰ, ਉਂਜ ਕਰ। ਹੁਣ ਤੂੰ ਜੋ ਕਰਨਾ ਚਾਹੇਂ, ਕਰ ਸਕਦਾ ਹੈਂ। ਇਸ ਛਿਨ ਵਿਚ ਤੈਨੂੰ ਇੰਨੀ ਵਡੀ ਸੱਤਾ ਅਤੇ ਸ਼ਕਤੀ ਮਿਲੀ ਹੈ ਕਿ ਤੂੰ ਜੋ ਚਾਹੇਂ ਕਰ ਸਕਦਾ ਹੈਂ। ਇਸਦਾ ਉਪਯੋਗ ਕਰ।

ਜਾਂ ਕਿ ਸਿਰਫ਼ ਇਸਦਾ ਇੰਨਾ ਹੀ ਉਪਯੋਗ ਕਰੇਂਗਾ ਕਿ ਤੇਰਾ ਦੁਖ ਮਿਟ ਜਾਵੇ? ਤੇਰਾ ਦੁਖ ਮਿਟ ਗਿਆ, ਬਸ ਗੱਲ ਖ਼ਤਮ ਹੋ ਗਈ?

'ਉਸ ਚਿਲਕਦੇ ਪ੍ਰਕਾਸ਼ ਨੂੰ ਦੇਖ, ਜੋ ਪੂਰਬ ਦੇ ਅਕਾਸ਼ ਨੂੰ ਓਤ-ਪ੍ਰੋਤ ਕਰ ਰਿਹਾ ਹੈ। ਉਸਦੀ ਪ੍ਰਸੰਸਾ ਦੇ ਪ੍ਰਤੀਕ ਦੇ ਰੂਪ ਵਿਚ ਸਵਰਗ ਅਤੇ ਪ੍ਰਿਥਵੀ ਗਲਵੱਕੜੀ ਪਾਈ ਖਲੋਤੇ ਹਨ।'

ਤੇਰਾ ਸਵਾਗਤ ਕਰੇਗੀ ਪ੍ਰਿਥਵੀ, ਤੇਰਾ ਸਵਾਗਤ ਕਰੇਗਾ ਸਵਰਗ। ਗਲਵੱਕੜੀ ਪਾਈ ਖੜ੍ਹੇ ਹਨ ਕਿ ਤੂੰ ਆ ਰਿਹਾ ਹੈਂ।

'ਅਤੇ ਚਤੁਰਮੁਖੀ ਪਰਗਟ ਸ਼ਕਤੀਆਂ ਤੋਂ-ਦਹਿਕਦੀ ਅਗਨੀ ਅਤੇ ਪ੍ਰਵਾਹਮਾਨ ਜਲ ਤੋਂ, ਸਾਧੂ-ਗੰਧੀ ਮਿੱਟੀ ਅਤੇ ਵਗਦੀਆਂ ਹਵਾਵਾਂ ਤੋਂ ਪ੍ਰੇਮ ਦਾ ਸੰਗੀਤ ਪਰਗਟ ਹੋ ਰਿਹਾ ਹੈ।'

ਦੇਖ ਕਿ ਤੂੰ ਵਾਪਸ ਪਰਤ ਰਿਹਾ ਹੈਂ ਉਸ ਜਗਤ ਵਿਚ, ਜਿਥੇ ਦੁਖ ਹੈ, ਹਨੇਰਾ ਹੈ। ਜਿਵੇਂ ਪੂਰਬ ਵਿਚ ਫਿਰ ਤੋਂ ਅਧਿਆਤਮਕ ਅਰਥਾਂ ਵਿਚ ਇਕ ਸੂਰਜ ਦਾ ਜਨਮ ਹੋ ਰਿਹਾ ਹੈ। ਸਵਰਗ ਅਤੇ ਪ੍ਰਿਥਵੀ ਗਲਵੱਕੜੀ ਪਾਈ ਤੇਰਾ ਸਵਾਗਤ ਕਰ ਰਹੇ ਹਨ। ਦਹਿਕਦੀ ਅਗਨੀ ਅਤੇ ਪ੍ਰਵਾਹਮਾਨ ਜਲ ਤੋਂ, ਮਧੂਗੰਧੀ ਮਿੱਟੀ ਤੇ ਵਗਦੀਆਂ ਹਵਾਵਾਂ ਤੋਂ, ਤੇਰੇ ਲਈ ਪ੍ਰੇਮ ਦਾ ਸੰਗੀਤ ਪਰਗਟ ਹੋ ਰਿਹਾ ਹੈ।

'ਸੁਣ... ਜਿਸ ਵਿਚ ਵਿਜੇਤਾ ਇਸ਼ਨਾਨ ਕਰਦਾ ਹੈ, ਉਸ ਸਵਰਨ ਪ੍ਰਕਾਸ਼ ਦੇ ਗਹਿਰੇ ਤੇ ਅਪਹੁੰਚ ਵਰੋਲੇ ਤੋਂ ਉਠ ਕੇ ਸਮੁੱਚੀ ਕੁਦਰਤ ਦੀ ਨਿਰਸ਼ਬਦ ਅਵਾਜ਼ ਹਜ਼ਾਰ-ਹਜ਼ਾਰ ਰਾਗਾਂ ਵਿਚ ਐਲਾਨ ਕਰਦੀ ਹੈ : ਅਨੰਦ ਮਨਾ, ਮਿਯਾਲਬਾ ਦੇ ਮਨੁੱਖੋ, ਇਕ ਤੀਰਥਯਾਤਰੀ ਦੂਸਰੇ ਤਟ ਤੋਂ ਪਰਤ ਆਇਆ ਹੈ।'

ਹੇ ਮਹਾਂਨਰਕ ਦੇ ਨਿਵਾਸੀਓ...ਮਿਯਾਲਬਾ ਦਾ ਅਰਥ ਹੈ ਮਹਾਂਨਰਕ। ਸਾਡੀ ਪ੍ਰਿਥਵੀ ਮਿਯਾਲਬਾ ਹੈ।

'ਸੁਣ... ਜਿਸ ਵਿਚ ਵਿਜੇਤਾ ਇਸ਼ਨਾਨ ਕਰਦਾ ਹੈ, ਉਸ ਸਵਰਨ ਪ੍ਰਕਾਸ਼ ਦੇ ਗਹਿਰੇ ਤੇ ਅਪਹੁੰਚ ਵਰੋਲੇ ਤੋਂ ਉਠ ਕੇ ਸਮੁੱਚੀ ਕੁਦਰਤ ਦੀ ਨਿਰਸ਼ਬਦ ਅਵਾਜ਼ ਹਜ਼ਾਰ-ਹਜ਼ਾਰ ਰਾਗਾਂ ਵਿਚ ਐਲਾਨ ਕਰਦੀ ਹੈ : ਅਨੰਦ ਮਨਾ, ਓ ਮਿਯਾਲਬਾ ਦੇ ਮਨੁੱਖੋ, ਇਕ ਤੀਰਥਯਾਤਰੀ ਦੂਸਰੇ ਤਟ ਤੋਂ ਪਰਤ ਆਇਆ ਹੈ।'

'ਇਕ ਨਵੇਂ ਅਰਹਤ,' ਇਕ ਨਵੇਂ ਬੋਧਿਸੱਤਵ ਦਾ ਜਨਮ ਹੋਇਆ ਹੈ।

'ਪ੍ਰਾਣੀਮਾਤਰ ਦੇ ਲਈ ਸ਼ਾਂਤੀ।'

ਆਦਮੀ ਹੈ ਦੁਖ ਵਿਚ, ਸੁਖ ਭਾਲਦਾ ਹੈ। ਜਿੰਨਾ ਸੁਖ ਭਾਲਦਾ ਹੈ, ਉੰਨਾ ਦੁਖੀ ਹੁੰਦਾ ਜਾਂਦਾ ਹੈ। ਜਦ ਬੋਧ ਜਾਗਦਾ ਹੈ ਕਿ ਮੇਰੇ ਸੁਖ ਦੀ ਖੋਜ ਹੀ ਮੇਰੇ ਦੁਖ ਦਾ ਕਾਰਨ ਹੈ, ਤਾਂ ਸਾਧਨਾ ਦਾ ਜਨਮ ਹੁੰਦਾ ਹੈ। ਤਦ ਆਦਮੀ ਸੁਖ ਨਹੀਂ ਭਾਲਦਾ, ਦੁਖ ਤੋਂ ਨਹੀਂ ਬਚਣਾ ਚਾਹੁੰਦਾ, ਸੁਖ-ਦੁਖ ਦੋਹਾਂ ਤੋਂ ਉਠਣਾ ਚਾਹੁੰਦਾ ਹੈ।

ਸੰਸਾਰਕ ਆਦਮੀ ਹੈ ਉਹ, ਜਿਹੜਾ ਦੁਖ ਵਿਚ ਹੈ, ਅਤੇ ਸੁਖ ਭਾਲਦਾ ਹੈ।

ਸੰਨਿਆਸੀ ਹੈ ਉਹ, ਜਿਹੜਾ ਸਮਝ ਗਿਆ ਕਿ ਦੁਖ ਤੋਂ ਬਚਣ ਅਤੇ ਸੁਖ ਨੂੰ ਭਾਲਣ ਵਿਚ ਹੀ ਦੁਖ ਹੈ।

ਤਾਂ ਸੰਨਿਆਸੀ ਹੈ ਉਹ, ਜਿਹੜਾ ਸੁਖ ਅਤੇ ਦੁਖ ਤੋਂ ਉਪਰ ਉਠਣ ਦਾ ਰਾਹ, ਮਾਰਗ ਭਾਲਦਾ ਹੈ।

ਸਿੱਧ ਹੈ ਉਹ, ਜਿਹੜਾ ਪਹੁੰਚ ਗਿਆ ਉਸ ਥਾਂ, ਜਿਥੇ ਸੁਖ ਅਤੇ ਦੁਖ ਦੇ ਪਾਰ ਹੋ ਗਿਆ।

ਸੁਖ-ਦੁਖ ਤੋਂ ਪਾਰ ਹੁੰਦਿਆਂ ਹੀ ਅਨੰਦ ਵਾਪਰ ਜਾਂਦਾ ਹੈ।

ਸਿੱਧਤਵ ਅਨੰਦ ਦੀ ਅਵਸਥਾ ਹੈ।

ਬੋਧਿਸੱਤਵ ਹੈ ਉਹ, ਜਿਹੜਾ ਇਸ ਅਨੰਦ ਨੂੰ ਪਾ ਕੇ ਖੋ ਨਹੀਂ ਜਾਂਦਾ, ਚੁਪ ਨਹੀਂ ਹੋ ਜਾਂਦਾ, ਬੈਠ ਨਹੀਂ ਰਹਿੰਦਾ; ਬਲਕਿ ਜਿਹੜੇ ਦੁਖ ਵਿਚ ਹਨ, ਉਹਨਾਂ ਦੇ ਲਈ ਵਾਪਸ ਪਰਤ ਆਉਂਦਾ ਹੈ।

ਸੁਣਿਆ ਹੈ ਮੈਂ ਕਿ ਜਪਾਨ ਦੇ ਇਕ ਕੈਦਖ਼ਾਨੇ ਵਿਚ ਇਕ ਅਨੋਖੀ ਘਟਨਾ ਵਰ੍ਹਿਆਂ ਤੀਕ ਵਾਪਰਦੀ ਰਹੀ। ਇਕ ਫ਼ਕੀਰ ਵਾਰ-ਵਾਰ ਚੋਰੀ ਕਰਦਾ ਅਤੇ ਅਤੇ ਸਜ਼ਾ ਪਾਉਂਦਾ ਰਿਹਾ। ਲੋਕ ਹੈਰਾਨ ਸਨ। ਫ਼ਕੀਰ ਅਜੇਹਾ ਸਾਧੂ ਸੀ ਗੈਰ ਸਧਾਰਨ ਕਿ ਕੋਈ ਯਕੀਨ ਹੀ ਨਹੀਂ ਸੀ ਕਰਦਾ ਕਿ ਉਹ ਸਾਧੂ ਕਦੇ ਚੋਰੀਆਂ ਕਰਨ ਲਗ ਜਾਏਗਾ। ਗੁਣ ਉਸ ਵਿਚ ਅਜੇਹੇ ਸਨ ਬੁੱਧਤਵ ਦੇ ਕਿ ਚੋਰੀ ਦੀ ਗੱਲ ਦਾ ਕਿਤੇ ਕੋਈ ਤਾਲਮੇਲ ਹੀ ਨਹੀਂ ਸੀ ਬੈਠਦਾ। ਅਤੇ ਚੋਰੀ ਵੀ ਬਹੁਤ ਛੋਟੀ-ਮੋਟੀ! ਅਤੇ ਇਹ ਜ਼ਿੰਦਗੀ-ਭਰ ਚਲਿਆ ਸਿਲਸਿਲਾ। ਬੁੱਢਾ ਹੋ ਗਿਆ ਤਾਂ ਉਸਦੇ ਸ਼ਿੱਸ਼ਾਂ ਨੇ ਕਿਹਾ ਕਿ ਹੁਣ ਤਾਂ ਬੰਦ ਕਰ ਇਹ ਉਪੱਦਰ। ਸਾਡੀ ਕਲਪਨਾ ਵਿਚ ਵੀ ਨਹੀਂ ਆਉਂਦਾ ਕਿ ਕਿਸਲਈ ਇਹ ਚੋਰੀਆਂ ਕਰਦਾ ਹੈਂ! ਅਸੀਂ ਮੰਨ ਵੀ ਨਹੀਂ ਸਕਦੇ ਕਿ ਤੂੰ ਚੋਰੀ ਕਰਦਾ ਹੈਂ; ਪਰ ਸਭ ਗਵਾਹ ਹੋ ਜਾਂਦੇ ਹਨ, ਸਬੂਤ ਮਿਲ ਜਾਂਦੇ ਹਨ ਅਤੇ ਤੈਨੂੰ ਸਜ਼ਾ ਹੋ ਜਾਂਦੀ ਹੈ। ਅਤੇ ਤੇਰੇ ਪਿਛੇ ਅਸੀਂ ਵੀ ਬਦਨਾਮ ਹੋ ਜਾਂਦੇ ਹਾਂ ਕਿ ਤੁਸੀਂ ਕਿਸਦੇ ਸ਼ਿੱਸ਼ ਹੋ, ਉਹ ਆਦਮੀ ਫਿਰ ਜੇਲ੍ਹ 'ਚ

ਪਹੁੰਚ ਗਿਆ। ਹੁਣ ਤੂੰ ਆਖਰੀ ਵਾਰ ਛੁੱਟ ਕੇ ਆਇਆ ਹੈਂ, ਉਮਰ ਵੀ ਥੋੜ੍ਹੀ ਰਹਿ ਗਈ ਹੈ ਤੇ ਸਿਹਤ ਵੀ ਠੀਕ ਨਹੀਂ, ਹੁਣ ਤੂੰ ਕਿਰਪਾ ਕਰਕੇ ਇਹ ਉਪੱਦਰ ਬੰਦ ਕਰ। ਤੈਨੂੰ ਜੋ ਚਾਹੀਦਾ ਹੈ ਅਸੀਂ ਸਦਾ ਦੇਣ ਨੂੰ ਤਿਆਰ ਹਾਂ; ਤੈਨੂੰ ਚੋਰੀ ਕਰਨ ਦੀ ਕੋਈ ਲੋੜ ਨਹੀਂ। ਅਤੇ ਚੋਰੀ ਵੀ ਤੂੰ ਅਜੇਹੀ ਕਰਦਾ ਹੈਂ ਛੋਟੀ-ਮੋਟੀ ਕਿ ਯਕੀਨ ਨਹੀਂ ਆਉਂਦਾ ਕਿ ਕੀ ਕਰਦਾ ਹੈਂ!

ਤਾਂ ਉਸਨੇ ਕਿਹਾ ਕਿ ਜ਼ਿੰਦਗੀ-ਭਰ ਮੈਂ ਕਿਹਾ ਨਹੀਂ, ਹੁਣ ਤੁਹਾਨੂੰ ਦੱਸਦਾ ਹਾਂ—ਚੋਰੀ ਮੈਂ ਸਿਰਫ ਇਸਲਈ ਕਰਦਾ ਹਾਂ, ਤਾਂ ਜੋ ਅੰਦਰ ਜਾ ਕੇ ਚੋਰਾਂ ਨੂੰ ਬਦਲ ਸਕਾਂ। ਉਹਨਾਂ ਤਕ ਪਹੁੰਚਣ ਦਾ ਹੋਰ ਕੋਈ ਉਪਾਅ ਨਹੀਂ ਹੈ। ਉਥੇ ਬਹੁਤ ਚੋਰ ਦੁਖੀ ਹੋ ਰਹੇ ਹਨ। ਉਥੇ ਬਹੁਤ ਅਪਰਾਧੀ ਅਤੇ ਪਾਪੀ ਹਨ। ਉਹਨਾਂ ਨੂੰ ਕੌਣ ਬਦਲੇ ? ਅਤੇ ਕਿਵੇਂ ਬਦਲੇ ? ਅਤੇ ਜੇ ਮੈਂ ਗੁਰੂ ਦੀ ਤਰ੍ਹਾਂ ਜਾ ਕੇ ਉਹਨਾਂ ਨੂੰ ਉਪਦੇਸ਼ ਦੇਵਾਂ, ਤਾਂ ਉਹਨਾਂ ਨੂੰ ਬਦਲਿਆ ਨਹੀਂ ਜਾ ਸਕਦਾ।

ਕਿਉਂਕਿ ਜਿਹੜਾ ਆਪਣਾ ਨਹੀਂ ਹੈ, ਉਸਦੇ ਪ੍ਰਤੀ ਕੋਈ ਸਨਮਾਨ ਪੈਦਾ ਨਹੀਂ ਹੁੰਦਾ ਹੈ। ਜੋ ਆਪਣੇ ਹੀ ਵਰਗਾ ਨਹੀਂ ਹੁੰਦਾ, ਉਸ ਨਾਲ ਕੋਈ ਸਬੰਧ ਨਹੀਂ ਬਣਦੇ ਹਨ। ਇਕ ਗੁਰੂ ਦੀ ਤਰ੍ਹਾਂ, ਇਕ ਸਾਧੂ ਦੀ ਤਰ੍ਹਾਂ ਜਾ ਕੇ ਮੈਂ ਖੜ੍ਹਾ ਹੋ ਜਾਵਾਂ, ਤਾਂ ਉਹਨਾਂ ਦੇ ਮਨ ਵਿਚ ਮੇਰੇ ਪ੍ਰਤੀ ਇਕ ਫਾਸਲਾ ਤੇ ਇਕ ਦੂਰੀ ਰਹਿੰਦੀ ਹੈ ਕਿ ਮੈਂ ਸਾਧੂ ਹਾਂ ਤੇ ਉਹ ਚੋਰ ਹਨ। ਸ਼ਾਇਦ ਮੇਰੀ ਮੌਜੂਦਗੀ ਉਹਨਾਂ ਦੀ ਨਿੰਦਿਆ ਵੀ ਬਣ ਜਾਂਦੀ ਹੈ। ਸ਼ਾਇਦ ਮੇਰੇ ਕਾਰਨ ਉਹਨਾਂ ਨੂੰ ਪੀੜ ਅਤੇ ਦੁਖ ਵੀ ਹੋਵੇ। ਸ਼ਾਇਦ ਅਕਾਰਨ ਮੈਂ ਉਹਨਾਂ ਦੀ ਪੀੜ ਦਾ ਕਾਰਨ ਵੀ ਬਣ ਜਾਵਾਂ। ਤਾਂ ਮੈਂ ਚੋਰ ਹੋ ਕੇ ਹੀ ਜਾਣਾ ਪਸੰਦ ਕਰਦਾ ਹਾਂ। ਫਿਰ ਮੈਂ ਉਹਨਾਂ ਜਿਹਾ ਹੋ ਗਿਆ। ਉਹਨਾਂ ਦੀਆਂ ਹੀ ਕਾਲ-ਕੋਠੜੀਆਂ ਵਿਚ ਬੰਦ, ਉਹਨਾਂ ਵਾਂਗ ਹੀ ਜ਼ੰਜੀਰਾਂ ਮੇਰੇ ਹੱਥਾਂ ਵਿਚ, ਮੈਂ ਵੀ ਚੋਰ, ਉਹ ਵੀ ਚੋਰ। ਫਿਰ ਅਸੀਂ ਇਕ ਦੂਜੇ ਦੀ ਭਾਸ਼ਾ ਸਮਝ ਸਕਦੇ ਹਾਂ। ਅਤੇ ਫਿਰ ਉਹਨਾਂ ਦੀ ਹੀ ਭਾਸ਼ਾ ਵਿਚ ਮੈਂ ਉਹਨਾਂ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹਾਂ। ਪਰ ਫਿਰ ਤੁਸੀਂ ਮੈਨੂੰ ਰੋਕੋਗੇ। ਜਦ ਤਕ ਮੈਂ ਹਾਂ, ਮੇਰਾ ਇਹੀ ਕੰਮ ਹੈ ਕਿ ਉਹ ਜਿਹੜੇ ਪੀੜ ਅਤੇ ਪਾਪ ਨਾਲ ਘਿਰੇ ਹਨ, ਉਹਨਾਂ ਨੂੰ ਬਾਹਰ ਲਿਆਵਾਂ।

ਬੋਧਿਸੱਤਵ ਉਸ ਕੰਢੇ ਤੋਂ ਇਸ ਕੰਢੇ 'ਤੇ ਪਰਤਦਾ ਹੋਇਆ ਅਜੇਹਾ ਹੀ ਵਿਅਕਤੀ ਹੈ। ਅਤੇ ਜੇ ਉਸ ਨੇ ਇਥੇ ਪਰਤਣਾ ਹੈ, ਅਤੇ ਇਸ ਕੰਢੇ ਦੇ ਲੋਕਾਂ ਨੂੰ ਸਹਾਇਤਾ ਪੁਜਾਉਣੀ ਹੈ, ਤਾਂ ਉਸਨੂੰ ਇਸ ਕੰਢੇ ਦੀ ਕੁਝ ਭਾਸ਼ਾ ਕਾਇਮ ਕਰਨੀ ਹੋਵੇਗੀ। ਇਸ ਕੰਢੇ ਦੇ ਲੋਕਾਂ ਨਾਲ ਕੁਝ ਸਬੰਧ ਸਥਾਪਤ ਕਰਨਾ ਹੋਵੇਗਾ। ਨਿਰਵਾਣ ਕਾਇਆ ਉਹੀ ਸਬੰਧ ਹੈ ਇਸ ਜਗਤ ਦੇ ਲੋਕਾਂ ਨਾਲ। ਅਤੇ ਇਸ ਜਗਤ ਦੇ ਲੋਕਾਂ ਦੀ ਭਾਸ਼ਾ ਕੀ ਹੈ ? ਇਸ ਜਗਤ ਦੇ ਲੋਕਾਂ ਦੀ ਭਾਸ਼ਾ ਵਾਸਨਾ ਹੈ।

ਤਾਂ ਬੁੱਧ ਨੇ ਜੇ ਬੋਧਿਸੱਤਵ ਬਣਨਾ ਹੈ, ਤਾਂ ਉਸਨੂੰ ਆਪਣੀ ਕਰੁਣਾ ਨੂੰ ਵਾਸਨਾ ਬਣਾਉਣਾ ਪਵੇਗਾ। ਉਸਨੂੰ ਇਹ ਗੂਹੜੀ ਵਾਸਨਾ ਕਰਨੀ ਪਵੇਗੀ ਕਿ ਮੈਂ ਦੂਜਿਆਂ ਨੂੰ ਸਹਿਯੋਗ ਦੇ ਸਕਾਂ, ਸਾਥ ਦੇ ਸਕਾਂ, ਰਹਿਨੁਮਾਈ ਦੇ ਸਕਾਂ।

ਜੈਨੀਆਂ ਵਿਚ ਕਿਹਾ ਜਾਂਦਾ ਹੈ ਕਿ ਤੀਰਥੰਕਰ ਉਹੀ ਆਦਮੀ ਹੁੰਦਾ ਹੈ, ਜਿਸਨੇ ਤੀਰਥੰਕਰ ਕਰਮ ਦਾ ਬੰਧਨ ਕੀਤਾ

ਹੋਵੇ। ਇਸਨੂੰ ਵੀ ਕਰਮ ਕਹਿੰਦੇ ਹਨ। ਇਹ ਵੀ ਇਕ ਪਾਪ ਹੈ। ਕਿਉਂਕਿ ਦੂਜਿਆਂ ਨੂੰ ਜਗਾਉਣ ਦੀ ਚੇਸ਼ਟਾ ਵੀ, ਦੂਜਿਆਂ ਨੂੰ ਬਦਲਣ ਦੀ ਚੇਸ਼ਟਾ ਵੀ, ਦੂਜਿਆਂ ਦਾ ਰੂਪ-ਪਰਤਣ ਕਰਨ ਦੀ ਚੇਸ਼ਟਾ ਵੀ, ਇਕ ਚੇਸ਼ਟਾ ਤਾਂ ਹੈ, ਅਤੇ ਇਕ ਵਾਸਨਾ ਤਾਂ ਹੈ। ਸੋ ਜਿਸਨੇ ਦੂਜਿਆਂ ਨੂੰ ਜਗਾਉਣ ਦੀ ਵਾਸਨਾ ਨੂੰ ਬਚਾ ਲਿਆ ਹੋਵੇ, ਉਹੀ ਤੀਰਥੰਕਰ ਬਣ ਸਕਦਾ ਹੈ। ਇੰਨੀ ਵਾਸਨਾ ਤਾਂ ਉਸਨੂੰ ਰਖਣੀ ਹੀ ਪਏਗੀ ਕਿ ਮੈਂ ਦੂਜਿਆਂ ਦੇ ਕੰਮ ਆ ਜਾਵਾਂ। ਇੰਨੀ ਵਾਸਨਾ ਦਾ ਧਾਗਾ ਬਣਿਆ ਰਹੇ, ਉਹੀ ਵਾਸਨਾ ਨਿਰਵਾਣ ਕਾਇਆ ਹੈ। ਤਾਂ ਫਿਰ ਉਹ ਸਾਡੇ ਨਾਲ ਜੁੜਿਆ ਹੈ ਬਹੁਤ ਹਲਕੇ ਧਾਗਿਆਂ ਨਾਲ। ਕਦੇ ਵੀ ਟੁੱਟ ਸਕਦਾ ਹੈ ਧਾਗਾ। ਕੋਈ ਮਜ਼ਬੂਤ ਜ਼ੰਜੀਰ ਨਹੀਂ ਹੈ। ਅਤੇ ਫਿਰ ਆਪਣੇ ਹੀ ਹੱਥੀਂ ਬੱਝਿਆ ਹੈ। ਜੇ ਇਸ ਤਟ 'ਤੇ ਕਿਸੇ ਨੇ ਰਹਿਣਾ ਹੈ, ਤਾਂ ਇਸ ਤਟ ਦੇ ਨਾਲ ਕੁਝ ਕਿੱਲੇ, ਕੁਝ ਰੱਸੇ, ਕੁਝ ਧਾਗੇ, ਕੁਝ ਸੂਤਰ ਬੰਨ੍ਹਣੇ ਪੈਣਗੇ।

ਮੈਂ ਸੁਣਿਆ ਹੈ ਕਿ ਰਾਮਕ੍ਰਿਸ਼ਨ ਨੂੰ ਭੋਜਨ ਨਾਲ ਅਤੀ ਲਗਾਅ ਸੀ, ਬਹੁਤ ਜ਼ਿਆਦਾ। ਏਨਾ ਜ਼ਿਆਦਾ ਕਿ ਰਾਮਕ੍ਰਿਸ਼ਨ ਦੇ ਆਸਪਾਸ ਦੇ ਲੋਕ ਫ਼ਿਕਰਮੰਦ ਹੋ ਜਾਂਦੇ ਸੀ। ਅਤੇ ਸ਼ਾਰਦਾ ਤਾਂ ਬਹੁਤ ਵਾਰ ਰਾਮਕ੍ਰਿਸ਼ਨ ਨੂੰ ਝਿੜਕ ਵੀ ਦਿੰਦੀ ਕਿ ਇਹ ਬੰਦ ਕਰ ਬਚਿਆਂ ਵਰਗਾ ਕੰਮ। ਕਿਉਂਕਿ ਬ੍ਰਹਮਚਰਚਾ ਚਲਦੀ ਹੁੰਦੀ ਅਤੇ ਅਚਾਨਕ ਰਾਮਕ੍ਰਿਸ਼ਨ ਵਿਚਕਾਰੋਂ ਉਠ ਕੇ ਕਿਚਨ ਵਿਚ, ਚੌਕੇ ਵਿਚ ਪਹੁੰਚ ਜਾਂਦੇ, ਅਤੇ ਉਹ ਕਹਿੰਦੇ, ਕੀ ਬਣਿਆ ਹੈ? ਅੱਜ ਕੀ ਬਣ ਰਿਹਾ ਹੈ? ਸ਼ਾਰਦਾ ਕਹਿੰਦੀ ਕਿ ਬ੍ਰਹਮਚਰਚਾ ਛਡ ਕੇ ਇਥੇ ਚੌਕੇ ਵਿਚ ਆ ਕੇ ਇਹੋ-ਜਿਹੇ ਪ੍ਰਸ਼ਨ ਉਠਾਉਣਾ ਤੁਹਾਨੂੰ ਸੋਭਾ ਨਹੀਂ ਦਿੰਦਾ ਪਰਮਹੰਸ ਦੇਵ। ਸ਼ਿਸ਼ ਵੀ ਸਮਝਾਉਂਦੇ, ਲੋਕਾਂ ਵਿਚ ਅਜੇਹੀਆਂ ਖ਼ਬਰਾਂ ਪਹੁੰਚਦੀਆਂ ਹਨ, ਤਾਂ ਲੋਕ ਕਹਿੰਦੇ ਹਨ, ਇਹ ਰਾਮਕ੍ਰਿਸ਼ਨ ਕਿਹੋ-ਜਿਹਾ ਗਿਆਨੀ ਹੈ? ਇਸਨੂੰ ਭੋਜਨ ਦੀ ਇੰਨੀ ਫ਼ਿਕਰ! ਅਗਿਆਨੀਆਂ ਨੂੰ ਵੀ ਇੰਨੀ ਫ਼ਿਕਰ ਨਹੀਂ। ਥਾਲੀ ਲੈ ਕੇ ਸ਼ਾਰਦਾ ਆਉਂਦੀ ਤਾਂ ਖੜ੍ਹੇ ਹੋ ਕੇ ਉਹ ਥਾਲੀ ਦੇਖਣ ਲਗਦੇ, ਉਹਨਾਂ ਦੇ ਚੇਹਰੇ 'ਤੇ ਬੜੇ ਅਨੰਦ ਦਾ ਭਾਵ ਥਾਲੀ ਨੂੰ ਦੇਖ ਕੇ ਆ ਜਾਂਦਾ!

ਇਕ ਦਿਨ ਕੋਈ ਨਹੀਂ ਸੀ। ਸ਼ਾਰਦਾ ਤਾਂ ਕਈ ਵਾਰ ਝਿੜਕ ਵੀ ਚੁੱਕੀ ਸੀ। ਉਸ ਦਿਨ ਬਹੁਤ ਨਰਾਜ਼ ਹੋ ਗਈ, ਅਤੇ ਉਸਨੇ ਕਿਹਾ ਕਿ ਸਮਝ ਦੇ ਬਾਹਰ ਹੈ ਇਹ ਗੱਲ, ਤੁਹਾਡੀ ਅਤੇ ਭੋਜਨ ਦੇ ਪ੍ਰਤੀ ਐਸੀ ਰੁਚੀ! ਰਾਮਕ੍ਰਿਸ਼ਨ ਨੇ ਕਿਹਾ ਕਿ ਅੱਜ ਤਕ ਤਾਂ ਲੁਕਾਈ ਰਖਿਆ ਕਿ ਦੱਸਣ ਨਾਲ ਤੈਨੂੰ ਕਠਨਾਈ ਹੋਵੇਗੀ ਅਤੇ ਦੁਖ ਹੋਵੇਗਾ। ਤੂੰ ਨਹੀਂ ਮੰਨਦੀ ਹੈਂ, ਅਤੇ ਤੂੰ ਉਲਝਦੀ ਜਾਂਦੀ ਹੈਂ, ਤਾਂ ਦੱਸ ਦਿੰਦਾ ਹਾਂ : ਧਿਆਨ ਰਖੀਂ ਕਿ ਜਦ ਤਕ ਮੈਂ ਭੋਜਨ ਵਿਚ ਰੁਚੀ ਲੈ ਰਿਹਾ ਹਾਂ, ਤਦੇ ਤਕ ਮੈਂ ਇਸ ਸਰੀਰ ਵਿਚ ਹਾਂ, ਜਿਸ ਦਿਨ ਮੈਂ ਭੋਜਨ ਵਿਚ ਰੁਚੀ ਨਾ ਲਵਾਂ, ਤੂੰ ਸਮਝ ਜਾਵੀਂ ਅਤੇ ਖ਼ਬਰ ਕਰ ਦੇਵੀਂ ਕਿ ਤਿੰਨ ਦਿਨਾਂ ਦੇ ਅੰਦਰ ਹੀ ਮੇਰਾ ਸਰੀਰ ਛੁੱਟ ਜਾਏਗਾ।

ਫਿਰ ਵੀ ਕਿਸੇ ਨੇ ਬਹੁਤੀ ਗੰਭੀਰਤਾ ਨਾਲ ਨਾ ਲਿਆ ਇਸ ਗੱਲ ਨੂੰ, ਕਿਉਂਕਿ ਅਸੀਂ ਬਹੁਤ ਬਾਅਦ ਵਿਚ ਗੱਲਾਂ ਗੰਭੀਰਤਾ ਨਾਲ ਲੈਂਦੇ ਹਾਂ। ਤਦ ਸ਼ਾਰਦਾ ਨੇ ਵੀ ਸੁਣੀ-ਅਣਸੁਣੀ ਕਰ ਦਿਤੀ। ਹੋਰਾਂ ਨੇ ਵੀ ਸੁਣਿਆ, ਗੱਲ ਆਈ-

ਗਈ ਹੋ ਗਈ। ਫਿਰ ਇਕ ਦਿਨ ਤਦ ਯਾਦ ਆਈ ਵਰ੍ਹਿਆਂ ਬਾਅਦ, ਸ਼ਾਰਦਾ ਥਾਲੀ ਲੈ ਕੇ ਆਈ। ਰਾਮਕ੍ਰਿਸ਼ਨ ਲੇਟੇ ਹੋਏ ਸਨ—ਤਾਂ ਉਹਨਾਂ ਨੇ ਪਾਸਾ ਪਰਤਾ ਲਿਆ ਦੂਸਰੀ ਤਰਫ। ਇਹ ਅਸੰਭਵ ਸੀ। ਭੋਜਨ ਵਿਚ ਉਹਨਾਂ ਦੀ ਰੁਚੀ ਅਜੇਹੀ ਸੀ ਕਿ ਉਹ ਪਾਸ ਪਰਤਾ ਲੈਣ ਅਤੇ ਪਿੱਠ ਕਰ ਲੈਣ, ਇਹ ਅਸੰਭਵ ਸੀ। ਅਚਾਨਕ ਸ਼ਾਰਦਾ ਨੂੰ ਚੇਤਾ ਆਇਆ, ਹੱਥੋਂ ਥਾਲੀ ਛੁੱਟ ਕੇ ਡਿਗ ਗਈ। ਰੋਣ ਲਗੀ, ਉਸਨੇ ਕਿਹਾ ਕਿ ਤੁਸੀਂ ਇਹ ਕੀ ਕਰ ਰਹੇ ਹੋ, ਤੁਸੀਂ ਪਿੱਠ ਕਿਉਂ ਫੇਰ ਲਈ ? ਰਾਮਕ੍ਰਿਸ਼ਨ ਨੇ ਕਿਹਾ ਕਿ ਤੁਸੀਂ ਹੀ ਹਮੇਸ਼ਾ ਕਿਹਾ ਕਰਦੇ ਸੀ, ਅੱਜ ਉਹੀ ਕਰ ਰਿਹਾ ਹਾਂ, ਜੋ ਤੁਹਾਡੀ ਚਾਹਤ ਸੀ। ਠੀਕ ਤਿੰਨ ਦਿਨਾਂ ਪਿਛੋਂ ਉਹਨਾਂ ਦੀ ਮੌਤ ਹੋ ਗਈ।

ਸਰੀਰ ਵਿਚ ਜੇਕਰ ਬੰਨ੍ਹ ਕੇ ਰਖਣਾ ਹੋਵੇ ਕਿਸੇ ਬੋਧਿਸੱਤਵ ਨੂੰ, ਤਾਂ ਸਰੀਰ ਦੀ ਕੋਈ ਵਾਸਨਾ ਪਕੜਨੀ ਹੋਵੇਗੀ, ਨਹੀਂ ਤਾਂ ਉਹ ਉਸੇ ਵੇਲੇ ਛੁੱਟ ਜਾਏਗਾ। ਪਰ ਇਹ ਵਾਸਨਾ ਪਕੜੀ ਜਾ ਰਹੀ ਹੈ, ਇਸ ਵਿਚ ਵੀ ਉਹ ਮਾਲਕ ਹੈ। ਇਹ ਵਾਸਨਾ ਉਸਨੂੰ ਨਹੀਂ ਪਕੜ ਰਹੀ ਹੈ। ਇਕ ਤਾਂ ਇਉਂ ਹੈ ਕਿ ਕੰਢੇ ਦੀ ਕਿੱਲੀ ਨੂੰ ਤੁਹਾਨੂੰ ਫੜਿਆ ਹੋਇਆ ਹੈ, ਅਤੇ ਤੁਸੀਂ ਕਿੱਲੀ ਦੇ ਵੱਸ ਵਿਚ ਹੋ। ਅਤੇ ਇਕ ਇਉਂ ਹੈ ਕਿ ਤੁਸੀਂ ਕਿੱਲੀ ਕੰਢੇ ਦੀ ਫੜ ਰਖੀ ਹੈ ਆਪਣੇ ਹੱਥ ਨਾਲ; ਕਿਉਂਕਿ ਤੁਸੀਂ ਧਾਰਾ ਵਿਚ ਵਹਿ ਨਹੀਂ ਜਾਣਾ ਚਾਹੁੰਦੇ, ਇਸ ਕੰਢੇ 'ਤੇ ਕੁਝ ਕੰਮ ਆਉਣਾ ਚਾਹੁੰਦੇ ਹੋ। ਜਿਸ ਦਿਨ ਚਾਹੋ,ਉਸ ਦਿਨ, ਉਸ ਛਿਨ ਛਡ ਸਕਦੇ ਹੋ। ਕਿੱਲੀ ਦੀ ਕੋਈ ਪਕੜ ਤੁਹਾਡੇ 'ਤੇ ਨਹੀਂ ਹੈ, ਤੁਸੀਂ ਹੀ ਕਿੱਲੀ ਨੂੰ ਪਕੜਿਆ ਹੋਇਆ ਹੈ।

ਭੋਜਨ ਵਿਚ ਤੁਹਾਡੀ ਵੀ ਰੁਚੀ ਹੈ। ਤੁਸੀਂ ਇਹ ਨਾ ਸੋਚਣਾ ਕਿ ਤੁਸੀਂ ਵੀ ਰਾਮਕ੍ਰਿਸ਼ਨ ਜਿਹੇ ਹੋ। ਰਾਮਕ੍ਰਿਸ਼ਨ ਅਤੇ ਤੁਹਾਡੀ ਭੋਜਨ ਦੀ ਰੁਚੀ ਵਿਚ ਵੀ ਫਰਕ ਹੈ। ਇਹ ਵਿਉਂਤੀ ਹੋਈ ਹੈ, ਜਾਣੀ-ਪਛਾਣੀ ਹੈ, ਅਯੋਜਤ ਹੈ। ਰਾਮਕ੍ਰਿਸ਼ਨ ਜਾਣ ਰਹੇ ਹਨ ਕਿ ਇਸ ਸਰੀਰ ਨੂੰ ਜੇਕਰ ਫੜੀ ਰਖਣਾ ਹੈ ਕਿ ਕੁਝ ਚਿਰ ਕੰਮ ਆ ਜਾਵੇ, ਤਾਂ ਇਸ ਸਰੀਰ ਦੀ ਭਾਸ਼ਾ ਵਿਚ ਕੁਝ ਸੂਤਰ, ਪੁਲ, ਰਾਹ ਫੜ ਕੇ ਰਖਣੇ ਪੈਣਗੇ। ਇਹ ਮੈਂ ਮਿਸਾਲ ਵਜੋਂ ਕਿਹਾ ਹੈ।

ਉਸ ਛਿਨ ਵਿਚ, ਜਦ ਕੋਈ ਸ਼ੂੰਨਯ ਵਿਚ ਖੋ ਜਾਣ ਦੇ ਕਰੀਬ ਆ ਗਿਆ ਹੋਵੇ, ਤਦ ਜੇਕਰ ਉਸਨੇ ਜਗਤ ਦੇ ਨਾਲ ਕੋਈ ਸਬੰਧ ਰਖਣਾ ਹੈ, ਤਾਂ ਸਿਰਫ ਕਰੁਣਾ ਦੀ ਵਾਸਨਾ ਵਿਚ ਆਪਣੇ-ਆਪ ਨੂੰ ਰੋਕ ਕੇ ਰਖਣਾ ਪਏਗਾ। ਇਹ ਸੂਤਰ ਕਰੁਣਾ ਦੀ ਵਾਸਨਾ ਜਗਾਉਣ ਦੇ ਲਈ ਹੈ।

ਅੰਤ ਹੁੰਦਾ ਹੈ ਇਸ ਪੁਸਤਕ ਦਾ—'ਪ੍ਰਾਣੀਮਾਤਰ ਦੇ ਲਈ ਸ਼ਾਂਤੀ।'

ਬੁੱਧ ਨੇ ਲਗਾਤਾਰ ਵਾਰ-ਵਾਰ ਕਿਹਾ ਹੈ ਕਿ ਆਪਣੀ ਖ਼ਾਤਰ ਸ਼ਾਂਤੀ ਨਾ ਮੰਗਣਾ, ਪ੍ਰਾਣੀਮਾਤਰ ਦੇ ਲਈ ਮੰਗਣਾ। ਆਪਣੇ ਲਈ ਅਨੰਦ ਨਾ ਮੰਗਣਾ, ਪ੍ਰਾਣੀਮਾਤਰ ਦੇ ਲਈ ਅਨੰਦ ਮੰਗਣਾ। ਜੋ ਮੈਨੂੰ ਮਿਲਿਆ ਹੈ, ਉਹ ਪ੍ਰਾਣੀਮਾਤਰ ਵਿਚ ਵੰਡਿਆ ਜਾਵੇ; ਜੋ ਮੈਂ ਪਾਇਆ ਹੈ ਉਹ ਮੇਰਾ ਇਕੱਲੇ ਦਾ ਨਾ ਹੋਵੇ, ਸਭ ਦਾ ਹੋ ਜਾਵੇ। ਇਹ ਉਹ ਲਗਾਤਾਰ ਕਹਿੰਦੇ ਜਾਂਦੇ ਹਨ, ਤਾਂ ਜੋ ਇਸਦੀ ਗਹਿਰੀ ਰੇਖਾ ਬਣ ਜਾਵੇ ਅੰਦਰ, ਬਣ ਜਾਂਦੀ ਹੈ। ਅਤੇ ਜਿਸ ਦਿਨ ਮਹਾਂ-ਅਨੰਦ ਵੀ ਆਉਂਦਾ

ਹੈ, ਤਦ ਨਾਲ ਦੀ ਨਾਲ ਇਸ ਪੁਰਾਣੀ ਗਹਿਰੀ-ਰੇਖਾ, ਲੀਕ ਦੇ ਕਾਰਨ, ਉਸਦੇ ਮਨ ਵਿਚ ਭਾਵ ਉਦੇ ਹੁੰਦਾ ਹੈ-ਜੋ ਮੈਨੂੰ ਮਿਲਿਆ ਹੈ, ਉਹ ਸਭ ਪ੍ਰਾਣੀਮਾਤਰ ਵਿਚ ਵੰਡਿਆ ਜਾਵੇ। ਜੋ ਸ਼ਾਂਤੀ ਮੈਨੂੰ ਮਿਲੀ ਹੈ, ਉਹ ਸਭ ਦੀ ਹੋ ਜਾਵੇ। ਜੋ ਅਨੰਦ ਮੈਨੂੰ ਮਿਲਿਆ ਹੈ, ਉਹ ਸਭ ਦਾ ਹੋ ਜਾਵੇ। ਜੋ ਸ਼ਾਂਤੀ ਮੈਨੂੰ ਮਿਲੀ ਹੈ, ਉਹ ਸਭ ਦੀ ਹੋ ਜਾਵੇ। ਜੋ ਅਨੰਦ ਮੈਨੂੰ ਮਿਲਿਆ ਹੈ, ਉਹ ਸਭ ਦਾ ਹੋ ਜਾਵੇ। ਇਹ ਚੇਤਾ ਆਉਂਦਿਆਂ ਹੀ ਉਹ ਪਰਤ ਕੇ ਜਗਤ ਵਲ ਦੇਖਦਾ ਹੈ, ਅਤੇ ਪੁਲ ਤਿਆਰ ਹੋ ਜਾਂਦਾ ਹੈ। ਉਸ ਪੁਲ ਦਾ ਨਾਂ ਹੈ ਨਿਰਵਾਣ-ਕਾਇਆ।

ਅੰਤਮ ਦਿਨ ਹੈ, ਜਾਣ ਤੋਂ ਪਹਿਲਾਂ ਕੁਝ ਗੱਲਾਂ ਹੋਰ ਵੀ ਮੈਂ ਤੁਹਾਨੂੰ ਕਹਿਣੀਆਂ ਚਾਹਾਂਗਾ।

ਇਕ, ਜੋ ਕਿ ਤੁਸੀਂ ਇਥੇ ਕਰ ਰਹੇ ਸੀ, ਉਹ ਸਿਰਫ ਪ੍ਰਯੋਗ ਹੈ, ਤਾਂ ਜੋ ਖਿਆਲ ਵਿਚ ਆ ਸਕੇ ਕਿ ਕੀ ਕਰਨਾ ਹੈ। ਮਹਿਜ਼ ਇੰਨਾ ਕਰ ਲੈਣ ਨਾਲ ਕੁਝ ਹੱਲ ਨਹੀਂ ਹੋ ਜਾਣਾ, ਉਸਨੂੰ ਜਾਰੀ ਰਖਣਾ ਪਏਗਾ। ਤਾਂ ਵਾਪਸ ਜਾ ਕੇ ਜਾਰੀ ਰਖਣਾ। ਨਹੀਂ ਤਾਂ ਮੈਂ ਦੇਖਦਾ ਹਾਂ ਕਿ ਤੁਸੀਂ ਸ਼ਿਵਿਰ ਵਿਚ ਕਰ ਲੈਂਦੇ ਹੋ, ਸ਼ਾਂਤੀ ਮਿਲਦੀ ਹੈ, ਸਹਿਜਤਾ ਆਉਂਦੀ ਹੈ, ਨਿਰਦੋਸ਼ ਥੋੜ੍ਹੀ-ਜਿਹੀ ਝਲਕ ਆਉਂਦੀ ਹੈ, ਇਕ ਤਾਜ਼ੀ ਹਵਾ ਦਾ ਬੁੱਲਾ ਆਉਂਦਾ ਹੈ, ਅਤੇ ਚੰਗਾ ਲਗਦਾ ਹੈ। ਫਿਰ ਵਾਪਸ ਘਰ ਪਰਤ ਕੇ ਤੁਸੀਂ ਪੁਰਾਣੀਆਂ ਆਦਤਾਂ ਵਿਚ ਜੀਣ ਲਗਦੇ ਹੋ। ਫਿਰ ਕਦੇ ਕਿਸੇ ਸ਼ਿਵਿਰ ਵਿਚ ਆ ਜਾਓਗੇ, ਫਿਰ ਕਰ ਲਵੋਗੇ। ਇਉਂ ਵਾਰ-ਵਾਰ ਕਰੋਗੇ ਅਤੇ ਵਾਰ-ਵਾਰ ਖੋਦੇ ਰਹੋਗੇ, ਤਾਂ ਬਹੁਤੇ ਗਹਿਰੇ ਨਤੀਜੇ ਨਹੀਂ ਹੋਣੇ। ਇਸਨੂੰ ਤਾਂ ਖੋਦੀ ਹੀ ਜਾਣਾ ਹੈ। ਇਹ ਖੂਹ ਇੰਨਾ ਗਹਿਰਾ ਹੈ ਕਿ ਇਸਨੂੰ ਜੇ ਖੋਦਿਆ ਦੋ-ਚਾਰ ਦਿਨ, ਫਿਰ ਛਡ ਦਿਤਾ ਚਾਰ-ਛੇ ਮਹੀਨੇ, ਫਿਰ ਕੂੜਾ-ਕਰਕਟ ਭਰ ਕੇ ਜ਼ਮੀਨ ਪੁਰਾਣੀ ਹੋ ਜਾਏਗੀ, ਫਿਰ ਸਤਹਿ ਉਹੀ ਹੋ ਜਾਏਗੀ। ਫਿਰ ਖੋਦ ਲਿਆ ਦੋ-ਚਾਰ ਹੱਥ, ਫਿਰ ਛਡ ਦਿਤਾ। ਤਾਂ ਖੂਹ ਕਦੇ ਨਹੀਂ ਪੁੱਟ ਹੋਣਾ ਅਤੇ ਉਹ ਪਾਣੀ ਜਿਸਦੀ ਤਲਾਸ਼ ਹੈ, ਕਦੇ ਨਹੀਂ ਮਿਲੇਗਾ। ਇਸਨੂੰ ਪੁੱਟਦੇ ਹੀ ਜਾਣਾ। ਵਾਰ-ਵਾਰ ਅਲੱਗ ਥਾਂ ਪੁਟੋਗੇ, ਤਾਂ ਮਿਹਨਤ ਵੀ ਹੋਵੇਗੀ, ਸਮਾਂ ਵੀ ਨਸ਼ਟ ਹੋਵੇਗਾ, ਸ਼ਕਤੀ ਵੀ ਜਾਏਗੀ, ਅਤੇ ਨਤੀਜੇ ਵੀ ਨਹੀਂ ਹੋਣਗੇ।

ਰੂਮੀ ਨੇ ਇਕ ਦਿਨ ਆਪਣੇ ਸ਼ਿੱਸ਼ਾਂ ਨੂੰ ਇਕ ਦਫਾ ਕਿਹਾ ਕਿ ਤੁਸੀਂ ਮੇਰੇ ਨਾਲ ਆਉ, ਤੁਸੀਂ ਕਿਹੋ-ਜਿਹੇ ਹੋ, ਮੈਂ ਤੁਹਾਨੂੰ ਦੱਸਦਾ ਹਾਂ। ਉਹ ਆਪਣੇ ਸ਼ਿੱਸ਼ਾਂ ਨੂੰ ਲੈ ਗਿਆ ਇਕ ਖੇਤ ਵਿਚ, ਉਥੇ ਅੱਠ ਵਡੇ-ਵਡੇ ਟੋਏ ਪੁੱਟੇ ਪਏ ਸਨ, ਸਾਰਾ ਖੇਤ ਖ਼ਰਾਬ ਹੋ ਗਿਆ ਸੀ। ਰੂਮੀ ਨੇ ਕਿਹਾ, ਦੇਖੋ ਇਹਨਾਂ ਟੋਇਆਂ ਨੂੰ। ਇਹ ਕਿਸਾਨ ਪਾਗਲ ਹੈ, ਇਹ ਖੂਹ ਪੁੱਟਣਾ ਚਾਹੁੰਦਾ ਹੈ, ਇਹ ਚਾਰ-ਅੱਠ ਹੱਥ ਟੋਆ ਪੁੱਟਦਾ ਹੈ, ਫਿਰ ਇਹ ਸੋਚ ਕੇ ਕਿ ਇਥੇ ਪਾਣੀ ਨਹੀਂ ਨਿਕਲਦਾ, ਦੂਜਾ ਪੁੱਟਦਾ ਹੈ। ਚਾਰ ਹੱਥ, ਅੱਠ ਹੱਥ ਪੁੱਟ ਕੇ, ਸੋਚ ਕੇ ਕਿ ਇਥੇ ਪਾਣੀ ਨਹੀਂ ਨਿਕਲਦਾ, ਇਹ ਅੱਠ ਟੋਏ ਪੁੱਟ ਚੁੱਕਾ ਹੈ। ਪੂਰਾ ਖੇਤ ਵੀ ਖ਼ਰਾਬ ਹੋ ਗਿਆ, ਅਜੇ ਖੂਹ ਨਹੀਂ ਬਣਿਆ। ਜੇ ਇਹ ਇਕ ਟੋਏ ਉਤੇ ਇੰਨੀ ਮਿਹਨਤ ਕਰਦਾ, ਜੋ ਇਸਨੇ ਅੱਠ ਟੋਇਆਂ 'ਤੇ ਕੀਤੀ ਹੈ, ਤਾਂ ਪਾਣੀ ਯਕੀਨਨ ਮਿਲ ਗਿਆ ਹੁੰਦਾ।

ਇਕ ਦਫਾ ਸੰਕਲਪ ਕਰੋ, ਇਕ ਥਾਂ ਲਗਾਤਾਰ ਪੁੱਟਦੇ ਜਾਉ, ਤਾਂ ਹੀ ਤੁਹਾਨੂੰ ਜੀਵਨ ਦੇ ਜਲ-ਸੋਮੇ ਮਿਲਣਗੇ। ਇਥੇ ਜੋ ਸਿੱਖਿਆ ਹੈ ਉਸਨੂੰ ਪ੍ਰਯੋਗ ਕਰਨਾ, ਤਾਂ ਜੋ ਦੂਸਰੇ ਸ਼ਿਵਿਰਾਂ ਵਿਚ ਤੁਸੀਂ ਆਵੋ, ਤਾਂ ਉਥੋਂ ਤੋਂ ਹੀ ਸ਼ੁਰੂ ਨਾ ਕਰਨਾ ਪਵੇ, ਜਿਥੋਂ ਤੁਸੀਂ ਪਹਿਲੇ ਸ਼ਿਵਿਰ ਵਿਚ ਸ਼ੁਰੂ ਕੀਤਾ ਸੀ। ਤੁਸੀਂ ਕੁਝ ਖੋਦ ਕੇ ਲਿਆਉ, ਤਾਂ ਫਿਰ ਅਸੀਂ ਹੋਰ ਗਹਿਰੀ ਖੁਦਾਈ ਕਰ ਸਕੀਏ। ਅਤੇ ਹਰ ਵਾਰ ਸ਼ਿਵਿਰ ਤੁਹਾਡੇ ਲਈ ਨਵੇਂ ਦੁਆਰ ਖੋਲ੍ਹ ਸਕਦਾ ਹੈ, ਲੇਕਿਨ ਤੁਸੀਂ ਪੁਰਾਣੇ ਦੁਆਰ 'ਤੇ ਕੰਮ ਕਰਦੇ ਰਹੇ ਹੋ, ਤਦੇ।

ਸੋ ਪਹਿਲੀ ਗੱਲ ਤਾਂ ਇਹ ਚੇਤਾ ਰਖਣਾ ਕਿ ਧਿਆਨ ਇਕ ਅੰਦਰੂਨੀ ਪੁਟਾਈ ਹੈ, ਜਿਸਨੂੰ ਲਗਾਤਾਰ ਜਾਰੀ ਰਖਣਾ ਜ਼ਰੂਰੀ ਹੈ।

ਦੂਜੀ ਗੱਲ ਧਿਆਨ ਰਖਣਾ :

ਇਥੇ ਤਾਂ ਅਸਾਨ ਹੈ ਕਰ ਲੈਣਾ। ਘਰ ਵਿਚ ਡਰ ਲਗੇਗਾ, ਗੁਆਂਢ ਹੈ, ਆਸਪਾਸ ਲੋਕ ਹਨ, ਹੱਸੋਗੇ, ਚਿੱਲਾਉਗੇ, ਰੋਵੋਗੇ, ਤਾਂ ਕੀ ਕਹਿਣਗੇ ਲੋਕ? ਇਕ ਗੱਲ ਸਦਾ ਖਿਆਲ ਰਖਣਾ ਕਿ ਉਂਜ ਵੀ ਕੋਈ ਤੁਹਾਡੀ ਬਾਬਤ ਚੰਗਾ ਨਹੀਂ ਕਹਿੰਦਾ ਹੈ। ਇਸ ਭੁਲੇਖੇ ਵਿਚ ਤੁਸੀਂ ਰਹਿਣਾ ਹੀ ਨਾ ਕਿ ਲੋਕ ਤੁਹਾਡੇ ਸਬੰਧ ਵਿਚ ਕੁਝ ਚੰਗਾ ਸੋਚ ਰਹੇ ਹਨ। ਉਸ ਤੋਂ ਹੀ ਇਹ ਤਕਲੀਫ ਸ਼ੁਰੂ ਹੁੰਦੀ ਹੈ ਕਿ ਕਿਤੇ ਤੁਹਾਡੀ ਚੰਗੀ ਮੂਰਤ ਨਾ ਗਿਰ ਜਾਵੇ। ਉਹ ਕਿਤੇ ਹੈ ਹੀ ਨਹੀਂ। ਤੁਸੀਂ ਸੋਚੋ, ਤੁਹਾਡੇ ਮਨ ਵਿਚ ਗੁਆਂਢੀ ਦੀ ਚੰਗੀ ਮੂਰਤ ਹੈ? ਤੁਹਾਡੇ ਮਨ ਵਿਚ ਕਿਸ ਦੀ ਚੰਗੀ ਮੂਰਤ ਹੈ? ਕਿਸੇ ਦੇ ਮਨ ਵਿਚ ਤੁਹਾਡੀ ਹੋਣ ਵਾਲੀ ਹੈ? ਇਹ ਨਾਹਕ ਦਾ ਭੁਲੇਖਾ ਹੈ, ਇਸ ਵਿਚ ਪੈਣਾ ਹੀ ਨਾ।

ਅਤੇ ਚੰਗਾ ਇਹੀ ਹੋਵੇਗਾ ਕਿ ਘਰ ਵਿਚ ਲੋਕਾਂ ਨੂੰ ਦੱਸ ਦੇਣਾ ਕਿ ਅਜੇਹਾ ਪ੍ਰਯੋਗ ਮੈਂ ਕਰ ਰਿਹਾ ਹਾਂ, ਚਿੰਤਾ ਲੈਣ ਦੀ ਜ਼ਰੂਰਤ ਨਹੀਂ ਹੈ। ਜੇ ਅਸਾਨ ਹੋਵੇ, ਤਾਂ ਆਸ-ਗੁਆਂਢ ਵਿਚ ਵੀ ਜਾ ਕੇ ਦੱਸ ਆਉਣਾ ਕਿ ਇਸ ਤਰ੍ਹਾਂ ਦਾ ਮੈਂ ਇਕ ਪ੍ਰਯੋਗ ਕਰ ਰਿਹਾ ਹਾਂ, ਜ਼ਰਾ ਅਵਾਜ਼ ਕਰਾਂ, ਚਿੱਲਾਵਾਂ ਤਾਂ ਤੁਸੀਂ ਬਹੁਤੇ ਫਿਕਰਮੰਦ ਨਾ ਹੋਣਾ। ਤਾਂ ਤੁਸੀਂ ਹੌਲੇ ਹੋ ਕੇ ਕਰ ਸਕੋਗੇ ਪ੍ਰਯੋਗ। ਲੋਕ ਜਾਣਦੇ ਹਨ, ਦੋ-ਚਾਰ ਦਿਨਾਂ ਵਿਚ ਸਮਝ ਜਾਂਦੇ ਹਨ ਕਿ ਠੀਕ ਹੈ, ਜਿਨ੍ਹਾਂ ਲੋਕਾਂ ਤੋਂ ਤੁਹਾਨੂੰ ਡਰ ਹੈ, ਜੇਕਰ ਤੁਸੀਂ ਪ੍ਰਯੋਗ ਕਰਦੇ ਰਹੇ ਉਹਨਾਂ ਦਾ ਡਰ ਛਡ ਕੇ, ਤਾਂ ਮਹੀਨੇ-ਦੋ-ਮਹੀਨੇ ਦੇ ਅੰਦਰ ਉਹ ਤੁਹਾਥੋਂ ਪੁਛਣਗੇ ਕਿ ਸਾਨੂੰ ਵੀ ਸਿਖਾ ਦਿਉ। ਕਿਉਂਕਿ ਦੋ ਮਹੀਨੇ ਵਿਚ ਤੁਹਾਡੀ ਬਦਲਾਹਟ ਹੋ ਜਾਏਗੀ। ਅਜੇ ਤੁਹਾਡਾ ਕੋਈ ਅਕਸ ਨਹੀਂ ਹੈ ਲੋਕਾਂ ਕੋਲ, ਲੇਕਿਨ ਜੇ ਤੁਸੀਂ ਧਿਆਨ ਕੀਤਾ, ਤਾਂ ਯਕੀਨਨ ਤੁਹਾਡਾ ਅਕਸ ਹੋਵੇਗਾ। ਕਿਉਂਕਿ ਤੁਹਾਡੀ ਸ਼ਾਂਤੀ ਦੀ ਖ਼ਬਰ ਮਿਲਣੀ ਸ਼ੁਰੂ ਹੋ ਜਾਂਦੀ ਹੈ। ਫੁੱਲ ਖਿੜਦੇ ਹਨ, ਛੁਪ ਨਹੀਂ ਸਕਦੇ। ਸੂਰਜ ਨਿਕਲਦਾ ਹੈ, ਤਾਂ ਅੰਨ੍ਹੇ ਤਕ ਨੂੰ ਉਸਦਾ ਸੇਕ ਪਤਾ ਲਗਣ ਲਗਦਾ ਹੈ, ਨਾ ਵੀ ਦਿਖਾਈ ਪਵੇ ਤਾਂ ਵੀ—ਤਾਂ ਵੀ ਪੰਛੀਆਂ ਦੇ ਗੀਤ ਕਹਿਣ ਲਗਦੇ ਹਨ ਕਿ ਸਵੇਰ ਹੋ ਗਈ।

ਤੁਸੀਂ ਧਿਆਨ ਵਿਚ ਗਹਿਰੇ ਉਤਰੋਗੇ, ਤਾਂ ਤੁਹਾਡੀ ਸ਼ਾਂਤੀ, ਤੁਹਾਡਾ ਅਨੰਦ, ਤੁਹਾਡਾ ਪ੍ਰੇਮ, ਤੁਹਾਡੀ ਕਰੁਣਾ ਸਭ ਵਧਣਗੇ। ਤੁਹਾਡਾ ਕ੍ਰੋਧ, ਤੁਹਾਡੀ ਘਿਰਨਾ, ਤੁਹਾਡੀ ਈਰਖਾ ਘਟੇਗੀ। ਤੁਸੀਂ ਆਪਣੇ ਗੁਆਂਢ ਵਿਚ, ਆਪਣੇ ਪਰਿਵਾਰ ਵਿਚ, ਆਪਣੇ ਸਬੰਧੀਆਂ ਦੇ ਦਰਮਿਆਨ, ਨਵੇਂ ਆਦਮੀ ਬਣ ਜਾਉਗੇ। ਪਰ ਜੇ ਹੁਣੇ ਤੋਂ ਤੁਸੀਂ ਡਰਦੇ ਹੋ ਕਿ ਕਿਤੇ ਕੋਈ ਇਹ ਨਾ ਸਮਝੇ ਕਿ ਮੈਂ ਪਾਗਲ ਹਾਂ, ਕਿਤੇ ਕੋਈ ਇਹ ਨਾ ਸਮਝੇ ਕਿ ਕਿਤੇ ਕੋਈ ਉਹ ਨਾ ਸਮਝ ਲਵੇ—ਇਸ ਭੁਲੇਖੇ ਨੂੰ ਛਡ ਦਿਉ।

ਕਿਸੇ ਨੂੰ ਇਕ ਤਾਂ ਚਿੰਤਾ ਨਹੀਂ ਹੈ ਬਹੁਤੀ ਤੁਹਾਡੇ ਸਬੰਧ ਵਿਚ ਸੋਚਣ ਦੀ। ਕਦੇ ਤੁਸੀਂ ਖਿਆਲ ਕੀਤਾ ਹੈ, ਸਭ ਆਪੋ-ਆਪਣੇ ਸਬੰਧ ਵਿਚ ਸੋਚਦੇ ਹਨ। ਕਿਸਨੂੰ ਵਿਹਲ ਹੈ ਕਿ ਤੁਹਾਡੇ ਸਬੰਧ ਵਿਚ ਸੋਚੇ? ਤੁਸੀਂ ਕਿਸਦੇ ਸਬੰਧ ਵਿਚ ਕਿਨਾ ਸੋਚਦੇ ਹੋ? ਅਤੇ ਜੇ ਕੋਈ ਗੁਆਂਢ ਵਿਚ ਚਿੱਲਾਉਣ ਲਗੇ ਜ਼ੋਰਾਂ ਨਾਲ, ਤਾਂ ਇਕ ਦਫਾ ਸੋਚੋਗੇ, ਸ਼ਾਇਦ ਦਿਮਾਗ ਖਰਾਬ ਹੋ ਗਿਆ ਹੈ। ਫਿਰ ਵਿਹਲ ਹੈ ਕਿ ਉਸ 'ਤੇ ਲਗੇ ਰਹੋ? ਪਰ ਜੇ ਇਹ ਚਿੱਲਾਉਣ ਵਾਲਾ ਆਦਮੀ... ਦੂਜੇ ਦਿਨ ਇਸਦੀ ਸ਼ਕਲ ਵਿਚ ਫਰਕ ਦਿਸਣ ਲਗੇ, ਸਾਲ-ਛੇ ਮਹੀਨਿ ਦੇ ਅੰਦਰ ਇਹ ਆਦਮੀ ਇਕ ਸ਼ਾਂਤੀ ਦਾ ਸੋਮਾ ਬਣ ਜਾਵੇ, ਤਾਂ ਤੁਸੀਂ ਹੀ ਉਸ ਤੋਂ ਪੁਛੋਗੇ ਕਿ ਉਹ ਤਰਕੀਬ ਕੀ ਹੈ ਚਿੱਲਾਉਣ ਦੀ, ਜਿਸ ਨਾਲ ਤੂੰ ਸ਼ਾਂਤ ਹੋ ਗਿਆ ਹੈਂ? ਤਦ ਕਾਹਲੀ ਨਾ ਕਰਨਾ, ਉਡੀਕ ਕਰਨਾ, ਆਪਣੇ ਵਿਚ ਤਬਦੀਲੀ ਦੀ। ਤਦੋ ਤੁਹਾਡੀ ਕੋਈ ਮੂਰਤ ਤਿਆਰ ਹੁੰਦੀ ਹੈ। ਅਜੇ ਕੋਈ ਮੂਰਤ ਨਹੀਂ ਹੈ, ਅਜੇ ਤੁਹਾਨੂੰ ਖਿਆਲ ਹੈ।

ਤੀਜੀ ਗੱਲ ਧਿਆਨ ਰਖਣੀ ਜ਼ਰੂਰੀ ਹੈ, ਘਰ ਵਿਚ ਤੁਸੀਂ ਇਕੱਲੇ ਹੋਵੋਗੇ, ਪਰ ਇਕੱਲੇ ਹੋਣ ਦੀ ਜ਼ਰੂਰਤ ਨਹੀਂ ਹੈ। ਜਿਸ ਤਰ੍ਹਾਂ ਤੁਸੀਂ ਇਥੇ ਮੇਰੇ ਸਾਹਮਣੇ ਬੈਠ ਕੇ ਧਿਆਨ ਕਰ ਰਹੇ ਹੋ, ਜੇਕਰ ਕਿਸੇ ਤਰ੍ਹਾਂ ਤੁਸੀਂ ਖਿਆਲ ਰਖ ਲਿਆ ਕਿ ਮੈਂ ਸਾਹਮਣੇ ਬੈਠਾ ਹਾਂ ਅਤੇ ਤੁਸੀਂ ਧਿਆਨ ਕਰ ਰਹੇ ਹੋ, ਤਾਂ ਤੁਸੀਂ ਮੇਰੀ ਮੌਜੂਦਗੀ ਇੰਨੀ ਹੀ ਪਾਉਗੇ ਜਿੰਨੀ ਤੁਸੀਂ ਇਥੇ ਪਾਂਦੇ ਹੋ। ਅਤੇ ਤਦ ਨਿਰਭੈ ਹੋ ਕਿ ਤੁਸੀਂ ਪ੍ਰਯੋਗ ਕਰ ਸਕਦੇ ਹੋ। ਨਿਰਭੈ ਹੋ ਕੇ ਪ੍ਰਯੋਗ ਕਰ ਸਕਦੇ ਹੋ। ਅਤੇ ਤੁਹਾਡੇ ਨਿਰਭੈਤਾ ਪ੍ਰਯੋਗ ਦੇ ਲਈ ਬਹੁਤ ਜ਼ਰੂਰੀ ਹੈ। ਤੁਸੀਂ ਡਰੋ—ਇਕੱਲੇ ਹਾਂ, ਕੁਝ ਖ਼ਤਰਾ ਨਾ ਹੋ ਜਾਵੇ—ਕੋਈ ਖ਼ਤਰਾ ਨਹੀਂ ਹੋਵੇਗਾ। ਤੁਸੀਂ ਜਾਣ ਤੋਂ ਪਹਿਲਾਂ ਸਾਰੇ ਖ਼ਤਰੇ, ਸਾਰੇ ਭੈ ਮੇਰੇ ਕੋਲ ਛਡ ਜਾਣਾ।

ਅਤੇ ਤੁਹਾਥੋਂ ਮੰਗਦਾ ਹੀ ਸਿਰਫ ਇੰਨਾ ਹਾਂ ਜਾਂਦੇ ਛਿਨਾਂ ਵਿਚ ਕਿ ਤੁਹਾਡਾ ਜਿੰਨਾ ਦੁਖ, ਜਿੰਨੀ ਚਿੰਤਾ, ਜਿੰਨੀ ਪੀੜ, ਜਿੰਨੀ ਸੰਤਾਪ ਹੈ, ਉਹ ਮੈਨੂੰ ਦੇ ਦਿਉ।

ਉਸਨੂੰ ਨਾਲ ਨਾ ਢੋਂਦੇ ਫਿਰਨਾ। ਉਸਨੂੰ ਨਾਲ ਰਖਣ ਦੀ ਕੋਈ ਜ਼ਰੂਰਤ ਨਹੀਂ ਹੈ। ਤੁਹਾਥੋਂ ਧਨ ਨਹੀਂ ਮੰਗਦਾ, ਤੁਹਾਥੋਂ ਤਨ ਨਹੀਂ ਮੰਗਦਾ, ਤੁਹਾਥੋਂ ਕੁਝ ਹੋਰ ਨਹੀਂ ਮੰਗਦਾ ਹਾਂ। ਤੁਹਾਡੇ ਕੋਲ ਜੋ ਵੀ ਪੀੜ ਹੈ, ਜੋ ਵੀ ਉਪੱਦਰ ਹੈ, ਜੋ ਵੀ ਸੰਤਾਪ ਹੈ, ਸਭ ਮੈਨੂੰ ਦੇ ਦਿਉ। ਉਸ ਨਾਲ ਮੈਨੂੰ ਨਹੀਂ ਹੋਵੇਗੀ, ਤੁਸੀਂ ਨਿਰਭਾਰ ਹੋ ਜਾਉਗੇ। ਅਤੇ ਤੁਸੀਂ ਜਿਸ ਚੀਜ਼ ਤੋਂ ਦੁਖੀ ਹੋ

ਰਹੇ ਹੋ, ਜਿਸ ਸ਼ਕਤੀ ਤੋਂ ਦੁਖੀ ਹੋ ਰਹੇ ਹੋ ਨਾਸਮਝੀ ਦੇ ਕਾਰਨ—ਸਭ ਨਾਸਮਝੀ ਮੈਨੂੰ ਦੇ ਦਿਉ। ਮੈਂ ਤੁਹਾਨੂੰ ਉਹੀ ਸ਼ਕਤੀ ਵਾਪਸ ਮੋੜ ਦਿਆਂਗਾ। ਉਹ ਅਨੰਦ ਹੋ ਜਾਏਗੀ, ਉਹ ਸ਼ਾਂਤੀ ਹੋ ਜਾਏਗੀ, ਉਹ ਕਰੁਣਾ ਹੋ ਜਾਏਗੀ।

ਤੁਸੀਂ ਘਰ ਪਹੁੰਚਦੇ ਹੋ, ਤਾਂ ਬਹੁਤ ਸਮਾਂ ਨਾ ਗੁਆਉਣਾ। ਇਥੇ ਜੋ ਸਿਲਸਿਲਾ ਪੈਦਾ ਹੋਇਆ ਹੈ, ਇਥੇ ਜੋ ਹਵਾ ਬਣੀ ਹੈ ਅਤੇ ਮਨ ਨੂੰ ਜੋ ਰੁਝਾਣ ਪੈਦਾ ਹੋਇਆ ਹੈ, ਉਹ ਖੋ ਜਾਵੇ, ਇੰਨਾ ਸਮਾਂ ਨਾ ਗੁਆਉਣਾ, ਘਰ ਜਾ ਕੇ ਉਸੇ ਵੇਲੇ ਧਿਆਨ ਵਿਚ ਲਗ ਜਾਣਾ। ਇਕ ਘੰਟਾ ਰੋਜ਼ਾਨਾ ਧਿਆਨ ਵਿਚ ਦੇ ਦੇਣਾ। ਜ਼ਿੰਦਗੀ ਦੇ ਅਖ਼ੀਰ ਵਿਚ ਤੁਸੀਂ ਪਾਉਗੇ, ਬਾਕੀ ਸਮਾਂ ਵਿਅਰਥ ਗਿਆ, ਇਹ ਜੋ ਧਿਆਨ ਵਿਚ ਲਾਇਆ ਸੀ ਸਮਾਂ, ਉਹੀ ਸਿਰਫ਼ ਤੁਹਾਡੇ ਕੰਮ ਆਇਆ, ਉਹੀ ਬਚਿਆ ਹੈ, ਉਹੀ ਸਾਰਥਕ ਹੋਇਆ ਹੈ।

ਅਤੇ ਮੈਨੂੰ ਚੇਤੇ ਰਖਣਾ, ਕੋਈ ਭੈ ਨਹੀਂ ਹੋਵੇਗਾ। ਅਤੇ ਅੰਦਰ ਜਦ ਪ੍ਰਵੇਸ਼ ਕਰੋਗੇ, ਤਾਂ ਕਦੇ ਲਗੇਗਾ ਕਿ ਕਿਤੇ ਮੌਤ ਨਾ ਹੋ ਜਾਵੇ। ਜਿਵੇਂ—ਜਿਵੇਂ ਧਿਆਨ ਗਹਿਰਾ ਹੋਵੇਗਾ, ਮੌਤ ਦਾ ਅਨੁਭਵ ਹੋਣਾ ਸ਼ੁਰੂ ਹੋਵੇਗਾ। ਜ਼ਰਾ ਵੀ ਨਾ ਘਬਰਾਉਣਾ, ਘਬਰਾ ਕੇ ਵਾਪਸ ਨਾ ਮੁੜਨਾ। ਜੇ ਮੌਤ ਵੀ ਅੰਦਰ ਆਉਂਦੀ ਹੋਵੇ ਤਾਂ ਕਹਿਣਾ ਕਿ ਠੀਕ ਹੈ, ਸਵੀਕਾਰ ਹੈ, ਮੈਂ ਵਧਦਾ ਹਾਂ। ਅਤੇ ਮੈਂ ਤੁਹਾਡੇ ਨਾਲ ਹਾਂ।

ਪਰਿਭਾਸ਼ਕ ਸ਼ਬਦਾਵਲੀ ਦੇ ਅਰਥ

1. ਉਪਾਧਿਆਇ—ਅਧਿਆਤਮਕ ਅਧਿਆਪਕ ਜਾਂ ਗੁਰੂ। ਉੱਤਰ ਦੇ ਬੋਧੀ ਗੇਤੂਛੂ—ਗਿਆਨ ਅਤੇ ਗਿਆਨ—ਦਰਸ਼ਨ—ਸ਼ੁੱਧੀ ਵਿਚ ਨਿਪੁੰਨ ਸੰਤ ਜਨਾਂ ਵਿਚੋਂ, ਗੁੱਝੇ—ਗਿਆਨ ਦੇ ਅਧਿਆਪਕਾਂ ਵਿਚੋਂ ਉਹਨਾਂ ਨੂੰ ਚੁਣਦੇ ਹਨ।

2. ਯਾਨ—ਵਾਹਨ। ਉੱਤਰ ਬੁੱਧ—ਧਰਮ ਦੇ ਦੋ ਧਾਰਮਕ ਤੇ ਦਾਰਸ਼ਨਿਕ ਸੰਪਰਦਾ, ਜਿਨ੍ਹਾਂ ਨੂੰ ਮਹਾਂਯਾਨ ਅਤੇ ਹੀਨਯਾਨ ਕਹਿੰਦੇ ਹਨ।

3. ਸ਼੍ਰਾਵਕ—ਸ਼ਿਸ਼ ਜੋ ਧਰਮ—ਦੇਸ਼ਨਾਵਾਂ ਦਾ ਸਰਬਣ ਕਰਦਾ ਹੈ। ਉਹ ਜਦ ਸਿਧਾਂਤ ਤੋਂ ਸਾਧਨਾ ਵਿਚ ਪ੍ਰਵੇਸ਼ ਕਰਦਾ ਹੈ, ਤਦ ਸ਼੍ਰਮਣ ਅਖਵਾਉਂਦਾ ਹੈ—ਸ਼੍ਰਮ ਕਰਨ ਵਾਲਾ।

4. ਸਮਤਾਨ—ਤਿੱਬਤੀ ਸ਼ਬਦ ਹੈ, ਜੋ ਸੰਸਕ੍ਰਿਤ ਦੇ ਧਿਆਨ ਦਾ ਹੀ ਬਦਲਵਾਂ ਸ਼ਬਦ ਹੈ, ਜਾਂ ਧਿਆਨ ਦੀ ਅਵਸਥਾ ਹੈ, ਜਿਸਦੇ ਚਾਰ ਅੰਸ਼ ਹਨ।

5. ਪਾਰਮਿਤਾ—ਛੇ ਉਪਰ—ਚੜ੍ਹਾਈ ਵਾਲੇ ਸਦਗੁਣ ਜੋ ਪੁਰੋਹਤਾਂ ਦੇ ਲਈ ਦਸ ਹਨ।

6. ਸ੍ਰੋਤਾਪੰਨ—ਉਹ ਜਿਹੜਾ ਨਦੀ ਵਿਚ ਦਾਖ਼ਲ ਹੋ ਗਿਆ—ਜੋ ਨਦੀ ਨਿਰਵਾਣ ਦੇ ਸਾਗਰ ਵਿਚ ਗਿਰਦੀ ਹੈ। ਇਹ ਨਾਂ ਪਹਿਲੇ ਰਾਹ ਦਾ ਸੂਚਕ ਹੈ। ਦੂਜੇ ਦਾ ਨਾਂ ਹੈ ਸਕ੍ਰਿਦਾਗਾਮੀ, ਉਹ ਜਿਸਦਾ ਹੁਣ ਸਿਰਫ਼ ਇਕ ਜਨਮ ਹੋਣ ਵਾਲਾ ਹੈ। ਤੀਜਾ ਅਨਾਗਾਮੀ ਅਖਵਾਉਂਦਾ ਹੈ, ਉਹ ਜਿਸਦਾ ਹੁਣ ਜਨਮ ਹੀ ਨਹੀਂ ਹੋਵੇਗਾ। ਹਾਂ, ਮਨੁੱਖ—ਜਾਤੀ ਦੇ ਕਲਿਆਣ ਦੇ ਲਈ ਸ੍ਵੈਇੱਛਿਆ ਨਾਲ ਇਕ ਜਨਮ ਲੈ ਸਕਦਾ ਹੈ।

ਚੌਥਾ ਰਾਹ ਅਰਹਤ ਦਾ ਹੈ। ਇਹ ਸਰਵ—ਉੱਚ ਹੈ। ਅਰਹਤ ਜਿਉਂਦੇ—ਜੀਅ ਨਿਰਵਾਣ ਨੂੰ ਪਹੁੰਚਦਾ ਹੈ। ਉਹਦੇ ਲਈ ਇਹ ਮਰਨ—ਉਪਰੰਤ ਘਟਨਾ ਨਹੀਂ, ਬਲਕਿ ਸਮਾਧੀ ਦੀ ਦਸ਼ਾ ਹੈ, ਜਿਸ ਵਿਚ ਉਹ ਨਿਰਵਾਣ ਦੇ ਕੁੱਲ ਅਨੰਦ ਦਾ ਅਨੁਭਵ ਕਰਦਾ ਹੈ।

7. ਤਟ 'ਤੇ ਪਹੁੰਚਣ ਨੂੰ ਉੱਤਰ ਦੇ ਬੋਧੀ ਛੇ ਅਤੇ ਦਸ ਪਾਰਮਿਤਾਵਾਂ ਦੇ ਦੁਆਰਾ ਨਿਰਵਾਣ ਦੀ ਪ੍ਰਾਪਤੀ ਦੇ ਅਰਥ ਵਿਚ ਕਹਿੰਦੇ ਹਨ।

8. ਪਰਮ—ਸੱਤਾ ਹੀ ਆਲਯ ਹੈ, ਵਿਸ਼ਵ—ਆਤਮਾ ਹੈ ਜਾਂ ਆਤਮਾ ਹੈ। ਹਰੇਕ ਵਿਅਕਤੀ ਵਿਚ ਇਸਦੀ ਇਕ ਕਿਰਨ ਵਸਦੀ ਹੈ ਅਤੇ ਸਮਝਿਆ ਜਾਂਦਾ ਹੈ ਕਿ ਉਸਦੇ ਨਾਲ ਆਪਣੀ ਇਕਮਿਕਤਾ ਕਾਇਮ ਕਰਨ ਅਤੇ ਉਸ ਵਿਚ ਲੀਨ ਹੋਣ ਦੀ ਸਮਰੱਥਾ ਵੀ ਉਸ ਵਿਚ ਹੈ।

9. ਅੰਤਹਕਰਣ ਨੀਵੇਂ—ਮਨਸ ਨੂੰ ਕਹਿੰਦੇ ਹਨ, ਜੋ ਸ਼ਖ਼ਸੀਅਤ, ਅਤੇ ਉੱਚੇ—ਮਨਸ ਜਾਂ ਮਨੁੱਖਤਾ ਦੇ ਵਿਚਾਲੇ ਸੰਵਾਦ ਦਾ ਰਾਹ ਹੈ। ਮੌਤ ਦੇ ਸਮੇਂ 'ਤੇ ਰਾਹ ਜਾਂ ਮਾਧਿਅਮ ਦੇ ਰੂਪ ਵਿਚ ਉਹ ਨਸ਼ਟ ਹੋ ਜਾਂਦਾ ਹੈ ਅਤੇ ਉਸਦੇ ਅਰਥ ਕਾਮ ਰੂਪ ਜਾਂ ਬੀਜ ਰੂਪ ਵਿਚ ਜਿਉਂਦੇ ਰਹਿੰਦੇ ਹਨ।

10. ਉੱਤਰ ਦੇ ਬੋਧੀ ਅਤੇ ਸਾਰੇ ਚੀਨ ਵਾਸੀ ਕੁਝ—ਇਕ ਮਹਾਨ ਅਤੇ ਪਵਿੱਤਰ ਨਦੀਆਂ ਦੇ ਗੰਭੀਰ ਗਰਜਣ ਵਿਚ ਕੁਦਰਤ ਦੀਆਂ ਕੁੱਲ ਅਵਾਜ਼ਾਂ ਦੀ ਕੁੰਜੀ ਦੇਖਦੇ ਹਨ। ਭੌਤਿਕ ਵਿਗਿਆਨ ਦਾ, ਅਤੇ ਗੁੱਝੀ—ਅਧਿਆਤਮ—ਵਿੱਦਿਆ ਦਾ ਵੀ, ਇਹ ਇਕ ਪ੍ਰਚੱਲਤ ਤੱਥ ਹੈ ਕਿ ਪ੍ਰਕਿਰਤੀ ਦੀ ਸਾਂਝੀ ਅੰਸਤ ਅਵਾਜ਼... ਜਿਵੇਂ ਮਹਾਨ ਨਦੀਆਂ ਦੀ ਗਰਜ ਵਿਚ, ਵਡੇ ਜੰਗਲਾਂ ਦੇ ਹਿਲਦੇ ਦਰੱਖਤਾਂ ਦੇ ਸਿਖਰਾਂ ਦੀ ਮਰਮਰੀ ਅਵਾਜ਼ ਵਿਚ ਜਾਂ ਦੂਰੋਂ ਸੁਣਾਈ ਪੈਣ ਵਾਲੇ ਕਿਸੇ ਨਗਰ ਦੇ ਸ਼ੋਰ ਵਿਚ ਸੁਣਾਈ ਪੈਂਦੀ ਹੈ—ਕਾਫੀ ਉਚਾਈ ਵਾਲੀ ਇਕ ਨਿਸ਼ਚਿਤ ਅਵਾਜ਼ ਹੁੰਦੀ ਹੈ। ਭੌਤਿਕਵਿਦ ਅਤੇ ਸੰਗੀਤਵਿਦ, ਦੋਨੋਂ ਇਸਦੀ ਪੁਸ਼ਟੀ ਕਰਦੇ ਹਨ। ਇਸ ਤਰ੍ਹਾਂ ਚੀਨੀ ਸੰਗੀਤ ਵਿਚ ਪ੍ਰੋ. ਰਾਈਸ ਨੇ ਕਿਹਾ ਹੈ ਕਿ ਚੀਨੀਆਂ ਨੇ ਹਜ਼ਾਰਾਂ ਵਰ੍ਹੇ ਪਹਿਲਾਂ ਇਸ ਤੱਥ ਨੂੰ ਇਹ ਕਹਿ ਕੇ ਪਛਾਣਿਆ ਸੀ ਕਿ ਹਵਾਂਗ—ਹੋ ਦੀ ਵਗਦੀ ਧਾਰਾ 'ਚੋਂ 'ਕੁੰਜ' ਦੀ ਧੁਨ ਨਿਕਲੀ, ਜੋ ਚੀਨੀ ਸੰਗੀਤ ਦਾ ਮਹਾਂ ਰਾਗ ਅਖਵਾਉਂਦਾ ਹੈ। ਪ੍ਰੋ. ਰਾਈਸ ਨੇ ਇਸ ਰਾਗ ਨੂੰ 'ਐਫ' ਨਾਲ ਮਿਲਦਾ—ਜੁਲਦਾ ਦੱਸਿਆ ਹੈ, ਜਿਸਨੂੰ ਆਧੁਨਿਕ ਭੌਤਿਕਵਿਦ ਪ੍ਰਕਿਰਤੀ ਦਾ ਹਕੀਕੀ ਰਾਗ ਦੱਸਦੇ ਹਨ। ਪ੍ਰੋ. ਬੀ. ਸੀਲੀਮੈਨ ਆਪਣੇ ਭੌਤਿਕੀ ਦੇ ਸਿਧਾਂਤ ਵਿਚ ਇਸਦੀ ਚਰਚਾ ਕਰਦੇ ਹੋਏ ਕਹਿੰਦੇ ਹਨ ਕਿ ਇਹ ਸੁਰ ਪਿਯਾਨੋ ਦਾ ਮੱਧਮ 'ਐਫ' ਹੈ, ਜਿਸਨੂੰ ਪ੍ਰਕਿਰਤੀ ਦਾ ਮੁਖ ਸੁਰ ਸਮਝਿਆ ਜਾ ਸਕਦਾ ਹੈ।

11. ਭੋਨ ਜਾਂ ਦੁਗਪਾ—ਲਾਲ ਟੋਪੀ ਵਾਲੀ ਜਾਤ ਦੇ ਲੋਕ ਹਨ ਜੋ ਜਾਦੂਗਰੀ ਵਿਚ ਸਭ ਤੋਂ ਨਿਪੁੰਨ ਮੰਨੇ ਜਾਂਦੇ ਹਨ। ਪੱਛਮੀ ਤਿੱਬਤ ਅਤੇ ਭੂਟਾਨ ਵਿਚ ਰਹਿੰਦੇ ਹਨ। ਉਹ ਸਭ ਤਾਂਤਰਿਕ ਹਨ। ਇਹ ਹਾਸੋਹੀਣਾ ਹੈ ਕਿ ਸਲਾਂਗਿਤਵੇਤ ਅਤੇ ਦੂਸਰੇ ਪੱਛਮੀ ਵਿੱਦਿਆ ਦੇ ਪੰਡਤ ਤਿੱਬਤ ਦੇ ਸਰਹੱਦੀ ਸੂਬੇ ਦੇ ਸਾਲਾਂਗਿਤਵੇਤ ਜਾਂ ਹੋਰ ਥਾਵਾਂ ਨੂੰ ਦੇਖ ਕੇ ਇਹਨਾਂ ਲੋਕਾਂ ਦੇ ਅਡੰਬਰ ਭਰੇ ਅਯੋਜਨਾਂ ਨੂੰ ਅਤੇ ਪੀਲੀ ਟੋਪੀ ਵਾਲੇ ਪੂਰਬੀ—ਲਾਮਿਆਂ ਨੂੰ ਉਹਨਾਂ ਦੇ ਨਾਰਜੋਲ ਜਾਂ ਗੁਰੂਆਂ ਦੇ ਧਰਮ ਵਿਸ਼ਵਾਸਾਂ ਨੂੰ ਇਕ ਹੀ ਸਮਝਦੇ ਹਨ।

12. ਦੋਰਜੇ—ਸੰਸਕ੍ਰਿਤ ਸ਼ਬਦ ਵੱਜਰ ਤੋਂ ਬਣਿਆ ਹੈ। ਇਹ ਦੇਵਤਿਆਂ ਦੇ ਹੱਥ ਦਾ ਅਸਤਰ ਹੈ। ਤਿੱਬਤੀ ਭਾਸ਼ਾ ਵਿਚ ਦ੍ਰਾਂਗਸ਼ੇਦ ਜਾਂ ਦੇਵ, ਜੋ ਮਨੁੱਖਾਂ ਦੀ ਰੱਖਿਆ ਕਰਦੇ ਹਨ, ਜਿਸ ਵਿਚ ਹਵਾ ਨੂੰ ਪਵਿੱਤਰ ਕਰਕੇ ਦੁਸ਼ਟ ਪ੍ਰਭਾਵਾਂ ਨੂੰ ਨਸ਼ਟ ਕਰਨ ਦੀ ਉਹੀ ਦੈਵੀ ਸ਼ਕਤੀ ਹੈ, ਜੋ ਰਸਾਇਣ ਸ਼ਾਸਤਰ ਦੇ ਓਜ਼ੋਨ ਵਿਚ ਰਹਿੰਦੀ ਹੈ। ਇਹ ਇਕ ਮੁਦ੍ਰਾ ਤੇ ਆਸਣ ਵੀ ਹੈ, ਜੋ ਧਿਆਨ ਵਿਚ ਬੈਠਣ ਦੇ ਕੰਮ ਵੀ ਆਉਂਦਾ ਹੈ। ਸੰਖੇਪ ਵਿਚ, ਆਸਣ ਜਾਂ ਤੰਤਰ ਦੇ ਰੂਪ ਵਿਚ ਇਹ ਦੁਸ਼ਟ ਪ੍ਰਭਾਵਾਂ ਦੇ ਉਪਰ ਸ਼ਕਤੀ ਦਾ ਪ੍ਰਤੀਕ ਹੈ। ਲੇਕਿਨ ਭੋਨ ਜਾਂ ਦੁਗਪਾ ਲੋਕ ਇਸ ਪ੍ਰਤੀਕ ਨੂੰ ਡਾਇਨ—ਵਿੱਦਿਆ, ਬਲੈਕ—ਮੈਜਿਕ ਦੇ ਲਈ ਵੀ ਇਸਤਮਾਲ ਕਰਦੇ ਹਨ। ਪੀਲੀ ਟੋਪੀ ਵਾਲੇ ਜਾਂ ਜੇਲੁਗਪਾ ਜਾਤੀ ਦੇ ਲਈ ਉਹ ਸ਼ਕਤੀ ਦਾ ਉਹ—ਜਿਹਾ ਹੀ ਪ੍ਰਤੀਕ ਹੈ, ਜਿਹਾ ਕਿ ਈਸਾਈਆਂ ਦੇ ਲਈ ਕ੍ਰਾਸ ਹੈ। ਅਤੇ ਕਿਸੇ ਵੀ ਰੂਪ

ਵਿਚ ਕ੍ਰਾਸ ਨਾਲੋਂ ਵਧ ਅੰਧਵਿਸ਼ਵਾਸਪੂਰਨ ਵੀ ਨਹੀਂ ਹੈ। ਦੁਗਪਾ ਜਾਤੀ ਦੇ ਲਈ ਇਹ ਉਲਟਾ ਹੋਇਆ ਤਿਕੋਣ ਹੈ, ਜੋ ਡਾਇਨ-ਵਿੱਦਿਆ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

13. ਵਿਰਾਗ—ਦ੍ਰਿਸ਼ਟ ਜਗਤ ਦੇ ਪ੍ਰਤੀ, ਸੁਖ ਅਤੇ ਦੁਖ ਦੇ ਪ੍ਰਤੀ ਪੂਰਨ ਉਪਰਾਮਤਾ ਦਾ ਭਾਵ। ਅੰਗਰੇਜ਼ੀ ਦਾ ਡਿਸਗੱਸਟ ਸ਼ਬਦ ਇਸਦੇ ਅਰਥ ਨੂੰ ਨਹੀਂ ਪਰਗਟ ਕਰਦਾ ਹੈ, ਹਾਲਾਂਕਿ ਉਸਦੇ ਬਹੁਤ ਨਜ਼ਦੀਕ ਹੈ।

14. ਹੰਕਾਰ—ਮੈਂ, ਜਾਂ ਮੈਂ-ਪਣ ਦਾ ਭਾਵ।

15. ਉਹ ਜੋ ਆਪਣੇ ਪੂਰਵਜਾਂ ਦੀਆਂ ਆਪਣੇ ਤੋਂ ਪਹਿਲੋਂ ਹੋਏ ਬਜ਼ੁਰਗਾਂ ਦੀਆਂ ਪੈੜਾਂ ਉਤੇ ਚਲਦਾ ਹੈ, ਉਸਨੂੰ ਤਥਾਗਤ ਕਹਿੰਦੇ ਹਨ।

16. ਸਮਵ੍ਰਿੱਤੀ—ਉਹਨਾਂ ਦੋ ਸੱਚਾਂ ਵਿਚੋਂ ਇਕ ਹੈ, ਜੋ ਸਾਰੇ ਪਦਾਰਥਾਂ ਦੀ ਭਰਮਾਊ ਹਾਲਤ ਜਾਂ ਸੱਖਣੇਪਣ ਨੂੰ ਪਰਗਟ ਕਰਦਾ ਹੈ। ਇਸ ਅਰਥ ਵਿਚ ਇਹ ਸਾਪੇਖ ਸੱਚ ਹੈ। ਮਹਾਂਯਾਨ ਸੰਪਰਦਾ ਨੇ ਇਹਨਾਂ ਦੋ ਸੱਚਾਂ—ਪਰਮਾਰਥ ਸੱਚ ਅਤੇ ਸਮਵ੍ਰਿਤੀ ਸੱਚ ਦੇ ਫਰਕ ਨੂੰ ਦੱਸਿਆ ਹੈ। ਮਾਧਯਮਿਕਾਂ ਅਤੇ ਯੋਗਾਚਾਰੀਆ ਦੇ ਵਿਚਾਲੇ ਇਸੇ ਨੂੰ ਲੈ ਕੇ ਭਾਰੀ ਵਿਵਾਦ ਹੈ। ਮਾਧਯਮਿਕ ਇਨਕਾਰਦੇ ਹਨ ਅਤੇ ਯੋਗਾਚੀਰਆ ਸਵੀਕਾਰਦੇ ਹਨ ਕਿ ਹਰੇਕ ਵਸਤੂ ਕਿਸੇ ਪਹਿਲੇ ਕਾਰਨ ਜਾਂ ਲੜੀ-ਅਨੁਬੰਧ ਵਿਚ ਸਥਿਤ ਹੈ। ਮਾਧਯਮਿਕ ਬਤੌਰ ਨਾਸਤਕ ਜਾਂ ਅਸਵੀਕਾਰ ਵਾਲੇ ਹਨ, ਜਿਨ੍ਹਾਂ ਲਈ ਹਰੇਕ ਵਸਤੂ ਪਰਿਕਲਪਿਤ ਹੈ ਅਤੇ ਵਿਚਾਰ ਦੇ ਜਗਤ ਵਿਚ ਤੇ ਵਿਸ਼ਈਗਤ ਅਤੇ ਵਿਸ਼ਾਗਤ ਵਿਸ਼ਵ ਵਿਚ ਮਹਿਜ਼ ਭਰਮ ਜਾਂ ਭੁੱਲ ਹੈ। ਯੋਗਾਚਾਰੀਆ ਬਤੌਰ ਅਧਿਆਤਮਵਾਦੀ ਹਨ। ਇਸਲਈ ਸਮਵ੍ਰਿੱਤੀ, ਇਕ ਸਾਪੇਖ ਸੱਚ ਦੇ ਰੂਪ ਵਿਚ ਸਾਰੇ ਭੁਲੇਖਿਆਂ ਦੀ ਜਨਮਦਾਤੀ ਹੈ।

17. ਲਿਹਾਯਮੀ—ਉਹ ਕੁਦਰਤੀ ਤੇ ਦੁਸ਼ਟ ਆਤਮਾਵਾਂ ਜੋ ਮਨੁੱਖ ਦੀਆਂ ਵਿਰੋਧੀ ਵੈਰੀ ਹਨ।

18. ਪਵਿੱਤਰ ਦ੍ਵੀਪ—ਉੱਚ-ਸਥਿਤ ਜਾਂ ਚਿੰਤਕ ਆਤਮਾ।

19. ਧਿਆਨੀ ਬੁੱਧਾਂ ਦੀ ਹੀਰਕ—ਆਤਮਾ ਜਾਂ ਵੱਜਰਧਾਰਾ।

20. ਭਗਵਤਗੀਤਾ।

21. ਇਹ ਪ੍ਰਸੰਗ ਹੈ ਕਿ ਪੂਰਬ ਵਿਚ ਅਤੇ ਪੱਛਮ ਵਿਚ ਵੀ ਬਹੁਤ ਪ੍ਰਚੱਲਤ ਵਿਸ਼ਵਾਸ ਹੈ ਕਿ ਹਰੇਕ ਨਵਾਂ ਬੁੱਧ ਜਾਂ ਸੰਤ ਉਸ ਸੈਨਾ ਦਾ ਨਵਾਂ ਸੈਨਿਕ ਹੁੰਦਾ ਹੈ, ਜੋ ਸੈਨਾ ਮਨੁੱਖ-ਜਾਤੀ ਦੀ ਮੁਕਤੀ ਜਾਂ ਮੋਕਸ਼ ਦੇ ਲਈ ਲੜਦੀ ਹੈ। ਉੱਤਰ ਦੇ ਬੋਧੀ ਦੇਸਾਂ ਵਿਚ, ਜਿਥੇ ਨਿਰਵਾਣ ਕਾਇਆ ਦਾ ਸਿਧਾਂਤ ਬੋਧਿਸੱਤਵ, ਜੋ ਭਲੀਭਾਂਤ ਪ੍ਰਾਪਤ ਨਿਰਵਾਣ ਨੂੰ ਜਾਂ ਧਰਮਕਾਇਆ ਪਦ ਨੂੰ (ਦੋਨੋਂ ਉਹਨਾਂ ਨੂੰ ਮਨੁੱਖ ਲੋਕ ਤੋਂ ਮੁਕਤ ਕਰ ਦਿੰਦੇ ਹਨ) ਮਨੁੱਖ-ਜਾਤੀ ਦੀ ਸਹਾਇਤਾ ਦੇ ਲਈ ਅਤੇ ਉਸ ਪਰਨਿਰਵਾਣ ਤਕ ਪਹੁੰਚਣ ਦੇ ਲਈ ਤਿਆਗ ਦਿੰਦੇ ਹਨ—ਸਿਖਾਇਆ ਜਾਂਦਾ

ਹੈ, ਹਰੇਕ ਨਵਾਂ ਬੋਧਿਸੱਤਵ ਜਾਂ ਦੀਖਿਅਤ ਮਹਾਂਸਿੱਧ ਮਨੁੱਖ ਦਾ ਤਾਰਣਤਾਰ ਅਖਵਾਉਂਦਾ ਹੈ। ਤਿੱਬਤ ਵਿਚ ਬੋਧੀ ਨਾਮੀ ਆਪਣੀ ਪੁਸਤਕ ਵਿਚ ਸ਼ਲਾਗਿੰਟਵੇਟ ਨੇ ਜੋ ਕਿਹਾ ਹੈ ਕਿ ਮੈਂ ਪਰੂਲਾਪਾਈ ਕੂ ਜਾਂ ਨਿਰਮਾਣ ਕਾਇਆ ਉਹ ਸਰੀਰ ਹੈ, ਜਿਸਨੂੰ ਬੁੱਧ ਜਾਂ ਬੋਧਿਸੱਤਵ ਧਾਰਨ ਕਰਕੇ ਧਰਤੀ ਉੱਤੇ ਮਨੁੱਖ ਦੇ ਗਿਆਨ ਦੇ ਲਈ ਉਤਰਦੇ ਹਨ, ਉਹ ਬਿਆਨ ਬੇਹੂਦੇ ਢੰਗ ਨਾਲ ਅਪੂਰਨ ਹੈ ਅਤੇ ਵਿਅਰਥ ਹੈ।

22. ਪ੍ਰਸੰਗ ਹੈ ਕਿ ਸ਼ਿੱਸ਼ ਦੀ ਪ੍ਰੀਖਿਆ ਦੇ ਕਾਲ ਵਿਚ ਜੋ ਵਾਸਨਾਵਾਂ ਤੇ ਪਾਪ ਮਾਰੇ ਜਾਂਦੇ ਹਨ, ਉਹਨਾਂ ਵਿਚ ਉਹ ਉਪਜਾਊ ਭੂਮੀ ਤਿਆਰ ਹੁੰਦੀ ਹੈ ਜਿਸ ਵਿਚ ਪਾਰਲੌਕਿਕ ਸਦਗੁਣਾਂ ਦੇ ਪਵਿੱਤਰ ਅੰਕੁਰ ਜਾਂ ਬੀਜ ਲਗਦੇ ਹਨ। ਗੂਹੜੇ ਸੁੱਤੇ ਪਏ ਜਾਂ ਅੰਤਰ-ਸਥਿਤ ਸਦਗੁਣਾਂ ਤੇ ਸਮਰੱਥਾਵਾਂ ਦੇ ਸਬੰਧ ਵਿਚ ਸਮਝਿਆ ਜਾਂਦਾ ਹੈ ਕਿ ਉਹ ਪਿਛਲੇ ਜਨਮ ਵਿਚ ਹੀ ਕਮਾਈਆਂ ਗਈਆਂ ਸਨ। ਅਤੇ ਨਿਰਅਪਵਾਦ ਰੂਪ ਨਾਲ ਮਹਾਂਪ੍ਰਤਿਮਾ ਦੀ ਸਮਰੱਥਾ ਜਾਂ ਰੁਚੀ ਦੂਸਰੇ ਜਨਮ ਦਾ ਪਰਸਾਦ ਹੈ।

23. ਤਿਤਿੱਕਸ਼ਾ-ਰਾਜ-ਯੋਗ ਦੀ ਪੰਜਵੀਂ ਅਵਸਥਾ ਹੈ-ਮੁਕੰਮਲ ਉਪਰਾਮਤਾ ਦੀ ਅਵਸਥਾ। ਜ਼ਰੂਰੀ ਹੋਵੇ ਤਾਂ ਇਹ ਸਭ ਦੇ ਲਈ ਸੁਖ-ਦੁਖ ਦਾ ਸਮਰਪਣ ਹੈ, ਲੇਕਿਨ ਅਜੇਹੇ ਸੁਖ-ਦੁਖ ਵਿਚ ਸੁਖ-ਦੁਖ ਦਾ ਅਹਿਸਾਸ ਨਹੀਂ ਹੁੰਦਾ। ਸੰਖੇਪ ਵਿਚ ਦੁਖ ਜਾਂ ਸੁਖ ਦੇ ਪ੍ਰਤੀ ਸਰੀਰਕ, ਮਾਨਸਿਕ ਅਤੇ ਨੈਤਿਕ ਰੂਪ ਨਾਲ ਨਿਰਲੇਪ।

24. ਸੋਵਾਨੀ-ਉਹ ਜਿਹੜਾ ਸੋਵਾਨੀ ਦਾ, ਸਰਵਣ ਦਾ ਅਭਿਆਸ ਕਰਦਾ ਹੈ, ਜੋ ਧਿਆਨ ਦਾ ਪਹਿਲਾ ਰਾਹ ਹੈ। ਉਸਨੂੰ ਸ੍ਰੋਤਾਪੰਨ ਵੀ ਕਹਿੰਦੇ ਹਨ।

25. ਇਥੇ ਅੱਜ ਦਾ ਅਰਥ ਹੈ ਕਿ ਇਕ ਪੂਰਾ ਮੰਵੰਤਰ, ਜੋ ਬੇਹਿਸਾਬ ਵਡਾ ਤੇ ਲੰਮਾ ਹੁੰਦਾ ਹੈ।

26. ਸੁਮੇਰੂ ਪਰਬਤ-ਦੇਵਤਿਆਂ ਦਾ ਪਵਿੱਤਰ ਪਰਬਤ।

27. ਉੱਤਰ ਬੋਧੀ ਪ੍ਰਤੀਕਾਂ ਵਿਚ ਅਮਿਤਾਭ ਜਾਂ ਅਮਿਤ ਅਕਾਸ਼ (ਪਾਰਬ੍ਰਹਮ) ਦੇ ਸਵਰਗ ਵਿਚ ਦੋ ਬੋਧਿਸੱਤਵ ਹਨ-ਕਵਾਂਨ-ਸ਼ੀ-ਯਿਨ ਅਤੇ ਤਾਸ਼ਿਸ਼ੀ-ਜੋ ਸਦਾ ਤਿੰਨਾਂ ਲੋਕਾਂ ਵਿਚ ਜਿਥੇ ਉਹ ਰਹਿੰਦੇ ਹਨ, ਅਤੇ ਜਿਸ ਵਿਚ ਸਾਡਾ ਲੋਕ ਵੀ ਸ਼ਾਮਲ ਹੈ, ਪ੍ਰਕਾਸ਼ ਫੈਲਾਉਂਦੇ ਰਹਿੰਦੇ ਹਨ, ਤਾਂ ਜੋ ਇਸ ਗਿਆਨ ਦੇ ਪ੍ਰਕਾਸ਼ ਨਾਲ ਯੋਗੀਆਂ ਦੀ ਸਿਖਿਆ ਹੁੰਦੀ ਰਹੇ ਜੋ ਆਪਣੀ ਵਾਰੀ ਵਿਚ ਮਨੁੱਖਾਂ ਦੀ ਰਖਿਆ ਕਰਨਗੇ। ਕਥਾ ਹੈ ਕਿ ਅਮਿਤਾਭ ਦੇ ਰਾਜ ਵਿਚ ਉਹਨਾਂ ਦਾ ਦਰਜਾ ਉਚਾ ਇਸਲਈ ਹੈ ਕਿ ਯੋਗੀਆਂ ਦੇ ਰੂਪ ਵਿਚ ਧਰਤੀ ਉੱਤੇ ਉਹਨਾਂ ਨੇ ਦਯਾ ਦੇ ਕਰਮ ਕੀਤੇ ਹਨ।

28. ਇਹ ਤਿੰਨੇ ਲੋਕ ਸਾਡੇ ਵਜੂਦ ਦੀਆਂ ਤਿੰਨ ਅਵਸਥਾਵਾਂ ਹਨ : ਭੌਤਿਕ, ਸੂਖਮ ਅਤੇ ਅਧਿਆਤਮਕ।

29. ਯੁਗ-ਚੱਕਰ।

30. ਅਭਿਭਾਵਕ ਦੀਵਾਰ ਜਾਂ ਰੱਖਿਆ—ਕਿਲਾ। ਕਥਾ ਹੈ ਕਿ ਯੋਗੀਆਂ, ਸੰਤਾਂ ਅਤੇ ਸਿੱਧਾਂ ਦੀਆਂ ਅਨੇਕਾਂ—ਅਨੇਕਾਂ ਪੀੜ੍ਹੀਆਂ ਦੇ, ਖ਼ਾਸ ਕਰਕੇ ਨਿਰਮਾਣਕਾਇਆ ਵਾਲਿਆਂ ਦੇ ਲੰਮੇ ਅਤੇ ਸੰਚਿਤ ਯਤਨ ਨਾਲ ਮਨੁੱਖ—ਜਾਤੀ ਦੇ ਚਾਰ ਚੁਫੇਰੇ ਇਕ ਰੱਖਿਆ—ਕਿਲਾ ਤਿਆਰ ਹੋਇਆ ਹੈ, ਜੋ ਅਦ੍ਰਿਸ਼ਟ ਰੂਪ ਨਾਲ ਭਿਆਨਕ ਬਿਪਤਾਵਾਂ ਤੋਂ ਉਸਦੀ ਰੱਖਿਆ ਕਰਦਾ ਹੈ।

31. ਸੋਵਾਨ ਜਾਂ ਸ੍ਰੋਤਾਪੰਨ ਇਕ—ਦੂਜੇ ਦੇ ਬਦਲਵੇਂ ਸ਼ਬਦ ਹਨ।

32. ਅਰਹਤ—ਅਰਹਨ ਵੀ।

33. ਕਲੇਸ਼—ਸੁਖ ਜਾਂ ਸੰਸਾਰਕ ਸੁਖ ਦੀ ਸਿੱਕ ਨੂੰ, ਭਾਵੇਂ ਉਹ ਸ਼ੁਭ ਜਾਂ ਅਸ਼ੁਭ ਦੇ ਲਈ ਹੋਵੇ, ਕਲੇਸ਼ ਕਹਿੰਦੇ ਹਨ।

34. ਤਨਹਾ—ਜੀਣ—ਇੱਛਾ, ਜੀਣ ਦੀ ਵਾਸਨਾ, ਜਿਸ ਤੋਂ ਜਨਮ ਹੁੰਦਾ ਹੈ।

35. ਇਸ ਕਰੁਣਾ ਨੂੰ ਆਸਤਕਾਂ ਦੇ ਈਸ਼ਵਰ ਜਾਂ ਦਿੱਬ ਪ੍ਰੇਮ ਦੇ ਰੂਪ ਵਿਚ ਨਹੀਂ ਲੈਣਾ ਹੈ। ਇਥੇ ਕਰੁਣਾ ਦਾ ਅਰਥ ਹੈ ਅਮੂਰਤ ਅਣਵਿਅਕਤੀਗਤ ਨਿਯਮ, ਜੋ ਸੁਭਾਅ ਤੋਂ ਪਰਮ ਲੈਅਬੱਧਤਾ ਹੈ, ਸੰਗੀਤ ਹੈ। ਟੁੱਟਣ, ਦੁਖ ਅਤੇ ਪਾਪ ਨਾਲ ਇਹ ਨਿਯਮ ਉਪੱਦਰ 'ਚ ਪੈ ਜਾਂਦਾ ਹੈ।

36. ਦੇਖੋ : ਸ਼ੋਗਪਾ ਚੋਨਪੋਯਦੋ, ਮਹਾਂਯਾਨ ਸੂਤਰ, 'ਸਵੀਕਾਰੋਕਤਿ ਕੇ ਬੁੱਧੋਂ ਕੀ ਸਤੁਤਿ' ਭਾਗ 1:4 ਉੱਤਰ ਦੀ ਬੋਧੀ ਸ਼ਬਦਾਵਲੀ ਵਿਚ ਸਾਰੇ ਅਰਹਤ, ਸਿੱਧ ਤੇ ਸੰਤ ਬੁੱਧ ਅਖਵਾਉਂਦੇ ਹਨ।

37. ਪਦ ਸ਼੍ਰੇਣੀ ਦੇ ਅਨੁਸਾਰ ਬੋਧਿਸੱਤਵ 'ਪੂਰਨ ਬੁੱਧ' ਦੇ ਹੇਠਾਂ ਹੈ। ਸੰਸਾਰਕ ਭਾਸ਼ਾ ਵਿਚ ਇਹ ਦੋਵੇਂ ਭਰਮਾਊ ਢੰਗ ਨਾਲ ਘੁਲਮਿਲ ਗਏ ਹਨ। ਤਾਂ ਵੀ ਗਹਿਰੀ ਅਤੇ ਸਹੀ ਲੌਕਿਕ ਦ੍ਰਿਸ਼ਟੀ ਵਿਚ, ਆਪਣੇ ਆਤਮ—ਬਲੀਦਾਨ ਦੇ ਲਈ, ਬੋਧਿਸੱਤਵ ਬੁੱਧ ਤੋਂ ਉਪਰ ਮੰਨੇ ਗਏ ਹਨ।

38. ਇਹੀ ਲੌਕਿਕ ਸ਼ਰਧਾ ਬੋਧਿਸੱਤਵਾਂ ਨੂੰ 'ਕਾਰੁਣਿਕ ਬੁੱਧ' ਕਹਿੰਦੀ ਹੈ, ਜੋ ਅਰਹਤ ਦਾ ਪਦ ਪ੍ਰਾਪਤ ਕਰਕੇ ਚੌਥੇ ਜਾਂ ਸੱਤਵੇਂ ਦੁਆਰ ਨੂੰ ਪਾਰ ਕਰਨ ਦੇ ਬਾਅਦ ਨਿਰਵਾਣ ਅਵਸਥਾ ਵਿਚ ਪ੍ਰਵੇਸ਼ ਕਰਨ ਜਾਂ ਧਰਮਕਾਇਆ ਦੇ ਵਸਤਰ ਧਾਰਨ ਕਰਨ ਅਤੇ ਦੂਜੇ ਤੱਟ 'ਤੇ ਪਹੁੰਚਣ ਤੋਂ ਇਨਕਾਰ ਕਰ ਦਿੰਦੇ ਹਨ, ਕਿਉਂਕਿ ਤਦ ਮਨੁੱਖ ਦੀ ਇੰਨੀ ਵੀ ਸਹਾਇਤਾ ਕਰਨਾ ਉਹਨਾਂ ਦੀ ਸ਼ਕਤੀ ਦੇ ਬਾਹਰ ਹੋ ਜਾਏਗਾ, ਜਿੰਨੀ ਕਰਮ ਨਿਯਮ ਵਿਚ ਛੁਪੀ ਹੋਈ ਹੈ। ਉਹ ਅਦ੍ਰਿਸ਼ਟ ਰੂਪ ਨਾਲ, ਦੇਵਾਤਮਾ ਦੇ ਢੰਗ ਨਾਲ ਸੰਸਾਰ ਵਿਚ ਰਹਿਣਾ ਪਸੰਦ ਕਰਦੇ ਹਨ ਅਤੇ ਮਨੁੱਖ ਨੂੰ ਸਹੀ ਨਿਯਮ ਜਾਂ ਧਰਮ—ਮਾਰਗ ਉਤੇ ਚਲਣ ਲਈ ਪ੍ਰੇਰਤ ਕਰਦੇ ਉਸਦੀ ਮੁਕਤੀ ਵਿਚ ਸਹਾਇਤਾ ਪੁਜਾਉਂਦੇ ਹਨ। ਉੱਤਰ ਦੇ ਬਾਹਰੀ ਜਾਂ ਲੌਕਿਕ ਬੁੱਧ—ਧਰਮ ਵਿਚ ਇਹਨਾਂ ਸਾਰੀਆਂ ਮਹਾਨ ਆਤਮਾਵਾਂ ਨੂੰ ਸੰਤ ਦੇ ਰੂਪ ਵਿਚ ਆਦਰ ਦੇਣਾ ਛੁਪਿਆ ਹੋਇਆ ਹੈ। ਇਹ ਇਉਂ ਹੀ ਹੈ ਜਿਵੇਂ ਯੂਨਾਨੀ ਅਤੇ ਈਸਾਈ ਆਪੋ—ਆਪਣੇ ਸੰਤਾਂ

ਨੂੰ ਅਤੇ ਦੇਵਤਿਆਂ ਨੂੰ ਆਦਰ ਦਿੰਦੇ ਹਨ। ਲੇਕਿਨ, ਦੂਸਰੀ ਅਤੇ ਗੁਝੀ ਅਧਿਆਤਮ-ਵਿਦਿਆ ਦੇ ਇਸ ਤਰ੍ਹਾਂ ਦੇ ਸੋਚ-ਵਿਚਾਰ ਨੂੰ ਬੜ੍ਹਾਵਾ ਨਹੀਂ ਦਿੰਦੀ ਹੈ। ਦੋਨਾਂ ਦੀ ਸਿੱਖਿਆ ਵਿਚ ਭਾਰੀ ਫਰਕ ਹੈ। ਬਾਹਰੀ ਧਰਮ ਨੂੰ ਮੰਨਣ ਵਾਲਾ ਸਧਾਰਨਜਨ 'ਨਿਰਵਾਣਕਾਇਆ' ਦਾ ਅਰਥ ਨਹੀਂ ਜਾਣਦਾ ਹੈ ਅਤੇ ਇਹੀ ਕਾਰਨ ਹੈ ਕਿ ਪੱਛਮੀ ਵਿੱਦਿਆ ਦੇ ਪੰਡਤਾਂ ਵਿਚ ਇੰਨਾ ਭੁਲੇਖਾ ਹੈ ਤੇ ਸਹੀ ਵਿਆਖਿਆ ਦੀ ਕਮੀ ਹੈ। ਮਿਸਾਲ ਵਜੋਂ, ਸੁਲਾਗਿਰਵੇਟ ਸਮਝਦੇ ਹਨ ਕਿ 'ਨਿਰਵਾਣਕਾਇਆ' ਉਹ ਪਦਾਰਥਕ ਸਰੀਰ ਹੈ, ਜਿਸਨੂੰ ਬੁੱਧ ਧਰਤੀ 'ਤੇ ਉਤਾਰੇ ਦੇ ਲਈ ਧਾਰਨ ਕਰਦੇ ਹਨ। ਇਸਲਈ ਉਹਨਾਂ ਨੇ ਲਿਖਿਆ ਹੈ ਕਿ ਇਹ ਉਹਨਾਂ ਦੇ ਪਦਾਰਥਕ ਉਪਕਰਣਾਂ ਵਿਚ ਸਭ ਤੋਂ ਘਟੀਆ ਹੈ। ਦੇਖੋ : 'ਤਿੱਬਤ ਮੇਂ ਬੌਧਧਰਮ'। ਇਸ ਤਰ੍ਹਾਂ ਉਹ ਧਰਮਦੇਸ਼ਨਾਵਾਂ ਦੀ ਬਿਲਕੁਲ ਗਲਤ ਵਿਆਖਿਆ ਕਰਦੇ ਹਨ। ਲੇਕਿਨ, ਅਸਲੀ ਸਿੱਖਿਆ ਇਸ ਤਰ੍ਹਾਂ ਹੈ:

ਬੁੱਧ ਦੇ ਤਿੰਨ ਸਰੀਰ ਜਾਂ ਰੂਪ ਇਸ ਤਰ੍ਹਾਂ ਹਨ:

1. ਨਿਰਵਾਣਕਾਇਆ
2. ਸੰਭੋਗ ਕਾਇਆ
3. ਧਰਮ ਕਾਇਆ

ਇਹਨਾਂ ਵਿਚ ਪਹਿਲਾ ਉਹ ਅਕਾਸ਼ੀ ਰੂਪ ਹੈ ਜਿਸਨੂੰ ਸਾਧਕ, ਸਿੱਧ ਦਾ ਸਾਰਾ ਗਿਆਨ ਲੈ ਕੇ ਸਥੂਲ ਤੋਂ ਸੂਖਮ ਵਿਚ ਪ੍ਰਵੇਸ਼ ਕਰਨ ਸਮੇਂ, ਗ੍ਰਹਿਣ ਕਰਦਾ ਹੈ। ਜਿਵੇਂ-ਜਿਵੇਂ ਬੋਧਿਸੱਤਵ ਰਾਹ 'ਤੇ ਵਧਦਾ ਹੈ, ਉਵੇਂ-ਉਵੇਂ ਉਹ ਇਸ ਕਾਇਆ ਦਾ ਵਿਕਾਸ ਕਰਦਾ ਹੈ। ਆਪਣੀ ਮੰਜ਼ਲ 'ਤੇ ਪਹੁੰਚ ਕੇ ਵੀ ਜਦ ਉਹ ਉਸਦੇ ਫਲ ਨੂੰ ਤਿਆਗ ਦਿੰਦਾ ਹੈ ਤਦ ਉਹ ਇਸ ਧਰਤੀ ਉਤੇ ਹੀ ਸਿੱਧ ਦੀ ਤਰ੍ਹਾਂ ਵਾਸ ਕਰਦਾ ਹੈ ਅਤੇ ਜਦ ਉਸਦੀ ਮੌਤ ਹੁੰਦੀ ਹੈ, ਤਦ ਨਿਰਵਾਣ ਵਿਚ ਜਾਣ ਦੀ ਬਜਾਇ ਮਨੁੱਖ ਉਤੇ ਦ੍ਰਿਸ਼ਟੀ ਰਖਣ ਅਤੇ ਉਸਦੀ ਰੱਖਿਆ ਹਿਤ ਉਹ ਮਹਿਮਾਵਾਨ ਸਰੀਰ ਵਿਚ ਨਿਵਾਸ ਕਰਦਾ ਹੈ ਜੋ ਉਸਨੇ ਆਪਣੀ ਖ਼ਾਤਰ ਬਣਾਇਆ ਹੈ ਅਤੇ ਮਨੁੱਖ ਦੀਆਂ ਅੱਖਾਂ ਦੇ ਲਈ ਅਦ੍ਰਿਸ਼ਟ ਹੈ।

ਸੰਭੋਗ ਕਾਇਆ ਵੀ ਉਹੀ ਹੈ, ਪਰ ਉਸ ਵਿਚ ਤਿੰਨ ਪੂਰਨਤਾਵਾਂ ਦੀ ਵਧੀਕ ਨੂਰਾਨੀਅਤ ਜੁੜੀ ਰਹਿੰਦੀ ਹੈ। ਇਹਨਾਂ ਪੂਰਨਾਤਵਾਂ ਵਿਚ ਇਕ ਹੈ ਸਾਰੀਆਂ ਪਦਾਰਥਕ ਚਿੰਤਾਵਾਂ ਦਾ ਸੰਪੂਰਨ ਅਲੋਪ ਹੋਣਾ।

'ਧਰਮਕਾਇਆ' ਪੂਰਨ-ਬੁੱਧ ਦੇ ਲਈ ਹੈ। ਉਹ ਕੋਈ ਸਰੀਰ ਤਾਂ ਹੈ ਨਹੀਂ, ਇਕ ਆਦਰਸ਼ ਸੁਆਸ ਮਾਤਰ ਹੈ : ਚੇਤਨਾ ਜੋ ਸੰਸਾਰਕ ਚੇਤਨਾ ਵਿਚ ਸਮੋਈ ਗਈ ਹੋਵੇ ਜਾਂ ਆਤਮਾ ਜੋ ਸਾਰੇ ਗੁਣਾਂ ਤੋਂ ਸੱਖਣੀ ਹੋਵੇ। ਧਰਮਕਾਇਆ ਹੋਣ 'ਤੇ ਸਿੱਧ ਜਾਂ ਬੁੱਧ ਇਸ ਸੰਸਾਰ ਦੇ ਨਾਲ ਸਾਰੇ ਸਬੰਧ, ਉਸਦੇ ਪ੍ਰਤੀ ਸਾਰੇ ਵਿਚਾਰ ਤਿਆਗ ਦਿੰਦੇ ਹਨ। ਇਸ

ਤਰ੍ਹਾਂ ਮਨੁੱਖ ਦੀ ਸਹਾਇਤਾ ਕਰਨ ਦੇ ਯੋਗ ਰਹਿਣ ਲਈ ਸਿੱਧ, ਜਿਨ੍ਹਾਂ ਨੂੰ ਨਿਰਵਾਣ ਦਾ ਅਧਿਕਾਰ ਪ੍ਰਾਪਤ ਹੋ ਸਕਿਆ ਹੈ, ਰਹੱਸਵਾਦੀ ਭਾਸ਼ਾ ਵਿਚ 'ਧਰਮਕਾਇਆ' ਦਾ ਤਿਆਗ ਕਰ ਦਿੰਦੇ ਹਨ। 'ਸੰਭੋਗਕਾਇਆ' ਨਾਲ ਉਸਦਾ ਮਹਿਜ਼ ਮੁਕੰਮਲ ਗਿਆਨ ਰਖ ਲੈਂਦੇ ਹਨ ਅਤੇ 'ਨਿਰਵਾਣਕਾਇਆ' ਵਿਚ ਹੀ ਵਾਸ ਕਰਦੇ ਹਨ। ਗੁੱਝੀ ਅਧਿਆਤਮ-ਵਿੱਦਿਆ ਸਿਖਾਉਂਦੀ ਹੈ ਕਿ ਗੌਤਮ ਬੁੱਧ ਆਪਣੇ ਅਨੇਕਾਂ ਅਰਹਤਾਂ ਦੇ ਨਾਲ ਅਜੇਹੇ ਹੀ ਨਿਰਵਾਣ-ਕਾਇਆ ਹਨ ਅਤੇ ਮਨੁੱਖ-ਜਾਤੀ ਦੇ ਲਈ ਜਿਨ੍ਹਾਂ ਦੇ ਮਹਾਨ ਤਿਆਗ ਤੇ ਬਲੀਦਾਨ ਦੇ ਕਾਰਨ ਉਹਨਾਂ ਤੋਂ ਵਡਾ ਹੋਰ ਕਿਸੇ ਨੂੰ ਨਹੀਂ ਸਮਝਿਆ ਜਾਂਦਾ ਹੈ।

39. ਮਿੱਜ਼ਾਲਬਾ—ਸਾਡੀ ਪ੍ਰਿਥਵੀ ਦਾ ਨਾਂ ਹੈ, ਜਿਸਨੂੰ ਗੁੱਝਾ ਸੰਪਰਦਾ ਸਹੀ ਅਰਥਾਂ ਵਿਚ ਨਰਕ ਕਹਿੰਦਾ ਹੈ—ਸਭ ਤੋਂ ਵਡਾ। ਨਰਕ ਗੁੱਝੀ ਵਿੱਦਿਆ ਮਨੁੱਖਾਂ ਦੇ ਇਸ ਗ੍ਰਹਿ ਨੂੰ ਛਡ ਕੇ ਕਿਸੇ ਹੋਰ ਨਰਕ ਨੂੰ ਨਹੀਂ ਜਾਣਦੀ ਹੈ। ਅਵਿਚੀ ਇਕ ਅਵਸਥਾ ਹੈ, ਸਥਾਨ ਨਹੀਂ।

40. ਅਰਥ ਹੈ ਕਿ ਮਨੁੱਖਤਾ ਦਾ ਇਕ ਨਵਾਂ ਅਤੇ ਵਧੀਕ ਤਾਰਨਹਾਰਾ ਜਨਮ ਲੈ ਚੁੱਕਾ ਹੈ, ਜੋ ਮਨੁੱਖਾਂ ਨੂੰ ਪਰਮਨਿਰਵਾਣ ਦੇ ਵਲ ਲੈ ਜਾਏਗਾ—ਜੀਵਨ ਚੱਕਰ ਦੇ ਅੰਤ ਵਿਚ।

41. ਹਰੇਕ ਗ੍ਰੰਥ, ਸੋਮੇ ਜਾਂ ਅਨੁਦੇਸ਼ ਦੇ ਅੰਤ ਵਿਚ ਅਜੇਹਾ ਹੀ ਕੁਝ ਕਹਿਣ ਦਾ ਦਸਤੂਰ ਹੈ। ਪ੍ਰਾਣੀਮਾਤਰ ਦੇ ਲਈ ਸ਼ਾਂਤੀ, ਜੋ ਵੀ ਜਾਂਦੇ ਹਨ, ਉਹਨਾਂ ਦੇ ਲਈ ਅਸੀਸ-ਵਚਨ, ਵਗੈਰਾ, ਵਗੈਰਾ।

ਇਕ ਨਿਉਂਦਾ

ਓਸ਼ੋ ਦੇ ਪ੍ਰਵਚਨਾਂ ਨੂੰ ਪੜ੍ਹਨਾ, ਉਹਨਾਂ ਨੂੰ ਸੁਣਨਾ ਆਪਣੇ-ਆਪ 'ਚ ਇਕ ਅਨੰਦ ਹੈ। ਇਹਨਾਂ ਦੇ ਜ਼ਰੀਏ ਤੁਸੀਂ ਆਪਣੇ ਜੀਵਨ ਵਿਚ ਇਕ ਨਿਆਰੀ ਕ੍ਰਾਂਤੀ ਦੀ ਪੈੜਚਾਲ ਸੁਣ ਸਕਦੇ ਹੋ। ਲੇਕਿਨ ਇਹ ਸਿਰਫ਼ ਸ਼ੁਰੂਆਤ ਹੈ, ਸ਼ੁਭ-ਆਰੰਭ ਹੈ। ਇਹਨਾਂ ਪ੍ਰਵਚਨਾਂ ਨੂੰ ਪੜ੍ਹਦੇ ਹੋਏ ਤੁਸੀਂ ਮਹਿਸੂਸ ਕੀਤਾ ਹੋਵੇਗਾ ਕਿ ਓਸ਼ੋ ਦਾ ਮੂਲ ਸਿਧਾਂਤ ਹੈ : ਧਿਆਨ। ਧਿਆਨ ਦੀ ਭੂਮੀ 'ਤੇ ਹੀ ਪ੍ਰੇਮ ਦੇ, ਅਨੰਦ ਦੇ, ਉਤਸਵ ਦੇ ਫੁੱਲ ਖਿੜਦੇ ਹਨ। ਧਿਆਨ ਬੁਨਿਆਦੀ ਕ੍ਰਾਂਤੀ ਹੈ।

ਨਿਸ਼ਚਿਤ ਹੀ ਤੁਸੀਂ ਵੀ ਚਾਹੋਗੇ ਕਿ ਤੁਹਾਡੇ ਜੀਵਨ ਵਿਚ ਅਜੇਹੀ ਬੁਨਿਆਦੀ ਕ੍ਰਾਂਤੀ ਹੋਵੇ; ਤੁਸੀਂ ਵੀ ਇਕ ਅਜੇਹੇ ਵਾਤਾਵਰਨ ਨੂੰ ਪ੍ਰਾਪਤ ਕਰੋ ਜਿਥੇ ਤੁਸੀਂ ਆਪਣੇ-ਆਪ ਨਾਲ ਵਾਕਫ਼ ਹੋ ਸਕੋ, ਆਤਮ-ਅਹਿਸਾਸ ਦੀ ਦਿਸ਼ਾ 'ਚ ਕੁਝ ਕਦਮ ਚੁੱਕ ਸਕੋ, ਕੋਈ ਅਜੇਹੀ ਥਾਂ ਜਿਥੇ ਹੋਰ ਵੀ ਕੁਝ ਲੋਕ ਇਸ ਦਿਸ਼ਾ ਵਿਚ ਗਤੀਮਾਨ ਹੋਣ।

ਓਸ਼ੋ ਨੇ ਇਕ ਅਜੇਹੇ ਹੀ ਧਿਆਨਪੂਰਨ, ਉਤਸਵਪੂਰਨ ਵਾਤਾਵਰਨ ਵਾਲਾ ਊਰਜਾ-ਖੇਤਰ ਤਿਆਰ ਕੀਤਾ ਹੈ ਪੂਨਾ ਵਿਚ : ਓਸ਼ੋ ਕਮਿਊਨ ਇੰਟਰਨੈਸ਼ਨਲ। ਇਥੇ ਓਸ਼ੋ ਦੀ ਮੌਜੂਦਗੀ ਵਿਚ ਹਜ਼ਾਰਾਂ ਲੋਕਾਂ ਨੇ ਧਿਆਨ ਦੀਆਂ ਗਹਿਰਾਈਆਂ ਨੂੰ ਛੂਹਿਆ ਹੈ। ਲਗਾਤਾਰ ਧਿਆਨ ਦੇ ਦੁਆਰਾ ਇਹ ਅਸਥਾਨ ਧਿਆਨ ਦੀ ਇਕ ਅਜੇਹੀ ਘਣੀ ਊਰਜਾ ਨਾਲ ਭਰ ਗਿਆ ਹੈ ਕਿ ਓਸ਼ੋ ਦੇ ਦੇਹ-ਤਿਆਗ ਤੋਂ ਬਾਅਦ, ਅੱਜ ਵੀ ਤੁਸੀਂ ਉਹਨਾਂ ਦੀ ਊਰਜਾ ਨਾਲ ਥਿਰਕਦੇ ਇਸ ਬੁੱਧ ਖੇਤਰ ਵਿਚ ਰੂਪ ਵਟਾ ਸਕਦੇ ਹੋ।

ਵਿਸ਼ਵ ਦੇ ਲਗਪਗ ਸੌ ਦੇਸ਼ਾਂ ਤੋਂ ਲੋਕ ਇਥੇ ਆ ਕੇ ਇਸ ਅੰਤਰਰਾਸ਼ਟਰੀ ਵਾਤਾਵਰਨ ਵਿਚ ਧਿਆਨ ਦਾ ਰਸ ਮਾਣਦੇ ਹਨ। ਦੁਨੀਆਂ ਵਿਚ ਜਿੰਨੀਆਂ ਵੀ ਕਿਸਮਾਂ ਦੇ ਲੋਕ ਹਨ-ਆਪਣੀ ਬੁਨਿਆਦੀ ਸ਼੍ਰੇਣੀਆਂ ਵਿਚ-ਓਸ਼ੋ ਨੇ ਉਹਨਾਂ ਸਾਰਿਆਂ ਲਈ ਵਿਸ਼ੇਸ਼ ਤਰ੍ਹਾਂ ਦੀਆਂ ਧਿਆਨ-ਵਿਧੀਆਂ ਨੂੰ ਈਜਾਦ ਕੀਤਾ ਹੈ। ਅੱਜ ਵਿਸ਼ਵ ਦੀਆਂ ਕੁੱਲ ਸਾਧਨਾ-ਪ੍ਰਣਾਲੀਆਂ ਦੀਆਂ ਵਿਧੀਆਂ ਇਥੇ ਇਕ ਹੀ ਛੱਤ ਹੇਠ ਮੌਜੂਦ ਹਨ। ਓਸ਼ੋ ਕਮਿਊਨ ਇੰਟਰਨੈਸ਼ਨਲ ਸੰਸਾਰ-ਭਰ ਵਿਚ ਇਕੋ-ਇਕ ਅਜੇਹਾ ਕੇਂਦਰ ਹੈ ਜਿਥੇ ਸਾਰੀਆਂ ਕੌਮਾਂ ਅਤੇ ਧਰਮਾਂ ਦੇ ਲੋਕ ਆਪਣੇ ਲਈ ਢੁਕਵੇਂ ਧਿਆਨ ਪ੍ਰਯੋਗਾਂ ਦੁਆਰਾ ਇਕੱਠੇ ਰੂਪ ਵਟਾ ਸਕਦੇ ਹਨ। ਓਸ਼ੋ ਕਮਿਊਨ ਅਜੇਹੇ ਹੀ ਇਕ ਨਵੇਂ ਮਨੁੱਖ ਦੀ ਜਨਮਭੂਮੀ ਹੈ, ਇਕ ਕ੍ਰਾਂਤੀ ਅਸਥਾਨ ਹੈ।

ਇਸ ਵਿਚ ਤੁਹਾਡਾ ਸਵਾਗਤ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ-ਸੂਤਰ

ਓਸ਼ੋ ਕਮਿਊਨ ਇੰਟਰਨੈਸ਼ਨਲ

17, ਕੋਰੇਗਾਂਵ ਪਾਰਕ, ਪੂਣੇ-41001, ਮਹਾਂਰਾਸ਼ਟਰ

ਫੋਨ : 0212-628562, ਫੈਕਸ : 0212-624181

ਮੈਂ ਮੌਤ ਸਿਖਾਉਂਦਾ ਹਾਂ

—ਓਸ਼ੋ

ਸਿਰਫ ਜ਼ਿੰਦਗੀ ਦੀ ਪੂਜਾ ਕਰਨ ਵਾਲੇ, ਸੁਖ–ਸਹੂਲਤਾਂ ਦੀ ਕਾਮਨਾ ਕਰਨ ਵਾਲੇ, ਮੌਤ ਨੂੰ ਜ਼ਿੰਦਗੀ ਦਾ ਦੁਸ਼ਮਣ ਸਮਝ ਕੇ ਉਸਦੇ ਵਿਰੋਧ ਵਿਚ ਬੋਲਦੇ ਹਨ ਅਤੇ ਜਿਥੋਂ ਤਕ ਸੰਭਵ ਹੋਵੇ ਮੌਤ ਨੂੰ ਆਪਣੇ–ਆਪ ਕੋਲੋਂ ਦੂਰ ਰਖਣ ਦੀ ਕੋਸ਼ਿਸ਼ ਕਰਦੇ ਹਨ। ਲੇਕਿਨ ਓਸ਼ੋ ਕਹਿੰਦੇ ਹਨ—'ਮੈਂ ਮੌਤ ਸਿਖਾਉਂਦਾ ਹਾਂ, ਪਰ ਇਸਦਾ ਇਹ ਮਤਲਬ ਨਹੀਂ ਕਿ ਮੈਂ ਜ਼ਿੰਦਗੀ ਦਾ ਵਿਰੋਧੀ ਹਾਂ।' ਓਸ਼ੋ ਦੇ ਲਈ ਜ਼ਿੰਦਗੀ ਅਤੇ ਮੌਤ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ, ਇਕ ਹੀ ਤਰਾਜ਼ੂ ਦੇ ਦੋ ਪਾਲੜੇ ਹਨ। ਮੌਤ ਦੇ ਡੈ ਤੋਂ ਡਰੇ ਹੋਏ ਲੋਕਾਂ ਨੇ ਜ਼ਿੰਦਗੀ ਦੇ ਪਾਲੜੇ ਵਿਚ ਭੱਜ–ਭੱਜ ਕੇ ਚੜ੍ਹਨ ਅਤੇ ਉਸੇ ਵਿਚ ਸਵਾਰ ਰਹਿਣ ਦੀ ਕੋਸ਼ਿਸ਼ ਨੂੰ ਆਪਣੇ ਜੀਵਨ ਦਾ ਟੀਚਾ ਬਣਾ ਲਿਆ ਹੈ ਜਿਸ ਕਾਰਨ ਜ਼ਿੰਦਗੀ ਦਾ ਪਾਲੜਾ ਭਾਰੀ ਹੋ ਗਿਆ ਅਤੇ ਸੰਤੁਲਨ ਵਿਗੜ ਗਿਆ।

ਮੌਤ ਤੋਂ ਬਚਣ ਲਈ ਮਨੁੱਖ ਨੇ ਕੀ–ਕੀ ਅਪਰਾਧ ਨਹੀਂ ਕੀਤੇ। ਆਪਣੇ–ਆਪ ਨੂੰ ਜਿਉਂਦੇ ਰਖਣ ਖ਼ਾਤਰ ਹੀ ਤਾਨਾਸ਼ਾਹਾਂ ਨੇ ਹਜ਼ਾਰਾਂ–ਲੱਖਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ, ਲੱਖਾਂ ਲੋਕਾਂ ਨੂੰ ਅਣਮਨੁੱਖੀ ਤਸੀਹੇ ਦਿਤੇ, ਲੇਕਿਨ ਆਪਣੇ–ਆਪ ਨੂੰ ਮੌਤ ਕੋਲੋਂ ਫਿਰ ਵੀ ਨਾ ਬਚਾ ਸਕੇ।

ਮੌਤ ਦੇ ਇਸੇ ਰਹੱਸ ਨੂੰ ਮਨੁੱਖ ਸਮਝ ਲਵੇ ਤਾਂ ਜ਼ਿੰਦਗੀ ਸੌਖੀ–ਸਹਿਜ ਹੋ ਜਾਵੇ। ਜ਼ਿੰਦਗੀ ਦੇ ਮੋਹ ਨਾਲ ਚੁੰਬੜਨਾ ਜੇਕਰ ਘਟ ਹੋ ਜਾਵੇ ਤਾਂ ਅਪਰਾਧ ਵੀ ਘਟ ਹੋਣ। ਜੇ ਤੁਸੀਂ ਮੌਤ ਦਾ ਰਹੱਸ ਜਾਣ ਲਵੋ ਤਾਂ ਤੁਸੀਂ ਵੀ ਉਸੇ ਅਵਸਥਾ ਵਿਚ ਹੋਵੋਗੇ ਜਿਥੇ ਸਿੱਧ ਲੋਕ ਹੁੰਦੇ ਹਨ। ਇਸਲਈ ਜਦ ਓਸ਼ੋ ਕਹਿੰਦੇ ਹਨ ਕਿ ਮੈਂ ਮੌਤ ਸਿਖਾਉਂਦਾ ਹਾਂ ਤਾਂ ਮੈਂ ਸਮਝਦਾ ਹਾਂ ਕਿ ਇਹੀ ਸੱਚਾ ਜੀਵਨ–ਦਰਸ਼ਨ ਹੈ। ਜੇ ਜ਼ਿੰਦਗੀ ਨੂੰ ਸਹਿਜ, ਅਨੰਦ, ਮੁਕਤੀ ਅਤੇ ਪ੍ਰੇਮ ਦੇ ਨਾਲ ਜੀਣਾ ਹੈ ਤਾਂ ਉਹਦੇ ਲਈ ਮੌਤ ਦਾ ਰਹੱਸ ਜਾਣਨਾ ਜ਼ਰੂਰੀ ਹੈ। ਇਹ ਪੁਸਤਕ ਤੁਹਾਨੂੰ ਜ਼ਿੰਦਗੀ ਅਤੇ ਮੌਤ ਦਾ ਰਹੱਸ ਸਮਝਾਉਣ ਲਈ ਓਸ਼ੋ ਦੀ ਇਕ ਲਾਸਾਨੀ ਰਚਨਾ ਹੈ।

ਮੈਂ ਮੌਤ ਸਿਖਾਉਂਦਾ ਹਾਂ,
ਓਸ਼ੋ, ਪ੍ਰਕਾਸ਼ਕ : ਜੇਰਬਾ ਪਬਲੀਕੇਸ਼ਨਜ਼, ਲੁਧਿਆਣਾ

ਧਿਆਨ–ਯੋਗ

—ਓਸ਼ੋ

'ਧਿਆਨ–ਯੋਗ' ਓਸ਼ੋ ਦੀ ਇਕ ਅਜੇਹੀ ਸਦਾ–ਨਵੀਨ ਪੁਸਤਕ ਹੈ ਜੋ ਧਿਆਨ ਦੇ ਵਿਸ਼ੇ ਉੱਤੇ ਹੈ। ਧਿਆਨ ਦੀ ਜੋ ਪਰਿਭਾਸ਼ਾ ਓਸ਼ੋ ਨੇ ਦਿਤੀ ਹੈ ਉਹ ਰਵਾਇਤੀ ਪਰਿਭਾਸ਼ਾਵਾਂ ਨਾਲੋਂ ਵੱਖਰੀ ਹੈ। ਓਸ਼ੋ ਦੇ ਲਈ ਧਿਆਨ ਦਾ ਉਦੇਸ਼ ਹੈ ਅਤੀਤ ਨੂੰ ਮਿਟਾਉਣਾ ਅਤੇ ਭਵਿੱਖ ਨੂੰ ਵੀ। ਕਿਉਂਕਿ ਵਿਚਾਰਾਂ ਦੀ ਗਤੀ ਭਵਿੱਖ ਅਤੇ ਅਤੀਤ ਦੇ ਦਰਮਿਆਨ ਹੀ ਸੀਮਿਤ ਹੈ। ਇਸਲਈ ਧਿਆਨ ਦਾ ਮਤਲਬ ਦਿਮਾਗ ਨੂੰ ਵਿਚਾਰਾਂ ਤੋਂ ਵੀ ਮੁਕਤ ਕਰਨਾ ਹੈ। ਧਿਆਨ ਦਾ ਇਹੀ ਛਿਨ, ਧਿਆਨ ਦੀ ਇਹੀ ਅਵਸਥਾ ਓਸ਼ੋ ਦੇ ਮੁਤਾਬਕ ਨਿੱਤ–ਜੀਵਨ ਦਾ ਸਦੀਵੀ–ਨਵੀਨ ਛਿਨ ਹੈ ਜੋ ਕਦੇ ਪੁਰਾਣਾ ਨਹੀਂ ਹੁੰਦਾ।

ਧਿਆਨ–ਯੋਗ ਵਿਚ ਓਸ਼ੋ ਦੇ ਪੂਰੇ ਸਾਹਿਤ ਤੋਂ ਧਿਆਨ–ਵਿਧੀਆਂ ਅਤੇ ਸਾਧਨਾ–ਸਮੱਗਰੀ ਨੂੰ ਸੰਜੋਇਆ ਗਿਆ ਹੈ। ਓਸ਼ੋ ਦੀ ਸ਼ੈਲੀ ਦੀ ਖਾਸੀਅਤ ਇਹ ਹੈ ਕਿ ਉਹ ਜਟਲ ਤੋਂ ਜਟਲ ਵਿਸ਼ੇ ਨੂੰ ਵੀ ਸਰਸ ਅਤੇ ਮਨੋਰੰਜਕ ਤਰੀਕੇ ਨਾਲ ਪੇਸ਼ ਕਰ ਸਕਣ ਵਿਚ ਸਫਲ ਹੁੰਦੇ ਹਨ। ਧਿਆਨ ਦਾ ਮਨੋਵਿਗਿਆਨਕ ਮਹੱਤਵ, ਅੱਜ ਦੇ ਕਠਨ ਸੰਜਮ ਦੀ ਜ਼ਿੰਦਗੀ ਨੂੰ ਸਰਲ ਬਣਾਉਣ ਵਿਚ ਧਿਆਨ ਦੀ ਉਪਯੋਗਤਾ ਅਤੇ ਇਸ ਵਿਸ਼ੇ ਦੇ ਬਾਰੇ ਵਿਚ ਸਵਾਲਾਂ ਦੇ ਬਾਬਤ ਓਸ਼ੋ ਦੀ ਡੂੰਘੇ ਲੇਕਿਨ ਸਰਲ ਵਿਆਖਿਆ ਕਰਦੀ ਹੈ ਇਹ ਪੁਸਤਕ।

ਓਸ਼ੋ ਦੀਆਂ ਹੋਰਨਾਂ ਪੁਸਤਕਾਂ ਵਾਂਗ ਇਸ ਪੁਸਤਕ ਦਾ ਵੀ ਉਦੇਸ਼ ਲੋਕਾਂ ਦੇ ਮਨ ਵਿਚ ਉਹਨਾਂ ਦੀ ਜ਼ਿੰਦਗੀ ਬਾਬਤ ਜਿਗਿਆਸੂ ਤਾਂਘ ਪੈਦਾ ਕਰਨਾ ਅਤੇ ਫਿਰ ਉਹਨਾਂ ਨੂੰ ਆਪਣੀ ਜ਼ਿੰਦਗੀ ਵਿਚ ਉਤਰਨ ਲਈ ਪ੍ਰੇਰਤ ਕਰਨਾ ਹੈ।

ਧਿਆਨ ਯੋਗ
ਓਸ਼ੋ, ਪ੍ਰਕਾਸ਼ਕ : ਜੇਰਥਾ ਪਬਲੀਕੇਸ਼ਨਜ਼, ਲੁਧਿਆਣਾ

ਓਸ਼ੋ ਦਾ ਪੰਜਾਬੀ ਸਾਹਿਤ

1. ਇਕ ਵੱਡੀ ਵੰਗਾਰ (ਮਨੁੱਖ ਦਾ ਸੁਨਹਿਰਾ ਭਵਿੱਖ)
2. ਪੰਡਤ, ਪ੍ਰੋਹਿਤ ਤੇ ਰਾਜਨੇਤਾ (ਮਾਨਵ ਆਤਮਾ ਦੇ ਲੁਟੇਰੇ)
3. ਕੀ ਈਸ਼ਵਰ ਮਰ ਗਿਆ ਹੈ?
4. ਨਹੀਂ ਜੋਗ ਨਹੀਂ ਜਾਪ (ਕਬੀਰ ਬਾਣੀ)
5. ਗੁਰੂ ਗੋਬਿੰਦ ਦੋਊ ਖੜ੍ਹੇ (ਕਬੀਰ ਬਾਣੀ)
6. ਹੀਰਾ ਪਾਇਓ ਗਾਂਠ ਗਠਿਆਇਓ (ਕਬੀਰ ਬਾਣੀ)
7. ਤੇਰਾ ਸਾਈਂ ਤੁਝ ਮੇਂ (ਕਬੀਰ ਬਾਣੀ)
8. ਸੁਨੋ ਭਾਈ ਸਾਧੋ (ਕਬੀਰ ਬਾਣੀ ਡੀਲਕਸ ਐਡੀਸ਼ਨ)
9. ਐਸੀ ਭਗਤਿ ਕਰੈ ਰੈਦਾਸਾ (ਰਵਿਦਾਸ ਬਾਣੀ)
10. ਛੱਡ ਖਾਹਿਸ਼ਾਂ ਜੱਗ ਜਹਾਨ ਕੂੜਾ (ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ)
11. ਧਿਆਨ ਯੋਗ (ਧਿਆਨ ਵਿਧੀਆਂ 'ਤੇ ਆਧਾਰਤ)
12. ਧਿਆਨ ਸੂਤਰ
13. ਜਿਨ ਖੋਜਾ ਤਿਨ ਪਾਇਆ ਗਹਿਰੇ ਪਾਨੀ ਪੈਠ
14. ਸਾਧਨਾ ਪਥ
15. ਸੱਚ ਦੀ ਖੋਜ
16. ਅੰਤਰਯਾਤਰਾ
17. ਕੁੰਡਲਿਨੀ ਜਾਗਰਣ ਅਤੇ ਸ਼ਕਤੀਪਾਤ
18. ਸੰਭੋਗ ਤੋਂ ਸਮਾਧੀ ਵੱਲ
19. ਮੈਂ ਮੌਤ ਸਿਖਾਉਂਦਾ ਹਾਂ
20. ਗੁਰੂ ਪਰਤਾਪ ਸਾਧ ਕੀ ਸੰਗਤਿ (ਭੀਖਾ ਬਾਣੀ ਡੀਲਕਸ ਐਡੀਸ਼ਨ)
21. ਭਾਰਤ ਦੇ ਭਖਦੇ ਮਸਲੇ
22. ਮੈਂ ਧਾਰਮਕਤਾ ਸਿਖਾਂਦਾ ਹਾਂ ਧਰਮ ਨਹੀਂ
23. ਹਸਿਬਾ ਖੇਲਿਬਾ ਧਰਿਬਾ ਧਿਆਨਮ
24. ਧਰਮ ਅਤੇ ਰਾਜਨੀਤੀ
25. ਪੀਵਤ ਰਾਮਰਸ ਲਗੀ ਖੁਮਾਰੀ
26. ਸਾਧੂ, ਅਸਾਧੂ ਅਤੇ ਸੰਤ
27. ਮੈਂ ਕਹਿਤਾ ਆਂਖਨ ਦੇਖੀ
28. ਗਹਿਰੇ ਪਾਣੀ ਪੈਠ
29. ਕ੍ਰਾਂਤੀ ਸੂਤਰ
30. ਸੰਨਿਆਸ ਅਤੇ ਸੰਸਾਰ
31. ਨਾਨਕ ਦੁਖੀਆ ਸਭ ਸੰਸਾਰ
32. ਕਹੈ ਕਬੀਰ ਦੀਵਾਨਾ (ਕਬੀਰ–ਬਾਣੀ ਡੀਲਕਸ ਐਡੀਸ਼ਨ)
33. ਸਾਧਨਾ ਸੂਤਰ
34. ਪ੍ਰਭੂ ਦੁਆਰਾ
35. ਧਿਆਨ ਦਰਸ਼ਨ
36. ਧਿਆਨ ਯੋਗ ਪਹਿਲੀ ਅਤੇ ਆਖ਼ਰੀ ਮੁਕਤੀ (ਡੀਲਕਸ ਐਡੀਸ਼ਨ)
37. ਹਰਿ ਬੋਲੌ ਹਰਿ ਬੋਲ (ਬਾਣੀ ਸੁੰਦਰ ਦਾਸ) (ਡੀਲਕਸ ਐਡੀਸ਼ਨ)

ओशो का हिन्दी साहित्य

उपनिषद
सर्वसार उपनिषद
कैवल्य उपनिषद
अध्यात्म उपनिषद
कठोपनिषद
ईशावास्य उपनिषद
निर्वाण उपनिषद
आत्म-पूजा उपनिषद
केनोपनिषद
मेरा स्वर्णिम भारत (विविध उपनिषद-सूत्र)

कृष्ण
गीता-दर्शन (आठ भागों में अठारह अध्याय)
कृष्ण-स्मृति

महावीर
महावीर-वाणी (दो भागों में)
महावीर-वाणी (पुस्तिका)
जिन-सूत्र (दो भागों में)
महावीर या महाविनाश
महावीर : मेरी दृष्टि में
ज्यों की त्यों धरी दीन्हीं चदरिया

बुद्ध
एस धम्मो सनंतनो (बारह भागों में)

अष्टावक्र
महागीता (छह भागों में)

कबीर
सुनो भई साधो
कहै कबीर दीवाना
कहै कबीर मैं पूरा पाया
मगन भया रसि लागा
घूंघट के पट खोल
न कानों सुना न आंखों देखा (कबीर व फरीद)

मीरा
पद घुंघरू बांध
झुक आई बदरिया सावन की

पलटू
अजहूं चेत गंवार
सपना यह संसार
काहे होत अधीर

दादू
सबै सयाने एक मत
पिव पिव लागी प्यास

जगजीवन
नाम सुमिर मन बावरे
अरी, मैं तो नाम के रंग छकी

दरिया
कानों सुनी सो झूठ सब
अमी झरत बिगसत कंवल

सुंदरदास
हरि बोलौ हरि बोल
ज्योति से ज्योति जले

धरमदास
जस पनिहार धरे सिर गागर
का सोवै दिन रैन

मलूकदास
कन थोरे कांकर घने
रामदुवारे जो मरे

लाओत्से

ताओ उपनिषद (छह भागों में)

शांडिल्य

अथातो भक्ति जिज्ञासा (दो भागों में)

झेन, सूफी और उपनिषद की कहानियां

बिन बाती बिन तेल

सहज समाधि भली

दीया तले अंधेरा

अन्य रहस्यदर्शी

भक्ति-सूत्र (नारद)

शिव-सूत्र (शिव)

भजगोविन्दम् मूढ़मते (आदिशंकराचार्य)

एक ओंकार सतनाम (नानक)

जगत तरैया भोर की (दयाबाई)

बिन घन परत फुहार (सहजोबाई)

नहीं सांझ नहीं भोर (चरणदास)

संतो, मगन भया मन मेरा (रज्जब)

कहै वाजिद पुकार (वाजिद)

मरौ है जोगी मरौ (गोरख)

सहज-योग (सरहपा-तिलोपा)

बिरहिनी मंदिर दियना बार (यारी)

दरिया कहै सब्द निरबाना (दरियादास बिहारवाले

प्रेम-रंग-रस ओढ़ चदरिया (दूलन)

हंसा तो मोती चुगैं (लाल)

गुरु-परताप साध की संगति (भीखा)

मन ही पूजा मन ही धूप (रैदास)

झरत दसहुं दिस मोती (गुलाल)

जरथुस्त्र : नाचता-गाता मसीहा (जरथुस्त्र)

प्रश्नोत्तर

नहिं राम बिन ठांव

प्रेम-पंथ ऐसो कठिन

उत्सव आमार जाति, आनंद आमार गोत्र

मृत्योर्मा अमृतं गमय

प्रीतम छवि नैनन बसी

रहिमन धागा प्रेम का

उड़ियो पंख पसार

सुमिरन मेरा हरि करैं

पिय को खोजन मैं चली

साहेब मिल साहेब भये

जो बोलैं तो हरिकथा

बहुरि न ऐसा दांव

ज्यूं था त्यूं ठहराया

ज्यूं मछली बिन नीर

दीपक बारा नाम का

अनहद में बिसराम

लगन महूरत झूठ सब

सहज आसिकी नाहिं

पीवत रामरस लगी खुमारी

रामनाम जान्यो नहीं

सांच सांच सो सांच

आपुई गई हिराय

बहुतेरे हैं घाट

कोंपलें फिर फूट आईं

फिर पत्तों की पांजेब बजी

फिर अमरित की बूंद पड़ी

चेति सकै तो चेति

क्यूं सोवै तू बावरी

एक एक कदम

चल हंसा उस देस

कहा कहूं उस देस की

पंथ प्रेम को अटपटो

मूलभूत मानवीय अधिकार

नया मनुष्य: भविष्य की एकमात्र आशा

सत्यम् शिवम् सुंदरम्

रसो वै सः
सच्चिदानंद
पंडित-पुरोहित और राजनेता : मानव आत्मा के शोषक
ॐ मणि पद्मे हुम्
ॐ शांतिः शांतिः शांतिः
हरि ॐ तत्सत्
एक महान चुनौती: मनुष्य का स्वर्णिम भविष्य
मैं धार्मिकता सिखाता हूं, धर्म नहीं

तंत्र
संभोग से समाधि की ओर
तंत्र-सूत्र (पांच भागों में)

विचार-पत्र
क्रांति-बीज
पथ के प्रदीप

पत्र-संकलन
अंतर्वीणा
प्रेम की झील में अनुग्रह के फूल

बोध-कथा
मिट्टी के दीये

ध्यान, साधना, योग
ध्यानयोग: प्रथम और अंतिम मुक्ति
रजनीश ध्यान योग
हसिबा, खेलिबा, धरिबा ध्यानम्
नेति-नेति
मैं कहता आंखन देखी
पतंजलि: योग-सूत्र (तीन भागों में)

साधना-शिविर
साधना-पथ
ध्यान-सूत्र
जीवन ही है प्रभु
माटी कहै कुम्हार सूं
मैं मृत्यु सिखाता हूं
जिन खोजा तिन पाइयां
समाधि के सप्त द्वार (ब्लावट्स्की)
साधना-सूत्र (मेबिल कॉलिन्स)

राष्ट्रीय और सामाजिक समस्याएं
देख कबीरा रोया
स्वर्ण पाखी था जो कभी और अब है भिखारी जगत का
शिक्षा में क्रांति
नये समाज की खोज

ओशो के सम्बन्ध में
भगवान श्री रजनीश:ईसा मसीह के पश्चात सर्वाधिक विद्रोही व्यक्ति